ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ ॥

# ਸ੍ਰੀ ਗੁਰੂ ਦਸਮੇਸ਼ ਪ੍ਰਕਾਸ਼

ਅਰਥਾਤ

## ਦੁਸ਼ਟ ਦਮਨ ਪ੍ਰਕਾਸ਼

TRADE MARK REGISTERED

ਮਹਾਂਬਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਕਲਗੀਧਰ ਪਿਤਾ ਦਾ ਸੰਪੂਰਨ ਠੇਠ ਪੰਜਾਬੀ ਬੈਂਤਾਂ ਵਿਚ ਜੀਵਨ ਚਰਿੱਤ੍ਰ

ਰਚਿਤ-

ਭਾ: ਕਰਤਾਰ ਸਿੰਘ ਜੀ ਗਯਾਨੀ ਕਲਾਸਵਾਲੀਏ

ਗ੍ਰੰਥੀ ੪੭ ਸਿੱਖ ਨੇ ਬੜੀ ਮੇਹਨਤ ਨਾਲ ਤਿਆਰ ਕੀਤਾ

ਪ੍ਰਕਾਸ਼ਕ:

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

ਹਮ ਇਹ ਕਾਜ ਜਗਤ ਮੈ ਆਏ ॥ ਧਰਮ ਹੇਤ ਗੁਰਦੇਵ ਪਠਾਏ ॥

# ਸ੍ਰੀ ਗੁਰੂ
# ਦਸਮੇਸ਼ ਪ੍ਰਕਾਸ਼

ਅਰਥਾਤ

## ਦੁਸ਼ਟ ਦਮਨ ਪ੍ਰਕਾਸ਼

(੧)

ਭਾਰਤਵਰਸ਼ ਦੇ ਸੱਚੇ ਦਰਦੀ, ਧਰਮ ਰਖਯਕ ਧੈਯਰਤਾ ਤੇ ਕੌਮੀਅਤ ਦੇ ਪੈਦਾ ਕਰਨ ਵਾਲੇ, ਮੁਰਦੇ ਰੂਹਾਂ ਨੂੰ ਜ਼ਿੰਦਗੀ ਬਖ਼ਸ਼ ਕੇ ਵਿਚਾਰਕ ਤੇ ਧਾਰਮਕ ਕਮਜ਼ੋਰੀ ਦੇ ਦੂਰ ਕਰਨ ਵਾਲੇ,

(੨)

[illegible]ਖ ਨੂੰ ਸਾਜ ਕੇ ਜ਼ਾਲਮਾਂ ਦੇ ਹੱਥੋਂ ਦੇਸ਼ ਨੂੰ ਬਚਾਉਣ ਵਾਲੇ, ਦੇਸ਼ ਰੱਖਿਆ ਰੂਪੀ ਹਵਨ ਕੁੰਡ ਦੇ ਵਿਚ ਆਪਣੇ ਆਪ ਤੇ ਪ੍ਰਵਾਰ ਨੂੰ ਬਲੀ ਕਰਨ ਵਾਲੇ, ਸੋ ਐਸੇ ਮਹਾਂ ਤਿਆਗੀ :-

### ਮਹਾਂਬਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਕਲਗੀਧਰ ਪਿਤਾ ਦਾ ਸੰਪੂਰਨ ਠੇਠ ਪੰਜਾਬੀ ਬੈਂਤਾਂ ਵਿਚ ਜੀਵਨ ਚਰਿੱਤ੍ਰ

ਰਚਿਤ-

ਭਾ: ਕਰਤਾਰ ਸਿੰਘ ਜੀ ਗਯਾਨੀ ਕਲਾਸਵਾਲੀਏ

ਗੁੰਥੀ ੪੭ ਸਿੱਖ ਨੇ ਬੜੀ ਮੇਹਨਤ ਨਾਲ ਤਿਆਰ ਕੀਤਾ।

ਪ੍ਰਕਾਸ਼ਕ :

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

© ਪ੍ਰਕਾਸ਼ਕ L-206/59

ਪੰਦਰ੍ਹਵੀਂ ਵਾਰ : ਫਰਵਰੀ 2006
ਸੋਲ੍ਹਵੀਂ ਵਾਰ : ਮਈ 2011

ਭੇਟਾ : 300-00

ਪ੍ਰਕਾਸ਼ਕ :

**ਭਾਈ ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।
ਫੋਨ : (0183) 2542346, 2547974
ਫੈਕਸ : (0183) 5017488
E-mail : csjssales@hotmail.com, csjspurchase@yahoo.com
Visit our Website : www.csjs.com

ਇਸ ਦੇ ਸਭ ਹੱਕ ਹਕੂਕ ਸ੍ਰ: ਕਰਤਾਰ ਸਿੰਘ ਫਰਮ ਲੱਧਾ ਸਿੰਘ ਕਰਤਾਰ ਸਿੰਘ ਅੰਮ੍ਰਿਤਸਰ ਦੇ ਪਾਸ ਸਦਾ ਲਈ ਲੈ ਲਏ ਹਨ।

Printed & Bound in India

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 0183-2705003, 5095774

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰੂ ਦਸਮੇਸ਼ ਪ੍ਰਕਾਸ਼

ਦੋਹਿਰਾ:—

ਕਾਰਨ ਕਰਨ ਪ੍ਰਮਾਤਮਾਂ, ਤੂੰ ਦੀਨਾ ਕਾਨਾਥ
ਆਸਾ ਪੂਰੋ ਦਾਸ ਕੀ, ਨਾਥ ਸੀਸ ਧਰ ਹਾਥ

## ਬੇਨਤੀ ਅਕਾਲ ਪੁਰਖ ਅੱਗੇ

ਆਦ ਪੁਰਖ ਪ੍ਰਮਾਤਮਾ ਦਯਾ ਕਰਕੇ, ਮੇਰੇ ਸਿਰ ਉਤੇ ਹਥ ਧਰੀ ਰਖੀਂ
ਮੇਰੇ ਬਿਘਨ ਸਾਰੇ ਸੁਣੀ ਦਯਾਲ ਪਯਾਰੇ, ਆਪ ਮੋਹ ਕੂਕੇ ਦੂਰ ਕਰੀ ਰਖੀਂ
ਮੇਰੀ ਹੋਇ ਕਵੀਸ਼ਰੀ ਅਸਰ ਵਾਲੀ, ਜੋਹਰ ਕਲਮ ਮੇਰੀ ਵਿਚ ਭਰੀ ਰਖੀਂ
ਜਗ ਵਿਚ ਮਸ਼ਹੂਰ ਹੋਇ ਸ਼ੋਹ ਮੇਰਾ; ਏਹ ਤਾਸੀਰ ਕਲਾਮ ਵਿਚ ਖਰੀ ਰਖੀਂ
ਤੇਰਾ ਆਸਰਾ ਰਖ ਮੈਂ ਕਲਨ ਚੁਰੀ, ਨਜ਼ਰ ਮੇਹਰ ਦੀ ਮੇਰੇ ਤੇ ਹਰੀ ਰਖੀਂ
ਪੂਰਾ ਗ੍ਰੰਥ ਹੋ ਜਾਇ ਕਰਤਾਰ ਸਿੰਘਾ, ਦੋਸ ਬਿਘਣ ਵਲੋਂ ਮੈਨੂੰ ਬਰੀ ਰਖੀਂ

### ਬੇਨਤੀ ਸਤਿਗੁਰਾਂ ਅੱਗੇ

ਦਸੋਂ ਗੁਰੂ ਅਕਾਲ ਦੀ ਜੋਤ ਪੂਰਨ, ਆਏ ਜਗਤ ਦੇ ਜੀਵਾਂ ਨੂੰ ਤਾਰਨੇ ਜੀ
ਦੁਨੀਆਂ ਵਿਚ ਪਾਖੰਡ ਹਨੇਰ ਛਾਏ, ਗੁਰੂ ਰੂਪ ਸੂਰਜ ਆਏ ਟਾਰਨੇ ਜੀ
ਪਾਪੀ ਜੀਆ ਦੇ ਖਾਸ ਉਧਾਰ ਬਦਲੇ ਦਸੇ ਰੂਪ ਭੇਜੇ ਕਰਤਾਰ ਨੇ ਜੀ
ਮੈਂ ਲੱਖ ਡੰਡੌਤ ਪ੍ਰਨਾਮ ਕਰਦਾ, ਲੱਖ ਲੱਖ ਵਾਰੀ ਜਾਵਾਂ ਵਾਰਨੇ ਜੀ
ਦਾਸ ਦਾਸਾ ਦਾ ਜਾਣਕੇ ਦਾਸ ਤਾਈਂ, ਮੇਰੇ ਭ੍ਰਮ ਦੇ ਛੋੜ ਉਤਾਰਨੇ ਜੀ
ਹੋਵੇ ਗਿਆਨ ਪ੍ਰਕਾਸ਼ ਕ੍ਰਤਾਰ ਸਿੰਘਾ ਨੂੰ, ਸਾਰੇ ਬਿਗੜੇ ਕੰਮ ਸਵਾਰਨੇ ਜੀ

### ਵਾਕ ਕਵੀ

ਜ਼ੋਹਿਰ ਖਾਲਸਾ ਦੇ ਅਗੇ ਚਾਰ ਹਿਸੇ; ਹੁਣ ਮੁਸ਼ਕਲਾਂ ਨਾਲ ਮੁਕਾਏ ਭਾਈ
ਗੁਰੂ ਦਸਨ ਜੀ ਤੋਂ ਪਿਛੇ ਹਾਲ ਬੀਤੇ, ਪੰਥ ਖਾਲਸੇ ਦੇ ਸੋ ਸੁਨਾਏ ਭਾਈ

ਸੋਹਣੇ ਸਿਧਿਆਂ ਬੈਂਤਾਂ ਦੇ ਵਿਚ ਲਿਖੇ, ਬੋਲੀ ਠੇਠ ਪੰਜਾਬੀ ਬਨਾਏ ਭਾਈ
ਚਾਰੇ ਛਪਕੇ ਹੀ ਤਯਾਰ ਗਏ, ਪੜ ਕਦਰ ਦਾਨਾਂ ਕਦਰ ਕਦਰ ਪਾਏ ਭਾਈ
ਵਿਚ ਦੇਸ਼ ਦੇ ਚੰਗਾ ਪ੍ਰਚਾਰ ਹੋਯਾ, ਕਿਸੇ ਪੜਨ ਤੋਂ ਲੋਕ ਹਟਾਏ ਭਾਈ
ਹੁਣ ਕਰਾਂ ਅਰਾਮ ਕਰਤਾਰ ਸਿੰਘਾ, ਸੀ ਲਈ ਦਲੀਲ ਠਹਿਰਾਏ ਭਾਈ

ਪ੍ਰੇਮੀਆਂ ਦੀ ਪ੍ਰੇਰਨਾ

ਮਨਸ਼ਾ ਮੇਰੀ ਸੀ ਕੁਝ ਚਿਰ ਬਸ ਕਰਾਂ ਅਗੋ ਬਹੁਤ ਦਿਮਾਗ ਥਕਾਯਾ ਏ
ਨਾਲੇ ਅੱਖਾਂ ਭੀ ਕੁਝ ਕਮਜ਼ੋਰ ਹੋਈਆਂ, ਸਫਾ ਤੇਰਾਂ ਸੌ ਵਿਹਨਾਂ ਲਿਖਾਯਾ ਏ
ਪਰ ਸੱਜਣਾਂ ਪ੍ਰੇਮੀਆਂ ਬਹੁਤਿਆਂ ਨੇ, ਏਸ ਗਲ ਉੱਤੇ ਜ਼ੋਰ ਪਾਯਾ ਏ
ਗੁਰੁਦਸਮ ਜੀ ਦਾ ਹਾਲ ਲਿਖ ਜਲਦੀ, ਜਿਵੇਂ ਸਿੰਘਾਂ ਦਾ ਹਾਲ ਬਨਾਯਾ ਏ
ਏਸ ਸਿਲਸਿਲੇ ਨੂੰ ਸਿਰੇ ਚਾੜ੍ਹਦੇ ਤੂੰ, ਤੈਨੂੰ ਛਡਨਾ ਵਿਚ ਕਿਉਂ ਭਾਯਾ ਏ
ਘਾਟਾ ਪੂਰਾ ਏਹ ਕਰ ਕ੍ਰਤਾਰ ਸਿੰਘਾ, ਤੇਰੇ ਉਤੇ ਸਤਿਗੁਰਾਂ ਦੀ ਦਾਯਾ ਏ

ਤਥਾ

ਅਗੋਂ ਕਈਆਂ ਪ੍ਰੇਮੀਆਂ ਕਰ ਹੀਲੇ, ਗੀਤ ਸਤਿਗੁਰਾਂ ਦੇ ਭਾਵੇ ਗਾਏਨੇ ਜੀ
ਆਪੋ ਆਪਨਾ ਜ਼ਾਹਰ ਪ੍ਰੇਨ ਕੀਤਾ, ਜੋਹਰ ਬੁਧ ਅਨੁਸਾਰ ਦਿਖਾਏ ਨੇ ਜੀ
ਪਰ ਲਿਖ ਪ੍ਰਨਾਹੀ ਨਖੇੜ ਕੇ ... ਹਾਲ ਮਾਲ ... ਵਿਚੋ ਰਲਾਏ ਨੇ ਜੀ
ਜੋ ਪ੍ਰਸੰਗ ਵਧਾਵਨ ਚਾਹੀਦੇ ਸਨ ਓਹ ਮੂਲ ਹੀ ਸਗੋਂ ਘਟਾਏ ਨੇ ਜੀ
ਲੋੜ ਜਿਨ੍ਹਾਂ ਨੂੰ ਨਹੀਂ ਵਧਾਉਨ ਦੀ ਸੀ ਓਹ ਐਵੇਂ ਫਜ਼ੂਲ ਵਧਾਏ ਨੇ ਜੀ
ਜਿਨਾਂ ਉਨ੍ਹਾਂ ਤੋਂ ਪੂਜਾ ਉਪਕਾਰ ਕੀਤਾ, ਬਾਕੀ ਯਸ ਤੇਰੇ ਹਿਸੇ ਆਏ ਨੇ ਜੀ
ਘਾਟੇ ਪੂਰੇ ਕਰ ਦੇਹ ਕਰਤਾਰ ਸਿੰਘਾ, ਰਬ ਜੋਹਰ ਤੇਰੇ ਵਿਚ ਪਾਏ ਨੇ ਜੀ

ਤਥਾ

ਜਿਵੇਂ ਲਿਖੇ ... ਗ੍ਰੰਥ ਚਾਰੇ, ਤਿਵੇਂ ਏਹ ਭੀ ਗ੍ਰੰਥ ਤਯਾਰ ਕਰ ਦੇਹ
ਗੁਰੂ ਦਸਮ ਜੀ ਦਾ ਹਾਲ ਆਦ ਤੋਂ ਲੈ, ਪੂਰਾ ਅੰਤ ਤੋੜੀ ਇਕਸਾਰ ਕਰ ਦੇਹ
ਲਿਖ ਐਨ ਪ੍ਰਸੰਗ ਨ ਖੋਜ ਕਰਕੇ, ਸਿਧੀ ਬੋਲੀ ਤੇ ਸਿਲਸਿਲੇਵਾਰ ਕਰ ਦੇਹ
ਦਸਮੇਸ਼ ਜੀ ਦਾ ਜੀਵਨ ਜੋਸ਼ ਭਰਿਆ, ਜੋਸ਼ ਭਰੀ ਤਸਵੀਰਉਤਾਰਕਰ ਦੇਹ
ਰਾਜਨੀਤ ਤੇ ਜੰਗ ਪ੍ਰਸੰਗ ਸਾਰੇ, ਬੀਰ ਰਸ ਦਾ ਐਨ ਉਲਾਰ ਕਰ ਦੇਹ
ਸੱਚੇ ਸਤਿਗੁਰਾਂ ਦੇ ਉਪਦੇਸ਼ ਸੋਹਣੇ, ਸੋਹਣੇ ਢੰਗਦੇ ਨਾਲ ਪ੍ਰਚਾਰ ਕਰ ਦੇਹ

ਮੋਯਾਂ ਰੂਹਾਂ ਨੂੰ ਜ਼ਿੰਦਿਆਂ ਕਰਨ ਵਾਲੇ, ਓਹ ਚਰਿਤ੍ਰ ਦਾ ਇਜ਼ਹਾਰ ਕਰ ਦੇਹ
ਗੁਰ ਪਰਉਪਕਾਰੀ ਮਹਾਂਬਲੀ ਜੀ ਦੇ, ਸਾਕੇ ਪ੍ਰਗਟ ਸਾਰੇ ਸੰਸਾਰ ਕਰ ਦੇਹ
ਨਹੀਂ ਜ਼ਿੰਦਗੀ ਦਾ ਪਤਾ ਮੂਲ ਭਾਈ, ਏਹ ਭੀ ਪੰਥ ਦੇ ਸਿਰ ਉਪਕਾਰ ਕਰ ਦੇਹ
ਸਫਲ ਜਨਮ ਹੋ ਜਾਊ ਕਰਤਾਰ ਸਿੰਘਾ, ਜੇ ਪੁਜ ਤਾਂ ਨੇਕੀ ਦੀ ਕਾਰ ਕਰ ਦੇਹ

### ਦਾਸ ਦੀ ਬੇਨਤੀ

ਨਹੀਂ ਕਿਸੇ ਭੀ ਕੰਮ ਦੇ ਲਾਇਕ ਮੂਲੋਂ, ਮੋਟੀ ਬੁਧ ਵਡਾ ਔਗਣਹਾਰ ਹਾਂ ਮੈਂ
ਕਿਸੇ ਸ਼ਾਇਰ ਦੀ ਰੀਸ ਨਹੀਂ ਕਰਨ ਜੋਗਾ, ਥੋੜੀ ਵਿਦਿਆ ਅਤੇ ਗਾਰ ਹਾਂ ਮੈਂ
ਮੋਟੀ ਬਹੁਤ ਕਵਿਤਾ ਮੇਰੀ ਜੱਟਾਂ ਵਾਲੀ, ਦਿਲ ਆਪਣੇ ਥੀਂ ਸ਼ੁਮਸਾਰ ਹਾਂ ਮੈਂ
ਦਯਾ ਪੰਥ ਦੀ ਪੰਥ ਨੇ ਕਦਰ ਕੀਤਾ, ਕਦਰਦਾਨੀ ਤੋਂ ਖਾਸ ਬਲਿਹਾਰ ਹਾਂ ਮੈਂ
ਸਤਿਗੁਰਾਂ ਦੀ ਲੀਲ੍ਹਾ ਅਥਾਹ ਸਾਗਰ, ਕਿਵੇਂ ਜਾਂ ਸਕਦਾ ਉਸਦੇ ਪਾਰ ਹਾਂ ਮੈਂ
ਏਡਾ ਹੌਸਲਾ ਬੁਧ ਦੇ ਵਿਚ ਨਾਹੀਂ ਭਾਈ, ਦੇਖ ਕਮਜ਼ੋਰੀ ਲਾਚਾਰ ਹਾਂ ਮੈਂ
ਕਿਹਾ ਮੋੜਨਾ ਗੁਰਮੁਖਾਂ ਪਯਾਰਿਆਂ ਦਾ, ਏਹਭੀ ਨਹੀ ਜਾਂਦਾ ਤਾਬੇਦਾਰ ਹਾਂ ਮੈਂ
ਰਖ ਗੁਰਾਂ ਦੀ ਓਟ ਹਾਂ ਸ਼ੁਰੂ ਕਰਦਾ, ਵਰ ਮੰਗਦਾ ਤੈਥੋਂ ਕਰਤਾਰ ਹਾਂ ਮੈਂ
ਸਿਰੇ ਕਾਰ ਦੇਵੀਂ ਵਡੇ ਕੰਮ ਤਾਈਂ, ਸੁਆਲੀ ਖੜਾ ਆ ਤੇਰੇ ਦਰਬਾਰ ਹਾਂ ਮੈਂ
ਤੇਰੇ ਹਥ ਹੈ ਡੋਰ ਕਰਤਾਰ ਸਿੰਘਾ, ਜੋ ਕਰਾਏਂ ਸੋ ਕਰਨ ਨੂੰ ਤਿਆਰ ਹਾਂ ਮੈਂ

### ਤਥਾ

ਕਰਾਂ ਬੇਨਤੀ ਗੁਰੂ ਦੇ ਪੰਥ ਅਗੇ, ਮੈਨੂੰ ਸ਼ਹਿਰ ਦਾ ਕਹਿਣਾ ਸੁਖਾਲ ਹੋਵੇ
ਰਲ ਗੁਰਮੁਖੋ ਸਭ ਅਸੀਸ ਦੇਵੋ, ਮੇਰਾ ਸਦਾ ਸਹਾਈ ਅਕਾਲ ਹੋਵੇ
ਦਸਮੇਸ਼ ਪ੍ਰਕਾਸ਼, ਗ੍ਰੰਥ ਸੋਹਣਾ, ਪੂਰਾ ਬਣ ਚੰਗਾ ਜਲਦੀ ਨਾਲ ਹੋਵੇ
ਜਿਵੇਂ ਸੋਹਣੇ ਨੇ ਗੁਰਾਂ ਦੇ ਕਾਰਨਾਮੇ ਤਿਵੇਂ ਸ਼ਿਅਰ ਮੇਰਾ ਸੋਹਣੀ ਚਾਲ ਹੋਵੇ
ਹੋਵੇ ਜਲਦ ਪ੍ਰਕਾਸ਼ ਜਹਾਨ ਅੰਦਰ, ਵਿੱਚ ਵਿਘਨ ਨ ਰੱਤੀ ਰਵਾਲ ਹੋਵੇ
ਕਰਾਂ ਪੰਥ ਦੀ ਭੇਟ ਕਰਤਾਰ ਸਿੰਘਾ, ਤਦ ਚਿਤ ਨੂੰ ਖੁਸ਼ੀ ਕਮਾਲ ਹੋਵੇ

### ਹਰ ਇਕ ਰੱਬ ਦੇ ਪਿਆਰੇ ਦੇ ਅਵਤਾਰ ਧਾਰਨ ਦਾ ਕਾਰਨ

ਏਸ ਗੱਲ ਨੂੰ ਜਾਣਦੇ ਅਕਲ ਵਾਲੇ, ਅਤੇ ਰਿਖੀ ਮੁਨੀ ਏਹ ਸੁਨਾਂਵਦੇ ਨੇ
ਜਦੋਂ ਜਗ ਉਤੇ ਹੁੰਦੇ ਪਾਪ ਭਾਰੇ, ਧਰਨ ਨੀਤ ਹੈ ਲੋਕ ਤਜਾਂਵਦੇ ਨੇ

ਬਾਦਸ਼ਾਹ ਜ਼ਾਲਮ ਹੋਕੇ ਜ਼ੁਲਮ ਕਰਦੇ, ਪਰਜਾ ਆਪਣੀ ਤਾਈਂ ਸਤਾਂਵਦੇ ਨੇ
ਆਪੋ ਆਪਣੇ ਛੱਡਕੇ ਨਿਯਮਾਂ ਨੂੰ, ਦੁਨੀਦਾਰ ਜਾਂ ਪਾਪ ਕਮਾਂਵਦੇ ਨੇ
ਤਦ ਪੁਰਖ ਅਕਾਲ ਦਾ ਹੁਕਮ ਪਾਕੇ, †ਸਤਿ ਪੁਰਖ ਦੁਨੀਆਂ ਉਤੇ ਆਂਵਦੇ ਨੇ
ਓਹ ਜਿਸ ਤਰ੍ਹਾਂ ਪੁਜੇ ਸੁਧਾਰ ਕਰਦੇ, ਅਤੇ ਪਾਪ ਕੁਕਰਮ ਮਿਟਾਂਵਦੇ ਨੇ
ਓਨ੍ਹਾਂ ਤਾਈਂ ਪੈਗ਼ੰਬਰ ਔਤਾਰ, ਕਾਰਕ, ਤੇ ਅਚਾਰਯ ਲੋਕ ਬੁਲਾਂਵਦੇ ਨੇ
ਹੁਕਮ ਪਾ ਅਕਾਲ ਕਰਤਾਰ ਸਿੰਘਾ, ਸਮੇਂ ਸਮੇਂ ਸਿਰ ਜੱਗ ਵਿਚ ਆਂਵਦੇ ਨੇ

ਵਾਕ ਕਵੀ

ਹੰਸ, ਬੋਧ, ਨਰ ਸਿੰਘ ਤੇ ਰੂਪਵਾਮਨ, ਕਪਲਦੇਵ ਥੀ ਆਦ ਵਿਚਾਰ ਭਾਈ
ਰਾਮਚੰਦ੍ਰ ਅਤੇ ਸ੍ਰੀ ਕ੍ਰਿਸ਼ਨਯੋਗੀ, ਪਰਸਰਾਮ ਬਲੀ ਪਰਸਧਾਰ ਭਾਈ
ਆਪੋ ਆਪਣੇ ਸਮੇਂ, ਅਵਤਾਰ ਹੋਕੇ, ਕਰ ਜੁਗਤ ਦਾ ਗਏ ਸੁਧਾਰ ਭਾਈ
ਕਦੇ ਨਾਲ ਉਪਦੇਸ਼ ਦੇ ਭਲਾ ਕੀਤਾ, ਕਦੇ ਚੁਕਨੀ ਪਈ ਤਲਵਾਰ ਭਾਈ
ਜੈਸਾ ਸਮਾਂ ਤੈਸਾ ਵਰਤ ਚਲੇ ਗਏ, ਬੜੇ ਬੜੇ ਹੋਕੇ ਅਵਤਾਰ ਭਾਈ
ਹੁਣ ਸਮਾਂ ਆਯਾ ਕਲੂਕਾਲ ਭੈੜਾ, ਛਾਯਾ ਜਗਤ ਉਤੇ ਅੰਧਕਾਰ ਭਾਈ
ਹਿੰਦੁਸਤਾਨ ਦੇ ਵਿਚ ਆ ਵਧੇ ਮਜ਼੍ਹਬ, ਲਈ ਬਾਮ੍ਹਣਾ ਹੱਥ ਮੁਹਾਰ ਭਾਈ
ਚੁਕ ਵੈਰ ਵਧਾਏ ਕਰਤਾਰ ਸਿੰਘਾ, ਕੀਤਾ ਦੇਸ਼ ਦੇ ਤਾਈਂ ਖਵਾਰ ਭਾਈ

ਦੇਸ਼ ਦੀ ਕਮਜ਼ੋਰੀ ਦਾ ਮੁੱਢ

ਹੋਯਾ ਮਹਾ ਭਾਰਤ ਜਦੋਂ ਜੰਗ ਭਾਰਾ, ਮਰ ਗਏ ਬਲੀ ਤੇ ਦਾਨਾ ਸਾਰੇ
ਵਿਚ ਦੇਸ ਰਹਿ ਗਏ ਪਿਛੇ ਬਾਲ ਰੰਨਾਂ, ਪੱਗ ਬੰਨ੍ਹ ਗਈ ਮੌਤ ਖਾ ਸਾਰੇ
ਸਭ ਤਾਕਤਾਂ ਤੇ ਧਰਮ ਨਸ਼ਟ ਹੋ ਗਏ, ਗਈਆਂ ਦੇਸ ਬਰਬਾਦੀਆਂ ਛਾ ਸਾਰੇ
ਹੱਥ ਬਾਹਮਨਾਂ ਨੇ ਚੰਗੇ ਰੰਗ ਲਏ, ਨਵੇਂ ਮਰਜ਼ੀ ਦੇ ਰਾਹ ਚਲਾ ਸਾਰੇ
ਦੇਸ ਫਾਹੀਆਂ ਵਿਚ ਫਸਾ ਲਿਆ, ਕਈ ਤਰ੍ਹਾਂ ਦੇ ਜਾਲ ਫੈਲਾ ਸਾਰੇ
ਦੇਵੀ ਦੇਉਤਿਆਂ ਦੇ ਮਗਰ ਲਾ ਕਰਕੇ, ਦਿਤੇ ਰੱਬ ਤੋਂ ਲੋਕ ਭੁਲਾ ਸਾਰੇ

---

†ਪਵਿਤ੍ਰ ਆਤਮਾ ਤੇ ਵਿਸ਼ੇਸ਼ ਸ਼ਕਤੀ ਵਾਲ।

ਨੋਟ—ਏਹ ਵੇਦਾਂ ਪੁਰਾਨਾਂ ਦੀਆਂ ਸਿਖ੍ਯਾ, ਬ੍ਰਾਹਮਣੀ ਮੱਤ ਦੇ ਜਾਲ ਜਦ ਤੋਂ ਹਿੰਦੁਸਤਾਨ ਵਿਚ ਫੈਲੇ ਦੇਸ ਅਧੋਗਤੀ ਨੂੰ ਚਲਾ ਗਿਆ।

ਦਸ ਘਰ ਦੇ ਜੀ ਤੇ ਵੀਹ ਚੁਲੇ, ਦਿਤੇ ਦੇਸ਼ ਦੇ ਵਿਚ ਬਨਾ ਸਾਰੇ
ਵਖੋ ਵਖਰੇ ਰਾਹਾਂ ਤੇ ਖੜੇ ਕਰਕੇ, ਆਪੋ ਵਿਚ ਮਰਵਾਏ ਲੜਾ ਸਾਰੇ
ਵਧੀ ਈਰਖਾ ਦੇਸ ਦੇ ਵਿਚ ਭਾਰੀ, ਦਿਤੇ ਪਰੇਮ ਧਿਆਨ ਉਠਾ ਸਾਰੇ
ਇਕ ਦੂਸਰੇ ਮਜ਼ਬ ਦੇ ਮਾਰੂ, ਲੜਨ ਭਿੜਨ ਲਗ ਪਏ ਭਰਾ ਸਾਰੇ
ਦਿਨੋਂ ਦਿਨ ਕਮਜ਼ੋਰੀਆਂ ਫੁਟ ਪਈਆਂ, ਦਿਤੀ ਰਹਿੰਦੀ ਸੋ ਮਿਟੀ ਉਡਾ ਸਾਰੇ
ਓਸੇ ਫੁਟ ਦੇ ਵਿਚ ਕਰਤਾਰ ਸਿੰਘਾ, ਮੁਸਲਮਾਨਾਂ ਦੇ ਲਗ ਦੱਾ ਗਏ ਸਾਰੇ

ਮੁਸਲਮਾਨ ਬਾਦਸ਼ਾਹਾਂ ਦਾ ਹਿੰਦੁਸਤਾਨ ਵਿਚ ਆਉਣਾ

ਜਦੋਂ ਬੇਇਤਫਾਕੀਆਂ ਵਧ ਗਈਆਂ, ਆਕੇ ਦੁਖਾਂ ਨੇ ਪੈਰ ਫੈਲਾਏ ਏਥੇ
ਨਾਲ ਫੁਟ ਦੇ ਘਟ ਪਿਆਰ ਗਿਆ, ਕਮਜ਼ੋਰੀਆਂ ਨੇ ਤੰਬੂ ਲਾਏ ਏਥੇ
ਮਾਰੇ ਮਿਟ ਗਏ ਜੋਹਰ ਬਹਾਦਰੀ ਦੇ, ਡਰ ਕਾਇਰਤਾ ਆਣਕੇ ਛਾਏ ਏਥੇ
ਪਿਆਰ ਵਤਨ ਤੇ ਕੌਮ ਦਾ ਉਡ ਗਿਆ, ਪਾਟੋਧਾੜ ਨੇ ਡੇਰੇ ਜਮਾਏ ਏਥੇ
ਪੈ ਘਰੋਗੀਆਂ ਬੇਇਤਫਾਕੀਆਂ ਨੇ, ਮੁਸਲਮਾਨ ਸੁਗਤਾਨ ਬੁਲਾਏ ਏਥੇ
ਓਹ ਤਾਂ ਅਗੇ ਬੈਠੇ ਏਹੋ ਤਕਦੇ ਸੀ, ਵਾਂਗ ਬਦਲਾਂ ਦੇ ਉਮਡਾਏ ਏਥੇ
ਦਰੇ ਖੈਬਰੋਂ ਲੰਘ ਕੇ ਆਣ ਵੜੇ, ਭਾਰੇ ਜੰਗ ਜਦਾਲ ਮਚਾਏ ਏਥੇ
ਕਈ ਵਾਰ ਭਾਵੇਂ ਚੰਗੇ ਲੜੇ ਹਿੰਦੂ, ਚੱਪੇ ਚੱਪੇ ਤੇ ਜੰਗ ਉਠਾਏ ਏਥੇ
ਏਧਰ ਫੁਟ ਤੇ ਓਧਰ ਇਤਫਾਕ ਹੈਸੀ, ਮੁਸਲਮਾਨਾਂ ਦੇ ਝੰਡੇ ਲਹਿਰਾਏ ਏਥੇ
ਅੰਤ ਹਿੰਦੂਆਂ ਨੂੰ ਨੀਵਾਂ ਪਿਆ ਹੋਣਾ, ਗਈ ਸ਼ਰ੍ਹਾ ਮੁਹੰਮਦੀ ਛਾਏ ਏਥੇ
ਵਡੀ ਜਿਤਾਂ ਦੇ ਵਿਚ ਹੰਕਾਰ ਆਕੇ, ਮੁਸਲਮਾਨਾਂ ਨੇ ਜ਼ੁਲਮ ਕਮਾਏ ਏਥੇ
ਜੇਕਰ ਲਿਖਾਂ ਤਾਂ ਦੁਖਣਗੇ ਵੀਰ ਮੇਰੇ, ਏਸੇ ਵਾਸਤੇ ਨਹੀਂ ਗਿਨਾਏ ਏਥੇ
ਗੋਯਾ ਚਿਰ ਦੀਆਂ ਗਲਾਂ ਫੋਲਦਾ ਨਹੀਂ, ਨਹੀਂ ਦੱਸਦਾ ਜ਼ੁਲਮ ਜਤਾਏ ਏਥੇ
ਲਿਖਣਾ ਗੁਰਾਂ ਦਾ ਜੱਸ ਕਰਤਾਰ ਸਿੰਘਾ, ਕੀਹ ਕਿਸੇ ਨੂੰ ਲੈਣਾ ਦੁਖਾਏ ਏਥੇ

ਵਾਕ ਕਵੀ

ਕੀਹ ਫੋਲਣੇ ਫੋਲਕੇ ਹਥ ਔਣਾ, ਤਵਾਰੀਖ ਨ ਫੋਲ ਸੁਨਾਂਵਦਾ ਮੈਂ
ਜੱਸ ਗੁਰਾਂ ਦਾ ਲਿਖਣ ਦੀ ਲੋੜ ਮੈਨੂੰ, ਗਲਾਂ ਬੀਤੀਆਂ ਨਹੀਂ ਦੁਹਰਾਂਵਦਾ ਮੈਂ
ਨਾ ਲਿਖਦਾ ਜ਼ੁਲਮ ਔਰੰਗੇ ਦੇ ਭੀ, ਓਹਦੀਆਂ ਕੀਤੀਆਂ ਤੇ ਪੜਦਾ ਪਾਂਵਦਾ ਮੈਂ

ਓਹਦੇ ਸਮੇਂ ਦਾ ਲਿਖਣਾ ਹਾਲ ਪਿਆ, ਏਸੇ ਵਾਸਤੇ ਕਲਮ ਉਠਾਂਵਦਾ ਮੈਂ
ਮਜਬੂਰ ਹੋ ਕੇ ਤਾਂ ਔਰੰਗਜ਼ੇਬੀ ਹਾਂ, ਸਮੇਂ ਦੀ ਵਣਗੀ ਵਖਾਂਵਦਾ ਮੈਂ
ਐਬ ਆਪਣੇ ਦਿਲੋਂ ਕਰਤਾਰ ਸਿੰਘਾ, ਮਰ ਗਏ ਨੂੰ ਇਕ ਨਹੀਂ ਲਾਂਵਦਾ ਮੈਂ

ਚੁਗੱਤਿਆਂ ਦੀ ਬਾਦਸ਼ਾਹੀ

ਖ਼ਾਨਦਾਨ ਕਈ ਬਾਦਸ਼ਾਹੀ ਕਰ ਗਏ, ਆਪੋ ਆਪਣਾ ਜ਼ੋਰ ਜਤਾ ਭਾਈ
ਵਾਰੀ ਆਈ ਜਾਂ ਫੇਰ ਚੁਗਤਿਆਂ ਦੀ, ਕੀਤੀ ਏਹਨਾਂ ਭੀ ਘਟ ਨ ਆ ਭਾਈ
ਪੰਜ ਪੀੜ੍ਹੀਆਂ ਜਾਂ ਏਹਨਾਂ ਏਹਨਾਂ ਰਾਜ ਕੀਤਾ, ਚੰਗੀ ਤਰਾਂ ਲਏ ਪੈਰ ਜਮਾ ਭਾਈ
ਹਿੰਦੁਸਤਾਨ ਸਾਰਾ ਤਾਬੇ ਹੋ ਗਿਆ, ਲਏ ਰਾਜੇ ਮਹਾਰਾਜੇ ਨਿਵਾ ਭਾਈ
ਫੇਰ ਤਖਤ ਔਰੰਗੇ ਦੇ ਹਥ ਆਇਆ, ਆਯਾ ਜ਼ੁਲਮ ਭੀ ਨਾਲ ਹੀ ਧਾ ਭਾਈ
ਲਗਾ ਸਖਤੀਆਂ ਕਰਨ ਕਰਤਾਰ ਸਿੰਘਾ, ਹਿੰਦ ਧਰਮ ਦੇ ਤਾਈਂ ਦਬਾ ਭਾਈ

ਔਰੰਗਜ਼ੇਬੀ ਰਾਜ

ਏਹ ਬੜਾ ਤਅੱਸਬੀ ਕਟਰ ਹੈਸੀ, ਬਹਿੰਦੇ ਤਖਤ ਅਧਮੂਲ ਮਚਾ ਦਿਤਾ
ਪਹਿਲੇ ਹੱਥ ਹੀ ਬਾਪ ਨੂੰ ਕੈਦ ਕਰਕੇ, ਦੁਖ ਬੁਢੇ ਨੂੰ ਬੇ ਇੰਤਾਹ ਦਿਤਾ
ਛੋਟਾ ਭਾਈ ਮੁਰਾਦ ਚਾ ਕਤਲ ਕੀਤਾ, ਦਾਰੇ ਸ਼ਾਹ ਤਾਈਂ ਮਰਵਾ ਦਿਤਾ
*ਜ਼ੇਬੁਨਿਸ ਪਾਈ ਛੜ ਕੈਦਖਾਨੇ, ਔਲਾਦ ਦਾ ਮੋਹ ਚੁਕਾ ਦਿਤਾ
ਮੁਲਾਂ ਕਾਜ਼ੀਆਂ ਦਾ ਜ਼ੋਰ ਬਹੁਤ ਵਧਿਆ, ਨਾਲ ਹਿੰਦੂਆਂ ਵੈਰ ਵਧਾ ਦਿਤਾ
ਕਰੋ ਕਾਫ਼ਰਾਂ ਨੂੰ ਮੁਸਲਮਾਨ ਫੜਕੇ, ਹੁਕਮ ਹਾਕਮਾਂ ਤਾਈਂ ਸੁਨਾ ਦਿਤਾ
ਕਾਫ਼ਰ ਜਿਵੇਂ ਇਸਲਾਮ ਦੇ ਵਿਚ ਆਵਣ, ਤਿਵੇਂ ਲੈ ਆਵੋ ਏਹ ਸਿਖਾ ਦਿਤਾ
ਚੱਟੀ, ਛੰਨ, ਵਗਾਰ ਸਿਰ ਹਿੰਦੂਆਂ ਦੇ, ਦੂਣਾ ਜੇਜ਼ੀਆ ਅਗੇ ਤੋਂ ਲਾ ਦਿਤਾ
ਕੋਈ ਪੜ੍ਹੇ ਨ ਵੇਦ ਪੁਰਾਨ ਕਿਧਰੇ, ਹੋਮ ਯੱਗ ਕਰਨਾ ਭੀ ਹਟਾ ਦਿਤਾ
ਵਿਚ ਮੰਦਰਾਂ ਸੰਰ ਘੜਿਆਲ ਕਿਤੇ, ਵੱਜੇ ਮੂਲ ਨਾ ਹੁਕਮ ਸੁਨਾ ਦਿਤਾ
ਚੰਗਾ ਪਹਿਨਣਾ, ਖਾਵਣਾ ਬੰਦ ਕੀਤਾ, ਖੁਸ਼ੀ ਐਸ਼ ਅਰਾਮ ਹਟਾ ਦਿਤਾ
ਵਡੇ ਅਹੁਦਿਆਂ ਤੋਂ ਹਿੰਦੂ ਲਾਹ ਛਡੇ, ਰਹਿੰਦਾ ਖੂੰਹਦਾ ਭੀ ਕਦਰ ਗਵਾ ਦਿਤਾ

---

*ਜ਼ੇਬੂ ਨੱਸਾ—ਏਹ ਔਰੰਗਜ਼ੇਬ ਦੀ ਬੇਟੀ ਸੀ। †ਸਰਮਦ ਇਕ ਫ਼ਕੀਰ ਸੀ, ਏਸਨੂੰ ਭੀ ਕੁਫ਼ਰ ਦਾ ਫ਼ਤਵਾ ਲਵਾ ਕੇ ਔਰੰਗਜ਼ੇਬ ਨੇ ਮਰਵਾ ਦਿਤਾ ਸੀ।

ਬਸ ਮੱਚ ਪਈ ਮਾਰੋ ਮਾਰ ਸਾਰੇ, ਦੇਸ ਵਿਚ ਸ਼ਰ੍ਹਾ ਰੌਲਾ ਪਾ ਦਿਤਾ
ਰੋਜ਼ ਸੈ ਹਿੰਦੂ ਮੁਸਲਮਾਨ ਹੁੰਦੇ, ਰੌਲਾ ਹਾਕਮਾਂ ਬੜਾ ਮਚਾ ਦਿਤਾ
ਸਰਮਦ ਵਰਗਿਆਂ ਨੂੰ ਫੜ ਕਤਲ ਕੀਤਾ, ਦਿਲੋਂ ਖੌਫ ਖੁਦਾ ਉਠਾ ਦਿਤਾ
ਬਣੀ ਹਿੰਦ ਵਿਚਾਰੀ ਦੇ ਭਾ ਔਖੀ, ਸਮਾਂ ਕਯਾਮਤੀ ਓਹਨਾਂ ਲਿਆ ਦਿਤਾ
ਭੇਡ ਬਕਰੀ ਦੇ ਵਾਂਗ ਹੋਏ ਹਿੰਦੂ, ਜਿਸ ਫੜਿਆ ਓਸੇ ਦਬਾ ਦਿਤਾ
ਧੀਆਂ ਭੈਣਾਂ ਦਾ ਹਿਰਦਾ ਹੋਯਾ ਔਖਾ, ਜ਼ੋਰੀਂ ਲਖਾਂ ਦਾ ਧਰਮ ਰੁੜ੍ਹਾ ਦਿਤਾ
ਰਾਜੇ ਰਾਣਿਆਂ ਵਿਚ ਨ ਆਣ ਰਹੀ, ਅਗੇ ਸ਼ਰ੍ਹਾ ਦੇ ਸਿਰ ਝੁਕਾ ਦਿਤਾ
ਪਰਜਾ ਦੁਖੀ ਹੋ ਗਈ ਕਰਤਾਰ ਸਿੰਘਾ, ਦੁਖ ਜ਼ਾਲਮਾਂ ਬਹੁਤ ਦੁਖਾ ਦਿਤਾ

ਤਥਾ

ਦਿਨੋਂ ਦਿਨ ਔਰੰਗੇ ਦੇ ਜ਼ੁਲਮ ਵਧੇ, ਦੁਖੀ ਹੋਈ ਪਰਜਾ ਬਿਸਯਾਰ ਭਾਈ
ਸਾਧ ਸੰਤ ਗਰੀਬ ਆ ਤੰਗ ਹੋਏ, ਸ਼ਰ੍ਹਾ ਜ਼ੋਰ ਫੜ ਗਈ ਅਪਾਰ ਭਾਈ
ਬਾਦਸ਼ਾਹੀ ਫਰਜਾਂ ਤਾਂਈਂ ਦੂਰ ਕਰਕੇ, ਫੜੀ ਜ਼ੁਲਮ ਦੀ ਸ਼ਾਹ ਤਲਵਾਰ ਭਾਈ
ਸੈ ਹਿੰਦੂ, ਆਏ ਦਿਨ ਕਤਲ ਹੁੰਦੇ, ਜ਼ੋਰ ਜਾਬਰ ਦਾ ਗਰਮ ਬਾਜਾਰ ਭਾਈ
ਮਾਗੀ ਜੁਲਮ ਦੀ ਜਾਂਵਦੀ ਧਰਮ ਛੱਡੀ, ਹਿੰਦੂ ਪਰਜਾ ਹੋਈ ਦੁਖਿਆਰ ਭਾਈ
ਮੰਦਰ ਢਹਿਕੇ ਮਸਜਿਦਾਂ ਬਣ ਗਈਆਂ, ਜੰਞੂ ਟਿਕਾ ਬੋਦੀ ਰਹੇ ਉਤਾਰ ਭਾਈ
ਹਿੰਦੂ ਮੌਤ ਦੇ ਮੂੰਹ ਦੇ ਵਿਚ ਆਏ, ਕਾਜੀ ਮੁਲਾਂ ਹੋਏ ਹੁਸ਼ਿਆਰ ਭਾਈ
ਜੇੜਾ ਖੁਸ਼ੀ ਦੇ ਨਾਲ ਨ ਦੀਨ ਮੰਨੇ, ਓਹਦੇ ਖੜਕਦੀ ਸਿਰ ਤਲਵਾਰ ਭਾਈ
ਮੁਸਲਮਾਨ ਨਚਿੰਤ ਅਜਾਦ ਫਿਰਦੇ, ਸਿਰ ਹਿੰਦੂਆਂ ਡੱਨ ਵਿਗਾਰ ਭਾਈ
ਪਰਜਾ ਬਹੁਤ ਦੁਖੀ ਹੋਈ ਥਾਓਂ ਥਾਈਂ, ਰਾਤ ਦਿਨ ਰੌਂਦੇ ਨਰ ਨਾਰ ਭਾਈ
ਦੇਵੀ ਦੇਵਤਾ ਕੋਈ ਨ ਬਹੁੜਦਾ ਆ, ਛੁਪੇ ਜਾ ਕੇ ਸਭ ਪਹਾੜ ਭਾਈ
ਅੰਤ ਦੁਖੀ ਹੋਏ ਜਦੋਂ ਲੋਕ ਬਹੁਤੇ, ਸੁਣੀ ਪੁਰਖ ਅਕਾਲ ਪੁਕਾਰ ਭਾਈ
ਜੀਆ ਜੰਤਓਹਦੇ ਓਹਨੂੰ ਫਿਕਰ ਸਾਰਾ,ਚਾਹਿਆ ਜਗਤਦਾ ਕਰਨਸੁਧਾਰਭਾਈ
ਪੂਰਨ ਪੁਰਖ ਮਹਾਂਬਲੀ ਪ੍ਰਤਾਪ ਵਾਲਾ, ਖਾਸ ਭੇਜਿਆ ਵਿਚ ਸੰਸਾਰ ਭਾਈ
ਕੀਤਾ ਜ਼ੁਲਮ ਅੰਧੇਰ ਨੂੰ ਦੂਰ ਜਿਸਨੇ, ਜਾਲਮ ਜੁਲਮ ਸਣੇ ਕੀਤੇ ਖਵਾਰ ਭਾਈ
ਏਸ ਦੇਸ ਦੇ ਸੁਖ ਆਰਾਮ ਬਦਲੇ, ਆਪ ਦੁਖ ਝੱਲੇ ਬੇ ਸ਼ੁਮਾਰ ਭਾਈ

ਪੰਥ ਖਾਲਸਾ ਜਿਸ ਨੇ ਪਰਗਟ ਕੀਤਾ, 'ਮਹਾਂ ਬਲੀ' ਕੌਮਾਂ ਸਰਦਾਰ ਭਾਈ
ਸੁਣੋ ਉਸਦੀ ਕਥਾ ਕਰਤਾਰ ਸਿੰਘਾ, ਬੇੜਾ ਹਿੰਦ ਕੀਤਾ ਜਿਸ ਪਾਰ ਭਾਈ

ਵਾਕ ਕਵੀ

ਸਮੇਂ ਆਪਣੇ ਸਭ ਅਵਤਾਰ ਹੋ ਕੇ, ਹੁਕਮ ਪੁਰਖ ਅਕਾਲ ਬਜਾ ਗਏ
ਜਿਸ ਜਿਸ ਨੂੰ ਸੌਂਪਿਆ ਕੰਮ ਜੇਹੜਾ, ਓਹ ਵਿਚ ਸੰਸਾਰ ਨਿਭਾ ਗਏ
ਹਰ ਯੁਗ ਦੇ ਵਿਚ ਅਵਤਾਰ ਹੋਏ, ਜੋ ਪੂਜਾ ਸੋ ਕਰ ਕਰਾ ਗਏ
ਰਾਮ ਚੰਦ ਮਹਾਰਾਜ ਤੇ ਸ੍ਰੀ ਕ੍ਰਿਸ਼ਨ, ਹੋਰ ਬਹੁਤ ਸਰੂਪ ਵਿਖਾ ਗਏ
ਕਦੀ ਦੰਡ ਤੇ ਕਦੀ ਉਪਦੇਸ਼ ਦੇਕੇ, ਸਿਧੇ ਰਸਤੇ ਲੋਕਾਂ ਨੂੰ ਪਾ ਗਏ
ਤਿੰਨ ਯੁਗ ਸਨਾਤਨੀ ਚਾਲ ਏਹੋ, ਹੋ ਹੋ ਅਵਤਾਰ ਸਮਾ ਗਏ
ਹੁਣ ਯੁਗ ਆਯਾ ਚੌਥਾ ਪਾਪ ਭਰਿਆ, ਸਾਰੇ ਪਾਪ ਕੁਕਰਮ ਹੀ ਛਾ ਗਏ
ਆਗੂ ਆਏ ਕੁਝ ਦੇਸ ਦੇ ਵਿਚ ਜੇਹੜੇ, ਓਹ ਸਗੋਂ ਫਤੂਰ ਮਚਾ ਗਏ
ਆਪੋ ਆਪਣੇ ਤਾਣਕੇ ਜਾਲ ਨਵੇਂ, ਦੁਨੀਆਂ ਦਾਰਾਂ ਤਾਂਈਂ ਫਸਾ ਗਏ
ਵੱਖੋ ਵੱਖਰੇ ਮਜ਼ਬ ਚਲਾ ਕੇ ਜੀ, ਸਗੋਂ ਹੋਰ ਫਸਾਦ ਵਧਾ ਗਏ
ਆਏ ਲੋਕਾਂ ਨੂੰ ਰੱਬ ਦੇ ਰਾਹ ਪਾਉਣੇ, ਸਗੋਂ ਰੱਬ ਦਾ ਨਾਮ ਮਿਟਾ ਗਏ
ਆਪੋ ਆਪਣੀ ਮਾਨ ਵਡਾਈ ਅੰਦਰ, ਰਸਤੇ ਨਵੇਂ ਹੀ ਨਵੇਂ ਚਲਾ ਗਏ
ਰਾਹ ਰੱਬ ਦਾ ਦਸਿਆ ਕਿਸੇ ਨੂੰ ਨਾ, ਸਗੋਂ ਆਪ ਆ ਰੱਬ ਕਹਾ ਗਏ
ਦੁਨੀਆਂ ਦਾਰ ਅੰਨ ਸੋ ਗਿਆਨ ਬਿਨਾ, ਆਗੂ ਲਾਕੇ ਪਿਛੇ ਰੁੜ੍ਹਾ ਗਏ
ਇਕ ਰੱਬ ਦੇ ਥਾਂ 'ਕਰੋੜ' ਕਈ, ਰੱਬ ਦੁਨੀਆਂ ਵਿਚ ਬਨਾ ਗਏ
ਸਗੋਂ ਲੋਕਾਂ ਤਾਈਂ ਗੁਮਰਾਹ ਕਰਕੇ, ਭਾਰੀ ਕਹਿਰ ਦੇ ਭਾਗੀ ਕਰਾ ਗਏ
ਇਹ ਜੋ ਮਜ਼ਬਾਂ ਦੇ ਆਣ ਵੈਰ ਵਧੇ, ਅੰਨ੍ਹੇ ਆਗੂ ਹੀ ਸਾਰੇ ਪਵਾ ਗਏ
ਕੀਤੀ ਰੱਬ ਦੀ ਮੇਟ ਕੇ ਵੇਖ ਲਵੋ, ਆਪੋ ਆਪਣੀ ਸ਼ਰ੍ਹਾਂ ਠਹਿਰਾ ਗਏ
ਕਿਸੇ ਇੰਦਰੀ ਤੇ ਕਿਸੇ ਕੰਨ ਵਢੇ, ਕਈ ਸਿਰ ਕਈ ਮੂੰਹ ਮੁਨਾ ਗਏ
ਤੋੜ ਫੋੜ ਕੇ ਅਸਲੀ ਰੂਪ ਤਾਂਈਂ, ਹੋਰ ਸ਼ਕਲਾਂ ਕਈ ਵਟਾ ਗਏ
ਮੁਦਾ ਗਲ ਕਾਹਦੀ ਜਿੰਨੇ ਹੋਏ ਆਗੂ, ਜ਼ਿਦੋ ਜ਼ਿਦੀ ਓਹ ਮਿਟੀ ਉਡਾ ਗਏ
ਵਧੇ ਵੈਰ ਤੇ ਭਗਤੀ ਪਰੇਮ ਘਟੇ ਦੁਖ ਦੇਸ ਨੂੰ ਪਏ ਦਬਾ ਗਏ

ਅੰਤ ਫੇਰ ਅਕਾਲ ਨੇ ਕਰੀ ਕਿਰਪਾ, ਸਤਿਗੁਰੂ ਦੁਨੀਆਂ ਵਿਚ ਆ ਗਏ
ਧਰ ਨੌਂ ਸਰੂਪ ਸੁਧਾਰ ਕੀਤਾ, ਮੂੰਹ ਭੇਦ ਪਾਖੰਡ ਛੁਪਾ ਗਏ
ਵਾਰੀ ਆਈ ਹੁਣ ਗੁਰੂ ਦਸਮੇਸ਼ ਜੀ ਦੀ, ਜੋਰ ਜ਼ੁਲਮ ਸਾਰੇ ਦਹਿਲਾ ਗਏ
ਸੁਣੋਂ ਧਰ ਧਿਆਨ ਕਰਤਾਰ ਸਿੰਘਾ, ਕੀਹ ਪਰ-ਉਪਕਾਰ ਕਮਾ ਗਏ

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰੂ ਦਸਮੇਸ਼ ਪ੍ਰਕਾਸ਼ ਸ਼ੁਰੂ

ਕਵੀ ਦੀ ਪ੍ਰਾਰਥਨਾ

ਸ੍ਰੀ ਸਤਿਗੁਰੂ ਦਸੋ ਸਰੂਪ ਇਕੋ, ਕਾਰਜ ਅਪਨਾ ਤੋੜ ਚੜ੍ਹਾਓ ਆਪੇ
ਮੇਰੇ ਵਿਚ ਨਾ ਬਲ ਕਵੀਸ਼ਰੀ ਦਾ, ਜਿਵੇਂ ਇੱਛਯਾ ਤਿਵੇਂ ਲਿਖਵਾਓ ਆਪੇ
ਲਿਖਣ ਲਗਾ ਬ੍ਰਿਤਾਂਤ ਦਸਮੇਸ਼ ਜੀ ਦਾ, ਵਡੇ ਸਾਗਰੋਂ ਪਾਰ ਲੰਘਾਓ ਆਪੇ
ਮੇਰੀ ਬੁਧ ਦੇ ਵਿਚ ਕਰਤਾਰ ਸਿੰਘਾ, ਕ੍ਰਿਪਾ ਕਰ ਵੱਡਾ ਬਲ ਪਾਓ ਆਪੇ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਕਾਮ ਰੂਪ ਦੇਸ ਨੂੰ ਜਾਣਾ

ਗੁਰੂ ਤੇਗ ਬਹਾਦਰ ਜੀ ਬੈਠ ਗਦੀ, ਚੰਗੇ ਧਰਮ ਦੇ ਰਾਹ ਚਲਾਏ ਭਾਈ
ਸ਼ਾਂਤ ਰੂਪ ਸਰੂਪ ਪਰੇਮ ਭਰਿਆ, ਫੰਧ ਕਟਦੇ ਜੋ ਸ਼ਰਨ ਆਏ ਭਾਈ
ਦਿਨੋਂ ਦਿਨ ਵਿਚ ਦੇਸ ਪ੍ਰਤਾਪ ਵਧਿਆ, ਨ ਸ਼ਰੀਕਾਂ ਦੇ ਤਾਈਂ ਸੁਖਾਏ ਭਾਈ
ਧੀਰਮਲ* ਹੋਰੀਂ ਨਿਤ ਵੈਰ ਰਖਣ, ਸਤਿਗੁਰਾਂ ਨੂੰ ਵੈਰ ਨ ਭਾਏ ਭਾਈ
ਅੰਤ ਛਡ ਕੇ ਸਭ ਬਖੇੜਿਆਂ ਨੂੰ, ਸੈਰ ਵਾਸਤੇ ਤਿਆਰ ਬੁਲਾਏ ਭਾਈ
ਪੰਜੀ ਅਸੂ ਸਤਾਰਾਂ ਸੌ ਬਾਈ ਹੈਸੀ, ਦੇਸ ਯਾਤਰਾ ਵਲ ਸਿਧਾਏ ਭਾਈ
ਕਰਦੇ ਸੈਰ ਤੇ ਤਾਰਦੇ ਪਾਪੀਆਂ ਨੂੰ, ਇਕ ਸਾਲ ਜਾਂ ਦੀਆ ਬਿਤਾਏ ਭਾਈ
ਚੜ੍ਹੇ ਅਸੂ ਸਤਾਰਾਂ ਸੌ ਤ੍ਰੇਈਏਂ ਨੂੰ ਪਹੁੰਚੇ ਪਟਨੇ ਸ਼ਹਿਰ ਜੁ ਜਾਏ ਭਾਈ
ਓਥੇ ਜੋਧ ਪੁਰੀਏ ਰਾਜੇ ਬਿਸ਼ਨ ਸਿੰਘ ਨੇ, ਆ ਚਰਨ ਫੜੇ ਘਿਗਿਆਏ ਭਾਈ
‡ਮੇਰੇ ਨਾਲ ਚੱਲੋ ਦੇਸ ਕਾਮਰੂ ਨੂੰ, ਕਰੀਆਂ ਮਿੰਨਤਾਂ ਸੀਸ ਝੁਕਾਏ ਭਾਈ

*ਇਹ ਪ੍ਰਸੰਗ ਸਾਰੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਚਰਿਤ੍ਰ ਵਿਚ ਲਿਖੇ ਜਾਣਗੇ

ਸਤਿਗੁਰੂ ਜੀ ਪਰੇਮ ਅਧੀਨ ਸਦਾ, ਤਯਾਰ ਹੋਏ ਅਸਬਾਬ ਬਨ੍ਹਾਏ ਭਾਈ
ਮਾਤਾ ਗੁਜਰੀ ਸਣੇ ਕੁਟੰਬ ਸਾਰਾ, ਸਹਿਤ ਪਟਨੇ ਦੀਆ ਠੌਹਰਾਏ ਭਾਈ।
ਆਪ ਨਾਲ ਰਾਜੇ ਅਗ੍ਹਾਂ ਚਲੇ ਗਏ, ਜੀਵ ਦੇ ਕੇ ਦਰਸ ਤਰਾਏ ਭਾਈ
ਸ੍ਰੀ ਗੁਜਰੀ ਜੀ ਨੂੰ ਅਧਾਨ ਹੈ ਸੀ, ਰਹੇ ਪਟਨੇ ਆਗਿਆ ਪਾਏ ਭਾਈ
ਜਨਮ ਏਥੇਂ ਹੀ ਹੋਯਾ ਦਸਮੇਸ਼ ਜੀ ਦਾ, ਸੁਣੋ ਸਜਣੋਂ ਚਿੱਤ ਲਗਾਏ ਭਾਈ
ਮਹਾਂਬਲੀ ਸਤਿਗੁਰੂ ਕਰਤਾਰ ਸਿੰਘਾ, ਏਥੇ ਪ੍ਰਗਟੇ ਦਿਆਂ ਸੁਨਾਏ ਭਾਈ

ਵਾਕ ਕਵੀ

ਏਥੇ ਲਿਖਾਂ ਜੇ ਫੋਲ ਪ੍ਰਸੰਗ ਸਾਰੇ, ਵਧ ਜਾਇ ਗਰੰਥ ਵਿਚਾਰਦਾ ਹਾਂ
ਕਲਗੀਧਰ ਜੋ ਜਨਮ ਦੀ ਕਥਾ ਲਿਖੀ, ਹੇਠਾਂ ਨੋਟ ਦੇ ਵਿਚ ਉਕਾਦਾ ਹਾਂ
ਕੁਝ ਪਿਛਲੇ ਜਨਮ ਦੀ ਕਥਾ ਸੋਹਣੀ, ਓਹ ਵੀ ਦ ਛੰਦੇ ਵਿਚ ਸਵਾਰਦਾ ਹਾਂ
ਇਹ ਸਿੱਧਾ ਪ੍ਰਸੰਗ ਕਰਤਾਰ ਸਿੰਘਾ ਜਨਮੋਤਸਵ ਚਲ ਉਚਾਰਦਾ ਹਾਂ

ਸ੍ਰੀ ਦਸਮੇਸ਼ ਸਾਹਿਬ ਜੀ ਦਾ ਅਵਤਾਰ ਪਟਨੇ ਸਾਹਿਬ

ਪਾਕੇ ਹੁਕਮ ਅਕਾਲ ਦਾ ਸ਼ਹਿਰ ਪਟਨੇ, ਦਸਮ ਪਾਤਸ਼ਾਹ ਦਾ ਅਵਤਾਰ ਹੋਯਾ
ਮਾਤਾ ਗੁਜਰੀ ਦੀ ਕੁਖੋਂ ਪ੍ਰਗਟ ਹੋਏ, ਜਗਤ ਵਿਚ ਮਾਰੇ ਜੇ ਜੈਕਾਰ ਹੋਯਾ
ਹੋਯਾ ਪ੍ਰਗਟ ਗਗਨ, ਪ੍ਰਕਾਸ਼ ਸੂਰਜ, ਮਿਟੀ ਧੁੰਦ ਤੇ ਜਗਤ ਚਮਕਾਰ ਹੋਯਾ
ਸੱਚਾ ਧਰਮ ਰਾਖਾ ਮਹਾਂ ਪੁਰਖ ਬਲੀ, ਦੇਹ ਧਾਰਕੇ, ਪ੍ਰਗਟ ਸੰਸਾਰ ਹੋਯਾ
ਸ਼ੁਭ ਸ਼ਗਨ ਹੋਏ ਭਾਰਤ ਵਰਸ਼ ਅੰਦਰ, ਤੇ ਅਲੌਕਕ ਮੰਗਲਾਚਾਰ ਹੋਯਾ
ਜ਼ਾਲਮ ਬਾਦਸ਼ਾਹ ਦਾ ਤੇਜ ਘਟਨ ਲਗਾ, ਝੱਟ ਜਗ ਸਾਰਾ ਠੰਢਾਠਾਰ ਹੋਯਾ
ਝੰਡਾ ਧਰਮ ਦਾ ਗਡਿਆ ਫੇਰ ਗਿਆ, ਬੁਰਜ ਜ਼ੁਲਮ ਦਾ ਵਿਚ ਉਲਾਰ ਹੋਯਾ

---

[ਇਹ ਬਿਸ਼ਨ ਸਿੰਘ ਰਾਜਾ ਜੈਪੁਰ ਦਾ ਮਾਲਕ ਸੀ। ਬੜਾ ਬਹਾਦਰ ਤੇ ਦਲੇਰ ਭੀ ਸੀ। ਔਰੰਗਜ਼ੇਬ ਬਾਦਸ਼ਾਹ ਪਾਸੋਂ ਖੋਫ਼ ਖਾਂਦਾ ਸੀ, ਇਸ ਵਾਸਤੇ ਉਸ ਨੇ ਬੰਗਾਲ ਦੀ ਮੁਹਿੰਮ ਤੇ ਏਸਨੂੰ ਭੇਜਿਆ ਕਿ ਜੇਕਰ ਫਤ੍ਹੇ ਪਾ ਆਯਾ ਤਾਂ ਮੇਰਾ ਕੰਮ ਸੌਰ ਜਾਵੇਗਾ, ਮਰ ਜਾਵੇਗਾ ਤਾਂ ਭੀ ਮਿਰੇ ਏਸ ਦਾ ਖੋਫ਼ ਉਤਰ ਜਾਵੇਗਾ। ਕਿਉਂਕਿ ਸਭ ਨੂੰ ਨਿਸਚਾ ਸੀ ਕਿ ਬੰਗਾਲੇ ਦੇ ਵਿਚ ਜਾਦੂ ਬਹੁਤ ਹੈ। ਜਦ ਬਿਸ਼ਨ ਸਿੰਘ ਨੂੰ ਹੁਕਮ ਹੋਯਾ ਤਾਂ ਓਹ ਬੜਾ ਡਰਿਆ, ਪਰ ਬਾਦਸ਼ਾਹੀ ਹੁਕਮ ਨਾਲ ਜਾਣਾ ਪਿਆ। ਉਸ ਵੇਲੇ ਓਹਦੀ ਰਾਣੀ ਨੇ ਦਸਿਆ ਕਿ ਗੁਰੂ ਨਾਨਕ ਜੀ ਦੇ ਉਪਰ ਜਾਦੂ-ਗਰਾਂ ਦੇ ਜਾਦੂ ਨਹੀਂ ਸਨ ਚਲੇ, ਸੋ ਹੁਣ ਉਹਨਾਂ ਦੀ ਨਾਵੀਂ ਪੀੜ੍ਹੀ ਗੁਰੂ ਤੇਗ ਬਹਾਦਰ ਜੀ ਪਟਨੇ ਆਏ ਹੋਏ ਹਨ, ਜੇ ਓਹ ਕਿਰਪਾ ਕਰਨ ਤਾਂ ਤੁਹਾਡੀ ਫਤੇ ਹੋਵੇਗੀ ਤੇ ਕੋਈ ਖਤਰਾ ਨਹੀਂ ਰਹੇਗਾ। ਸੋ ਏਹ ਗੱਲ ਨਿਸਚੇ ਕਰਕੇ ਬਿਸ਼ਨ ਸਿੰਘ ਨੇ ਸ੍ਰੀ ਗੁਰੂ ਜੀ ਚਰਨ ਆ ਫੜੇ ਤੇ ਨਾਲ ਲੈ ਗਿਆ।

ਸਾਰੇ ਨਸ਼ਾਨ ਪ੍ਰਸ਼ਾਨ ਪ੍ਰਗਟ ਹੋਏ, ਹੌਲਾ ਜਾਪਦਾ ਧਰਤ ਦਾ ਭਾਰ ਹੋਯਾ
ਕੰਬ ਗਿਆ ਔਰੰਗੇ ਦਾ ਚਿੱਤ ਪਾਪੀ, ਰੰਗ ਚਿਹਰੇ ਦਾ ਜ਼ਰਦ ਵਿਸਾਰ ਹੋਯਾ
ਹੋਯਾ ਗੁਰ ਅਵਤਾਰ ਕਰਤਾਰ ਸਿੰਘਾ, ਬੇੜਾ ਜ਼ੁਲਮ ਦਾ ਰੁੜ੍ਹਨ ਨੂੰ ਤਯਾਰ ਹੋਯਾ

### ਸਤਿਗੁਰੂ ਜੀ ਦੇ ਅਵਤਾਰ ਧਾਰਨ ਦੀ ਤਾਰੀਖ

ਤੇਰਾਂ ਪੋਹ ਤੇ ਸਤਮੀ ਥਿਤ ਹੈਸੀ, ਐਤਵਾਰ ਦਾ ਦਿਨ ਪਛਾਣੀਏਂ ਜੀ
ਦੋ ਘੱਟ ਦੋ ਸੌ ਸਾਲ ਗੁਰੂ ਨਾਨਕ, ਢਲੀ ਰਾਤ ਦਾ ਸਮਾਂ ਸੀ ਠਾਨੀਏਂ ਜੀ
ਸਤਾਰਾਂ ਸੌ ਤ੍ਰੇਈ ਸੀ ਬੀਰ ਬਿਕ੍ਰਮ, ਹੋਯਾ ਜਦੋਂ ਅਵਤਾਰ ਮਹਾਨੀਏਂ ਜੀ
ਸੋਲਾਂ ਸੌ ਛਿਆਠਵਾਂ ਹੋਯਾ ਹੈਸੀ, ਸ਼ੁਰੂ ਈਸਵੀ ਦਾ ਸੰਨ ਮਾਨੀਏਂ ਜੀ
ਆਲਮਗੀਰ ਸੀ ਦਿਲੀ ਦੇ ਤਖਤ ਉਤੇ, ਸਾਰੇ ਜ਼ੋਰ ਹੈਸੀ ਮੁਸਲਮਾਨੀਏਂ ਜੀ
ਓਸ ਜਮੇਂ ਅਵਤਾਰ ਕਰਤਾਰ ਸਿੰਘਾ, ਹੋਯਾ ਸ਼ਹਿਰ ਪਟਨੇ ਵਿਚ ਜਾਨੀਏਂ ਜੀ

---

ਤ੍ਰਾਰੀਖ ਤੇ ਬਚਿੱਤ੍ਰ ਨਾਟਕ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਛਲੀ ਕੁਲ ਦਾ ਸੰਖੇਪ ਬ੍ਰਿਤਾਂਤ ਏਸ ਛੰਦ ਨੂੰ ਪਹਿਲਾਂ ੨੦ ਪੰਨੇ ਤਕ ਪੜ੍ਹ ਲਵੋ:—

ਦੂੰਯਾ ਛੰਦ

ਜਿਸ ਕੁਲ ਅੰਦਰ ਸਤਿਗੁਰ ਸਚੇ ਜਨਮ ਲਿਆ ਸੀ ਆ ਕੇ
ਵਿਚ ਬਚਿਤ੍ਰ ਨਾਟਕ ਲਿਖਿਆ ਸਾਰਾ ਹਾਲ ਜਤਾ ਕੇ।
ਸਾਰੀ ਕੁਲ ਵਰਨਣ ਇਉਂ ਕੀਤੀ ਸਤਿਗੁਰ ਅੰਤਰਜਾਮੀ।
ਹੋਏ ਸੂਰਜ ਬੰਸੀ ਛੱਤ੍ਰੀ ਰਾਮਚੰਦਰ ਜੀ ਸਵਾਮੀ॥
ਕੌਮ ਛੱਤ੍ਰੀ ਦੇ ਵਿਚ ਹੋਏ ਓਹ ਪ੍ਰਤਾਪੀ ਵਡੇ॥
ਜਿਨ੍ਹਾਂ ਬਾਦਣ ਜੈਸੇ ਜੋਧੇ ਮਾਰੇ ਮੂਲ ਨ ਛਡੇ।
ਘਰ ਓਹਨਾਂ ਦੇ ਸੀਤਾ ਵਿਚੋਂ ਦੋ ਬੇਟੇ ਸਨ ਜਾਏ॥
ਲਉ ਵਡੇ ਦਾ ਨਾਮ ਕਹੀਦਾ ਕੁਸ਼ ਛੋਟਾ ਅਖਵਾਏ॥
ਲਉ ਲਾਹੌਰ ਵਸਾਯਾ ਸੋਹਣਾ ਕੁਸ਼ ਕਸੂਰ ਵਸਾਇਆ॥
ਦੋਵੇਂ ਰਾਜ ਰਹੇ ਫਿਰ ਕਰਦੇ ਚੰਗਾ ਸਮਾਂ ਬਿਤਾਇਆ॥
ਕਈ ਪੀਹੜੀਆਂ ਓਹਨਾਂ ਪਿਛੋਂ ਫਿਰਿਆ ਹੋਰ ਜ਼ਮਾਨਾ।
ਜ਼ਰ, ਜ਼ੋਰੂ, ਜ਼ਮੀਨ ਉਪਾਸੀ, ਹਨ ਤਿੰਨ ਸੁਲਤਾਨਾ॥
ਲਉ ਦੀ ਗੱਦੀ ਉਤੇ ਬੈਠਾ ਕਾਲ ਰਾਇ ਹ ਰਾਜਾ।
ਤਖਤ ਕੁਸ਼ ਦੇ ਕਾਲ ਕੇਤ ਜੀ ਹੋ ਮਹਾਂਬੀਰ ਬਿਰਾਜ॥
ਆਪਸ ਵਿਚ ਉਹਨਾਂ ਦਾ ਝਗੜਾ ਬਹੁਤੀ ਵਾਰੀ ਹੋਇਆ।
ਕਾਲ ਰਾਇ ਨੇ ਕਾਲ ਕੇਤ ਨੂੰ ਕੱਢ ਪੰਜਾਬੋਂ ਦੇਇਆ॥
ਕਾਲ ਕੇਤ ਤਦ ਕਾਲ ਰਾਇ ਤੋਂ ਫੌਜ ਆਪਣੀ ਲੈਕੇ।
ਦੇਸ਼ ਸਨੌਢ ਵਿਚ ਜਾ ਪੁੱਜਾ ਰਾਹ ਆਕੜੇ ਪੈ ਕੇ॥

ਸੰਗਤਾਂ ਵਿਚ ਵਧਾਈਆਂ ਤੇ ਖੁਸ਼ੀਆਂ

ਚੇਹਰਾ ਪੁਤ ਦਾ ਵੇਖਕੇ ਨੂਰ ਭਰਿਆ, ਚਿੱਤ ਵਿਚ ਆ ਖੁਸ਼ੀਆਂ ਛਾਈਆਂ ਜੀ
ਮਾਤਾ ਨਾਨਕੀ ਤੇ ਮਾਤਾ ਗੁਜਰੀ ਨੇ, ਦਿਨੇਂ ਖੁਸ਼ੀਆਂ ਬਹੁਤ ਮਨਾਈਆਂ ਜੀ
ਖਬਰ ਸੰਗਤਾਂ ਦੇ ਵਿਚ ਜਦੋਂ ਹੋਈ, ਲਗੇ ਲੋਕ ਆ ਦੇਣ ਵਧਾਈਆਂ ਜੀ
ਮਾਤਾ ਨਾਨਕੀ ਮਾਮੇ ਕ੍ਰਿਪਾਲ ਚੰਦੇ, ਵੰਡ ਦੌਲਤਾਂ ਬਹੁਤ ਲੁਟਾਈਆਂ ਜੀ
ਆਯਾ ਦਵਾਰੇ ਜੋ ਚਲ ਗਰੀਬ ਗੁਰਬਾ, ਮੂੰਹੋਂ ਮੰਗੀਆਂ ਇੱਛਯਾ ਪਾਈਆਂ ਜੀ
ਅਠੋ ਪੈਹਰ ਲਗੀ ਰਹੇ ਭੀੜ ਦਵਾਰੇ, ਦਸ ਗਈਆਂ ਨਾਰਾਂ ਵੀਹ ਆਈਆਂ ਜੀ
ਦੂਰ ਨੇੜੇ ਦੀਆਂ ਸੁਣ ਸੰਗਤਾਂ ਭੀ, ਆਉਣ ਲੱਗੀਆਂ ਨਿਤ ਸਵਾਈਆਂ ਜੀ
ਕਿਸੇ ਗੱਲ ਦੀ ਰਹੀ ਪ੍ਰਵਾਹ ਨਾਹੀ, ਭੇਟਾਂ ਸੰਗਤਾ ਬਹੁਤ ਚੜ੍ਹਾਈਆਂ ਜੀ
ਸਾਹਿਬਜ਼ਾਦੇ ਦਾ ਵੇਖਕੇ ਰੂਪ ਸੋਹਣਾ, ਘਰ ਘਰ ਇਹੋ ਗੱਲਾਂ ਛਾਈਆਂ ਜੀ

---

ਓਸ ਦੇਸ ਦੇ ਰਾਜੇ ਨੇ ਡਰ ਕਾਲ ਕੇਤ ਦੇ ਤਾਈਂ।
ਆਣ ਬੇਟੀ ਦਾ ਡੋਲਾ ਦਿਤਾ ਲੜਿਆ ਅਗੋਂ ਨਾਹੀਂ॥
ਉਸ ਰਾਣੀ ਦੇ ਪੇਟੋਂ ਪੁਤ੍ਰ ਹੋਯਾ ਸੋਢੀ ਰਾਏ।
ਸੋਢੀ ਛਤ੍ਰੀ ਜਿਸ ਤੋਂ ਅਗੋਂ ਦੁਨੀਆਂ ਵਿਚ ਸਦਵਾਏ॥
ਸੋਢੀ ਰਾ ਦੇ ਨਾਨੇ ਦ ਘਰ ਪੁਤ ਮੂਲ ਨਾ ਜਾਇਆ।
ਉਸਨੇ ਇਸਨੂੰ ਰਾਜ ਸੌਂਪਕੇ ਉੱਪਰ ਤਖਤ ਬਿਠਾਇਆ॥
ਸੋਢੀ ਰਾਇ ਦੇ ਪ੍ਰਿਥੀ ਰਾਇ ਅਰ ਜਗਤ ਰਾਇ ਦੋ ਬੇਟੇ।
ਹੋਏ ਬੜੇ ਪ੍ਰਤਾਪੀ ਰਾਜੇ ਸੂਰਮਪਣੇ ਲਪੇਟੇ॥
ਸੋਢੀ ਰਾਇ ਦੇ ਪ੍ਰਿਥੀ ਰਾਜ ਨੂੰ ਅਮਰ ਕੋਟ ਦਾ ਰਾਜਾ।
ਕਰਕੇ, ਸੌਂਪ ਦਿਤੀ ਰਾਜਧਾਨੀ ਸੋ ਉਸ ਥਾਂ ਬਿਰਾਜਾ॥
ਆਪ ਨਾਲ ਲੈ ਜਗਤ ਰਾਇ ਨੂੰ ਵਲ ਪੰਜਾਬ ਸਿਧਾਯਾ।
ਵੈਰ ਪਿਤਾ ਦਾ ਲੈਵਨ ਕਾਰਨ ਨਾਲ ਰੋਸੇ ਚੜ੍ਹ ਆਯਾ॥
ਦੋਵ ਰਾਇ ਸਿਓਂ ਜੰਗ ਆਣਕੇ ਵਿਚ ਪੰਜਾਬ ਮਚਾਏ।
ਕਾਲਰਾਇ ਦਾ ਪੋਤਾ ਜੋ ਇਹ ਹੁਕਮ ਲਾਹੌਰ ਕਮਾਵੇ॥
ਓੜਕ ਸੋਢੀ ਰਾਇ ਨੇ ਉਸ ਨੂੰ ਵਿਚ ਮੈਦਾਨ ਹਰਾਯਾ।
ਸਣੇ ਕੁਟੰਬ ਪੰਜਾਬ ਵਿਚੋਂ ਬਾਹਿਰ ਧਕੇ ਦੇ ਧਕਾਯਾ॥
ਚਲਾ ਗਿਆ ਓਹ ਪੂਰਬ ਵਲੇ ਥਾਹਾਂ ਭੈੜੀ ਫਿਰਦੇ।
ਨਵਾਬ ਜੰਗ ਦੇ ਫਿਰਦੇ ਗਿਰਦੇ ਰਹੇ ਘਤੇ ਦਿਨ ਫਿਰਦੇ॥
ਜੋਰ ਤੰਗ ਦੇ ਹੋਰ ਓਸਨੇ ਮਾਰ ਲਈਆਂ ਕੁਝ ਮਾਰਾਂ।
ਕਰਨ ਗੁਜ਼ਾਰਾ ਚੰਗਾ ਲਗਾ ਰਲਿਆ ਵਿਚ ਸਰਦਾਰਾਂ।
ਓਹਨਾਂ ਵਿਚੋਂ ਇਕ ਸਖਸ ਨੇ ਕਾਂਸ਼ੀ ਦੇ ਵਿਚ ਜਾ ਕੇ।
ਪੜ੍ਹੀ ਸੰਪੂਰਨ ਵੇਦ ਵਿਦਯਾ ਨਾਲ ਸ਼ੌਕ ਦਿਲ ਲਾ ਕੇ।

ਏਹ ਤਾਂ ਮਹਾਂ ਪੁਰਖ ਅਵਤਾਰ ਹੋਯਾ, ਥਾਂ ਥਾਂ ਬਾਤਾਂ ਇਉਂ ਚਲਾਈਆਂ ਜੀ
ਹੋਈਆਂ ਸ਼ਾਦੀਆਂ ਪਟਨੇ ਵਿਚ ਸਾਰੇ, ਸਿਖਾਂ ਖੁਸ਼ੀਆਂ ਬਹੁਤ ਜਤਾਈਆਂ ਜੀ
ਓਧਰ ਖਬਰ ਹੋਈ ਜਦੋਂ ਗੁਰੂ ਜੀ ਨੂੰ, ਓਹਨਾਂ ਦੋਲਤਾਂ ਬਹੁਤ ਵੰਡਾਈਆਂ ਜੀ
ਰਾਜੇ ਬਿਸ਼ਨ ਸਿੰਘ ਨੇ ਜਸ਼ਨ ਆਮ ਕੀਤਾ, ਅਤੇ ਸ਼ਲਕਾਂ ਬਹੁਤ ਕਰਾਈਆਂ ਜੀ
ਧਯਾਨ ਧਰਕੇ ਸੁਣੋਂ ਕਰਤਾਰ ਸਿੰਘਾ, ਜਿਵੇਂ ਬਾਲ ਲੀਲ੍ਹਾ ਦਿਖਲਾਈਆਂ ਜੀ

---

ਨਾਨਕ ਖੁਸ਼ੀ ਦੇ ਪੜਤਾ ਉਸ ਨੂੰ ਵੇਦੀ ਪਦਵੀ ਦੀਨੀ।
ਪ੍ਰਗਟ ਹੋਯਾ ਨਾਮ ਓਸਦਾ, ਪੜ੍ਹ ਵਿਦਯਾ ਰਸ ਭੀਨੀ॥
ਮਦਰ ਦੇਸ ਵਨੈ ਓਹ ਜਿੱਤਦਾ ਸਭ ਪੰਡਿਤਾਂ ਨੂੰ ਆਯਾ।
ਅੰਮ੍ਰਿਤਸਰ ਤੀਰਥ ਦੇ ਉੱਪਰ ਡੇਰਾ ਆਣ ਜਮਾਯਾ॥
ਸੰਤਾਂ ਦੇ ਵਿਚ ਉਸ ਨੇ ਜਾਂ ਫਿਰ ਬਦ ਉਚਾਰ॥
ਹੈ ਮਸ਼ਹੂਰੀ ਓਸਦੀ ਹਈ ਵਿਚ ਦੇਸ ਦੇ ਸਾਰੇ॥
ਓਸ ਸਮੇਂ ਸੀ ਏਸ ਦਾ ਮੁਲਕ ਰਾਇ ਇਕ ਰਾਜਾ।
ਸੋਢੀ ਰਾਏ ਦੀ ਕੁਲ ਵਿਚੋਂ, ਸੀ ਧਰਮਕ ਸੁ ਕਾਜਾ॥
ਲੀਤਾ ਸੁਣ ਕੇ ਸੋਢੀ ਉਸ ਨੂੰ ਪਾਸ ਬੁਲਾਯਾ।
ਮੈਨੂੰ ਵੇਦ ਸੁਣਾਓ ਸ੍ਵਾਮੀ ਰਾਜੇ ਨੇ ਫਰਮਾਯਾ॥
ਜਾਂ ਬੇਦੀ ਨੇ ਵੇਦ ਉਚਾਰੇ ਨਾਲ ਸੁਰਾਂ ਰਸ ਲਾਯਾ।
ਹੋ ਵੈਰਾਗ ਗਿਆ ਰਾਜੇ ਨੂੰ ਰਾਜ ਵਲੋਂ ਚਿਤ ਚਾਯਾ॥
ਰਾਜ ਭਾਗ ਦੇ ਬੇਦੀ ਤਾਈਂ ਆਪ ਵਿਰਕਤੀ ਹੋਯਾ।
ਵਿਸ਼ਿਆਂ ਵਲੋਂ ਚਿਤ ਮੋੜ ਕੇ ਭਗਤੀ ਵਿਚ ਪਰੋਯਾ॥
ਤਪ ਕਰਣ ਵਲੋਂ ਜਾਂ ਉਠ ਟੁਰਿਆ ਬੇਦੀ ਬਚਨ ਸੁਣਾਯਾ।
ਹੇ ਰਾਜਾ ਤੂੰ ਧੰਨ ਧੰਨ ਹੈਂ ਬਡ ਉਪਕਾਰ ਕਮਾਯਾ॥
ਹੋਇ ਵਿਰੱਕਤੀ ਮੁਲਕ ਰਾਇ ਚਿਤ ਸੋਢ ਵਲ ਲਾਯਾ।
ਭਗਤੀ ਕਰਕੇ ਹੋਇ ਵਿਰਕਤੀ ਜੋਤਿ ਜੋਤ ਸਮਾਯਾ॥
ਉਸਦੀ ਪੀਹੜੀ ਵਿਚੋਂ ਹੋਯਾ ਹੈ ਹਰਿਦਾਸ ਸੁਭਾਗੀ।
ਰਾਮਦਾਸ ਗੁਰ ਜਿਸਦੇ ਘਰ ਆ ਜੋਤ ਸਪੂਰਣ ਜਾਗੀ॥
ਗੁਰੂ ਨਾਨਕ ਤੋਂ ਤੀਜੀ ਪੀੜ੍ਹੀ ਅਮਰਦਾਸ ਗੁਰ ਪਾਸੋਂ।
ਆਣ ਲਈ ਗੁਰਿਆਈ ਸੋਢੀ ਪੂਰਨ ਬਚਨ ਸੁਧਾ ਸੋਂ॥
ਰਾਮਦਾਸ ਘਰ ਚੌਥੀ ਪੀੜ੍ਹੀ ਕਲਗੀਧਰ ਗੁਰ ਹੋਏ।
ਸੂਰਬੀਰ ਕਰਤਾਰ ਸਿੰਘਾ ਸਭ ਕਸ਼ਟ ਹਿੰਦ ਦੇ ਖੋਏ॥

---

ਗੁਰੂ ਜੀ ਦੇ ਪਿਛਲੇ ਜਨਮ ਦਾ ਵਰਨਣ।
ਸੋਢੀ ਰਾ ਦਾ ਫੱਟਾ ਬੇਟਾ ਜਗਤ ਰਾ ਜੋ ਕਹੀਏ॥
ਦੇਸ ਓਸ ਦਾ ਸੋਢੀ ਧਰਤੀ ਵਿਚ ਪੰਜਾਬੇ ਲਹੀਏ।

### ਸ੍ਰੀ ਦਸਮੇਸ਼ ਜੀ ਦਾ ਨਾਮ ਧਰਨਾ

ਨਾਵੇਂ ਗੁਰੂ ਜੀ ਜਾਂਦੇ ਅਸਾਮ ਵਲੇ, ਕਹਿ ਗਏ ਸੀ ਬਚਨ ਸੁਣਾਏ ਸੋਹਣਾ
ਪੈਦਾ ਹੋਵੇਗਾ ਬਲੀ ਅਵਤਾਰ ਯੋਧਾ, ਨਾਮ ਰਖਣਾ ਗੋਬਿੰਦ ਰਾਏ ਸੋਹਣਾ
ਏਹੋ ਨਾਮ ਮਾਤਾ ਜੀ ਨੇ ਰਖ ਦਿਤਾ, ਹਰ ਇਕ ਦੇ ਚਿਤ ਨੂੰ ਭਾਏ ਸੋਹਣਾ
ਫੇਰ 'ਗੋਬਿੰਦ ਸਿੰਘ' ਕਰਤਾਰ ਸਿੰਘਾ, ਹੋਯਾ ਨਾਮ ਸ਼ੋਭਾ ਜਗ ਪਾਏ ਸੋਹਣਾ

### ਸ੍ਰੀ ਦਸਮੇਸ਼ ਜੀ ਦੀ ਬਾਲ ਅਵਸਥਾ

ਰਬੀ ਨੂਰ ਤੇ ਤੇਜ ਪ੍ਰਤਾਪ ਭਰਿਆ, ਚਿਹਰਾ ਵੇਖ ਕੁਰਬਾਨ ਹੋ ਜਾਏ ਹਰ ਕੋਈ
ਮਾਤਾ ਜੀ ਦੀ ਖੁਸ਼ੀ ਦਾ ਅੰਤ ਕੀਹ ਸੀ, ਕਰ ਦਰਸ਼ਨ ਖੁਸ਼ੀ ਜਤਾਏ ਹਰ ਕੋਈ
ਦਾਸ ਦਾਹੀਆਂ ਹਥਾਂ ਤੇ ਫਿਰਨ ਚੁਕੀ, ਰਹੀਏ ਦੇਖਦੇ ਹੀ ਦਿਲੋਂ ਚਾਹੇ ਹਰ ਕੋਈ
ਸਾਹਿਬਜ਼ਾਦੇ ਦਾ ਦੇਖ ਕੇ ਸਰੂਪ ਸੋਹਣਾ, ਪਾਸ ਰਹਿਣ ਲਈ ਲਲਚਾਏ ਹਰ ਕੋਈ
ਕੋਲ ਫੁਲ ਵਾਂਗੂ ਚਿਹਰਾ ਰਹੇ ਖਿੜਿਆ, ਸੋਹਣੀ ਵੇਖ ਸੂਰਤ ਹਰਖਾਏ ਹਰ ਕੋਈ
ਸੂਰਜ ਚੜ੍ਹਦੇ ਵਾਂਗ ਹੀ ਤੇਜ ਤਿਖਾ ਦਰਸ ਕਰਦਿਆਂ ਸੀਸ ਝੁਕਾਏ ਹਰ ਕੋਈ
ਏਹ ਤਾਂ ਰਾਮ ਯਾ ਕ੍ਰਿਸ਼ਨ ਅਵਤਾਰ ਹੋਯਾ, ਰੂਪ ਵੇਖਦਾ ਨਾ ਸੁਨਾਏ ਹਰ ਕੋਈ
ਸਦਾ ਹਸਦੇ ਰਹਿਣ ਨ ਕਦੇ ਰੋਂਦੇ, ਲੀਲ੍ਹਾ ਵੇਖ ਮਨ ਤਨ ਤਨ ਘੁਮਾਏ ਹਰ ਕੋਈ

---

ਵੱਡਾ ਬੇਟਾ ਪ੍ਰਿਥੀ ਰਾਇ ਜੋ ਅਮਰ ਕੋਟ ਸੀ ਗਿਆ।
ਜਦ ਓਸ ਦੀ ਵਧੀ ਬਤੇਰੀ ਰਾਜ ਜ਼ੋਰ ਫੜ ਲਿਆ॥
ਓਹਨਾਂ ਵਿਚੋਂ ਜਿਨ੍ਹਾਂ ਧਾਰਾ, ਚੋਰੀ ਕਸਬ ਕਮਾਯਾ।
ਸਭ ਮੀਣੇ ਨਾਮ ਉਨ੍ਹਾਂ ਨੇ ਵਿਚ ਦੇਸ ਅਖਵਾਯਾ॥
ਤਾਹੀਏਂ ਸਤਿਗੁਰ ਰਾਮਦਾਸ, ਪ੍ਰਿਥੀ ਚੰਦ ਦੇ ਤਾਈਂ।
ਮੀਣਾ ਪਾਪੀ ਕਹਿਆ ਹੈਸੀ ਦੀਨ ਦੁਨੀ ਦੇ ਸਾਂਈਂ॥
ਤੁਰਕਾਂ ਦੇ ਜੋ ਗੋਲੇ ਜਿਨ੍ਹਾਂ, ਨਾਲ ਜ਼ੋਰ ਦੇ ਲਏ।
ਓਹਨਾਂ ਨੂੰ ਮੋਢੇ ਸੁਲਤਾਨੀ ਸਾਰਾ ਦੇਸ ਹੀ ਕਹੇ॥
ਬਾਕੀ ਜਿਹੜੇ ਸੂਧ ਛਤ੍ਰੀ, ਰਹੇ ਨ ਧਰਮ ਭੁਲਾਏ।
ਸੱਚੀ ਛੱਤ੍ਰੀ ਰਾਜਪੂਤ ਉਹ, ਦੇਸ ਵਿਚ ਸਦਵਾਏ॥
ਏਸੇ ਤਰ੍ਹਾਂ ਔਲਾਦ ਉਹਨਾਂ ਦੀ ਓਸ ਦੇਸ ਵਿਚ ਸਾਰੇ।
ਹਾਕਮ ਹੁਕਮ ਚਲਾਂਦੇ ਰਹੇ ਸੂਰਬੀਰ ਹੋ ਭਾਰੇ॥
ਫੇਰ ਸੋਲ੍ਹਵੀਂ ਸਦੀ ਦੇ ਅੰਦਰ ਜ਼ੋਰ ਮਲੇਛਾਂ ਪਾਯਾ।
ਆਣ ਸਕੰਦਰ ਲੋਧੀ ਪਾਪੀ ਪਾਪੀ ਸਾਰਾ ਦੇਸ ਦਬਾਯਾ॥
ਸੋਢੀ ਰਾਮ ਦੇ ਵੰਸ ਵਿਚੋਂ ਜੋ ਅਮਰਕੋਟ ਦਾ ਵਾਲੀ,
ਵੱਡਲ ਰਾਇ ਨਾਮ ਓਸਦਾ ਬੀਰ ਬਾਂਕੁਰਾ ਆਲੀ॥

ਦਾਸ ਦਾਸੀਆਂ ਰਹਿਣ ਹਮੇਸ਼ਾ ਹਾਜ਼ਰ, ਨਾਲ ਖੁਸ਼ੀਦੇ ਸੇਵਾ ਕਮਾਏ ਹਰ ਕੋਈ
ਬੜਾ ਵੇਖਕੇ ਤੇਜ ਕਰਤਾਰ ਸਿੰਘਾ, ਸਾਹਿਬਜ਼ਾਦੇ ਪਾਸੋਂ ਖੌਫ ਖਾਏ ਹਰ ਕੋਈ

ਸ੍ਰੀ ਦਸਮੇਸ਼ ਜੀ ਦੀ ਪਾਲਣਾ ਤੇ ਸੰਗਤਾਂ ਨੂੰ ਹਮੇਸ਼ ਦਰਸ਼ਨ

ਵਡੀ ਮਾਤਾ ਸਣੇ ਮਾਤਾ ਗੁਜਰੀ ਜੀ, ਖੁਸ਼ੀ ਨਾਲ ਨ ਜਾਮੇ ਸਮਾਂਵਦੇ ਸਨ
ਦਾਦੀ ਜੀ ਤਾਂ ਰਾਤ ਦਿਨ ਰਹਿਨਵੇਂਹਦੇ, ਜਿੰਨੇ ਪੁਜਦੇ ਲਾਡ ਲਡਾਂਵਦੇਸਨ
ਗੋਦ ਵਿਚੋਂ ਨ ਕਦੇ ਉਤਾਰਦੇ ਸਨ, ਨਿਤ ਨਵੇ ਪਦਾਰਥ ਖੁਲਾਂਵਦੇ ਸਨ
ਸਾਹਿਬਜ਼ਾਦੇਹੋਰੀਂ ਜਿਉਂ੨ ਹੋਣ ਵਡੇ, ਤਿਉਂ੨ ਬੜੀ ਹੀ ਖੁਸ਼ੀ ਮਨਾਂਵਦੇ ਸਨ
ਘੜੀ ਘੜੀ ਅਕਾਲਦਾ ਸ਼ੁਕਰ ਕਰਦੇ, ਵਡੇ ਸਤਿਗੁਰਾਂ ਤਾਈਂ ਧਿਆਂਵਦੇਸਨ
ਦਿਨ, ਦਿਨ ਸੋਹਣੇ, ਸੋਹਣੇ ਕਪੜੇ ਪਾ, ਨਿਕੇ ਜ਼ੇਵਰ ਪਾ ਸਜਾਂਵਦੇ ਸਨ
ਨਾਲੇ ਸਾਹਿਬ ਜੀ ਰਾਮ ਕ੍ਰਿਸ਼ਨ ਵਾਂਗੂ, ਨਿਤ ਨਵੀਆਂਲੀਲ੍ਹਾਂਦਿਖਾਂਵਦੇ ਸਨ
ਦਾਸ, ਦਾਸੀਆਂ ਮਾਤਾ ਜੀ ਵੇਖ ਕਰਕੇ, ਕਈ ਵਾਰ ਅਸਚਰਜਹੋ ਜਾਂਵਦੇ ਸਨ
ਦੂਰ ਨੇੜਿਓਂ ਸਿਖ ਭੀ ਨਿੱਤ ਆਵਨ, ਭੇਟਾ ਆਣ ਬੇਅੰਤ ਚੜ੍ਹਾਂਵਦੇ ਸਨ
ਸਦਾ ਮਾਮਾ ਜੀ ਸੰਗਤਾਂ ਆਈਆਂ ਤੇ, ਤੀਏ ਪਹਿਰ ਦੀਵਾਨ ਲਗਾਂਵਦੇ ਸਨ
ਸਾਹਿਬਜ਼ਾਦੇ ਨੂੰ ਗੋਦ ਦੇ ਵਿਚ ਲੈਕੇ, ਸਭ ਤਾਈਂ ਦੀਦਾਰ ਕਰਾਂਵਦੇ ਸਨ
ਨਰ ਨਾਰ ਸਭ ਵੇਖ ਸਰੂਪ ਤਾਈ ਤਾਈ, ਧੰਨ ਧਨਦਾ ਸ਼ਬਦ ਸੁਨਾਂਵਦੇ ਸਨ

---

ਸਵਾ ਮਣੇ ਦੀ ਧਾਸ ਹੀਂਦਾ ਹਣੇ ਖਾਗ ਫਲਾਦੀ।
ਬੜਾ ਬਹਾਦਰ ਜਾਣੋ ਜੋਧਾ ਧੁਨ ਕਰਨ ਦਾ ਆਦੀ॥
ਨਾਲ ਹਜ਼ਾਰ ਜਵਾਨ ਰੈਣਵਾ ਹਰਦਮ ਉਸਦੇ ਰਹਿੰਦਾ।
ਜਿਥੇ ਪੰਛੀ ਜਾਲਮ ਸੁਣਦਾ ਬਿਜਲੀ ਵਾਂਙੂ ਪੈਂਦਾ॥
ਤੁਰਕਾਂ ਹਥੋਂ ਦੇਸ ਉਸਨੇ ਸੀ ਬਹੁ ਵਾਰ ਬਚਾਯਾ।
ਬੀਰ ਬਿਕ੍ਰਮਾਜੀਤ ਵਾਂਗ ਸੀ ਜੱਸ ਉਸ ਨੇ ਪਾਯਾ॥
ਨਾਮ ਉਸ ਦਾ ਪ੍ਰਭੂ ਵੱਲਭ ਹੁਣ ਤਕ ਲੋਕ ਬੁਲਾਂਦੇ।
ਪੂਜਾ ਕਰਦੇ, ਦੂਧ ਕੜਾਹ ਦਾ ਭੋਗ ਹਮੇਸ਼ਾ ਲਵਾਂਦੇ॥
ਉਸ ਸਮੇਂ ਉਸ ਨਾਲ ਜੋਰ ਸੀ ਦੁਸ਼ਟਾਂ ਤਾਈਂ ਖਪਾਯਾ।
ਦੇਸ ਵਾਸਤੇ ਨਾਮ ਦੂਸਰਾ ਦੁਸ਼ਟ ਦਮਨ ਅਖਵਾਯਾ॥
ਉੜਕ ਕਰ ਉਪਕਾਰ ਵਧੇਰੇ ਚਿਤ ਪ੍ਰਭੂ ਵਲ ਲਾਯਾ।
ਬਿਜੇ ਰਾਇ ਨੂੰ, ਹੋ ਵੈਰਾਗੀ ਉਪਰ ਤਖਤ ਬਠਾਯਾ॥
ਦੇ ਕੇ ਰਾਜ ਬੇਟੇ ਦੇ ਤਾਈਂ ਉੱਠ੍ਯਾ ਖੰਡ ਨੂੰ ਗਿਆ।
ਹੇਮ ਕੁੰਡ ਪਰਬਤ ਦੇ ਉੱਪਰ ਜਾ ਡੇਰਾ ਲਾ ਲਿਆ॥

ਅੱਖਾਂ ਰੂਪ ਨੂੰ ਵੇਖਕੇ ਰਜਦੀਆਂ ਨਾ, ਤਾਰ ਵਾਂਗ ਚਕੋਰ ਲਗਾਂਵਦੇ ਸਨ
ਬੜੇ ਬੜੇ ਰਈਸ ਜੋ ਸ਼ਹਿਰ ਵਾਸੀ, ਸੁਣ ਸੁਣ ਦੀਦਾਰ ਨੂੰ ਆਂਵਦੇ ਸਨ
ਹੋਰ ਪੰਡਿਤ ਜੋਤਸ਼ੀ ਗੁਣੀ ਗਯਾਨੀ, ਵੇਖ ਏਹੋ ਪਰੀਛੇ ਲਗਾਂਵਦੇ ਸਨ
ਕਲਯੁਗ ਵਿਚ ਹੋਯਾ ਅਵਤਾਰ ਸਚਾ, ਸਾਹਿਬਜ਼ਾਦੇ ਨੂੰ ਸੀਸ ਝੁਕਾਂਵਦੇ ਸਨ
ਦਿਨੋਂ ਦਿਨ ਸਾਰੇ ਗਲਾਂ ਧੁਮ ਗਈਆਂ,ਲੋਕ ਸੁਣ ਸੁਣ ਪ੍ਰੇਮ ਵਧਾਂਵਦੇ ਸਨ
ਜਵਾਹਰਾਤ ਨਕਦੀ ਬਸਤ੍ਰ ਬਹੁਤ ਮੁਲੇ,ਸ਼੍ਰਧਾਵਾਨ ਭੇਟਾ ਨਿਤਲਯਾਂਵਦੇ ਸਨ
ਆਓ ਜਾਈ ਲਗੀ ਰਹੇ ਹਰ ਵੇਲੇ, ਲੋਕ ਗੀਤ ਪਰੇਮ ਦੇ ਗਾਂਵਦੇ ਸਨ
ਮਾਯਾ ਰੋਜ਼ ਬੇਅੰਤ ਹੀ ਆਉਣ ਲਗੀ,ਲੰਗਰ ਮਾਤਾ ਜੀਲਾ ਵਰਤਾਂਵਦੇ ਸਨ
ਅਠੇ ਪਹਿਰ ਲੋਹਾਂ ਰਹਿਨ ਤਪਦੀਆਂ ਜੀ,ਸੈਗ੍ਰੀਬਗੁਰਬੇ ਆਣ ਖਾਂਵਦੇ ਸਨ

---

ਲੈ ਉਪਦੇਸ ਸਮੂੰਤ੍ਰਨ ਪਾਸੋਂ ਪੂਰਨ ਵਿਦਯਾ ਸਾਧੀ।
ਰੋਕ ਇੰਦਰੇ ਮਨ ਵਸ ਕਰ ਕੇ ਬੈਠਾ ਲਾਵੇ ਸਮਾਧੀ।
ਹੋ ਕੇ ਪੌਣ ਅਹਾਰੀ ਬੈਠਾ ਨ ਕੁਝ ਖਾਵੇ ਪੀਵੇ।
ਨਿਰਮਲ ਧਾਰ ਗਗਨ ਤੋਂ ਚੋਂਦੀ ਲੈ ਰਸ ਉਸਦਾ ਜੀਵੇ॥
ਭਾਰੀ ਕਠਨ ਤਪਸਿਆ ਕੀਤੀ ਸਗਲ ਇੰਦਰੇ ਜੀਤੇ।
ਅੰਤਸ਼ ਕਰਨ ਅਤੇ ਮਨ ਪਾਪੀ ਵਸ ਆਪਣੇ ਕੀਤੇ॥
ਬ੍ਰਿਤੀ ਹਮੇਸ਼ਾ ਦੁਸ਼ਟ ਦਮਨ ਦੀ ਰਹੇ ਏਕ ਰਸ ਲਾਗੀ।
ਦੂਜਾ ਭਾਵ ਗਿਆ ਉਡ ਵਿਚੋਂ ਜੋਤ ਸੰਪੂਰਨ ਜਾਗੀ॥
ਧਯਾਤਾ, ਧਯਾਨ, ਧੇਯ ਇਕ ਹੋਯਾ, ਗੇਯ ਗਯਾਨ ਗਯਾਤਾ।
ਧੰਜ ਤ੍ਰਿਕੁਟੀ ਦਾ ਉੱਡ ਗਿਆ ਇਕ ਰੂਪ ਪਛਾਤਾ॥
ਵਿਚ ਬਚਿਤ੍ਰ ਨਾਟਕ ਸਤਿਗੁਰ ਅਪਣੀ ਆਪ ਜ਼ਬਾਨੀ।
ਲਿਖਿਆ ਏਹ ਪ੍ਰਸੰਗ ਵਿਸਤਰ੍ਹਾਂ ਸੁਣੋ ਸਜਣ ਗੁਣ ਖਾਨੀ॥

ਸ੍ਰੀ ਮੁਖਵਾਕ ਪਾਤਿਸਾਹੀ ੧੦

"ਅਬ ਮੈਂ ਅਪਨੀ ਕਥਾ ਬਖਾਨੋ। ਤਪ ਸਾਧਤ ਜਿਹ ਬਿਧਿ ਮੋਹਿ ਆਨੋ॥
ਹੇਮ ਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਿਤ ਹੈ ਤਹਾਂ॥
ਸਪਤ ਸ੍ਰਿੰਗ ਤਿਹ ਨਾਮ ਕਹਾਵਾ। ਪੰਡ ਰਾਜ ਜਹਿ ਜੋਗ ਕਮਾਵਾ॥
ਤਹਿ ਹਮ ਅਧਿਕ ਤਪਸਿਆ ਸਾਧੀ। ਮਹਾਂਕਾਲ ਕਾਲਕਾ ਅਰਾਧੀ॥
ਇਹ ਬਿਧ ਕਰਤ ਤਪਸਿਆ ਭਯੋ। ਦ੍ਵੈ ਤੇ ਏਕ ਰੂਪ ਹੈ ਗਯੋ॥"
ਇਧਰ ਏਸ ਗੁਰਾਂ ਦੀ ਤਪਸ਼ਾ ਦੁਸ਼ਟ ਦਮਨ ਨੇ ਕੀਤੀ।
ਓਧਰ ਪਾਪੀ ਔਰੰਗ ਨੇ ਰੱਤ ਹਿੰਦ ਦੀ ਪੀਤੀ॥
ਰਾਤ ਦਿਨੇ ਦੁਖਾਂ ਦੇ ਕੋਲੋਂ ਪਰਜਾ ਹੈ ਦੁਖਯਾਰੀ।
ਵਾਲੀ ਦੇ ਜਹਾਨਾਂ ਅਗੇ ਕੀਤੇ ਰੋ, ਰੋ ਜਾਰੀ॥

ਵਧੀਆਂ ਰੌਣਕਾਂ ਆਣ ਕਰਤਾਰਸਿੰਘਾ,ਸਯਾਨੇ ਵੇਖ ਅਚਰਜ ਮਨਾਂਵਦੇ ਸਨ

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਟਨੇ ਹੋਕੇ ਅਨੰਦਪੁਰ ਸਾਹਿਬ ਜਾਣਾ

ਮੁੜੇ ਦੇਸ ਅਸਾਮ ਤੋਂ ਗੁਰੂ ਜੀ, †ਬਿਸ਼ਨ ਸਿੰਘ ਦੇ ਕਾਜ ਸਵਾਰਕੇ ਜੀ
ਆਏ ਮਾਂਘ ਸਤਾਰਾਂ ਸੈ ਚੌਵੀਏਂ ਨੂੰ, ਸੈਆਂ ਪਾਪੀਆਂ ਦੇ ਤਾਈਂ ਤਾਰ ਕੇ ਜੀ
ਡਿੱਠਾ ਪਟਨੇ ਆਣਕੇ ਸਾਹਿਬਜ਼ਾਦਾ, ਨਾਵੇਂ ਗੁਰੂ ਜੀ ਨੇ ਖੁਸ਼ੀ ਧਾਰ ਕੇ ਜੀ
ਚੋਜ, ਰੂਪ, ਅਵਤਾਰਾਂ ਦੇ ਗੁਣ ਸਾਰੇ, ਦਸਮੇਸ਼ ਦੇ ਵਿਚ ਵਿਚਾਰ ਕੇ ਜੀ
ਦਾਨ ਪੁੰਨ ਕੀਤਾ ਬਹੁਤ ਆਜਜ਼ਾਂ ਨੂੰ,ਦਿਲੋਂ ਵਾਹਿਗੁਰੂ ਸ਼ੁਕਰ ਗੁਜ਼ਾਰ ਕੇ ਜੀ
ਛੱਡ ਪਟਨੇ ਆਏ ਦਸਮੇਸ ਜੀ ਨੂੰ, ਏਧਰ* ਵੈਰ ਬਿਬਾਦ ਚਿਤਾਰ ਕੇ ਜੀ
ਆ ਅਨੰਦਪੁਰ ਰੌਣਕਾਂ ਬਖਸ਼ੀਓਂ ਨੇ, ਬਹੁਤ ਨਵੇਂ ਮਕਾਨ ਉਸਾਰ ਕੇ ਜੀ

---

ਦੁਖ ਗਰੀਬਾਂ ਮੇਟਨ ਕਾਰਨ ਦੀਨੀ ਦੁਨੀ ਦੇ ਸਾਂਈਂ।
ਪੁੱਤਰ ਰੂਪ ਸਥਾਪਤ ਕਰਕੇ ਦੁਸ਼ਟ ਦਮਨ ਦੇ ਤਾਈਂ॥
ਭੇਜ ਦਿਤਾ ਵਿਚ ਭਾਰਤ ਭੂਮੀ, ਦੇ ਕੇ ਸ਼ਕਤ ਵਧੇਰੀ।
ਨਾਲੇ ਦੇਹ ਵਰ ਦਿਤਾ, ਰਹਿਸਾਂ ਪ੍ਰਗਤ ਪਨਾਹ ਮੈਂ ਤੇਰੀ॥
ਮੰਨ ਆਗਯਾ ਮਹਾਂਕਾਲ ਦੀ ਧਰਮ ਚਲਾਵਨ ਕਾਰਨ।
ਨਾਮ ਜਪਾਵਨ ਪੰਥ ਰਚਾਵਨ ਜ਼ਾਲਮ ਚੁਣ ਚੁਣ ਮਾਰਨ॥
ਜਿਉਂ ਕਰ ਪੁਤ੍ਰ ਪਿਤਾ ਰੂਪ ਹੋ ਕੰਮ ਚਲਾਵੇ ਸਾਰੇ।
ਜਿਉਂ ਵਜ਼ੀਰ ਬਾਂ ਬਾਦਸ਼ਾਹ ਦੇ ਕਾਜ ਚਲਾਵਨ ਹਾਰੇ॥
ਤਿਵੇਂ ਸਰੂਪ ਅਕਾਲ ਪੁਰਖ ਦਾ ਦੁਸ਼ਟ ਦਮਨ ਮਹਾਰਾਜਾ।
ਧਰਮ ਚਲਾਵਨ ਭਾਰਤ ਦੇ ਵਿਚ ਸਤਿਗੁਰ ਹੋਇ ਬਿਰਾਜਾ॥

---

(ਸ੍ਰੀ ਦਸਮੇਸ਼ ਜੀ ਦੇ ਮਾਤ ਪਿਤਾ ਦਾ ਵਰਣਨ)

ਏਧਰ ਇਹ ਗੱਲ ਪੂਰਨ ਹੋਈ ਦੂਜੀ ਸੁਣੋ ਕਹਾਣੀ॥
ਦੀਰਘ ਦਰਸੀ ਮਹਾਰਾਜ ਦੀ ਸਤਵੰਤੀ ਸੀ ਰਾਣੀ॥
ਉਨ੍ਹਾਂ ਪੰਡ ਦਾ ਰਾਜ ਕਮਾਂਦੇ ਧਰਮ ਨਿਆਏਂ ਕਰੇਂਦੇ।
ਘਰ ਔਲਾਦ ਨਹੀਂ ਸੀ ਉਹਨਾਂ ਚਿੰਤਾ ਵਿਚ ਮਰੇਂਦੇ।
ਕਾਸ਼ੀ ਦੇ ਵਿਚ ਜਾਇ ਉਨ੍ਹਾਂ ਨੇ ਕਾਰਨ ਪੁਤਰ ਪਿਆਰੇ।
ਤਿਰ ਅਕਾਲ ਪੁਰਖ ਦੀ ਸ਼ਰਨੀ ਤਪ ਕੀਤੇ ਸੀ ਭਾਰੇ।
ਹੋਇ ਦਿਆਲ ਅਕਾਲ ਪੁਰਖ ਨੇ ਕਹਿਆ ਸੀ ਵਰ ਮੰਗੋ।
ਹੋਵੇ ਭਾਵਨਾਂ ਪੂਰਨ ਤੁਮਾਰੀ ਕਹਿੰਦੇ ਮੂਲ ਨ ਸੰਗੋ॥

---

†ਬਿਸ਼ਨ ਸਿੰਘ ਦਾ ਪ੍ਰਸੰਗ ਨੌਮੇਂ ਗੁਰੂ ਜੀ ਦੇ ਜੀਵਨ ਚਰਿਤ੍ਰ ਵਿਚ ਲਿਖਿਆ ਜਾਵੇਗਾ।
*ਧੀਰਮਲ ਆਦਿਕ ਜੋ ਹਦਾ ਗੁਰ ਗੱਦੀ ਲਈ ਵੈਰ ਵਿਰੋਧ ਰਖਦੇ ਰਹੇ ਸਨ।

ਬਾਕੀ ਰਿਹਾ ਟੱਬਰ ਕਰਤਾਰ ਸਿੰਘਾ, ਵਿਚ ਪਟਨੇ ਖੁਸ਼ੀਆਂ ਧਾਰ ਕੇ ਜੀ

### ਸ੍ਰੀ ਦਸਮੇਸ਼ ਜੀ ਦੀ ਬਾਲ ਲੀਲ੍ਹਾ

ਜਦੋਂ ਤ੍ਰਿੰਨਕੁ ਬਰਸ ਦੇ ਹੋਏ ਗੁਰੂ ਜੀ, ਲੀਲ੍ਹਾ ਨਵੀਆਂ ਨਿਤ ਦਿਖਾਂਵਦੇ ਜੀ
ਗਲਾਂ ਕਰਨ ਸਿਆਣਿਆਂ ਵਾਂਗ ਮੂੰਹੋਂ, ਤਿਖੇ ਸਵਾਲ ਜਵਾਬ ਸੁਨਾਂਵਦੇ ਜੀ
ਜੇ ਪੁਛੇ ਕੋਈ ਝਟ ਜਵਾਬ ਦੇਂਦੇ, ਲੋਕ ਸਣ ਅਚਰਜ ਮਨਾਂਵਦੇ ਜੀ
ਮੂੰਹੋਂ ਬੋਲਦੇ ਵਾਕ ਅਗੰਮ ਦੇ ਸਨ, ਜੋ ਜੋ ਬੋਲਦੇ ਪੂਰੇ ਹੋ ਜਾਂਵਦੇ ਜੀ
ਛੋਟੇ ਆਪੇ ਹੀ ਸ਼ਹਿਰ ਦੇ ਬਾਲ ਬਹੁਤੇ, ਆ ਆ ਪਿਆਰ ਵਧਾਂਵਦੇ ਜੀ
ਸਾਹਿਬਜ਼ਾਦੇ ਦੇ ਗਿਰਦ ਹਮੇਸ ਕੱਠੇ, ਓਹ ਰਹਿਨ ਤੇ ਖੇਡਾਂ ਮਚਾਂਵਦੇ ਜੀ
ਆਣ ਸਭ ਅਮੀਰ ਗ਼ਰੀਬ ਲੜਕੇ, ਵਾਂਗ ਨੌਕਰਾਂ ਹੁਕਮ ਬਜਾਂਵਦੇ ਜੀ

---

ਹੱਥ ਜੋੜ ਕੇ ਰਾਜੇ ਰਾਣੀ ਮੁਖ ਥੀਂ ਏਹ ਉਚਾਰੇ ॥
ਮਹਾਂ ਬਲੀ ਪ੍ਰਤਾਪੀ ਪੁਤਰ ਹੋਵੇ ਗ੍ਰਹਿ ਹਮਾਰੇ ॥
ਤਥਾ ਅਸਤ ਕਹਿ ਮਹਾਂਕਾਲ ਜੀ ਹੋਵੇ ਅੰਤਰ ਧਯਾਨੀ।
ਵਰ ਪਾਇ ਕਰ, ਖੁਸ਼ੀ ਹੋਏ ਉਹ ਅਤਿ ਸੈ ਰਾਜਾ ਰਾਨੀ ॥
ਹੁਣ ਓਸ ਸਤਿਗੁਰ ਤੇਗ ਬਹਾਦੁਰ ਮਾਤਾ ਗੁਜਰੀ ਹੋਇ।
ਪੁਤ੍ਰ ਦੀ ਅਭਿਲਾਖਾ ਕਰ ਕੇ ਰਾਜਾ ਰਾਣੀ ਦੋਏ ॥
ਪਰਗਟ ਹੋ ਕੇ ਏਸ ਦੇਸ ਵਿਚ ਲਖਾਂ ਜੀਵ ਸਿਧਾਰੇ।
ਤੀਰਥ ਪਰਸਨ ਹਰਸਨ 'ਪਰਸਨ ਜਾਂ ਪ੍ਰਯਾਗ ਸਿਧਾਰੇ ॥
ਪਾਇ ਆਗਿਆ ਵਾਹਿਗੁਰੂ ਦੀ ਦੁਸਟ ਦਮਨ ਮਹਾਰਾਜਾ।
ਮਾਤਾ ਗੁਜਰੀ ਜੀ ਦੀ ਕੁੱਖ ਤੋਂ ਪ੍ਰਕਾਸ ਬਿਰਾਜਾ ॥
ਇਹ ਸਰਸਥਾ ਸੁ ਸ੍ਰੀ ਕਲਗੀਧਰ ਆਪ ਜ਼ਬਾਨੀ ਆਖੀ।
ਵਿਚ ਬਚਿਤ੍ਰ ਨਾਟਕ ਇਉਂ ਹੈ ਸਤਿਗੁਰ ਜੀ ਨੇ ਭਾਖੀ ॥

---

ਸ੍ਰੀ ਮੁਖਵਾਕ ਪਾਤਸ਼ਾਹੀ ੧੪

ਤਾਤ ਮਾਤ ਅਲਖ ਅਰਾਧਾ । ਬਹੁ ਬਿਧ ਜੋਗ ਸਾਧਨਾ ਸਾਧਾ ॥
ਤਿਨ ਜੋ ਕਰੀ ਅਲੱਖ ਕੀ ਸੇਵਾ । ਤਾਂ ਤੇ ਭਏ ਪ੍ਰਸੰਨ ਗੁਰ ਦੇਵਾ ॥
ਤਪ ਸਾਧਤ ਹਰਿ ਮੋਹਿ ਬੁਲਾਇਓ। ਇਮ ਕਹਿਕੈ ਇਹਲੋਕ ਪਠਾਇਓ॥

ਅਕਾਲ ਪੁਰਖੋ ਵਾਚ

ਮੈਂ ਅਪਨਾ ਸੁਤ ਤੋਹਿ ਨਿਵਾਜਾ । ਪੰਥ ਪ੍ਰਚੁਰ ਕਰਬੇ ਕੋ ਸਾਜਾ ॥
ਜਾਹਿ ਤਹਾ ਤੈਂ ਧਰਮ ਚਲਾਇ । ਕਬੁਧਿ ਕਰਨ ਤੇਂ ਲੋਕ ਹਟਾਇ॥
ਪੁਨਾ:—ਤਿਨ ਪ੍ਰਭ ਜਬ ਆਇਸ ਮੁਹਿ ਦੀਆ ਤਬ ਹਮ ਜਨਮ ਕਲੂ ਮਹਿ ਲੀਆ ॥
ਪੁਨਾ:—ਮੁਰ ਪਿਤਾ ਪੂਰਬ ਕੀਯਾ ਪਿਆਨਾ । ਭਾਂਤ ਭਾਂਤ ਕੇ ਤੀਰਥ ਨ੍ਹਾਨਾ ॥

ਰਹਿੰਦੇ ਸਾਹਿਬ ਜੀ ਬਾਲਕਾਂ ਨਾਲ ਪਰਚੇ, ਨਾਲੇ ਰਚਨਾਂ ਹੋਰ ਰਚਾਂਵਦੇ ਜੀ
ਛੋਟੀ ਉਮਰ ਦਿਮਾਗ ਸੀ ਬਾਦਸ਼ਾਹੀ, ਓਸੇ ਤਰ੍ਹਾਂ ਹੀ ਖੇਡਾਂ ਖਡਾਂਵਦੇ ਜੀ
ਕਦੇ ਅਧੋ ਅਧੀ ਕਰ ਬਾਲਕਾਂ ਨੂੰ, ਫੌਜਾਂ ਦੋ ਬਨਾ ਲੜਾਂਵਦੇ ਜੀ
ਜਿਹੜੇ ਜਿਤਦੇ ਦੇ ਇਨਾਮ ਓਹਨਾਂ, ਖੁਸ਼ੀ-ਹੋ ਬੜੇ ਵਡਿਆਂਵਦੇ ਜੀ
ਕਦੇ ਬਾਦਸ਼ਾਹ ਬਣਕੇ ਤਖਤ ਬਹਿੰਦੇ, ਮੁੰਡੇ ਅਰਜ਼ੀਆਂ ਆ ਕੇ ਪਾਂਵਦੇ ਜੀ
ਝੂਠੇ, ਸਚੇ ਠਹਿਰਾ ਕੇ ਓਸੇ ਤਰ੍ਹਾਂ, ਇਨਾਮ ਸਜ਼ਾ ਦਵਾਂਵਦੇ ਜੀ
ਕਦੇ ਗੰਗਾ ਦਰਯਾ ਦੇ ਵਿਚ ਜਾਕੇ, ਜੰਗ ਬਾਲਕਾਂ ਵਿਚ ਕਰਾਂਵਦੇ ਜੀ
ਮਾਰ ਪਾਣੀ ਦੇ ਛਟਿਆਂ ਨਾਲ ਲੜਕੇ, ਇਕ ਦੂਸਰੇ ਤਈਂ ਹਰਾਂਵਦੇ ਜੀ
ਏਸੇ ਤਰ੍ਹਾਂ ਖੇਡਾਂ ਵਿਚ ਰਹਿਣ ਲਗੇ, ਡਰ ਫਿਕਰ ਨ ਮੂਲ ਰਖਾਂਵਦੇ ਜੀ
ਹਰ ਵਕਤ ਰਹੇ ਭੀੜ ਪਿਆ ਰੌਲਾ, ਜਿਸ ਤਰਫ ਨੂੰ ਸਾਹਿਬ ਜਾਂਵਦੇ ਜੀ
ਜਾਏ ਝਲਿਆ ਤੇਜ ਪ੍ਰਤਾਪ ਨਾਹੀਂ, ਲੋਕ ਵੇਖ ਕੇ ਸੀਸ ਝੁਕਾਂਵਦੇ ਜੀ
ਵਡੇ ਸ਼ਹਿਰ ਦੇ ਖ਼ਾਨ ਅਮੀਰ ਸਾਰੇ; ਜਿਥੇ ਮਿਲਦੇ ਸਿਰ ਨਿਵਾਂਵਦੇ ਜੀ
ਲੋਕ ਡਰਦੇ ਵਰ ਸਰਾਪ ਪਾਸੋਂ, ਅਗੋਂ ਮੂਲ ਨ ਗਲ ਪਰਤਾਂਵਦੇ ਜੀ
ਸਭ ਆਖਦੇ ਇਹ ਅਵਤਾਰ ਕੋਈ; ਵੇਖ ਤੇਜ ਚਿਹਰਾ ਭੈ ਖਾਂਵਦੇ ਜੀ
ਏਸੇ ਤਰ੍ਹਾਂ ਦਸਮੇਸ਼ ਜੀ ਨਿਤ ਨਵੀਆਂ; ਲੀਲ੍ਹਾ ਕਰਦੇ ਦਿਲਪਰਚਾਂਵਦੇ ਜੀ
ਸ਼ਹਿਰ ਪਟਨੇ ਵਿਚ ਕਰਤਾਰ ਸਿੰਘਾ; ਸ਼ਰਧਾਵਾਨ ਬਹੁਤੇ ਵਰੋਸਾਂਵਦੇ ਜੀ

### ਆਤਮਕ ਸ਼ਕਤੀ ਦੇਖਕੇ ਰਾਜੇ ਸ਼ਿਵਦੱਤ ਨੇ ਸੇਵਕ ਬਣਨਾ

ਸ਼ਿਵਦਤ ਬ੍ਰਹਮਣ ਪਟਨੇ ਦਾ; ਰਾਜਾ ਆਪਨੇ ਤਾਈਂ ਕਹਾਂਵਦਾ ਓਹ
ਵਿਚ ਸ਼ਹਿਰ ਦੇ ਬੜੇ ਪ੍ਰਤਾਪ ਵਾਲਾ; ਮਾਲ ਮੁਲਕ ਜਾਗੀਰ ਰਖਾਂਵਦਾ ਓਹ
ਰੋਜ ਜਾ ਸਵੇਰੇ ਹੀ ਗੰਗਾ ਉੱਤੇ; ਪੂਜਾ ਠਾਕੁਰਾਂ ਤਾਈਂ ਨੁਲ੍ਹਾਂਵਦਾ ਓਹ
ਲੀਲ੍ਹਾ ਵੇਖਦਾ ਰੋਜ ਸੀ ਗੁਰੂ ਜੀ ਦੀ ਮਨੋਂ ਕਈ ਦਲੀਲਾਂ ਦੁੜਾਂਵਦਾ ਓਹ
ਏਹ ਬਾਲਕ ਹੈ ਅਵਤਾਰ ਕੋਈ; ਵੇਖ ਚੇਸ਼ਟਾ ਖਿਆਲ ਉਠਾਂਵਦਾ ਓਹ

ਜਬ ਹੀ ਜਾਹ ਤ੍ਰਿਬੇਨੀ ਭਏ। ਪੁੰਨ ਦਾਨ ਦਿਨ ਕਰਤ ਬਿਤਏ।
ਤਹੀ ਪ੍ਰਕਾਸ਼ ਹਮਾਰਾ ਭਯੋ। ਪਟਨੈ ਸ਼ਹਿਰ ਬਿਖੈ ਭਵ ਲਯੋ।
[ਪਿਛਲਾ ਜਨਮ ਦੇ ਕੁੱਲ ਵਰਨਨ ਕਰ ਕੀਤੇ ਫਿਰ ਸੁਨਾਈ]
]ਬਚਿਤ੍ਰ ਨਾਟਕ। ਕਰਤਾਰ ਸਿੰਘਾ ਜੋ ਕੁੱਲ ਵੰਸ ਵਿਚ ਆਈ]

ਮੈਨੂੰ ਰਾਮਦਾ ਰੂਪ ਹੋਦੇ ਦਰਸ਼ਨ, ਤਾਂ ਮੈਂ ਸਚ ਜਾਣਾਂ ਇਹ ਠਹਿਰਾਂਵਦਾ ਓਹ
ਅੰਤ੍ਰਜਾਮੀ ਗੁਰੂ ਉਹਦੀ ਵੇਖ ਨਿਹਚਾ, ਇਕ ਦਿਨ ਜਾ ਪੂਜਾ ਤੇ ਜਾਂਵਦਾ ਓਹ
ਲੈ ਕੇ ਬਾਲਕਾਂ ਨੂੰ ਨਾਲ ਚਲੇ ਗਏ, ਰੌਲਾ ਸੁਣਕੇ ਨਿਗ੍ਹਾ ਜਾ ਪਾਂਵਦਾ ਓਹ
ਸਯਾਮ ਰੂਪ, ਸੰਖ, ਚੱਕ੍ਰ ਗਦਾ ਧਾਰੇ, ਅੱਖਾਂ ਅਗੇ ਜ਼ਾਹਿਰਾ ਰੂਪ ਆਂਵਦਾ ਓਹ
ਆਕੇ ਵਿਚ ਪ੍ਰੇਮ ਵਿਚਦੇ ਉੱਠ ਝਬਦੇ, ਚਰਨ ਕਮਲ ਤੇ ਸੀਸ ਨਵਾਂਵਦਾ ਓਹ
ਓਸੇ ਘੜੀ ਤੋਂ ਜਾਨ ਅਵਤਾਰ ਸੱਚਾਂ, ਸੇਵਕ ਹੋ ਕੇ ਸੇਵਾ ਕਮਾਂਵਦਾ ਓਹ
ਤਨ, ਮਨ ਤੋਂ ਹੋ ਕੁਰਬਾਨ ਗਿਆ, *ਸਾਹਿਬਜ਼ਾ ਦੇ ਤੇ ਪ੍ਰੇਮ ਵਧਾਂਵਦਾ ਓਹ
ਸੋਹਣੀ ਚੀਜ਼ ਜੇਹੜੀ ਕਿਤੇ ਨਜ਼ਰ ਆਵੇ ਧਰ ਭਾਵਨਾਂ ਨਿਤ ਲਿਆਂਵਦਾ ਓਹ
ਨਿਤ ਸੈਰ ਕਰਾਨ ਨੂੰ ਲੈ ਜਾਂਦਾ, ਮੇਵੇ ਬਾਗ ਦੇ ਖੜ ਖੁਲਾਂਵਦਾ ਓਹ
ਜ਼ੇਵਰ ਕੱਪੜੇ ਹੋਹਣੇ ਤੇਯਾਰ ਕਰਕੇ, ਨਿੱਤ ਨਏ ਤੋਂ ਨਏ ਪਹਿਨਾਂਵਦਾ ਓਹ
ਸੇਵਾ ਕਰ ਨੀ ਰਿੱਛ ਕਰਤਾਰ ਸਿੰਘਾ, ਜਨਮ ਮਰਨ ਦੇ ਫੰਧ ਕਟਾਂਵਦਾ ਓਹ

ਜਗਤੇ ਸੇਠ ਤੇ ਕਿਰਪਾ

ਸਾਰੇ ਸ਼ਹਿਰ ਦੇ ਵਿਚ ਮਸ਼ਹੂਰ ਹੋਈ, ਸਾਹਿਬਜ਼ਾਦਾ ਹੈ ਸ਼ਕਤ ਅਪਾਰ ਵਾਲਾ
ਪੂਰੀ ਸਭ ਦੀ ਹੋ ਮੁਰਾਦ ਜਾਵੇ, ਸੇਂਵਦਾ ਦੁਖ ਅਜ਼ਾਰ ਵਾਲਾ
ਜਗਤਾ ਸੇਠ ਇਕ ਸ਼ਹਿਰ ਦੇ ਵਿਚ ਭਾਰੀ, ਸ਼ਾਹੂਕਾਰ ਤੇ ਬੜੇ ਬਪਾਰ ਵਾਲਾ
ਪਰ ਓਹਦੇ ਘਰ ਔਲਾਦ ਨ ਸੀ, ਸੁਕਾ ਬਾਗ ਸੀ ਹਿਰਸ ਸੰਸਾਰ ਵਾਲਾ
ਜੇਤੇ ਭਗਤ ਨੂੰ ਨਾਲ ਲੈ ਆਣ ਢਿੰਗਾ, ਚਰਨੀਂ ਗੁਰਾਂ ਦੀ ਸੇਵਾਦਾਰ ਵਾਲਾ
ਜੇਤੇ ਆਖਿਆ 'ਸਾਹਿਬ' ਔਲਾਦ ਬਖਸ਼ੋ, ਏਹ ਸੇਠ ਹੈ ਭਗਤ ਵਿਚਾਰ ਵਾਲਾ
ਤਿੰਨ ਸੇਉ ਗੁਰਾਂ ਓਹਦੀ ਪਾਏ ਝੋਲੀ, ਹੈਸੀ ਓਸਦਾ ਪੱਲਾ ਉਲਾਰ ਵਾਲਾ
ਇਕ ਡਿੱਗ ਪਿਆ ਦੋ ਰਹਿ ਵਿਚੇ, ਹੋ ਗਿਆ ਓਹ ਹੁਕਮ ਕਰਤਾਰ ਵਾਲਾ
ਗੁਰਾਂ ਆਖਿਆ ਪੁਤ ਤਾਂ ਤਿੰਨੇ ਹੋਸਨ, ਇਕ ਮਰੇਗਾ ਹੋ ਬੁਖਾਰ ਵਾਲਾ
ਏਸੇ ਤਰ੍ਹਾਂ ਹੋਈ ਜਿਵੇਂ ਕਹੀ ਗੁਰਜੀ, ਸੇਠ ਹੋਯਾ ਵਡੇ ਪਰਵਾਰ ਵਾਲਾ
ਸੇਵਾ ਬਹੁਤ ਕਰਦਾ ਰਿਹਾ ਤਨੋਂ ਮਨੋਂ, ਹੋਯਾ ਸਿਖ ਓਹ ਵਡੇ ਪਿਆਰ ਵਾਲਾ

---

*ਪਟਨੇ ਵਿਚ ਸ੍ਰੀ ਦਸਮੇਸ਼ ਜੀ ਨੂੰ ਸਾਹਿਬਜ਼ਾਦਾ ਕਰਕੇ ਜ਼ਿਆਦਾ ਲੋਕ ਬੁਲਾਂਦੇ ਸਨ, ਸੋ ਕਈ ਥਾਈਂ ਸਾਹਿਬ ਦਾ ਸਾਹਿਬਜ਼ਾਦਾ ਏਸੇ ਕਰਕੇ ਲਿਖਯਾ ਜਾਂਦਾ ਹੈ।

ਹੋਰ ਬਹੁਤ ਵਰਸਾਏ ਕਰਤਾਰ ਸਿੰਘਾ, ਘਰ ਗੁਰਾਂ ਦਾ ਦਾਤ ਭੰਡਾਰ ਵਾਲਾ

### ਰਾਜੇ ਫਤ੍ਹੇ ਚੰਦ ਤੇ ਉਸਦੀ ਰਾਣੀ ਦਾ ਪ੍ਰੇਮ

ਜੋੜਾ ਆਨ ਆਸਵੰਦ ਚਰਨ ਫੜਦਾ, ਪੂਰੀ ਓਹਦੀ ਮੁਰਾਦ ਹੋ ਜਾਂਵਦੀ ਸੀ
ਏਸੇ ਲਈ ਹਜ਼ੂਰ ਸਤਿਗੁਰ ਜੀ ਦੇ, ਭੀੜ ਸੰਗਤਾਂ ਸਦਾ ਸੁਹਾਂਵਦੀ ਸੀ
ਫਤ੍ਹੇ ਚੰਦ ਰਾਜਾ ਸ਼ਹਿਰ ਵਿਚ ਵੱਡਾ, ਸ਼ੋਭਾ ਰਾਣੀ ਸੁਣ ਓਹਦੀ ਪਾਂਵਦੀ ਸੀ
ਦਿਲ ਓਸਦੇ ਖਿਚ ਪ੍ਰੇਮ ਲਗੀ, ਸਦਾ ਦਰਸ਼ਨਾਂ ਤਈਂ ਅਕੁਲਾਂਵਦੀ ਸੀ
ਮੈਨੂੰ ਵਿਚ ਮਹਿਲਾਂ ਆ ਦਿਦਾਰ ਦੇਵਨ ਏਹੋ ਹਰ ਵੇਲੇ ਰਾਣੀ ਚਾਂਹਵਦੀ ਸੀ
ਗੋਦ ਵਿਚ ਬਠਾਲਕੇ ਪਯਾਰ ਕਰਾਂ, ਵੇਖਾਂ ਰੂਪ ਸੋਹਣਾ ਏਹ ਠਹਿਰਾਂਵਦੀ ਸੀ
ਰਾਤ ਦਿਨੇ ਏਹੋ ਚਿਤ ਵਿਚ ਰਹਿੰਦੀ, ਸਾਸ ਸਾਸ ਨ ਰਾਣੀ ਭੁਲਾਵਦੀ ਸੀ
ਜਾਣੀ ਜਾਣ ਗਏ ਜਾਨ ਕਰਤਾਰ ਸਿੰਘਾ, ਖਿਚ ਪ੍ਰੇਮ ਦੀ ਚਿਤ ਹਿਲਾਂਵਦੀ ਸੀ

### ਸ੍ਰੀ ਦਸਮੇਸ਼ ਜੀ ਨੇ ਰਾਣੀ ਨੂੰ ਦਰਸ਼ਨ ਦੇਣੇ

ਵੇਖ ਰਾਣੀ ਦਾ ਪ੍ਰੇਮ ਪਿਆਰ ਸਰਧਾ, ਓਹਦੀ ਦਿਲੀ ਮੁਰਾਦ ਪੁਚਾਂਵਦੇ ਨੇ
ਇਕ ਦਿਨ ਲੈ ਬਾਲਕਾਂ ਸਾਰਿਆਂ ਨੂੰ, ਫਤ੍ਹੇ ਚੰਦ ਦੇ ਮਹਿਲਾਂ ਨੂੰ ਜਾਂਵਦੇ ਨੇ
ਮਹਿਲੀਂ ਹੱਸਦੇ ਹੱਸਦੇ ਜਾਇ ਚੜ੍ਹੇ, ਜਾ ਰਾਣੀ ਨੂੰ ਮੁਖ ਦਿਖਾਂਵਦੇ ਨੇ
ਝੱਟ ਗੋਦ ਦੇ ਵਿਚ ਜਾ ਬੈਠ ਗਏ, ਹਸੂੰ ਹਸੂੰ ਕਰਦੇ ਸੋਹਣੇ ਭਾਂਵਦੇ ਨੇ
ਹੱਦ ਰਾਣੀ ਦੀ ਖੁਸ਼ੀ ਦੀ ਰਹੀ ਕੋਈ ਨ, ਗੱਲਾਂ ਮਿੱਠੀਆਂ ਕਰ ਸੁਨਾਂਵਦੇ ਨੇ
ਰਾਜ ਰਾਣੀ ਉਹ ਦੋਵੇਂ ਕਰਤਾਰ ਸਿੰਘਾ, ਵਾਰ ਵਾਰ ਬਲਿਹਾਰਨੇ ਜਾਂਵਦੇ ਨੇ

### ਰਾਣੀ ਦਾ ਪ੍ਰੇਮ

ਚੰਦ ਰਾਣੀ ਦੇ ਭਾ ਦਾ ਚੜ੍ਹ ਗਿਆ, ਕਦੇ ਪੈਰ ਚੁੰਮੇ ਗਲ ਲਾਏ ਕਦੇ
ਕਦੇ ਮੁਖ ਵੇਖੇ ਕਦੇ ਚਰਨ ਵੇਖੇ, ਝੱਟ ਚੁਕ ਏ ਗੋਦ ਬਠਾਏ ਕਦੇ
ਜਲ ਅੱਖਾਂ ਤੋਂ ਪ੍ਰੇਮ ਦਾ ਪਿਆ ਵਗੇ, ਏਡੇ ਸੁਖ ਨ ਸੀ ਅੱਗੇ ਆਏ ਕਦੇ
ਕਦੇ ਕੱਢ ਲਿਆਵੇ ਹੀਰੇ ਮੋਤੀਆਂ ਨੂੰ ਅਗੇ ਜ਼ੇਵਰ ਲਿਆ ਟਿਕਾਏ ਕਦੇ
ਸੋਨੇ ਚਾਂਦੀ ਦੇ ਬਣੇ ਖਡੌਨੇ ਸੋਹਣੇ, ਰੰਗ ਰੰਗ ਦੇ ਲਿਆ ਦਿਖਾਏ ਕਦੇ
ਧੰਨ ਭਾਗ ਮੇਰੇ ਮੈਂ ਹਾਂ ਧੰਨ ਹੋਈ, ਹੱਥ ਜੋੜ ਕੇ ਬਿਨੈ ਸੁਨਾਏ ਕਦੇ
ਮਹਿਲਾਂ ਵਿਚ ਦਿਖਾਲਦੀ ਫਿਰੇ ਚੀਜ਼ਾਂ, ਫੇਰ ਲੈ ਗੋਦੀ ਬੈਠ ਜਾਏ ਕਦੇ

ਭੁਖੇ; ਪ੍ਰੇਮ ਦੇ ਦਿਲ ਕਰਤਾਰ ਸਿੰਘਾ, ਨਹੀਂ ਦਰਸ਼ਨਾਂ ਨਾਲ ਰਿਝਾਏ ਕਦੇ

ਅਚਰਜ ਲੀਲ੍ਹਾ

ਖੁਸ਼ੀ ਨਾਲ ਰਾਣੀ ਕਹਿੰਦੀ ਨੌਕਰਾਂ ਨੂੰ, ਤਾਜ਼ੀ ਮਠਿਆਈਲਿਆਓ ਜਲਦੀ
ਬੋਲੇ ਗੁਰੂ ਜੀ ਨਹੀਂ ਮਠਾਈ ਖਾਣੀ, ਜੋ ਆਖਦੇ ਸੋ ਮੰਗਾਓ ਜਲਦੀ
ਛੋਲੇ ਪੂਰੀਆਂ ਜੋ ਤੁਸਾਂ ਆਪ ਖਾਧੇ, ਓਹ ਅਸਾਂ ਲਿਆ ਖਵਾਓ ਜਲਦੀ
ਰਾਣੀ ਸੁਣਦਿਆਂ ਸਾਰ ਹੈਰਾਨ ਹੋਈ, ਗਿਆ ਦਿਲ ਦਾਭ੍ਰਮਭਰਮਾਓ ਜਲਦੀ
ਝਟ ਪਟ ਰਾਣੀ ਉੱਠ ਆਪ ਹੱਥੀਂ ਅਗੇ ਲਿਆ ਰਖੇ ਨਾਲ ਚਾਓ ਜਲਦੀ
ਖਾਧੇ ਖੁਸ਼ੀ ਹੋ ਗੁਰਾਂ ਕਰਤਾਰ ਸਿੰਘਾ, ਨਾਲ ਬਾਲਕਾਂ ਵੰਡ ਵੰਡਾਓ ਜਲਦੀ

ਸ੍ਰੀ ਦਸਮੇਸ਼ ਜੀ ਦੇ ਖੁਸ਼ ਦੇ ਬਚਨ

ਛੋਲੇ ਪੂਰੀਆਂ ਖਾ ਕੇ ਖੁਸ਼ੀ ਹੋਏ, ਕਹਿੰਦੇ ਰਾਣੀ ਨੂੰ ਬਚਨ ਸੁਨਾ ਕਰਕੇ
ਆਵਾਂ ਕਰਾਂਗੇ ਰੋਜ ਹੀ ਘਰ ਤੇਰੇ, ਤੂੰ ਖੁਲਾਈਂ ਕਰੀਂ ਏਹ ਬਨਾ ਕਰਕੇ
ਪੰਨ ਭਾਗ ਮੈਂ ਨਿੱਤ ਤਯਾਰ ਰੱਖਾਂ, ਤੁਸੀਂ ਰੋਜ ਖਾਯਾ ਕਰਣੇ ਆ ਕਰਕੇ
ਫੇਰ ਬਹੁਤ ਚੀਜਾਂ ਨਜਰ ਭੇਟ ਦੇ ਕੇ, ਵਿਦਾ ਕੀਤੇ ਪ੍ਰੇਮ ਵਧਾ ਕਰਕੇ
ਮਾਮਾ ਸਾਹਿਬ ਜੀ ਸਭ ਕੁਝ ਸਾਂਭ ਲਯਾਏ,ਮਾਤਾ ਜੀ ਨੂੰਦਿਤੀਆਂ ਜਾ ਕਰਕੇ
ਰਾਣੀ ਬਹੁਤ ਪ੍ਰਸੰਨ ਕਰਤਾਰ ਸਿੰਘਾ, ਹੋਈ ਗੁਰੂ ਜੀ ਦੇ ਦਰਸ ਪਾ ਕਰਕੇ

ਸ੍ਰੀ ਦਸਮੇਸ਼ ਜੀ ਨੇ ਰਾਜ ਮਹਿਲਾਂ ਵਿਚ ਰੋਜ ਜਾਣਾ ਕਰਨਾ

ਓਸ ਦਿਨ ਤੋਂ ਪਿਛਲੇ ਪਹਿਰ ਸਦਾ, ਪਾਸ ਰਾਣੀ ਦੇ ਗੁਰੂ ਜੀ ਜਾਨ ਲਗੇ
ਤੀਜੇ ਪਹਿਰ ਦਾ ਭੋਗ ਉਹ ਪੂਰੀ: ਛੋਲੇ, ਸਣੇ ਬਾਲਕਾਂ ਨਿਤ ਜਾ ਖਾਨ ਲਗੇ
ਰਾਜੇ ਰਾਣੀ ਦੀ ਵਧੀ ਪ੍ਰੀਤ ਬਹੁਤੀ, ਤਨ ਮਨ ਤੋਂ ਸੇਵਾ ਕਮਾਨ ਲਗੇ
ਖੇਡਣ ਬਾਗ ਦੇ ਵਿਚ ਕਰਤਾਰ ਸਿੰਘਾ, ਜੋ ਕਹਿਨ ਸੋ ਹੁਕਮ ਬਜਾਨ ਲਗੇ

ਤਥਾ

ਵਿਚ ਬਾਗ ਦੇ ਸਤਿਗੁਰਾਂ ਆਪ ਹੱਥੀਂ, ਇਕ ਬੂਟਾ ਕ੍ਰੌਂਦੇ ਦਾ ਲਾਯਾ ਜੀ
ਓਹ ਹੁਣ ਤੋੜੀ ਯਾਦਗਾਰ ਖੜੀ, ਬਾਰਾਂ ਮਾਸ ਫਲਦਾ ਸੁਣ ਪਾਯਾ ਜੀ
ਓਥੇ ਖੇਡਦੇ ਰਹਿਨ ਹਮੇਸ਼ ਗੁਰੂ ਜੀ, ਰਾਣੀ ਪ੍ਰੇਮ ਬੇਅੰਤ ਵਧਾਯਾ ਜੀ
ਪਹਿਰ ਰਾਤ ਤੋੜੀ ਓਥੋਂ ਆਉਨ ਨਾਹੀਂ, ਚਿਤ ਪ੍ਰੇਮ ਪ੍ਰੀਤ ਪ੍ਰਚਾਯਾ ਜੀ

ਸਦ ਸਦ ਮਾਤਾ ਕਈ ਵਾਰ ਭੇਜੇ, ਤਾਂ ਆਉਂਦੇ ਓਥੋਂ ਜਤਾਯਾ ਜੀ
ਜਿੰਨਾ ਚਿਰ ਨ ਆਉਨ ਰਹਿਰਾਸ ਜੀ ਦਾ, ਸੰਗਤ ਪਾਠਨ ਕਰੇ ਸੁਨਾਯਾ ਜੀ
ਪਹਿਰ ਰਾਤ ਗਿਆਂ ਰਹਿਰਾਸ ਪੜ੍ਹਨੀ, ਨੇਮ ਤਦੋਂ ਦਾ ਹੈ ਨਹਿਰਾਯਾ ਜੀ
ਪਟਨੇ ਵਿਚ ਇਹਚਾਲ ਕਰਤਾਰ ਸਿੰਘਾ, ਚਲੀ ਆਉਂਦੀਲਿਖ ਲਿਖਾਯਾ ਜੀ

ਰਾਜੇ ਫਤ੍ਹੇ ਚੰਦ ਦੀ ਰਾਣੀ ਦੀ ਬੇਨਤੀ

ਇਕ ਦਿਨ ਗੋਲੀ ਤੋਂ ਕਹਾਯਾ ਰਾਣੀ, ਮਹਾਰਾਜ ਜੀ ਹੋ ਦਯਾਵਾਨ ਬਖਸ਼ੋ
ਸਭ ਬਰਕਤਾਂ ਨੇ ਤੁਹਾਡੇ ਵਿਚ ਚਰਨਾਂ, ਇਕ ਦਾਤ ਮੰਗੀਮਿਹਰਬਾਨ ਬਖਸ਼ੋ
ਹਰੀ ਭਰੀ ਹੋਵੇ ਗੋਦ ਰਾਣੀ ਜੀ ਦੀ, ਅਨਸਾ ਰਾਣੀ ਤਈਂ ਭਗਵਾਨ ਬਖਸ਼ੋ
ਕਰੋ ਮੁਖ ਥੀਂ ਬਚਨ ਕਰਤਾਰ ਸਿੰਘਾ, ਜਿਵੇਂ ਜਗ ਤੇ ਹਰੇ ਨਸ਼ਨ ਬਖਸ਼ੋ

ਸ੍ਰੀ ਦਸਮੇਸ਼ ਜੀ

ਵੇਖ ਰਾਣੀ ਵੱਲੇ ਹਸ ਪਏ ਗੁਰੂ ਜੀ, ਕਹਿੰਦੇ ਸੁਣ ਸਚੀ ਸਾਡੀ ਗਲ ਮਾਤਾ
ਪੁਤ੍ਰ ਅਜ ਤੋਂ ਸਾਨੂੰ ਹੀ ਸਮਝ ਲੈ ਤੂੰ, ਹੋਰ ਖਿਆਲ ਦਾ ਝਲ ਮਾਤਾ
ਪੁਤ੍ਰ ਕਰਕੇ ਨਾਮ ਦਾ ਸਦਾ ਰਹਿਸੀ, ਨਾਲੇ ਦੁਖੀ ਹੋਵੇਂ ਦੁਖ ਝਲ ਮਾਤਾ
ਹੁਣ ਅੰਤ ਤੋੜੀ ਸਾਡੇ ਨਾਲ ਤੁਹਾਡਾ ਨਾਮ ਰਹੇਗਾ ਸੁਣੀ ਅਟਲ ਮਾਤਾ
ਪੁਤਾਂ ਵਾਲਿਆਂ ਦੇ ਨਾਮ ਦੂਰ ਹੁੰਦੇ, ਜਦੋਂ ਸਮਾਂ ਜਾਂਦਾ ਕੁਝ ਚਲ ਮਾਤਾ
ਤੁਹਾਡਾ ਰਹੇਗਾ ਨਾਮ ਕਰਤਾਰਸਿੰਘਾ, ਜਿੰਨਾ ਚਿਰ ਏਹ ਧਰਤਅਚਲ ਮਾਤਾ

ਵਾਕ ਕਵੀ

ਓਸ ਦਿਨ ਤੋਂ ਲਿਆ ਠਹਿਰਾ ਇਹੋ, ਰਾਜੇ ਰਾਣੀ ਨੇ ਸੁਟ ਸੰਕਲਪ ਸਾਰੇ
ਪੁਤ੍ਰ ਭਾਵਨਾ ਰਖ ਦਸਮੇਸ਼ ਜੀ ਤੇ, ਦੋਵੇਂ ਜੀ ਹੋਏ ਖੁਸ਼ੀ ਬਹੁਤ ਭਾਰੇ
ਤਨ, ਮਨ, ਤੇ ਧਨ ਕਰ ਗੁਰੂ ਜੀ ਦੀ, ਸੇਵਾ ਰਹੇ ਕਰਦੇ ਵਡਾ ਪ੍ਰੇਮ ਧਾਰੇ
ਏਸ ਤਰ੍ਹਾਂ ਦੇ ਪ੍ਰੇਮੀ ਕਰਤਾਰ ਸਿੰਘਾ, ਗੁਰਾਂ ਪਟਨੇ ਦੇ ਵਿਚ ਬਹੁਤ ਤਾਰੇ

ਸ੍ਰੀ ਦਸਮੇਸ਼ ਜੀ ਦਾ ਸੁਭਾਓ

ਤਿਖਾ ਤੇਜ ਨਿਰਭੈ ਸੁਭਾਵ ਡਾਢਾ, ਡਰ ਕਿਸੇ ਦਾ ਰਤੀ ਰਖਾਂਵਦੇ ਨ
ਜੋ ਚਿਤ ਆਵੇ ਓਹੋ ਗਲ ਕਰਦੇ; ਆਖੇ ਕਿਸੇ ਦਲੀਲ ਪਰਤਾਂਵਦੇ ਨ
ਪੂਰੀ ਹੋਇ ਜੋ ਸਹਿਜ ਸੁਭਾ ਬੋਲਨ; ਸਭ ਡਰਦੇ ਬਚਨ ਉਲਟਾਂਵਦੇ ਨ

ਗਹਿਣਾ ਕਪੜਾ ਵੇਖ ਨਾ ਖੁਸ਼ੀ ਹੁੰਦੇ, ਸੋਨੇ ਚਾਂਦੀ ਤੇ ਜੀ ਭੁਲਾਂਵਦੇ ਨ
ਖੁਸ਼ੀ ਹੋਂਵਦੇ ਵੇਖ ਹਥਯਾਰ ਤਾਈਂ, ਹੋਰ ਚੀਜ਼ ਵਲੇ ਪ੍ਰੇਮ ਲਾਂਵਦੇ ਨ
ਸੂਰਜ ਚੜ੍ਹਦੇ ਵਾਂਗ ਕਰਤਾਰ ਸਿੰਘਾ, ਤੇਜ ਵਧਦਾ ਛਪੇ ਰਹਾਂਵਦੇ ਨ

ਵਾਕ ਕਵੀ

ਲੀਲ੍ਹਾ ਬਹੁਤ ਕਰਦੇ ਰਹੇ ਸ਼ਹਿਰ ਪਟਨੇ, ਪੰਜਬਰਸ ਦਾ ਸਮਾਂ ਗੁਜ਼ਾਰਿਆ ਜੀ
ਸੇਵਾ ਸੰਗਤਾਂ ਕਰਦੀਆਂ ਬਹੁਤ ਰਹੀਆਂ, ਸੈਆਂ ਪਾਪੀਆਂਨੂੰ ਗੁਰਾਂ ਤਾਰਯਾ ਜੀ
ਪਰਚਾ ਪਟਨੇ ਦੇ ਵਿਚ ਬਹੁਤ ਬਣਿਆ, ਮਾਤਾ ਦੇਸ ਪੰਜਾਬ ਵਿਸਾਰਿਆ ਜੀ
ਬਹੁਤ ਸੁਖ ਆਰਾਮ, ਨ ਕਮੀ ਕੋਈ, ਧਨ ਆਂਵਦਾ ਬੇ-ਸ਼ੁਮਾਰਿਆ ਜੀ
ਨਾਲੇ ਦੂਰ ਸ਼ਰੀਕਾਂ ਤੋਂ ਬੈਠੇ ਹੋਏ, ਦੁਖ ਵੈਰ ਦਾ ਭਰ ਉਤਾਰਿਆ ਜੀ
ਮਾਤਾ ਸਾਹਿਬ ਪੰਜਾਬ ਨ ਆਉਨ ਚਾਹੁੰਦੇ, ਅੰਨਜਲ ਨੇ ਚੋਰਆਡਾਰਿਆ ਜੀ
ਏਧਰ ਸੰਗਤਾਂ ਦੇਸ ਪੰਜਾਬ ਦੀਆਂ, ਨਾਵੇਂ ਗੁਰੂ ਜੀ ਨੂੰ ਬਾਰ ਬਾਰਆ ਜੀ
ਕੇਹਨ ਸਾਹਿਬਜ਼ਾਦਾ ਮੰਗਵਾਓ ਝਬਦੇ, ਦੇਨ ਪਾਪੀਆਂਤਈਂ ਦੀਦਾਰਆ ਜੀ
ਜਦੋਂ ਸੰਗਤਾਂ ਨੇ ਬਹੁਤੀ ਵਾਰ ਕਹਿਆ, ਸਤਿਗੁਰਾਂ ਭੀ ਚਿੱਤ ਵਿਚਾਰਿਆ ਜੀ
ਖਤ ਲਿਖਯਾ ਝਟ ਕਰਤਾਰ ਸਿੰਘਾ, ਸਿਖ ਪਟਨੇ ਲੈ ਸਿਧਾਰਿਆ ਜੀ

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਦਸਮੇਸ਼ ਜੀ ਨੂੰ ਪੰਜਾਬ ਵਲ ਲੈ ਆਉਣ ਵਾਸਤੇ
ਮਾਤਾ ਜੀ ਨੂੰ ਲਿਖਣਾ

ਮਾਤਾ ਨਾਨਕੀ ਜੀ ਨੂੰ ਗੁਰਾਂ ਲਿਖਯਾ, ਹੁਣ ਤੁਸੀਂ ਪੰਜਾਬ ਨੂੰ ਆਓ ਜਲਦੀ
ਏਧ੍ਰ ਸੰਗਤਾਂਕਾਹਲੀਆਂਬਹੁਤ ਪਈਆਂ, ਸਾਹਿਬਜ਼ਾਦੇ ਦੇ ਦਰਸ ਕਰਾਓ ਜਲਦੀ
ਸਭ ਮਾਲ ਅਸਬਾਬ ਸੰਭਾਲ ਕਰਕੇ, ਨਾਲ ਆਪਣੇਤੁਸੀਂ ਲਿਆਓ ਜਲਦੀ
ਹੋਲੀ ਹੋਲੀ ਰਾਹਾਂ ਵਿਚੋਂ ਲੰਘਦੇ ਜੀ, ਪਹੁੰਚ ਵਿਚਲਖਨੌਰ ਦੇ ਜਾਓ ਜਲਦੀ
ਓਥੇ ਰਖ ਡੇਰਾ ਫੇਰ ਅਸਾਂ ਤਾਈਂ, ਪਹੁੰਚਜਾਣ ਦੀ ਖ਼ਬਰ ਪੁਚਾਓ ਜਲਦੀ
ਏਹ ਸੁਣ ਕੇ ਖਬਰ ਕਰਤਾਰ ਸਿੰਘਾ, ਦਾਸਾਂਦਾਸੀਆਂ ਨੂੰ ਚੜ੍ਹੇ ਚਾਓ ਜਲਦੀ

ਵੱਡੀ ਮਾਤਾ ਜੀ ਨੇ ਪੰਜਾਬ ਵਲ ਤਯਾਰੀ ਦਾ ਹੁਕਮ ਦੇਣਾ

ਆਯਾ ਹੁਕਮ ਜੋ ਸਤਿਗੁਰਾਂ ਪੂਰਿਆਂ ਦਾ, ਓਹ ਸਭਦੇ ਤਈਂ ਸੁਨਾ ਦਿਤਾ

ਸਾਂਭ ਮਾਲ ਅਸਬਾਬ ਤਯਾਰ ਹੋਵੇ, ਇਹਾਂ ਕਿਰਪਾਲ† ਦੇ ਤਈਂ ਜਤਾ ਦਿਤਾ
ਹੋ ਪਈਆਂ ਤਯਾਰੀਆਂ ਚਲਨੇ ਨੂੰ, ਚਿਤ ਵਲ ਪੰਜਾਬ ਦੇ ਲਾ ਦਿਤਾ
ਝਟ ਸੰਗਤਾਂ ਵਿਚ ਕਰਤਾਰ ਸਿੰਘਾ, ਏਸ ਖਬਰ ਨੇ ਰੌਲਾ ਮਚਾ ਦਿਤਾ

### ਸੰਗਤਾਂ ਨੇ ਉਦਾਸ ਹੋਣਾ

ਸਤਿਗੁਰੂ ਪੰਜਾਬ ਨੂੰ ਤਯਾਰ ਹੋਏ, ਫੈਲ ਗਈ ਖਬਰ ਇਕੋ ਵਾਰ ਸਾਰੇ
ਦਿਲ ਧੜਕ ਉੱਠੇ ਸੁਣ ਪ੍ਰੇਮੀਆਂ ਦੇ, ਬਾਓਂ ਬਾਈਂ ਹੋਏ ਬੇਕਰਾਰ ਸਾਰੇ
ਦੌੜ ਪਏ ਇਕੋ ਵਾਰੀ ਦਰਸ਼ਨਾਂ ਨੂੰ, ਕੰਮ ਕਾਜ ਦੇ ਤਈਂ ਵਿਸਾਰ ਸਾਰੇ
ਭੀੜ ਪਈ ਆ ਕੇ ਬਹੁਤ ਦਾਰ ਉੱਤੇ, ਕਠੇ ਆਨ ਹੋਏ ਨਰ ਨਰ ਸਾਰੇ
ਕਿਉਂ ਸਾਹਿਬ ਜੀ ਤੁਸੀ ਪੰਜਾਬ ਚਲੇ, ਦਿਲ ਅਸਾਂ ਦੇ ਕਰ ਦੁਖਯਾਰ ਸਾਰੇ
ਏਥੇ ਰਹੋ ਸਦਾ ਸਾਡੇ ਪਾਸ ਤੁਸੀਂ, ਸੇਵਾ ਕਰਾਂਗੇ ਹੋ ਸੇਵਾਦਾਰ ਸਾਰੇ
ਜਿਵੇਂ ਚੰਦ ਨੂੰ ਵੇਖ ਚਕੋਰ ਖੁਸ਼ੀ ਰੂਪ ਆਪ ਦੇ ਤੋਂ ਬਲਿਹਾਰ ਸਾਰੇ
ਆਣ ਵਿਚ ਪਰੇਮ ਕਰਤਾਰ ਸਿੰਘਾ, ਬ੍ਰਿਧ ਬਾਲ ਰੋਂਦੇ ਜ਼ਾਰ ਜਾਰ ਸਾਰੇ

### ਰਾਜੇ ਫਤੇ ਚੰਦ ਤੇ ਉਸ ਦੀ ਰਾਣੀ ਦੀ ਵਿਆਕੁਲਤਾ

ਰਾਜੇ ਰਾਣੀ ਨੂੰ ਜਾਂ ਏਹ ਖਬਰ ਹੋਈ, ਸਾਹਿਬਜ਼ਾਦਾ ਜੀ ਹੈਨ ਤੈਯਾਰ ਹੋਏ
ਵਿਚ ਮੋਹ ਦੇ ਆਣ ਕੇ ਰੋਣ ਲਗੇ, ਤੜਫ ਮਛਲੀ ਵਾਂਗ ਬੇਜ਼ਾਰ ਹੋਏ
ਭਾ ਉਨ੍ਹਾਂ ਦੇ ਆਣ ਹਨੇਰ ਪਿਆ, ਕੂੰਜ ਵਾਂਗ ਕੁਰਲਾ ਬੇਸਾਰ ਹੋਏ
ਕਿਸੇ ਦਸਿਆ ਆ ਕਰਤਾਰ ਸਿੰਘਾ, ਰਾਜਾ ਰਾਣੀ ਡਾਢੇ ਦੁਖਯਾਰ ਹੋਏ

### ਸ੍ਰੀ ਗੁਰੂ ਜੀ ਨੇ ਓਨ੍ਹਾਂ ਦਾ ਪ੍ਰੇਮ ਖਿਚੇ ਹੋਯਾ ਰਾਜ ਮਹਿਲਾਂ ਵਿਚ ਪਹੁੰਚਣਾ

ਗੁਰ ਪਰਮ ਪਯਾਰੇ ਹਿਤੂ ਪ੍ਰੇਮੀਆਂ ਦੇ, ਏਹ ਸੁਣਦਿਆਂ ਕਦਮ ਉਠਾਯਾ ਏ
ਘਰੋਂ ਝਟ ਭਜੇ ਪਹੁੰਚੇ ਰਾਜ ਮਹਿਲੀਂ, ਡਿਠਾ ਦੋਹਾਂ ਤਾਈਂ ਗਸ਼ ਆਯਾ ਏ
ਓਸੇ ਵਕਤ ਹੀ ਲੈ ਗੁਲਾਬ ਹਥੀਂ, ਚਿਹਰੇ ਉਤੇ ਛਿੜਕਾਯਾ ਏ
ਆਈ ਹੋਸ਼ ਤੇ ਸਾਮ੍ਹਣੇ ਖੜੇ ਡਿਠੇ, ਚੱਕਰ ਮੋਹ ਨੇ ਹੋਰ ਭਰਾਯਾ ਏ
ਜ਼ਾਰੋ ਜ਼ਾਰ ਰੋਂਦੇ ਚਰਨੀਂ ਡਿਗ ਪਏ, ਰੋਇ ਰੋਇ ਕੇ ਗਲਾ ਸੁਕਾਯਾ ਏ
ਫੇਰ ਉਠ ਕੇ ਰਾਣੀ ਨੇ ਨਾਲ ਛੇਤੀ, ਸਤਿਗੁਰਾਂ ਨੂੰ ਛਾਤੀ ਲਗਾਯਾ ਏ

†ਕਿਰਪਾਲ ਚੰਦ ਗੁਰੂ ਜੀ ਦਾ ਮਾਮਾ ਲਗਦਾ ਸੀ।

ਕਿਦ੍ਹੇ ਆਸਰੇ ਜੀਵਾਂਗੇ ਹੁਣ ਅਸੀਂ, ਤੁਸਾਂ ਚਿੱਤ ਪੰਜਾਬ ਨੂੰ ਚਾਹਿਆ ਏ
ਸਾਡੀ ਧਿਰ ਨ ਕੋਈ ਜਹਾਨ ਅੰਦਰ, ਤੁਹਾਡਾ ਆਸਰਾ ਇਕ ਰਖਾਯਾ ਏ
ਏਸੇ ਵਾਸਤੇ ਕਹਿਆ ਸੀ ਪੁਤ ਬਖਸ਼ੋ, ਓਸੇ ਦੁਖ ਨੇ ਚਿਤ ਦੁਖਾਯਾ ਏ
ਪੁਤ੍ਰ ਆਪਣਾ ਹੋਵਾ ਨਾ ਜਾਣ ਦੇਂਦੇ, ਤੁਹਾਡੇ ਉਤੇ ਕੀਹ ਜ਼ੋਰ ਪਰਾਯਾ ਏ
ਸਾਡਾ ਵਾਸਤਾ ਮੰਨੋ ਤੇ ਰਹੋ ਏਥੇ, ਰਾਜ ਭਾਗ ਇਹ ਆਪਦੀ ਮਾਯਾ ਏ
ਕਿਹੜੀ ਥੁੜ ਤੋਂ ਤੁਸੀਂ ਪੰਜਾਬ ਜਾਂਦੇ, ਸਾਡੀ ਮੰਨੋ ਪੱਲਾ ਗਲ ਪਾਯਾ ਏ
ਆਨ ਵਿਚ ਵੈਰਾਗ ਕਰਤਾਰ ਸਿੰਘਾ, ਦੋਹਾਂ ਰੋ ਰੋ ਹਾਲ ਗਵਾਯਾ ਏ

ਸ੍ਰੀ ਦਸਮੇਸ਼ ਜੀ ਨੇ ਰਾਜੇ ਰਾਣੀ ਨੂੰ ਧੀਰਜ ਦੇਣਾ

ਵਿਚ ਮੋਹ ਦੇ ਆਨ ਨ ਦੁਖੀ ਹੋਵੋ, ਨ ਚਿਤ ਤਾਈਂ ਕਲਪਾਓ ਤੁਸੀਂ
ਜਾਣਾ ਅਸਾਂ ਪੰਜਾਬ ਜ਼ਰੂਰ ਹੈ ਜੀ, ਸਾਡੀ ਗੱਲ ਵੱਲੇ ਚਿਤ ਲਾਓ ਤੁਸੀਂ
ਅੰਗ ਸੰਗ ਤੁਹਾਡੇ ਅਸੀਂ ਸਦਾ ਰਹਾਂਗੇ, ਇਹ ਚਿੱਤ ਦੇ ਵਿਚ ਠੈਹਰਾਓ ਤੁਸੀਂ
ਏਹ ਕਟਾ ਪੁਸ਼ਾਕ ਤੇ ਚਰਨਦਾਸੀ, ਸਦਾ ਆਪਣੇ ਪਾਸ ਰਖਾਓ ਤੁਸੀਂ
ਰੋਜ਼ ਬਾਲਕਾਂ ਦੇ ਤਈਂ ਏਸੇ ਤਰ੍ਹਾਂ, ਪੂਰੀ ਛੋਲੇ ਬਨਾ ਖਵਾਓ ਤੁਸੀਂ
ਜਿੰਨਾ ਚਿਰ ਜੀਵੋ ਵਿਚ ਉਨ੍ਹਾਂ ਦੇ ਜੀ, ਸਾਡਾ ਰੋਜ਼ ਦੀਦਾਰ ਸੋ ਪਾਓ ਤੁਸੀਂ
ਨਾਮ ਜਪੋ ਤੇ ਪਰਉਪਕਾਰ ਕਰੋ, ਅੰਤ ਪੁਰੀ ਸਾਡੀ ਵਿਚ ਜਾਓ ਤੁਸੀਂ
ਦਿਨ ਚਾਰ ਦੀ ਖੇਡ ਕਰਤਾਰ ਸਿੰਘਾ, ਏਸ ਵਿਚ ਨ ਚਿਤ ਫਸਾਓ ਤੁਸੀਂ

ਵਾਕ ਕਵੀ

ਰਾਜੇ ਰਾਣੀ ਦੇ ਮਿਟੇ ਸੰਕਲਪ ਸਾਰੇ, ਗੁਰਾਂ ਪੂਰਨ ਗਯਾਨ ਦ੍ਰਿੜ੍ਹਯਾ ਜੀ
ਉਹ ਲੈ ਪੁਸ਼ਾਕ ਕਟਾਰ ਜੁੱਤੀ, ਯਾਦਗਾਰ ਦੇ ਤੌਰ ਰਖਾਯਾ ਜੀ
ਜਿਥੇ ਰੋਜ਼ ਦਸਮੇਸ਼ ਜੀ ਬੈਠਦੇ ਸਨ, ਰਾਜੇ ਮੰਦਰ ਚਾ ਬਨਵਾਯਾ ਜੀ
ਛੋਲੇ ਪੂਰੀ ਦੇਂਦੇ ਰੋਜ਼ ਬਾਲਕਾਂ ਨੂੰ, ਏਹ ਨਿਤ ਦਾ ਨੇਮ ਠਹਿਰਾਯਾ ਜੀ
ਫਤ੍ਹੇ ਚੰਦ ਰਾਜਾ ਮੈਣੀ ਖੱਤ੍ਰੀ ਸੀ, ਓਸ ਪ੍ਰੇਮ ਪਿਆਰ ਨਿਬਾਹਯਾ ਜੀ
ਏਸੇ ਵਾਸਤੇ ਸਮਝ ਲੌ ਗੁਰਦਵਾਰਾ, ਮੈਣੀ ਸੰਗਤ ਦਾ ਅਖਵਾਯਾ ਜੀ
ਛੋਲੇ ਪੂਰੀ ਦਾ ਹੁਣ ਭੀ ਭੋਗ ਲਗੇ, ਓਹ ਚਲਾ ਰਵਾਜ ਹੈ ਆਯਾ ਜੀ
ਸੁਣੋ ਹੋਰ ਪ੍ਰਸੰਗ ਕਰਤਾਰ ਸਿੰਘਾ, ਪ੍ਰੇਮ ਸੰਗਤਾਂ ਜਿਵੇਂ ਜਤਾਯਾ ਜੀ

ਸੰਗਤਾਂ ਦਾ ਪ੍ਰੇਮ

ਭੀੜ ਸੰਗਤਾਂ ਦੀ ਕੱਠੀ ਬਹੁਤ ਹੋਈ, ਗੁਰ ਰਾਜ ਮਹਿਲਾਂ ਵਲੋਂ ਆਂਵਦੇ ਨੇ
ਇਕੋ ਵਾਰ ਸਭ ਆਣ ਕੇ ਢਹੇ ਚਰਨੀਂ, ਹਥ ਜੋੜਕੇ ਬਚਨ ਸੁਨਾਂਵਦੇ ਨੇ
ਸਾਡੇ ਪਾਸ ਮਹਾਰਾਜ ਜੀ ਰਹੋ ਸਦਾ, ਤਰਲੇ ਨਰ ਤੇ ਨਾਰੀਆਂ ਪਾਂਵਦੇ ਨੇ
ਕਈ ਮਾਤ ਜੀ ਨੂੰ ਕਹਿਣ ਜਾਓ ਨਾ ਜੀ, ਗਸ਼ ਚਿਤ, ਵਿਛੋੜੇ ਤੋਂ ਖਾਂਵਦੇ ਨੇ
ਛੋਟੇ ਬਾਲਾਂ ਨੇ ਪਾਯਾ ਬਹੁਤ ਰੌਲਾ, ਹਥ ਜੋੜ ਕੇ ਸੀਸ ਨਵਾਂਵਦੇ ਨੇ
ਦੇ ਗਯਾਨ ਉਪਦੇਸ਼ ਕਰਤਾਰ ਸਿੰਘਾ, ਗੁਰ ਸਭ ਦਾ ਚਿਤ ਠਹਿਰਾਂਵਦੇ ਨੇ

ਮਾਤਾ ਜੀ ਨੇ ਸਭ ਨੂੰ ਧੀਰਜ ਦੇਣਾ

ਤੁਸੀਂ ਵਸੋ ਰੱਸੋ ਗੁਰੂ ਭਾਗ ਲਾਵੇ, ਤੁਸਾਂ ਬਹੁਤ ਪਰੇਮ ਜਤਾਯਾ ਏ
ਅਸੀਂ ਬਹੁਤ ਖੁਸ਼ੀ ਸਭ ਪ੍ਰੇਮੀਆਂ ਤੇ, ਟਹਿਲ ਸੇਵਾ ਨੂੰ ਬਹੁਤ ਕਮਾਯਾ ਏ
ਸਿਖੀ ਸਿਦਕ ਦੀ ਸਦਾ ਪ੍ਰਾਪਤੀ ਰਹੇ, ਰਹੇ ਪੁਰਖ ਅਕਾਲ ਦੀ ਦਾਯਾ ਏ
ਕਿਸੇ ਖੁਣ ਦੁਖੋਂ ਅਸੀਂ ਨਹੀਂ ਚਲੇ, ਨਾਵੇਂ ਸਤਿਗੁਰਾਂ ਹੁਣ ਬੁਲਾਯਾ ਏ
ਸਾਹਿਬਜਾਦੇ ਨੂੰ ਲੈ ਪੰਜਾਬ ਆਵੇਂ, ਹੁਕਮਨਾਮਾ ਏਹ ਗੁਰਾਂ ਦਾ ਆਯਾ ਏ
ਕਲ ਤੁਰਾਂਗੇ ਅਸੀਂ ਕਰਤਾਰ ਸਿੰਘਾ, ਮਾਤਾ ਸਭ ਦੇ, ਤਾਂਈ ਸੁਨਾਯਾ ਏ

ਨਵਾਬ ਰਹੀਮ ਬਖਸ਼ ਨੂੰ ਉਪਦੇਸ਼

ਰਹੀਮ ਬਖਸ਼ ਨਵਾਬ ਨੇ ਹਥ ਜੋੜੇ, ਕਹਿਆ ਮੇਰਾ ਭੀ ਕਿਵੇਂ ਉਧਾਰ ਹੋਸੀ
ਨੂੰ ਵਲੀ ਅੱਲਾ ਭਰਿਓਂ ਨੂਰ ਰਬੀ, ਮੈਨੂੰ ਫੇਰ ਭੀ ਕਦੇ ਦੀਦਾਰ ਹੋਸੀ
ਹੋਯਾ ਬਕਨ ਖੁਦਾ ਦੀ ਯਾਦ ਕਰੇ, ਨੀਤ ਸਾਫ ਰਖੇਂ ਬੇੜਾ ਪਾਰ ਹੋਸੀ
ਜਦੋਂ ਪੜੇਂ ਨਮਾਜ਼, 'ਕਰਤਾਰਸਿੰਘਾ' ਸਜਦੇ ਵਿਚ ਦੀਦਾਰਦਿਲਧਾਰ ਹੋਸੀ

ਜੇਤੇ ਭਗਤ ਤੇ ਰਾਜੇ ਸ਼ਿਵਦੱਤ ਨੂੰ ਉਪਦੇਸ਼

ਸ਼ਿਵਦਤ ਤੇ ਜੇਤਾ ਭੀ ਪਾਸ ਖਲੇ, ਬੋਲੇ ਸਾਡਾ ਆਪ ਜੀ ਉਧਾਰ ਕਰਿਓ
ਦਰਸ਼ਨ ਅਸਾਂਨੂੰ ਨਿਤਦਾ ਬਖਸ਼ ਜਾਯੋ, ਚਰਨੀਲਗਿਆਂਦਾਬੇੜਾਪਾਰ ਕਰਿਓ
ਹੋਆ ਹੁਕਮ ਅਕਾਲ ਦੀ ਕਰੋ ਭਗਤੀ, ਵਿਚ ਪੂਜਾ ਦੇ ਨਿਤਦੀਦਾਰ ਕਰਿਓ
ਕੁਝ ਦਿਨਾਂ ਦਾ ਮੇਲ ਕਰਤਾਰ ਸਿੰਘਾ, ਨਿਤ ਪੁਜਦਾ ਪਰਉਪਕਾਰ ਕਰਿਓ

ਜਗਤੇ ਸੇਠ ਦੀ ਬੇਨਤੀ

ਜਗਤ ਰਾਮ ਵੱਡਾ ਸੇਠ ਸ਼ਹਿਰਦਾ ਸੀ, ਹਥ ਜੋੜ ਆ ਅਰਜ਼ ਗੁਜ਼ਾਰ ਦਾ ਏ
ਮੈਨੂੰ ਬਖਸ਼ਿਆ ਆਪ ਨੇ ਬਹੁਤ ਕੁਝ ਹੈ, ਲੰਮਾ ਸਿਲਸਿਲਾਮੇਰੇਬਪਾਰ ਦਾ ਏ
ਹਰ ਸ਼ਹਿਰ ਸੋ ਮੇਰੀਆਂ ਕੋਠੀਆਂ ਨੇ, ਮੇਰੇ ਰਹਿਣ ਨੌਕਰ ਏਹ ਉਚਾਰ ਦਾ ਏ
ਓਹਨਾਂ ਵਲ ਮੈਂ ਚਿਠੀਆਂ ਲਿਖ ਦੇਵਾਂ, ਮੇਰਾ ਚਿਤ ਪ੍ਰੇਮ ਇਹ ਧਾਰਦਾ ਏ
ਓਹ ਕਰਨਗੇ ਸੇਵਾ ਕਰਤਾਰ ਸਿੰਘਾ, ਤੁਹਾਨੂੰ ਸਮਝਕੇ ਰੂਪ ਕਰਤਾਰ ਦਾ ਏ

ਸ੍ਰੀ ਦਸਮੇਸ਼ ਜੀ ਦਾ ਬਚਨ

ਸਿਖੀ ਸਿਦਕ ਦੀ ਤੈਨੂੰ ਪ੍ਰਾਪਤੀ ਹੋਏ, ਸਚ ਤੇਰੀਆਂ ਸਭ ਅਨਿੱਠੀਆਂ ਨੇ
ਤੇਰੇ ਪ੍ਰੇਮ ਦੇ ਵਿਚ ਨਹੀਂ ਫਰਕ ਕੋਈ, ਸਭ ਅਸਾਂ ਅਜ਼ਮਾ ਕੇ ਡਿਠੀਆਂ ਨੇ
ਸਾਨੂੰ ਲੋੜ ਨਾਹੀਂ ਏਨ੍ਹਾਂ ਚਿਠੀਆਂ ਦੀ,ਸਾਡੇ ਪਾਸ ਅਕਾਲਦੀਆਂਚਿਠੀਆਂਨੇ
ਤੀਨ ਲੋਕ ਦੇ ਵਿਚ ਕਰਤਾਰ ਸਿੰਘਾ, ਸਭੇ ਮੰਨਦੇ ਕਰਕੇ ਮਿਠੀਆਂ ਨੇ

ਵਾਕ ਕਵੀ

ਏਸੇ ਤਰ੍ਹਾਂ ਸਾਰਾ ਦਿਨ ਭੀੜ ਰਹੀ, ਦਸ ਜਾਂਵਦੇ ਤੇ ਵੀਹ ਆਂਵਦੇ ਰਹੇ
ਜਿਨੀ ਜਿਨੀ ਪ੍ਰੇਮ ਦੀ ਖਿਚ ਹੈਸੀ, ਓਨੀ ਕਰਕੇ ਜ਼ਾਹਿਰ ਦਿਖਾਂਵਦੇ ਰਹੇ
ਸੋਨਾ,ਚਾਂਦੀ,ਮੋਤੀ,ਜ਼ਰੀ,ਜਵਾਹਰ, ਜੇਵਰਨਕਦ ਕਪੜੇ ਆਨ ਚੜ੍ਹਾਂਵਦੇ ਰਹੇ
ਨਜ਼ਰ, ਭੇਟ ਜਿਨੀ ਯਥਾ ਸ਼ਕਤ ਪੁਜੀ, ਨਾਲ ਪਰੇਮ ਦੇ ਲਿਆਂਵਦੇ ਰਹੇ
ਰਾਤ ਤੋੜੀ ਗਏ ਲਗ ਵੇਰ ਬਹੁਤੇ, ਮਨੋ ਕਾਮਨਾ ਸਭ ਹੀ ਪਾਂਵਦੇ ਰਹੇ
ਰਾਤ ਥਾਓਂ ਥਾਂ ਗਏ ਕਰਤਾਰ ਸਿੰਘਾ, ਬਹੁਤੇ ਬੈਠ ਓਥੇ ਜੱਸ ਗਾਂਵਦੇ ਰਹੇ

ਪਟਨੇ ਤੋਂ ਚਲਣ ਦੀ ਤਯਾਰੀ ਤੇ ਸੰਗਤਾਂ ਦੀ ਬੇਕਰਾਰੀ

ਰਾਤ ਮਸਾਂ, ਮਸਾਂ ਲੋਕਾਂ ਤਾਈਂ ਬੀਤੀ, ਦਿਨ ਚੜ੍ਹਦਿਆਂ ਹੀ ਕਠੇਆਏ ਸਾਰੇ
ਕੰਮਾਂ ਧੰਦਿਆਂ ਵਿਚ ਨਾ ਚਿਤ ਲਗੇ, ਕਰਨ ਦਰਸ਼ਨਾਂ ਨੂੰ ਲੋਕ ਧਾਏ ਸਾਰੇ
ਦੂਰ ਨੇੜੇ ਭੀ ਖਬਰਾਂ ਪੁਜ ਗਈਆਂ, ਸਿਖਾਂ ਤਾਈਂ ਮਸੰਦ ਲਿਆਏ ਸਾਰੇ
ਭੀੜ ਪਈ ਦਰਵਾਜ਼ੇ ਤੇ ਬਹੁਤ ਸਾਰੀ, ਵੇਖੋ ਵੇਖੀ ਭੀ ਹੁਮ ਹੁਮਾਏ ਸਾਰੇ
ਓਧਰ ਮਾਮੇ ਜੀ ਨੇ ਅਸਬਾਬ ਭਾਰੇ, ਉੱਤੇ ਗਡਿਆਂ ਦੇ ਲਦਵਾਏ ਸਾਰੇ
ਖਾ, ਪੀ ਕੇ ਸਭ ਤਿਆਰ ਹੋਏ, ਦਾਸ ਦਾਸੀਆਂ ਕੰਮ ਸੌਂਪਾਏ ਸਾਰੇ

ਆਪ ਕਮਰ ਕੱਸਾ ਕਰ ਸ੍ਰੀ ਗੁਰ ਜੀ, ਖੜੇ ਹੋ ਸਤਿਗੁਰ ਜੀ ਦਿਆਏ ਸਾਰੇ
ਤਯਾਰਾ ਵਜਿਆ ਸੌਧ ਅਦਾਸਾ ਲਿਆ, ਆਏ ਬਾਹਰ ਅਕਾਲ ਗਜਾਏ ਸਾਰੇ
ਗਊਆਂ ਭੈਂਸਾ, ਘੋੜੇ ਅਗੇ ਸਭ ਟੋਰੇ, ਗੱਡੇ ਨਾਲ ਅਸਬਾਬ ਚਲਾਏ ਸਾਰੇ
ਪਿਛੋਂ ਮਾਈਆਂ ਦੇ ਡੋਲ ਤਯਾਰ ਹੋਏ, ਆਮ ਸੰਗਤਾਂ ਨੇ ਘੇਰੇ ਪਾਏ ਸਾਰੇ
ਵਡੀ ਮਾਤਾ ਅਤੇ ਮਾਤਾ ਗੁਜਰੀ ਦੇ, ਡਿਗੇ ਚਰਨਾਂ ਤੇ ਸੀਸ ਨਵਾਏ ਸਾਰੇ
ਦਾਮ, ਮਾਨ ਅਸੀਸਾਂ ਦੇ ਸਭ ਤਾਈਂ, ਨਰ ਨਾਰੀਆਂ ਓਥੇ ਠਹਿਰਾਏ ਸਾਰੇ
ਹੌਲੀ, ਹੌਲੀ ਸਭੋ ਸਾਥ ਟੁਰੀ ਜਾਂਦਾ, ਚਿਤ ਪ੍ਰੇਮੀਆਂ ਦੇ ਘਬਰਾਏ ਸਾਰੇ
ਸਤਿਗੁਰਾਂ ਦੇ ਗਿਰਦ ਪਈ ਭੀੜ ਬਹੁਤੀ, ਨੈਨ ਰੱਜਦੇ ਨ ਤਿਰਹਾਏ ਸਾਰੇ
ਕਦੇ ਫੇਰ ਵੀ ਦਿਓਗੇ ਦਰਸ ਸਾਨੂੰ, ਏਹ ਕਹਿਨ ਸੁਨਾਏ ਸੁਨਾਏ ਸਾਰੇ
ਡਿਠਾ ਸੰਗਤਾਂ ਦਾ ਗੂੜ੍ਹਾ ਪ੍ਰੇਮ ਸਚਾ, ਬਚਨ ਹੋਯਾ ਸੁਨ ਮਨ ਲਾਏ ਸਾਰ
ਜਦੋਂ ਹੋਵੇ-ਅਸਾਡਾ ਦੀਦਾਰ ਕਰਨਾ, ਦੇਖੋ ਧਰ ਪੰਘੂੜੇ ਨੂੰ ਭਾਏ ਸਾਰੇ
ਯਾਦਗਾਰ ਸਾਡੀ ਪਿਛੇ ਪਾਸ ਰਖੋ, ਹਰੀ ਕਾਮਨਾ ਅਰਥ ਪੁਚਾਏ ਸਾਰੇ
ਹੋਰ ਭਗਤੀ ਪ੍ਰੇਮ ਉਪਦੇਸ਼ ਦੇ ਕੇ, ਸਤਿ ਨਾਮ ਦੇ ਜਾਪ ਤੇ ਲਾਏ ਸਾਰੇ
ਗੁਰ ਹੋਏ ਤਯਾਰ ਕਰਤਾਰ ਸਿੰਘਾ, ਸ਼ਹਿਰੋਂ ਦੂਰ ਤੇਂਡੀ ਤੋਰਨ ਆਏ ਸਾਰੇ

ਵਾਕ ਕਵੀ

ਦਿਨ ਢਾਲਿਆਂ ਤੁਰਦਿਆਂ ਕਰਦਿਆਂ ਨੂੰ, ਲੋਕ ਹੋ ਕੱਠੇ ਬੇਸ਼ੁਮਾਰ ਆਏ
ਹੋਏ ਸ੍ਰੀ ਦਸਮੇਸ਼ ਅਸਵਾਰ ਤਾਜ਼ੀ, ਖਿਚੇ ਪ੍ਰੇਮ, ਪਿਛੇ ਨਰ ਨਾਰ ਆਏ
ਚੌਰ ਝੁਲਦੇ ਫੁਲਾਂ ਦੀ ਹੋਏ ਬਰਖਾ, ਰੋਕੇ ਸੰਗਤਾਂ ਗਲੀ ਬਾਜ਼ਾਰ ਆਏ
ਬਾਲ ਬਿਧ ਨਾਰਾਂ ਆਏ ਬੰਨ੍ਹ ਲਾਰਾਂ, ਬੰਦ ਕਰ ਸਾਰੇ ਕੰਮ ਕਾਰ ਆਏ
ਮੁਸਲਾਨ ਹਿੰਦੂ ਸੋਹਣੇ ਰੂਪ ਮੋਹੇ, ਹੋਣ ਕਦਮਾਂ ਤੋਂ ਬਲਿਹਾਰ ਆਏ
ਦੇਂਦੇ ਦਰਸ ਦੀਦਾਰ ਕਰਤਾਰ ਸਿੰਘਾ, ਸ਼ਹਿਰੋਂ ਸ੍ਰੀ ਦਸਮੇਸ਼ ਜੀ ਬਾਹਰ ਆਏ

ਤਥਾ

ਸ਼ਹਿਰੋਂ ਬਾਹਰ ਆ ਗੁਰੂਜੀ ਠਹਿਰਗਏ, ਕੀਤਾ ਬਚਨ ਹੁਣ ਘਰਾਂ ਨੂੰ ਜਾਓ ਪਯਾਰੇ
ਅੰਗ ਸੰਗ, ਅਸੀਂ ਸਦਾ ਤੁਸਾਂ ਦੇ ਹਾਂ, ਸੱਚਾ ਪ੍ਰੇਮ ਤੁਹਾਡਾ ਹੈ ਭਾਓ ਪਯਾਰੇ
ਨਾਮ ਜਪਨਾ ਧਰਮ ਦੀ ਕਿਰਤ ਕਰਕੇ, ਵੰਡ ਖਾਵਨਾ ਨੇਮ ਠਹਿਰਾਓ ਪਯਾਰੇ

ਸਿਖੀ ਸਿਦਕ ਨਭਾਵਨਾ ਨਾਲ ਸਾਸਾਂ, ਸਾਸ ਸਾਸਗੋਬਿੰਦ ਗੁਣਗਾਓ ਪਯਾਰੇ
ਨਾਲ ਸਿਖੀ ਦੇ ਸਦਾ ਪ੍ਰੇਮ ਕਰਨਾ, ਭੈ ਅਕਾਲ ਦਾ ਪ੍ਰੇਮ ਰਖਾਓ ਪਯਾਰੇ
ਲੈ ਚਲਦੇ ਅਸੀਂ ਕਰਤਾਰ ਸਿੰਘਾ, ਤੁਸੀਂ ਸੁਖਾਂ ਦੇ ਦਿਨ ਲੰਘਾਓ ਪਯਾਰੇ

ਤਥਾ

ਨਾਲ ਜਾਣ ਨੂੰ ਸਭ ਦਾ ਚਿਤ ਚਾਹੁੰਦਾ, ਘਰਾਂ ਵਲ ਨ ਮੁੜਨ ਨੂੰ ਕੋਈ ਚਾਹੇ
ਓਹ ਧਰਮ ਪਯਾਰੀ ਦੁਰਲਭ ਸੂਰਤ, ਦੇਖ ਦੇਖ ਕੇ ਚਿਤਾਂ ਹੈ ਅਤ ਭਾਏ
ਓਸ ਰਬ ਦੇ ਨੂਰ ਦੀ ਭਰੀ ਸੂਰਤ, ਨਰਾਂ ਨਾਰੀਆਂ ਦੇ ਦਿਲ ਪ੍ਰੇਮ ਫਾਹੇ
ਚਰਨਾ ਸੋਹਣਿਆਂ ਤੇ ਕਰਤਾਰ ਸਿੰਘਾ, ਬਾਰਬਾਰ ਡਿਗਨ ਪ੍ਰੇਮੀ ਧਾਏ ਧਾਏ

ਤਥਾ

ਘੜੀ ਘੜੀ ਗੁਰ ਜੀ ਕਹਿਣ ਹਟੋ ਪਿਛੇ, ਪ੍ਰੇਮ ਪ੍ਰੇਮੀਆਂ ਦੇਭਲਾ ਮੁਕਦੇ ਨ
ਭਜ ਭਜ ਚਰਨਾਂ ਉਤੇ ਸੀਸ ਧਰਦੇ, ਧਰ ਫੇਰ ਉਤਾਂਹ ਨੂੰ ਚੁਕਦੇ ਨ
ਪਰੇਮ ਵਗਦਾ ਰਾਸਤੇ ਅਖੀਆਂ ਦੇ, ਆਂਸੂ ਅੱਖਾਂ ਵਿਚੋਂ ਰੋਕੇ ਰੁਕਦੇ ਨ
ਗੁਰਸਿਖੀ ਦਾ ਪਯਾਰ ਕਰਤਾਰ ਸਿੰਘਾ, ਚਿਤ ਜਰਾ ਉਕਾਇਆਂਭੀ ਉਕਦੇ ਨ

ਸ੍ਰੀ ਦਸਮੇਸ਼ ਜੀ ਨੇ ਵਿਦਾ ਹੋਣਾ ਤੇ ਸੰਗਤਾਂ ਦੀ ਉਦਾਸੀ

ਸਭ ਤਾਂਈਂ ਠਹਿਰਾਕੇ ਵਿਦਾ ਹੋਏ, ਲੋਕ ਖੜੇ ਰਹੇ ਹੋ ਬੇਜਾਰ ਸੁੰਞੇ
ਖਲੇ ਵਾਂਗ ਤਸਵੀਰਾਂ ਦੇ ਸਭ ਤਕਨ, ਨੈਨ ਪਏ ਰੋਂਦੇ ਜਾਰ ਜਾਰ ਸੁੰਞੇ
ਜਿੰਨਾ ਚਿਰ ਸਵਾਰੀ ਰਹੀ ਦਿਸਦੀ ਜੀ, ਨੇਤ੍ਰ ਰਹੇ ਓਧਰ ਲਾ ਤਾਰ ਸੁੰਞੇ
ਅੰਤ ਮੁੜੇ ਪਿਛਾਂਹ ਬੇ ਧੀਰਜੇ ਹੋ, ਰੋਂਦੇ ਲੈ ਹਾਉਕੇ ਨਰ ਨਾਰ ਸੁੰਞੇ
ਚਿਤ ਸਭ ਦੇ ਇਉਂ ਉਦਾਸ ਹੋਏ, ਜਿਵੇਂ ਲੁਟ ਲਏ ਵਿਚ ਬਾਰ ਸੁੰਞੇ
ਦਿਲ ਸ਼ਹਿਰ ਦੇ ਨ ਵੜਨ ਚਾਹੁੰਦੇ, ਖਾਣ ਆਉਂਦੇ ਮਹਿਲ ਮੁਨਾਰ ਸੁੰਞੇ
ਮਾਨੋ ਰੌਣਕਾਂ ਗੁਰਾਂ ਦੇ ਨਾਲ ਗਈਆਂ, ਪਏ ਦਿਸਦੇ ਖਾਲੀ ਬਾਜਾਰ ਸੁੰਞੇ
ਜੇਹੜੇ ਖੇਡਦੇ ਸੀ ਗੁਰਾਂ ਨਾਲ ਲੜਕੇ, ਫਿਰਨ ਪਏ ਉਦਾਸੀਆਂ ਧਾਰ ਸੁੰਞੇ
ਸੁੰਞੀ ਰਾਮ ਦੇ ਬਿਨਾਂ ਅਜੁਧਯਾ ਜਿਉਂ, ਥਾਂ ਪਟਨੇ ਦੇ ਸ਼ੋਭਾ ਹਾਰ ਸੁੰਞੇ
ਗੋਕਲ ਵਾਂਗ ਉਦਾਸੀਆਂ ਛਾ ਗਈਆਂ, ਬਿਨਾਂ ਕ੍ਰਿਸ਼ਨ ਪਏਸਭਦਵਾਰ ਸੁੰਞੇ
ਚੰਦ ਬਿਨਾਂ ਜਿਉਂ ਰਾਤ ਡਰਾਉਨੀ ਏਂ, ਗੁਰਾਂ ਬਾਝ ਦਿਸਨ ਘਰਬਾਰ ਸੁੰਞੇ

ਸੂਰਜ ਹੋ ਗਿਆ ਓਹਲੇ ਅੱਖੀਆਂ ਤੋਂ, ਕੰਵਲ ਲੋਕ ਖੜੇ ਸਿਰ ਭਾਰ ਸੁੱਕੇ
ਚੰਦ ਗਿਆ ਚਕੋਰਾਂ ਤੋਂ ਹੋ ਲਾਂਭੇ, ਉਹ ਕੁਰਲਾਉਂਦੇ ਕਰ ਪੁਕਾਰ ਸੁੱਕੇ
ਬੈਠ ਗਏ ਜਾਂ ਘਰੀਂ ਕਰਤਾਰ ਸਿੰਘਾ, ਮਾਨੋਂ ਸਰਪ ਜਿਵੇਂ ਮਨੀਹਾਰ ਸੁੱਕੇ

ਵਾਕ ਕਵੀ

ਹਦ ਪ੍ਰੇਮ ਵਿਛੋੜੇ ਦੀ ਕੌਣ ਲਿਖੇ, ਸਿਰਫ ਜਾਣਦੇ ਪ੍ਰੇਮ ਦੇ ਰਸੀਏ ਜੀ
ਪੁਛੋ ਚੰਦ ਦੀ ਪ੍ਰੀਤ ਚਕੋਰ ਪਾਸੋਂ, ਕਿਵੇਂ ਸ਼ਮ੍ਹਾਂ ਪਤੰਗ ਦੀ ਦਸੀਏ ਜੀ
ਵਿਛੜ ਬਾਝ ਪਿਆਰੇ ਤੋਂ ਤੜਫ ਮੋਏ, ਅਸੀਂ ਸੱਸੀ ਪੁੰਨੂ ਤਾਈਂ ਹਸੀਏ ਜੀ
ਰਮਜ਼ ਪ੍ਰੇਮ ਦੀ ਓਹੋ ਕਰਤਾਰ ਸਿੰਘਾ, ਹੈਣ ਜਾਣ ਦੇ ਜਿਨ੍ਹਾਂ ਵਿਚ ਧਸੀਏ ਜੀ

ਪਹਿਲੀ ਰਾਤ ਦਾਨਾ ਪੁਰ

ਹੋਜਾ ਟੁਰਦਯਾਂ ਕਰਦਿਆਂ ਪੈਹਰ ਪਿਛਲਾ, ਪੰਧ ਥੋੜਾ ਹੀ ਮਸਾਂ ਮੁਕਾਂਵਦੇ ਨੇ
ਨੇੜੇ ਪਤਨੇ ਦੇ ਥੋੜੇ ਕੋਹਾਂ ਉਤੇ, ਦਾਨਾ ਪੁਰ ਆ ਕੇ ਡੇਰਾ ਲਾਂਵਦੇ ਨੇ
ਮਾਈ ਬੁਢੀ ਇਕ ਖਿਚੜੀ ਰਿਨ੍ਹ ਲਿਆਈ, ਹਾਂਡੀ ਸਣੇ ਹੀ ਪਾਸ ਰਖਾਂਵਦੇ ਨੇ
ਵੇਖ ਮਾਈ ਦਾ ਪ੍ਰੇਮ ਪਿਆਰ ਗੂੜ੍ਹਾ ਓਹੋ ਖਿਚੜੀ ਗੁਰੂ ਜੀ ਖਾਂਵਦੇ ਨੇ
ਨਾਲੇ ਆਖਦੀ ਨਿਤ ਦੀਦਾਰ ਤੇਰਾ, ਮੈਨੂੰ ਹੋਵੇ ਇਹ ਸੁਣ ਮੁਸਕਾਂਵਦੇ ਨੇ
ਕਹਿੰਦੇ ਏਸੇ ਹਾਂਡੀ ਤਾਈਂ ਰੋਜ਼ ਵੇਖੀਂ, ਸਾਡਾ ਹੋਵੇ ਦੀਦਾਰ ਸੁਨਾਂਵਦੇ ਨੇ
ਹੁਣ ਤੱਕ ਦਾਨਾ ਪੁਰ ਵਿਚ ਹਾਂਡੀ, ਹੈ ਦੇਖੀ ਜਿਨ੍ਹਾਂ ਓਹ ਬਤਾਂਵਦੇ ਨੇ
*ਸੰਗਤ ਹਾਂਡੀ ਵਾਲੀ ਕਰਤਾਰ ਸਿੰਘਾ, ਗੁਰਦਵਾਰੇ ਦਾ ਨਾਮ ਬੁਲਾਂਵਦੇ ਨੇ

ਸ੍ਰੀ ਦਸਮੇਸ਼ ਜੀ ਨੇ ਦਾਨਾ ਪੁਰ ਤੋਂ ਮਿਰਜ਼ਾ ਪੁਰ ਪਹੁੰਚਣਾ

ਸਤਾਰਾਂ ਸੌ ਅਠਾਈਆਂ ਬਿਕ੍ਰਮੀ ਸੀ, ਚੜ੍ਹੇ ਫੱਗਨ ਤਿਆਰੀ ਬੁਬਾ ਭਾਈ
ਸਤਿਗੁਰ ਜੀ ਵੱਲ ਪੰਜਾਬ ਟੁਰੇ, ਸ਼ਹਿਰ ਪਟਨੇ ਤੋਂ ਵਾਗਾਂ ਚਾ ਭਾਈ
ਦਾਨਾ ਪੁਰ, ਬਕਸਰ, ਆਰੇ, ਛਪਰੇ ਥੀਂ, ਹੁੰਦੇ ਡਮਰੇ ਤਾਣੀ ਸੁਣਾ ਭਾਈ
ਜੀਵਾਂ ਪਾਪੀਆਂ ਦੀ ਕਲਯਾਨ ਕਰਦੇ, ਪਹੁੰਚੇ ਵਿਚ ਮਿਰਜ਼ਾ ਪੁਰ ਜਾ ਭਾਈ
ਤਿੰਨ ਦਿਨ ਮਿਰਚਾ ਪੁਰ ਵਿਚ ਗੁਰੂ ਜੀ, ਲਏ ਸੰਗਤਾਂ ਵਿਚ ਠਹਿਰਾ ਭਾਈ
ਦਿਨ ਚੌਥੇ ਨੂੰ ਚਲ ਕਰਤਾਰ ਸਿੰਘਾ, ਕਾਸ਼ੀ ਪੁਰੀ ਅੰਦਰ ਪਹੁੰਚੇ ਆ ਭਾਈ

*ਜਿਥੇ ਹਾਂਡੀ ਹੈ ਓਸ ਦਾ ਨਾਮ ਹਾਂਡੀ ਵਾਲੀ ਸੰਗਤ ਦਾ ਗੁਰਦਵਾਰਾ ਹੈ।

ਮਿਰਜ਼ਾ ਪੁਰ ਤੋਂ ਨੇੜੇ ਹੀ ਸੀ ਕਾਂਸ਼ੀ, ਓਥੇ ਪਹੁੰਚੇ ਗੁਰੂ ਅਵਤਾਰ ਸਮਝੋ
ਜਿਥੇ ਨਾਵੇਂ ਗੁਰਾਂ ਲਾਯਾ ਸੀ ਡੇਰਾ, ਓਥੇ ਉੱਤਰੇ ਸਣੇ ਪਰਵਾਰ ਸਮਝੋ
ਝੱਬ ਸੰਗਤਾਂ ਦੇ ਵਿਚ ਖਬਰ ਹੋਈ, ਧਾਏ ਦਰਸ਼ਨਾਂ ਨੂੰ ਨਰ ਨਾਰ ਸਮਝੋ
ਕਾਂਸ਼ੀ ਸ਼ਿਵਾਂ ਦੀ ਪੁਰੀ ਆਬਾਦੀ ਬਹੁਤੀ, ਤੀਰਥ ਹਿੰਦੂਆਂ ਬੜਾ ਅਪਾਰ ਸਮਝੋ
ਮੇਲਾ ਲੱਗ ਗਿਆ ਦੁਆਰੇ ਗੁਰੂ ਜੀ ਦੇ, ਆਈਆਂ ਖਲਕਤ ਬੇ-ਸ਼ੁਮਾਰ ਸਮਝੋ
ਕਈ ਪ੍ਰੇਮ ਵਾਲੇ ਕਈ ਵੇਖੋ ਵੇਖੀ, ਕਈ ਚੇਟਕੀ ਦੇਖਣੇ ਹਾਰ ਸਮਝੋ
ਮਾਈ ਭਾਈ ਦੀ ਭੀੜ ਬੇਅੰਤ ਹੋਈ, ਲਗੇ ਕਾਰ ਭੇਟਾ ਦੇ ਅੰਬਾਰ ਸਮਝੋ
ਵੇਖ ਵੇਖਕੇ ਰੂਪ ਰੂਪ ਅਪਾਰ ਸੋਹਣਾ, ਨਰ ਨਾਰੀਆਂ ਜਾਨ ਬਲਿਹਾਰ ਸਮਝੋ
ਜਿਵੇਂ ਚੰਦ ਨੂੰ ਪਏ ਚਕੋਰ ਤੱਕਨ, ਵੇਖ ਰੂਪ ਅਨੂਪ ਬਲਿਹਾਰ ਸਮਝੋ
ਸੂਰਜ ਚੜ੍ਹਦੇ ਵਾਂਗ ਸੀ ਤੇਜ ਤਿੱਖਾ, ਪ੍ਰੇਮੀ, ਚੱਕਵ ਹੋਣ ਨਿਸਾਰ ਸਮਝੋ
ਬਾਲ ਰੂਪ ਗੁਰਾਂ ਮੋਹਯਾ ਚਿਤ ਸਭਦਾ, ਅੱਖਾਂ ਰਜਦੀਆਂ ਨਾ ਲਾਏ ਤਾਰ ਸਮਝੋ
ਓਹੋ ਖਿਚਿਆ ਵਿਚ ਪ੍ਰੇਮ ਜਾਂਦਾ, ਜੇਹੜਾ ਕਰਦਾ ਆਨ ਦੀਦਾਰ ਸਮਝੋ
ਲੈ ਕੇ ਬੁਢੜੇ ਤੋਂ ਛੋਟੇ ਬਾਲ ਤੋੜੀ, ਤੇ ਕੰਗਾਲ ਤੋਂ ਲੈ ਸਾਹੂਕਾਰ ਸਮਝੋ
ਇਕ ਵਾਰ ਤਾਂ ਸਭ ਨੂੰ ਖਿਚ ਲਗੀ, ਆਏ ਬੰਦ ਕਰਕੇ ਕੰਮ ਕਾਰ ਸਮਝੋ
ਵੇਖ ਰੂਤ ਜੈਸੀ ਜੈਸੀ ਭਾਵਨਾ ਹੋਏ, ਲੋਕ ਸਿਫਤਾਂ ਕਰਨ ਉਚਾਰ ਸਮਝੋ
ਕੋਈ ਆਖਦਾ ਧੰਨ ਨੇ ਭਾਗ ਸਾਡੇ, ਹੋਯਾ ਦਰਸ਼ਨ ਹੈ ਕਰਤਾਰ ਸਮਝੋ
ਕੋਈ ਆਖਦਾ ਏਹ ਤਾਂ ਆਪ ਵਿਸ਼ਨੂੰ, ਆਯਾ ਹਰਤ ਦਾ ਟਾਰਨ ਭਾਰ ਸਮਝੋ
ਕੋਈ ਆਖਦਾ ਸ਼ਿਵਾਂ ਦਾ ਰੂਪ ਏਹੋ, ਮਹਾਂਦੇਵ ਭੋਲਾ ਗੰਗਧਾਰ ਸਮਝੋ
ਕੋਈ ਆਖਦਾ ਏਹ ਤਾਂ ਰੂਪ ਇੰਦਰ, ਆਯਾ ਦੇਖਣੇ ਲਈ ਸੰਸਾਰ ਸਮਝੋ
ਕੋਈ ਆਖਦਾ ਵਧੇ ਸੀ ਪਾਪ ਬਹੁਤੇ, ਰਾਮਚੰਦ੍ਰ ਹੋਯਾ ਅਵਤਾਰ ਸਮਝੋ
ਕੋਈ ਆਖਦਾ ਜੜ੍ਹ ਤੁਰਕਿਤਿਆਂ ਦੀ, ਪੱਟ ਡਾਰੇ ਸਮੁੰਦਰੋਂ ਪਾਰ ਸਮਝੋ
ਕੰਸ ਵਾਂਗ ਔਰੰਗੇ ਨੂੰ ਮਾਰੇਗਾ ਇਹ, ਰੂਪ ਧਾਰਿਆ ਕ੍ਰਿਸ਼ਨ ਮੁਰਾਰ ਸਮਝੋ
ਗਰਜ਼ ਜਿਸਤਰਾਂ ਭਾਵਨਾਂ ਚਿਤ ਦੀਆਂ, ਨਰ ਨਾਰੀਆਂ ਕਰਨ ਵਿਚਾਰ ਸਮਝੋ
ਹੋਏ ਸਭ ਪ੍ਰਸੰਨ ਕਰਤਾਰ ਸਿੰਘਾ, ਸਤਿਗੁਰਾਂ ਦਾ ਕਰ ਦੀਦਾਰ ਸਮਝੋ

ਮੰਦਰਾਂ ਤੇ ਤੀਰਥਾਂ ਦੇ ਦਰਸ਼ਨ ਦੀਦਾਰੇ

ਓਹ ਦਿਨ ਏਸੇ ਤਰ੍ਹਾਂ ਬੀਤ ਗਿਆ, ਦਿਨ ਦੂਸਰਾ ਸੁਖ ਦਾ ਆਯਾ ਜੀ
ਏਹ ਹਿੰਦੂਆਂ ਦਾ ਵਡਾ ਹੈ ਤੀਰਥ, ਵਡੀ ਮਾਤਾ ਜੀ ਨੇ ਫਰਮਾਯਾ ਜੀ
ਦਰਸ ਦਿਹੋ, ਲਿਹੋ, ਵੇਖੋ ਮੰਦਰਾਂ ਨੂੰ, ਅੰਨ ਜਲ ਜੋ ਹੈ ਲਿਆਯਾ ਜੀ
ਓਸ ਵੇਲੇ ਦਸਮੇਸ਼ ਜੀ ਤਯਾਰ ਹੋਏ, ਸੰਗਤ ਸਣੇ ਪਰਵਾਰ ਸੁਹਾਯਾ ਜੀ
ਪਹਿਲੇ ਜਾ ਗੰਗਾ ਇਸ਼ਨਾਨ ਕੀਤਾ, ਦਾਨ ਬਹੁਤਾ ਗਰੀਬਾਂ ਨੇ ਪਾਯਾ ਜੀ
ਫੇਰ ਮੰਦਰਾਂ ਦੇ ਵਲ ਟੁਰੇ ਸਵਾਮੀ, ਮੇਲਾ ਸੰਗਤਾਂ ਦਾ ਪਿਛੇ ਧਾਯਾ ਜੀ
ਗਯਾਨ ਬਾਵਲੀ ਤੇ ਅੰਨ ਪੂਰਨਾ ਦੇ, ਭੈਰੋਂ ਥਾਨ ਕਲਵਤ੍ਰ ਦਿਖਾਯਾ ਜੀ
ਬਿਸ਼ਵਨਾਥ ਅਤੇ †ਢੂੰਡੀ ਰਾਜ ਮੰਦ੍ਰ, ਸਭ ਦੇਖ ਰਿਦਾ ਬਿਗਸਾਯਾ ਜੀ
ਦਿਤਾ ਦਾਨ ਗਰੀਬਾਂਨੂੰ ਥਾਓਂ ਥਾਈਂ, ਧਨ ਸਤਿਗੁਰਾਂ ਬਹੁਤਵੰਡਵਾਯਾ ਜੀ
ਸਾਰੇ ਸ਼ਹਿਰ ਅੰਦਰ ਸ਼ੋਭਾ ਬਹੁਤ ਹੋਈ, ਪਿਆ ਗੁਰੂ ਜੀ ਦਾ ਸਾਰੇ ਸਾਯਾ ਜੀ
ਓਸੇ ਦਿਨ ਸੰਗਤ ਆਈ ਜੌਨ ਪੁਰਿਓਂ, ਨਾਲ ਭਾਈ ਗੁਰਬਖਸ਼ਲਿਆਯਾ ਜੀ
ਕਾਰ ਭੇਟਾ ਦਾ ਉਨ੍ਹਾਂ ਨੇ ਦਰਬ ਬਹੁਤਾ, ਆਣ ਸ੍ਰੀ ਹਜ਼ੂਰ ਚੜ੍ਹਾਯਾ ਜੀ
ਓਸੇ ਵੇਲੇ ਹੀ ਇਕ ਕੰਗਾਲ ਬ੍ਰਹਮਨ, ਭਰੇ ਵਿਚ ਦਰਬਾਰ ਸੁਨਾਯਾ ਜੀ
ਰੂਪ ਆਪ ਦਾ ਕਲਪ ਬ੍ਰਿਛ ਸਵਾਮੀ, ਹੈ ਦਲਿਦ੍ਰ ਮੈਨੂੰ ਦਬਾਯਾ ਜੀ
ਦਾਨੀ ਆਪ ਜਿਹਾ ਨਹੀਂ ਨਜ਼ਰ ਔਂਦਾ, ਤੁਰਤ ਦਾਨ, ਮਹਾਂ ਪੁੰਨ ਲਖਾਯਾ ਜੀ
ਸੁਣ ਸਤਿਗੁਰਾਂ ਉਹ ਜਿੰਨਾ ਦਰਬ ਹੈ ਸੀ, ਕਹਿਆ ਲੈ ਉਠਾ, ਕਰ ਦਾਯਾ ਜੀ
ਓਹ ਮਾਲ ਲੈ ਕੇ ਮਾਲਾ ਮਾਲ ਹੋਯਾ, ਤੇ ਦਲਿਦ੍ਰ ਸਭ ਗਵਾਇਆ ਜੀ
ਮਹਾਂ ਵਿਸ਼ਨ ਦਾ ਰੂਪ ਕਰਤਾਰ ਸਿੰਘਾ, ਦਾਸੀ ਵਾਂਗ ਖੇਲੇਅਗੇਮਾਇਆ ਜੀ

ਚੜ੍ਹਾਵਾ ਲੈਣ ਉੱਤੇ ਪੰਡਿਤਾਂ ਦਾ ਵਿਵਾਦ

ਸ਼ੋਭਾ ਸਤਿਗੁਰਾਂ ਦੀ ਵਿਚ ਹੋਈ ਕਾਂਸ਼ੀ, ਜਿਸ ਸੋਭਾ ਦਾ ਅੰਤ ਸ਼ੁਮਾਰ ਨਾਹੀਂ
ਨੀਉਣ ਖਲਕਤਾਂ ਤੇ ਭੇਟਾ ਚੜੇ ਬਹੁਤੀ, ਜੈਕਾਰ ਹੁੰਦੀ ਆਰਾ ਪਾਰ ਨਾਹੀਂ

†ਢੂੰਡੀਰਾਜ ਗਨੇਸ਼ ਜੀ ਦਾ ਨਾਮ ਹੈ, ਪੁਰਾਣਾਂ ਵਿਚ ਲਿਖਯਾ ਹੈ ਕਿ ਜੋ ਕੋਈ ਕਾਂਸ਼ੀ ਦਾ ਵਾਸੀ ਕਿਤੇ ਹੋਰ ਥਾਂ ਚਲਿਆ ਜਾਵੇ ਤਾਂ ਅੰਤ ਸਮੇਂ ਉਸ ਨੂੰ ਗਨੇਸ਼ ਢੂੰਡ ਕੇ ਸ਼ਿਵ ਪੁਰੀ ਲੈ ਜਾਂਦਾ ਹੈ, ਇਸ ਵਾਸਤੇ ਗਨੇਸ਼ ਦਾ ਨਾ ਢੂੰਡੀ ਰਾਜ ਹੈ।

ਲੂਠੇ ਵਿਦਯਾ; ਮਾਰੇ ਗੁਮਾਨ ਭਾਰੇ, ਸਕੇ ਪੰਡਿਤ ਮੂਲ ਸਹਾਰ ਨਾਹੀਂ
ਜਿਵੇਂ ਖੋਤਿਆਂ ਦੇ ਭਾਰ ਚੰਦਨਾਂ ਦੇ, ਓਹਨਾਂ ਤਈਂ ਖੁਸ਼ਬੋਈ ਦੀਸਾਰਨਾਹੀਂ
ਤਿਵੇਂ ਪੋਥੀਆਂ ਦੇ ਖੋਤੇ ਓਹ ਭੇੜੇ, ਰਿਦੇ ਗਯਾਨ ਵਿਚਾਰ ਚਮਕਾਰ ਨਾਹੀਂ
ਸਤਿਗੁਰਾਂ ਦੀ ਵੇਖਲਈ ਉਮਰ ਛੋਟੀ, ਸ਼ਕਤੀ ਸਮਝ ਸਕੇਓਹ ਗਵਾਰ ਨਾਹੀਂ
ਪ੍ਰਸ਼ਨ ਵਿਚ ਦਰਬਾਰ ਦੇ ਆਨ ਕੀਤਾ, ਝੱਲ ਸਕੇ ਓਹ ਮੂੜ੍ਹ ਬੁਰਯਾਰ ਨਾਹੀਂ
ਤੁਸੀਂ ਛੱਤ੍ਰੀ ਬੰਸ ਦੇ ਛਤ੍ਰੀ ਹੋ, ਏਹ ਫੜੀ ਮੂਲੋਂ ਚੰਗੀ ਕਾਰ ਨਾਹੀਂ
ਹੋ ਕੇ ਛਤ੍ਰੀ ਪੂਜਾ ਦਾ ਧਨ ਖਾਓ, ਪੂਜਯਾ ਛਤ੍ਰੀ ਨੂੰ ਦਰਕਾਰ ਨਾਹੀਂ
ਏਸ ਗਲ ਦਾ ਦਿਹੋ ਜਵਾਬ ਸਾਨੂੰ, ਤੁਸੀਂ ਪੂਜਨੇ ਦੇ ਹਕਦਾਰ ਨਾਹੀਂ
ਸਾਧ, ਬ੍ਰਾਹਮਣ ਬਿਨਾ ਕਰਤਾਰਸਿੰਘਾ, ਇਉਂ ਪੂਜਾ ਕਰਾਵਨੀ ਸਾਰ ਨਾਹੀਂ

ਉੱਤਰ ਸ੍ਰੀ ਦਸਮੇਸ਼ ਜੀ ਵਲੋਂ

ਏਹ ਯੁਕਤੀ ਸੁਨਕੇ ਬ੍ਰਾਹਮਣਾਂ ਦੀ ਹਸ ਸਤਿਗੁਰ ਮੁਖੋਂ ਸੁਣਾਂਵਦੇ ਨੇ
ਭੇਜ, ਜਾਤ ਨ ਪੂਜਨੇ ਯੋਗ ਕੋਈ, ਸੰਤ ਬੇਦ ਏਹ ਨੇਤ ਬਤਾਂਵਦੇ ਨੇ
ਆਦਰ ਉਨ੍ਹਾਂ ਦਾ ਹੋਂਵਦਾ ਜੱਗ ਅੰਦਰ, ਸ਼ੁਭ ਕਰਮ ਜੋ ਪੁਰਸ਼ ਕਮਾਂਵਦੇ ਨੇ
ਪੁਰਸ਼ ਕਰਨੀ ਵਾਲਾ ਕਿਸੇਜਾਤਦਾ ਹੋਇ, ਹੈ ਉਹ ਪੂਜਨੇਯੋਗ ਫਰਮਾਂਵਦੇ ਨੇ
ਬਿਨਾਂ ਕਰਨੀਓਂ ਭੇਖ ਬਿਨਾਂ ਜਿਹੜੇ, ਲੁਟ ਲੁਟ ਲੋਕਾਂ ਤਾਈਂ ਖਾਂਵਦੇ ਨੇ
ਡੂਬੇ ਆਪ ਉਹ ਹਿਰਸ ਜੰਜਾਲ ਅੰਦਰ, ਸੇਵਕ ਆਪਨੇ ਨਾਲ ਡੁਬਾਂਵਦੇ ਨੇ
ਪੂਜਾ ਧਾਨ ਦੀ ਭੀ ਸੁਨੋਂ ਗੱਲ ਸਾਰੀ, ਕਿਹੜੇ ਪੂਜਾ ਦੇ ਧਾਨ ਕਹਾਂਵਦੇ ਨੇ
ਕਿਸੇ ਤਰ੍ਹਾਂ ਦਾ ਬੁਤ ਲਗਾ ਕਰਕੇ, ਵਿਚ ਮੰਦਰਾਂ ਜੋ ਟਿਕਾਂਵਦੇ ਨੇ
ਇਸ਼ਟ ਦੇਵ ਫਿਰ ਉਨ੍ਹਾਂ ਨੂੰ ਮੰਨ ਕਰਕੇ, ਉਹਨਾਂ ਅਗੇ ਜੋ ਲੋਕ ਚੜ੍ਹਾਂਵਦੇ ਨੇ
ਕਬਰ, ਮੜ੍ਹੀ ਯਾ ਦੇਵ ਅਸਥਾਨ ਉੱਪਰ, ਸੁਖ ਸੁਖਣਾ ਜੇਹੜੇ ਲਿਆਂਵਦੇ ਨੇ
ਕਿਸੇ ਅਰਥ ਸੰਕਲਪ ਕਰਾ ਕਰਕੇ, ਦੇਵ, ਪਿਤ੍ਰ ਗ੍ਰਹਿ ਲਾਂਵਦੇ ਨੇ
ਨਾਮ ਏਸ ਦਾ ਪੂਜਾ ਦਾ ਧਾਨ ਹੈ ਜੀ, ਖਾਣ ਵਾਲੇ ਨਰਕਾਂ ਵਿਚ ਜਾਂਵਦੇ ਨੇ
ਯਾ ਭੇਖ ਪਾਖੰਡ ਬਨਾ ਕਰਕੇ, ਭੋਲੇ ਗ੍ਰਿਸਤੀਆਂ ਤਾਈਂ ਫਸਾਂਵਦੇ ਨੇ
ਮਾਲ ਉਨ੍ਹਾਂ ਦਾ ਖਾਂਵਦੇ ਲੁਟ ਕਰਕੇ, ਜਮਾਂ ਪਕੜੇ ਫੇਰ ਪਛਤਾਂਵਦੇ ਨੇ
ਕਿਰਤ ਲੋਕਾਂ ਦੀ ਬੈਠਕੇ ਆਪ ਖਾਣੀ, ਹਥ ਪੈਰ ਨਾ ਆਪ ਹਿਲਾਂਵਦੇ ਨੇ

ਇਹਦਾ ਨਾਮ ਹੈ ਧਾਨ ਕੁਧਾਨ ਖਾਣਾ, ਗੁਰੂ, ਪਰ ਕੁਧਾਨ ਨ ਖਾਂਵਦੇ ਨੇ
ਮਾਲ ਲੋਕਾਂ ਦਾ ਲੁਟ ਕੇ ਖਾਣ ਵਾਲੇ, ਭੁਲੇ ਆਪ ਤੇ ਲੋਕ ਭੁਲਾਂਵਦੇ ਨੇ
ਬੁਰਾ ਉਨ੍ਹਾਂ ਦਾ ਹਾਲ ਕਰਤਾਰ ਸਿੰਘਾ, ਭੇਖ ਧਰ ਕੁਕਰਮ ਕਮਾਂਵਦੇ ਨੇ

ਗੁਰਾਂ ਦੀ ਭੇਟਾ ਕੁਧਾਨ ਨਹੀਂ

ਗੁਰਾਂ ਪੀਰਾਂ ਅਗੇ ਭੇਟਾ ਜਗ ਅੰਦਰ ਸ਼ਰਧਾਵਾਨ ਜੋ ਆ ਰਖਾਏ ਦੇਖੋ
ਧਾਨ ਪੂਜਾ ਦਾ ਏਸ ਦਾ ਨਾਮ ਨਹੀਂ, ਬੁਧੀਵਾਨ ਜਰਾ ਦਿਲ ਲਾਏ ਦੇਖੋ
ਬਾਦਸ਼ਾਹ ਅਗੇ ਰਯਤ ਓਸਦੀਜਿਓਂ, ਰਖੇ ਨਜ਼ਰ ਭੇਟਾ ਸਦਾ ਲਿਆਏ ਦੇਖੋ
ਰਾਖੀ ਉਨ੍ਹਾਂ ਦੀ ਓਹ ਕਰੇ ਦੁਸ਼ਮਨਾਂ ਤੋਂ, ਫਰਜ ਆਪਨਾ ਪੂਰਾ ਕਮਾਏ ਦੇਖੋ
ਪਰਜਾ ਦੇ ਹਾਲਾ,ਨਹੀਂ ਓਹ ਧਾਨ ਪੂਜਾ, 'ਕਰ' ਬਾਦਸ਼ਾਹੀ ਅਖਵਾਏ ਦੇਖੋ
ਤਿਵੇਂ ਗੁਰਾਂ, ਪੀਰਾਂ ਅਗੇ ਕਾਰ ਭੇਟਾ, ਸਦਾ ਸੰਗਤ ਆ ਚੜ੍ਹਾਵੇ ਦੇਖੋ
ਗੁਰਾਂ ਪੀਰਾਂ ਦੀ ਨਜਰ ਹੈ ਧਾਨ ਨਾਹੀਂ, ਤੁਸਾਂ ਜਰਾ ਵਿਚਾਰ ਦੁੜਾਏ ਦੇਖੋ
ਸਿਖ ਪੈਸਾ ਰੁਪਯਾ ਯਾ ਘੋੜਾ ਹਾਥੀ, ਸੋਨਾ ਚਾਂਦੀ ਕੁਝ ਹੋਰ ਗਨਾਏ ਦੇਖੋ
ਇਸਟ, ਗੁਰ, ਅਚਾਰਯ ਦੇ ਧਰ ਅਗੇ, ਸ਼ਰਧਾਵਾਨ ਹੋ ਸੀਸ ਨਵਾਏ ਦੇਖੋ
ਬਦਲੇ ਏਸ ਦੇ ਜਰਾ ਵਿਚਾਰ ਕਰੋ, ਲਖਾਂ ਗੁਣਾਂ ਬਹੁਤਾ ਫਲ ਪਾਏ ਦੇਖੋ
ਗੁਰ ਦੇ ਕੇ ਗਯਾਨ ਵਿਚਾਰ ਉਸਨੂੰ, ਜਨਮ ਮਰਨ ਦਾ ਫੰਧ ਕਟਾਏ ਦੇਖੋ
ਸੈ ਜਨਮ ਦੇ ਵਿਛੜੇ ਰਬ ਪਾਸੋਂ, ਪੂਰਾ ਸਤਿਗੁਰ ਫੇਰ ਮਿਲਾਏ ਦੇਖੋ
ਸਿਖ ਬਦਲਾ ਕਿਸ ਤਰ੍ਹਾਂ ਦੇ ਸਕੇ, ਸੋ ਗੁਰੂ ਉਪਕਾਰ ਕਮਾਏ ਦੇਖੋ
ਬੀਜ ਚੰਗੀ ਜਮੀਨ ਦਾ ਫਲੇ ਬਹੁਤਾ, ਤਿਵੇਂ ਗੁਰ ਸੇਵਾ ਫਲਦਾਏ ਦੇਖੋ
ਉੱਤਰ ਸੁਣ ਕੇ ਏਹ ਕਰਤਾਰ ਸਿੰਘਾ, ਚਲੇ ਗਏ ਪੰਮੇ ਸ਼ਰਮਾਏ ਦੇਖੋ

ਸ੍ਰੀ ਦਸਮੇਸ਼ ਜੀ ਨੇ ਪ੍ਰਾਗ ਰਾਜ ਆਉਣਾ

ਕਾਂਸ਼ੀ ਪੁਰੀ ਵਿਚ ਤਾਰਕੇ ਸੰਗਤਾਂ ਨੂੰ, ਡੇਰਾ ਵਲ ਪਰਾਗ ਚਲਾਯਾ ਗੁਰਾਂ
ਬਹੁਤੇ ਜੀਵਾਂ ਨੂੰ ਪਾਰਦੇ ਜਾਣ ਰਾਹੀਂ, ਆਯਾ ਸ਼ਰਨ ਸੋ ਪਾਰਲੰਘਾਯਾ ਗੁਰਾਂ
ਵਡੇ ਮਿਰਜਾ ਪੁਰੋਂ ਹੁੰਦੇ ਸੈਰ ਕਰਦੇ, ਤੀਰਥ ਜਾਕੇ ਡੇਰਾ ਲਾਯਾ ਗੁਰਾਂ

---

*ਅਚਾਰਯ ਨਾਮ ਵਾਹਿਗੁਰੂ ਦਾ ਰਸਤਾ ਦੱਸਣ ਵਾਲੇ ਦਾ ਹੈ, ਕਿਤ ਮੂਰਦਿਆਂ ਖਾਣ ਵਾਲੇ ਅਚਾਰਜ ਨਾ ਸਮਝ ਲੈਣੇ।

ਜਿਥੇ ਨਾਵੇਂ ਗੁਰੂ ਕਰਤਾਰ ਸਿੰਘਾ, ਸੀਗੇ ਉਤਰੇ ਚਰਨ ਦਾ ਪਾਯਾ ਗੁਰਾਂ

### ਮਾਤਾ ਨਾਨਕੀ ਜੀ

ਮਾਤਾ ਸਹਿਜ ਸੁਭਾ ਇਹ ਗੱਲ ਕੀਤੀ, ਏਹ ਥਾਂ ਭਾਗਾਂ ਵਾਲੀ ਜਾਨੀਏਂ ਜੀ
ਏਸੇ ਥਾਂ ਸਾਨੂੰ ਰੱਬ ਭਾਗ ਲਾਏ, ਸਾਹਿਬਜ਼ਾਦਾ ਕੁਖੋਂ ਪਿਆ ਠਾਨੀਏਂ ਜੀ
ਇਹ ਸੁਣਕੇ ਸ੍ਰੀ ਦਸਮੇਸ਼ ਜੀ ਨੇ, ਕੀਤਾ ਹੱਸ ਏਹ ਬਚਨ ਪਛਾਨੀਏਂ ਜੀ
ਏਸ ਥਾਂ ਦੀ ਜੋ ਸੇਵਾ ਟਹਿਲ ਕਰਸੀ, ਨਿਹਚੇ ਪੁਤ ਪਾਵੇ ਸੱਚ ਮਾਨੀਏਂ ਜੀ
ਸਤਿਗੁਰਾਂ ਦਾ ਬਚਨ ਏਹ ਸਫਲ ਸਦਾ, ਓਹ ਹੈ ਅਟੱਲ ਨਿਸ਼ਾਨੀਏਂ ਜੀ
*ਸੇਵਾਦਾਰ ਮੁਰਾਦ ਕਰਤਾਰ ਸਿੰਘਾ, ਸਦਾ ਪਾਂਵਦੇ ਸਾਚ ਬਖਾਨੀਏਂ ਜੀ

### ਵਾਕ ਕਵੀ

ਪ੍ਰਾਗਰਾਜ ਵੱਡਾ ਤੀਰਥ ਹਿੰਦੂਆਂ ਦਾ, ਗੰਗ, ਜਮਨ, ਸੁਰੱਸਤੀ ਦਾ ਮੇਲ ਸਮਝੋ
ਰਿਖੀ, ਮੁਨੀ ਸਦਾ ਏਥੇ ਰਹਿਨ ਜਮ੍ਹਾ, ਸਤਿਸੰਗ ਦਾ ਬੜਾ ਝਮੇਲ ਸਮਝੋ
ਸਤਿਗੁਰਾਂ ਦਾ ਦਰਸ ਦੀਦਾਰ ਕਰਕੇ, ਹੋਯਾ ਸਭ ਦਾ ਜਨਮ ਸੁਹੇਲ ਸਮਝੋ
ਓਥੋਂ ਕਰਕ ਕੂਚ ਕਰਤਾਰ ਸਿੰਘਾ, ਸਤਿਗੁਰ ਚਲੇ ਕਰਦੇ ਕੇਲ ਸਮਝੋ

### ਸ੍ਰੀ ਦਸਮੇਸ਼ ਜੀ ਦੇ ਅਜੁੱਧਿਆ ਵਿਚ ਦੀਦਾਰੇ

ਸਤਿਗੁਰ ਜੀ ਚੱਲੇ ਪ੍ਰਾਗਰਾਜੋਂ, ਸਿੱਧੇ ਵੱਲ ਅਜੁਧਿਆ ਧਾ ਆਏ
ਡੇਰੇ ਜਾ ਵਸ਼ਿਸਟ ਦੇ ਕੁਢ ਲਾਏ, ਲੋਕ ਸ਼ਹਿਰ ਦੇ ਹੁੰਮ ਹੁੰਮਾ ਆਏ
ਖਬਰ ਸੰਗਤਾਂ ਦੇ ਵਿਚ ਹੋਈ ਜਦੋਂ, ਮਾਈ ਭਾਈ ਸਭ ਭੇਟ ਚਾ ਆਏ
ਲੋਕ ਦੀਦਾਰ ਕੁਰਬਾਨ ਹੋਏ, ਕਹਿਣ ਵਿਸ਼ਨ ਜੀ ਰੂਪ ਵਟਾ ਆਏ
ਕਈ ਆਖਦੇ ਮੁੜ ਸ੍ਰੀ ਰਾਮਚੰਦਰ, ਤੇਗ ਧਰਮ ਦੀ ਫੇਰ ਉਠਾ ਆਏ
ਪਾਪ ਪਾਪੀਆਂ ਦੇ ਸਣੇ ਦੂਰ ਕਰਸਨ, ਅਸਾਂ ਦੁਖੀਆਂ ਤੇ ਤਰਸ ਖਾ ਆਏ
ਪੂਰੀ ਸਭ ਦੀ ਦੇਖਕੇ ਭਾਵਨਾ ਹੋਈ, ਜਿਸ ਤਰ੍ਹਾਂ ਸੀ ਦਿਲੋਂ ਟਕਾ ਆਏ
ਸੁੰਦਰ ਰੂਪ ਅਨੂਪ ਅਨੂਪ ਕਰਤਾਰ ਸਿੰਘਾ, ਵੇਖ ਸੁਣਕੇ ਪ੍ਰੇਮ ਵਧਾ ਆਏ

---

*ਇਕ ਸੇਠ ਨੇ ਪੁੱਤ੍ਰ ਹੋਣ ਦੀ ਆਸ ਕੀਤੀ, ਵਾਹਿਗੁਰੂ ਨੇ ਉਸ ਨੂੰ ਪੁਤ੍ਰ ਬਖਸ਼ਯਾ ਤਾਂ ਉਸ ਨੇ ਬੜਾ ਭਾਰਾ ਮੰਦਰ ਬਨਵਾ ਕੇ ਇਕ ਪਿੰਡ ਜਾਗੀਰ ਲਾ ਦਿਤਾ।

ਤਥਾ

ਸਤਿਗੁਰੂ ਜੀ ਪਹਿਨਕੇ ਜ਼ਰੀ ਜ਼ੇਵਰ, ਕਰਦੇ ਫਿਰਦੇ ਦਰਸ ਦੀਦਾਰ ਭਾਈ
ਪਿਛੇ ਸੰਗਤਾਂ ਦੀ ਲੱਗੀ ਭੀੜ ਭਾਰੀ, ਯੱਸ ਗਾਂਵਦੇ ਨਰ ਤੇ ਨਾਰੀ ਭਾਈ
ਫਿਰ ਵੱਡਿਆਂ ਦੇ ਅਸਥਾਨ ਦੇਖੇ, ਰਾਮਚੰਦ ਜੀ ਦੀ ਯਾਦਗਾਰ ਭਾਈ
ਦਸਰਥ ਦੀ ਜਾਏ ਸਮਾਧ ਦੇਖੀ, ਸੋਹਣੀ ਸਰਯੂ ਨਦੀ ਕਨਾਰ ਭਾਈ
ਜਾਇ ਵੇਖਿਆ *ਸੁਰਗ ਦਾਰੀ ਤਾਈਂ, ਓਹਦੇ ਨਾਲ ਨੀ †ਘਾਟਾਂ ਗੁਪਤਾਰ ਭਾਈ
ਹਨੂੰਮਾਨ ਦੀ ਜਾ ਕੇ ਗੜ੍ਹੀ ਦੇਖੀ, ਹੋਰ ਥਾਂ ਅਨੇਕ ਵਿਚਾਰ ਭਾਈ
ਏਸੇ ਤਰ੍ਹਾਂ ਅਜੁਧਯਾ ਵਿਚ ਗੁਰਾਂ, ਸਤਿਨਾਮ ਦਾ ਕਰ ਪਰਚਾਰ ਭਾਈ
ਡੇਰਾ ਕੂਚ ਕਰਾਯਾ ਕਰਤਾਰ ਸਿੰਘਾ, ਜੀਵਾਂ ਬਹੁਤਿਆਂ ਦੇ ਤਈਂ ਤਾਰ ਭਾਈ

ਲਖਨਊ ਬਾਣੀ ਹੁੰਦੇ ਹੋਯਾਂ ਨਾਨਕ ਮਤੇ ਪਹੁੰਚਨਾ

ਦਿਨ ਤੀਸਰੇ ਆਣ ਲਖਨਊ ਪਹੁੰਚੇ, ਪਾਪੀ ਜੀਵ ਬਹੁ ਪਾਰ ਲੰਘਾਇ ਭਾਈ
ਧਰਮਸਾਲ ਜੋ ਭਗਤ ਭਗਵਾਨ ਦੀ ਹੈ, ਰਹੇ ਸੰਗਤਾਂ ਦਰਸ਼ਨ ਪਾਇ ਭਾਈ
ਸੇਵਾ ਗੁਰਾਂ ਦੀ ਬਹੁਤ ਮਹਤ ਕੀਤੀ, ()ਸ੍ਰੀ ਸਾਹਿਬ ਆਇ ਬਖਸ਼ਾਇ ਭਾਈ
ਫਰਖਾਬਾਦ ਬਰੇਲੀ ਕਰਤਾਰ ਸਿੰਘਾ, ਹੁੰਦੇ []ਨਾਨਕ ਮੱਤੇ ਪਹੁੰਚ ਜਾਇ ਭਾਈ

ਪਾਲੀ ਭੀਤ ਸ਼ਮਸ਼ੇਰ ਬਹਾਦਰ ਨੂੰ ਦਰਸ਼ਨ

ਨਾਨਕ ਮੱਤਿਓਂ ਚਲਕੇ ਪੀਲੀ ਭੀਤੇ ਡੇਰਾ, ਸਤਿਗੁਰਾਂ ਦਾ ਜਦੋਂ ਆਂਵਦਾ ਏ
ਸੁਣ ਕਿਸੇ ਤੋਂ ਆਵਨਾ ਗੁਰੂ ਜੀ ਦਾ, () ਸ਼ਮਸ਼ੇਰ ਬਹਾਦਰ ਧਾਂਵਦਾ ਏ
ਕਰ ਬੇਨਤੀ ਹੋ ਅਧੀਨ ਭਾਰਾ, ਡੇਰੇ ਤਾਈਂ ਓਥੇ ਅਟਕਾਂਵਦਾ ਏ
ਦਸੀ ਪਿਛਲੀ ਬਖਸ਼ਸ਼ ਗੁਰੂ ਜੀ ਨੂੰ, ਚਰਨ ਧੂੜ ਲੈਕੇ ਮੱਥੇ ਲਾਂਵਦਾ ਏ

---

*ਰਾਮ ਚੰਦਰ ਜੀ ਦੇ ਸਮਾਉਣ ਦੀ ਜਗ੍ਹਾ।

†ਗੁਪਤਾਰ ਘਾਟ— ਲਛਮਨ ਜੀ ਦੇ ਸਮਾਉਣ ਦੀ ਥਾਂ।

()ਇਹ ਤਲਵਾਰ ਹੁਣ ਤਕ ਓਹਨਾਂ ਪਾਸ ਸਤਿਗੁਰਾਂ ਦੀ ਯਾਦਗਾਰ ਕਾਇਮ ਹੈ।

[]ਨਾਨਕ ਮੱਤਾ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋਗੀਆਂ ਨਾਲ ਗੋਸਟ ਕੀਤੀ ਸੀ ਤੇ ਏਥੇ ਹੀ ਰੇਠੇ ਦਾ ਜਿਸ ਪਾਸੇ ਗੁਰੂ ਜੀ ਬੈਠੇ ਸਨ) ਦਰਖਤ ਮਿਠਿਆਂ ਫਲਾਂ ਵਾਲਾ ਹੈ ਤੇ ਇਕ ਪਿੱਪਲ ਹਿਰਿਆਂ ਪਤਿਆਂ ਵਾਲਾ ਹੈ।

() ਸਮਸ਼ੇਰ ਬਹਾਦਰ ਏਸ ਦੇ ਦਾਦੇ ਬਾਜ ਬਹਾਦਰ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਾਦਸ਼ਾਹ ਜਹਾਂਗੀਰ ਦੀ ਕੈਦੋਂ ਛੁਡਾਇਆ ਸੀ।

ਪੰਜ ਦਿਨ ਕੀਤੀ ਓਸ ਬਹੁਤ ਸੇਵਾ, ਸ਼ਸਤ੍ਰ ਘੋੜੇ ਜਰ ਭੇਟ ਚੜ੍ਹਾਂਵਦਾ ਏ
ਸਾਫ ਨੀਤਸੀ ਓਹਦੀ ਕਰਤਾਰ ਸਿੰਘਾ, ਮੋਮ, ਭੋਗ ਸਤਿਗੁਰਾਂ ਤੋਂ ਪਾਂਵਦਾ ਏ

ਦੇਵ ਨਗਰ ਥੀਂ ਹੁੰਦੇ ਹੋਏ ਮਥਰਾ ਪਹੁੰਚਣਾ

ਭੀਲੀ ਭੀਤ ਤੋਂ ਚਲਕੇ ਗੁਰੂ ਸਾਹਿਬ, ਸ਼ਹਿਰ ਦੇਵ ਨਗਰਵਿਚ ਆਏ ਭਾਈ
ਬਿਧੀ ਚੰਦ ਦੀ ਆਨ ਸਮਾਧ ਉੱਤੇ; ਤੰਬੂ ਸ੍ਰੀ ਦਸਮੇਸ਼ ਲਵਾਏ ਭਾਈ
ਸੁੰਦਰ ਸ਼ਾਹ ਦੇ ਬੇ ਨਵਾਹ ਚੇਲੇ, ਦੋ ਦਿਨ ਰਖੇ ਅਟਕਾਏ ਭਾਈ
ਓਥੋਂ ਚਲ *ਬਟੂਰ ਵਿਚ ਉਤਰੇ ਜਾ; ਬ੍ਰਹਮਾ ਵਰਤ ਤੀਰਥ ਦਰਸਾਏ ਭਾਈ
ਦੂਰ ਉਨ੍ਹਾਂ ਦਾ ਕਰ ਹੰਕਾਰ ਸਾਰਾ; ਵਡੀ ਆਤਮਕ ਸ਼ਕਤ ਦਖਾਏ ਭਾਈ
ਉਥੋਂ ਕਰਕੇ ਕੂਚ ਕਰਤਾਰ ਸਿੰਘਾ, ਦਰਸ ਮਥਰਾ ਜਾ ਦਿਖਾਏ ਭਾਈ

ਮਥਰਾ, ਕਨਖਲ, ਬੂੜੀਏ, ਦਾਮਲੇ ਵਿਚ ਦਰਸ਼ਨ

†ਬ੍ਰਿਜ ਲਾਲ ਚੌਬੇ ਘਰ ਰਖ ਡੇਰਾ; ਫਿਰ ਮਥਰਾ ਵਿਚ ਦੀਦਾਰ ਕੀਤੇ
ਬੜੇ ਬੜੇ ਮੰਦਰ ਕਈ ਥਾਵਾਂ ਅੰਦਰ; ਦਰਸ ਸਭ ਦੇ ਗੁਰ ਅਵਤਾਰ ਕੀਤੇ
ਬਿੰਦ੍ਰਾਬਨ; ਗੋਕਲ, ਮਹਾਂਦਨ ਸਾਰੇ, ਤੇ ‡ਗੁਰਧਨ ਦੇ ਹਾਲ ਵਿਚਾਰ ਕੀਤੇ
ਕ੍ਰਿਸ਼ਨ ਲੀਲ੍ਹਾ ਦੇ ਫਿਰ ਕੇ ਥਾਂ ਦੇਖੇ, ਜਿਥੇ ਗੋਪੀਆਂ ਨਾਲ ਵਿਆਹ ਕੀਤੇ
ਲੋਕ ਦੇਖ ਸਰੂਪ ਪ੍ਰਸੰਨ ਹੋਏ ਦਾਨ ਮਾਨ ਸਨਮਾਨ ਅਪਾਰ ਕੀਤੇ
ਓਥੋਂ ਚਲ ਅਗੇ ()ਕਨਖਲ ਤਾਈਂ, ਲੰਘ ਸਾਂਤਲ ਸਰ ਉਧਾਰ ਕੀਤੇ
ਫੇਰ ਬੂੜੀਏ ਤੋਂ ਹੋ ਕੇ ਦਾਮਲੇ ਗਏ, ਡੇਰੇ ਸੁਰਗ ਕੁੰਡ ਕਨਾਰ ਕੀਤੇ
ਲੋਕਾਂ ਸੇਵਾ ਪ੍ਰੇਮ ਦੇ ਨਾਲ ਕੀਤੀ, ਗੁਰਾਂ ਮੇਹਰ ਕਰਕੇ ਬੇੜੇ ਪਾਰ ਕੀਤੇ
ਸਾਉਣ ਭਾਦਰੋਂ ਦੋ ਮਹੀਨੇ ਰਹਿਕੇ, ਚੂਪੇ ਅੰਬ ਤੇ ਸੈਰ ਬਿਸਯਾਰ ਕੀਤੇ
ਸਤਾਰਾਂ ਸੌ ਉੱਣਤੀਆਂ ਭਾਦਰੋਂ ਸੀ, ਕਰਤਾਰ ਸਿੰਘਾ, ਇਹ ਸ਼ੁਮਾਰ ਕੀਤੇ

---

*ਬਟੂਰ –ਗੰਗਾ ਕਨਾਰੇ ਵਿਚ ਬੜਾ ਉੱਚਾ ਥੇਹ ਹੈ, ਏਸ ਵਿਚੋਂ ਗੰਗਾ ਦੇ ਢਾਉਣ ਨਾਲ ਤੌਰਾਂ ਦੇ ਕਾਸੀਏ ਤੇ ਖਪਰੇ ਬਹੁਤ ਨਿਕਲਦੇ ਹਨ। ਕਈ ਖਪਰੇ ਸੋਨ, ਸੇਰ ਪੱਕੇ ਦੇ ਨਿਕਲਦੇ ਹਨ, ਚਾਰ ਖਪਰੇ ਗੁਰੂ ਜੀ ਭੀ ਲੈ ਆਏ ਸਨ। ਏਥੇ ਹੀ ਬ੍ਰਹਮਾਵਰਤ ਤੀਰਥ ਹੈ।

†ਮਥਰਾ ਵਿਚ ਜਿਥੇ ਗੁਰੂ ਜੀ ਉਤਰੇ ਸਨ ਓਥੇ ਹੁਣ ਮੰਜੀ ਸਾਹਿਬ ਗੁਰਦੁਆਰਾ ਹੈ।

‡ਭਾਗਵਤ ਵਿਚ ਲਿਖਿਆ ਹੈ ਕਿ ਏਸ ਪਹਾੜ ਨੂੰ ਕ੍ਰਿਸ਼ਨ ਜੀ ਨੇ ਚੁਕ ਕੇ ਗੋਕਲ ਦੇ ਲੋਕਾਂ ਨੂੰ ਇੰਦ੍ਰ ਦੀ ਬਰਖਾ ਪਾਸੋਂ ਬਚਾਇਆ ਸੀ।

( ਕੰਨਖਲ—ਏਥੇ ਭੀ ਗੁਰਦੁਆਰਾ ਹੈ।

ਮਨਮੋਹਹਿਨੀ ਸੋਹਿਨੀ ਵੇਖ ਸੂਰਤ, ਮਾਈ ਭਾਈ ਕੁਰਬਾਨ ਹੋ ਜਾਂਵਦੇ ਨੇ
ਦੁਧ, ਦਹੀਂ ਆਟਾ, ਦਾਲ ਘਿਉ ਚਾਵਲ, ਦਾਣਾ ਘਾਸ ਸੋ ਸਭ ਪੁਚਾਂਵਦੇ ਨੇ
ਹੋਰ ਜਿਸ ਤਰ੍ਹਾਂ ਦੀ ਸੇਵਾ ਚਾਹੀਦੀ ਸੀ, ਵਡਾ ਧਾਰ ਪ੍ਰੇਮ ਕਮਾਂਵਦੇ ਨੇ
ਏਥੇ ਪਹੁੰਚਨਾ ਹੁਕਮ ਸੀ ।ਗੁਰੂ ਜੀ ਦਾ, ਸੋਈ ਪਹੁੰਚ ਕੇ ਡੇਰਾ ਜਮਾਂਵਦੇ ਨੇ
ਨਾਵੇਂ ਗੁਰੂ ਜੀ ਦੇ ਵਲ ਲਿਖ ਚਿਠੀ, ਸਾਰਾ ਆਪਣਾ ਸੁਨਾਂਵਦੇ ਨੇ
ਅਗੋ ਲਿਖਯਾ ਆਯਾ ਅਨੰਦਪੁਰੋਂ, ਸਚੇ ਸਤਿਗੁਰੂ ਇਹ ਇਹ ਫਰਮਾਂਵਦੇ ਨੇ
ਸਾਡੇ ਲਿਖੇ ਬਿਨਾਂ ਅਗ੍ਹਾਂ ਆਵਨਾ ਨਹੀਂ, ਸੁਣ ਆਗਯਾ ਸੀਸ ਝੁਕਾਂਵਦੇ ਨੇ
ਵਾਵੇਂ ਦਰਸ਼ਨਾਂ ਨੂੰ ਚਿਤ ਲੋਚਦਾ ਸੀ, ਪਿਤਾ ਗੁਰੂ ਦਾ ਹੁਕਮ ਬਜਾਂਵਦੇ ਨੇ
ਠਹਿਰ ਵਿਚ ਲਖਨੌਰ ਕਰਤਾਰ ਸਿੰਘਾ, ਸੋਆਂ ਜੀਆਂ ਨੂੰ ਪਾਰ ਲੰਘਾਂਵਦੇ ਨੇ

ਦਾਸ ਕਵੀ

ਛੇਵੇਂ ਸਾਲ ਵਿਚ ਉਮਰ ਸੀ ਗੁਰੂ ਜੀ ਦੀ, ਰੱਬੀ ਤੇਜ ਮਥੇ ਦਮਕਾ ਰਹੇ
ਚਿਹਰਾ ਖਾਸ ਨੂਰਾਨੀ ਸੀ ਨੂਰ ਭਰਿਆ, ਰੰਗ ਕੁਦਰਤੀ ਚਿਹਰੇ ਤੇ ਛਾ ਰਹੇ
ਅੰਨ ਜਲ ਤੇ ਹੁਕਮ ਸੀ ਪਿਤਾ ਜੀ ਦਾ, ਸਾਹਿਬ ਵਿਚ ਲਖਨੌਰ ਦੇ ਆ ਰਹੇ
ਆਉਣ ਸੰਗਤਾਂ ਕਰਨ ਦੀਦਾਰ ਸਦਾ, ਮਨੋਂ ਕਾਮਨਾ ਸਭ ਹੀ ਪਾ ਰਹੇ
ਭੀੜ ਰਹੇ ਹਮੇਸ਼ ਹੀ ਗੁਰਦਵਾਰੇ, ਪ੍ਰੇਮੀ ਨਿਤ ਪ੍ਰੇਮ ਵਿਖਾ ਰਹੇ
ਸਾਰਾ ਦਿਨ ਸਦਾ ਵਰਤ ਰਹੇ ਜਾਗੀ, ਆ ਗਰੀਬ ਗੁਰਬੇ ਡੇਰੇ ਲਾ ਰਹੇ
ਭਜਨ, ਨਾਮ ਦਾ ਪਿਆ ਪਰਵਾਰ ਵਤ੍ਰੇ, ਇਛਾਂ ਪੂਰੀਆਂ ਲੋਕ ਕਰਾ ਰਹੇ
ਸਤਿਗੁਰ ਜੀ ਕਰਨ ਅਨੇਕ ਲੀਲ੍ਹਾ, ਵੇਖ ਵੇਖ ਦਾਨਾ ਬਿਸਮਾ ਰਹੇ
ਭੀੜ ਬਾਲਕਾਂ ਦੀ ਸਦਾ ਰਹੇ ਪਈ, ਪਿਛੇ ਗੁਰਾਂ ਦੇ ਮੌਜਾਂ ਉਡਾ ਰਹੇ
ਕਦੇ ਬਾਂਲਕਾਂ ਨਾਲ ਸ਼ਿਕਾਰ ਕਰਦੇ, ਖੇਡ ਖਾਡ ਕੇ ਦਿਨ ਲੰਘਾ ਰਹੇ
ਗੱਲਾਂ ਕਰਨ ਅਨੋਖੀਆਂ ਤਿਖੀਆਂ ਤੇ, ਸੁਣ ਵੇਖ ਹੈਰਾਨ ਦਾਨਾ ਰਹੇ
ਮਹਾਂ ਪੁਰਖ ਇਹ ਬਲੀ ਕਰਤਾਰ ਸਿੰਘਾ, ਸੇਵਾ ਹੋ ਮੁਰੀਦ ਕਮਾ ਰਹੇ

ਸਯਦ ਭੀਖਮ ਸ਼ਾਹ ਦਾ ਮਿਲਾਪ

ਭੀਖਮ ਸ਼ਾਹ ਘੁੜਾਮ ਦੇ ਵਿਚ ਰਹਿੰਦਾ, ਪੀਰ ਦੇਸ ਅੰਦਰ ਅਖਾਂਵਦਾ ਓਹ

।ਨਾਵੇਂ ਸਤਿਗੁਰਾਂ ਦਾ

ਵਿਚ ਦੇਸ ਦੇ ਮੰਨਿਆਂ ਦਨਿਆ ਸੀ, ਕਰਾਮਤਾ ਭੀ ਕੁਝ ਰਖਾਂਵਦਾ ਓਹ
ਸੀ ਪੀਰੀ ਮੁਰੀਦੀ ਦੀ ਕਾਰ ਲੈਂਦਾ, ਤਦੋਂ ਵਲ ਲਖਨੌਰ ਦੇ ਆਂਵਦਾ ਓਹ
ਸੂਨਯਾ ਉਸਨੇ ਜਸ ਦਸਮੇਸ਼ ਜੀਦਾ, ਤੇ ਦੀਦਾਰ ਕਰਨਾ ਦਿਲੋਂ ਚਾਂਹਵਦਾ ਓਹ
ਫਿਰਦਾ ਨਾਲ ਮੁਰੀਦਾਂ ਦੇ ਸੈਰ ਕਰਦਾ, ਵਲ ਗੁਰੂ ਜੀ ਕਦਮ ਉਠਾਂਵਦਾ ਓਹ
ਜਿਥੇ ਬਾਲਕਾਂ ਦੇ ਨਾਲ ਖੇਡਦੇ ਸੀ, ਓਥੇ ਆਨ ਦੀਦਾਰ ਜਾਂ ਪਾਂਵਦਾ ਓਹ
ਚਿਹਰੇ ਵੇਖਯਾ ਰੱਬ ਦਾ ਨੂਰ ਭਰਿਆ, ਰੂਪ ਵੇਖਦੇ ਸਾਰ ਠਰ ਜਾਂਵਦਾ ਓਹ
ਹਥ ਜੋੜਕੇ ਸਤ ਸਲਾਮ ਕਹਿਕੇ, ਸਿਰ ਕਦਮਾਂ ਉਤੇ ਝੁਕਾਂਵਦਾ ਓਹ
ਲਿਆ ਓਸ ਪਛਾਨ ਏਹ ਵਲੀ ਅੱਲਾ, ਪੀਰ ਪੀਰਾਂ ਕਹਿ ਅਦਬ ਬਜਾਂਵਦਾ ਓਹ
ਚਰਨ ਧੂੜ ਲੈ ਝੱਟ ਕਰਤਾਰ ਸਿੰਘਾ, ਚੁਕ ਨਾਲ ਖੁਸ਼ੀ ਮਥੇ ਲਾਂਵਦਾ ਓਹ

ਸੱਯਦ ਦੇ ਮੁਰੀਦਾਂ ਨੇ ਗੁੱਸਾ ਕਰਨਾ

ਕਦਰ ਓਤਨੀ ਜਿਨੀ ਪਛਾਨ ਹੋਵੇ, ਇਹ ਮੁਰੀਦਾਂ ਦੇ ਤਈਂ ਸੁਖਾਯਾ ਨ
ਝੱਟ ਬੋਲ ਉਠੇ ਸੁਣੋ ਪੀਰ ਸਾਸਿਬ, ਇਹ ਅਸਾਂ ਤਾਈਂ ਭਲਾ ਭਾਯਾ ਨ
ਤੁਸੀਂ ਪੀਰ ਵੱਡੇ ਮੰਨੇ ਦੇਸ ਸਾਰਾ, ਇਹ ਪਸੰਦ ਸਾਨੂੰ ਕੰਮ ਆਯਾ ਨ
ਏਸ ਮੁੰਡੇ ਨੂੰ ਕਿਉਂ ਸਲਾਮ ਕੀਤੀ, ਇਹ ਕੋਈ ਪੈਗੰਬਰ ਜਾਯਾ ਨ
ਫੇਰ ਏਹਾਂ ਕਾਫਰ ਤੁਸੀਂ ਪੀਰ ਮੋਮਨ, ਨੀਊਣਾ ਕਾਫਰਾਂ ਸ਼ਰ੍ਹਾਂ ਫਰਮਾਯਾ ਨ
ਕਹਿਆ ਪੀਰ ਨੇ ਅੱਗੋਂ ਕਰਤਾਰ ਸਿੰਘਾ, ਭੇਦ ਏਸ ਦਾ ਤੁਸਾਂ ਨੇ ਧਾਯਾ ਨ

ਭੀਖਮ ਸ਼ਾਹ ਨੇ ਮੁਰੀਦਾਂ ਨੂੰ ਸਮਝਾਣਾ

ਗੁਝੇ ਭੇਦ ਦੀ ਤੁਸਾਂ ਨੂੰ ਖਬਰ ਨਾਹੀਂ, ਤੁਸਾਂ ਵਿਚ ਵੱਡੀ ਮਗਰੂਰੀ ਹੈ ਜੀ
ਏਹ ਪੀਰਾਂ ਦਾ ਪੀਰ ਨ ਬਾਲ ਸਮਝੋ, ਰਬੀ ਬਰਕਤਾਂ ਨਾਲ ਭਰਪੂਰੀ ਹੈ ਜੀ
ਸਭ ਨਾਲੋਂ ਮਰਾਤਬੇ ਤਿਚ ਵਡਾ, ਖਾਸ ਅੱਲਾ ਦਾ ਇਹ ਹਜ਼ੂਰੀ ਹੈ ਜੀ
ਏਹਨੂੰ ਭੇਜਿਆ ਰਬ ਕਰਤਾਰ ਸਿੰਘਾ, ਏਹਦਾ ਅਦਬ ਅਦਾਬ ਜ਼ਰੂਰੀ ਹੈ ਜੀ

ਭੀਖਮ ਸ਼ਾਹ ਨੇ ਪਰਖ ਕਰਨੀ

ਦੂੰਹ ਭਾਂਡਿਆਂ ਵਿਚ ਮਠਿਆਈ ਪਾਕੇ, ਭੀਖਮ ਸ਼ਾਹ ਨੇ ਅਗੇ ਲਿਆ ਰਖੇ

---

†ਕਾਫਰ ਨਾਮ ਤਾਂ ਅਸਲ ਵਿਚ ਰਬ ਤੋਂ ਮੁਨਕਰ ਦਾ ਹੈ, ਪਰ ਸ਼ਰ੍ਹਾ ਵਾਲੇ ਮੁਸਲਮਾਨਾਂ ਤੋਂ ਬਿਨਾ ਸਭ ਨੂੰ ਕਾਫਰ ਹੀ ਸਮਝ ਬੈਠੇ ਹਨ।

ਕਿਸੇ ਗੱਲ ਦੀ ਖਾਸ ਪਛਾਣ ਲਈ, ਗੁਝੀ ਰਮਜ਼ ਥੀਂ ਭੇਦ ਛਪਾ ਰੱਖੇ
ਗੁਰੂ ਜੀ ਤੀਸਰਾ ਰਖ ਭਾਂਡਾ, ਪਹਿਲੇ ਦੋਹਾਂ ਤੇ ਹਥ ਟਕਾ ਰੱਖੇ
ਫੇਰ ਤੀਜੇ ਤੇ ਰਖ ਕਰਤਾਰ ਸਿੰਘਾ, ਮੁੜ ਤਿੰਨੇ ਹੀ ਪਰ੍ਹਾਂ ਚੁਕਾ ਰੱਖੇ

ਵਾਕ ਕਵੀ

ਏਹ ਵੇਖਕੇ ਚੇਸ਼ਟਾ ਪੀਰ ਜੀ ਤਾਂ, ਭਰਮ ਦਿਲ ਦਾ ਸਾਰਾ ਮਿਟਾ ਗਿਆ
ਕੁਝ ਹੋਰ ਗੱਲਾਂ ਕਰ ਖੁਸ਼ੀ ਹੋ ਕੇ, ਉਠ ਸਤ ਸਲਾਮ ਬੁਲਾ ਗਿਆ
ਪੀਰ ਝੁਕਦਾ ਵੇਖ ਕੇ ਲੋਕਾਂ ਉਤੇ, ਸਗੋਂ ਗੁਰੂ ਜੀ ਦਾ ਡਰ ਛਾ ਗਿਆ
ਲੋਕ ਸਮਝ ਗਏ ਕਰਤਾਰ ਸਿੰਘਾ, ਏਹ ਤਾਂ ਠੀਕ ਅਵਤਾਰ ਕੋਈ ਆ ਗਿਆ

ਮੁਰੀਦਾਂ ਨੇ ਫਰ ਪੀਰ ਨੂੰ ਪੁਛਣਾ

ਰਲ ਫੇਰ ਮੁਰੀਦਾਂ ਨੇ ਪੁਛ ਕੀਤੀ, ਤੁਸੀਂ ਪੀਰ ਜੀ ਸਾਰਾ ਬਿਆਨ ਦੱਸੋ
ਏਸ ਗੱਲ ਦੇ ਵਿਚ ਕੀਹ ਭੇਦ ਗੁਝਾ, ਨਾਲ ਖੋਹਲ ਕੇ ਪਾਕ ਜ਼ਬਾਨ ਦੱਸੋ
ਸਾਡੇ ਦਿਲ ਦਾ ਭੀ ਭਰਮ ਦੂਰ ਹੋਵੇ, ਸਾਰਾ ਭੇਦ ਹੋਕੇ ਮਿਹਰਬਾਨ ਦੱਸੋ
ਪਤਾ ਸਾਨੂੰ ਵੀ ਹੋਵੇ ਕਰਤਾਰ ਸਿੰਘਾ, ਕਰ ਪੀਰ ਜੀ ਜ਼ਾਹਰ ਨਸ਼ਾਨ ਦੱਸੋ

ਭੀਖਮ ਸ਼ਾਹ ਨੇ ਮੁਰੀਦਾਂ ਨੂੰ ਦਸਣਾ

ਏਹ ਭੀ ਗੱਲ ਅਸਾਂ ਗੁਝੀ ਸੀ ਕੀਤੀ, ਤੁਸੀਂ ਹੋਏ ਜੇ ਪੁਛਣੇਹਾਰ ਭਾਈ
ਏਸ ਗਲ ਦਾ ਸਮਝ ਲੌ ਭੇਦ ਸਾਰਾ, ਕਰਾਂ ਖੋਲ੍ਹ ਕੇ ਮੈਂ ਇਜ਼ਹਾਰ ਭਾਈ
ਭਾਂਡੇ ਦੋ ਮਠਿਆਈ ਦੇ ਮੈਂ ਰਖੇ, ਹੋ ਪੁਛਣੇ ਦਾ ਤਲਬਗਾਰ ਭਾਈ
ਏਹ ਮਜ਼੍ਹਬ ਜੋ ਦੋ ਨੇ ਦੇਸ ਅੰਦਰ, ਹਿੰਦੂ ਤੁਰਕ ਦਾ ਕਰੋ ਸ਼ੁਮਾਰ ਭਾਈ
ਏਨ੍ਹਾਂ ਦੋਹਾਂ ਵਿਚੋਂ ਹਾਮੀ ਕਿਸਦੇ ਹੋ, ਮੈਂ ਸੀ ਪੁਛਿਆ ਕਰੋ ਇਤਬਾਰ ਭਾਈ
ਦਿਤਾ ਏਹ ਜਵਾਬ ਕਰਤਾਰ ਸਿੰਘਾ, ਤੁਸੀਂ ਸੁਣੋ ਸਾਰੇ ਨਿਹਚਾ ਧਾਰ ਭਾਈ

ਤਥਾ

ਓਸ ਦੋਹਾਂ ਉਤੇ ਹੱਥ ਰਖ ਕਹਿਆ, ਇਕੋ ਜਿਹਾ ਦੋਹਾਂ ਤਾਈਂ ਚਾਹਵਾਂਗਾ ਮੈਂ
ਮੁਸਲਮਾਨ ਹਿੰਦੂ ਮੈਨੂੰ ਇਕੋ ਜਹੇ, ਦੋਹਾਂ ਧਿਰਾਂ ਦਾ ਭਲਾ ਮਨਾਵਾਂਗਾ ਮੈਂ
ਭਾਂਡਾ ਤੀਸਰਾ ਰਖ ਕੇ ਦਸਿਓ ਸੂ, ਪੰਥ ਤੀਸਰਾ ਹੋਰ ਚਲਾਵਾਂਗਾ ਮੈਂ
ਕਾਇਮ ਰਖਾਂਗਾ ਧਰਮ ਕਰਤਾਰ ਸਿੰਘਾ, ਮਾਰ ਜ਼ਾਲਮਾਂ ਤਈਂ ਖਪਾਵਾਂਗਾ ਮੈਂ

ਲੁਖੀ ਪਿੰਡ ਵਾਲੇ ਰਾਜਪੂਤਾਂ ਦਾ ਮੇਲ

ਕਦੇ ਕਦੇ ਮਾਮੇ ਜੀ ਨੂੰ ਨਾਲ ਲੈਕੇ, ਬਾਹਰ ਦੂਰ ਤੋੜੀ ਸੈਰ ਜਾਂਵਦੇ ਜੀ
ਨੇੜੇ, ਨੇੜੇ ਪਿੰਡਾਂ ਵਾਲੇ ਲੋਕ ਜਿਹੜੇ, ਕਰ ਦਰਸ਼ਨਾਂ ਨੂੰ ਸੁਖ ਪਾਂਵਦੇ ਜੀ
ਇਕ ਦਿਨ ਸਤਿਗੁਰੂ ਜੀ ਸੈਰ ਕਰਦੇ, ਭੁਸਬਲੇ ਵਲ ਚਲੇ ਆਂਵਦੇ ਜੀ
ਲੁਖੀ ਪਿੰਡ ਵਾਲੇ ਰਾਜਪੂਤ ਅਗੇ, ਫਿਰਦੇ ਖੇਡ ਸ਼ਿਕਾਰ ਮਚਾਂਵਦੇ ਜੀ
ਭੀਖਮ ਸ਼ਾਹ ਤੋਂ ਉਨ੍ਹਾਂ ਸੀ ਜੱਸ ਸੁਣਿਆਂ, ਰੂਪ ਵੇਖ ਪ੍ਰੀਤ ਵਧਾਂਵਦੇ ਜੀ
ਦੂਰੋਂ ਵੇਖ ਕੇ ਗੁਰਾਂ ਨੂੰ ਘੋੜਿਆਂ ਤੋਂ, ਉੱਤਰ ਜ਼ਿਮੀਂ ਤੇ ਸੀਸ ਨਵਾਂਵਦੇ ਜੀ
ਪੰਜ ਤੀਰਾਂ ਸ਼ਿਕਰਾ ਇਕ ਬਹੁਤ ਚੰਗਾ, ਭੇਟਾ ਦੇ ਅਦਾਬ ਬਜਾਂਵਦੇ ਜੀ
ਹੋਯਾ ਬਚਨ ਰਜਪੂਤੋ ਆਬਾਦ ਰਹੋ, ਖੁਸ਼ੀ ਦੇ ਓਹ ਘਰ ਨੂੰ ਧਾਂਵਦੇ ਜੀ
ਸਤਿਗੁਰਾਂ ਦਾ ਬਚਨ ਓਹ ਸਫਲ ਸਦਾ, ਹੁਣ ਤਕ ਜਗੀਰਾਂ ਨੇ ਖਾਂਵਦੇ ਜੀ
ਕਲਪ ਬ੍ਰਿਛ ਗੁਰ ਘਰ ਕਰਤਾਰ ਸਿੰਘਾ, ਫਲ ਪਾਂਵਦੇ ਜੋ ਮਨਾਂਵਦੇ ਜੀ

ਵਾਕ ਕਵੀ

ਓਸ ਦਿਨ ਤੋਂ ਗੁਰੂ ਜੀ ਚੜ੍ਹ ਘੋੜੇ, ਸ਼ਿਕਰਾ ਲੈ ਕੇ ਨਿਤ ਸ਼ਿਕਾਰ ਜਾਂਦੇ
ਕਦੇ ਖੇਡ ਮਚਾਂਵਦੇਨਾਲ ਮੁੰਡਿਆਂ, ਨਿਕਲ ਦੂਰ ਜੰਗਲ ਵਿਚ ਬਹਾਰ ਜਾਂਦੇ
ਫੌਜਾਂ ਦੋ ਬਣਾ ਲੜਾਣ ਸਦਾ, ਇਕ ਜਿਤਦੇ ਤੇ ਇਕ ਹਾਰ ਜਾਂਦੇ
ਜਿਤਨ ਵਾਲਿਆਂ ਤਾਈਂ ਅਨਾਮ ਦੇਂਦੇ ਲੋਕ ਵੇਖ ਦਾਨਾ ਬਲਿਹਾਰ ਜਾਂਦੇ
ਸਦਾ ਭੀੜ ਚੁਫੇਰੇ ਰਹੇ ਬਾਲਕਾਂ ਦੀ, ਇਕ ਦਮ ਭੀ ਨਾ ਵਿਸਾਰ ਜਾਂਦੇ
ਜਿਹੜੇ ਕਰਨ ਦੀਦਾਰ ਕਰਤਾਰ ਸਿੰਘਾ; ਪਾਪ ਜਨਮ ਦੇ ਸਭ ਉਤਾਰ ਜਾਂਦੇ

ਪੀਰ ਆਰਫ ਦੀਨ ਦਾ ਮਿਲਾਪ

ਆਰਫ ਦੀਨ ਵਡਾ ਇਕ ਪੀਰ ਆਹਾ, ਦੇਸ਼ ਵਿਚ ਵਡੀ ਵਡਿਆਈ ਅਗੇ
ਜਾਂਦਾ ਪਾਸ ਲਖਨੌਰ ਦੇ ਲੰਘਦਾ ਸੀ, ਜਾਂਦੀ ਬਹੁਤ ਸੀ ਨਾਲ ਲੁਕਾਈ ਅਗੇ
ਜਿਸ ਰਾਹ ਬਾਣੀਂ ਓਹਦਾ ਗੁਜ਼ਰ ਹੋਯਾ, ਸਤਿਗੁਰਾਂ ਦੀ ਖੇਡ ਮਚਾਈ ਅਗੇ
ਪੀਰ ਜਿਸ ਵੇਲੇ ਨੇੜੇ ਆ ਗਿਆ, ਡਿਠਾ ਖੇਡਦਾ ਨੂਰ ਅਲਾਹੀ ਅਗੇ
ਚੰਗੀ ਤਰ੍ਹਾਂ ਖਲੋ ਪਛਾਨ ਕਰਦਾ, ਨਜ਼ਰ ਆਈ ਓਹ ਜੋਤ ਸਵਾਈ ਅਗੇ

† ਸ਼ਿਕਰਾ ਇਕ ਸ਼ਿਕਾਰੀ ਜਾਨਵਰ ਦਾ ਨਾਮ ਹੈ।

ਝੱਟ ਘੋੜੇ ਉਤੋਂ ਉਪਰ ਆਯਾ ਥਲੇ, ਕਰ ਸਜਦਾ ਧੌਨ ਝੁਕਾਈ ਅਗੇ
ਕੁਝ ਲਾਂਭ ਲੈ ਜਾ ਕੇ ਕਰ ਗੱਲਾਂ, ਝੱਟ ਪੀਰ ਅਸਵਾਰੀ ਚਲਾਈ ਅਗੇ
ਖੁਨਸ ਖਾ ਮੁਰੀਦਾਂ ਕਰਤਾਰ ਸਿੰਘਾ, ਰਿਕਤ ਪੀਰ ਦੇ ਏਹ ਉਨ੍ਹਾਂ ਡਾਹੀ ਅਗ

ਸਵਾਲ ਮੁਰੀਦਾਂ ਤੇ ਜਵਾਬ ਪੀਰ

ਅਗ੍ਹਾਂ ਜਾ ਮੁਰੀਦ ਸਭ ਕਹਿਣ ਲਗੇ, ਭਾਰੀ ਗਲਤੀ ਪੀਰ ਜੀ ਖਾਈ ਤੁਸਾਂ
ਹਿੰਦੂ ਪੀਰਜ਼ਾਦੇ ਤਈਂ ਪੀਰ ਹੋ ਕੇ, ਕਿਸ ਵਾਸਤੇ ਧੌਣ ਝੁਕਾਈ ਤੁਸਾਂ
ਕਹਿਆ ਪੀਰ ਨੇ ਕਰੋ ਨ ਰਿਸ਼ਕ ਭੈੜਾ, ਏਸ ਗਲ ਦੀ ਰਮਜ਼ ਨ ਪਾਈ ਤੁਸਾਂ
ਏਹ ਵਿਚ ਦਰਗਾਹ ਦੇ ਬਹੁਤ ਉੱਚਾ, ਜਾਤੀ ਏਸ ਦੀ ਨ ਵਡਿਆਈ ਤੁਸਾਂ
ਉਚਾ ਸਭਨਾਂ ਪੀਰਾਂ ਪੈਗੰਬਰਾਂ ਤੋਂ, ਨ ਪਛਾਣਿਆਂ ਨੂਰ ਇਲਾਹੀ ਤੁਸਾਂ
ਕੀਤੀ ਨਹੀਂ ਸਲਾਮ ਕਰਤਾਰ ਸਿੰਘਾ, ਇਹ ਵਡੀ ਖਤਾ ਕਮਾਈ ਤੁਸਾਂ

ਵਾਕ ਕਵੀ

ਮਾਂਹ ਚਾਰ ਲਖਨੌਰ ਦੇ ਵਿਚ ਰਹੇ, ਸੈਆ ਜੀਆਂ ਦੇ ਗੁਰਾਂ ਉਧਾਰ ਕੀਤੇ
ਜੋ ਸ਼ਰਨ ਆਏ ਓਹਨਾਂ ਰਲ ਪਾਏ, ਸਤਿਨਾਮ ਦੇਕੇ ਬੇੜੇ ਪਾਰ ਕੀਤੇ
ਚਿਤ ਬੀਤ ਉਡੀਕ ਦੇ ਵਿਚ ਗਿਆ, ਮੁੜ ਯਾਦ ਨ ਗੁਰੂ ਕਰਤਾਰ ਕੀਤੇ
ਏਧਰ ਦੁਸ਼ਨਾਂ ਦੀ ਲੱਗੀ ਖਿੱਚ ਡਾਢੀ, ਫਿਕਰ ਚਿਤਦੇ ਵਿਚ ਬਿਸਯਾਰ ਕੀਤੇ
ਪਏ ਉਡੀਕਦੇ ਕਦੋਂ ਬੁਲਾਉਣ ਗੁਰੂ ਜੀ, ਬੈਠ ਮਾਹ ਬਤੀਤ ਨੇ ਚਾਰ ਕੀਤੇ
ਕੀਤੀ ਪ੍ਰੇਮ ਨੇ ਖਿਚ ਕਰਤਾਰ ਸਿੰਘਾ, ਯਾਦ ਗੁਰੂ ਜੀ ਨਾਲ ਪਿਆਰ ਕੀਤੇ

ਲਖਨੌਰ ਤੋਂ ਅਨੰਦਪੁਰ ਨੂੰ ਤਯਾਰੀਆਂ

ਆਯਾ ਹੁਕਮ ਅਨੰਦਪੁਰ ਆ ਜਾਵੋ, ਖੁਸ਼ ਸ੍ਰੀ ਦਸਮੇਸ਼ ਅਪਾਰ ਹੋਏ
ਝੱਟ ਪਟ ਹੀ ਸਾਂਭ ਸਾਮਾਨ ਸਾਰੇ, ਸਾਰੇ ਸਾਥ ਦੇ ਸਣੇ ਤਯਾਰ ਹੋਏ
ਏਹ ਖਬਰ ਜਾਂ ਸੰਗਤਾਂ ਵਿਚ ਹੋਈ, ਸਿਖ ਸੁਣਕੇ ਬੜੇ ਲਾਚਾਰ ਹੋਏ
ਲੈ ਕੇ ਨਜ਼ਰ ਭੇਟਾ ਯਥਾ ਸ਼ਕਤ ਸਾਰੇ, ਹਾਜ਼ਰ ਝੱਟ ਆ ਕੇ ਨਰ ਨਾਰ ਹੋਏ
ਜਿਨ੍ਹਾਂ ਬਾਲਕਾਂ ਦੇ ਨਾਲ ਖੇਡਦੇ ਸੀ, ਓਹ ਉਦਾਸ ਭਾਰੇ ਸੁਣਦੇ ਸਾਰ ਹੋਏ
ਰੋਜ਼ ਖਾਂਵਦੇ ਮੇਵੇ ਮਠਾਈ ਹੈਸਨ, ਗਿਰਦ ਗੁਰੂ ਜੀ ਦੇ ਘੇਰਾ ਡਾਰ ਹੋਏ
ਸਾਨੂੰ ਨਾਲ ਅਨੰਦਪੁਰ ਲੈ ਚਲੋ, ਤਰਲੇ ਕਢਦੇ ਦਿਲੋਂ ਬਲਿਹਾਰ ਹੋਏ

ਧੀਰਜ ਸਭ ਨੂੰ ਦੇ ਕਰਤਾਰ ਸਿੰਘਾ, ਗੁਰ ਸੋਧ ਅਰਦਾਸ ਅਸਵਾਰ ਹੋਏ

### ਲਖਨੌਰ ਤੋਂ ਚੱਲਕੇ ਕੀਰਤਪੁਰ ਪਹੁੰਚਣਾ

ਲਖਨੌਰ ਤੋਂ ਚਲਕੇ ਮਾਜਰੇ ਹੋ, ਕੀਰਤਪੁਰੇ ਵੱਲੇ ਕੀਤੀ ਧਾਈ ਸੀ ਜੀ<br>
‡ਸੂਰਜਮੱਲ ਅੱਗੋਂ ਵਾਲੀ ਆਣ ਮਿਲਯਾ, ਬੜੀ ਦਿਲੋਂ ਪ੍ਰੀਤ ਜਤਾਈ ਸੀ ਜੀ<br>
ਘਰ ਆਪਣੇ ਵਿਚ ਉਤਾਰ ਕਰਕੇ, ਖਾਤਰ ਅੱਛੀ ਤਰ੍ਹਾਂ ਕਰਵਾਈ ਸੀ ਜੀ<br>
ਓਥੇ ਠਹਿਰਕੇ ਫੇਰ ਕਰਤਾਰ ਸਿੰਘਾ, ਸਤਿਗੁਰਾਂ ਨੂੰ ਖਬਰ ਪੁਚਾਈ ਸੀ ਜੀ

### ਕੀਰਤਪੁਰ ਤੋਂ ਚਲਕੇ ਅਨੰਦਪੁਰ ਪਹੁੰਚਣਾ

ਨੌਵੇਂ ਗੁਰੂ ਜੀ ਨੂੰ ਪਹੁੰਚੀ ਖਬਰ ਜਦੋਂ, ਸਾਹਿਬਜ਼ਾਦਾ ਕੀਰਤਪੁਰੇ ਆਯਾ ਏ<br>
ਓਸੇ ਵਕਤ ਹੀ ਖੁਸ਼ੀ ਦੇ ਨਾਲ ਗੁਰਾਂ, ਹੁਕਮ ਸੱਦ ਮਸੰਦ ਸੁਣਾਯਾ ਏ<br>
ਅਗੋਂ ਵਾਲੀ ਜਾ ਕੇ ਤੁਸੀਂ ਲੈ ਆਓ, ਏਧਰ ਖੁਸ਼ੀ ਦਾ ਸਾਜ ਸਜਾਯਾ ਏ<br>
ਪਹੁੰਚੇ ਕੀਰਤਪੁਰੇ ਮਸੰਦ ਆ ਕੇ, ਦਰਸ ਸ੍ਰੀ ਦਸਮੇਸ਼ ਦਾ ਪਾਯਾ ਏ<br>
ਰੂਪ ਵੇਖ ਕੇ ਚਿਤ ਪ੍ਰਸੰਨ ਹੋਏ, ਭੇਟਾ ਰਖ ਕੇ ਸੀਸ ਝੁਕਾਯਾ ਏ<br>
ਗੁਰੂ ਪਿਤਾ ਜੀ ਲੋਚਦੇ ਦਰਸ਼ਨਾਂ ਨੂੰ, ਚਲੋ ਛੱਬਦੇ ਆਖ ਸੁਣਾਯਾ ਏ<br>
ਸੁਣ ਆਗਿਆ ਚਿਤ ਪ੍ਰਸੰਨ ਹੋਯਾ, ਦਿਨ ਅਗਲੇ ਕੂਚ ਬੁਲਾਯਾ ਏ<br>
ਹੁਣੇ ਬੈਠੀਏ ਗੋਦ ਜਾ ਪਿਤਾ ਜੀ ਦੀ, ਚਾਊ ਚਿਤ ਦੇ ਵਿਚ ਸਮਾਯਾ ਏ<br>
ਅੱਖਾਂ ਵਾਂਗ ਚਕੋਰ ਬੇ ਸਬਰ ਹੋਈਆਂ, ਕਦੋਂ ਵੇਖੀਏ ਚੰਦ ਸੁਹਾਯਾ ਏ<br>
ਰਾਹ ਵਿਚ ਨਾ ਕਿਤੇ ਅਰਾਮ ਕੀਤਾ, ਪੰਧ ਕਰ ਸ਼ਤਾਬ ਮੁਕਾਯਾ ਏ<br>
ਅਗੋਂ ਨੇੜੇ ਅਨੰਦਪੁਰ ਆ ਗਿਆ, ਸਿਖਾਂ ਗੁਰਾਂ ਦੇ ਤਈਂ ਜਤਾਯਾ ਏ<br>
ਖਬਰ ਸਾਰੇ ਹੋ ਗਈ ਕਰਤਾਰ ਸਿੰਘਾ, ਸਮਾਂ ਖੁਸ਼ੀ ਦਾ ਆਣਕੇ ਛਾਯਾ ਏ

### ਅਨੰਦਪੁਰ ਵਿਚ ਖੁਸ਼ੀਆਂ ਦੇ ਨਜ਼ਾਰੇ

ਖਬਰ ਹੋ ਗਈ ਆਯਾ ਸਾਹਿਬਜ਼ਾਦਾ, ਲੋਕ ਲਗ ਪਏ ਖੁਸ਼ੀ ਮਨਾਉਨ ਸਾਰੇ<br>
ਦੁਆਰਾ ਗੁਰਾਂ ਦਾ ਖੂਬ ਸਜਾਯਾ ਗਿਆ, ਘਰ ਘਰ ਸਜਾਓ ਕਰਾਉਨ ਸਾਰੇ<br>
ਸਭ ਗਲੀ ਬਜ਼ਾਰ ਸਜਾਏ ਗਏ, ਸਮਾਂ ਮੰਗਲਾਚਾਰ ਬਨਾਉਨ ਸਾਰੇ<br>
ਨਾਰਾਂ ਜਰੀ, ਜ਼ੇਵਰ ਪੈਹਨ ਤਯਾਰ ਹੋਈਆਂ, ਗੀਤ ਖੁਸ਼ੀ ਦੇ ਲਗ ਪਏ ਗਾਉਨ ਸਾਰੇ

---

*ਸੂਰਜਮੱਲ—ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਭਰਾ ਸੀ।

ਜਿਸ ਵਕਤ ਸਵਾਰੀ ਆਗਈ ਨੇੜੇ,ਨਗਰਵਾਸੀ ਅਗੋਂ ਵਾਲੀ ਧਾਉਨ ਸਾਰੇ
ਵਾਜੇ ਵਜਦੇ ਡੱਫ ਨਫੀਰੀਆਂ ਸਨ, ਥਾਂ ਥਾਂ ਨਸ਼ਾਨ ਝੁਲਾਉਨ ਸਾਰੇ
ਸਾਹਿਬਜ਼ਾਦਾ ਜੀ ਘੋੜੇ ਅਸਵਾਰ ਹੋਏ, ਦੂਰੋਂ ਆਉਂਦੇ ਪਏ ਤਕਾਉਨ ਸਾਰੇ
ਕਲਗੀ, ਤੋੜਾ, ਜਿਗ੍ਹਾ ਸੋਹਣੇ ਪਹਿਣੇ ਹੋਏ ਸ਼ਸਤ੍ਰ ਬਸਤ੍ਰ ਖੂਬ ਸੁਹਾਉਨ ਸਾਰੇ
ਸੂਰਜ ਵਾਂਗ ਚੇਹਰਾ ਤਿਖਾ ਤੇਜ ਭਰਿਆ,ਵੇਖ ਮੁੜ ਮੁੜ ਸੀਸ ਝੁਕਾਉਨ ਸਾਰੇ
ਪੂਰਨਮਾਸ਼ੀ ਦਾ ਚੰਦ ਕਲੰਕ ਬਿਨਾਂ, ਲੋਕ ਵਾਂਗ ਚਕੋਰ ਹੋ ਆਉਨ ਸਾਰੇ
ਜਦ ਆਏ ਨੇੜੇ ਇਕੋ ਵਾਰ ਧਾ ਕੇ, ਧੂੜ ਲੈ ਲੈ ਕੇ ਮੱਥੇ ਲਾਉਨ ਸਾਰੇ
ਖੁਸ਼ੀ ਮੇਉਂਦੀ ਦਿਲਾਂ ਵਿਚ ਨਾਹੀਂ, ਜੈਕਾਰ ਦੇ ਸ਼ਬਦ ਸੁਨਾਉਨ ਸਾਰੇ
ਦੋਹਾਂ ਪਾਸਿਆਂ ਦੀ ਸੰਗਤ ਹੋ ਕੱਠੀ; ਸਮਾਂ ਹੋਰ ਅਸਚਰਜ ਬਨਾਉਨ ਸਾਰੇ
ਮਾਨੋਂ ਖੁਸ਼ੀ ਦੇ ਦੋ ਦਰਯਾ ਮਿਲੇ, ਗਮ ਚਿੰਤਾ ਸਭ ਰੁੜ੍ਹਾਉਨ ਸਾਰੇ
ਵਾਜੇ ਖੁਸ਼ੀ ਦੇ ਤਰਫ ਥੀਂ ਵਜ ਪਏ, ਗੀਤ ਨਾਲ ਅਨੰਦ ਅਲਾਉਨ ਸਾਰੇ
ਗੁਰੂ ਰੂਪ ਅਨੂਪ ਕਰਤਾਰ ਸਿੰਘਾ ਖੁਸ਼ੀ ਹੋ ਦੀਦਾਰ ਨੂੰ ਪਾਉਨ ਸਾਰੇ

ਤਥਾ

ਏਸੇ ਤਰ੍ਹਾਂ ਵਾਜੇ ਗਾਜੇ ਵਜਦੇ ਤੇ, ਮਿਲ ਸੰਗਤਾਂ ਮੰਗਲ ਗਾ ਰਹੀਆਂ
ਹੌਲੀ ਹੌਲੀ ਸਤਿਗੁਰ ਜੀ ਆਉਨ ਅੱਗੇ, ਪਿਛੇ ਨਰ ਤੇਨਾਰੀਆਂ ਧਾ ਰਹੀਆਂ
ਜਿਸ ਵੇਲੇ ਨਗਰ ਵਿਚ ਆਣ ਵੜੇ, ਥਾਂ ਥਾਂ ਤੇ ਖੁਸ਼ੀਆਂ ਛਾ ਰਹੀਆਂ
ਸਧ ਗਲੀ ਬਜ਼ਾਰ ਸਜਾਏ ਸੋਹਣੇ, ਛਬ ਬੰਦ ਨਵਾਰਾਂ ਵਧਾ ਰਹੀਆਂ
ਫੁਲ, ਅਤਰ ਤੇ ਹੋਰ ਗੁਲਾਬ ਕਿਉੜਾ, ਹੋ ਸੰਗਤਾਂ ਖੁਸ਼ੀ ਬਰਖਾ ਰਹੀਆਂ
ਚੜ੍ਹ ਕੋਠਿਆਂ ਤੇ ਵਾਂਗ ਕੋਇਲਾ ਦੇ, ਨਾਰਾਂ ਖੁਸ਼ੀ ਦੇ ਗੀਤ ਸੁਨਾ ਰਹੀਆਂ
ਓਸ ਸਮੇਂ ਦੀ ਕਿਸ ਤਰ੍ਹਾਂ ਛਬ ਲਿਖਾਂ,ਜਿਧਰ ਵੇਖੀਏ ਖੁਸ਼ੀਆਂ ਛਾ ਰਹੀਆਂ
ਆਏ ਸ੍ਰੀ ਦਸਮੇਸ਼ ਕਰਤਾਰ ਸਿੰਘਾ, ਸਭੇ ਬਰਕਤਾਂ ਸੀਸ ਝੁਕਾ ਰਹੀਆਂ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਦਸਮੇਸ਼ ਨਾਲ ਮਿਲਾਪ

ਸ੍ਰੀ ਦਸਮ ਜੀ ਦਰਸ ਦੀਦਾਰ ਦੇਂਦੇ ਸਿੰਘ ਪੌਰ ਅਗੇ ਸਿਧੇ ਆਂਵਦੇ ਨੇ
ਭੀੜ ਸੰਗਤਾਂ ਸਭ ਹਟਾਂ ਪਿਛੇ, ਉਤਰ ਘੋੜਿਓਂ ਖੜੇ ਹੋ ਜਾਂਵਦੇ ਨੇ

*ਸਿੰਘ ਪੌਰ—ਵਡਾ ਦਰਵਾਜਾ।

ਨੌਮੇ ਗੁਰੂ ਜੀ ਖੁਸ਼ੀ ਦੇ ਨਾਲ ਭਰੇ, ਉੱਠ ਛਡ ਸਿੰਘਾਸਨ ਧਾਂਵਦੇ ਨੇ
ਮਾਤਾ ਨਾਨਕੀ ਜੀ ਦੇ ਚਰਨ ਪਹਿਲਾਂ, ਚੁੰਮ ਧੂੜ ਮਥੇ ਉਤੇ ਲਾਂਵਦੇ ਨੇ
ਏਨੇ ਚਿਰ ਨੂੰ ਸ੍ਰੀ ਦਸਮੇਸ਼ ਜੀ ਭੀ, ਉਤੇ ਕਦਮਾਂ ਸੀਸ਼ ਨਵਾਂਵਦੇ ਨੇ
ਚੁਕ ਸਾਹਿਬਜਾਦੇ ਜੀ ਨੂੰ ਲਾ ਛਾਤੀ, ਸਿਰ ਚੁੰਮ ਅਸੀਸ ਸੁਣਾਂਵਦੇ ਨੇ
ਦਿਤਾ ਦਾਨ ਗਰੀਬਾਂ ਨੂੰ ਬਹੁਤ ਭਾਰਾ, ਤੇ ਕੜਾਹ ਪ੍ਰਸ਼ਾਦ ਵਰਤਾਂਵਦੇ ਨੇ
ਕਠਾ ਹੋਯਾ ਪਰਵਾਰ ਕਰਤਾਰ ਸਿੰਘਾ, ਸ਼ੁਕਰ ਪੁਰਖ ਅਕਾਲ ਬਜਾਂਵਦੇ ਨੇ

ਸ੍ਰੀ ਦਸਮੇਸ਼ ਜੀ ਦਾ ਅਨੰਦਪੁਰ ਆਉਣਾ ਸੁਣ ਕੇ ਸੰਗਤਾਂ ਦੀਆਂ ਭੇਟਾ

ਸਤਾਰਾਂ ਸੈ ਉਨਤੀਆਂ ਮਾਘ ਆਹਾ, ਆਏ ਪੁਰੀ ਆਨੰਦ ਦਸਮੇਸ਼ ਪਧਾਰੇ
ਘਰਘਰ ਵਿਚ ਸ਼ਾਦੀਆਂ ਬਹੁਤਹੋਈਆਂ,ਹੋਈਆਂ ਖਬਰਾਂ ਤੁਰਤ ਹੀ ਦੇਸ ਸਾਰੇ
ਚਾਉ ਸੰਗਤਾਂ ਦੇ ਚੜੇ ਦਰਸ਼ਨਾਂ ਦੇ, ਖੁਸ਼ੀ ਸਭ ਦੇ ਮਨ ਹੋਇ ਬੇਸ਼ ਭਾਰੇ
ਹੋਈਆਂ ਸੰਗਤਾਂ ਤਯਾਰ ਕਰਤਾਰ ਸਿੰਘਾ, ਹੋਈ ਖਬਰ ਜਾਂ ਦੇਸ ਪ੍ਰਦੇਸ ਸਾਰੇ

ਤਥਾ

ਪਿੰਡਾਂ ਪਿੰਡਾਂ ਤੋਂ ਟੋਲੇ ਪ੍ਰੇਮੀਆਂ ਦੇ, ਕਰਦੇ ਨਾਲ †ਮਸੰਦਾਂ ਦੇ ਧਾਈਆਂ ਜੀ
ਬੁਢੇ ਬਾਲ ਜਵਾਨ ਸੈ ਉੱਠੇ ਟੁਰੇ, ਬਹੂ ਬੇਟੀਆਂ ਬੁਢੀਆਂ ਮਾਈਆਂ ਜੀ
ਦੁਧ ਦਹੀਂ, ਘੀ, ਗੁੜ ਤੇ ਚੋਲ ਆਟਾ ਖੇਸ ਲੁੰਗੀਆਂ ਚਾਦਰਾਂ ਚਾਈਆਂ ਜੀ
ਤੋਉਰ ਬੇਉਰ ਫੁਲਕਾਰੀਆਂ ਚੋਪ ਕਢੇ, ਅਤੇ ਸੂਸੀਆਂ ਰੰਗ ਰੰਗਾਈਆਂ ਜੀ
ਘੋੜੇ, ਜੋੜੇ ਹਥਯਾਰ ਤੇ ਜ਼ਰੀ ਜ਼ੇਵਰ, ਚੀਜਾਂ ਚੰਗੀਆਂ ਹੋਰ ਜੋ ਭਾਈਆਂ ਜੀ
ਲੈਕੇ ਨਕਦ ਦਸਵੰਧ ਦੀ ਕਾਰ ਭੇਟਾ,ਟੁਰੇ ਦਰਸ਼ਨਾਂ ਨੂੰ ਨਾਲ ਭਾਈਆਂ ਜੀ
ਭੀੜਾਂ ਆਨ ਆਨੰਦਪੁਰ ਵਿਚਪਈਯਾਂ, ਹੋਈਆਂ ਬਰਕਤਾਂਦੂਣਸਾਈਆਂ ਜੀ

---

†ਮਸੰਦ ਭਾਈ ਭਗਤੂ ਕੇ, ਭਾਈ ਰੂਪੇ ਕੇ, ਭਾਈ ਭਰੋਲੀ ਵਾਲੇ, ਘੁੜਾਣੀਏ ਲਤਾਲੇ ਵਾਲੇ ਏਹ ਮਾਲਵੇ ਵਿਚੋਂ ਆਏ:—ਭਾਈ ਬਹਿਲੋ ਦਾ ਪੋਤਰਾ ਦੁਨੀਚੰਦ, ਭਾਈ ਸੰਤੂ ਵਟਾਲੀਆ, ਭਾਈ ਬਿਹਾਰੀ ਹੁਸਿਆਰ ਪੁਰੀਆ, ਭਾਈ ਭਾਨਾ, ਭਾਈ ਮੰਝ ਦਾ ਪੋਤਰਾ, ਭਾਈ ਦਿਆਲ ਦਾਸ, ਵਜੀਰਾਬਾਦ, ਵਾਲਾ, ਦਾਸ ਮਲ ਮੁਲਤਾਨੀਆਂ, ਭਾਈ ਫੇਰੂ ਲੰਮੇ ਵਾਲਾ, ਭਾਈ ਗਿਆਨ ਪਸੌਰੀਆਂ, ਭਾਈ ਹਜ਼ਰੀਆ ਦੋਰੀ ਵਾਲੀਆ, ਭਾਈ ਗੁਰੀਆ ਦਲਪ ਵਾਲਾ, ਭਾਈ ਜੀਤ ਮਲ, ਭਾਈ ਬਖਰ ਮਲ ਮਬੋਲ, ਇਤਯਾਦਕ ਸਭ ਮਸੰਦ ਆਪੋ ਆਪਣੇ ਦੇਸ ਦੀਆਂ ਸੰਗਤਾਂ ਲੈਕੇ ਹਾਜ਼ਰ ਹੋਏ।

ਰੂਪ ਵੇਖਕੇ ਸ੍ਰੀ ਦਸਮੇਸ਼ ਜੀ ਦਾ, ਬਹੁਤ ਸੰਗਤਾਂ ਕਰਨ ਵਡਿਆਈਆਂ ਜੀ
ਵੇਖ ਵੇਖ ਅੱਖਾਂ ਮੂਲ ਰਜਦੀਆਂ ਨ, ਦਰਸ ਰੂਪ ਦੀਆਂ ਤ੍ਰਿਹਾਈਆਂ ਜੀ
ਵਾਰੀ ਆਵੇ ਨ ਦਰਸ਼ਨਾਂ ਵਾਲਿਆਂ ਨੂੰ, ਕੂਚੇ ਗਲੀਆਂ ਸਭ ਰੁਕਾਈਆਂ ਜੀ
ਸਿੰਘ ਪੌਰ ਉਤੇ ਪਈ ਭੀੜ ਰਹਿੰਦੀ, ਬਹੁਤ ਸੰਗਤਾਂ ਹੁਮ ਹੁਮਾਈਆਂ ਜੀ
ਸਾਹਿਬਜ਼ਾਦੇ ਜੀਦੇ ਸੋਹਣੇ ਦਰਸ ਦੀਆਂ,ਸਿਕਾਂ ਸਭ ਦੇ ਚਿਤ ਵਧਾਈਆਂ ਜੀ
ਚੰਦ ਵੇਖ ਨਾ ਜਿਵੇਂ ਚਕੋਰ ਰੱਜਨ, ਅਖਾਂ ਸੰਗਤਾਂ ਤਿਵੇਂ ਲਗਾਈਆਂ ਜੀ
ਸੇ ਆਂਵਦੇ, ਜਾਂਵਦੇ ਸੈ ਪਏ, ਵਿਚ ਰਾਹਾਂ ਦੇ ਧੂੜਾਂ ਧੁਮਾਈਆਂ ਜੀ
ਵਿਚ ਸਾਉਨ ਦੇ ਮੇਘਲ ਔਣ ਜਿਵੇਂ, ਤਿਵੇਂ ਸੰਗਤਾਂ ਸਮਝ ਲੌ ਆਈਆਂ ਜੀ
ਜ਼ਰੀ ਚੇਵਰਾਂ ਦੇ ਢੇਰ ਲਗ ਗਏ, ਸ਼ਸਤ੍ਰ ਬਸਤ੍ਰ ਨਾ ਗੇਨਤੀ ਕਾਈਆਂ ਜੀ
ਕਿਸੇ ਚੀਜ਼ ਦੀ ਕਮੀ ਨਾ ਕੋਈ ਰਹੀ, ਭੇਟਾਂ ਸੰਗਤਾਂ ਬਹੁਤ ਚੜ੍ਹਾਈਆਂ ਜੀ
ਭਰ ਗਏ ਆਰ ਬੁਖਾਰ ਸਾਰੇ, ਸਿਖਾਂ ਪ੍ਰੀਤੀਆਂ ਬਹੁਤ ਦਖਾਈਆਂ ਜੀ
ਮਹਿਲੀਂ ਮਾਈਆਂ ਪਾਸ ਜਨਾਨੀਆਂ ਨੇ, ਜਾ ਬਹੁਤ ਸੁਗਾਤਾਂ ਰਖਾਈਆਂ ਜੀ
ਦੇ, ਦੇ ਵਧਾਈਆਂ ਲੈਣ ਖੁਸ਼ੀਆਂ, ਗਾਉਣ ਗੀਤ ਪ੍ਰੀਤ ਸੁਹਾਈਆਂ ਜੀ
ਰੌਹਨ ਰੌਣਕ ਲੱਗੀਆਂ ਰਾਤ ਦਿਨੇ, ਗਾਉਣ ਬਾਣੀਆਂ ਸੁਰਾਂ ਰਲਾਈਆਂ ਜੀ
ਇੰਦ੍ਰ ਪੁਰੀ ਤੋਂ ਵੱਧ ਕਰਤਾਰ ਸਿੰਘਾ, ਗੁਰੂ ਘਰ ਦੀਆਂ ਵਡਿਆਈਆਂ ਜੀ

### ਸੰਗਤਾਂ ਵਿਚ ਸ੍ਰੀ ਦਸਮੇਸ਼ ਜੀ ਦੇ ਦੀਦਾਰੇ

ਵਿਚ ਰੋਜ ਦੀਵਾਨ ਦੇ ਨੌਮ ਗੁਰੂ ਜੀ, ਬੈਠ ਸੰਗਤਾਂ ਤਾਈ ਤਰਾਂਵਦੇ ਸਨ
ਗੋਦੀ ਵਿਚ ਸ੍ਰੀ ਦਸਮੇਸ਼ ਸਾਹਿਬ, ਸੋਹਣੇ ਚੰਦ ਦੇ ਵਾਂਗ ਸੁਹਾਂਵਦੇ ਸਨ
ਸੀਸ, ਕਲਗੀ ਤੋੜਾ ਸਿਰ ਪੇਚ ਸੋਹਣਾ, ਕੰਠੇ ਹਾਰ ਜੜਾਊ ਸਜਾਂਵਦੇ ਸਨ
ਛੋਟੀ ਗਾਤ੍ਰੇ ਤੇਗ ਤੇ ਕਮਰ †ਭੱਥਾ ਹਥ ਫੜ ਕਮਾਨ ਭਵਾਂਵਦੇ ਸਨ
ਪਿਤਾ ਨਿਕਟ ਦਾ ਦਸਮੇਸ਼ ਜੀ ਇਉਂ ਸੋਹਦੇਂ ਬੀਰਰਸਸ਼ਾਂਤੀ ਸ਼ੋਭਾ ਪਾਂਵਦੇ ਸਨ
*ਪ੍ਰਾਚੀ ਦਿਸ਼ਾ ਦੀ ਗੋਦ ਦੇ ਵਿਚ ਸੂਰਜ,ਤਿਖਾ ਤੇਜ ਰਿਸ਼ਮਾਂ ਚਮਕਾਂਵਦੇ ਸਨ
ਛੋਟਾ ਜਿਹਾ ਸਰੂਪ ਬੀਰਰਸ ਭਰਿਆ;ਵੇਖਨ ਵਾਲੇ ਕੁਰਬਾਨ ਹੋ ਜਾਂਵਦੇ ਸਨ

---

†ਭੱਥਾ--ਜਿਸ ਵਿਚ ਤੀਰ ਪਾਏ ਹੁੰਦੇ ਹਨ।
*ਪ੍ਰਾਚੀ ਦਿਸ਼ਾ--ਪੂਰਬੀ ਦਿਸ਼ਾ।

ਏਹ ਗੁਰੂ ਹੋਸੀ ਮਹਾਂ ਬਲੀ ਯੋਧਾ, ਵੇਖ ਵੇਖ ਦਾਨਾ ਸੁਨਾਂਵਦੇ ਸਨ
ਮਹਾਰਾਜ ਬੰਗਾਲੀ ਜ਼ਬਾਨ ਬੋਲਨ, ਸੁਨਨ ਵਾਲਿਆਂ ਤਾਈਂ ਹਸਾਂਵਦੇ ਸਨ
ਧੰਨ ਉਨ੍ਹਾਂ ਦੇ ਭਾਗ ਕਰਤਾਰ ਸਿੰਘਾ, ਰੂਪ ਦੇਖਦੇ ਸੇਵ ਕਮਾਂਵਦੇ ਸਨ

ਵਾਕ ਕਵੀ

ਏਸ ਤਰ੍ਹਾਂ ਰਹੇ ਆਓ ਜਾਈ ਲਗੀ, ਸਤਿਗੁਰਾਂ ਦੇ ਵਿਚ ਦਰਬਾਰ ਭਾਈ
ਲੰਗਰ ਵਰਤਦੇ ਵੱਜਦੇ ਰਹਿਣ ਵਾਜੇ, ਵਧੀ ਰੌਣਕ ਬੇਸ਼ੁਮਾਰ ਭਾਈ
ਰੂਪ ਦੇਖਕੇ ਸ੍ਰੀ ਦਸਮੇਸ਼ ਜੀ ਦਾ, ਸਭ ਸੰਗਤਾਂ ਜਾਣ ਬਲਿਹਾਰ ਭਾਈ
ਜਿਹੜੇ ਵੇਖ ਜਾਂਦੇ ਪਿੰਡੀਂ ਦਸਦੇ ਜਾ, ਹੋਰ ਔਣ ਭੱਜੇ ਨਰ ਨਾਰ ਭਾਈ
ਭੇਟਾ ਆਵੇ ਬੇਅੰਤ ਨ ਅੰਤ ਕਾਈ, ਭਲ ਗਏ ਸੇ ਬਹੁਤ ਭੰਡਾਰ ਭਾਈ
ਮਾਖੋਵਾਲ* ਅਨੰਦਪੁਰ ਹੋ ਗਿਆ, ਰਿੱਧ ਸਿੱਧ ਆ ਗਈ ਅਪਾਰ ਭਾਈ
ਕਿਥੋਂ ਤਕ ਲਿਖਾਂ ਸ਼ੋਭਾ ਗੁਰੂ ਸਰ ਦੀ, ਜਿਥੇ ਆਪ ਸਤਿਗੁਰ ਅਵਤਾਰ ਭਾਈ
ਸੁਣੋ ਅਗਲੇ ਹਾਲ ਕਰਤਾਰ ਸਿੰਘਾ, ਲੈ ਪ੍ਰੇਮੀਓ ਜਨਮ ਸਵਾਰ ਭਾਈ

ਅਨੰਦ ਪੁਰ ਦੀ ਸ਼ੋਭਾ

ਅਗੋਂ ਰੁਤ ਬਸੰਤ ਦੀ ਆ ਗਈ, ਫੁਲਵਾੜੀਆਂ ਸ਼ਕਲ ਦਖਾਈ ਸੋਹਣੀ
ਬਣਾਂ ਪ੍ਰਬਤਾਂ ਦੇ ਵਿਚ ਫੁਲ ਫੁਲੇ, ਚਾਰੋਂ ਤਰਫ ਦਿਸੇ ਹਰਿਆਲੀ ਸੋਹਣੀ
ਸੋਹਣੇ ਬ੍ਰਿਛ ਸੁਹਾਵਣੇ ਪ੍ਰਬਤਾਂ ਦੇ, ਤੇ ਪਹਾੜ ਉਚਾਈ ਨਿਵਾਈ ਸੋਹਣੀ
ਇਕ ਪਾਸੇ ਪਹਾੜ ਦੀ ਲਹਿਰ ਚੰਗੀ, ਦੂਜੀ ਤਰਫ ਦਰਯਾ ਸਫਾਈ ਸੋਹਣੀ
ਬੋਲਨ ਮੋਰ ਚਕੋਰ ਲਟੋਰ ਜੰਗਲ, ਕੋਇਲਾਂ ਧੂਮੀਆਂ ਵਾਜ ਸੁਹਾਈ ਸੋਹਣੀ
ਥਾਂ ਥਾਂ ਤੇ ਵਗਦੀਆਂ ਕਈ ਕੂਹਲਾਂ, ਰੌਣਕ ਕੁਦਰਤ ਆਪ ਬਨਾਈ ਸੋਹਣੀ
ਚਿਤ ਵੇਖਕੇ ਸ੍ਰੀ ਦਸਮੇਸ਼ ਜੀ ਦੇ, ਪੁਰੀ ਪਟਨੇ ਨਾਲੋਂ ਭੀ ਭਾਈ ਸੋਹਣੀ
ਜਿਥੇ ਗੁਰ ਅਵਤਾਰ ਕਰਤਾਰ ਸਿੰਘਾ, ਸ਼ੋਭਾ ਚੱਲ ਉਥੇ ਆਪੇ ਆਈ ਸੋਹਣੀ

ਸ੍ਰੀ ਦਸਮੇਸ਼ ਜੀ ਦੇ ਆਨੰਦ ਪੁਰ ਵਿਚ ਵਰਿਤ੍ਰ

ਕਦੇ ਬੈਠਕੇ ਬੇੜੀਆਂ ਵਿਚ ਗੁਰ ਜੀ, ਸੈਰ ਨਦੀ ਦੇ ਆਰ ਤੇ ਪਾਰ ਕਰਦੇ
ਕਦੇ ਨਾਲ ਲੈ ਪਿੰਡ ਦੇ ਬਾਲਕਾਂ ਨੂੰ, ਛਾਲਾਂ ਮਾਰ ਦਰਯਾ ਵਿਚਕਾਰ ਤਰਦੇ

*ਮਾਖੋਵਾਲ—ਪਹਿਲੇ ਆਨੰਦ ਪੁਰ ਦਾ ਇਹੋ ਨਾਮ ਸੀ।

ਫੌਜਾਂ ਦੋ ਬਨਾ ਲੜਾਉਣ ਕਦੇ, ਸਾਰਾ ਦਿਨ ਹੀ ਜਿਤ ਤੇ ਹਾਰ ਕਰਦੇ
ਜਿਹੜੇ ਜਿਤਦੇ ਦੇਣ ਮਠਾਈ ਓਹਨਾਂ, ਮਾਰ ਕੁਟ ਦਾ ਨਿਤ ਵਿਹਾਰ ਕਰਦੇ
ਖੇਡਾਂ ਖੇਹਦੇ ਨਸਦੇ ਭਜਦੇ ਜੀ, ਸੂਰਬੀਰਾਂ ਵਾਲੀ ਸਦਾ ਕਾਰ ਕਹਦੇ
ਕਦੇ ਚੜ੍ਹ ਘੋੜੇ ਉਤੇ ਲੈ ਸ਼ਿਕਰਾ, ਜੰਗਲ ਵਿਚ ਜਾ ਸ਼ੇਰ ਸ਼ਿਕਾਰ ਕਰਦੇ
ਜਿਹੜਾ ਤੇਗ ਬੰਦੂਕ, ਕਮਾਨ ਲਿਆਵੇ, ਨਾਲ ਓਸਦੇ ਬੜਾ ਪਿਆਰ ਕਰਦੇ
ਹੋਰ ਕੁਝ ਨਾ ਵੇਖਕੇ ਖੁਸ਼ ਹੁੰਦੇ, ਖੁਸ਼ੀ ਬਹੁਤ ਹੀ ਵੇਖ ਹਥਯਾਰ ਕਰਦੇ
ਤਿਖਾ ਤੇਜ਼ ਸੁਭਾਉ ਨਿਡਰ ਭਾਰਾ, ਜੋ ਜੀ ਚਾਹੇ ਸੋਈ ਕਾਰ ਕਰਦੇ
ਦਿਆਲ, ਕੋਪ ਜੇ ਕਿਸੇ ਤੇ ਹੋ ਜਾਂਦੇ, ਬਚਨ ਕੱਢ ਮੂੰਹੋਂ ਕੰਮ ਪਾਰ ਕਰਦੇ
ਲੋਕ ਡਰਦੇ, ਵਰ ਸਰਾਪ ਪਾਸੋਂ, ਝੁਕ ਝੁਕ ਰਾਹੀ ਨਮਸਕਾਰ ਕਰਦੇ
ਏਹ ਗੁਰ ਵਡੇ ਪ੍ਰਤਾਪ ਵਾਲਾ, ਬਲੀ ਹੋਵੇਗਾ ਲੋਕ ਵਿਚਾਰ ਕਰਦੇ
ਦਾਦੇ ਵਾਂਗ ਏਹ ਖੇਡੇਗਾ ਖੇਡ ਤੇਗਾਂ, ਲਛਨ ਕਰੇ ਇਹ ਜਿਵੇਂ ਅਵਤਾਰ ਕਰਦੇ
ਸੂਰਜ ਚੜ੍ਹਦੇ ਵਾਂਗ ਕਰਤਾਰ ਸਿੰਘਾ, ਦਿਨ ਦਿਨ ਪ੍ਰਕਾਸ਼ ਚਮਕਾਰ ਕਰਦੇ

### ਸ੍ਰੀ ਦਸਮੇਸ਼ ਜੀ ਦੀ ਪੜ੍ਹਾਈ, ਸੰਸਕ੍ਰਿਤ ਭਾਸ਼ਾ

ਸਭ ਵਿਦਯਾ ਦਾ ਕਾਰਨ ਮੂਲ ਜਿਹੜਾ, ਪੜ੍ਹਨ ਵਿਦਯਾ ਓਸਨੂੰ ਲਾਇਓ ਨੇ
ਸ਼ਾਮਦਾਸ, ਗੁਰਸਰਨ ਤੇ ਤਾਰਾ, ਆਲਨ ਨੰਦ ਚੰਦ ਨੂੰ ਨਾਲ ਰਲਾਇਓ ਨੇ
†ਸੰਗੋ ਸੰਗਤੀਆ ਤੇ ਗੁਰਬਖਸ਼ ਮੋਹਰੀ, ਅਤੇ‡ਮਣੀਆਂ ਨਾਲ ਬਠਾਇਓ ਨੇ
ਸਾਹਬ ਚੰਦ ਦੇ ਪਾਸ ਕਰਤਾਰ ਸਿੰਘਾ, ਪਾਉਣ ਵਿਦਯਾ ਸਭ ਠਹਿਰਾਇਓ ਨੇ

ਤਰਜ਼

ਗੁਣ ਵਿਦਯਾ ਸਰਜ ਨਿਧਾਨ ਗੁਰ ਜੀ, ਕੇਹੜੀ ਵਿਦਯਾ ਤੋਂ ਉਨ੍ਹਾਂ ਬਹਾਰ ਸੀ ਜੀ
ਪ੍ਰੇਮ ਜੋਤ ਪ੍ਰਕਾਸ਼ ਰਹੀ ਜਿਸ ਅੰਦਰ, ਓਥੇ ਕਿਥੇ ਅਗਯਾਨ ਅੰਧਯਾਰ ਸੀ ਜੀ
ਵਿਚ ਦਿਨਾਂ ਦੇ ਵਿਦਯਾ ਸਭ ਪੜ੍ਹੀਆਂ, ਗੁਰਬਾਣੀ ਤੇ ਕਾਵਯ ਸੁਧਾਰ ਸੀ ਜੀ
ਸੰਸਕ੍ਰਿਤ, ਭਾਸ਼ਾ, ਵਯਾ ਕਰਨ, ਕੋਸਾਂ ਰਾਜਨੀਤ ਦੇ ਸਣੇ ਵਿਚਾਰ ਸੀ ਜੀ
ਜੋਤਸ਼ ਪਿੰਗਲ ਲਏ ਵਿਚਾਰ ਸਾਰੇ, ਕੀਤੀ ਰੀਤ ਮਾਨੁਖ ਵਿਹਾਰ ਸੀ ਜੀ

---

†ਸੰਗੋ ਮੋਹਰੀ ਧੀਧੋ ਬੀਰੋਂ ਦੇ ਪੁਤਰ।
‡ਪਿਛੋਂ ਇਹ ਭਾਈ ਮਣੀ ਸਿੰਘ, ਪੰਥ ਵਿਚ ਮਨੀ ਵਡ ਹੋਏ ਹਨ।

ਅਰਬੀ, ਫਾਰਸੀ ਵਲ ਕ੍ਰਤਾਰ ਸਿੰਘਾ, ਫੇਰ ਚਿੱਤ ਦਾ ਹੋਯਾ ਉਲਾਰ ਸੀ ਜੀ

ਫਾਰਸੀ, ਅਰਬੀ ਵਿਦਯਾ ਦੀ ਪੜ੍ਹਾਈ

ਸੰਸਕ੍ਰਿਤ ਭਾਸ਼ਾ ਜਦ ਵੇਖ ਲਈ, ਫੇਰ ਫਾਰਸੀ ਵਲ ਧਿਆਨ ਕੀਤਾ
ਮੁਨਸ਼ੀ†ਮੀਰ ਮੁਹੰਮਦ ਕਾਜ਼ੀ ਪਾਸੋਂ, ਅਰਬੀ ਫਾਰਸੀ ਪੜੇ ਬਿਆਨ ਕੀਤਾ
ਹਾਸਲ ਇਲਮ ਹੋਏ ਥੋੜੇ ਦਿਨਾਂ ਅੰਦਰ, ਉਸਤਾਦ ਦਾ ਬੜਾਹੀ ਮਾਨ ਕੀਤਾ
ਸਰਬਗੁਣ ਨਿਧਾਨ ਕਰਤਾਰ ਸਿੰਘਾ, ਬਾਲਾਂ ਵਾਂਗ ਪੜੇ ਨ ਗੁਮਾਨ ਕੀਤਾ

ਵਾਕ ਕਵੀ

ਭਾਵੇਂ ਵਿਦਯਾ ਭੀ ਸਭ ਪੜ੍ਹ ਲਈਆਂ, ਪਰ ਸ਼ਸਤ੍ਰਾਂ ਵਲ ਧਿਆਨ ਬਹੁਤਾ
ਹਰਸਮੇ ਹਥਯਾਰਾਂ ਦੀ ਖੇਡ ਚਾਂਹਦੇ, ਸ੍ਰੀ ਸਾਹਿਬ ਨੂੰ ਪਾਸ ਰਖਾਨ ਬਹੁਤਾ
ਘੋੜਦੌੜ, ਨੇਜ਼ਾ, ਤੀਰ: ਪਟਾਬਾਜੀ, ਏਹ ਲੜਕਿਆਂ ਤਈਂ ਸਖਾਨ ਬਹੁਤਾ
ਬੀਰ ਰਸ ਦਾ ਸ਼ੌਕ ਕਰਤਾਰ ਸਿੰਘਾ, ਜੰਗੀ ਵਿਦਯਾ ਤਈਂ ਵਧਾਨ ਬਹੁਤਾ

ਸੰਗਤਾਂ ਦਾ ਆਉਣਾ

ਸਤਾਰਾਂ ਸੌ ਤ੍ਰੀਹਾਂ ਆ ਸਾਲ ਚੜ੍ਹਿਆ, ਦੂਰ ਦੂਰ ਥੀ ਸੰਗਤਾਂ ਆਉਨ ਭਾਈ
ਮੇਲਾ ਆ ਵਸਾਖੀ ਤੇ ਬਹੁਤ ਭਰਯਾ, ਮਾਈ ਭਾਈਦੀਦਾਰਆ ਪਾਉਨ ਭਾਈ
ਆਨ, ਕਰ ਦੀਦਾਰ ਦਸ਼ਮੇਸ਼ ਜੀ ਦਾ, ਵੇਖ ਵੇਖਕੇ ਰੂਪ ਸਲਾਹੁਨ ਭਾਈ
ਜਨਮ ਸਫਲ ਕਰਨ ਕਰਤਾਰ ਸਿੰਘਾ, ਭੇਟਾ ਸ਼ਰਧਾ ਧਰ ਚੜ੍ਹਾਉਨ ਭਾਈ

ਸ੍ਰੀ ਦਸਮੇਸ਼ ਜੀ ਦੀ ਮੰਗਣੀ (ਕੁੜਮਾਈ)

ਹਰਜੱਸ ਸੁ ਭਿਖੀਆ ਖਤ੍ਰੀ ਸੀ, ਓਹ ਸ਼ਹਿਰ ਲਾਹੌਰ ਤੋਂ ਆਯਾ ਜੀ
ਜੀਤੋ ਜੀ ਬੇਟੀ ਓਹਦੀ ਭਾਗ ਵਾਲੀ, ਮਾਨੋ ਲਛਮੀ ਰੂਪ ਵਟਾਯਾ ਜੀ
ਉੱਠ ਖਤ੍ਰੀ ਵਿਚ ਦਰਬਾਰ ਲਗੇ, ਸ਼ਗਨ ਝੋਲੀ ਦਸਮੇਸ਼ ਦੀ ਪਾਯਾ ਜੀ
ਫੇਰ ਜੋੜ ਕੇ ਹਥ ਗੁਰ ਨੌਮ ਅਗੇ, ਹੋ ਅਧੀਨ ਏਹ ਬਚਨ ਸੁਨਾਯਾ ਜੀ
ਸਾਹਿਬਜਾਦੇ ਦੀ ਦਾਸੀ ਮੈਂ ਕਰਾਂ ਬੇਟੀ, ਪਲਾ ਗਲ ਪਾ ਸੀਸ ਝੁਕਾਯਾ ਜੀ
ਤੁਸੀਂ ਕਰੋ ਮਨਜ਼ੂਰ ਕਰਤਾਰ ਸਿੰਘਾ, ਮੈਂ ਗਰੀਬ ਉਤੇ ਕਰੋ ਦਾਯਾ ਜੀ

---

†ਮੁਨਸ਼ੀ ਮੀਰ ਮੁਹੰਮਦ—ਮਾਲਵੇ ਦੇਸ ਸਲੋਹ ਪਿੰਡ ਦੇ ਰਹਿਣ ਵਾਲਾ ਸੀ, ਇਸ ਨੂੰ ਭੀ ਗੁਰੂ ਜੀ ਨੇ ਹੁਕਮ ਨਾਮਾ ਦਿਤਾ ਸੀ।

ਹਰ ਜਸਦਾ ਸਤਿਗੁਰਾਂ ਬਚਨ ਸੁਣਕੇ; ਕਹਿਆ ਓਹਨਾ ਅਜੇ ਦੁਕਾਰ ਸੀ ਜੀ
ਬਾਲ ਉਮ੍ਰ ਅੰਦ੍ਰ ਸ਼ਾਦੀ ਨਹੀਂ ਚਾਹੀਏ, ਏਹ ਹਟਾਉਣੀ ਚਾਹੁੰਦੇ ਕਾਰ ਸੀ ਜੀ
ਅਜੇ ਦੋਹਾਂ ਦੀ ਉਮ੍ਰ ਬਹੁਤ ਛੋਟੀ, ਕਾਹਲੀ ਕਰਨ ਦੀ ਲੋੜ ਨ ਭਾਰ ਸੀ ਜੀ
ਬਣਨੀ ਚਿਪ ਹੈਜੀ ਇਹ ਤਾਂ ਏਸੇਤ੍ਰਾਂ, ਏਹ ਭੀ ਰਚਯਾ ਖੇਲ ਕਰਤਾਰ ਸੀ ਜੀ
ਫੇਰ ਵੇਖਯਾ ਗੁਰਾਂ ਨੇ ਸਾਰ ਥੋੜਾ, ਭਾਣਾ ਵ੍ਰਤਨਾਲਿਆ ਵਿਚਾਰ ਸੀ ਜੀ
ਅਖੀਂ ਚਲੀਏ ਵੇਖ ਕ੍ਰਤਾਰਸਿੰਘਾ,ਦੁਨੀਆਂਦਾਰੀ ਦਾ ਏਹਭੀ ਵਿਹਾਰ ਸੀ ਜੀ

### ਹਰਜਸ ਦੀ ਬੇਨਤੀ ਤੇ ਨਵੇਂ ਲਾਹੌਰ ਦੀ ਰਚਨਾ

ਸਤਿਗੁਰਾਂ ਨੇ ਕਰ ਮਨਜ਼ੂਰ ਲਿਆ, ਹਰਜਸ ਨ ਰਿਦੇ ਸਮਾਵਨਾ ਏਂ
ਕੀਤੀ ਬੇਨਤੀ ਫੇਰਵਿਆਹੁਣ ਗੁਰਜੀ;ਤੁਸਾਂ ਆਪ ਲਾਹੌਰ ਵਿਚ ਆਵਨਾ ਏਂ
ਸਤਿਗੁਰਾਂ ਕਹਿਆ ਏਹ ਨਗਲ ਹੋਣੀ, ਅਸਾਂ ਪੈਰ ਲਾਹੌਰ ਨਾ ਪਾਵਨਾ ਏਂ
ਅਸੀਂ ਨਵਾਂ ਲਾਹੌਰ ਰਚਾ ਲਾਂ ਗੇ, ਤੇਰੇ ਮਨ ਦੀ ਇਹੋ ਜੇ ਭਾਵਨਾ ਏਂ
ਤੁਸਾਂ ਸਣੇ ਕੁਟੰਬ ਦੇ ਆ ਜਾਣਾ, ਹੁਣ ਦਿਨ ਜੇਹੜਾ ਮਿਥ ਜਾਵਨਾ ਏਂ
ਸਤਿ ਬਚਨ ਕਹਿ ਕੇ ਹਰਿ ਜਸ ਗਿਆ; ਜੇਠ ਪੰਦ੍ਰਾਂ ਦਿਨ ਸੁਹਾਵਨਾ ਏ
ਏਧਰ ਗੁਰੂ ਜੀ ਸੰਗਤਾਂ ਵਿਚ ਲਿਖਯਾ; ਅਸਾਂ ਨਵਾਂ ਲਾਹੌਰ ਬਨਾਵਨਾ ਏਂ
ਆਓ ਵਸਨਾ ਜਿਨ੍ਹਾਂ ਨੇ ਏਸ ਜਗ੍ਹਾਂ, ਅਤੇ ਲਾਭ ਭੀ ਬਹੁਤ ਖਟਾਵਨਾ ਏਂ
ਸਤ ਕੋਹ ਹਿਠਾਂਹ ਅਨੰਦਪੁਰੋਂ, ਜਾ ਨਸ਼ਾਨ ਲਾਯਾ ਸ਼ਹਿਰ ਪਾਵਨਾ ਏ
ਵਿਚ ਦਿਨਾਂ ਓਥੇ ਵਸ ਸ਼ਹ੍ਰਿ ਗਿਆ, ਦੂਰੋਂ ਦੂਰੋਂ ਕੀਤੀ ਸਿਖਾਂ ਧਾਵਨਾ ਏਂ
ਲਗ ਗਏ ਬਾਜ਼ਾਰ ਚੁਫੇਰੇ ਸੋਹਣੇ, ਆਈਆਂ ਸੰਗਤਾਂ ਮੇਲਾ ਵਧਾਵਨਾ ਏਂ
ਕਿਉਂ ਨ ਰੌਨਕਾਂ ਹੋਣ ਕ੍ਰਤਾਰਸਿੰਘਾ,ਜਿਥੇ ਵਯਾਹੁਣ ਦਸਮੇਸ਼ਜੀਆਵਨਾ ਏਂ

### ਸ੍ਰੀ ਦਸਮੇਸ਼ ਜੀ ਦੀ ਪਹਿਲੀ ਸ਼ਾਦੀ

ਜੇਠ ਪੰਦਰਾਂ, ਦਿਨ ਆ ਗਿਆ ਨੇੜੇ, ਹਰਜੱਸ ਸਣੇ ਪਰਵਾਰ ਆਯਾ
ਸਤਿਗੁਰੂ ਜੀ ਏਧਰੋਂ ਪਹੁੰਚ ਗਏ, ਨੇੜੇ ਵਿਹਾਰ ਦਾ ਦਿਨ ਵਿਚਾਰ ਆਯਾ
ਹੋਈਆਂ ਖੁਸ਼ੀਆਂ ਬਹੁਤ ਦੁਪਾਸਿਆਂ ਥੀ, ਕੀਤਾ ਸ਼ਾਦੀ ਦਾਜੋ ਵਿਹਾਰ ਆਯਾ
ਰੀਤ ਹੋਈ ਸੰਸਾਰ ਸੰਬੰਧ ਵਾਲੀ, ਸਭ ਕਾਜ ਗੁਰਮਤ ਅਨੁਸਾਰ ਆਯਾ

ਦਾਨ; ਮਾਨ ਗ਼ਰੀਬਾਂ ਨੇ ਬਹੁਤ ਪਾਏ, ਪਾਯਾ ਫਲ ਜੋਈ ਨੇਹਰਾ ਧਾਰ ਆਯਾ
ਹੋਈਆਂ ਰੌਣਕਾਂ ਬੇਸ਼ੁਮਾਰ ਓਥੇ, ਕਿਸੇ ਗਲ ਦਾ ਨਾ ਪਾਰਾਵਾਰ ਆਯਾ
ਮਾਤਾ ਗੁਜਰੀ ਤੇ ਮਾਤਾ ਨਾਨਕੀ ਜੀ, ਭਾ ਉਨ੍ਹਾਂ ਅਨੰਦ ਅਪਾਰ ਆਯਾ
ਪਹਿਲੀ ਸ਼ਾਦੀ ਏਹ ਹੋਈ ਕ੍ਰਤਾਰ ਸਿੰਘਾ, ਧੂਮ ਧਾਮ ਦਾ ਨ ਸ਼ੁਮਾਰ ਆਯਾ

ਵਾਕ ਕਵੀ

ਡੋਲਾ ਲੈ ਅਨੰਦਪੁਰ ਆ ਗਏ, ਸਤਿਗੁਰੂ ਜੀ ਸਣੇ ਪਰਵਾਰ ਸੁਣੋ
ਥੋੜੇ ਵਿਚ, ਵਿਆਹ ਪ੍ਰਸੰਗ ਲਿਖਯਾ, ਸਭੇ ਜਾਣਦੇ ਸ਼ਾਦੀ ਵਿਹਾਰ ਸੁਣੋ
ਏਧਰ ਨਿਤ ਆਨੰਦ ਆਨੰਦਪੁਰੀ, ਵਧੀਆਂ ਰੌਣਕਾਂ ਬੇਸ਼ੁਮਾਰ ਸੁਣੋ
ਜਿਵੇਂ ਦੇਸ ਦੇ ਵਿਚ ਕ੍ਰਤਾਰ ਸਿੰਘਾ, ਪਈ ਬੀਤ ਦੀ ਸੀ ਓਹ ਭੀ ਕਾਰ ਸੁਣੋ

ਉਸ ਵੇਲੇ ਦੇਸ਼ ਦੀ ਬੁਰੀ ਹਾਲਤ

ਏਧਰ ਸ੍ਰੀ ਦਸਮੇਸ਼ ਆਨੰਦਪੁਰੇ, ਦਿਨੋਂ ਦਿਨ ਹੀ ਤੇਜ਼ ਵਧਾਨ ਲਗੇ
ਜਿਹੜੇ ਕੰਮ ਨੂੰ ਆਏ ਸੀ ਜਗ ਉਤੇ, ਧਯਾਨ ਓਸਦੇ ਵਲ ਲਗਾਨ ਲਗੇ
ਓਧ੍ਰ ਜ਼ੁਲਮ ਦੀ ਕੜਕ ਦੁਪਹਿਰ ਰਹੀ, ਸ਼ਰ੍ਹਾ ਵਾਲੇ ਆ ਸ਼ੋਰ ਮਚਾਨ ਲਗੇ
ਦਿਲੀ ਤਖਤ ਤੇ ਸ਼ਾਹ ਔਰੰਗਾ ਹੈਸੀ, ਸਿਰ ਓਸਦੇ ਆਨ ਸ਼ੈਤਾਨ ਲਗੇ
ਓਹਨੂੰ ਦੀਨ ਵਧਾਨ ਦੀ ਭੁਖ ਲਗੀ, ਕਾਜ਼ੀ ਮੁਲਾਂ ਪਾਸੋਂ ਭੜਕਾਨ ਲਗੇ
ਬਾਦਸ਼ਾਹੀ ਅੰਦਰ ਓਸ ਹੁਕਮ ਫੇਰੇ, ਸੂਬੇ ਖਾਨ ਅਮੀਰ ਬਜਾਨ ਲਗੇ
ਸਾਰੇ ਦੇਸ ਤਾਈਂ ਮੁਸਲਮਾਨ ਕਰੋ, ਸ਼ਰ੍ਹਾ ਵਾਲੇ ਤਲਵਾਰ ਖੜਕਾਨ ਲਗੇ
ਡੰਨ ਦੇਜੀਏ ਲਾ ਵਗਾਰ ਬਹੁਤੀ, ਹਿੰਦੂ ਪਰਜਾ ਤਈਂ ਸਤਾਨ ਲਗੇ
ਤੇਗ ਹਰ ਗਲੇ ਆਣ ਕਰਨ ਲਗੇ; ਤਦੀ ਤੇ ਜ਼ੋਰ ਜ਼ੁਲਮ ਜਤਾਨ ਲਗੇ
ਨਾਲ ਜ਼ੋਰ ਦੇ ਦੀਨ ਮਨਾਣ ਲਗੇ; ਜੋ ਅੜਦਾ ਮਾਰ ਗਵਾਨ ਲਗੇ
ਕਿਤੇ ਜ਼ੋਰ ਕਿਤੇ ਪਾਕੇ ਲੋਭ ਤਾਈਂ, ਦੀਨ ਆਪਣੇ ਵਿਚ ਰਲਾਨ ਲਗੇ
ਹਰ ਸੂਬੇ ਹਰ ਪਿੰਡ ਹਰ ਪਰਗਨੇ ਤੇ ਏਹ ਜ਼ੁਲਮ ਹਨੇਰੀ ਵਗਾਨ ਲਗੇ
ਰਾਗ ਰੰਗ ਖੁਸ਼ੀ ਸਭ ਹਿੰਦੂਆਂ ਦੀ, ਇਕ ਦਮ ਹੀ ਬੰਦ ਕਰਾਨ ਲਗੇ
ਬਹੂ ਬੇਟੀਆਂ ਸਰੇ ਬਾਜ਼ਾਰ ਫੜਕੇ, ਹੋ ਬੇ ਖਤਰੇ ਸ਼ਰਮ ਗਵਾਨ ਲਗੇ
ਧਨ ਦੌਲਤਾਂ ਲੁਟਣੇ ਸ਼ੁਰੂ ਕੀਤੇ; ਹਿੰਦੂ ਪਰਜਾ ਤਈਂ ਰੁੜ੍ਹਾਨ ਲਗੇ

ਹੋਮ ਜੰਗ ਘੜਿਆਲ ਤੇ ਸੰਖ ਮਾਰੇ, ਕੀਤੇ ਬੰਦ ਇਉਂ ਜ਼ੁਲਮ ਕਮਾਨ ਲੱਗੇ
ਬੜੇ ਬੜੇ ਆਲੀਸ਼ਾਨ ਢਾਹ ਮੰਦਰ, ਥਾਂ ਥਾਂ ਮਸੀਤਾਂ ਬਨਾਨ ਲੱਗੇ
ਭੰਨ ਤੋੜ ਕੇ ਮੂਰਤਾਂ ਮੰਦਰਾਂ ਤੋਂ; ਚੂਨੇ ਕਰਕੇ ਕੰਧਾਂ ਨੂੰ ਲਾਨ ਲੱਗੇ
ਪੁਸਤਕ ਹਿੰਦੂਆਂ ਦੇ ਢੂੰਡ ਭਾਲ ਕਰਕੇ, ਭੇੜੇ ਹੋ ਦੇਂਦਰਦ ਜਲਾਨ ਲੱਗੇ
ਕਿਹੜੇ ੨ ਮੈਂ ਜ਼ੁਲਮ ਦਾ ਨਾਮ ਲਿਖਾਂ, ਭੂਹੇ ਹੋ ਕੇ ਜ਼ਾਲਮ ਦੁਖਾਨ ਲੱਗੇ
ਮੁਸਲਮਾਨਾਂ ਦਾ ਥਾਂ ਥਾਂ ਜ਼ੋਰ ਪਿਆ, ਹਿੰਦੂ ਘਟਦੇ ਹੇਠਾਂ ਨੂੰ ਜਾਨ ਲੱਗੇ
ਰਾਜੇ ਰਾਣੇ ਸਭੇ ਮਰ ਮੁਕੇ ਹੈ ਸਨ, ਹੋ ਬੇ ਲਜ ਤੇ ਝਟ ਲੰਘਾਨ ਲੱਗੇ
ਖ਼ੂਨ ਰਾਜਪੂਤੀ ਠੰਡਾ ਕਰ ਬੈਠੇ, ਤੇਗਾਂ ਤਾ ਮਯਾਨ ਲਟਕਾਨ ਲੱਗੇ
ਕੋਈ ਹਿੰਦੂਆਂ ਦਾ ਮਦਦਗਾਰ ਨਾ ਸੀ, ਦੁਖੀ ਹੋਕੇ ਲੋਕ ਕੁਰਲਾਨ ਲੱਗੇ
ਲੱਖਾਂ ਧਰਮ ਤੋਂ ਮਰ ਮਿਟ ਗਏ, ਲੱਖਾਂ ਹੋਣ ਡਰਦੇ ਮੁਸਲਮਾਨ ਲੱਗੇ
ਕਈ ਪਿੰਡਾਂ ਦੇ ਪਿੰਡ ਹੀ ਤੁਰਕ ਗਏ, ਕਈ ਧਰਮ ਉਤੇ ਦੇਣ ਜਾਨ ਲੱਗੇ
ਖਰਲ, ਭਟੀ ਪਚਾਧੇ ਰਾਜਪੂਪ ਰੰਘੜ, ਏਹ ਤਦੋਂ ਤੋਂ ਤੁਰਕ ਕਹਾਨ ਲੱਗੇ
ਹੋਰ ਬੇ ਸ਼ੁਮਾਰ ਤੁਰਕ ਗਏ, ਧਰਮ ਆਪਣੇ ਤਈਂ ਭੁਲਾਨ ਲੱਗੇ
ਓਸੇ ਵਕਤ ਦੇ ਮਾਰੇ ਪਹਾੜੀਏ ਏਹ, ਮੀਏ ਆਪਣੇ ਤਈਂ ਅਖਵਾਨ ਲਗੇ
ਮੁਦਾ ਗਲ ਕੀਹ ਸੀ ਬੇੜੀ ਹਿੰਦੂਆਂ ਦੀ, ਫੜ ਸ਼ਰਾ ਵਾਲੇ ਸੀ ਡੁਬਾਨ ਲਗੇ
ਤੁਰਕ ਰਾਜ ਦੀ ਜੜ੍ਹ ਕਰਤਾਰ ਸਿੰਘਾ, ਆਪੇ ਕਰਕੇ ਜ਼ੁਲਮ ਪੁਟਾਨ ਲਗੇ

### ਕਸ਼ਮੀਰੀ ਬ੍ਰਾਹਮਣਾਂ ਨੂੰ ਬਿਪਤਾ ਤੇ ਓਹਨਾਂ ਨੇ ਸਤਿਗੁਰਾਂ ਦੀ ਸ਼ਰਨ ਆਉਣਾ

ਅਫ਼ਗ਼ਾਨ ਸ਼ੇਰ ਸੂਬਾ ਕਸ਼ਮੀਰ ਦਾ ਸੀ, ਓਸ ਸਭ ਤੇ ਜ਼ੁਲਮ ਕਮਾਏ ਬਹੁਤੇ
ਸੈ ਮਾਰਕੇ ਹਿੰਦੂ ਖਪਾਏ ਉਸ ਨੇ, ਨਾਲ ਜ਼ੋਰ ਦੇ ਤੁਰਕ ਬਨਾਏ ਬਹੁਤੇ
ਬੁਰਾ ਤੰਗ ਕੀਤਾ ਓਸ ਪੰਡਿਤਾਂ ਨੂੰ, ਹੋ ਹੋ ਦੁਖੀ ਕੁਰਲਾਏ ਬਹੁਤੇ
ਕੀਤੀ ਉਨ੍ਹਾਂ ਦੀ ਕਿਸੇ ਮਦਦ ਨਾਂਹੀਂ, ਦੇਵੀ ਦੇ ਉਤ ਉਨ੍ਹਾਂ ਮਨਾਏ ਬਹੁਤੇ
ਕਰ ਥਕ ਲਥੇ ਜਾਪ ਮੰਤਰਾਂ ਤੇ, ਠਾਕੁਰ ਜੀ ਦੇ ਵਾਸਤੇ ਪਾਏ ਬਹੁਤੇ
ਹਨੂੰਮਾਨ, ਭੈਰੋਂ, ਗੁਗਾ, ਮਹਾਂ ਭੋਲਾ, ਦੇਵੀ ਅਗੇ ਭੀ ਨਕ ਘਸਾਏ ਬਹੁਤੇ
ਔਖੇ ਵੇਲੇ ਨ ਕਿਸੇ ਨੇ ਬਾਂਹ ਫੜੀ, ਅੰਤ ਆ ਬ੍ਰਾਹਮਨ ਘਬਰਾਏ ਬਹੁਤੇ
ਹੋ ਬੇ ਆਸਰੇ ਕਰ ਸਲਾਹ ਸਾਰੇ, ਨਾਵੇਂ ਗੁਰੂ ਜੀ ਦੇ ਪਾਸ ਆਏ ਬਹੁਤੇ

ਕਰੇ ਰਖਯਾ ਹਿੰਦ ਨੂੰ ਕੌਣ ਲਵੇ, ਰੋ ਰੋ ਕੇ ਹਾਲ ਸੁਣਾਏ ਬਹੁਤੇ
ਤੁਹਾਡੇ ਬਿਨਾਂ ਨਾ ਓਟ ਕਰਤਾਰ ਸਿੰਘਾ, ਦੇਵੀ ਦੇ ਉਤੇ ਅਜਾਂ ਅਜ਼ਮਾਏ ਬਹੁਤੇ

ਬ੍ਰਾਹਮਣਾਂ ਦੀ ਪੁਕਾਰ ਸੁਣਕੇ ਸ੍ਰੀ ਗੁਰੂ ਜੀ ਦਰਬਾਰ ਵਿਚ ਕਹਿਣਾ

ਨਾਲ ਸੁਣਕੇ ਗੁਰੂ ਜੀ ਪਏ ਸੋਚੀਂ, ਹੋਣਹਾਰ ਵਲੋ ਨਿਗ੍ਹਾ ਪਾਂਵਦੇ ਨੇ
ਜਿਵੇਂ ਦੇਸ ਦਾ ਦੂਰ ਕਲੇਸ਼ ਹੋਵੇ, ਦਯਾ ਧਾਰ ਦਲੀਲਾਂ ਦੁੜਾਂਵਦੇ ਨੇ
ਜ਼ੁਲਮ ਜ਼ਾਲਮਾਂ ਹਦੋਂ ਵਧਾ ਦਿਤੇ, ਦੁਖ ਪਰਜਾ ਦੇ ਤਈਂ ਪੁਚਾਂਵਦੇ ਨੇ
ਸਤਿ ਪੁਰਖ ਕੋਈ ਸੀਸ ਬਲੀ ਦੇਵੇ, ਵਿਚ ਸਭਾ ਦੇ ਗੁਰ ਸੁਣਾਂਵਦੇ ਨੇ
ਤਦ ਜ਼ਾਲਮਾਂ ਦਾ ਤੇਜ ਦੂਰ ਹੋਵੇ ਨਹੀਂ ਤਾਂ ਵਧਦੇ ਹੀ ਪਾਪੀ ਜਾਂਵਦੇ ਨੇ
ਸਭ ਚੁਪ ਹੋ ਗਏ ਕਰਤਾਰ ਸਿੰਘਾ, ਸੀਸ ਗੋਡਿਆਂ ਵਿਚ ਝੁਕਾਂਵਦੇ ਨੇ

ਸ੍ਰੀ ਦਸਮੇਸ਼ ਜੀ ਨੇ ਹੱਥ ਜੋੜਕੇ ਬੇਨਤੀ ਕਰਨੀ

ਜਦ ਕਿਸੇ ਨ ਕੁਝ ਜਵਾਬ ਦਿਤਾ, ਹਥ ਜੋੜ ਕੇ ਸ੍ਰੀ ਦਸਮੇਸ਼ ਬੋਲੇ
ਨੌ ਬਰਸ ਦੀ ਜਿਨ੍ਹਾਂ ਦੀ ਉਮਰ ਹੈਸੀ, ਦੇਸ ਰੱਖਯਾ ਦੇ ਝੂਲ ਰਹੇ ਝੋਲੇ
ਸਤਿ ਪੁਰਖ ਧਰਮਾਤਮਾ ਹੋਰ ਕੇਹੜਾ, ਬਿਨਾ ਆਪ ਤੋਂ ਝਟ ਏਹ ਭੇਦ ਖੋਲੇ
ਕਰੋ ਰੱਖਯਾ ਧਰਮ ਕਰਤਾਰ ਸਿੰਘਾ, ਧਰਤ ਕੰਬਦੀ ਪਾਪ ਤੋਂ ਪਈ ਡੋਲੇ

ਸ੍ਰੀ ਗੁਰੂ ਤੇਗ ਬਹਾਦਰ ਜੀ

ਏਹ ਸ੍ਰੀ ਦਸਮੇਸ਼ ਦੇ ਬਚਨ ਸੁਣਕੇ, ਨਾਵੇਂ ਗੁਰੂ ਜੀ ਖੁਸ਼ ਅਪਾਰ ਪਯਾਰੇ
ਬੋਲੇ ਅਸੀਂ ਏਹੋ ਅਜ਼ਮਾਂਵਦੇ ਸਾਂ, ਦੇਸ਼ ਰੱਖਯਾ ਦਾ ਕਿੰਨਾ ਪਿਆਰ ਪਯਾਰੇ
ਫੇਰ ਖੁਸ਼ੀ ਦੇ ਨਾਲ ਸਤਿਗੁਰੂ ਜੀ ਨੇ, ਕਹਿਆ ਸੰਗਤਾਂ ਤਈ ਉਚਾਰ ਪਯਾਰੇ
ਅਸੀਂ ਪਾਸ ਔਰੰਗੇ ਦੇ ਜਾਵਨੇ ਹਾਂ, ਲਾਹੁਣ ਵਾਸਤੇ ਧ੍ਰਤ ਦਾ ਭਾਰ ਪਯਾਰੇ
ਤੁਹਾਡੇ ਪਾਸ ਸ੍ਰੀ ਦਸਮੇਸ਼ ਸਾਹਿਬ, ਮਹਾਂ ਬਲੀ ਜੋਧੇ ਅਵਤਾਰ ਯਯਾਰੇ
ਪੁਟ ਦੇਣਗੇ ਜ਼ੁਲਮ ਦੀ ਜੜ੍ਹ ਪਿਛੋਂ, ਕਰ ਜ਼ਾਲਮਾਂ ਤਈਂ ਖੁਵਾਰ ਪਯਾਰੇ
ਜਿਵੇਂ ਹੁਕਮ ਅਕਾਲ ਦਾ ਓਹੋ ਹੋਣਾ, ਤੁਸੀਂ, ਕਰਨੀ ਕਾਰ ਸੰਭਾਰ ਪਯਾਰੇ
ਦਿਲੀ ਜਾਣ ਦੇ ਲਈ ਕਰਤਾਰ ਸਿੰਘਾ, ਸਤਿਗੁਰੂ ਜੀ ਹੋਏ ਤਯਾਰ ਪਯਾਰੇ

ਵਾਕ ਕਵੀ

ਧੰਨ ਧੰਨ ਸ੍ਰੀ ਦਸਮੇਸ਼ ਪਿਤਾ, ਤੇਰਾ ਦੇਸ ਦੇ ਨਾਲ ਪਿਆਰ ਵਡਾ

ਹੁਬਲ ਵਤਨੀ ਦਾ ਮਾਦਾ ਵਿਚ ਤੇਰੇ, ਛੋਟੀ ਉਮ੍ਰ ਰਿਹਾ ਲਹਿਰਾਂ ਮਾਰ ਵਡਾ
ਏਹ ਪਿਤਾ ਜੀ ਨੂੰ ਜਿਹੜਾ ਸੁਖਨ ਕਹਿਆ·ਦਿਤਾ ਹੌਸਲਾਏਹ ਦਿਖਾਰ ਵਡਾ
ਏਸੇ ਲਈ ਤੈਨੂੰ ਕਰਤਾਰ ਸਿੰਘਾ, ਦੇਸ ਕਹੇ ਧਰਮੀ ਅਵਤਾਰ ਵਡਾ

### ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਿਲੀ ਜਾ ਕੇ ਸੀਸ ਕੁਰਬਾਨ ਕਰਨਾ

ਏਸੇ ਤਰ੍ਹਾਂ ਭਾਣੇ ਏਸ ਵਰਤਨਾ ਸੀ, ਗੁਰੂ ਜਾਣਦੇ ਸੀ ਜਾਨੀ ਜਾਨ ਭਾਈ
ਦੁਖੀ ਦੇਸ ਉਤੇ ਤਰਸ ਖਾ ਕੇ ਜੀ, ਗੁਰੂ ਪੰਡਿਤਾਂ ਤਈਂ ਸੁਨਾਨ ਭਾਈ
ਤੁਸੀਂ ਰਲ ਸੂਬੇ ਤਾਈਂ ਜਾ ਆਖੋ, ਇਉਂ ਬਾਹਮਨਾਂ ਤਈਂ ਸਿਖਾਨ ਭਾਈ
ਪਹਿਲਾਂ ਹਿੰਦ ਦੇ ਪੀਰ ਨੂੰ ਫੜੋ ਤੁਸੀਂ, ਜਾਂ ਕਰ ਲਵੋ ਮੁਸਲਮਾਨ ਭਾਈ
ਮੁਸਲਮਾਨ ਆਪੇ ਅਸੀਂ ਹੋ ਜਾਂਗੇ, ਲਗੇ ਰੋੜਕਾ ਝਟ ਮੁਕਾਨ ਭਾਈ
ਜਾ ਪੰਡਿਤਾਂ ਸੂਬੇ ਨੂੰ ਕਿਹਾ ਇਹੋ, ਦਿਲੀ ਖਬਰ ਓਹ ਝਟ ਪੁਚਾਨ ਭਾਈ
ਓਥੋਂ ਅਹਿਦੀਏਗੁਰਾਂ ਵਲ ਆਉਣ ਲਗੇ,ਸੁਣੋ ਅਗਲਾ ਥੋੜ੍ਹਾਬਯਾਨ ਭਾਈ
ਗੁਰਾਂ ਵੇਖਯਾ ਭਾਣੇ ਦਾ ਸਮਾਂ ਨੇੜੇ, ਝਟ ਤਯਾਰੀਆਂ ਫੇਰ ਵਜਾਨ ਭਾਈ
ਗਲ ਬਾਤ ਸਮਝਾ ਦਸਮੇਸ਼ ਤਾਈਂ ਧੀਰਜ ਮਾਈਆਂ ਤਈਂ ਧਰਾਨ ਭਾਈ
ਸਭ ਕੰਮ ਸੌਂਪੇ ਸਿਆਣਿਆਂ ਨੂੰ, ਕੂਚ ਦਿਲੀ ਦੇ ਵਲ ਬੁਲਾਨ ਭਾਈ
ਸਤਾਰਾਂ ਸੌ ਸੀ ਬਤੀਆਂ ਹਾੜ ਬਾਰਾਂ, ਚਲੇ ਧਰਮ ਉਤੇ ਸੀਸ ਲਾਨ ਭਾਈ
ਰਾਹੀਂ ਤਾਰਦੇ ਸੰਗਤਾਂ ਪ੍ਰੇਮੀਆਂ ਨੂੰ, ਦਿਲੀ ਪਹੁੰਚ ਗਏ ਭਗਵਾਨ ਭਾਈ
ਓਥੇ ਬਹੁਤ ਸਵਾਲ ਜਵਾਬ ਹੋਏ, ਨਾਲ ਸ਼ਾਹ ਔਰੰਗੇ ਦੇ ਜਾਨ ਭਾਈ
ਓਹ ਚਾਹੇ ਗੁਰੂ ਮੁਸਲਮਾਨ ਹੋਵਨ, ਗੁਰੂ ਜ਼ੁਲਮ ਤੋਂ ਓਹਨੂੰ ਹਟਾਨ ਭਾਈ
ਉਹ ਆਪਣੇ ਹਠ ਤੋਂ ਟਲਿਆ ਨ, ਗੁਰ ਧਰਮ ਤੇ ਹੋਏ ਕੁਰਬਾਨ ਭਾਈ
ਦਿਤਾ ਸੀਸ ਪਰਸਿਰੜਨ ਜਾਨ ਦਿਤਾ,ਰਖ ਧਰਮਦਾਲਿਆ ਨਿਸ਼ਾਨ ਭਾਈ
ਤੇਰਾਂ ਮਘਰੋਂ ਤੇ ਐਤਵਾਰ ਹੈ ਸੀ, ਵਿਚ ਚਾਨਣੀ ਚੌਂਕ ਪਛਾਨ ਭਾਈ
ਦੇਹ ਭੰਨ ਔਰੰਗੇ ਦੇ ਸਿਰ ਠੀਕਰ, ਗੁਰਪੁਰੀ ਨੂੰ ਸਤਿਗੁਰ ਜਾਨ ਭਾਈ
ਧੜ ਲਖੀ ਵਣਜਾਰਾ ਸੀ ਲੈ ਗਿਆ,ਸੀਸ †ਜੈਤਾ ਲਿਆਯਾ ਜਵਾਨ ਭਾਈ

---

†ਜੈਤਾ—ਮਜ਼੍ਹਬੀ ਸਿਖ ਸੀ, ਏਸ ਨੂੰ ਗੁਰੂ ਦਸਮੇਸ਼ ਜੀ ਨੇ ਵਰ ਦਿਤਾ ਸੀ—
ਰੰਘਰੇਟਾ ਗੁਰੂ ਕਾ ਬੇਟਾ।

ਰਕਾਬ ਗੰਜ ਸੀ ਧੜ ਸਸਕਾਰ ਹੋਯਾ, ਸੀਸ ਪੁਰ ਆਨੰਦ ਜਲਾਨ ਭਾਈ
ਨਾਵੇਂ ਗੁਰੂ ਜੀ ਭਾਣਾ ਵਰਤਾ ਗਏ, ਸਾਰਾ ਜਾਣਦਾ ਹੈ ਜਹਾਨ ਭਾਈ
ਰਖ ਹਿੰਦ ਦੇ ਤਈਂ ਕਰਤਾਰ ਸਿੰਘਾ, ਜ਼ੁਲਮ ਰਾਜ ਦਾ ਬੇੜਾ ਰੁੜ੍ਹਾਨ ਭਾਈ

ਵਾਕ ਕਵੀ

ਨਾਵੇਂ ਗੁਰੂ ਜੀ ਦਾ ਥੋੜਾ ਹਾਲ ਲਿਖਯਾ, ਏਥੇ ਨਹੀਂ ਕੀਤਾ ਵਿਸਥਾਰ ਪਯਾਰੇ
ਰਹੀ ਜ਼ਿੰਦਗੀ ਤੇ ਸਾਰਾ ਲਿਖਾਂਗਾ ਜੀ, ਏਹ ਭੀ ਵਖਰਾ ਗ੍ਰੰਥ ਸੁਧਾਰ ਪਯਾਰੇ
ਏਥੇ ਲਿਖਯਾਂ ਏਹ ਗਰੰਥ ਵਡਾ, ਹੋ ਜਾਂਵਦਾ ਲਵੋ ਵਿਚਾਰ ਪਯਾਰੇ
ਲੰਮੀ ਰਖੀ ਹੈ ਆਸ ਕਰਤਾਰ ਸਿੰਘਾ, ਪੂਰੀ ਕਰੇਗਾ ਆਪ ਕ੍ਰਤਾਰ ਪਯਾਰੇ

ਤਥਾ

ਨਾਵੇਂ ਸਤਿਗੁਰਾਂ ਦਿਲੀ ਜਾ ਸੀਸ ਦਿਤਾ, ਦੁਖ ਝਲਕੇ ਹਠ ਦਿਖਾਯਾ ਬਹੁਤਾ
ਕਿਸੇ ਬਿਨਾਂ ਕਸੂਰ ਦੇ ਕਤਲ ਕੀਤੇ, ਸ਼ਾਹ ਔਰੰਗੇ ਨੇ ਜ਼ੁਲਮ ਕਮਾਯਾ ਬਹੁਤਾ
ਕੀਤਾ ਤਯਾਰ ਇਸ ਕਹਿਰਨੇ ਡੁਬਨੇ ਤੇ, ਬੇੜਾ ਜ਼ੁਲਮ ਦਾ ਥਰਥਰਾਯਾ ਬਹੁਤਾ
ਦੇਸ਼ਾਂ ਵਿਚ ਸਾਰੇ ਖਬਰ ਧੁਮ ਗਈ, ਗੁਸਾ ਸਭ ਦੇ ਚਿਤ ਸਮਾਯਾ ਬਹੁਤਾ
ਕਤਲ ਜ਼ਾਲਮਾਂ ਨੇ ਕਰ ਗੁਰਾਂ ਤਾਈਂ, ਸਾਰੀ ਹਿੰਦ ਦਾ ਚਿਤ ਦੁਖਾਯਾ ਬਹੁਤਾ
ਖਾਲੀ ਗਿਆ ਨ ਜ਼ੁਲਮ ਕ੍ਰਤਾਰ ਸਿੰਘਾ, ਫਲ ਏਹਦਾ ਔਰੰਗੇ ਪਾਯਾ ਬਹੁਤਾ

ਗੁਰਾਂ ਦੇ ਕੁਟੰਬ ਦਾ ਗੁਰਮਤਾ

ਜੋ ਹੋਣਾ ਸੀ ਸੋ ਤਾਂ ਹੋ ਗਿਆ, ਬੈਠ ਮਾਤਾ ਜੀ ਏਹ ਵਿਚਾਰ ਕਰਦੇ
ਪਾਸ ਸਦਕੇ ਮਾਮੇ ਕ੍ਰਿਪਾਲ ਜੀ ਨੂੰ, ਕਠਾ ਹੋਰ ਸਾਰਾ ਪਰਵਾਰ ਕਰਦੇ
ਚੰਗੇ ਚੰਗੇ ਮਸੰਦ ਮੁਸਾਹਿਬ ਸਿਆਣੇ, ਰਲ ਬੈਠ ਗੁਰਮਤਾ ਸੁਧਾਰ ਕਰਦੇ
ਨੌਮੇਂ ਸਤਿਗੁਰ ਜੀ ਦੇ ਨਮਿਤ ਪਹਿਲਾਂ, ਜੋ ਚਾਹੀਦਾ ਸੀ ਸੋ ਵਿਹਾਰ ਕਰਦੇ
ਗਦੀ ਝਟ ਬਠਾਲੀਏ ਸਾਹਿਬਜ਼ਾਦਾ, ਫੇਰ ਏਹ ਵਿਚਾਰ ਹੁਸ਼ਿਆਰ ਕਰਦੇ
ਦਿਨ ਪਹਿਲੀ ਵਿਸਾਖ ਕਰਤਾਰ ਸਿੰਘਾ, ਸਾਰੇ ਮਿਥਕੇ ਖੁਸ਼ੀ ਅਪਾਰ ਕਰਦੇ

ਮਾਤਾ ਜੀ ਨੇ ਸੰਗਤਾਂ ਵਲ ਹੁਕਮਨਾਮੇ ਲਿਖਵਾਨੇ

ਲਿਖ ਹੁਕਮਨਾਮੇ ਦਿਤੇ ਹਥ ਸਿਖਾਂ, ਕਹਿਆ ਸਭ ਦੇਸਾਂ ਵਿਚ ਜਾਵਨਾ ਜੇ
ਜੋ ਗੁਰਾਂ ਦਾ ਸਿਖ ਅਖਾਂਵਦਾ ਹੈ, ਤਿਸ ਚਲ ਅਨੰਦ ਪੁਰ ਆਵਨਾ ਜੇ

ਨਾਵੇਂ ਗੁਰਾਂ ਨੇ ਦਿਲੀ ਜਾ ਸੀਸ ਦਿਤਾ, ਦਸਮੇਸ਼ ਨੂੰ ਗਦੀ ਬਠਾਵਣਾ ਜੇ
ਸਤਾਰਾਂ ਸੌ ਏਹ ਤੇਤੀਆਂ ਸਭ ਸੰਮਤ, ਪਹਿਲਾ ਦਿਨ ਵਿਸਾਖ ਸੁਹਾਵਣਾ ਜੇ
ਮਾਈ, ਭਾਈ ਸਭ ਮੇਲੇ ਤੇ ਹੋਏ ਕਠੇ, ਆਣ ਰੌਣਕਾਂ ਤਈਂ ਵਧਾਵਣਾ ਜੇ
ਏਹ ਸਮਾਂ ਅਮੋਲ ਕਰਤਾਰ ਸਿੰਘਾ, ਕੰਮਾਂ ਵਿਚ ਨਾ ਵਲ ਗਵਾਵਣਾ ਜੇ

ਵਾਕ ਕਵੀ

ਹੁਕਮਨਾਮਿਆਂ ਨੂੰ ਸਿਖ ਲੈ ਟੁਰੇ, ਦੇਸਾਂ, ਦੇਸਾਂ ਦੇ ਵਿਚ ਪੁਚਾਏ ਸਾਰੇ
ਜਿਥੇ ਜਿਥੇ ਸੀ ਸੰਗਤਾਂ ਗੁਰਾਂ ਦੀਆਂ, ਫੈਲ ਜਾ ਸਨੇਹੇ ਸੁਣਾਏ ਸਾਰੇ
ਨਾਵੇਂ ਸਤਿਗੁਰਾਂ ਦਾ ਸਾਕਾ ਸੁਨ ਕਰਕੇ, ਸਭ ਸੰਗਤਾਂ ਸ਼ੋਕ ਮਨਾਏ ਭਾਰੇ
ਭਾਰਾ ਜ਼ੁਲਮ ਏਹ ਸੁਨ ਔਰੰਗਜ਼ੇਬੀ, ਗੁਸੇ ਦਿਲਾਂ ਦੇ ਵਿਚ ਸਮਾਏ ਭਾਰੇ
ਹੈ ਇਹ ਤੁਰਕ ਤੋਂ ਬਦਲਾ ਲੈ ਲੈਣਾ, ਏਸ ਬੜੇ ਹਨੇਰ ਮਚਾਏ ਭਾਰੇ
ਸੁਣੋ ਅਗਬਾ ਹਾਲ ਕਰਤਾਰ ਸਿੰਘਾ, ਟੋਲੇ ਸੰਗਤਾਂ ਦੇ ਜਿਵੇਂ ਆਏ ਭਾਰੇ

ਸੰਗਤਾਂ ਦਾ ਅਨੰਦਪੁਰ ਨੂੰ ਆਉਣਾ

ਪੌਂਚ ਦੇਸ਼ ਪ੍ਰਦੇਸ਼ ਏਹ ਗਈਆਂ ਖਬਰਾਂ, ਵਜ ਘਰਘਰਹੋਈਆਂਤਯਾਰੀਆਂ ਨੇ
ਚਾਉ ਚੜੇ ਪਿਆਰੀਆਂ ਸੰਗਤਾਂ ਨੂੰ, ਤਯਾਰੇ ਵਜ ਪਏ ਇਕੋ ਵਾਰੀਆਂ ਨੇ
ਜ਼ਰ, ਨਕਦੀ ਕਪੜੇ ਹੋਰ ਜ਼ੇਵਰ, ਰਲ ਮੇਵੇ ਅਨੇਕ ਪਰਕਾਰੀਆਂ ਨੇ
ਘੋੜੇ, ਸ਼ਸਤ੍ਰ ਬਸਤ੍ਰ ਬਾਜ਼ ਸ਼ਿਕ੍ਰੇ, ਚੀਜਾਂ ਹੋਰ ਜੋ ਡਿਠੀਆਂ ਪਯਾਰੀਆਂ ਨੇ
ਲੈ ਲੈ ਕੇ ਸਭ ਤਯਾਰ ਹੋਏ, ਧੀਆਂ ਭੈਣਾਂ ਅਤੇ ਨਰ ਨਾਰੀਆਂ ਨੇ
ਜਿਵੇਂ ਜਿਵੇਂ ਜਾਂਦਾ ਚੇਤ ਮੁਕਦਾ ਸੀ, ਜਿਤ ਤਿਉਂ ਲੈਣ ਉਡਾਰੀਆਂ ਨੇ
ਕੇੜ੍ਹੀ ਘੜੀ ਜਾ ਚਲ ਦੀਦਾਰ ਕਰੀਏ; ਦਿਲਾਂ ਵਿਚ ਉਮੰਗਾਂਏਹ ਭਾਰੀਆਂ ਨੇ
ਆਨ ਚੰਦ ਚਕੋਰ ਤੇ ਮੋਰ ਵਾਂਗੂ, ਮਨਾਂ ਵਿਚ ਪਈਆਂ ਬੇਕਰਾਰੀਆਂ ਨੇ
ਥਾਂ; ਥਾਂ ਤੋਂ ਸੰਗਤਾਂ ਚਲ ਪਈਆਂ; ਸ਼ਬਦ ਗੌਂਦੀਆਂ ਖੁਸ਼ੀਆਂ ਧਾਰੀਆਂ ਨੇ
ਸੈਆਂ ਕੋਹਾਂ ਦੇ ਪੰਧ ਕਰਤਾਰ ਸਿੰਘਾ; ਪੈਦਲ ਆਉਂਦੀਆਂ ਗੁਰੂ ਸ੍ਵਾਰੀਆਂ ਨੇ

ਤਥਾ

ਗਿਆ ਦਿਨ ਵਿਸਾਖੀ ਦਾ ਆ ਨੇੜੇ; ਸਭ ਸੰਗਤਾਂ ਪਰੇਮ ਵਧਾ ਆਈਆਂ
ਕਾਬਲ, ਗਜ਼ਨੀ ਬਲਖਬੁਖਾਰੇ ਵਿਚੋਂ; ਤ੍ਰਿਠ ਦਰਸ ਪਯਾਸੀਆਂਧਾ ਆਈਆਂ

ਪੁਠੋਹਾਰ, ਧਨੀ, ਨੱਕਾ, ਦੜਪ, ਮਾਝਾ ਤੇ ਪਸ਼ੋਰ ਵਲੋਂ ਹੁਲਸਾ ਆਈਆਂ
ਕੰਢੀ, ਮਾਲਵਾ, ਬੇਚ ਤੇ ਦੇਸ ਲੰਮਾ, ਕਸ਼ਮੀਰ ਵਲੋਂ ਚਿਤ ਚਾ ਆਈਆਂ
ਦੁਆਬਾ, ਮੇਨ ਦੁਆਬ ਏਂਗਾਲ, ਪੂਰਬ, ਸਿੰਧ ਦਖਨੋਂ ਟੋਲੇ ਬਨਾ ਆਈਆਂ
ਚਹੁੰਆਂ ਪਾਸਿਆਂ ਤੋਂ ਖਬਰ ਹੋਈ ਜਿਥੇ, ਝਬ ਸੰਗਤਾਂ ਪੈਰ ਉਠਾ ਆਈਆਂ
ਹੋਈਆਂ ਕਠੀਆਂ ਵਿਚ ਅਨੰਦ ਪੁਰ ਦੇ, ਬਹੁਤ ਸੰਗਤਾਂ ਬੇ ਬਹਾ ਆਈਆਂ
ਘਟਾਂ ਸੌਣ ਵਿਚ ਔਂਦੀਆਂ ਚੜ੍ਹ ਜਿਵੇਂ, ਐਸੇ ਤਰ੍ਹਾਂ ਹੀ ਪਰੇ ਬਨਾ ਆਈਆਂ
ਯਥਾ ਸ਼ਕਤ ਭੇਟਾ ਹਾਜ਼ਰ ਲੈ ਆਈਆਂ, ਦੂਰਾਂ ਦੂਰਾਂ ਦੇ ਪੰਧ ਮੁਕਾ ਆਈਆਂ
ਮੇਲਾ ਭਰਿਆ ਬਹੁਤ ਕਰਤਾਰ ਸਿੰਘਾ, ਹੋਰ ਖਲਕਤਾਂ ਬੇਅੰਤਹਾ ਆਈਆਂ

ਅਨੰਦਪੁਰ ਵਿਚ ਰੌਣਕਾਂ

ਮੇਲਾ ਵਿਚ ਅਨੰਦਪੁਰ ਬਹੁਤ ਭਰਿਆ, ਸਾਰੇ ਰਸਤੇ ਟੁਟਨੇ ਆਂਵਦੇ ਨੇ
ਕੰਨੀਂ ਪੌਣ ਚੁਫੇਰਿਓਂ ਜੈਕਾਰੇ, ਛੋਟੇ ਢੋਲਕੀਆਂ ਸਭ ਲਾਂਵਦੇ ਨੇ
ਕੋਕਲ ਕੰਠ ਮਾਈਆਂ ਸ਼ਬਦ ਜੋਟੀਆਂ ਦੇ, ਔਨ ਹੋਂ ਦੀਆਂ ਚਿਤਾਂ ਨੂੰ ਸਭ ਲਾਂਵਦੇ ਨੇ
ਢੋਲ, ਢੋਲਕਾਂ ਤਬਲ ਮਜੀਰੀਆਂ ਦੇ, ਧੁਮਧਾਰ ਚੁਫੇਰ ਸੁਹਾਂਵਦੇ ਨੇ
ਢਾਡੀ, ਭਟ, ਰੁਬਾਬੀ ਤੇ ਸ਼ਾਇਰ ਕਈ, ਜਸ ਗੁਰਾਂ ਦਾ ਥਾਂ ਥਾਂ ਗਾਂਵਦੇ ਨੇ
ਭੀੜਾਂ ਗਲੀ ਬਜ਼ਾਰਾਂ ਦੇ ਵਿਚ ਪਈਆਂ, ਹਟਾਂ ਵਾਲੇ ਭੀ ਧਨ ਕਮਾਂਵਦੇ ਨੇ
ਗੁਰੂ ਘਰ ਵਲੋਂ ਕਈ ਥਾਈਂ ਲੰਗਰ ਆਮ ਲਗੇ ਰਹੇ ਲੋਕ ਖਾਂਵਦੇ ਨੇ
ਸਦਾ ਵਰਤ ਪਰੇਮੀਆਂ ਕਈ ਲਾਏ, ਰਾਤ ਦਿਨੇਂ ਪ੍ਰਸ਼ਾਦ ਵਰਤਾਂਵਦੇ ਨੇ
ਕਦੋਂ ਦਿਨ ਵਿਸਾਖੀ ਦਾ ਭਾਗ ਭਰਿਆ, ਆਵੇ ਪਏ ਪ੍ਰੇਮੀ ਤਕਾਂਵਦੇ ਨੇ
ਸਾਰਾ ਬੀਤਿਆ ਚੇਤ ਕਰਤਾਰ ਸਿੰਘਾ, ਲੋਕ ਖੁਸ਼ੀਆਂ ਬਹੁਤ ਮਨਾਂਵਦੇ ਨੇ

ਗੁਰੂ ਘਰ ਦੇ ਸੇਵਕਾਂ ਵਲੋਂ ਤਿਆਰੀਆਂ

ਮਾਮਾ ਜੀ ਨੇ ਮਾਤਾ ਦੀ ਆਗਯਾ ਪਾ, ਤਯਾਰ ਸਭ ਸਾਮਾਨ ਕਰਾਏ ਸੋਹਣੇ
ਹੁਣ ਏਸ ਵੇਲੇ ਜਿਥੇ ਦਮਦਮਾ ਹੈ, ਓਤੇ ਕੀਮਤੀ ਫਰਸ਼ ਵਿਛਾਏ ਸੋਹਣੇ
ਸਾਇਬਾਨ ਲਵਾਕੇ ਬਹੁਤ ਚੰਗੇ, ਚਾਰੋਂ ਤਰਫ ਹੀ ਸਾਜ ਸਜਾਏ ਸੋਹਣੇ
ਤਖਤ ਸ੍ਰੀ ਦਸਮੇਸ਼ ਦੇ ਬੈਠਣੇ ਨੂੰ, ਵਿਚ ਰਖ ਕੇ ਫਰਸ਼ ਵਿਛਾਏ ਸੋਹਣੇ
ਹੀਰੇ ਮੋਤੀਆਂ ਝਾਲਰਾਂ ਲਟਕ ਰਹੀਆਂ, ਬਹੁ ਕੀਮਤੀ ਗਦੇ ਲਵਾਏ ਸੋਹਣੇ

ਇੰਦ੍ਰ ਤਖਤ ਨਾਲੋਂ ਹੋਯਾ ਤਖਤ ਸੋਹਨਾ, ਜਾਹਿਰਾਤ, ਰਹੇ ਛਬ ਪਾਏ ਸੋਹਣੇ
ਗਿਰਦ ਥਾਂ, ਨੀਵੇਂ ਉੱਚੇ ਕੁਦਰਤੀ ਸਨ, ਸੋਭਾ ਰਹੇ ਪਹਾੜ ਵਧਾਏ ਸੋਹਣੇ
ਜਿੱਥੇ ਬੈਠਨਾ ਗੁਰਾਂ ਕਰਤਾਰ ਸਿੰਘਾ, ਕਿਉਂ ਨ ਹੋ ਓਹ ਥਾਂ ਸਥਾਏ ਸੋਹਣੇ

ਪਹਿਲੀ ਵਿਸਾਖੀ ਦਾ ਭਾਗ ਭਰਿਆ ਦਿਹਾੜਾ

ਰਾਤ, ਵਿਚ ਖੁਸ਼ੀ ਬੀਤੀ ਸੰਗਤ ਨੂੰ, ਸੂਰਜ ਚੜ੍ਹਿਆ ਦੇ ਚਮਕਾਰਿਆਂ ਨੂੰ
ਥਾਂ ਥਾਂ ਉਤੇ ਵਾਜੇ ਵਜ ਪਏ, ਰਹੀਆਂ ਸੰਗਤਾਂ ਬੋਲ ਜੈਕਾਰਿਆਂ ਨੂੰ
ਲੰਗਰ ਵਰਤ ਸ਼ਤਾਬੀ ਦੇ ਨਾਲ ਗਏ, ਥਾਂ ਮਲਨੇ ਦੀ ਪਈ ਸਾਰਿਆਂ ਨੂੰ
ਜਿੱਥੇ ਜਿਥੇ ਜਗ੍ਹਾ ਮਿਲੀ ਕਿਸੇ ਤਾਈਂ ਮਲ ਬੈਠ ਗਏ ਸਭ ਨਜ਼ਾਰਿਆਂ ਨੂੰ
ਕਿਹੜੇ ਵੇਲੇ ਸਤਿਗੁਰੂ ਜੀ ਬਾਹਰ ਆਵਣ, ਅੱਖਾਂ ਚੁਕ ਰਹੇ ਵੇਖ ਚੁਬਾਰਿਆਂ ਨੂੰ
ਤਯਾਰ ਸ੍ਰੀ ਦਸਮੇਸ਼ ਕਰਤਾਰ ਸਿੰਘਾ, ਹੋਏ ਦਰਸ਼ਨ ਦੇਣ ਪਿਆਰਿਆਂ ਨੂੰ

ਮਾਤਾ ਜੀ ਨੇ ਸ੍ਰੀ ਦਸਮੇਸ਼ ਜੀ ਨੂੰ ਤਯਾਰ ਕਰਕੇ ਦੀਵਾਨ ਵਿੱਚ ਭੇਜਣਾ

ਮਾਤਾ ਪਾ ਪੁਸ਼ਾਕ ਦਸਮੇਸ਼ ਤਾਈਂ, ਸਿਰ ਬੰਨ੍ਹ ਸੁੱਚੀ ਦਸਤਾਰ ਸੋਹਣੀ
ਕਲਗੀ ਤੋੜਾ ਲਗਾ ਸਿਰਪੇਚ ਹੱਥੀ, ਮਾਲਾ ਮੋਤੀਆਂ ਪਾ ਸਵਾਰ ਸੋਹਣੀ
ਕੰਠ, ਕੜੇ ਬੁਹਟੇ, ਨੌਰਤਨ ਪਾਏ, ਜ਼ਰੀਦਾਰ ਪੁਸ਼ਾਕ ਚਮਕਾਰ ਸੋਹਣੀ
ਕਮਰਕੱਸ ਕਰਵਾ ਕਮਾਨ ਭੱਥਾ, ਅਤੇ ਗਾਤਰੇ ਪਾ ਤਲਵਾਰ ਸੋਹਣੀ
ਗੁਰ ਅੱਗੇ ਹੀ ਰੂਪ ਦੀ ਕਾਨ ਆਹੇ, ਸ਼ੋਭਾ ਬਣ ਗਈ ਅਪਰ ਅਪਾਰ ਸੋਹਣੀ
ਕਰਤਿਯਾਰ ਬਰਤਯਾਰ ਅਰਦਾਸ ਕਰਕੇ, ਤੋਰੇ ਖੁਸ਼ੀ ਦੀ ਘੜੀ ਵਿਚਾਰ ਸੋਹਣੀ
ਦਾਸ ਦਾਸੀਆਂ ਤਈਂ ਰਜਾ ਦਿੱਤਾ, ਮਾਯਾ ਸਿਰ ਉੱਤੋਂ ਵਾਰ ਵਾਰ ਸੋਹਣੀ
ਧੰਨ ਉਨ੍ਹਾਂ ਦੇ ਭਾਗ ਕ੍ਰਤਾਰ ਸਿੰਘਾ, ਜਿਨ੍ਹਾਂ ਡਿੱਠਾ ਓਹ ਸੂਰਤ ਅਪਾਰ ਸੋਹਣੀ

ਸ੍ਰੀ ਦਸਮੇਸ਼ ਜੀ ਦੇ ਦਰਸ਼ਨ

ਮਾਮੇ ਜੀ ਨੂੰ ਨਾਲ ਲੈ ਗੁਰੂ ਸਾਹਿਬ, ਝੱਟ ਘੋੜੇ ਕੁਮੈਤ ਅਸਵਾਰ ਹੋਏ
ਜਿਸ ਵਕਤ ਮਹਿਲਾਂ ਵਿਚੋਂ ਬਾਹਰ ਆਏ, ਵਾਜੇ ਵੱਜ ਪਏ ਜੇ ਜੈਕਾਰ ਹੋਏ
ਚੰਦ ਬੱਦਲਾਂ ਦੇ ਵਿੱਚੋਂ ਨਿਕਲਿਆ ਜਿਉਂ, ਵੇਖ ਸਿੱਖ ਚਕੋਰ ਬਲਿਹਾਰ ਹੋਏ
ਇਕੋ ਵਾਰ ਹੀ ਸੰਗਤਾਂ ਝੁਕ ਪਈਆਂ, ਸੱਚੇ ਗੁਰੂ ਦੇ ਜਦੋਂ ਦੀਦਾਰ ਹੋਏ
ਫੁੱਲ ਗਲੀ ਬਜ਼ਾਰਾਂ ਦੇ ਵਿਚ ਬਰਸੇ, ਖੁਸ਼ੀ ਵੇਖ ਬਹੁਤੇ ਨਰ ਨਾਰ ਹੋਏ

ਚੋਰ ਹੋਂਵਦੇ ਗਾਂਵਦੇ ਭਟ ਅਗੇ, ਕਰ ਦਮਦਮੇ ਵਲ ਮੁਹਾਰ ਹੋਏ
ਹੌਲੀ ਹੌਲੀ ਦੀਵਾਨ ਦੇ ਵਿਚ ਆਏ, ਖੜੇ ਸਭ ਅਗੋਂ ਇਕੋ ਵਾਰ ਹੋਏ
ਸਤਿ ਸ੍ਰੀ ਅਕਾਲ ਕਰਤਾਰ ਸਿੰਘਾ, ਅਤੇ ਜੈ ਕਾਰੇ ਬਾਰ ਬਾਰ ਹੋਏ

ਗੁਰ ਗਦੀ ਦੀ ਰਸਮ॥

ਬਾਲ ਰੂਪ ਸਤਿਗੁਰ ਜੀ ਤੇਜ ਭਰੇ, ਬੈਠੇ ਗਦੀ ਤਾਈਂ ਨਮਸ਼ਕਾਰ ਕਰਕੇ
ਫੁਲਝੜੀ ਲਗੀ ਚਹੁੰਆਂ ਪਾਸਿਆਂ ਤੋਂ, ਸਿਖ ਹੋਏ ਨਿਹਾਲ ਦੀਦਾਰ ਕਰਕੇ
ਗਾਉਣ ਸੰਗਤਾਂ ਮੰਗਲ ਚਾਓ ਭਰੀਆਂ, ਵਾਜੇ ਵਜਦੇ ਖ਼ੂਬ ਘੁਮਕਾਰ ਕਰਕੇ
ਮਨ ਸਭ ਦੇ ਬੜੇ ਆਨੰਦ ਹੋਏ, ਸੁੰਦਰ ਰੂਪ ਅਨੂਪ ਨਿਹਾਰ ਕਰਕੇ
ਫੇਰ ਬਾਬੇ ਬੁਢੇ ਦੀ ਔਲਾਦ ਵਿਚੋਂ, ਖ਼ੁਸ਼ੀ ਗਾਈ ਗੁਰਦਿਤੇ ਨੇ ਧਾਰ ਕਰਕੇ
ਗੁਰਰੀਤ ਅਨੁਸਾਰ ਆ ਤਿਲਕ ਕੀਤਾ, ਗੁਰਗਦੀ ਦੀ ਰਸਮਵਿਚਾਰ ਕਰਕੇ
ਮਥਾ ਟੇਕਿਆ ਸੌਂਪ ਗੁਰਿਆਈ ਦਿਤੀ ਵਜ ਸ਼ਾਮਿਆਨੇ ਜੈ ਜੈ ਕਾਰ ਕਰਕੇ
ਮਨ ਸੰਗਤਾਂ ਦੇ ਚਾਓ ਬਹੁਤ ਵਧਿਆ, ਲਗੇ ਦੇਨਵਧਾਈਆਂ ਉਚਾਰ ਕਰਕੇ
ਓਸ ਵਕਤ ਜੋਖ਼ੁਸ਼ੀ ਦਾ ਸਮਾਂਬਣਿਆ,ਲਿਖਾਂ ਕਿਸਤਰ੍ਹਾਂ ਮੈਂਵਿਸਤਾਰ ਕਰਕੇ
ਇਹ ਉਤਸਵ ਜਿਨ੍ਹਾਂ ਕਰਤਾਰ ਸਿੰਘਾ;ਡਿਠਾ ਆਏ ਸਨ ਭਾਗਅਪਾਰ ਕਰਕੇ

ਸੰਗਤਾਂ ਵਲੋਂ ਚੜ੍ਹਾਵੇ

ਜਦੋਂ ਤਿਲਕ ਗੁਰਿਆਈਦਾ ਹੋ ਗਯਾ, ਨਰ ਨਾਰੀਆਂਖ਼ੁਸ਼ੀ ਮਨਾਉਨ ਭਾਈ
ਫੇਰ ਉੱਠ ਬੇਦੀ, ਸੋਢੀ ਤੇਹਣ; ਭਲ ਰਸਮ ਤਿਲਕਦੀਪੂਰੀ ਕਰਾਉਨ ਭਾਂਈ
ਮੋਹਰ ਮੋਹਰ ਵਾਰੀ ਵਾਰੀ ਧਰ ਅਗੇ, ਦੇ ਪੁਸ਼ਾਕੀਆਂ ਸੀਸ ਝੁਕਾਉਨ ਭਾਈ
ਜੋੜੀ ਕੜਿਆਂ ਇਕ ਪੁਸ਼ਾਕ ਸੁਚੀ, ਕਲਗੀ ਜਿਗ੍ਹਾ ਜੜਾਊ ਸੁਹਾਉਨ ਭਾਈ
ਘੋੜਾ ਸਾਜ਼ ਸੁਨਹਿਹੀ ਦੇ ਸਣੇ ਚੰਗਾ, ਪੰਜੇ ਸ਼ਸਤ੍ਰ ਨਾਲ ਗਨਾਉਨ ਭਾਈ
ਮਾਮੇ ਆਨ ਸਤਿਗੁਰਾਂ ਦੀ ਭੇਟ ਕੀਤੇ, ਵਾਹ ਵਾਹ ਸਭ ਲੋਕ ਸੁਨਾਉਨ ਭਾਈ
ਏਸ ਤਰ੍ਹਾਂ ਭਾਈ ਗੁਰਦਿਤਾ ਜੀ ਭੀ, ਜੋ ਸਰਿਆ ਭੇਟ ਚੜ੍ਹਾਉਨ ਭਾਈ
ਇਕ ਸਾਜ ਸਰਨ ਦੇ ਸਣੇ ਘੋੜਾ, ਨਾਲੇ ਬਾਜ਼ ਤਲਵਾਰ ਰਖਾਉਨ ਭਾਈ
ਮਾਲਾ ਮੋਤੀਆਂ ਪਗ ਦੁਸ਼ਾਲਾ ਸੋਹਣਾ; ਤੇ ਲਾਹੌਰੀ ਕਠਾਨ ਟਕਾਉਨ ਭਾਈ
ਪੰਜ ਧਰ ਮੋਹਰਾਂ ਦਿਤਾ ਟੇਕ ਮਥਾ; ਲਗੀ ਸੰਗਤਾਂ ਦੀ ਵਾਰੀਆਉਨ ਭਾਈ

ਢੇਰ ਲੱਗ ਗਏ ਦੌਲਤਾਂ ਸ਼ਸਤ੍ਰਾਂ ਦੇ, ਵਾਰੋ ਵਾਰੀ ਸਭ ਆਨ ਚੜ੍ਹਾਉਨ ਭਾਈ
ਵਖੋ ਵਖਰੇ ਪਰਗਣੇ ਹੋ ਕਠੇ, ਲਗੇ ਮਾਯਾ ਦਾ ਮੀਂਹ ਬਰਸਾਉਨ ਭਾਈ
ਜ਼ਰੀ, ਚੋਵਰਾਂ, ਤੇਵਰਾਂ, ਬਸਤ੍ਰਾਂ ਦੇ, ਢੇਰ ਲਗ ਗਏ ਨ ਸਮਾਉਨ ਭਾਈ
ਕੌਣਗਿਣੇ ਦੁਸ਼ਾਲਿਆਂ ਘੋੜਿਆਂ ਨੂੰ,ਸੋਨਾ; ਚਾਂਦੀ ਹੀਰੇ ਮੋਤੀ ਭਾਉਨ ਭਾਈ
ਏਸੇ ਤਰ੍ਹਾਂ ਨ ਅੰਤ ਹਿਸਾਬ ਰਿਹਾ, ਵਧ ਸੰਗਤਾਂ ਪ੍ਰੇਮ ਦਖਾਉਨ ਭਾਈ
ਏਨੇ ਚਿਰ ਨੂੰ ਝਟ ਪ੍ਰਸ਼ਾਦ ਸੇਵਕ, 'ਕਰ' ਪੰਜ ਹਜਾਰ ਦਾ ਲਿਆਉਨ ਭਾਈ
ਸੌਂਪੀ ਗਈ ਅ੍ਰਦਾਸ ਸਭ ਖੜੇ ਹੋਏ, ਸਭ ਤਈ ਇਕਸਾਰ ਵਰਤਾਉਨ ਭਾਈ
ਯਥਾ ਯੋਗ ਪਾਏ ਦਾਨ ਸਾਰਿਆਂ ਨੇ, ਲੋਕ ਮੰਗਤੇ ਯਸ ਨੂੰ ਗਾਉਨ ਭਾਈ
ਮਾਈ, ਭਾਈ ਆਨੰਦ, ਆਨੰਦ ਹੋਏ, ਵਾਜੇ ਵਜ ਆਕਾਸ਼ ਗੁਜਾਉਨ ਭਾਈ
ਸਾਰਾ ਦਿਨ ਨਖੁਸ਼ੀ ਦਾ ਅੰਤ ਰਿਹਾ, ਓਹ ਸਰਗਦੀ ਘੜੀ ਲੰਘਾਉਨ ਭਾਈ
ਚੌਥੇ ਪਹਿਰ ਦੀਵਾਨ ਸਮਾਪਤੀ ਹੋ, ਲੋਕ ਬਾਹਰ ਅੰਦਰ ਫੇਰ ਜਾਉਨ ਭਾਈ
ਰਾਤ ਦੀਪਮਾਲਾ ਕੀਤੀ ਸਾਰਿਆਂ ਨੇ,ਵਡੀਮਾਤਾ ਜੀ ਖੁਸ਼ੀ ਜਤਾਉਨ ਭਾਈ
ਦਿਤੇ ਦਾਨ ਗਰੀਬਾਂ ਨੂੰ ਬਹੁਤ ਭਾਰੇ, ਮੂੰਹੋਂ ਮੰਗਦੇ ਜੋ ਸੋਈਓ ਪਾਉਨ ਭਾਈ
ਏਸ ਵਡੇ ਤਿਉਹਾਰ ਦੀ ਖੁਸ਼ੀ ਕਰਕੇ, ਨਾਵੇਂ ਗੁਰਾਂ ਦਾ ਸ਼ੋਕਭੁਲਾਉਨ ਭਾਈ
ਮੇਲਾ ਬੜਾ ਏਹ ਹੋਯਾ ਕ੍ਰਤਾਰ ਸਿੰਘਾ, ਸੋਗ ਦਿਲਾਂ ਤੋ ਸਭ ਮਟਾਉਨ ਭਾਈ

ਵਾਕ ਕਵੀ

ਰਾਖਾ ਧਰਮ ਦਾ ਗਦੀ ਸੰਭਾਲ ਬੈਠਾ, ਸਾਰੇ ਦੇਸ ਦੇ ਵਿਚ ਵਧਾਈ ਹੋਈ
ਚਾਂਉ ਚੜ੍ਹੇ ਪਿਆਰੀਆਂ ਸੰਗਤਾਂ ਨੂੰ, ਜਾਂਦੇ ਧਰਮ ਦੀ ਪੈਰ ਠੈਹਰਾਈ ਹੋਈ
ਸੋਗ ਵਰਤ ਗਿਆ ਘਰੀਂ ਜ਼ਾਲਮਾਂਦੀ,ਰਾਜ ਭਾਗ ਅੰਦਰ ਢਲਿਆਈ ਹੋਈ
ਦੀਵਾਜ਼ੁਲਮ ਦਾਆ ਗੁਲ ਹੋਣਲਗਾ, ਆਣ ਹਿੰਦੂਆਂ ਘਰੀਂ ਰੁਸ਼ਨਾਈ ਹੋਈ
ਫਿਕਾ ਤੇਜ਼ ਪ੍ਰਤਾਪ ਚੁਗਤਿਆਂ ਦਾ, ਜਤ ਧਰਮ ਦੀ ਝਟ ਸਵਾਈ ਹੋਈ
ਕਲਗੀਧਰ ਦੀ ਜੈ ਕਰਤਾਰ ਸਿੰਘਾ, ਤੇ ਔਰੰਗੇ ਦੀ ਖੇਹ ਸੁਨਾਈ ਹੋਈ

ਦੂਸਰੇ ਦਿਵਸ ਨੂੰ ਫੇਰ ਦੀਵਾਨ ਲਗਣਾ ਤੇ ਸੰਗਤਾਂ ਨੂੰ ਉਪਦੇਸ

ਦਿਨ ਦੂਸਰੇ ਫੇਰ ਦੀਵਾਨ ਲਗਾ, ਵਿਚ ਆਣ ਬੈਠੇ ਚਾਓ ਸਾਰੇ
ਗਦੀ ਬੈਠ ਸ੍ਰੀ ਦਸਮੇਸ਼ ਜੀ ਨੇ, ਕਹਿਆ ਬਚਨ ਸਾਡਾ ਦਿਲ ਲਾਓ ਸਾਰੇ

ਨਾਵੇਂ ਗੁਰੂ ਜੀ ਦਾ ਪਹਿਲੇ ਸੀਸ ਦੇਣਾ, ਉਹ ਸੁਣਾਯਾ ਨਾਲ ਫੈਲਾਓ ਸਾਰੇ
ਸੁਣ ਸੰਗਤਾਂ ਦੇ ਦਿੱਲੀਂ ਰੋਹ ਭਰੇ, ਡਾਢੇ ਗੁਸ ਦੇ ਲੱਗ ਗਏ ਘਾਓ ਸਾਰੇ
ਵੇਖੋ ਪਿਆਰਿਓ ਹਾਕਮ ਦੁਸ਼ਟ ਹੋਏ, ਕਿਹੇ ਬੁਰੇ ਕਰਦੇ ਵਰਤਾਓ ਸਾਰੇ
ਜ਼ਾਲਮ ਲੋਕ ਹੋਏ ਵੈਰੀ ਧਰਮ ਦੇ ਨੇ, ਪਰਜਾ ਤਾਈਂ ਦੇ ਰਹੇ ਸਤਾਓ ਸਾਰੇ
ਰੋਜ਼ ਲੋਕ ਹੁੰਦੇ ਮੁਸਲਮਾਨ ਜਾਂਦੇ, ਪਏ ਧਰਮ ਨੂੰ ਰਹੇ ਘਟਾਓ ਸਾਰੇ
ਸੈ ਮੰਦ੍ਰ ਢੇਹ ਬਰਬਾਦ ਹੋਏ, ਦਿੱਤੇ ਦੂਰ ਕਰ ਸ਼ਰਮ ਹਯਾਓ ਸਾਰੇ
ਸ਼ਰ੍ਹਾ ਵਾਲਿਆਂ ਨੇ ਜ਼ੋਰ ਬਹੁਤ ਪਾਯਾ, ਭੂਹੇ ਹੋਏ ਕਾਜ਼ੀ ਉਲਮਾਓ ਸਾਰੇ
ਜੋ ਬੀਤਦੀ ਏ ਪਏ ਵੇਖਦੇ ਓ, ਐਵੇਂ ਕਾਸ ਨੂੰ ਦੁਖ ਉਠਾਓ ਸਾਰੇ
ਮਾੜੇ ਬਣੀਆ ਹੁਣ ਨ ਲੰਘਣੀਏਂ ਪਾਈ ਜਾਂਦੇ ਨੇ ਤੁਰਕ ਦਬਾਓ ਸਾਰੇ
ਏਸ ਜ਼ਿੰਦਗੀ ਤੋਂ ਮਰ ਜਣ ਚੰਗਾ, ਨਾ ਗੁਲਾਮ ਹੋ ਝੱਟ ਲੰਘਾਓ ਸਾਰੇ
ਮਾਲਾ ਫੇਰਿਆਂ ਝੱਟ ਨਾ ਲੰਘਣਾ ਜੇ, ਹੁਣ ਹੋਰ ਸੁਭਾ ਪਲਟਾਓ ਸਾਰੇ
ਕਰੇ ਸ਼ਸਤ੍ਰਾਂ ਦਾ ਅੱਭਯਾਸ ਸਦਾ, ਬੀਰ ਰੱਸ ਦੇ ਤਈਂ ਵਧਾਓ ਸਾਰੇ
ਸੂਰਬੀਰ ਬਣ, ਜਗ ਦੀ ਕਾਰ ਸਿਖ, ਤੇ ਔਲਾਦ ਨੂੰ ਅੱਗੋਂ ਸਿਖਾਓ ਸਾਰੇ
ਖ਼ੂਨ ਛਤ੍ਰੀ ਪੁਣੇ ਦਾ ਹੋਯਾ ਠੰਡਾ, ਓਹਨੂੰ ਕਰਕੇ ਗਰਮ ਜਗਾਓ ਸਾਰੇ
ਰਾਮ,ਕ੍ਰਿਸ਼ਨ ਅਤ ਅਰਜਨ ਭੀਮ ਵਾਂਗੂ, ਬਣ ਛਤ੍ਰੀ ਪੁੱਤ ਦਿਖਾਓ ਸਾਰੇ
ਮਰਨੇ ਮਾਰਨੇ ਤਈਂ ਤਯਾਰ ਹੋਵੇ, ਕਾਇਰਪੁਣੇ ਨੂੰ ਬਾਹਰ ਕਢਾਓ ਸਾਰੇ
ਹੋ ਕੇ ਸ਼ੇਰ ਦੇ ਵਾਂਗ ਆਜ਼ਦ ਫਿਰੋ, ਛਟ ਤੁਰਕ ਦੀ ਨੂੰ ਪਰੇ ਲਾਓ ਸਾਰੇ
ਜਿਸ ਤਰਾਂ ਦੀ ਵਗਦੀ ਹਵਾ ਪਈ, ਓਸੇ ਤਰਾਂ ਦੀ ਓਟ ਬਣਾਓ ਸਾਰੇ
ਇਟ ਚੁਕਦੇ ਨੂੰ ਪੱਥਰ ਲੈ ਮਿਲੋ, ਡਰ ਖਤਰਾ ਲਾਹ ਵਗਾਓ ਸਾਰੇ
ਜੋ ਜੰਮਿਆ ਓਸ ਨੇ ਮਰ ਜਾਣਾ, ਖੌਫ ਮੌਤ ਦਾ ਦਿਲੋਂ ਉਡਾਓ ਸਾਰੇ
ਜਿਨਾ ਚਿਰ ਨਹੀਂ ਚੁਕੋ ਸ਼ਸਤ੍ਰਾਂ ਨੂੰ, ਓਨਾਂ ਚਿਰ ਨਾ ਮਰਦ ਸਦਾਓ ਸਾਰੇ
ਰਨਾਂ ਬਣ ਜੋ ਪਤਾਂ ਲੁਹਾ ਬਹਿੰਦੇ, ਜੀਉਂਦੇ ਨਹੀਂ ਮੁਰਦੇ ਅਖਵਾਓ ਸਾਰੇ
ਹੁਣ ਸ਼ਸਤ੍ਰਾਂ ਨਾਲ ਪ੍ਰੀਤ ਪਾਵੋ ਮੇਰੇ ਸਿਖ ਜੇ ਤੁਸੀਂ ਜੇ ਤੁਸੀਂ ਕਹਾਓ ਸਾਰੇ
ਸਜੇ ਸਭ ਨੂੰ ਹੋਣ ਹੱਥਯਾਰ ਸੋਹਣੇ, ਜਦੋਂ ਦਰਸ਼ਨਾਂ ਨੂੰ ਫੇਰ ਆਓ ਸਾਰੇ
ਦੇਗ, ਤੇਗਜਾਂ ਪੰਥ ਦੇ ਹਥ ਹੋਸੀ, ਰਾਜ, ਭਾਗ ਤਾਈਏਂ ਫੇਰ ਪਾਓ ਸਾਰੇ

ਕਰੋ ਛਤ੍ਰੀ ਧਰਮ ਦੀ ਪਾਲਣਾ ਤਾਂ, ਮੇਰੇ ਕਹੇ ਨੂੰ ਨਹੀਂ ਭੁਲਾਓ ਸਾਰੇ
ਭਾਗ ਸਭ ਨੂੰ ਪੁਰਖ ਅਕਾਲ ਲਾਵੇ, ਧਾਰ ਖੁਸ਼ੀਆਂ ਘਰਾਂ ਨੂੰ ਜਾਓ ਸਾਰੇ
ਅਗੇ ਵੇਖ ਤੂੰ ਹੁਣ ਕਰਤਾਰ ਸਿੰਘਾ, ਕਿਵੇਂ ਵਗੇ ਜ਼ਮਾਨੇ ਦੀ ਵਾਓ ਸਾਰੇ

ਵਾਕ ਕਵੀ

ਸ੍ਰੀ ਗੁਰੂ ਜੀ ਦੇ ਵਾਕ ਜੋਸ਼ ਭਰੇ, ਅਸਰ ਸੰਗਤ ਤੇ ਚੰਗਾ ਪਾਂਵਦੇ ਨੇ
ਛੋਟੀ ਉਮਰ ਨਿਰਭੈਤਾ ਤੇਜ ਮਥੇ, ਮੋਏ ਬੀਰ ਰਸ ਤਈਂ ਜਗਾਂਵਦੇ ਨੇ
'ਪਹਿਲੀ ਸਿਖਯਾ' ਛਤ੍ਰੀ ਧਰਮ ਪਾਲੋ, ਲੈ ਕੇ ਦੇਸਾਂ ਪ੍ਰਦੇਸਾਂ ਨੂੰ ਜਾਂਵਦੇ ਨੇ
ਗਈਆਂ ਸੰਗਤਾਂ ਘਰੀਂ ਕਰਤਾਰ ਸਿੰਘਾ, ਵੇਖੋ ਗੁਰ ਕੀ ਰਚਨ ਰਚਾਂਵਦੇ ਨੇ

ਦਲੇਲੀ ਲਹਿਰਾਂ

ਆ ਸਾਕੀਆਂ ਭਰ ਦੇਹ ਸ਼ੌਕ ਪਯਾਲਾ, ਜਲਦ ਪ੍ਰੇਮ ਸੁਰਾਹੀ ਉਲਟਾ ਪਯਾਰੇ
ਜਿਗਰ ਜੋਸ਼ ਦੇ ਵਿਚ ਆ ਜਾਏ ਮੇਰਾ, ਹੁਣ ਲਿਆ ਸ਼ਤਾਬ ਪਿਲਾ ਪਯਾਰੇ
ਮਸਤ ਲਹਿਰ ਦੇ ਵਿਚ ਹੋ ਮਸਤ ਜਾਵੇ, ਦੇਵੇ ਹੋਸ਼ ਜਹਾਨ ਭੁਲਾ ਪਯਾਰੇ
ਸੋਹਣੇ ਸ਼ਿਹਰ ਮੋਤੀ ਘੁਟੀ ਬੈਠਾ ਹੈ ਜੋ, ਦਿਲ ਸਿਪ ਦਾ ਮੂੰਹ ਖੁਲ੍ਹਾ ਪਯਾਰੇ
ਅੱਖਾਂ ਵਿਚ ਖੁਮਾਰੀ ਦੀ ਤਾਰ ਆਵੇ, ਵਗੇ ਆਣਕੇ ਸ਼ੌਕ ਦੀ ਵਾ ਪਯਾਰੇ
ਦਿਲ ਖਿਲ ਜਾਵੇ ਕਵਲ ਫੁਲ ਵਾਂਗੂ, ਫੇਰ ਕਦੇ ਨ ਜਾਏ ਮੁਰਝਾ ਪਯਾਰੇ
ਭੌਰੇ ਵਾਂਗ ਦਲੀਲ ਆ ਟਿਕ ਜਾਵੇ, ਮੁੜ ਕਿਧਰੇ ਜਾਏ ਨ ਧਾ ਪਯਾਰੇ
ਲਵੇ ਗੁਰਾਂ ਦੇ ਯੱਸ ਦਾ ਰਸ ਭਾਰਾ, ਇਕ ਰਸ ਹੋ ਸੁਰਤ ਟਿਕਾ ਪਯਾਰੇ
ਸਾਰੇ ਬਾਗ਼ ਦਾ ਸੈਰ ਦਲੇਰ ਹੋ ਕੇ, ਕਰੇ ਜਾਏ ਨ ਮੂਲ ਘਬਰਾ ਪਯਾਰੇ
ਹੁਣ ਅਗੇ ਗੁਰੂ ਦਸਮੇਸ਼ ਜੀ ਦੇ, ਸੁਣੋ ਹਾਲ ਲੰਮੇ ਚਿਤ ਲਾ ਪਯਾਰੇ
ਰੌਣਕ ਖੁਸ਼ੀ ਮੁਸੀਬਤ ਕਰਤਾਰ ਸਿੰਘਾ, ਦੇਵਾਂ ਬੁਧ ਅਨੁਸਾਰ ਲਿਖਾ ਪਯਾਰੇ

ਤਥਾ—ਦੂਜਾ ਛੰਦ

ਆ ਸਾਕੀਆ ਭਰ ਪਿਆਲਾ, ਉਲਟ ਪ੍ਰੇਮ ਸੁਰਾਹੀ।
ਆ ਕੇ ਜਿਗਰ ਜੋਸ਼ ਦੇ ਅੰਦਰ, ਕਢੇ ਸ਼ਿਹਰ ਸਫਾਈ॥
ਮਸਤ ਤਰਾਰਾ ਦਿਲ ਨੂੰ ਆਵੇ, ਹੋਸ ਜਹਾਨੀ ਭੁਲੇ।
ਮੋਤੀ ਸ਼ਿਹਰ ਬੈਠਾ ਦਿਲ ਘੁਟੀ, ਪਰਦਾ ਗੈਬੀ ਖੁਲੇ॥

ਨੈਣਾਂ ਵਿਚ ਖੁਮਾਰੀ ਆਵੇ, ਵਗੇ ਪ੍ਰੇਮ ਬਿਆਰੀ ।
ਕੌਲ ਫੁਲ ਦਿਲ ਦਾ ਮੂਹ ਖੁਲ੍ਹੇ; ਖਿੜ ਜਾਏ ਇਕ ਵਾਰੀ ॥
ਆ ਦਲੀਲੋਂ ਲੈ ਖੁਸ਼ਬੋਆਂ, ਬਾਗ ਗੁਰਾਂ ਦੇ ਯਸੋਂ ।
ਵਾਂਗ ਭੌਰ ਲਗ ਏਸੇ ਪਾਸੇ, ਮੁੜ ਦੁਨਯਾਵੀ ਰਸੋਂ ॥
ਵੇਖ ਅਗੇ ਹੁਣ ਫੁਲ ਖਿੜਾਏ, ਕੁਦਰਤ ਨੇ ਕਈ ਰੰਗਾਂ ।
ਰੌਣਕ ਖੁਸ਼ੀਆਂ ਵੇਖ ਗੁਰਾਂ ਘਰ, ਨਾਲ ਮੁਸੀਬਤ ਜੰਗਾਂ ।
ਜੋ ਕੁਝ ਨਜ਼ਰੀ ਆਵੇ ਤੈਨੂੰ, ਸਾਫ ਲਿਖਾਂਦੀ ਜਾਈਂ ।
ਖਾਰ ਫੁਲਾਂ ਤੋਂ ਬਹੁਤੇ ਏਥੇ, ਵੇਖ ਮਤਾਂ ਘਬਰਾਈਂ ॥
ਚਲ ਅਗੇ ਕਰਤਾਰ ਸਿੰਘਾ, ਹੁਣ ਲੰਬੀ ਛੇੜ ਕਹਾਨੀ ।
ਲਾਂਭੋਂ ਹੋਰ ਵਧਾ ਨ ਬੇੜੇ, ਸਾਸ ਮਤਾਂ ਫਲ ਜਾਨੀ ॥

ਵਾਰ ਕਰੀ

ਗੱਦੀ ਬੈਠਕੇ ਸ੍ਰੀ ਦਸਮੇਸ਼ ਜੀ ਨੇ ਝਟ ਸਾਂਭ ਲਏ ਕਾਰੋ ਬਾਰ ਸਾਰੇ
ਸਭ ਰੀਤ ਸੰਭਾਲ ਲਈ ਗੁਰਾਂ ਵਾਲੀ, ਬੰਦੋਬਸਤ ਕਰ ਲਏ ਵਿਚਾਰ ਸਾਰੇ
ਘੋੜੇ ਬਸਤ੍ਰ ਸ਼ਸਤ੍ਰ ਹੋਏ ਕਠੇ, ਚਾੜ੍ਹੇ ਸੰਗਤਾਂ ਬੇ ਸ਼ੁਮਾਰ ਪਯਾਰੇ
ਦਿਤੇ ਵੰਡ ਓਹ ਸੇਵਕਾਂ ਸਾਰਿਆਂ ਨੂੰ, ਚੰਗੇ ਘੋੜੇ ਜੋੜੇ ਹਥਯਾਰ ਪਯਾਰੇ
ਇਕ ਫੌਜ ਚੰਗੀ ਆਪੇ ਬਣ ਗਈ, ਮੁਢ ਬੰਨ੍ਹ ਦਿਤੇ ਕਰਤਾਰ ਪਯਾਰੇ
ਮਾਯਾ ਆਣ ਪਈ ਇਕੋ ਵਾਰ ਕਠੀ, ਭਰ ਤਾਂ ਆਰ ਬੁਖਾਰ ਸਾਰੇ
ਲੰਗਰ ਸਤਿਗੁਰਾਂ ਫੇਰ ਵਧਾ ਦਿਤੇ, ਲਗੇ ਖਰਚ ਭੀ ਹੋਣ ਅਪਾਰ ਪਯਾਰੇ
ਉਥੇ ਬੁਝੇ ਆਪੇ ਕਠੇ ਹੋਣ ਲਗੇ, ਲੈਣ ਸਭ ਦੀ ਸਤਿਗੁਰ ਸਾਰ ਪਯਾਰੇ
ਆਉਣ ਸੰਗਤਾਂ ਨਿਤ ਚੜ੍ਹਾਉਣ ਮਾਯਾ, ਰੋਜ਼ ਭਰਦੇ, ਜਾਣ ਭੰਡਾਰ ਪਯਾਰੇ
ਭਾਰੀ ਰੌਣਕ ਵਧੀ ਕਰਤਾਰ ਸਿੰਘਾ, ਸਤਿਗੁਰ ਜੀ ਦੇ ਦਰਬਾਰ ਪਯਾਰੇ

ਸ੍ਰੀ ਦਸਮੇਸ਼ ਜੀ ਦੀ ਨਿੱਤ ਦੀ ਕਾਰ

ਵਡੇ ਸਤਿਗੁਰਾਂ ਦੀ ਜਿਵੇਂ ਰੀਤ ਆਹੀ, ਓਹੋ ਸ੍ਰੀ ਦਸਮੇਸ਼ ਠਹਿਰਾਂਵਦੇ ਜੀ
ਰਾਤ ਪਿਛਲੀ ਨਿਤ ਹੀ ਜਾਗ ਕਰਕੇ, ਸਭ ਸੋਚ ਅਸ਼ਨਾਨ ਕਰਾਂਵਦੇ ਜੀ
ਫੇਰ ਬੈਠ ਅਕਾਂਤਹੋ ਸ਼ਾਂਤ ਬ੍ਰਿਤੀ, ਬਾਹਰ ਵਿਚ ਦੀਵਾਨ ਦੇ ਆਂਵਦੇ ਜੀ

ਪੌਹ ਫੁਟਦੀ ਪਹਿਨ ਪੁਸ਼ਾਕ ਦਿਟੀ, ਬਾਹਰ ਦਿਨ ਦੀਵਾਨ-ਦੇ ਆਂਵਦੇ ਜੀ
ਆਸਾਵਾਰ ਦਾ ਭੋਗ ਪੇ ਜਦੋਂ ਜਾਂਦਾ, ਫੇਰ ਉੱਠਕੇ ਮਹਿਲਾਂ ਨੂੰ ਜਾਂਵਦੇ ਜੀ
ਮਾਤਾ ਨਾਨਕੀ ਤੇ ਮਾਤਾ ਗੁਜਰੀ ਦੇ, ਪਾਸ ਬੈਠ ਗਿਆਨ ਸੁਨਾਂਵਦੇ ਜੀ
ਪਹਿਲੇ ਲੰਗਰ ਦਾ ਵਜਦਾ ਵਾਜਾ, ਪਿਛੋਂ ਆਪ ਪ੍ਰਸ਼ਾਦ ਸੀ ਖਾਂਵਦੇ ਜੀ
ਥੋੜ੍ਹਾ ਕਰ ਆਰਾਮ ਤੇ ਪਹਿਰ ਤੀਜੇ, ਸ਼ਸਤ੍ਰ ਬਸਤ੍ਰਾਂ ਤਈਂ ਸਜਾਂਵਦੇ ਜੀ
ਨਾਲ ਲੈ ਕੇ, ਸੰਗੀਆਂ ਸਾਥੀਆਂ ਨੂੰ, ਕਦੇ ਕਰਨ ਸ਼ਕਾਰ ਨੂੰ ਧਾਂਵਦੇ ਜੀ
ਕਦੇ ਬਾਹਰ ਅਖਾੜਾ ਲਵਾ ਕਰਕੇ, ਪਹਿਲਵਾਨਾਂ ਦੇ ਤਈਂ ਘੁਲਾਂਵਦੇ ਜੀ
ਕਦੇ ਘੋੜ ਦੌੜਾਂ ਕਦੇ ਪਟੇਬਾਜ਼ੀ, ਕਦੇ ਤੀਰ ਤਲਵਾਰ ਚਲਾਂਵਦੇ ਜੀ
ਨੇਜ਼ਾਬਾਜ਼ੀ ਆਦਿਕ ਕਈ ਹੋਰ ਖੇਡਾਂ, ਚੋਜ ਸਤਿਗੁਰ ਦੇਖ ਦਿਖਾਂਵਦੇ ਜੀ
ਏਸੇ ਤਰ੍ਹਾਂ ਸਾਰੀ ਜੰਗੀ ਰੀਤ ਭਾਰੀ, ਸਿਖਾਂ ਸੇਵਕਾਂ ਤਈਂ ਸਿਖਾਂਵਦੇ ਜੀ
ਕਦੇ ਦੇ ਇਨਾਮ ਖਿਲਾੜੀਆਂ ਨੂੰ, ਦਿਲ ਉਨ੍ਹਾਂ ਦੇ ਸ਼ੌਂਕ ਵਧਾਂਵਦੇ ਜੀ
ਕਦੇ ਸੈਰ ਪਹਾੜਾਂ ਦੀ ਕਰਨ ਜਾਂਦੇ, ਕਦੇ ਨਦੀ ਵਿਚ ਤਾਰੀਆਂ ਲਾਂਵਦੇ ਜੀ
ਏਸ ਤਰ੍ਹਾਂ ਜਦੋਂ ਦਿਨ ਰਹੇ ਥੋੜ੍ਹਾ, ਫੇਰ ਬੈਠ ਦੀਵਾਨ ਲਗਾਂਵਦੇ ਜੀ
ਆਈਆਂ ਸੰਗਤਾਂ ਤਈਂ ਦੀਦਾਰ ਦੇ ਕੇ,ਨਾਮ ਦਾਨ ਉਪਦੇਸ਼ ਦ੍ਰਿੜ੍ਹਾਂਵਦੇ ਜੀ
ਗਲਾਂ ਜੰਗ ਦੀਆਂ ਛੇੜ ਸਰ ਵੇਲੇ, ਬੀਰ ਰਸ ਦੇ ਤਾਈਂ ਜਗਾਂਵਦੇ ਜੀ
ਜਦੋਂ ਬੈਠਦੇ ਸੂਰਮੇ ਜੋਧਿਆਂ ਦੇ, ਨਾਮ ਲੈ ਲੈ ਬੜੇ ਸਲਾਂਹਵਦੇ ਜੀ
ਸੇਵਕ ਸਿਖ ਜੋ ਲੈ ਹਥਿਆਰ ਆਵੇ, ਖੁਸ਼ੀ ਵੇਖ ਕੇ ਬੜੀ ਜਪਾਂਵਦੇ ਜੀ
ਮਹਾਂ ਭਾਰਤ ਰਾਮਾਯਨ ਦੇ ਜੰਗ ਸੁਣਦੇ,ਵਾਰਾਂ ਜੋਧਿਆਂ ਦੀਆਂ ਲਵਾਂਵਦੇ ਜੀ
ਏਸੇ ਤਰ੍ਹਾਂ ਦਿਨੋਂ ਦਿਨ ਜੰਗਾਂ ਵਾਲੀ, ਬੀਰ ਰਸ ਦੀ ਜਾਗ ਲਗਾਂਵਦੇ ਜੀ
ਕੋਈ ਘੋੜਾ ਜੇ ਹਥਿਆਰ ਲੈ ਆਵੇ, ਜੋ ਮੰਗਦਾ ਤੁਰੰਤ ਦਵਾਂਵਦੇ ਜੀ
ਜੋ ਆਂਵਦਾ ਸੂਰਮਾ ਬਲੀ ਯੋਧਾ, ਪਾਸ ਖੁਸ਼ੀ ਦੇ ਨਾਲ ਰਖਾਂਵਦੇ ਜੀ
ਜਿਹੜੇ ਕੰਮ ਨੂੰ ਆਏ ਸੀ, ਜੱਗ ਉੱਤੇ, ਇਕ ਦਮ ਨਾ ਓਹਨੂੰ ਭੁਲਾਂਵਦੇ ਜੀ
ਨਾਲ ਜ਼ਾਲਮਾਂ ਦੇ ਮਥਾ ਡਹੁਣ ਵਾਲਾ, ਹੌਲੀ ਹੌਲੀ ਮਨਾਨ ਮਲਾਂਵਦੇ ਜੀ
ਬੜਾ ਸਾਧਾ ਸੁਭਾ ਨਿਰਭੈ ਰਖਣ, ਭੈ ਕਿਸੇ ਤੋਂ ਮੂਲ ਨਾਂ ਖਾਂਵਦੇ ਜੀ
ਸਾਰੇ ਕੰਮਾਂ ਤੇ ਰੱਖਦੇ ਆਪ ਨਿਗ੍ਹਾ, ਭਾਰਾ ਤੇਜ਼ ਤੇ ਦਬਦਬਾ ਪਾਂਵਦੇ ਜੀ

ਭਾਵੇਂ ਉਮਰ ਸੀ ਗੁਰਾਂ ਦੀ ਬਹੁਤ ਛੋਟੀ, ਚੰਗੀ ਤਰ੍ਹਾਂ ਸਭ ਕਾਰ ਨਿਭਾਂਵਦੇ ਜੀ
ਮਹਾਂ ਬਲੀ ਦਸਮੇਸ਼ ਕਰਤਾਰ ਸਿੰਘਾ, ਦੇਖੋ ਕਿਸ ਤਰ੍ਹਾਂ ਪਾਪ ਮਿਟਾਂਵਦੇ ਜੀ

ਦੁਲਚੇ ਮਸੰਦ ਦਾ ਪ੍ਰਸੰਗ

ਬਰਸ ਦਸਾਂ ਦੀ ਗੁਰਾਂ ਦੀ ਉਮਰ ਹੋਈ, ਸੋਹਣਾ ਰੂਪ ਸੁਭਾਉ ਖੁਰਸੰਦ ਆਯਾ
ਸੰਮਤ ਤੇਈਏਂ ਦੀ ਆਈ ਦੀਪਮਾਲਾ, ਮੇਲਾ ਭਰਿਆ ਬਹੁਤ ਅਨੰਦ ਆਯਾ
ਆਈਆਂ ਸੰਗਤਾਂ ਦੇਸ ਪ੍ਰਦੇਸ ਵਿਚੋਂ, ਲੈ ਕੇ ਨਜ਼ਰ ਭੇਟਾ ਜੋ ਪਸੰਦ ਆਯਾ
ਸੰਗਤ ਆਈ ਮੁਲਤਾਨੋਂ ਕਰਤਾਰ ਸਿੰਘਾ, ਦੁਲਚਾ ਉਨ੍ਹਾਂ ਦੇ ਨਾਲ ਮਸੰਦ ਆਯਾ

ਸ੍ਰੀ ਦਸਮੇਸ਼ ਜੀ ਨੇ ਦੁਲਚੇ ਨੂੰ ਪੁਛਣਾ

ਸਤਿਗੁਰਾਂ ਦਾ ਭਾਰਾ ਦੀਵਾਨ ਲਗਾ, ਖੁਸ਼ ਹੋਂਵਦੇ ਲੋਕ ਦੀਦਾਰ ਕਰਕੇ
ਵਾਰੋ ਵਾਰੀ ਆ ਸੰਗਤਾਂ ਦੇਣ ਭੇਟਾ, ਹੁੰਦੀ ਜਾਏ ਅਰਦਾਸ ਉਚਾਰ ਕਰਕੇ
ਏਨੇ ਚਿਰ ਨੂੰ ਦੁਲਚਾ ਆ ਗਿਆ, ਭੇਟਾ ਰਖਦਾ ਬੜਾ ਹੰਕਾਰ ਕਰਕੇ
ਕਹੁ ਦੁਲਚਯਾ, ਹੋਰ ਕੀ ਲਿਆਇਆ ਹੈਂ, ਸਾਡੇ ਲਈ ਪ੍ਰੀਤ ਧਾਰ ਕਰਕੇ
ਸਤਿਗੁਰਾਂ ਨੇ ਸਭਾ ਦੇ ਵਿਚ ਕਹਿਆ, ਲਿਆ ਸਾਰਿਆਂ ਸੁਣ ਵਿਚਾਰ ਕਰਕੇ
ਮੰਦੀ ਮੱਤ ਮਸੰਦ ਕਰਤਾਰ ਸਿੰਘਾ, ਅਗੋਂ ਬੋਲਿਆ ਫਰੇਬ ਦੀ ਕਾਰ ਕਰਕੇ

ਦੁਲਚਾ

ਸਿਖਾਂ ਸੇਵਕਾਂ ਮਾਯਾ ਚੜ੍ਹਾਈ ਜਿੰਨੀ, ਉਹ ਲਿਆ ਰਬੀ ਮੈਂ ਲੁਕਾਈ ਨਾਹੀਂ
ਨਕਦੀ ਕਪੜਾ ਜੇਵਰ ਕੌਡੀ ਕੌਡੀ, ਸਾਂਭ ਲੈ ਆਇਆ ਮੈਂ ਗਵਾਈ ਨਾਹੀਂ
ਏਹ ਪਈ ਹੈ ਸਾਮ੍ਹਣੇ ਸਾਂਭ ਲਵੋ, ਮੇਰੇ ਪਾਸ ਹੁਣ ਆਪ ਦੀ ਪਾਈ ਨਾਹੀਂ
ਜਾਤਾਂ ਗੁਰਾਂ ਨੂੰ ਬਾਰ ਕਰਤਾਰ ਸਿੰਘਾ, ਮੂੜ੍ਹ ਮਤ ਜਾਣੇ ਵਡਿਆਈ ਨਾਹੀਂ

ਸ੍ਰੀ ਦਸਮੇਸ਼ ਜੀ

ਦੂਜੀ ਵਾਰ ਕਹਿਆ ਗੁਰ ਸੋਚ ਕਰ ਲੈ, ਭਲਾ ਚੀਜ਼ ਕੋਈ ਭੁਲ ਗਈ ਹੋਵੇ
ਇਸ ਗਲ ਦਾ ਭਾਈ ਕੋਈ ਦੋਸ਼ ਨਾਹੀਂ, ਵਿਸਰ ਗਿਆ ਚੇਤਾ ਪਈ ਰਹੀ ਹੋਵੇ
ਸਭ ਸੋਚ ਵਿਚਾਰ ਕੇ ਦੇਖ ਲੈ ਤੂੰ, ਕਿਸੇ ਸਿਖ ਅਮਾਨਤ ਦਈ ਹੋਵੇ
ਉਹਨੂੰ ਸਮਝ ਕੀ ਜਿਹਦੀ ਕਰਤਾਰ ਸਿੰਘਾ, ਮਤ ਮਾਰ ਪੂਜਾਂ ਧਾਨ ਲਈ ਹੋਵੇ

ਦੁਲਚਾ

ਏਹ ਸੁਣ ਮਸੰਦ ਨੂੰ ਅਗ ਲਗੀ, ਮਥੇ ਵਟ ਪਾ ਕੇ ਨਕ ਚਾੜ੍ਹਦਾ ਜੀ
ਕਹਿੰਦਾ ਨਾਲ ਸਿਆਣੇ ਦੇ ਭਿਖ ਚੰਗੀ, ਕੰਮ ਸਦਾ ਅੰਞਾਣਾ ਬਿਗਾੜਦਾ ਜੀ
ਸਚ ਕਹਿਆ ਹੈ ਮੁੰਡੇ ਤੇ ਰੋਲ ਰੰਨਾਂ, ਤਿੰਨੇ ਹੈਨ ਏਹ ਮੁਢ ਉਜਾੜਦਾ ਜੀ
ਨਾਗੀ ਮਦ ਮਸੰਦ ਕਰਤਾਰ ਸਿੰਘਾ; ਜੜ੍ਹ ਆਪਣੀ ਆਪ ਉਖਾੜਦਾ ਜੀ

ਦੁਲਚੇ ਦੀ ਚੋਰੀ ਜ਼ਾਹਰ ਹੋਣੀ

ਘਟ ਘਟ ਦੀ ਜਾਨਣੇਹਾਰ ਗੁਰ ਜੀ, ਓਹਨਾਂ ਨਾਲ ਕਰੇ ਚਤੁਰਾਈ ਦੇਖੋ
ਧਾਨ ਪੂਜਾ ਦਾ ਖਾ ਕੇ ਮਤ ਮਾਰੀ, ਕੈਸੀ ਬੋਲ ਕੀਤੀ ਖੁਟਿਆਈ ਦੇਖੋ
ਸਤਿਗੁਰਾਂ ਨੇ ਉੱਠ ਕੇ ਨਾਲ ਹਾਸੇ, ਫੜ ਪਗ ਮਸੰਦ ਦੀ ਲਾਹੀ ਦੇਖੋ
ਜੋੜੀ ਕੜਯਾਂ ਵਿਚੋਂ ਕਰਤਾਰਸਿੰਘਾ, ਬਾਹੂਛਣਨ ਕੂਦੀ ਨਿਕਲ ਆਈ ਦੇਖੋ

ਦੁਲਚੇ ਨੇ ਸ਼ਰਮਿੰਦਿਆਂ ਹੋਕੇ ਮੁਆਫ਼ੀ ਮੰਗਣੀ

ਕਾਰ ਭੇਟ ਵਿਚੋਂ ਪਹਿਲਾਂ ਕਈ ਚੀਜ਼ਾਂ,ਘਰੋਂ ਆਉਣ ਲਗਾ ਛਡ ਆਯਾ ਜੀ
ਏਥੇ ਆ ਕੇ ਫੇਰ ਭੀ ਲੋਭ ਕਰਕੇ, ਜੋੜੀ ਕੜਿਆਂ ਤਈ ਛੁਪਾਯਾ ਜੀ
ਅੰਤ੍ਰਯਾਮੀ ਗੁਰਾਂ ਜ਼ਾਹਿਰ ਕਰ ਦਿਤੀ, ਧੜਦਾ ਸਭਾ ਦੇ ਵਿਚ ਖੁਲ੍ਹਾਯਾ ਜੀ
ਜ਼ਿਮੀਂ ਵੇਹਲ ਮਸੰਦ ਨੂੰ ਦੇ ਨਾਹੀਂ, ਅੰਤ ਉੱਠ ਪਲਾ ਗਲ ਪਾਯਾ ਜੀ
ਮੈਨੂੰ ਬਖਸ਼ ਲੌ ਸਤਿਗੁਰ ਭੁਲਾ ਹਾਂ ਮੈਂ, ਭੈੜੀ ਮਾਯਾ ਨੇ ਮੈਨੂੰ ਭੁਲਾਯਾ ਜੀ
ਮੈਂ ਜਾਣਕੇ ਆਪ ਨੂੰ ਬਾਲ ਛੋਟਾ, ਭਾਰਾ ਇਹ ਅਪਰਾਧ ਕਮਾਯਾ ਜੀ
ਆਪ ਸ਼ਕਤ ਵਾਲੇ ਜਾਣੀ ਜਾਣ ਭਾਰੇ, ਰਖ ਲੌ ਕਹਿਕੇ ਘਿਗਿਆਯਾ ਜੀ
ਏਹ ਵੇਖ ਕੇ ਹਾਲ ਕਰਤਾਰ ਸਿੰਘਾ, ਪਿਆ ਸਭ ਮਸੰਦਾਂ ਤੇ ਸਾਯਾ ਜੀ

ਸਤਿਗੁਰਾਂ ਨੇ ਮਸੰਦ ਦੀ ਬੇਈਮਾਨੀ ਨੂੰ ਸਭਾ ਵਿਚ ਪ੍ਰਗਟ ਕਰਨਾ

ਸਤਿਗੁਰਾਂ ਸੁਣਾਯਾ ਸੰਗਤਾਂ ਨੂੰ, ਰੂਪਾ ਸਿਖ ਹੈ ਮੁਲਤਾਨ ਸਿਖੋ
ਓਹ ਕਢ ਦਸਵੰਧ ਦਾ ਸਭ ਹਿਸਾ, ਏਹਨੂੰ ਦੇ ਗਿਆ ਲਵੇ ਜਾਨ ਸਿਖੋ
ਮਾਯਾ ਵੇਖਕੇ ਭਰਮਿਆ ਚਿਤ ਏਹਦਾ, ਏਹ ਹੋ ਗਿਆ ਬੇਈਮਾਨ ਸਿਖੋ
ਚੀਜ਼ਾਂ ਚੰਗੀਆਂ ਕਢ ਛੁਪਾ ਲਈਆਂ, ਸਾਨੂੰ ਸਮਝਿਆ ਬਾਲ ਅੰਞਾਨ ਸਿਖੋ
ਮਾਲਾ ਮੋਤੀਆਂ ਕੜੇ ਜੜਾਊ ਜੋੜੀ, ਛਤੀ ਮੋਹਰਾਂ ਭੀ ਲੌ ਪਛਾਨ ਸਿਖੋ

ਏਹ ਤਾਂ ਪਹਿਲਾਂ ਹੀ ਘਰਛਪਾ ਆਯਾ, ਸਾਡਾ ਜ਼ਰਾ ਨ ਕੀਤਾ ਧਿਆਨ ਸਿਖੋ
ਫੇਰ ਏਥੇ ਬਿਹ ਜੋੜੀ ਲੁਕਾ ਲਈ, ਲਗਾ ਆਉਣ ਜਾਂ ਵਿਚ ਦੀਵਾਨ ਸਿਖੋ
ਗੁਰੂ ਘਰ ਦੇ ਵਿਚ ਜੋ ਬੇਈਮਾਨੀ, ਪੁਰਸ਼ ਕਰੇਗਾ ਹੋ ਨਾਦਾਨ ਸਿਖੋ
ਪੂਰੀ ਓਹਦੀ ਨ ਪਏ ਕਰਤਾਰ ਸਿੰਘਾ, ਕਾਲਾ ਮੂੰਹ ਹੋ ਦੋ ਜਹਾਨ ਸਿਖੋ

### ਸੰਗਤ ਨੇ ਦੁਲਥੋਂ ਨੂੰ ਫਟਕਾਰਨਾ

ਮੰਨ ਗਿਆ ਮਸੰਦ ਦੀਵਾਨ ਅੰਦਰ, ਲੋਕ ਫਿਟੇ ਮੂੰਹ ਆਖ ਸੁਣਾਂਵਦੇ ਨੇ
ਵੇਖ ਆਤਮਕ ਸ਼ਕਤ ਸਦਮੇਸ਼ ਜੀ ਦੀ, ਧੰਨ ਗੁਰੂ ਧੰਨ ਗੁਰੂ ਅਲਾਂਵਦੇ ਨੇ
ਅਗੋਂ ਹੋ ਮਸੰਦਾਂ ਨੂੰ ਕੰਨ ਗਏ, ਬੁਰਾ ਭੈ ਸਤਿਗੁਰਾਂ ਤੋਂ ਖਾਂਵਦੇ ਨੇ
ਏਸੇ ਤਰ੍ਹਾਂ ਦਸਮੇਸ਼ ਕਰਤਾਰ ਸਿੰਘਾ, ਨਿਤ ਨਵੇਂ ਚਰਿਤ੍ਰ ਦਿਖਾਂਵਦੇ ਨੇ

### ਜੰਗ ਤੇ ਜੰਗੀ ਸਾਮਾਨ ਵਧਾਨੇ

ਓਧਰ ਤੁਰਕ ਭੀ ਛੱਡਕੇ ਰਾਜਨੀਤੀ, ਦਿਨੋਂ ਦਿਨ ਪਰਜਾ ਨੂੰ ਦੁਖਾਨ ਲਗੇ
ਏਧਰ ਗੁਰੂ ਜੀ ਸਾਜ਼ ਫਕੀਰੀ ਵਾਲੇ, ਲਾਹ ਜੰਗ ਦੇ ਸਾਜ਼ ਰਖਾਨ ਲਗੇ
ਇੱਟ ਚੁਕਦੇ ਲਈ ਤਯਾਰ ਪਥਰ, ਹਥ ਲੈ ਮੁਕਾਬਲਾ ਚਾਨ ਲਗੇ
ਕਾਇਆ ਦੇਸ ਦੀ ਹੋਰ ਪਲਟਾਨ ਲਗੇ, ਮੋਏ ਬੀਰਰਸ ਤਈਂ ਜਗਾਨ ਲਗੇ
ਖੂਨ ਛਤ੍ਰੀ ਪੁਣੇ ਦਾ ਖੁਸ਼ਕ ਹੋਯਾ, ਨਵੇਂ ਸਿਰੇ ਮੁੜ ਹਰਾ ਕਰਾਨ ਲਗੇ
ਜਿਵੇਂ ਦੇਸ਼ ਤੋਂ ਜ਼ੁਲਮ ਹੋ ਦੂਰ ਹੋ ਜਾਵੇ, ਹਰ ਵਕਤ ਦਲੀਲ ਦੁੜਾ ਲਗੇ
ਨਾਲ ਸ਼ਸਤ੍ਰਾਂ ਪ੍ਰੇਮ ਵਧਾਨ ਲਗੇ, ਸਿਖ ਸੂਰਮੇ ਪਾਸ ਬੁਲਾਨ ਲਗੇ
ਜੋ ਆਉਂਦਾ ਪਾਸ ਰਖਾਨ ਲਗੇ, ਹੌਲੀ ਹੌਲੀ ਚਾ ਫੌਜ ਬਨਾਨ ਲਗੇ
ਹਰ ਵਕਤ ਅਭਯਾ ਸਹਥਯਾਰਾਂ ਦਾਹੀ, ਸਿਖਾਂ ਸੇਵਕਾਂ ਤਾਈਂ ਸਿਖਾਨ ਲਗੇ
ਕਾਰੀਗਰ ਬੁਲਾ ਕੇ ਦੂਰੋਂ ਦੂਰੋਂ, ਬਹੁਤ ਨਵੇਂ ਹਥਯਾਰ ਘੜਾਨ ਲਗੇ
ਸਦਾ ਸ਼ੌਕ ਸ਼ਕਾਰ ਦਾ ਪਾਣ ਲਗੇ, ਜੀਵ ਹਿੰਸਾ ਭਰਮ ਮਿਟਾਂਨ ਲਗੇ
ਛੋਟੀ ਉਮਰ ਤੇ ਹੌਸਲਾ ਬਹੁਤ ਵਡਾ, ਮਥਾ ਬਾਦਸ਼ਾਹ ਦੇ ਨਾਲ ਡਾਹਨ ਲਗੇ
ਰੌਣਕ ਵਧੀ ਆਨੰਦ ਪੁਰ ਵਿਚ ਭਾਰੀ, ਲੋਕ ਆ ਆ ਕੇ ਘਰ ਪਾਨ ਲਗੇ
ਜ਼ੁਲਮ ਹੋਵੇ ਗਿਉਂ ਦੂਰ ਕਰਤਾਰ ਸਿੰਘਾ, ਰਾਤ ਦਿਨ ਦਲੀਲ ਦੁੜਾਨ ਲਗੇ

ਗੁਲਾਬ ਰਾਇ ਦਾ ਪ੍ਰਸੰਗ

ਇਕ ਦਿਨ ਸਤਲੁਜ ਦੇ ਵਿਚ ਜਾ ਕੇ, ਗੁਰਾਂ ਤਰਨ ਦੀ ਖੇਡ ਮਚਾਈ ਹੈ ਸੀ
ਫੌਜਾਂ ਦੋ ਬਨਾ ਕੇ ਸ਼ੁਰੂ ਕੀਤੀ, ਪਾਣੀ ਛਟਿਆਂ ਨਾਲ ਲੜਾਈ ਹੈ ਸੀ
ਦੂਜੇ ਟੋਲੇ ਵਾਲੇ ਮੁੰਡੇ ਹਾਰ ਮੱਠੇ, ਰਲ ਸਾਰਿਆਂ ਰੌਲੀ ਮਚਾਈ ਹੈ ਸੀ
ਸਤਿਗੁਰਾਂ ਦੀ ਵਿਚੇ ਪੁਸ਼ਾਕ ਰੱਖੀ, ਉਤੇ ਲਾਹ ਦਸਤਾਰ ਟਕਾਈ ਹੈ ਸੀ
ਸਿਰ ਬੰਨ੍ਹ ਗੁਲਾਬ ਰਾਇ ਉੱਠ ਨਠਾ, ਵੇਖ ਮੁੰਡਿਆਂ ਨੇ ਰੌਲੀ ਪਾਈ ਹੈ ਸੀ
ਝਟ ਲਾਹ ਓਹ ਗੁਰਾਂ ਨੂੰ ਦੇਣ ਆਯਾ, ਸਤਿਗੁਰਾਂ ਨੇ ਆਖ ਸੁਨਾਈ ਹੈ ਸੀ
ਏਹ ਰਖ ਦਸਤਾਰ ਹੁਣ ਪਾਸ ਤੂੰ ਹੈਂ, ਏਸੇ ਤਰ੍ਹਾਂ ਅਕਾਲ ਨੂੰ ਭਾਈ ਹੈ ਸੀ
ਕਿਸੇ ਸਮੇਂ ਤੂੰ ਭੀ ਗੁਰੂ ਬਣ ਰਹਿਸੇਂ, ਹਸ ਸ੍ਰੀ ਦਸਮੇਸ਼ ਸੁਨਾਈ ਹੈ ਸੀ
ਪਰ ਰਹੇਗੀ ਨ ਸਗੋਂ ਦੁਖ ਦੇਸੀ, ਸਤਿਗੁਰਾਂ ਨੇ ਕਲਮ ਵਗਾਈ ਹੈ ਸੀ
ਹੋਯਾਂ ਸਚਗੁਲਾਬਰਾਇਗੁਰੂ ਬਣਿਆ,ਪਿੰਗ ਛੇਰੀ ਪਾ ਲਈ ਗੁਰਯਾਈ ਹੈ ਸੀ
ਜਦ ਨਾਸ ਹੋ ਗਈ ਕਰਤਾਰ ਸਿੰਘਾ,*ਗੱਲ ਬਣੀ ਨ ਝੂਠੀ ਬਨਾਈ ਹੈ ਸੀ

ਰਿਛ ਦਾ ਪ੍ਰਸੰਗ

ਸਤਾਰਾਂ ਸੌ ਆਂ ਚੌਤੀਆਂ ਸਾਲ ਚੜ੍ਹਿਆ, ਨਵੇਂ ਸਤਿਗੁਰ ਖੇਲ ਰਚਾਂਵਦਾ ਏ
ਇਕ ਦਿਨ ਦੀਵਾਨ ਦੇ ਵਿਚ ਬੈਠੇ, ਇਕ ਰਿਛ ਕਲੰਦਰ ਲਿਆਂਵਦ, ਏ
ਸੋਟੇ ਮਾਰ ਟਪਾਂਵਦਾ ਕਸ ਤਾਈਂ, ਪਿੰਜੇ ਰੂੰ ਤੇ ਚੀਣਾ ਛੜਾਂਵਦਾ ਏ
ਵੇਖ ਵੇਖ ਕੇ ਹਸਦੇ ਲੋਕ ਸਾਰੇ, ਰਿਛ ਟੱਪ ਤਮਾਸ਼ੇ ਵਿਖਾਂਵਦਾ ਏ
ਸਿਖ ਕੀਰਤੀਆ ਚੌਰੀ ਕਰਨ ਵਾਲਾ, ਹਸ ਹਸ ਕੇ ਖਿੱਲ੍ਹੀ ਮਚਾਂਵਦਾ ਏ
ਗੁਰਾਂ ਆਖਯਾ ਕੀਰਤੀ ਵੇਖ ਖਾ ਤੂੰ, ਰਿਛ ਤਰੀ ਪਛਾਨਵਿਚ ਆਂਵਦਾ ਏ
ਸਿਖ ਆਖਦਾ ਮੈਨੂੰ ਪਛਾਨ ਕਾਹਦੀ, ਪਸ਼ੂ ਜਗਲੀ ਭੈੜਾ ਡਰਾਂਵਦਾ ਏ
ਮੈਂ ਕੀ ਜਾਣਦਾ ਏਹਨੂੰ ਕਰਤਾਰ ਸਿੰਘਾ,ਕੀਤੇ ਆਪਣੇ ਨੂੰ ਪਿਆ ਪਾਂਵਦਾ ਏ

---

*ਗੁਲਾਬ ਰਾਇ ਸੂਰਜ ਮੱਲ ਦਾ ਪੁਤ੍ਰ ਸੀ, ਸਤਿਗੁਰਾਂ ਦੇ ਆਨੰਦਪੁਰ ਛਡਣ ਦੇ ਮਗਰੋਂ ਇਹ ਆਪੇ ਗੁਰੂ ਬਣ ਬੈਠਾ ਸੀ। ਜਦ ਬੰਦੇ ਬਹਾਦਰ ਦੇ ਵੇਲੇ ਪਹਾੜੀਏ ਸਭ ਰਾਜੇ ਦਬਾਏ ਗਏ ਤਾਂ ਏਹ ਗੁਰ ਗੱਦੀ ਪਰ ਬੈਠਕੇ ਆਪਣੀ ਪੂਜਾ ਕਰਵਾਉਂਦਾ (ਬਾਕੀ ਦੇਖੋ ਸਫਾ ੭੨)

ਸਤਿਗੁਰੂ ਜੀ

ਸਤਿਗੁਰਾਂ ਨੇ ਆਖਯਾ ਬਾਤ ਤੇਰਾ; ਅਗੇ ਹੋ ਬੇਸ਼ਕ ਪਛਾਨ ਕਰ ਲੈ
ਪਾਈ ਰਿਛ ਦੀ ਜੂਨ ਹੈ ਬਹੁਤ ਭੈੜੀ; ਕਰਨ ਗਤੀ ਅਗਾਧ ਧਯਾਨ ਕਰ ਲੈ
ਜੋ ਸੀਜਿਆ ਸੋ ਖਾਣਾ ਪਿਆ ਓਹੋ, ਇਹ ਵਿਚਾਰ ਤੂੰ ਆਪਸੁਜਾਨ ਕਰ ਲੈ
ਕੀਤੇ ਕਰਮ ਦਾ ਫਲ ਕਰਤਾਰ ਸਿੰਘਾ; ਪਾਣਾ ਹੈ ਤਾਂ ਨੇਕੀ ਜਹਾਨ ਕਰ ਲੈ

ਭਾਈ ਕੀਰਤੀਆ

ਏਹ ਸੁਣਕੇ ਗੁਸੇ ਦੇ ਨਾਲ ਭਰਿਆ, ਚੋਰੀ ਪਰ੍ਹਾਂ ਵਿਗਾਹ ਕਰਕੇ ਮਾਰਦਾ ਜੀ
ਤੁਹਾਡੀ ਟਹਿਲ ਦਾ ਜੇਕਰ ਫਲ ਏਹੋ, ਏਸ ਸੇਵਾ ਨੂੰ ਮੈਂ ਨਾ ਧਾਰਦਾ ਜੀ
ਮੇਰੇ ਪਿਤਾ ਨੇ ਰਿਛ ਦੀ ਜੂਨ ਪਾਈ, ਬਾਂਦਰ ਬਣਾਂਗਾ ਮੈਂ ਉਚਾਰਦਾ ਜੀ
ਦੋਸ਼ ਗੁਰਾਂ ਸਿਰ ਦੇ ਕਰਤਾਰ ਸਿੰਘਾ, ਫਲ ਕਰਮ ਦਾ ਨਹੀਂ ਵਿਚਾਰਦਾ ਜੀ

ਸਤਿਗੁਰੂ ਜੀ

ਸਤਿਗੁਰਾਂ ਕਹਿਆ ਗੁਸਾ ਕਰ ਨਾ ਤੂੰ, ਜੋ ਕਰੇਗਾ, ਸੋ ਫਲ ਪਾਇਗਾ ਜੀ
ਸੂਰਜਚੜ੍ਹਦਿਓਂ ਭਾਵੇਂ ਜਾਚੜੇ ਲਹਿੰਦੇ,ਖ੍ਰਿਥਾ ਕਰਮਦਾ ਫਲਨਜਾਇਗਾ ਜੀ
ਚਾਰ ਜੁਗ ਸਮਾਂ ਭਾਵੇਂ ਬੀਤ ਜਾਵੇ, ਬੁਰਾ ਭਲਾ ਕੀਤਾ ਨਰ ਪਾਇਗਾ ਜੀ
ਸੋ ਬਖਸ਼ਿਆ ਜਾਏ ਕਰਤਾਰ ਸਿੰਘਾ, ਜੋ ਭੁਲ ਕਰਕੇ ਪਛਤਾਇਗਾ ਜੀ

ਸੰਗਤਾਂ ਨੇ ਰਿਛ ਦਾ ਭੇਦ ਪੁਛਣਾ

ਏਹ ਸੰਗਤਾਂ ਸੁਣ ਹੈਰਾਨ ਹੋਈਆਂ, ਬੋਲ ਸਭਨਾਂ ਅਰਜ਼ ਸੁਣਾਈ ਗੁਰੂ ਜੀ
ਸਿਖ ਹੋ ਕੇ ਕਿਉਂ ਨਾਮੁਕਤ ਹੋਇਆ, ਜੂਨ ਰਿਛਦੀ ਕਿਉਂਹੈਪਾਈ ਗੁਰੂ ਜੀ
ਏਸ ਗਲ ਦਾ ਖੋਲ੍ਹਕੇ ਭੇਦ ਦਸੋ, ਕੀਹ ਸਿਖ ਨੇ ਭੁਲ ਕਮਾਈ ਗੁਰੂ ਜੀ

---

ਸਫਾ ੭੧ ਦੀ ਬਾਕੀ ਟੋਟ ਪਿਆ, ਹੋਰ ਤਾਂ ਕਿਸੇ ਨੂੰ ਇਹ ਗਲ ਨ ਜਚੀ ਪਰ ਸਾਧੂ ਗੁਰਬਖਸ਼ ਉਦਾਸੀ—ਜਿਹੜਾ ਸ੍ਰੀ ਦਸਮੇਸ਼ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦੇਹੁਰੇ ਦੀ ਸੇਵਾ ਵਾਸਤੇ ਪਿਛੇ ਛੱਡ ਗਏ, ਉਹਨੇ ਆਖਿਆ ਕਿ ਗੁਲਾਬ ਰਾਇ, ਤੈਨੂੰ ਗੁਰ ਗਦੀ ਤੇ ਬੈਠ ਕੇ ਗੁਰੂ ਅਖਵਾਣਾ ਯੋਗ ਨਹੀਂ। ਸੋ ਗੁਲਾਬ ਰਾਇ ਨੇ ਗੁਸੇ ਹੋ ਕੇ ਸਾਧੂ ਨੂੰ ਧਕੇ ਮਰਵਾ ਕੇ ਅੰਦਰ ਪੂੰਝ ਕਢਾ ਦਿਤਾ। ਉਹ ਕੋਟਲੇ ਜਾ ਰਿਹਾ। ਗੁਲਾਬ ਰਾਇ ਨੇ ਆਖ ਭੇਜਿਆ ਅਸੀਂ ਤੈਨੂੰ ਏਥੇ ਭੀ ਪੈਰਾ ਛਡਾਂਗੇ। ਤਦ ਸਾਧੂ ਨੇ ਗੁਸੇ ਹੋ ਕੇ ਸਰਾਪ ਦਿਤਾ ਕਿ ਸਾਡੇ ਪੂਏਂ ਤੇ ਤਾਂ ਕੋਈ ਕਮਲਾ ਰਮਲਾ ਬੈਠਾ ਹੀ ਰਹੂ, ਪਰ ਤੇਰਾ ਨਾਮ ਨਿਸ਼ਾਨ ਨ ਰਹੇਗਾ, ਸੋ ਸਚਮੁਚ ਗੁਲਾਬ ਰਾਇ ਚਹੁੰਆਂ ਪੁਤ੍ਰਾਂ ਸਮੇਤ ਕਾਲ ਦੀ ਗਰਾਹੀ ਬਣ ਗਿਆ।

ਅਸੀਂ ਭੁਲਣੇਹਾਰ ਕਰਤਾਰ ਸਿੰਘਾ, ਅਸਾਂ ਜੀਆਂ ਦੀ ਕੀਹਚਤਰਾਈ ਗੁਰੂਜੀ

ਸਤਿਗੁਰਾਂ ਨੇ ਮਾਰਾ ਛੰਦ ਖੋਲ੍ਹਨਾ

ਸੋਭਾ ਨਾਮ ਹੈ ਸੀ ਇਹਦੇ ਬਾਪ ਦਾ ਜੀ, ਸਾਡੇ ਪਿਤਾ ਦੀ ਸੇਵ ਕਮਾਏ ਸਿਖੋ
ਇਕ ਦਿਨ ਦੀਵਾਨ ਦੇ ਵਿਚ ਅਹੋ, ਰਿਹਾ ਸੀ ਪਰਸਾਦ ਵਰਤਾਏ ਸਿਖੋ
ਜਟ ਸਿਖ ਧੰਨਾ ਹੈਸੇ ਪ੍ਰੇਮ ਵਾਲਾ, ਜਾਂਦਾ ਲੰਘਦਾ ਰੜਾ ਲਵਾਏ ਸਿਖੋ
ਘਟੇ ਨਾਲ ਭਰਿਆ ਸੋਭੇ ਤਾਈਂ ਆ ਕੇ, ਮੈਨੂੰ ਦੇਹ ਪਰਸਾਦ ਸੁਨਾਏ ਸਿਖੋ
ਸੋਭੇ ਨਾਲ ਗੁਸੇ ਕਹਿਆ ਹਟ ਪਿਛੇ, ਕੀਹ ਰਿਹਾ ਹੈਂ ਰੌਲਾ ਮਚਾਏ ਸਿਖੋ
ਧੰਨੇ ਕਿਹਾ ਮੇਰਾ ਗਡਾ ਜਾਂਦਾ ਹੈ ਜੀ, ਮਤ ਕਿਤੇ ਐਵੇਂ ਉਲਟ ਜਾਏ ਸਿਖੋ
ਮੈਨੇ ਗੁਰਾਂ ਦੇ ਘਰ ਦਾ ਦੇਹ ਕੁਣਕਾ, ਅਗੇ ਹੋ ਦੋਵੇ ਹਥ ਡਾਏ ਸਿਖੋ
ਸੋਭੇ ਫੇਰ ਕਿਹਾ ਹਟ ਰਿਛ ਵਰਗੀ, ਕਿਥੋਂ ਆ ਗਿਆ ਸ਼ਕਲ ਬਨਾਏ ਸਿਖੋ
ਓਸ ਸਿਦਕੀ ਨੇ ਅੰਤ ਹਾਰ ਕਰਕੇ, ਡਿਗਾ ਚੁਕ ਰਿਣਕਾ ਲਿਆ ਆਏ ਸਿਖੋ
ਮੈਂ ਤਾਂ ਹਾਂ ਗਰੀਬੜਾ ਸਿਖ ਗੁਰੂ ਦਾ, ਰਿਛ ਤੂੰਹੇਂ ਹੋ ਆਖਕੇ ਜਾਏ ਸਿਖੋ
ਖਾਲੀ ਗਿਆ ਨ ਸਿਖ ਸਰਾਪ ਦਿਤਾ, ਜੂਨ ਰਿਛ ਦੀ ਮਰਕੇ ਪਾਏ ਸਿਖੋ
ਉਤਰ ਕਾਸ਼ੀਓਂ ਹੈਨ ਪਹਾੜ ਜਿਹੜੇ, ਓਥੇ ਜੰਮਯਾ ਇਹ ਫੜ ਲਿਆਏ ਸਿਖੋ
ਏਹ ਸੁਣ ਕਲੰਦਰ ਮੰਨ ਗਿਆ; ਕਹਿੰਦਾ ਸਚ ਜੋ ਗੁਰ ਫਰਮਾਏ ਸਿਖੋ
ਗੁਰ ਸ਼ਕਤ ਭੰਡਾਰ ਕਰਤਾਰ ਸਿੰਘਾ; ਪਾਏ ਫਲ ਜੋ ਨੀਤ ਰਖਾਏ ਸਿਖੋ

ਰਿਛ ਦੀ ਮੁਕਤੀ ਕਰਨੀ

ਦੋਵੇ ਹਥ ਜੋੜੇ ਭਾਈ ਕੀਰਤੀ ਨੇ, ਤੁਸੀਂ ਬਖਸ਼ ਲੌ ਬਖਸ਼ਣੇ ਹਾਰ ਗੁਰ ਜੀ
ਲਾਜ ਆਪਣੇ ਬ੍ਰਿਦਦੀ ਤੁਸੀਂ ਪਾਲੋ,ਅਸੀਂ ਜੀਵ ਪਾਪੀ ਭੁਲਨਹਾਰ ਗੁਰਜੀ
ਸਿਖ ਆਪਣੇ ਦੀ ਕਰੋ ਮੁਕਤ ਸਾਈਂ;ਪਤਿਤ ਪਵਨ ਬਿਰਦ ਸੰਭਾਰ ਗੁਰਜੀ
ਪਾਸੋਂ ਹੋਰ ਭੀ ਸਿਖੀ ਨੇ ਅਰਜ ਕੀਤੀ,ਕਟ ਦੁਖ ਇਹਦੇ ਦਯਾ ਧਾਰ ਗੁਰਜੀ
ਸਿਖ ਆਪਦਾ ਹੋ ਖੋਟੀ ਪਿਆ ਜੂਨੇ, ਫਿਰੇ ਨਚਦਾ ਦੁਖ ਸਹਾਰ ਗੁਰਜੀ
ਆਈ ਦਯਾ ਸਤਿਗੁਰਾਂ ਦੇ ਚਿਤ ਅੰਦਰ ਉਠੇ ਆਂਸਣੋਂ ਆਪ ਕ੍ਰਤਾਰ ਗੁਰਜੀ
ਲੈਕੇ ਆਖਣਾ ਸੀਤ ਪ੍ਰਸ਼ਾਦ ਹਥੀਂ, ਦਿਤਾ ਰਿਛ ਦੇ ਮੂੰਹ ਮੇਂ ਡਾਰ ਗੁਰਜੀ
ਦੇਹ ਛੁਟ ਗਈ ਜੀਵ ਸ੍ਵਰਗ ਗਿਆ, ਦਿਤਾ ਕਰਮ ਦਾ ਦੁਖ ਉਤਾਰ ਗੁਰਜੀ

ਦੇਕੇ ਧਨ ਕਲੰਦ੍ਰ ਨੂੰ ਖੁਸ਼ ਕੀਤਾ, ਕਹਿਨ ਸੰਗਤਾਂ ਧੰਨ ਉਚਾਰ ਗੁਰੂ ਜੀ
ਏਸੇ ਤਰ੍ਹਾਂ ਹੀ ਨਿਤਕਰਤਾਰ ਸਿੰਘਾ, ਕਰਨ ਸੈਂਕੜੇ ਜੀਆਂ ਨੂੰ ਪਾਰ ਗੁਰ ਜੀ

ਤੰਬੂ ਦਾ ਪ੍ਰਸੰਗ

ਸਾਲ ਪੈਂਤੀਆਂ ਬੀਤਿਆ ਏਸ ਤਰ੍ਹਾਂ ਗੁਰਾਂ ਭਵਜਲੋਂ ਸਿਖ ਤਰਾਏ ਬਹੁਤੇ
ਆਨ ਛਤੀਆਂ ਸੁਖਦਾ ਸਾਲ ਚੜ੍ਹਿਆ, ਲੋਕ ਮੇਲੇ ਵਸਾਖੀ ਦੇ ਆਏ ਬਹੁਤੇ
ਆਈਆਂ ਸੰਗਤਾਂ ਦੇਸ ਪ੍ਰਦੇਸ ਵਿਚੋਂ, ਧਰ ਬਲਖ ਬੁਖਾਰਿਓਂ ਭਾਏ ਬਹੁਤੇ
ਗਜ਼ਨੀ ਕਾਬਲ, ਕੰਧਾਰ ਤੇ ਕਾਗਾਨੀ, ਦੂਰੋਂ ਪ੍ਰੇਮ ਵਾਲੇ ਪ੍ਰੇਮੀ ਧਾਏ ਬਹੁਤੇ
ਧੁਸੇ ਚਾਦਰਾਂ ਤੇ ਨਾਲੇ ਪੋਸਤੀਨਾਂ, ਪਸ਼ਮੀ ਨੇ ਗਲੀਚੇ ਲਿਆਏ ਬਹੁਤੇ
ਜ਼ੇਵਰ, ਤੇਵਰਾਂ, ਬਸਤ੍ਰਾਂ ਸ਼ਸਤ੍ਰਾਂ ਦੇ, ਢੇਰ ਆਣ ਦਰਬਾਰ ਵਿਚ ਲਾਏ ਬਹੁਤੇ
ਘੋੜੇ, ਨਕਦੀ, ਮੇਵੇ ਭੀ ਕਈ ਕਿਸਮਾਂ, ਸਤਿਗੁਰਾਂ ਹਜ਼ੂਰ ਚੜ੍ਹਾਏ ਬਹੁਤੇ
ਚਿਰ ਪਿਛੋਂ ਏਹ ਸੰਗਤਾਂ ਆਈਆਂ ਸਨ, ਕਢ ਕਢ ਦਸਵੰਧ ਰਖਾਏ ਬਹੁਤੇ
ਦੂਨੀ ਚੰਦ ਸੌਦਾਗਰ ਨਾਲ ਹੈ ਸੀ, ਓਸ ਆਨ ਪ੍ਰੇਮ ਜਤਾਏ ਬਹੁਤੇ
ਤੰਬੂ ਗੁਰਾਂ ਦੇ ਵਾਸਤੇ ਲਿਆਯਾ ਓਹ, ਉੱਪਰ ਜਿਧ ਰੁਪਏ ਲਗਾਏ ਬਹੁਤੇ
ਹੋਰ ਕਈ ਤੋਹਫੇ ਓਸ ਲਿਆ ਰਖੇ, ਸਤਿਗੁਰ ਜੀ ਵੇਖ ਹਰਖਾਏ ਬਹੁਤੇ
ਹੋ ਬੜੇ ਪਰਸੰਨ ਕਰਤਾਰ ਸਿੰਘਾ, ਤੰਬੂ ਵੇਖਨੇ ਨੂੰ ਹੁਲਸਾਏ ਬਹੁਤੇ

ਵਾਕ ਕਵੀ

ਪੰਜ ਬਰਸਪੇਹਲਾਂ ਨਾਵੇਂਗੁਰੂ ਜੀ ਦਾ, ਆਣ ਕਾਬਲੋਂ ਦ੍ਰਸ਼ਨ ਪਾ ਗਿਆ ਜੀ
ਸਤਿਗੁਰਾਂ ਦੇ ਹੋ ਹਜ਼ੂਰ ਖੜਾ, ਬੇਟਾ ਹੋਇ ਅਰਦਾਸ ਸੁਧਾ ਗਿਆ ਜੀ
ਬੇਟੇ ਦੋ ਕਰਤਾਰ ਨੇ ਬਖਸ਼ ਦਿਤੇ, ਪੂਰਾ ਸਿਖ ਤਾਈਂ ਨਿਹਚਾਆਗਿਆ ਜੀ
ਕੀਤੀ ਰਬਨੇ ਪੂਰੀ ਕਰਤਾਰਸਿੰਘਾ, ਜੇਹੜੀ ਨਿਸਚੇਦਿਲੋਂਠਹਿਰਾ ਗਿਆ ਜੀ

ਤੰਬੂ ਲਗਵਾਕੇ ਸਤਿਗੁਰਾਂ ਨੇ ਦੇਖਣਾ

ਸਦਾ ਲਖ ਰੁਪਯਾ ਖਰਚ ਕਰਕੇ, ਲਿਆਯਾਸਿਖ ਹੈਸੀਨੇਹਚਾਧਾਰ ਵਾਹ ਵਾਹ
ਸਤਿਗੁਰਾਂ ਨੇ ਬਾਹਰ ਲਵਾ ਡਿਠਾ, ਬਹੁਤ ਖੁਸ਼ ਹੋਏ ਸੋ ਉਚਾਰ ਵਾਹ ਵਾਹ
ਬਣਯਾਸੀਪਛਮੀਨੇਦਾ ਸਾਰਾਹੀਉਹ, ਸਭ ਕੰਮਕੰਮਹੋਯਾਜ਼ਰੀਦਾਰ ਵਾਹ ਵਾਹ
ਬੇਲ ਬੂਟੇ ਚੁਫੇਰੇ ਸੀ ਸਜ ਰਹੇ, ਕੰਮ ਦੇ ਸੁਨਹਿਰੀ ਚਮਕਾਰ ਵਾਹ ਵਾਹ

ਹਾਥੀ, ਘੋੜੇ ਤੇ ਮੋਰ ਚਕੋਰ ਬਣੇ, ਦੇਣ ਬਾਗ ਦੇ ਫੁਲ ਬਹਾਰ ਵਾਹ ਵਾਹ
ਕਈ ਥਾਂ ਸ਼ਤਰੰਜ ਤੇ ਬਣੇ ਚੌਪੜ, ਖੜੇ ਸੰਤਰੀ ਲੈ ਤਲਵਾਰ ਵਾਹ ਵਾਹ
ਚਾਰੋਂ ਤਰਫਸੁਨਹਿਰੀ ਝਾਲਰਾਂ ਸਨ, ਡੋਰਾ ਰੇਸ਼ਮੀ ਅਪ੍ਰ ਅਪਾਰ ਵਾਹ ਵਾਹ
ਚੋਬਾਂਥੰਮ੍ਹਸਾਰੇ ਬਣੇ ਗੰਗਾਜਮਣੀ, ਪੜਦੇ ਮਖਮਲੀਸੇਚਿਰਗਨਦਾਰਵਾਹ ਵਾਹ
ਸਾਰੇ ਕੰਮ ਹੋਏ ਜਰ ਦੋਜ਼ੀਆਂ ਦੇ, ਬਨਿਆ ਫਰਸ਼ ਬਨਾਤ ਸਵਾਰ ਵਾਹ ਵਾਹ
ਸਾਇਬਾਨ, ਕਨਾਤਾਂ ਤੇ ਕਈ ਚਿਕਾਂ, ਥਾਂ ਥਾਂ ਰਹੇ ਕੰਮ ਸਾਰ ਵਾਹ ਵਾਹ
ਮਸਨੰਦ, ਗਲੀਚੇ ਭੀ ਕੀਮਤੀ ਸਨ, ਵੇਖਲੋਕ ਹੋ ਰਹੇ ਬਲਿਹਾਰ ਵਾਹ ਵਾਹ
ਉੱਪਰ ਕਲਸ ਸਰਨਦੇ ਫਬ ਰਹੇ, ਕਾਰੀਗਰਾਂ ਕੀਤੀ ਸੋਹਣੀ ਕਾਰ ਵਾਹ ਵਾਹ
ਸਿਫਤ ਕਿਸਤਰ੍ਹਾਂ ਕੀਤੀ ਜਾਏ ਸਾਰੀ, ਏਹੋ ਆਖ ਸਕਾਂ ਬਾਰਬਾਰ ਵਾਹ ਵਾਹ
ਧੰਨ ਸਿਖੀ ਤੇ ਧੰਨ ਪ੍ਰੇਮ ਓਹਨਾਂ, ਗੁਰਾਂ ਨਾਲ ਕਰਦੇ ਜੋ ਪਿਆਰ ਵਾਹ ਵਾਹ
ਓਸ ਸਮੇਂ ਸਿਖ ਭੀਧਨਆ ਹੇ, ਸਚੀ ਸਿਖੀ ਦੇ ਹੋਯੇ ਹਕਦਾਰ ਵਾਹ ਵਾਹ
ਮੈਂ ਭੀ ਰਖਦਾ ਕ੍ਰਤਾਰ ਸਿੰਘਾ, ਸਿਖੀ ਗੁਰਬਖਸ਼ੇ ਬਖਸ਼ਨਹਾਰ ਵਾਹ ਵਾਹ

ਵਾਕ ਕਵੀ

ਇਹੋ ਜਿਹਾ ਤੰਬੂ ਵਿਚ ਦੇਸ ਸਾਰੇ, ਕਿਸੇ ਰਾਜੇ ਦੇ ਭੀ ਨਾਹੀਂ ਘਰ ਸੀ ਜੀ
ਸਿਰਫ ਇਕ ਔਰੰਗੇ ਦੇ ਪਾਸ ਹੈ ਸੀ, ਇਹਦੀ ਤੁਲਤਾ ਸਕੇ ਨ ਕਰ ਸੀ ਜੀ
ਓਹ ਹੁਕਮ ਦੇ ਨਾਲ ਬਨਵਾਯਾ ਸੀ, ਏਹ ਬਣਿਆ ਪ੍ਰੇਮ ਨੂੰ ਧਰ ਸੀ ਜੀ
ਇਕ ਪ੍ਰੇਮ ਤੇ ਦੂਸਰੀ ਖਰਚ ਹੋਈ, ਸਵਾ ਲਖੋਂ ਵਧੀਕ ਹੀ ਜ਼ਰ ਸੀ ਜੀ
ਸਤਿਗੁਰ ਜੀ ਬਹੁਤ ਖੁਸ਼ ਹੋਏ, ਡਿਠਾ ਸਿਖ ਵਲੋ ਨਿਗ੍ਹਾ ਭਰ ਸੀ ਜੀ
ਦਿਤਾ ਕਰ ਨਿਹਾਲ ਕ੍ਰਤਾਰ ਸਿੰਘਾ, ਸਿਖ ਭਵਜਲੋਂ ਗਿਆ ਉਹ ਤਰ ਸੀ ਜੀ

ਤਥਾ

ਦੁਨੀ ਚੰਦ ਦੀ ਕਾਰ ਪਰੇਮ ਵਾਲੀ, ਵੇਖ ਸੰਗਤਾਂ ਮਾਨ ਗਵਾਂਦੀਆਂ ਨੇ
ਧੰਨ ਸਿਖਾ ਤੂੰ ਧੰਨ ਕਮਾਈ ਤੇਰੀ, ਥਾਂ, ਥਾਂ ਹੀ ਬੈਠ ਸਲ੍ਹਾਂਦੀਆਂ ਨੇ
ਅੰਤ ਕਰਦੀ ਦਾਰਿਆਂ ਪਯਾਰਿਆਂ ਨੂੰ, ਪਾ ਆਗਯਾ ਦੇਸਾਂ ਨੂੰ ਜਾਂਦੀਆਂ ਨੇ
ਸੋਹਣਾ ਗੁਰਾਂ ਦਾ ਯਸ ਕ੍ਰਤਾਰ ਸਿੰਘਾ, ਵਿਚ ਦੇਸਾਂ ਦੇ ਜਾ ਫੈਲਾਂਦੀਆਂ ਨੇ

*ਆਸਾਮ ਦੇਸ ਦੇ ਰਾਜੇ ਨੇ ਦਰਸ਼ਨ ਵਾਸਤੇ ਆਉਣਾ

ਏਸੇ ਸਾਲ ਮੇਲੇ ਦੀਪਮਾਲਾ ਉਤੇ, ਦੇਸ਼ ਦਰਸ਼ਨਾਂ ਨੂੰ ਹੁਮ ਹੁਮਾਇ ਆਯਾ
ਦੂਰੋਂ ਚਲ ਆਸਾਮ ਦੇ ਦੇਸ ਵਿਚੋਂ, ਧਰ ਪ੍ਰੇਮ ਰਾਜਾ ਰਤਨ ਰਾਇ ਆਯਾ
ਨਾਲੇ ਰਾਣੀਆਂ ਮੀਰ ਵਜ਼ੀਰ ਬਹੁਤੇ, ਨੌਕਰ ਚਾਕਰਾਂ ਠਾਟ ਬਨਾਇ ਆਯਾ
ਹੋਈ ਗੁਰਾਂ ਨੂੰ ਖਬ੍ਰ ਕ੍ਰਤਾਰ ਸਿੰਘਾ, ਰਾਜਾ ਧਰ ਦੂਰੋਂ ਪ੍ਰੇਮ ਭਾਇ ਆਯਾ

ਸਤਿਗੁਰਾਂ ਵਲੋਂ ਖਾਤਰਦਾਰੀ ਤੇ ਦਰਸ਼ਨ

ਸਤਿਗੁਰਾਂ ਨੇ ਭੇਜ ਮੁਸਾਹਿਬਾਂ ਨੂੰ, ਬੰਦੋਬਸਤ ਸਾਰਾ ਕਰਵਾਯਾ ਜੀ
ਤੰਬੂ ਕਾਬਲੀ ਦੇ ਵਿਚ ਰਤਨ ਰਾਇ ਦਾ, ਡੇਰਾ ਰਾਣੀਆਂ ਸਣੇ ਕਰਾਯਾ ਜੀ
ਰਸਦ, ਬਸਦ, ਦਾਣਾ ਘਾਸ ਗੁਰੂ ਘਰੋਂ, ਜਿਨਾ ਚਾਹੀਦਾ ਤੁਰਤ ਦਵਾਯਾ ਜੀ
ਤੰਬੂ ਵੇਖਕੇ ਰਾਜਾ ਹੈਰਾਨ ਹੋਯਾ, ਸਾਰਾ ਦਿਲ ਦਾ ਮਾਨ ਗਵਾਯਾ ਜੀ
ਬੀਤੀ ਰਾਤ ਦਿਨੇ ਉੱਠ ਗੁਰੂ ਜੀ ਨੇ, ਹੁਕਮ ਦੇ ਦਰਬਾਰ ਲਗਵਾਯਾ ਜੀ
ਸਾਇਬਾਨ; ਕਨਾਤ ਤੇ ਫਰਸ਼ ਸੋਹਣੇ, ਤਖਤ ਬਹੁਤ ਸੋਹਣਾ ਲਗਵਾਯਾ ਜੀ
ਸਤਿਗੁਰੂ ਜੀ ਪਹਿਨ ਹਥਯਾਰ ਬਸਤ੍ਰ; ਬੈਠੇ ਸੁੰਦਰ ਰੂਪ ਸੁਹਾਯਾ ਜੀ
ਫੇਰ ਭੇਜ ਮਾਮੇ ਕਿਰਪਾਲ ਜੀ ਨੂੰ; ਰਾਜਾ ਵਿਚ ਦਰਬਾਰ ਬੁਲਾਯਾ ਜੀ
ਰਾਜਾ ਸਣੇ ਅਮੀਰਾਂ ਤਯਾਰ ਹੋ ਕੇ; ਨਾਲ ਖੁਸ਼ੀ ਦੀਦਾਰ ਨੂੰ ਆਯਾ ਜੀ
ਅਗੋਂ ਵੇਖ ਕੇ ਸ਼ਾਨ ਦਰਬਾਰ ਵਾਲਾ, ਹਰ ਇਕ ਦਿਲੋਂ ਬਿਸਮਾਯਾ ਜੀ
ਥੈਲੀ ਮੋਹਰਾਂ ਦੀ ਰਾਜੇ ਨੇ ਧਰ ਅਗੇ, ਝੁਕ ਗੁਰਾਂ ਨੂੰ ਸੀਸ ਨਿਵਾਯਾ ਜੀ
ਓਸੇ ਤਰ੍ਹਾਂ ਅਮੀਰਾਂ ਵਜ਼ੀਰਾਂ ਨੇ ਭੀ, ਝੁਕ ਝੁਕ ਕੇ ਧਨ ਚੜ੍ਹਾਯਾ ਜੀ

---

*ਜਦ ਗੁਰੂ ਤੇਗ ਬਹਾਦਰ ਜੀ ਰਾਜੇ ਬਿਸ਼ਨ ਸਿੰਘ ਦੇ ਨਾਲ ਆਸਾਮ ਦੇਸ ਨੂੰ ਗਏ ਸਨ ਤਦੋਂ ਉਸ ਦੇਸ ਦੇ ਰਾਜੇ ਨੇ ਰਾਮ ਰਾਇ ਨੇ ਪੁੱਤ੍ਰ ਯਾਚਨਾ ਕੀਤੀ ਸੀ। ਤਾਂ ਸ੍ਰੀ ਗੁਰੂ ਜੀ ਨੇ ਬਚਨ ਕੀਤਾ ਸੀ ਕਿ ਪੁਤਰ ਤੇਰੇ ਘਰ ਹੋਵੇਗਾ, ਉਸ ਦੇ ਮਥੇ ਤੇ ਸਾਡੀ ਮੋਹਰ ਦਾ ਨਿਸ਼ਾਨ ਹੋਵੇਗਾ। ਸੋ ਮਹਾਰਾਜ ਦੀ ਕਿਰਪਾ ਨਾਲ ਇਹ ਰਤਨ ਰਾਇ ਪੈਦਾ ਹੋਇਆ। ਹੋਸ਼ ਸੰਭਾਲੀ ਤਾਂ ਮੋਹਰ ਦਾ ਨਿਸ਼ਾਨ ਮਥੇ ਤੇ ਵੇਖ ਮਾਤਾ ਪਾਸੋਂ ਪੁਛਿਆ, ਉਸ ਨੇ ਸਾਰਾ ਹਾਲ ਦਸਿਆ ਕਿ ਇਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕਿਰਪਾ ਹੋਈ ਹੈ, ਤੂੰ ਉਹਨਾਂ ਦੇ ਵਰ ਨਾਲ ਪੈਦਾ ਹੋਇਆ ਹੈਂ। ਇਉਂ ਸੁਣਕੇ ਰਤਨ ਰਾਇ ਨੂੰ ਗੁਰੂ ਘਰ ਦੀ ਸ਼ਰਧਾ ਹੋ ਗਈ ਤੇ ਦਰਸ਼ਨਾਂ ਨੂੰ ਆਇਆ।

ਫੇਰ ਚਿਟੇ ਮਥੇ ਵਾਲਾ ਇਕ †ਹਾਥੀ, ਛੋਟਾ ਕੱਦ ਸੋਹਣਾ ਸਿਖਲਾਯਾ ਜੀ
ਝੂਲ, ਸਾਜ ਸਰਨ ਦੇ ਮੜ੍ਹੇ ਹੋਏ, ਹੌਂਦੇ ਸਣੇ ਮਹਾਵਤ ਲਿਆਯਾ ਜੀ
ਘੋੜੇ ਪੰਜ ਸੋ ਸਾਜ ਸੁਨਹਿਰੀ ਵਾਲੇ ‡ਸ਼ਸਤ੍ਰ ਪੰਜ ਕਲਾਂ ਭੀ ਗਿਨਾਯਾ ਜੀ
ਇਕ ‡ਚੌਂਕੀ ਕਿਸੇ ਕਾਰੀਗਰ ਘੜੀ, ਕਰ ਕਸਬ ਕਮਾਲ ਵਿਖਾਯਾ ਜੀ
ਇਕ ਢਾਲ ਫੌਲਾਦੀ, ਸੰਜੋ ਭਾਰੀ, ਮਾਲਾ ਮੋਤੀਆਂ ਕੰਠ ਜੜਾਯਾ ਜੀ
ਕਲਗੀ ਜਿਗ੍ਹਾ ਜੜਾਊ ਕਈ ਹੋਰ ਤੋਹਫੇ, ਰਾਜੇ ਧਰ ੨ ਸੀਸ ਨਵਾਯਾ ਜੀ
ਵੇਖ ਸਤਿਗੁਰੂ ਬੜੇ ਖੁਸ਼ ਹੋਏ, ਸੁਖ ਸਾਂਦ ਦਾ ਪੁਛ ਪੁਛਾਯਾ ਜੀ
ਕੀਤੀ ਮੇਵੜੇ ਨੇ ਅਰਦਾਸ ਸਾਰੀ, ਵਾਹ ਵਾਹ ਦਾ ਸ਼ਬਦ ਸੁਨਾਯਾ ਜੀ
ਵਿਚ ਮਹਿਲਾਂ ਦੇ ਜਾਕੇ ਰਾਣੀਆਂ ਨੇ, ਸ੍ਰੀ ਮਾਤਾ ਜੀ ਦਾ ਦਰਸ ਪਾਯਾ ਜੀ
ਧਨ ਜ਼ੇਵਰ, ਤੇਵਰ, ਭੇਟ ਨਕਦੀ, ਦਿਲੋਂ ਬੜਾ ਪ੍ਰੇਮ ਜਤਾਯਾ ਜੀ
ਸਤਿਗੁਰਾਂ ਦਾ ਵੇਖ ਕੇ ਸ਼ਾਨ ਸ਼ੌਕਤ, ਸਾਰਾ ਆਪਣਾ ਸ਼ਾਨ ਭੁਲਾਯਾ ਜੀ
ਉਮਰ ਰਾਜੇ ਤੇ ਗੁਰਾਂ ਦੀ ਇਕੋ ਜਿੰਨੀ, ਆਪੋ ਵਿਚ ਪ੍ਰੇਮ ਵਧਾਯਾ ਜੀ
ਸਤਿਗੁਰੂ ਜੀ ਸੈਰ ਸ਼ਕਾਰ ਖੜਦੇ, ਸਾਰਾ ਦਿਨ ਕਠੇ ਰਹਿਣਾ ਭਾਯਾ ਜੀ
ਕਦੇ ਨਦੀ ਪਹਾੜਾਂ ਦੀ ਸੈਰ ਕਰਦੇ, ਰਾਜਾ ਵਿਚ ਪ੍ਰੇਮ ਪਰਚਾਯਾ ਜੀ
ਰਸਦ ਬਸਦ ਸਾਰੀ ਗੁਰੂ ਘਰੋਂ ਮਿਲੇ, ਵੇਖ ਰੌਣਕਾਂ ਚਿਤ ਲੁਭਾਯਾ ਜੀ
ਏਸੇ ਤਰ੍ਹਾਂ ਬੀਤੇ ਪੰਜ ਮਾਹ ਪੂਰੇ, ਜਾਣਾ ਪਿਛਾਂ ਵਜ਼ੀਰਾਂ ਨੇ ਚਾਹਯਾ ਜੀ

---

†ਪ੍ਰਸਾਦੀ ਨਾਮ ਵਾਲਾ ਹਾਥੀ—ਛੋਟੇ ਕਦ ਦਾ ਤੇ ਬਹੁਤ ਗੁਣਾਂ ਸਿੱਧਿਆ ਹੋਇਆ ਸੀ ਜਦ ਦਰਬਾਰ ਵਿਚ ਗੁਰੂ ਜੀ ਨੇ ਬੈਠਣਾ ਤਦ ਹਾਥੀ ਨੇ ਆਣਕੇ ਪਹਿਲਾਂ ਨਮਸਕਾਰ ਕਰ ਪ੍ਰਕਰਮਾਂ ਲੈਣੀ, ਫੇਰ ਸੰਗਤ ਦੇ ਜੋੜੇ ਝਾੜਨੇ ਤੇ ਰੋਜ਼ਾਨਾ ਜਲ ਸਾਗਰ ਲੈ ਕੇ ਸਤਿਗੁਰਾਂ ਦੇ ਚਰਨ ਧੁਆਣੇ। ਉਪਰੰਤ ਸੁੰਡ ਨਾਲ ਦੜਕੇ ਚੌਰ ਕਰਨਾ, ਤੀਰ ਦੂਰੋਂ ਦੂਰੋਂ ਚੁਣ ਲਿਆਣੇ, ਜਦ ਤਕ ਆਗਿਆ ਨਾ ਹੋਵੇ ਦਰਬਾਰ ਵਿਚ ਖੜੇ ਰਹਿਣਾ ਇਹ ਅਨੋਖਾ ਸਮਝਦਾਰ ਜੀਵ ਵਡੇ ਜਗ ਵਿਚ ਖੂਬਾ ਸੋਇਆ ਸੀ।

‡ਪੰਜ ਕਲਾ ਸ਼ਸਤ੍ਰ—ਜਿਸ ਵਿਚ ਪੰਜ ਬਰਛ, ਤਮੰਚਾ, ਤਲਵਾਰ, ਖੰਜਰ, ਜਿਧੋ ਬਰਛੀ (ਸੰਡ) ਕਲ ਦੇ ਦੱਬਣ ਨਾਲ ਵਾਰੋ ਵਾਰੀ ਨਿਕਲ ਆਉਂਦੇ ਸਨ।

‡ਚੌਂਕੀ—ਜਿਸ ਵਿਚੋਂ ਕਲਾ ਦਬਾਉਣ ਨਾਲ ਪੰਜ ਪੁਤਲੀਆਂ ਨਿਕਲਕੇ ਆਪੇ ਸ਼ਤਰੰਜ ਵਿਛਾ ਨਰਦਾਂ ਰਖ ਦੇਂਦੀਆਂ ਸਨ।

ਰਾਜੇ ਰਾਣੀਆਂ ਆ ਜੀ ਕਹੇ ਨਾਹੀਂ, ਅੰਨ ਜਲ ਮੂੰਹ ਉਠਾਯਾ ਜੀ
ਗਿਆ ਆਗਿਆ ਪਾ ਕਰਤਾਰ ਸਿੰਘਾ, ਰਾਜੇ ਪ੍ਰੇਮ ਅਥੰਹ ਨ ਥਾਹਯਾ ਜੀ

ਵਾਕ ਕਵੀ

ਬਹੁਤ ਰੌਣਕਾਂ ਵਿਚ ਅਨੰਦਪੁਰ ਦੇ, ਦਿਨੋਂ ਦਿਨ ਸਤਿਗੁਰ ਵਧਾਂਵਦੇ ਨੇ
ਕਈ ਨਵੇਂ ਮਕਾਨ ਤਯਾਰ ਕਰਦੇ; ਲੋਕ ਆਣ ਦੂਰੋਂ ਘਰ ਪਾਂਵਦੇ ਨੇ
ਬਹੁਤ ਸੰਗਤਾਂ ਆਉਂਦੀਆਂ ਰਹਿਣ ਸਦਾ, ਅਤੇ ਧੰਨ ਬੇਅੰਤ ਚੜਾਂਵਦੇ ਨੇ
ਘੋੜਾ ਸੋਹਣਾ ਤੇ ਵੇਖ ਹਥਯਾਰ ਚੰਗਾ, ਸਤਿਗੁਰੂ ਜੀ ਖੁਸ਼ੀ ਮਨਾਂਵਦੇ ਨੇ
ਏਸ ਗਲ ਦੀ ਖਬਰ ਹੋਈ ਦੇਸ ਅੰਦਰ, ਜੰਗੀ ਸਾਜ਼ ਦਸਮੇਸ਼ ਜੀ ਚਾਹਵਦੇ ਨੇ
ਚੰਗੇ ਘੋੜੇ ਹਥਯਾਰ ਖਰੀਦ ਕਰਕੇ, ਸਿਖ ਪਰੇਮ ਵਾਲੇ ਲੈ ਲੈ ਆਂਵਦੇ ਨੇ
ਦਿਨੋ ਦਿਨ ਆਪੇ ਸਾਜ਼ ਜੰਗ ਵਾਲੇ ਆਣ ਬਹੁਤ ਕਠੇ ਹੁੰਦੇ ਜਾਂਵਦੇ ਨੇ
ਕਈ ਰਾਠ ਦਲੇਰ ਕਰਤਾਰ ਸਿੰਘਾ, ਸਤਿਗੁਰੂ ਜੀ ਪਾਸ ਰਖਾਂਵਦੇ ਨੇ

ਸੰਤ ਜਨ ਦੀ ਕਾਰਵਾਈ ਦੀ ਉਤਪਤੀ ਕਰਨੀ

ਜਿਸ ਕੰਮ ਨੂੰ ਜਗ ਤੇ ਆਏ ਗੁਰੂ ਜੀ, ਉਸ ਕੰਮ ਦੇ ਸਾਜ਼ ਸਜਾਉਣ ਲਗੇ
ਜਿਹੜਾ ਹੁਕਮ ਅਕਾਲ ਦਾ ਲੈ ਆਏ, ਓਹਨੂੰ ਹੈ ਨਸ਼ੰਗ ਬਜਾਉਣ ਲਗੇ
ਜਿਵੇਂ ਜ਼ੁਲਮ ਦੇ ਹਥੋਂ ਦੇਸ ਛੁਟੇ, ਹੌਲੇ ਓਸਦਾ ਫਿਕਰ ਦੁੜਾਉਣ ਲਗੇ
ਜਿਸ ਕੌਮ ਦਾ ਖੂਨ ਹੋ ਸਰਦ ਗਿਆ, ਗਰਮ ਉਸ ਨੂੰ ਫੇਰ ਕਰਾਉਣ ਲਗੇ
ਪਿਆਰ ਵਤਨ ਤੇ ਕੌਮ ਦਾ ਦੂਰ ਹੋਯਾ, ਨਵੇਂ ਸਿਰੇ ਪਿਆਰ ਵਧਾਉਣ ਲਗੇ
ਪਾਟੋਧਾੜ ਮਿਟਾ ਕੇ ਮਜ਼ਬਾਂ ਦੀ, ਇਕ ਮਜ਼ਬ ਦੇ ਵਿਚ ਲਿਆਉਣ ਲਗੇ
ਗੈਰਤ, ਸ਼ਰਮ, ਹਯਾ ਨ ਰਿਹਾ ਹੈਸੀ, ਜੜ੍ਹ ਵਿਚ ਦਿਲਾਂ ਮੁੜ ਲਾਉਣ ਲਗੇ
ਬੀਰ ਰਸ ਗਿਆ ਮਰ ਦੇਸ ਵਿਚੋਂ, ਪੈਦਾ ਕਰਕੇ ਫੇਰ ਦਿਖਾਉਣ ਲਗੇ
ਮਾਦਾ ਮੁਕ ਗਿਆ ਕੁਰਬਾਨੀਆਂ ਦਾ,ਨਵੇਂ ਸਿਰੇ ਹੁਰਰਸਮ ਚਲਾਉਣ ਲਗੇ
ਧੀਰ ਬਲੀ ਪਕੇ ਸ਼ਸਤ੍ਰ ਧਾਰੀ ਬਣੇ, ਨਿਤ ਸਿਖਾਂ ਤਾਈਂ ਸਿਖਲਾਉਣ ਲਗੇ
ਇਟ ਚੁਕਦੇ ਨੂੰ ਪਥਰ ਲੈ ਮਿਲੇ, ਨਵੀਂ ਚਾਸ਼ਨੀ ਇਹੋ ਚੜ੍ਹਾਉਣ ਲਗੇ
ਵਿਚ ਜੰਗਲਾਂ ਮਾਰਨੇ ਹਰਨ ਪਾਹੜੇ, ਵਡਾ ਸ਼ੌਕ ਸ਼ਕਾਰ ਦਾ ਪਾਉਣ ਲਗੇ
ਹਟਵਾਨੀਆਂ, ਕ੍ਰਿਤੀਆਂ; ਸੂਦ੍ਰਾਂ ਨੂੰ, ਕਰ ਛਤ੍ਰੀ ਤੇਗਾਂ ਫੜਾਉਣ ਲਗੇ

ਮਰੋ ਮਾਰ ਕੇ ਆਪਣੇ ਵੈਰੀਆਂ ਨੂੰ ਦਿਲੋਂ ਗੀਦੀਪੁਣੇ ਨੂੰ ਗਵਾਉਣ ਲਗੇ
ਵਾਰਾਂ ਦੁਲੇ ਭੱਟੀ ਜੈਮਲ ਫੱਤੇ ਦੀਆਂ, ਨਿਤ ਵਿਚ ਦੀਵਾਨ ਲਵਾਉਨ ਲਗੇ
ਭੀਮ ਸੈਨ ਅਰਜਨ, ਕ੍ਰਿਸ਼ਨਰਾਮਚੰਦ੍ਰ, ਜੰਗ ਇਨ੍ਹਾਂਦੇ ਕਥਾ ਸੁਨਾਉਨ ਲਗੇ
ਕਦੇ ਜਾਣ ਸ਼ਕਾਰ ਦੇ ਖੇਡਣੇ ਨੂੰ, ਹਿੰਸਾ ਪਾਪ ਹੈ ਦਿਲੋਂ ਉਠਾਉਣ ਲਗੇ
ਨੇਜ਼ੇਬਾਜ਼ੀ ਬੰਦੂਕ ਤੇ ਤੀਰਬਾਜ਼ੀ, ਇਹੋ ਕਰਦਿਆਂ ਦਿਨ ਲੰਘਾਉਨ ਲਗੇ
ਕਰਨ ਆਪ ਅਖਾੜੇ ਕਰਵਾਉਨ ਸਿਖਾਂ, ਕਾਯਾ ਹੋਰਦੀ ਹੋਰ ਪਲਟਾਉਨ ਲਗੇ
ਨਿਤ ਜੰਗ ਦੇ ਸਾਜ਼ ਵਧਾਉਣ ਲਗੇ, ਵੇਲੇ ਔਣ ਵਾਲੇ ਨੂੰ ਤਕਾਉਣ ਲਗੇ
ਜੀਊਂਦੇ ਦਿਲਾਂ ਵਾਲੇ ਵੇਖ ਖੁਸ਼ ਹੁੰਦੇ, ਤੇ ਕੜਾਹ ਖਾਣੇ ਸੁਕਚਾਉਨ ਲਗੇ
ਜਿਵੇਂ ਹੁਕਮ ਅਕਾਲ ਕਰਤਾਰ ਸਿੰਘਾ, ਸਤਿਗੁਰੂ ਜੀ ਤਿਵੇਂ ਬਜਾਉਨ ਲਗੇ

ਸੰਮਤ ੧੭੩੯ ਵਿਚ ਸਤਿਗੁਰਾਂ ਨੇ ਨਗਾਰਾ ਬਨਾਣ ਦਾ ਹੁਕਮ ਦੇਣਾ

ਸਤਿਗੁਰ ਜੀ ਰੋਜ਼ ਸ਼ਕਾਰ ਚੜ੍ਹਦੇ, ਨਾਲ ਸੇਵਕਾਂ ਦਾ ਜਥਾ ਭਾਰਾ ਹੋਵੇ
ਫਿਰਨ ਜੰਗਲਾਂ ਵਿਚ ਸ਼ਕਾਰ ਕਰਦੇ, ਮਾਰਨ ਸ਼ੇਰ ਦਾ ਜੇਚਿਤ੍ਰਾ ਪਾਹੜਾ ਹੋਵੇ
ਇਕ ਦਿਨ ਬੁਲਾ ਦੀਵਾਨ ਤਾਈਂ, ਕਹਿਆ ਗੁਰਾਂ ਇਸ ਕੰਮ ਤਯਾਰਾ ਹੋਵੇ
ਸਾਡੀ ਮਰਜ਼ੀ ਇਹ ਕਰਤਾਰ ਸਿੰਘਾ, ਇਕ ਜਲਦ ਤਯਾਰ ਨਗਾਰਾ ਹੋਵੇ

ਤਥਾ

ਧੌਂਸੇ ਬਿਨਾਂ ਚੜ੍ਹਾਈ ਦੀ ਛਬ ਨਾਹੀਂ, ਧੌਂਸਾ ਦੂਨੀ ਸੇ ਛਬ ਵਧਾ ਦੇਵੇ
ਜਿਸ ਵਕਤ ਅਸੀਂ ਅਸਵਾਰ ਹੋਈਏ, ਦੂਰ ਦੂਰ ਤੇ ਖਬਰ ਸੁਨਾ ਦੇਵੇ
ਹੋਵੇ ਬੜਾ ਅਕਾਰ ਤੇ ਵਾਜ ਵਡੀ, ਕਚੇ ਕੋਹੀਆਂ ਚਿਤ ਹਿਲਾ ਦੇਵੇ
ਧੌਂਸਾ ਗੁਰਾਂ ਦਾ ਵਜੇ ਕਰਤਾਰ ਸਿੰਘਾ, ਹੋਰ ਧੌਂਸੀਆਂ ਚੁਪ ਕਰਾ ਦੇਵੇ

ਦੀਵਾਨ ਨੰਦ ਚੰਦ ਨੇ ਧੌਂਸਾ ਤਿਆਰ ਕਰਵਾਣਾ

ਹੁਕਮ ਹੁੰਦਿਆਂ ਸਾਰ ਦੀਵਾਨ ਨੇ ਜਾ, ਕਾਰੀਗਰ ਬਨਾਣ ਨੂੰ ਲਾ ਦਿਤੇ
ਓਹਨਾਂ ਲੈ ਲੋਹਾ ਚੰਗਾ ਅਹਿਰਨੀ ਪਾ, ਦੌਰ ਢਾਲਨੇ ਸ਼ੁਰੂ ਕਰਾ ਦਿਤੇ
ਕਾਰੀਗਰਾਂ ਸਿਆਣਿਆਂ ਝਬਦੇ ਹੀ, ਦੋਵੇਂ ਦੌਰ ਬਣਾ ਦਿਖਾ ਦਿਤੇ
ਮੜ੍ਹੇ ਤੁਰਤ ਹੀ ਗਏ ਕਰਤਾਰ ਸਿੰਘਾ, ਅਗੇ ਗੁਰਾਂ ਦੇ ਲਿਆ ਟਿਕਾ ਦਿਤੇ

ਧੌਂਸੇ ਦਾ ਨਾਂ ਰਣਜੀਤ ਨਗਾਰਾ ਧਰਨਾਂ

ਧੌਂਸਾ ਵੇਖ ਬਣਿਆ ਬਹੁਤ ਸੋਹਣਾ, ਖੁਸ਼ ਗੁਰੂ ਜੀ ਦਾ ਚਿਤ ਭਾਰਾ ਹੋਯਾ
ਕਾਰੀਗਰਾਂ ਨੂੰ ਬਹੁਤ ਇਨਾਮ ਮਿਲਯਾ, ਤੇ ਵਜਾਉਣਦਾ ਝਟ ਇਸ਼ਾਰਾ ਹੋਯਾ
ਦੂਹਰੀ ਚੋਬ ਪਈ ਜਦੋਂ ਦੂਹੀਂ ਪਾਸੀਂ, ਪਈ ਗੂੰਜ ਤੇ ਸ਼ਬਦ ਕਰਾਰਾ ਹੋਯਾ
ਜਿਵੇਂ ਸਾਉਨ ਦਾ ਮੇਘਲਾ ਘੋਰਦਾ ਜੀ, ਤਿਵੇਂ ਵਜ ਧੌਂਸਾ ਘੁਮਘਾਰਾ ਹੋਯਾ
ਵਡੀ ਵਾਜ ਗੰਭੀਰ ਤੇ ਗੂੰਜਵਾਲੀ, ਧੌਂਸਾ ਗੁਰਾਂ ਨੂੰ ਬਹੁਤ ਪਿਆਰਾ ਹੋਯਾ
ਕਹਿਆ ਮੁਖੋਂ ਉਚਾਰ ਕਰਤਾਰ ਸਿੰਘਾ, ਇਹਦਾ ਨਾਮ ਰਣਜੀਤ ਨਗਾਰਾ ਹੋਯਾ

ਸਤਿਗੁਰਾਂ ਨੇ ਨਗਾਰਾ ਵਜਵਾਕੇ ਨਿਤ ਸ਼ਕਾਰ ਚੜ੍ਹਨਾ

ਨਿਤ ਗੁਰੂ ਜੀ ਸੈਰ ਸ਼ਕਾਰ ਚੜ੍ਹਦੇ, ਨਾਲ ਜਥਾ ਭਾਰਾ ਬਾਹਿਰ ਜਾਂਵਦਾ ਜੀ
ਮੋਹਰੇ ਗੁਰਾਂ ਦੇ ਖੂਬ ਰਣਜੀਤ ਵਜੇ, ਸ਼ੇਰ ਕਾਇਰਾਂ ਤਈਂ ਬਣਾਂਵਦਾ ਜੀ
ਦੂਹਰੀ ਚੋਬ ਨਗਾਰਚੀ ਜਦੋਂ ਮਾਰੇ, ਗੂੰਜ ਪਰਬਤਾਂ ਤਈਂ ਹਿਲਾਂਵਦਾ ਜੀ
ਸਤਿਗੁਰ ਜੀ ਸੈਰ ਸ਼ਕਾਰ ਚੜ੍ਹੇ, ਦੂਰ ਤਕ ਖਬਰ ਪੁਚਾਂਵਦਾ ਜੀ
ਸੜ ਬਲ ਕੇ ਰਾਜੇ ਹੋ ਗਏ ਕੋਲ, ਮੂਲ ਉਨ੍ਹਾਂ ਦੇ ਚਿਤ ਨ ਭਾਂਵਦਾ ਜੀ
ਭੀਮਚੰਦ ਸੀ ਨੇੜੇ ਕਰਤਾਰ ਸਿੰਘਾ, ਓਹ ਸੁਣਕੇ ਬੁਰਾ ਮਨਾਂਵਦਾ ਜੀ

ਭੀਮ ਚੰਦ ਰਾਜੇ ਨੇ ਮਸੰਦਾਂ ਨੂੰ ਸੁਨੇਹਾ ਭੇਜਣਾ

ਧੌਂਸਾ ਦੂਸਰਾ ਵਜਦਾ ਰਾਜ ਅੰਦਰ, ਭੀਮ ਚੰਦ ਨੂੰ ਨਹੀਂ ਸੁਖਾਯਾ ਏ
ਓਸ ਵਲ ਮਸੰਦਾਂ ਦੇ ਲਿਖਯਾ ਇਹ, ਤੁਹਾਡੇ ਗੁਰੂ ਧੌਂਸਾ ਬਣਵਾਯਾ ਏ
ਮੇਰੇ ਹੁੰਦਿਆਂ ਹੀ ਮੇਰੇ ਰਾਜ ਅੰਦਰ, ਧੌਂਸਾ ਦੂਸਰਾ ਕਿਉਂ ਵਜਵਾਯਾ ਏ
ਬੰਦ ਕਰ ਲਵੇ ਗੁਰੂ ਆਪਣੇ ਨੂੰ, ਮੈਂ ਸ਼ਾਂਤੀ ਨਾਲ ਸਮਝਾਯਾ ਏ
ਜੇਕਰ ਫੇਰ ਮੈਂ ਵਜਦਾ ਸੁਣ ਲਿਆ, ਬੁਰੀ ਕਰਾਂਗਾ ਸੱਚ ਸੁਨਾਯਾ ਏ
ਖੋਹ ਲਵਾਂਗਾ ਕਰ ਬੇਇਜ਼ਤੀ ਮੈਂ, ਵਰਜ ਲਵੇ ਜੇਕਰ ਭਲਾ ਭਾਯਾ ਏ

---

ਏਹ ਰਾਜਾ ਤਾਂ ਬਹਾਨਾ ਹੀ ਭਾਲਦਾ ਸੀ—ਉੱਥੇ ਤਾਂ ਬ੍ਰਾਹਮਣਾਂ ਨੇ ਸਾਰੇ ਰਾਜਿਆਂ ਨੂੰ ਇਹ ਸਿਖਾ ਛੱਡਿਆ ਸੀ ਕਿ ਗੁਰੂ ਵਰਨ ਸੰਕਰ ਕਰੀ ਜਾਂਦੇ ਹਨ ਤੇ ਹਿੰਦੂ ਧਰਮ ਦੇ ਵਿਰੋਧੀ ਹਨ, ਗੁਰੂ ਜੀ ਦੇ ਵੈਰੀ ਬਣਾ ਛਡਿਆ ਸੀ । ਪਰ ਭੀਮਚੰਦ ਤਾਂ ਗੁਰਾਂ ਦਾ ਪ੍ਰਤਾਪ ਵੇਖ ਸੁਣਕੇ ਉਂਞ ਹੀ ਵਿਰੋਧੀ ਬਣ ਰਿਹਾ ਸੀ, ਜੋ ਅੰਤ ਨੂੰ ਹਾਥੀ ਤੇ ਤੰਬੂ ਦਾ ਬਹਾਨਾ ਪਾ ਕੇ ਵੈਰ

ਏਹ ਮਸੰਦ ਨ ਅਗੋਂ ਹੀ ਚਾਂਵਦੇ ਸਨ, ਹੁਣ ਹਥ ਬਹਾਨਾ ਸੋ ਆਯਾ ਏ
ਕਠੇ ਹੋ ਕੇ ਬਹਿਨ ਕਰਤਾਰ ਸਿੰਘਾ, ਪੂਜਾ ਦਾਨ ਨੇ ਸਿਦਕ ਉਡਾਯਾ ਏ

ਮਸੰਦਾਂ ਦੀ ਸਲਾਹ

ਕਠੇ ਹੋ ਕੇ ਆਖਦੇ ਜਾਪਦਾ ਏ, ਕੋਈ ਗੁਰੂ ਪਵਾੜਾ ਹਿਲਾਇਗਾ ਏਹ
ਏਹਦਾ ਦਾਦੇ ਵਾਂਗ ਸੁਭਾਉ ਤਿਖਾ, ਕਲਾ ਸੁਤੀਆਂ ਤਾਈਂ ਜਗਾਇਗਾ ਏਹ
ਬੈਠੇ ਸੁਖਾਂ ਦੇ ਨਾਲ ਕੜਾਹ ਖਾਂਦੇ, ਹੈ ਜਾਪਦਾ ਸੁਖ ਗਵਾਇਗਾ ਏਹ
ਗੁਰੂ ਹਰਿਗੋਬਿੰਦ ਕੀਹ ਖਟਿਆ ਸੀ, ਓਹਦੇ ਵਾਂਗ ਹੀ ਦੁਖਉਠਾਇਗਾ ਏਹ
ਗੁਰੂ ਬਾਲਕ ਏਸ ਨੂੰ ਖਬਰ ਕਾਹਦੀ, ਛੇੜਾਂ ਛੇੜ ਪਿਛੋਂ ਪਛਤਾਇਗਾ ਏਹ
ਸਿਖ ਖਟਦੇ, ਖਾਂਵਦੇ ਅਸੀਂ ਬੈਠੇ, ਐਵੇਂ ਬਣੇ ਸਵਾਦ ਵੰਵਾਇਗਾ ਏਹ
ਪਿਆ ਫਿਕਰ ਮਸੰਦਾਂ ਨੂੰ ਆਪਣਾ ਆ, ਭਾਣਾ ਕੌਣਅਕਾਲਪ੍ਰਤਾਇਗਾ ਏਹ
ਚਲੋ ਮਾਤਾ ਦੇ ਪਾਸ ਕ੍ਰਤਾਰ ਸਿੰਘਾ, ਗਿਆ ਵੇਲਾ ਨਾਹੀਂ ਹਥਆਇਗਾ ਏਹ

ਮਾਤਾ ਜੀ ਨੂੰ ਜਾ ਕੇ ਮਸੰਦਾਂ ਨੇ ਡਰਾਨਾ

ਪਾਸ ਮਾਤਾ ਜੀ ਮਸੰਦ ਸਾਰੇ, ਕਹਿੰਦੇ ਬੇਨਤੀ ਅਸੀਂ ਸੁਣਾਈਏ ਜੀ
ਗੁਰ ਛੇੜ ਰਹੇ ਨਵੇਂ ਪਵਾੜਿਆਂ ਨੂੰ; ਕਿਵੇਂ ਓਹਨਾਂ ਨੂੰ ਆਪ ਹਟਾਈਏ ਜੀ
ਛੋਟੀ ਉਮਰ ਘਾਟਾ ਵਾਧਾ ਸਮਝਦੇ ਨਹੀਂ, ਤੁਸੀਂ ਹੋ ਦਾਨਾ ਸਮਝਾਈਏ ਜੀ
ਬੈਠਾ ਸਿਰ ਉਤੇ ਅਗੇ ਤੁਰਕ ਵੈਰੀ, ਹੁਣ ਹੋਰ ਨਾ ਛੇੜ ਹਿਲਾਈਏ ਜੀ
ਕਾਹਦੇ ਵਾਸਤੇ ਧੌਂਸਾ ਬਣਵਾ ਲਿਆ, ਏਹਦਾ ਵਜਨਾ ਬੰਦ ਕਰਾਈਏ ਜੀ
ਆਖ ਘਲਿਆ ਰਾਜੇ ਕਹਿਲੂਰ ਵਾਲੇ; ਮੇਰੇ ਰਾਜ ਵਿਚ ਨਾ ਵਜਾਈਏ ਜੀ
ਨਹੀਂ ਤਾਂ ਕਰਾਂਗਾ ਫੜ ਬੇਇਜ਼ਤੀ ਮੈਂ, ਮੇਰੇ ਹੁਕਮ ਥੀਂ ਬੰਦ ਰਖਾਈਏ ਜੀ
ਸਾਡੇ ਆਖੇ ਨ ਗੁਰਾਂ ਨੇ ਬੰਦ ਕਰਨਾ, ਤੁਸੀਂ ਓਹਨਾਂ ਤਾਈਂ ਡਰ ਪਾਈਏ ਜੀ
ਤੁਰਕ ਬਾਦਸ਼ਾਹ ਤਾਂ ਵੈਰੀ ਬਣ ਰਿਹਾ, ਹਿੰਦੂ ਰਾਜੇ ਨ ਵੈਰੀ ਬਨਾਈਏ ਜੀ
ਵਡੇ ਗੁਰਾਂ ਕੁਪੱਤ ਤੋਂ ਖਟਿਆ ਕੀਹ, ਗਲਾਂ ਦਸਕੇ ਦਿਲ ਡਰਾਈਏ ਜੀ
ਏਹ ਗਦੀ ਫਕੀਰਾਂ ਦੀ ਸ਼ਾਂਤੀ ਦੀ, ਜੰਗ ਜਦਲ ਨ ਏਸ ਨੂੰ ਚਾਹੀਏ ਜੀ
ਹੈ ਫੌਜ ਹਥਯਾਰਾਂ ਦੀ ਲੋੜ ਕਾਹਦੀ, ਏਹ ਕਾਸਨੂੰ ਖਰਚ ਵਧਾਈਏ ਜੀ
ਸਿਖ ਸੰਗਤਾਂ ਕਰਦੀਆਂ ਹੈਨ ਸੇਵਾ, ਧਨ ਬਹੁਤ ਆਵੇ ਬੈਠੇ ਖਾਈਏ ਜੀ

ਨਹੀਂ ਵਿਚ ਕੁਪੱਤਾਂ ਦੇ ਸੁਖ ਕੋਈ, ਵਰਜ ਗੁਰਾਂ ਤਈਂ ਬਠਾਈਏ ਜੀ
ਇਹ ਸੁਣਕੇ ਬਚਨ ਕਰਤਾਰ ਸਿੰਘਾ, ਘਟਾ ਫਿਕਰ ਦੀ ਆਣਕੇ ਛਾਈਏ ਜੀ

### ਮਾਤਾ ਜੀ ਨੇ ਸਹਿਬਜ਼ਾਦਿਆਂ ਨੂੰ ਸਮਝਾਣਾ

ਪਈ ਸੰਧਿਆ ਗੁਰੂ ਜੀ ਘਰ ਗਏ, ਮਾਤਾ ਦੇਖ ਕਹੇ ਬਲਿਹਾਰ ਬੇਟਾ
ਗੋਦੀ ਵਿਚ ਬਠਾਲ ਪਿਆਰ ਦੇਂਦੀ, ਸਿਰ ਚੁੰਮਦੀ ਕਰ ਪਿਆਰ ਬੇਟਾ
ਮਾਤਾ ਨਾਨਕੀ, ਤੇ ਮਾਤਾ ਗੁਜਰੀ ਜੀ, ਮਤ ਦੇਂਦੀਆਂ ਪਾਸ ਬਠਾਰ ਬੇਟਾ
ਦੌਂਸਾ ਲਾਲ ਜੀ ਤੁਸਾਂ ਘੜਾਯਾ ਜੇ, ਵਜੇ ਬੜੀ ਪੈਂਦੀ ਘੁਮਧਾਰ ਬੇਟਾ
ਅਸਾਂ ਸੁਣਿਆ ਧੌਂਸੇ ਤੋਂ ਬੜਾ ਗੁਸੇ, ਭੀਮ ਚੰਦ ਪਾਪੀ ਬਦਕਾਰ ਬੇਟਾ
ਉਹਨੂੰ ਨਹੀਂ ਸੁਖਾਯਾ ਵਜਦਾ ਏਹ, ਪਾਪੀ ਓਸ ਨੇ ਸੁਣ ਕੇ ਖਾਰ ਏਟਾ
ਜਿਸ ਗਲ ਤੋਂ ਕਿਸੇ ਦਾ ਦਿਲ ਦੁਖੇ, ਕਾਹਨੂੰ ਕਰਨੀ ਓਹ ਵਿਚਾਰ ਬੇਟਾ
ਧੌਂਸਾ ਨਾਲ ਲੈ ਜਾਣ ਦੀ ਲੋੜ ਕਾਹਦੀ, ਜਦੋਂ ਜਾਂਦੇਓ ਸੈਰ ਸ਼ਿਕਾਰ ਬੇਟਾ
ਗਲਾਂ ਸੋਹਣ ਏਹ ਰਾਜਯਾਂ ਰਾਣਿਆਂ ਨੂੰ,ਸਾਡੀ ਗਦੀ ਫਕੀਰੀਦੀ ਸਾਰ ਬੇਟਾ
ਸਾਨੂੰ ਕੀ ਪਵਾੜਿਆਂ ਨਾਲ ਲਗੋ, ਲੈ ਬਹਾਰ ਤੇ ਨਾਮ ਚਿਤਾਰ ਬੇਟਾ
ਅਗੇ ਵਾਦੇ ਤੁਹਾਡੇ ਏਹ ਕੰਮ ਕੀਤੇ, ਪਾਯਾ ਸੁਖ ਨ, ਦੁਖ ਹਜ਼ਾਰ ਬੇਟਾ
ਕਈ ਸਿਖ ਹਜ਼ਾਰਾਂ ਸ਼ਹੀਦ ਹੋਏ, ਰਹੀ ਖੜਕਦੀ ਨਿਤ ਤਲਵਾਰ ਬੇਟਾ
ਤੁਹਾਡੀ ਉਮਰ ਛੋਟੀ ਕੋਈ ਮਦਦੀ ਨਹੀਂ;ਵੈਰੀ ਸਿਰਤੇਤੁਰਕ ਹੁਸ਼ਯਾਰ ਬੇਟਾ
ਬਣੇ ਰਹਿਣ ਇਹ ਸੁਖ ਕਰਤਾਰ ਸਿੰਘਾ, ਕਰੋ ਸੋਚ ਵਿਚਾਰ ਓਹ ਕਾਰ ਬੇਟਾ

### ਸਤਿਗੁਰੂ ਜੀ ਨੇ ਮਾਤਾ ਜੀ ਨੂੰ ਉੱਤਰ ਦੇਣਾ

ਹਥ ਜੋੜ ਕੇ ਆਖਿਆ ਸਤਿਗੁਰਾਂ ਨੇ, ਤੁਸੀਂ ਜ਼ਰਾ ਭੀ ਫਿਕਰਨਾ ਕਰੋ ਮਾਤਾ
ਜ ਹੁਕਮ ਅਕਾਲ ਦਾ ਵਰਤਨਾ ਓਹ, ਉਲਟ ਉਸਨੂੰ ਕਿਸ ਤਰ੍ਹਾਂ ਧਰੋ ਮਾਤਾ
ਤੁਹਾਨੂੰ ਆਣ ਮਸੰਦਾਂ ਨੇ ਡਰ ਪਾਯਾ, ਰਖੋ ਓਟ ਅਕਾਲ ਨ ਡਰੋ ਮਾਤਾ
ਜਿਸ ਕੰਮ ਨੂੰ ਆਏ ਹਾਂ ਕਰਾਂਗੇ ਓਹ, ਸਾਨੂੰ ਹੁਕਮ ਅਕਾਲ ਦਾ ਖਰੋ ਮਾਤਾ
ਸਾਡਾ ਮਦਦੀ ਹੈ ਮਹਾਂਕਾਲ ਸਦਾ, ਡਰ ਡਰ ਨ ਐਵੇਂ ਹੀ ਮਰੋ ਮਾਤਾ
ਭਾਣੇ ਵਰਤਨੇ ਕਈ ਕਰਤਾਰ ਸਿੰਘਾ, ਵੇਖੀ ਜਾਹੁ ਨਾਹੀਂ ਦਮ ਭਰੋ ਮਾਤਾ

ਤਥਾ

ਤੁਸੀਂ ਹੋ ਬੇਫਿਕਰੇ ਵੇਖੀ ਜਾਹੁ, ਭਾਣੇ ਕਈ ਕਰਤਾਰ ਵਰਤਾਇਗਾ ਜੀ
ਨਹੀਂ ਏਸ ਨਗਾਰੇ ਨੇ ਬੰਦ ਹੋਨਾ, ਸਗੋਂ ਹੋਰ ਅਕਾਲ ਵਜਵਾਇਗਾ ਜੀ
ਏਥੇ ਹੋਣੀ ਅਕਾਲ, ਅਕਾਲ ਪਈ; ਭੀਮਾ, ਚੀਮਾ ਕਿਥੇਨਜ਼ਰ ਆਇਗਾ ਜੀ
ਤੁਸੀਂ ਮਾਤਾ ਜੀ ਹੁਣੇ ਹੀ ਘਾਬਰੋ ਨਾ, ਕਈ ਰੰਗ ਅਕਾਲ ਦਿਖਾਇਗਾ ਜੀ
ਚੰਦ ਚੜ੍ਹੇ ਦੀ ਰੋਸ਼ਨੀ ਜਗ ਹੋਵੇ, ਕੌਣ ਹੇਠ ਕੁਨਾਲੀ ਛਪਾਇਗਾ ਜੀ
ਅਜ ਬੰਦ ਨਗਾਰੇ ਨੂੰ ਕਰ ਲਈਏ, ਮੁੜ ਕਲ ਨੂੰ ਫੇਰ ਦਬਾਇਗਾ ਜੀ
ਸਾਨੂੰ ਭੇਜਿਆ ਜਿਸ ਨੇ ਜੱਗ ਉੱਤੇ; ਓਹੋ ਕਰਾਂਗੇ ਜੋ ਫਰਮਾਇਗਾ ਜੀ
ਤੁਸਾਂ ਵੇਖਣਾ ਹੁਣ ਕਰਤਾਰ ਸਿੰਘਾ; ਸਮਾਂ ਹੋਰ ਹੀ ਸ਼ਕਲ ਪਲਟਾਇਗਾ ਜੀ

ਵਾਕ ਕਵੀ

ਏਹੋ ਜਹੇ ਨਿਰਭੈਤਾ ਦੇ ਬਚਨ ਸੁਣਕੇ, ਮੁੜ ਮਾਤਾ ਜੀ ਗਲ ਪਰਤਾਨ ਨਾਹੀਂ
ਦਿਨੋ ਦਿਨ ਵਧਾਉਣ ਸਾਮਾਨ ਜੰਗੀ, ਕਾਨ ਕਿਸੇ ਦੀ ਮੂਲ ਰਖਾਨ ਨਾਹੀਂ
ਸੂਰਬੀਰ ਜੋ ਆਂਵਦਾ ਰਖ ਲੈਂਦੇ, ਕਾਰ ਜੰਗ ਦੀ ਤਈਂ ਭੁਲਾਨ ਨਾਹੀਂ
ਵਜੇ ਰੋਜ਼ ਨਗਾਰਾ ਕਰਤਾਰ ਸਿੰਘਾ, ਭੈ ਰਾਜਿਆਂ ਤੋਂ ਜ਼ਰਾ ਖਾਨ ਨਾਹੀਂ

ਸ਼ੇਰ ਸ਼ਿਕਾਰ

ਸਤਿਗੁਰ ਜੀ ਸੈਰ ਸ਼ਿਕਾਰ ਚੜ੍ਹੇ, ਨਾਲ ਸਿਖ ਸਜੀਲੜੇ ਖੂਬ ਸਜੇ
ਨੇੜੇ ਧਾਰ ਕਹਿਲੂਰ ਦੀ ਜਾ ਪੁਜੇ, ਡਰ ਜੰਗਲੀ ਜਾਨਵਰ ਜਾਮ ਭਜੇ
ਦੂਹਰੀਚੋਬ ਰਣਜੀਤ ਤੇ ਵਜਦੀ ਜਾਂ, ਉੱਠੇ ਸ਼ਬਦ ਪਹਾੜੀ ਜਿਉ ਮੇਘ ਗਜੇ
ਭੀਮ ਚੰਦ ਸੁਣਿਆ ਕਰਤਾਰ ਸਿੰਘਾ, ਵਿਚ ਕਾਲਜੇ ਓਸ ਤੇ ਬਾਨ ਵਜੇ

ਰਾਜੇ ਭੀਮ ਚੰਦ ਨੇ ਵਜ਼ੀਰ ਤੋਂ ਪੁਛਣਾ ਕਿ ਇਹ ਧੌਂਸਾ ਕਿਸ ਦਾ ਵਜਦਾ ਹੈ

ਜਿਸ ਤਰਫ਼ਸ਼ਕਾਰ ਸਨ ਗੁਰ ਖੇਡਦੇ, ਓਸ ਦਿਨ ਰਾਜਾ ਓਧਰ ਆਂਵਦਾ ਏ
ਅਗੇ ਨੇੜੇ ਹੀ ਰਾਜੇ ਦਾ ਡੇਰਾ ਹੈਸੀ, ਧੌਂਸੇ ਚੋਬ ਨਗਾਰਚੀ ਲਾਂਵਦਾ ਏ
ਪਈ ਗੂੰਜ ਤੇ ਉੱਠਿਆ ਕੰਬ ਰਾਜਾ, ਝਟ ਪਾਸ ਵਜ਼ੀਰ ਬੁਲਾਂਵਦਾ ਏ
ਏਹ ਰਾਜ ਮੇਰੇ ਵਿਚ ਕੌਣ ਦੂਜਾ, ਮੇਰੇ ਬਿਨਾ ਧੌਂਸਾ ਵਜਾਂਵਦਾ ਏ
ਲਵੋ ਖਬਰ ਮਤਾ ਕੋਈ ਵੈਰੀ ਹੋਵੇ, ਵੇਖੋ ਕੌਣ ਖਾ ਛੇੜ ਹਲਾਂਵਦਾ ਏ

ਓਹ ਦਾ ਨਾ ਵਜ਼ੀਰ ਕਰਤਾਰ ਸਿੰਘਾ, ਬੈਠ ਰਾਜੇ ਤਾਈਂ ਸਮਝਾਂਵਦਾ ਏ

ਪਰਮਾਨੰਦ ਨੰਦ ਵਜ਼ੀਰ ਨੇ ਰਾਜੇ ਨੂੰ ਸਮਝਾਣਾ

ਅਕਲਵੰਦ ਵਜ਼ੀਰ ਪੁਰਾਣਾ ਆਹਾ, ਬੈਠ ਰਾਜੇ ਦੇ ਪਾਸ ਉਚਾਰਦਾ ਏ
ਗੁਰੂ ਤੇਗ ਬਹਾਦਰ ਦਾ ਸਾਹਿਬਜ਼ਾਦਾ, ਜੇਹੜਾ ਖਾਸ ਹੀ ਰੂਪ ਕ੍ਰਤਾਰ ਦਾ ਏ
ਦਾਦੇ ਜਿਸ ਦੇ ਕਿਲ੍ਹੇ ਗਾਲੀਅਰੋਂ, ਰਾਜੇ()ਕੈਦੀ ਛੁਡਾਏ ਵਿਸਥਾਰਦਾ ਏ
ਦਾਦਾ ਆਪ ਦਾ ਸੀ ਤਾਰਾ ਚੰਦ ਵਿਚੇ ਰਾਜਾ ਸੁਣਕੇ ਗਲ ਚਤਾਰਦਾ ਏ
ਓਹ ਆਪਦੇ ਜੰਗਲਾਂ ਵਿਚ ਆਯਾ, ਬਹੁਤ ਉਸਨੂੰ ਸ਼ੌਕ ਸ਼ਕਾਰਦਾ ਏ
ਧੌਂਸਾ ਉਸਦੇ ਨਾਲ ਹੀ ਵਜਦਾ ਜੀ, ਹੋਰ ਵੈਰੀ ਨ ਕੋਈ ਸ਼ਕਾਰਦਾ ਏ
ਸੈਰ ਕਰ ਪਛਾਂਹ ਨੂੰ ਚਲਾ ਜਾਏ, ਖੇਡਾਂ ਖੇਡਦਾ ਵਕਤ ਗੁਜ਼ਾਰਦਾ ਏ
ਜੇਹੜਾ ਸ਼ਰਨ ਲਏ ਕਰਤਾਰ ਸਿੰਘਾ, ਵਿਚ ਨਜ਼ਰ ਦੇ ਉਸ ਨੂੰ ਤਾਰਦਾ ਏ

ਤੁਕਾ

ਏਹ ਹਰਗੋਬਿੰਦ ਦਾ ਪੋਤਰਾ ਹੈ, ਛੋਟੀ ਉਮਰ ਤੇ ਤੇਜ ਅਪਾਰ ਰਾਜਾ
ਬਲੀ ਬਾਂਕੁਰਾ ਛੈਲ ਛਬੀਲ ਸੋਹਣਾ, ਦਾਤਾ ਦਾਨਾ ਹੈ ਹੋਨਹਾਰ ਰਾਜਾ
ਬੜੀਆਂ ਬਰਕਤਾਂ ਤੇ ਕਰਾਮਾਤ ਵਾਲਾ, ਕਲਜੁਗ ਦਾ ਖਾਸ ਔਤਾਰ ਰਾਜਾ
ਬੜੇ ਭਾਗ ਸਾਡੇ ਪਾਸ ਵਸਦਾ ਗੋ; ਰਖੇ ਮੇਲ ਤੇ ਕਰੇ ਦੀਦਾਰ ਰਾਜਾ
ਏਹਦੇ ਨਾਲ ਮਿਲਯਾਂ ਕੰਮ ਬਹੁਤ ਸੌਰਨ;ਹੈ ਬੜੀ ਇਹਦਾਦ ਵਿਚਾਰ ਰਾਜਾ
ਮਾਝਾ ਮਾਲਵਾ ਏਹਦਾ ਸਿਖ ਸਾਰਾ, ਤਾਬੇ ਦੜਪ ਧਨੀ ਪੁਠੋਹਾਰ ਰਾਜਾ

---

()ਜਦ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਚੰਦੂ ਦੁਸ਼ਟ ਨੇ ਜਹਾਂਗੀਰ ਬਾਦਸ਼ਾਹ ਨੂੰ ਸਿਖਲਾਕੇ ਗਵਾਲੀਯਰ ਦੇ ਕਿਲ੍ਹੇ ਵਿਚ ਭੇਜਵਾ ਦਿਤਾ ਸੀ ਤੇ ਫੇਰ ਮੀਆਂ ਮੀਰ ਫਕੀਰ ਦੇ ਦੱਸਨ ਕਰਕੇ ਜਦ ਬਾਦਸ਼ਾਹ ਨੇ ਸਤਿਗੁਰਾਂ ਨੂੰ ਬੁਲਾਯਾ ਤਾਂ ਉਸ ਕਿਲੇ ਵਿਚ ਬਵਿੰਜਾ ਰਾਜ ਉਮਰ ਕੈਦ ਵ ਲੈ ਸਨ। ਉਹਨਾਂ ਸਤਿਗੁਰਾਂ ਅਗ ਬੜੇ ਹਾੜੇ ਕਢੇ ਕਿ ਸਤਿਗੁਰ ਤੁਸਾਂ .ਤੋਂ ਬਿਨਾ ਸਾਨੂੰ ਕਿਸ ਨੇ ਏਸ ਮੌਤ ਰੂਪੀ ਕਿਲ੍ਹੇ ਵਿਚੋਂ ਕਢਨਾ ਹੈ। ਸੋ ਦੀਨ ਦਿਆਲ ਗੁਰੂ ਜੀ ਨੇ ਬਾਦਸ਼ਾਹ ਨੂੰ ਆਖ ਭੇਜਿਆ ਕਿ ਰਾਜੇ ਛਡੇ ਜਾਣ ਤਾਂ ਅਸੀਂ ਕਿਲ੍ਹੇ ਵਿਚੋਂ ਬਾਹਰ ਆਉਂਦੇ ਹਾਂ ਨਹੀਂ ਤਾਂ ਇਥੇ ਹੀ ਰਹਾਂਗੇ। ਬਾਦਸ਼ਾਹ ਨੇ ਅਖੀਰ ਨੂੰ ਓਹ ਰਾਜੇ ਗੁਰੂ ਜੀ ਦੇ ਕਹੇ ਛਡ ਦਿਤੇ ਜੋ ਸਤਿਗੁਰਾਂ ਦਾ ਧੰਨਵਾਦ ਕਰਦੇ ਹੋਏ ਆਪਣੇ ਘਰਾਂ ਨੂੰ ਚਲੇ ਗਏ। ਉਨ੍ਹਾਂ ਵਿਚ ਹੀ ਭੀਮ ਚੰਦ ਦਾ ਦਾਦਾ ਰਾਜਾ ਤਾਰਾ ਚੰਦ ਭੀ ਸੀ।

ਔਖੇ ਵੇਲੇ ਦੀ ਹੈ ਹਮਾਇਤ ਭਾਰੀ, ਗਦੀ ਗੁਰੂ ਨਾਨਕ ਕਰੀਂ ਸਾਰ ਰਾਜਾ
ਜੋ ਰੱਖੇਂਗਾ ਮੇਲ ਕ੍ਰਤਾਰ ਸਿੰਘਾ, ਸੁਖ ਪਾਵੇਂਗਾ ਬੇਸ਼ੁਮਾਰ ਰਾਜਾ

*ਰਾਜਾ ਭੀਮ ਚੰਦ

ਸੋਭਾ ਸੁਣਕੇ ਗੁਰਾਂ ਦੀ ਖੁਸ਼ੀ ਹੋਯਾ, ਰਾਜਾ ਆਖਦਾ ਮੇਲ ਕਰਾਓ ਜਲਦੀ
ਐਸੇ ਸ਼ਕਤੀਵਾਨ ਔਤਾਰ ਦਾ ਜੀ, ਮੈਨੂੰ ਰੂਪ ਅਨੂਪ ਦਖਾਓ ਜਲਦੀ
ਰਾਜਾ ਆਯਾ ਚਾਹੁੰਦਾ ਦਰਸ਼ਨਾਂ ਨੂੰ, ਲੈਨ ਆਗਿਆ ਗੁਰਾ ਤੋ ਜਾਓ ਜਲਦੀ
ਭਲਾ, ਭਲਾ ਹੋ ਜਾਏ ਕਰਤਾਰ ਸਿੰਘਾ, ਸਾਨੂੰ ਪੂਰਨ ਪੁਰਖ ਮਲਾਓ ਜਲਦੀ

ਭੀਮ ਚੰਦ ਦੇ ਵਜੀਰ ਨੇ ਸਤਿਗੁਰਾਂ ਦੇ ਹਜੂਰ ਆਣ ਕੇ ਅਰਜ ਕਰਨੀ

ਥੋੜੇ ਦਿਨਾਂ ਦੇ ਬਾਅਦ ਵਜ਼ੀਰ ਦਾਨਾ, ਚਲ ਗੁਰੂ ਜੀ ਦੇ ਪਾਸ ਆਂਵਦਾ ਏ
ਬੜਾ ਮਾਨ ਕੀਤਾ ਦਸਮਸ਼ ਜੀ ਨੇ, ਵੇਖ ਸ਼ਾਨ ਹੈਰਾਨ ਹੋ ਜਾਂਵਦਾ ਏ
ਹੱਥ ਜੋੜਕੇ ਨਾਲ ਅਧੀਨਗੀ ਦੇ, ਕਰ ਅਰਜ਼ ਵਜ਼ੀਰ ਸੁਨਾਂਵਦਾ ਏ
ਜੇਕਰ ਆਇਆ ਹੋਵ ਕਰਤਾਰ ਸਿੱਘਾ, ਭੀਮ ਚੰਦ ਦੀਦਾਰ ਨੂੰ ਚਾਂਵ੍ਹਦਾ ਏ

ਸ੍ਰੀ ਦਸ਼ਮੇਸ਼ ਜੀ

ਸਤਿਗੁਰੂ ਜੀ ਨੇ ਖੁਸ਼ੀ ਨਾਲ ਕਹਿਆ, ਬੜੀ ਖੁਸ਼ੀ ਰਾਜਾ ਸੋ ਵਾਰ ਆਵੇ
ਗੁਰੂ ਨਾਨਕ ਦੇਵ ਦਾ ਘਰ ਖੁਲਾ, ਪਾਵੇ ਫਲ ਕਰਨ ਦੀਦਾਰ ਆਵੇ
ਜਿਵੇਂ ਮਿਲੇਗਾ ਮਿਲਾਂਗੇ ਓਸੇ ਤਰ੍ਹਾਂ, ਰਾਜਾ ਚਿਤ ਦੀ ਸੰਗ ਉਤਾਰ ਆਵੇ
ਗਿਆ ਪਰਤ ਵਜ਼ੀਰ ਕਰਤਾਰ ਸਿੰਘਾ, ਭੀਮ ਚੰਦ ਫਿਰ ਕਰਨ ਦੀਦਾਰ ਆਵ

ਰਾਜੇ ਭੀਮ ਚੰਦ ਨੇ ਸ੍ਰੀ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣਾ

ਲੈ ਆਗਿਆ ਜਦੋਂ ਵਜ਼ੀਰ ਗਿਆ, ਰਾਜਾ ਹੋਕੇ ਝੱਟ ਅਸਵਾਰ ਆਯਾ
ਕੁਝ ਲੈ ਕੇ ਆਪਣੀ ਫੌਜ ਜੰਗੀ, ਕਰਨ ਦਰਸ਼ਨਾਂ ਨੂੰ ਖੁਸ਼ੀ ਧਾਰ ਆਯਾ
ਡੇਰਾ ਗੁਰਾਂ ਨੇ ਬਾਹਰ ਲਵਾ ਦਿੱਤਾ, ਦਿਤਾ ਭੇਜ ਜੋ ਕੁਝ ਦਰਕਾਰ ਆਯਾ
ਰਸਦ ਬਸਤ ਸਮਾਨ ਕਰਤਾਰ ਸਿੰਘਾ, ਗੁਰੂ ਘਰੋਂ ਮਿਲ ਨਾ ਸ਼ੁਮਾਰ ਆਯਾ

---

*ਭਾਵੇਂ ਵਾਲਾ ਵਜ਼ੀਰ ਨੇ ਪੁਕਰੀਆਂ ਨਾਲ ਰਾਜੇ ਦੇ ਗੁਸੇ ਨੂੰ ਟਾਲ ਕੇ ਮੇਲ ਕਰਾ ਦਿਤਾ ਸੀ, ਪਰ ਓਹ ਜੋ ਈਰਖਾ ਦਾ ਬੀਜ ਸੀ, ਉਸ ਪ੍ਰਕਾਰ ਹੀ ਰਿਹਾ।

### ਦੂਸਰੇ ਦਿਨੋਂ ਰਾਜੇ ਨੇ ਸਤਿਗੁਰਾਂ ਦੇ ਦਰਸ਼ਨ ਕਰਨੇ

ਦਿਨ ਦੂਸਰੇ ਖ਼ਾਸ ਦਰਬਾਰ ਲੱਗਾ, ਫਰਸ਼ ਮਖਮਲੀ ਗਏ ਵਛਾਏ ਸਾਰੇ
ਤੰਬੂ ਕਾਬਲੀ ਸਣੇ ਸਾਮਾਨ ਲਾਯਾ, ਸਾਹਿਬਾਨ ਕਨਾਤ ਲਵਾਏ ਸਾਰੇ
ਤਖਤ ਗੁਰਾਂ ਦਾ ਹੀਰੇ ਜਵਾਹਰ ਜੜਿਆ, ਉਪਰ ਝਾੜ ਫਾਨੂਸ ਲਟਕਾਏ ਸਾਰੇ
ਕੀਮਖਾਬ, ਅਤਲਸ, ਜ਼ਰਬਫਤ ਪਰਦੇ, ਸੋਨੇ ਝਾਲਰਾਂ ਵਾਲੇ ਛੁਹਾਏ ਸਾਰੇ
ਬੈਠੇ ਸਿਖ ਮਸੰਦ ਹੈ ਇਕ ਪਾਸੇ, ਸੋਹਣੇ ਕਪੜੇ ਸੁਥਰੇ ਪਾਏ ਸਾਰੇ
ਤਰਫ਼ ਦੂਸਰੀ ਦੇ ਬੀਰ ਰਣ ਭਰੇ, ਯੋਧੇ ਆਣ ਬੈਠੇ ਸ਼ਸਤ੍ਰ ਲਾਏ ਸਾਰੇ
ਅਗੇ ਰਾਗੀ, ਰਬਾਬੀ, ਕਵੀਸ਼ਰ ਢਾਢੀ, ਰਹੇ ਵਾਂਗ ਗੰਧਰਬਾਂ ਗਾਏ ਸਾਰੇ
ਸਤਿਗੁਰੂ ਜੀ ਪਹਿਨ ਪੁਸ਼ਾਕ ਚੰਗੀ, ਅੰਗ ਅੰਗ ਹਥਯਾਰ ਸਜਾਏ ਸਾਰੇ
ਸ੍ਰੀਰਾਮਨ ਤਖਤ ਤੇ ਆਣ ਬੈਠੇ, ਕਲਗੀ ਜੇੜ੍ਹੇ ਜਿਗ਼ਾ ਵਿਲਕਾਏ ਸਾਰੇ
ਫੇਰ ਰਾਜੇ ਤਾਈਂ ਸਦ [illegible] ਜੀ, ਨਾਲ ਮੰਤ੍ਰ ਵਜ਼ੀਰ ਭੀ ਆਏ ਸਾਰੇ
ਸਤਿਗੁਰਾਂ ਦਾ ਜਾਂ ਦਰਬਾਰ ਡਿਠਾ, ਹੋ ਹੋ ਹੈਰਾਨ ਬਿਸਮਾਏ ਸਾਰੇ
ਵਧ ਇੰਦ੍ਰ ਅਖਾੜਿਓਂ ਬਣੀ ਸੋਭਾ, ਮਾਨ, ਵੇਖ ਸੀ ਮਾਨ ਗਵਾਏ ਸਾਰੇ
ਯਾਰਾਂ ਨਕਦ ਪ੍ਰਸਾਦ ਸੀ ਸਵਾ ਪੰਜਾਂ, ਬੈਠੇ ਧਰਕੇ ਸੀਸ ਝੁਕਾਏ ਸਾਰੇ
ਸਾਹਿਬ ਚੰਦ ਮਾਮੇ ਕ੍ਰਿਪਾਲ ਜੀ ਨੇ ਆਦਰ ਨਾਲ ਥਾਂ ਥਾਂ ਬੈਠਾਏ ਸਾਰੇ
ਸੁਖ ਸਾਂਦ ਪੁਛੀ ਗੁਰਾਂ ਸਾਰਿਆਂ ਦੀ, ਸੋਹਣਾ ਵੇਖ ਸਰੂਪ ਹਰਖਾਏ ਸਾਰੇ
ਭਾਰਾ ਗੁਰਾਂ ਦਾ ਤੇਜ ਕਰਤਾਰ ਸਿੰਘਾ, ਵੇਖ ਗਏ ਓਹ ਮਾਹਣੂ ਦਬਾਏ ਸਾਰੇ

### ਪ੍ਰਸਾਦੀ ਹਾਥੀ ਆਦਿਕ ਚੀਜ਼ਾਂ ਵੇਖ ਕੇ ਰਾਜੇ ਨੇ ਹੈਰਾਨ ਹੋਣਾ

ਏਨੇ ਚਿਰ ਨੂੰ ਆ ਪ੍ਰਸਾਦੀ ਗਿਆ, ਮਥਾ ਟੇਕਦਾ ਸੁੰਡ ਉਠਾ ਕੇ ਜੀ
ਫੇਰ ਕਰ ਪ੍ਰਕਰਮਾ ਚਹੁੰ ਪਾਸੀਂ, ਅਗੇ ਝੁਕਦਾ ਗੋਡੇ ਝੁਕਾ ਕੇ ਜੀ
ਜੋੜੇ ਖਾੜ ਕੇ ਸਭ ਅਗੇ ਕੀਤੇ, ਪਾਂਧਾਂ [illegible] ਖੂਹ ਲਿਆ [illegible]
ਗੁਰਾਂ ਤੀਰ ਚਲਾਏ ਸੋ ਦੂਰ ਗਏ, ਚੁਣ ਲੈ ਆਯਾ ਝਟ [illegible]
ਫੇਰ ਜਲ ਲੈ ਗੁਰਾਂ ਦੇ ਚਰਨ ਧੁਆਏ, ਚੌਰ ਕਰਨ ਲਗਾ ਦਿਲ ਲਾ ਕੇ ਜੀ
ਰਾਜਾ ਵੇਖ ਹਾਥੀ ਦੇ ਕੰਮ ਸਾਰੇ, ਦਿਲੋਂ [illegible] ਗਿਆ ਵਿਸਮਾ ਕੇ ਜੀ
ਪੰਜ ਕਲਾ ਸ਼ਸਤ੍ਰ ਮੁੜ ਵੇਖਦਾ ਜਾਂ, ਗਿਆ [illegible] ਭਰਮ ਭਰਮਾ ਕੇ ਜੀ।

ਚੌਕੀ ਆਈ ਅਸਾਮ ਦੀ ਬਣੀ ਹੋਈ, ਰਖੀ ਚਰਾਕੂ ਕਲਾ ਦਬਾ ਕੇ ਜੀ
ਚਾਰ ਪੁਤਲੀਆਂਵਿਚੋਂ ਹੀਨਿਕਲ ਆਈਆਂ, ਨਰਦਾਂਰੱਖਸ਼ਤ੍ਰੰਜ ਵਿਛਾ ਕੇ ਜੀ
ਮਾਨੋਂ ਆਖਦੀਆਂ ਖੇਡੋ ਗੁਰੂ ਸਾਹਿਬ, ਖੁਸ਼ੀ ਹੋਏ ਸਭ ਕਸਬ ਸਲਾਹ ਕੇ ਜੀ
ਫੇਰ ਪੰਜੇ ਘੋੜੇ ਦਰਯਾਈ ਆਏ, ਲਿਆਏ ਸੇਵਕ ਸਾਜ ਸਜਾ ਕੇ ਜੀ
ਮੋਰਾਂ ਵਾਂਗ ਆਉਂਦੇ ਪੈਲਾਂ ਪਾਂਵਦੇ ਓਹ, ਬੜੇ ਸੁੰਦਰ ਕਦਮ ਉਠਾ ਕੇ ਜੀ
ਚੀਜ਼ਾਂ ਇਕ ਤੋਂ ਇਕ ਚੜ੍ਹਦੀਆਂ ਏਹ, ਰਾਜਾ ਭਰਮਿਆ ਚਿਤ ਡੁਲਾ ਕੇ ਜੀ
ਫੇਰ ਤੰਬੂ ਨੂੰ ਵੇਖ ਹੈਰਾਨ ਹੋਯਾ; ਨੀਵੀਂ ਪੌਣ ਕੀਤੀ ਸ਼ਰਮਾ ਕੇ ਜੀ
ਸਤਿਗੁਰਾਂ ਦਾ ਵੇਖ ਕੇ ਸ਼ਾਨ ਭਾਰਾ, ਰਿਹਾ ਦਿਲੋਂ ਸਬੂਤ ਨਾ ਆ ਕੇ ਜੀ
ਤਿੰਨ ਦਿਨ ਰਹਿ ਗਿਆ ਕਰਤਾਰ ਸਿੰਘਾ; ਦਿਲ ਖੋਟਦਾ ਬੀਜ ਜਮਾ ਕੇ ਜੀ

ਘਰ ਜਾ ਕੇ ਭੀਮ ਚੰਦ ਰਾਜੇ ਨੇ ਖੋਟੀ ਸਲਾਹ ਕਰਨੀ

ਚੀਜ਼ਾਂ ਕੀਮਤੀ ਗੁਰਾਂ ਘਰ ਵੇਖਕੇ ਤਾਂ, ਰਾਜਾ ਚੰਦਰਾ ਜਰ ਨ ਸਕਿਆ ਜੀ
ਕਿਸੇ ਤਰ੍ਹਾਂ ਮੈਨੂੰ ਹਥ ਆ ਜਾਵਨ, ਲੋਭੀ ਚਿਤ ਨ ਜਾਂਵਦਾ ਡਕਿਆ ਜੀ
ਕੋਈ ਕਰ ਫਰੇਬ ਮੰਗਾ ਲਵਾਂ, ਦੇਵਾਂ ਫੇਰ ਨ ਦਿਲੋਂ ਏਹ ਤਕਿਆ ਜੀ
ਕੀਤੀ ਖੋਟੀ ਸਲਾਹ ਕਰਤਾਰ ਸਿੰਘਾ, ਆਣ ਹੋਣੀ ਨੇ ਰਾਜੇ ਨੂੰ ਚਕਿਆ ਜੀ

ਭੀਮ ਚੰਦ ਨੇ ਹਾਥੀ, ਤੰਬੂ ਆਦਿਕ ਚੀਜ਼ਾਂ ਲੈਣ ਵਾਸਤੇ ਵਜ਼ੀਰ ਨੂੰ ਭੇਜਣਾ

ਰਾਜੇ ਸਦ ਵਜ਼ੀਰ ਨੂੰ ਆਖਯਾ ਏਹ, ਗੁਰਾਂ ਪਾਸ ਜਾਹ ਦੇਰ ਨ ਕਾਈ ਹੋਵੇ
ਤੰਬੂ ਹਾਥੀ ਤੇ ਘੋੜੇ ਲੈ ਆਵਨੇ ਜੀ, ਮੇਰੇ ਚਿਤ ਦੀ ਤਬ ਠਹਿਰਾਈ ਹੋਵੇ
ਲਾਗੀ ਹੋਣਗੇ ਵੇਖਕੇ ਬਹੁਤ ਰਾਜੀ, ਹੁਣ ਟਿਕੇ ਦੀ ਜਦੋਂ ਕੁੜਮਾਈ ਹੋਵੇ
ਮੇਰੇ ਘਰ ਬੇ ਕੀਮਤੀ ਵੇਖ ਚੀਜ਼ਾਂ, ਬਾਈਧਾਰ ਮੇਰੀ ਵਡਿਆਈ ਹੋਵੇ
ਇਹ ਸੋਹਣੀਆਂ ਰਾਜਿਆਂ ਘਰੀਂ ਲਗਮ, ਜਿਥੇ ਏਨ੍ਹਾਂ ਦੀਸ਼ੋਲਾਸਵਾਈ ਹੋਵੇ
ਨ ਫਕੀਰਾਂ ਦੀ ਘਰੀਂ ਇਹ ਸੋਂਹਦੀਆਂ ਨੇ, ਜੋ'ਹ ਗੁੰਬੀਹੀ ਰਖਣੀਆਈ ਹੋਵੇ
ਇਕ ਵਾਰ ਲਿਆ ਮੁੜ ਦਿਆਂਗੇ ਨ, ਵੇਖੇ ਕਿਸ ਤਰ੍ਹਾਂ ਹਿਲ ਹਿਲਾਈ ਹੋਵੇ
ਮੁਦ ਬਝ ਪਿਆ ਕੂਤਾਰ ਸਿੰਘਾ, ਦਿਨੋਂ ਦਿਨ ਵਾਧਾ ਬੁਰਿਆਈ ਹੋਵੇ

ਵਜ਼ੀਰ ਪਰਮਾਨੰਦ ਦਾ ਅਨੰਦਪੁਰ ਆਉਣਾ

ਖੋਟੀ ਰਾਜੇ ਦੀ ਵੇਖ ਦਲੀਲ ਭੈੜੀ, ਓਹ ਦਾਨਾ ਵਜ਼ੀਰ ਵਿਚਾਰਦਾ ਏ

ਏਸ ਗੱਲ ਦੇ ਵਿਚ ਨ ਭਲਾ ਦਿਸੇ ਚੰਗੀ ਨੀਤ ਨਾਹੀਂ ਰਾਜਾ ਧਾਰਦਾ ਏ
ਗੁਰੂ ਘਰ ਸਾਹਿਬ ਕਰਾਮਾਤ ਭਾਰਾ, ਠੱਗੀ ਚਲਣੀ ਨ ਝੱਖ ਮਾਰਦਾ ਏ
ਅੱਗੋਂ ਮੋੜ ਜਵਾਬ ਨ ਦਿਤਾ ਜਾਏ, ਪਾ ਆਗਯਾ ਤੁਰਤ ਸਿਧਾਰਦਾ ਏ
ਹਾਜ਼ਰ ਗੁਰਾਂ ਦੇ ਵਿਚ ਦਰਬਾਰ ਹੋ ਕੇ, ਹਥ ਬੰਨ੍ਹ ਕੇ ਅਰਜ਼ ਗੁਜ਼ਾਰਦਾ ਏ
ਤਾਜ਼ਾ ਤੰਬੂ, ਹਾਥੀ, ਘੋੜੇ, ਮੰਗਦਾ ਜੀ, ਜਿਵੇਂ ਕੰਮ ਸਾਰੇ ਸੰਸਾਰ ਦਾ ਏ
ਓਹਦੇ ਪੁੱਤ ਦੀ ਹੈ ਕੁੜਮਾਈਗੁਰ ਜੀ, ਆਸਵੰਦ ਓਹਆਪ ਸਰਕਾਰ ਦਾ ਏ
ਸ੍ਰੀ ਨਗਰ ਤੋਂ ਆਵਨੀ ਹੈਨ ਲਾਗੀ, ਸਭ ਰਾਜਾ ਆਵੇ ਬਾਈਧਾਰ ਦਾ ਏ
ਸ਼ਾਦੀ ਵਿਚ ਦਿਖਾਲੇ ਦੇ ਵਾਸਤੇਜੀ,ਰਾਜਾ ਮੰਗਦਾ ਅਰਜ਼ ਉਚਾਰ ਦਾ ਏ
ਭੇਜ ਦਿਆਂਗੇ ਸਾਂਭ ਕਰਤਾਰ ਸਿੰਸਾ, ਨਹੀਂ ਖਤ੍ਰਾ ਜ਼ਰਾ ਬਿਗਾੜ ਦਾ ਏ

ਉੱਤਰ ਗੁਰੂ ਜੀ ਵਲੋਂ

ਘਟ ਘਟ ਦੀ ਜਾਣਣੇਹਾਰ ਗੁਰ ਜੀ,ਪੇਸ਼ ਜਾਣ ਕਾਹਨੂੰ ਚਤਰਾਈਆਂ ਨੇ
ਹੱਸ ਆਖਦੇ ਸੁਣੋਂ ਵਜ਼ੀਰ ਸਾਹਿਬ, ਗੱਲਾਂ ਸੱਚ, ਜੋ ਤੁਸਾਂ ਸੁਨਾਈਆਂ ਨੇ
ਚੀਜ਼ਾਂ ਸਾਡੀਆਂ ਨਹੀਂ ਜੋਦੇ ਦੇਈਏ, ਸਿਖਾਂ ਗੁਰ ਗਦੀ ਨੂੰ ਚੜ੍ਹਾਈਆਂ ਨੇ
ਸਾਡੀ ਚੀਜ਼ ਜੇਹੜੀ ਲੈ ਜਾਹੁ ਤੁਸੀਂ, ਸਭ ਹਾਜ਼ਰ, ਨਹੀਂ ਲੁਕਾਈਆਂ ਨੇ
ਹਾਥੀ ਮਕਨਾ ਤੇ ਘੋੜੇ ਹੋਰ ਜਿੰਨੇ, ਮੁੱਲ ਅਸਾਂ ਜੋ ਹੋਰ ਮੰਗਾਈਆਂ ਨੇ
ਲੈ ਜਾਹੁ ਬੇਸ਼ਕ ਕਰਤਾਰ ਸਿੰਘਾ, ਚੀਜ਼ਾਂ ਵਰਤਨੇ, ਲਈ ਬਨਾਈਆਂ ਨੇ

ਵਜ਼ੀਰ ਨੇ ਖਾਲੀ ਜਾਨਾ ਤੇ ਰਾਜੇ ਤੇ ਬੜਾ ਗੁਸਾ ਕਰਨਾ ਤੇ ਪੰਮੇ ਪ੍ਰੋਹਤ ਦੀ ਸ਼ਰਾਰਤ

ਸਾਦਾ ਸਾਫ ਜਵਾਬ ਗੁਰੂ ਘਰੋਂ ਜਾ ਵਜ਼ੀਰ ਰਾਜ ਨੂੰ ਸੁਨਾਂਵਦਾ ਏ
ਅੱਗ ਭੜਕ ਉਠੀ ਭੀਮ ਚੰਦ ਤਾਈਂ, ਗੁਸੇ ਵਿਚ ਪਹਾੜੀਆਂ ਆਂਵਦਾ ਏ
ਐਂਵੇ ਰਾਜਾ ਜੀ ਕਰੋ ਨ ਮੂਲ ਗੁਸਾ, ਓਹ ਦਾਨਾ ਵਜ਼ੀਰ ਸੁਨਾਂਵਦਾ ਏ
ਦਗਾ ਕਰਨ ਦੀ ਤੁਸਾਂ ਸੀ ਨੀਤ ਠਾਨੀ, ਦਗਾ ਪੇਸ਼ ਨਾਹੀਂ ਓਥੇ ਜਾਵਦਾ ਏ
ਘਟ ਘਟ ਦੀ ਜਾਣੇਹਰ ਗੁਰੂ ਦਾਓ ਕਿਵੇਂ ਤੁਸਾਂ ਪਾਸੋਂ ਖਾਵਦਾ ਏ
ਪਾਸ ਪੰਮਾ ਨਾਮ ਪਰੋਹਤ ਖੜਾ, ਲੂਤੀ ਲਾ ਕੇ ਅਗ ਭੜਕਾਂਵਦਾ ਏ
ਮੈਂ ਸਮਝਿਆ ਖਾ ਕੜਾਹ ਆਏ,ਜੱਸ ਤਾਹੀਏਂ ਹੀ ਕਰਨਾ ਭਾਂਵਦਾ ਏ
ਸ਼ਾਦੀ ਵਿਚ ਤਾਂ ਸੱਤ ਬਗਾਨੇ ਪਾਸੋਂ, ਚੀਜਾਂ ਹਰ ਕੋਈ ਮੰਗ ਲਿਆਂਵਦਾ ਏ

ਓਸ ਰਯਤ ਹੋ ਨ ਦਿਤੀਆਂ ਨੇ, ਜਾਪੇ ਨਹੀਂ ਲਿਹਾਜ ਰਖਾਂਵਦਾ ਏ
ਓਹਤਾਂ ਜਾਪਦਾ ਬੜਾ ਗੁਮਾਨੀ ਹੋਯਾ, ਧੌਂਸਾ ਰਾਜ ਦੇ ਵਿਚ ਵਜਾਂਵਦਾ ਏ
ਬਾਲਨ ਘਾ ਪਠਾ ਸਾਡੇ ਰਾਜ ਵਿਚੋਂ, ਸਦਾ ਲੈ ਕੇ ਝਟ ਲੰਘਾਵਦਾ ਏ
ਚੀਜ਼ਾਂ ਮੰਗੀਆਂ ਅਜ ਨ ਦਿਤੀਆਂ ਸੂ, ਫੈਦਾ ਕੱਲ੍ਹ ਨੂੰ ਕੀ ਪੁਚਾਂਵਦਾ ਏ
ਐਹੋ ਜਹੇ ਅਭਿਮਾਨੀ ਨੂੰ ਬਾਹਰ ਕਢੋ, ਰਾਜ ਵਿਚ ਖਰੂਦ ਮਚਾਂਵਦਾ ਏ
ਗੱਲਾਂ ਸੁਣ ਵਜ਼ੀਰ ਕਰਤਾਰ ਸਿੰਘਾ, ਬੋਲ ਪੰਮੇ ਤਾਈਂ ਦਬਕਾਂਵਦਾ ਏ

### ਵਜ਼ੀਰ ਨੇ ਪੰਮੇ ਨੂੰ ਝਿੜਕਨਾ

ਗਲਾਂ ਸੁਣ ਪੰਮੇ ਦੀਆਂ ਖੋਟੀਆਂ ਏਹ, ਢੰਗ ਵੇਖ ਫਸਾਦ ਹਿਲਾਨ ਵਾਲੇ
ਕਹਿਆ ਝਿੜਕ ਵਜ਼ੀਰ ਨੇ ਪੰਮੇ ਨੂੰ ਜੀ, ਪਰੇ ਹਟ ਕੁਪੱਤ ਉਠਾਨ ਵਾਲੇ
ਬੜੀ ਸੋਹਣੀ ਪਾਸੋਂ ਮਤ ਦੇਣ ਲਗੋਂ, ਵਿਚ ਰੰਗ ਦੇ ਭੰਗ ਪਵਾਨ ਵਾਲੇ
ਕਿਵੇਂ ਗੁਰੂ ਨੂੰ ਕਢੋਗੇ ਰਾਜ ਵਿਚੋਂ, ਧਾਨ ਮਨਸਿਆ ਪੂਜਿਆ ਖਾਨ ਵਾਲੇ
ਅਗੇ ਵੰਗਾਂ ਪਹਿਨੀ ਗੁਰੂ ਨਹੀਂ ਬੈਠਾ, ਜੇਪੇ ਓਸ ਦੇ ਜੰਗ ਮਚਾਨ ਵਾਲੇ
ਮਾਝੇ ਮਾਲਵੇ ਦੇ ਲੋਕ ਸਭ ਤਾਬੇ, ਓਹਦੇ ਨਾਮ ਤੇ ਜਾਨ ਘੁਮਾਨ ਵਾਲੇ
ਬੜੇ ਬੜੇ ਬਹਾਦਰ ਬਲੀ ਕਠੇ, ਇਕ ਇਕ ਦਸ ਦਸ ਦਬਾਣ ਵਾਲੇ
ਤੇਰੇ ਜੇਹੀਆਂ ਭੇਡਾਂ ਵੀਹਾਂ ਵੀਹਾਂ ਤਾਈ,ਫੜ ਓਹ ਬਘਿਆੜ ਚਬਾਨ ਵਾਲੇ
ਛਿੜ ਪਿਆ ਕੁਪੱਤ ਤੇ ਕਰ ਹੱਲਾ, ਖੋਹ ਲਾੜੀਆਂ ਜੀ ਲੈ ਜਾਨ ਵਾਲੇ
ਜਟ ਦੇਸ ਦੇ ਓਸ ਦੇ ਸਿਖ ਸੇਵਕ, ਵਿਚ ਜੰਗ ਦੇ ਹੋਲੀ ਮਚਾਨ ਵਾਲੇ
ਉਲਟ ਪਏ ਤੇ ਸਾਂਭਣੇ ਫੇਰ ਔਖੇ, ਓਹ ਡੀਮਣੇ ਡੰਗ ਚਲਾਨ ਵਾਲੇ
ਤੇਰੇ ਜਿਹਾਂ ਦਾ ਪਿਛੋਂ ਕੀਹ ਜਾਵਨਾਂ ਏਂ,ਤੁਸੀਂ ਲੋਕ ਤਾਂ ਮਜੇ ਉਡਾਣ ਵਾਲੇ
ਪਿੰਡ ਅਗ ਲਗੀ ਕੁਤੇ ਰੂੜੀਆਂ ਤੇ, ਮੂੰਹ ਚੁਕ ਕੇ ਭੌਂਕ ਸੁਨਾਨ ਵਾਲੇ
ਤੁਸੀਂ ਸੁਖਾਂ ਦੇ ਯਾਰ ਕਰਤਾਰ ਸਿੰਘਾ, ਦੁਖ ਬਣਿਆਂ ਮੂੰਹ ਭਵਾਨ ਵਾਲੇ

### ਤਥਾ

ਏਸ ਗੁਰੂ ਦੇ ਦਾਦੇ ਨਾਲ ਅਗ, ਸ਼ਾਹਜਹਾਂ ਨੇ ਛੇੜ ਰਿਲਾਈ ਹੈਸੀ
ਦੰਦ ਖੱਟੇ ਕੀਤੇ ਭੰਨ ਬਾਦਸ਼ਾਹ ਦੇ, ਤੋਬਾ ਤੋਬ ਮੂੰਹੋਂ ਕਰਵਾਈ ਹੈਸੀ
ਅਜ ਤਕ ਪਏ ਸਾਰੇ ਯਾਦ ਕਰਦੇ, ਜਿਹੜੀ ਜੱਟਾਂ ਨੇ ਤੇਗ ਚਲਾਈ ਹੈਸੀ

ਓਸ ਦਾਦੇ ਦਾ ਏਹ ਭੀ ਪੋਤਰਾ ਹੈ, ਜਿਸ ਦਿਲੀ ਕੀਤੀ ਬਾਦਸ਼ਾਹੀ ਹੈਸੀ
ਜਿਤ ਸਕਿਆ ਗੁਰੂ ਨੂੰ ਬਾਦਸ਼ਾਹ ਨ, ਭਾਰੀ ਸ਼ਰਮ ਤਾਂ ਸਗੋਂ ਉਠਾਈ ਹੈਸੀ
ਓਹ ਭੀ ਤੇਰੇ ਜਿਹਾ ਕਰਤਾਰ ਸਿੰਘਾ, ਬਾਦਸ਼ਾਹ ਨੂੰ ਜ਼ਿਦ ਚੜ੍ਹਾਈ ਹੈਸੀ

ਵਜ਼ੀਰ ਨੇ ਰਾਜੇ ਭੀਮ ਚੰਦ ਨੂੰ ਝਿੜਕਣਾ

ਗੱਪ ਝਾੜ ਪੰਮੇ ਨੂੰ ਬਠਾਲ ਦਿਤਾ, ਫੇਰ ਰਾਜੇ ਨੂੰ ਬਾਤ ਸੁਨਾਈਏ ਜੀ
ਜੰਗ ਜੂਏ ਦੀ ਖੇਡ ਹੈ ਸਮਝ ਲਵੋ, ਏਹਦੀ ਗਲ ਨੂੰ ਦਿਲ ਨਾ ਲਾਈਏ ਜੀ
ਏਹ ਸਵਾਰਥੀ ਸਦਾ ਹੀ ਹਤਯਾਰੇ, ਪਾਪੀ ਕਰਨ ਸਦਾ ਬੁਰਿਆਈਏ ਜੀ
ਨਹੀਂ ਕਿਸੇ ਨੂੰ ਨੇਕ ਸਲਾਹ ਦੇਂਦੇ, ਇਨ੍ਹਾਂ ਪੰਮਿਆਂ ਤੋਂ ਬਚ ਜਾਈਏ ਜੀ
ਜਿਥੇ ਖਾਂਵਦੇ ਓਥੇ ਹੀ ਹਗਦੇ ਨੇ, ਏਹੋ ਏਹਨਾਂ ਦੇ ਵਿਚ ਵਡਿਆਈਏ ਜੀ
ਮਨੋਂ ਵਡਦੇ ਕਦੇ ਬੁਰਿਆਈ ਨਾਹੀਂ, ਲੱਖ ਇਨ੍ਹਾਂ ਦੀ ਸੇਵ ਕਮਾਈਏ ਜੀ
ਵੇਖੋ ਰਾਜਾ ਜੀ ਆਪ ਦਾਨਾ ਭਾਰੇ, ਵਤੇਂ ਆਪ ਤਾਈਂ ਸੋਚ ਚਾਈਏ ਜੀ
ਜਿਸ ਗਲ ਦੇ ਵਿਚ ਨ ਲਾਭ ਕੋਈ, ਐਵੇਂ ਓਸ ਨੂੰ ਕਿਉਂ ਹਲਾਈਏ ਜੀ
ਉਹ ਗੱਦੀ ਫਕੀਰਾਂ ਦੀ ਸਮਝ ਲਵੋ, ਵੈਰ ਓਸ ਨਾਲ ਕਿਉਂ ਪਾਈਏ ਜੀ
ਜਿਤ ਗਏ ਤਾਂ ਹਥ ਕੀ ਆਵਨਾ ਏਂ, ਮਤਾਂ ਹਾਰ ਨ ਸ਼ਰਮ ਉਠਾਈਏ ਜੀ
ਹੇ ਤੰਬੂ ਤੇ ਹਾਥੀ ਦੀ ਗਲ ਕਿਹੜੀ, ਏਸ ਖਿਆਲ ਨੂੰ ਦਿਲੋਂ ਭੁਲਾਈ ਜੀ
ਰਾਜੇ ਤਾਈਂ ਵਜ਼ੀਰ ਕਰਤਾਰ ਸਿੰਘਾ, ਹਾਨ ਲਾਭ ਸਾਰੀ ਸਮਝਾਈਏ ਜੀ

ਰਾਜੇ ਨੇ ਚਤਰੂ ਨਾਮ ਕੋਤਵਾਲ ਨੂੰ ਫੇਰ ਅਨੰਦਪੁਰ ਭੇਜਣਾ

ਭਾਵੇਂ ਬਹੁਤ ਵਜ਼ੀਰ ਸਮਝ ਗਿਆ, ਪਰ ਹੋਣੀ ਨੇ ਮਾਰ ਮਤ ਆ ਕੇ
ਓਹੋ ਚਿਤ ਦੇ ਵਿਚ ਖਿਆਲ ਰਿਹਾ, ਗਲ ਇਕ ਸੁਣੀ ਨ ਮਨ ਲਾ ਕੇ
ਕੋਤਵਾਲ ਚਤਰੂ ਫੇਰ ਤਯਾਰ ਕੀਤਾ, ਰਾਜੇ ਬਹੁਤ ਹੀ ਦਿਲੋਂ ਕ੍ਰੋਧ ਖਾ ਕੇ
ਓਹਨੂੰ ਆਂਖਯਾ ਤੂੰ ਕਰਤਾਰ ਸਿੰਘਾ, ਚੀਜਾਂ ਲਿਆ ਫਰੇਬ ਦਾ ਜਾਲ ਪਾ ਕੇ

ਚਤਰੂ ਨੇ ਗੁਰਾਂ ਪਾਸ ਚਲਾਕੀ ਜਤਾਣੀ

ਚਤਰੂ ਆਣ ਗੁਰਾਂ ਨੂੰ ਕਹਿਣ ਲਗਾ, ਸੁਣੋ ਗੁਰੂ ਜੀ ਵੈਰ ਵਧਾਣਾ ਕਾਹਨੂੰ
ਚੀਜ਼ਾਂ ਮੰਗੀਆਂ ਰਾਜੇ ਜੋ ਦੇ ਦਿਓ, ਥੋੜੀ ਬਾਤ ਨੂੰ ਅਗਾਂ ਚਲਾਨਾ ਕਾਹਨੂੰ
ਸ਼ਾਦੀ ਹੋਈ ਪਿਛੋਂ ਮੋੜ ਜਾਵਾਂਗੇਜੀ, ਵਿਚ ਚਿਤ ਦੇ ਭਰਮ ਲਿਆਨਾ ਕਾਹਨੂੰ

ਤੁਸੀਂ ਆਪ ਦਾਨਾ ਤੇ ਸ਼ਕਤ ਵਾਲੇ, ਅਸਾਂ ਤੁਸਾਂ ਤਾਈਂ ਸਮਝਾਨਾ ਕਾਹਨੂੰ
ਪਰ ਸਮਝ ਲਵੋ ਥੋੜ੍ਹੀ ਚੀਜ਼ ਉੱਤੋਂ, ਚੰਗੇ ਮਿਤ੍ਰ ਤਈਂ ਰੁਸਾਨਾ ਕਾਹਨੂੰ
ਨਾਲੇ ਵਸੀਏ ਜਿਹਦੇ ਜ਼ੋਰ ਸਾਏ, ਉਠ ਵੈਰ ਓਹਦੇ ਨਾਲ ਪਾਨਾ ਕਾਹਨੂੰ
ਜਿਸ ਰੁਖ ਦੀ ਮਾਣੀਏ ਛਾਉਂ ਸਦਾ, ਉਸ ਰੁਖ ਦਾ ਬੁਰਾ ਤਕਾਨਾ ਕਾਹਨੂੰ
ਜਿਸ ਰਾਜੇ ਦੇ ਵਸਦੇ ਰਾਜ ਅੰਦਰ, ਨਾਲ ਉਸਦੇ ਹੀ ਆਢਾ ਲਾਨਾ ਕਾਹਨੂੰ
ਭੀਮ ਚੰਦ ਵੱਡੇ ਪ੍ਰਤਾਪ ਵਾਲਾ, ਐਵੇਂ ਓਸ ਨੂੰ ਵੈਰੀ ਬਨਾਨਾ ਕਾਹਨੂੰ
ਓਹਦੇ ਵਿਗੜਯਾਂ ਰਾਜੇ ਸਭ ਵਿਗੜ ਜਾਵਨ, ਜਾਨ ਬੁਝ ਕੇ ਦੁਖ ਬੁਲਾਨਾ ਕਾਹਨੂੰ
ਵੈਰ ਵਧਿਆ ਦੇਵੇਗਾ ਦੁਖ ਪਿਛੋਂ, ਜਾਨ ਬੁਝ ਫਸਾਦ ਉਠਾਨਾ ਕਾਹਨੂੰ
ਹਾਥੀ; ਤੰਬੂ ਦੇ ਜਿਹਾ ਭੀ ਨਹੀਂ ਰਾਜਾ; ਬੜੇ ਆਦਮੀ ਦਾ ਦਿਲ ਢਾਨਾ ਕਾਹਨੂੰ
ਦੇਖੋ ਗੁਰੂ ਜੀ ਰਾਜਾ ਭੀ ਮੰਗ ਬੈਠਾ, ਹੁਣ ਓਸ ਦਾ ਮਾਨ ਗਵਾਨਾ ਕਾਹਨੂੰ
ਹੈ ਥੋੜ੍ਹੀ ਜਹੀ ਬਾਤ ਕਰਤਾਰ ਸਿੰਘਾ, ਵਿਚ ਜਗ ਵਧਾ ਸੁਨਾਨਾ ਕਾਹਨੂੰ

ਉੱਤਰ ਗੁਰੂ ਜੀ ਵਲੋਂ

ਗਲਾਂ ਸਾਰੀਆਂ ਸੁਣ ਚਲਾਕੀ ਦੀਆਂ, ਬੋਲੇ ਸਤਿਗੁਰੂ ਭੈ ਰਖਾਂਵਦੇ ਨਹੀਂ
ਰਾਜਾ ਆਪ ਵਗਾੜਨੀ ਚਾਹੁੰਦਾ ਏ, ਵੈਰ ਅਸੀਂ ਕਿਸੇ ਨਾਲ ਚਾਂਹਵਦੇ ਨਹੀਂ
ਸਾਫ ਨੀਤ ਨ ਰਾਜੇ ਦੀ ਰਹੀ ਭਾਈ, ਤੈਨੂੰ ਦਸਦੇ ਅਸੀਂ ਛਪਾਂਵਦੇ ਨਹੀਂ
ਇਕ ਵਾਰ ਲੈ ਕੇ ਮੁੜ ਦਿਆਂਗਾ ਨ, ਠਾਨੀ ਰਾਜੇ ਦਾ ਅਸੀਂ ਖਾਂਵਦੇ ਨਹੀਂ
ਜੈਸੀ ਨੀਤ ਓਹਦੀ ਤੈਸਾ ਫਲ ਮਿਲੇ, ਅਸੀਂ ਦਿਲ ਤੋਂ ਬੁਰਾ ਤਕਾਂਵਦੇ ਨਹੀਂ
ਡਰ ਦੇਂਵਦੇ ਨਹੀਂ ਕਰਤਾਰ ਸਿੰਘਾ, ਮੰਗਨ ਪਾਸ ਰਾਜੇ ਅਸੀਂ ਜਾਂਵਦੇ ਨਹੀਂ

ਚਤਰੂ ਨੇ ਵਾਪਸ ਜਾਣਾ

ਕੋਤਵਾਲ ਜਵਾਬ ਲੈ ਮੁੜ ਗਿਆ, ਸਾਫ ਰਾਜੇ ਨੂੰ ਜਾ ਸੁਣਾ ਦਿਤਾ
ਕੀਤੀ ਗੁਰਾਂ ਦੀ ਹੋਰ ਵਡਯਾਈ ਬਹੁਤੀ, ਤੂੰ ਟਲ ਜਾ ਏਹ ਸਮਝਾ ਦਿਤਾ
ਕੋਲੋਂ ਪੰਮੇ ਨੇ ਰਾਜੇ ਨੂੰ ਆਖ ਕੇ ਜੀ, ਪਾਸਾ ਦੂਸਰੇ ਪਾਸੇ ਉਲਟਾ ਦਿਤਾ
ਕੋਤਵਾਲੀ ਦੇ ਚਤਰੂ ਲਾਇਕ ਨਾਹੀਂ, ਯੱਸ ਗੁਰਾਂ ਦਾ ਕਰੇ ਫਸਾ ਦਿਤਾ
ਦਾਬੇ ਗੁਰੂ ਦੇ ਵਿਚ ਆ ਮੁੜ ਆਯਾ, ਝੱਟ ਵਿਚ ਬਚੋਲ੍ਹੀ ਬਦਲਾ ਦਿਤਾ
ਮੁਗਧੂ ਓਸਦੇ ਥਾਂ ਕਰਤਾਰ ਸਿੰਘਾ, ਕੋਤਵਾਲ ਪੰਮਾ ਬਣਵਾ ਦਿਤਾ

ਵਾਕ ਕਵੀ

ਪਾਸ ਰਾਜਿਆਂ ਦੇ ਲੋਕ ਮੁਫਤ ਖੋਰੇ, ਰਹਿੰਦੇ ਸਦਾ ਦਾਨਾ ਬਤਾਂਵਦੇ ਨੇ
ਨਿਤ ਝੂਠੀਆਂ ਕਰ ਖੁਸ਼ਾਮਦਾਂ ਜਾ ਝਟ ਆਪਣੇ ਚੰਗੇ ਲੰਘਾਂਵਦੇ ਨੇ
ਰਾਜਾ ਦਿਨ ਨੂੰ ਜੇਕਰ ਰਾਤ ਆਖੇ, ਅੱਧੀ ਰਾਤ ਹੈ ਆਖ ਸੁਨਾਂਵਦੇ ਨੇ
ਜਿਧਰ ਵੇਖਦੇ ਰਾਜੇ ਦਾ ਰੁਖ ਜਾਂਦਾ, ਓਧਰ ਹਾਂ ਨਾਲ ਹਾਂ ਮਿਲਾਂਵ ਨੇ
ਪੇਟਾਂ ਅਥਰੂ ਕਰਨ ਅਪ੍ਰਾਧ ਭਾਰ, ਮੱਤਾਂ ਭੈੜੀਆਂ ਵਲ ਹੀ ਲਾਂਵਦੇ ਨੇ
ਐਸ਼ ਇਸ੍ਤ੍ਰੀਆਂ ਵਿਚ ਫਸਾਂ ਕਰਕੇ, ਲੁਟ ਪੁਟ ਕੇ ਰਾਜੇ ਨੂੰ ਖਾਂਵਦੇ ਨੇ
ਮਾਸ ਗਿਦੜਾਂ ਵਾਂਗ ਖਾ ਜਾਣ ਸਾਰਾ, ਸ਼ੇਰ ਤਾਈਂ ਬਦਨਾਮ ਕਰਾਂਵਦੇ ਨੇ
ਖੋਟੇ ਰਲ ਖੁਸ਼ਾਮਦੀ ਖਾਊ ਭੈੜੇ, ਨਾਲ ਖਾਕ ਦੇ ਰਾਜ ਮਿਲਾਂਵਦੇ ਨੇ
ਨੇਹਕ ਲੋਕ ਹੁੰਦੇ ਰਾਜੇ ਲੋਕ ਸਦਾ, ਪਾਪ ਪੁੰਨ ਤੋਂ ਬਰੀ ਜਤਾਂਵਦੇ ਨੇ
ਫੂਕਾਂ ਮਾਰਕੇ ਅਕਲ ਦੇ ਬੁਧੂਆਂ ਨੂੰ, ਓਹ ਮਸ਼ਕ ਦੇ ਵਾਂਗ ਫੁਲਾਂਵਦੇ ਨੇ
ਰਾਜੇ ਲਗ ਆਖੇ ਮੁਫਤ ਖੋਰਿਆਂ ਦੇ, ਕੰਡੇ ਆਪਣੀ ਰਾਹੀਂ ਖਿਡਾਂਵਦੇ ਨੇ
ਐਸੇ ਮੂੜ੍ਹ ਰਾਜੇ ਕਰਤਾਰ ਸਿੰਘਾ, ਬੇੜੀ ਆਪਣੀ ਆਪ ਡੁਬਾਂਵਦੇ ਨੇ

ਤਥਾ

ਖੁਦਗਰਜ ਜਿਥੇ ਮੁਖਤਾਰ ਹੋਵਨ, ਮੁਢੋਂ ਘਰ ਓਹ ਗਿਆ ਹੀ ਗਿਆ ਸਮਝੋ
ਫਸ ਗਿਆ ਜੋ ਇਨ੍ਹਾਂ ਦੇ ਜਾਲ ਅੰਦਰ, ਖਾ ਓਸ ਹੈ ਲਿਆ ਹੀ ਲਿਆ ਸਮਝੋ
ਜਿਹੜੇ ਇਨ੍ਹਾਂਦੇ ਹਥਾਂ ਤੇਚੜ੍ਹ ਗਏ,ਰਗੜ ਉਨ੍ਹਾਂ ਨੂੰ ਦਿਆ ਹੀ ਦਿਆ ਸਮਝੋ
ਜਿਥੇ ਖੋਟੇ ਵਜ਼ੀਰ ਕਰਤਾਰ ਸਿੰਘਾ, ਓਹ ਤਰੱਕੀਓਂ ਰਿਹਾ ਹੀ ਰਿਹਾ ਸਮਝੋ

ਪੰਮੇ ਆਦਿਕ ਸਤਿਗੁਰਾਂ ਦੇ ਕਿਉਂ ਵੈਰੀ ਸਨ

ਹਿੰਦ ਵਾਸੀਆਂ ਨੂੰ ਬੁਰੇ ਚਮੜੇ ਏਹ, ਇਹ ਸ਼ਾਹ ਹਿੰਦੂ ਬਣੇ ਸਾਮੀਆਂ ਜੀ
ਲੋਕ ਖਟ ਦੇ ਖਾਂਵਦੇ ਬੈਠ ਪੰਮੇ, ਪਏ ਲੁਟਦੇ ਪਾ ਕੇ ਦਾਮੀਆਂ ਜੀ
ਛਟਾ ਲੋਕਾਂ ਦੇ ਸਿਰਾਂ ਤੇ ਡਾਰੀਆਂ ਪਾ, ਭਰ ਛੱਡੀਆਂ ਸਭ ਨਾਕਾਮੀਆਂ ਜੀ
ਬਾਹਰੋਂ ਲੁਟਕੇ ਖਾਂਵਦੇ ਰਹਿਣ ਸਦਾ,ਘਰਾਂ ਵਿਚਪਾ ਛਡੀਆਂ ਖਾਮੀਆਂ ਜੀ
ਜੋੜ੍ਹਾਇਨ੍ਹਾਂਦੇ ਜਾਲਨੂੰ ਤੋੜ ਨਿਕਲੇ,ਕਰਨ ਓਹਦੀਆਂ ਫੇਰ ਬਦਨਾਮੀਆਂ ਜੀ
ਏਹ ਨਾਸਤਕ ਹੋਯਾ ਕਰਤਾਰ ਸਿੰਘਾ, ਏਹ ਇਨ੍ਹਾਂ ਦੀਆਂ ਨੇਕਨਾਮੀਆਂ ਜੀ

ਤਥਾ

ਸਤਿਗੁਰਾਂ ਦੀ ਸੀ ਤਾਲੀਮ ਮੁਢੋਂ, ਜਾਲੋਂ ਇਨ੍ਹਾਂ ਦਿਓਂ ਦੇਸ ਕਢਨੇ ਦੀ
ਹਿੰਦ ਵਾਸੀਆਂ ਦਾ ਭਲਾ ਸੋਚਨੇ ਦੀ; ਫਾਹੀ ਇਨ੍ਹਾਂ ਦੀ ਮੂਲੋਂ ਹੀ ਵਢਨੇ ਦੀ
ਹੁੰਦਾ ਦੇਸ ਦਾ ਸਤਯਾਨਾਸ ਜਾਂਦਾ, ਪਲਾ ਇਨ੍ਹਾਂ ਦਾ ਮੁਢੋਂ ਹੀ ਛਡਨੇ ਦੀ
ਬੁਰਜ ਢਾਹ ਪਾਖੰਡ ਕਰਤਾਰ ਸਿੰਘਾ, ਝੰਡਾ ਨਾਮ ਅਕਾਲ ਦਾ ਗਡਨੇ ਦੀ

ਤਥਾ

ਏਸ ਤਰਜ਼ ਨੂੰ ਦੇਖਕੇ ਪੰਮਿਆਂ ਦੇ; ਬੁਰੀ ਅਗ ਸੀ ਦਿਲਾਂ ਨੂੰ ਲਗ ਰਹੀ
ਲੋਕ ਦਿਨੋ ਦਿਨ ਸਿਖ ਬਣਦੇ ਜਾਂਦੇ, ਛੁਰੀ ਵੇਖਕੇ ਕਾਲਜੇ ਵਗ ਰਹੀ
ਬੁਧੂ ਲੋਕ ਸੀ ਸਾਮੀਆਂ ਮੁਢਾਂ ਦੀਆਂ, ਜੋਤਸਿਖੀਦੀ ਦਿਲਾਂ ਵਿਚ ਜਗ ਰਹੀ
ਏਹ ਵੇਖ ਵਾਧਾ ਕਰਤਾਰ ਸਿੰਘਾ, ਜੋਸ਼ ਬਾਹਮਣਾਂ ਦੀ ਖਾ ਰਗ ਰਹੀ

ਵਾਕ ਕਵੀ

ਕੋਈ ਗੁਰਾਂ ਤੇ ਪੇਸ਼ ਨ ਜਾਂਦੀਓ ਨੇ, ਪਕੇ ਬਨ ਵੈਰੀ ਦਿਲੋਂ ਯਾਦ ਰਖਦੇ
ਏਹ ਤਾਂ ਚਲਿਆ ਪੰਥ ਕੁਰਾਹੀਆਂ ਦਾ, ਹੋਰ ਕੋਈ ਤਾਹਨੇ ਤੇ ਬਬਾਦ ਰਖਦੇ
ਪਾਸ ਹਾਕਮਾਂ ਚੁਗਲੀਆਂ ਸਥਾ ਖਾਂਦੇ, ਵੈਰੀ ਬਣਕੇ ਵੈਰ ਨੂੰ ਯਾਦ ਰਖਦੇ
ਹੁਣ ਟਲ ਗਏ ਕਦੋਂ ਕ੍ਰਤਾਰ ਸਿੰਘਾ, ਜਿੰਨਾ ਪੁਜਦਾ ਪਾਈ ਫਸਾਦ ਰਖਦੇ

ਪੰਮੇ ਪਰੋਹਤ ਨੇ ਭੀਮ ਚੰਦ ਨੂੰ ਭੜਕਾਨਾ

ਬੁਰੇ ਆਦਮੀ ਤੋਂ ਸਦਾ ਹੋਏ ਬੁਰਾ, ਪੰਮਾ ਰਾਜੇ ਨੂੰ ਬੁਰਾ ਸਿਖੋਣ ਲਗਾ
ਸੁਣੋ ਰਾਜਾ ਜੀ ਗੁਰੂ ਦਾ ਫਿਕਰ ਕਰੋ, ਅਗ ਵੈਰਦੀ ਫੂਕ ਭੜਕੋਣ ਲਗਾ
ਏਸ ਜੰਮਦੇ ਚੁਕ ਫਸਾਦ ਲਏ, ਫੌਜਾਂ ਆਪਣੇ ਪਾਸ ਰਖੋਣ ਲਗਾ
ਅਜੇ ਬਚਾ ਹੀ ਤਿਖੀਆਂ ਕਰੇ ਗਲਾਂ, ਸੂਰਜ ਚੜ੍ਹਦਿਆਂ ਤੇਜ ਦਖੋਣ ਲਗਾ
ਵਡਾ ਹੋਯਾ ਫਸਾਦ ਏਹ ਕਰੇ ਬਹੁਤੇ, ਜੇਹੜਾ ਹੁਣੇ ਹੀ ਠੂਠ ਚੁਮੋਣ ਲਗਾ
ਕਢੋ ਏਸ ਫਸਾਦੀ ਨੂੰ ਰਾਜ ਵਿਚੋਂ, ਪੰਮਾਂ ਲੂਤੀਆਂ ਜੋੜਕੇ ਲੋਣ ਲਗਾ

ਸੱਪ ਬਗਲ ਦੇ ਵਿਚ ਹੈ ਪਲ ਰਿਹਾ, ਔਖਾ ਕਰੇ ਤਾਂ ਡੰਗ ਚਲੌਣ ਲਗਾ
ਤੇਰੇ ਰਾਜ ਦੇ ਵਿਚ ਰਹਿ ਡਰੇ ਨਾਹੀਂ, ਤੇਰੀ ਛਾਤੀ ਤੇ ਧੌਂਸਾ ਵਜੌਣ ਲੱਗਾ
ਬੂਟਾ ਜੰਮਦਾ ਮੌਹਰੇ ਦਾ ਪੁਟ ਰਾਜਾ, ਵੱਡਾ ਹੋਯਾ ਕਦੋਂ ਕਾਬੂ ਔਣ ਲੱਗਾ
ਵੈਰੀ ਪਲਦਾ ਪਿਆ ਕਰਤਾਰ ਸਿੰਘਾ, ਹੁਣੇ ਸਾਂਭ ਲੈ ਏਹ ਜਤੌਣ ਲੱਗਾ

### ਭੀਮ ਚੰਦ ਨੇ ਅਨੰਦਪੁਰ ਤੇ ਚੜ੍ਹਾਈ ਦਾ ਹੁਕਮ ਦੇਣਾ

ਕੱਚੇ ਮਾਹਣੂ ਨੂੰ ਪੰਮੇ ਫੂਲਾ ਲਿਆ, ਤਾਂ ਚਾੜਕੇ ਚਿੱਤ ਤਪਾਯਾ ਜਲਦੀ
ਓਸ ਵਕਤ ਗੁਸੇ ਵਿਚ ਆ ਰਾਜੇ, ਬਖਸ਼ੀ ਭੇਜਣੇ ਤਾਈਂ ਬੁਲਾਯਾ ਜਲਦੀ
ਝਟ ਪਟ ਫੌਜਾ ਸਭ ਤਯਾਰ ਕਰੋ, ਮੁੱਛੀਂ ਤਾ ਦੇ ਹੁਕਮ ਸੁਨਾਯਾ ਜਲਦੀ
ਏਹ ਦੇਕੇ ਹੁਕਮ ਕ੍ਰਤਾਰ ਸਿੰਘਾ, ਰਾਜਾ ਆਪ ਮਹਿਲਾਂ ਵਲ ਆਯਾ ਜਲਦੀ

### ਰਾਜੇ ਭੀਮ ਚੰਦ ਨੂੰ ਰਾਣੀ ਨੇ ਸਮਝਾਣਾ

ਗਲਾਂ ਰਾਣੀਨੂੰਸਾਰੀਆਂ ਪੁਜ ਰੱਯਾਂ, ਕੈਂਹਦੀ ਰਾਜਾ ਜੀ ਜ਼ਰਾ ਧਯਾਨ ਕਰੀਏ
ਮੈਂ ਸੁਣਿਆ ਜੰਗ ਨੂੰ ਤਯਾਰ ਹੋਏ, ਗੁਰੂ ਨਾਲ ਚਾਹੁੰਦੇ ਘਮਸਾਨ ਕਰੀਏ
ਪਰ ਮੇਰੀ ਭੀ ਬੇਨਤੀ ਸੁਣ ਲਵੋ, ਪਿਛੋਂ ਚਾਹੀਏ ਸੋ ਬੁਧੀਵਾਨ ਕਰੀਏ
ਘਰ ਆਉਣਾ ਟਿਕਾਤੇ ਹੋਣੀ ਸ਼ਾਦੀ, ਸ਼ਾਦੀ ਵਿਚ ਨ ਕਲਾ ਉਠਾਨ ਕਰੀਏ
ਮੌਕਾ ਖੁਸ਼ੀ ਦਾ ਅੁਸ਼ੀ ਦੇ ਨਾਲ ਵੇਖੋ ਖੁਸ਼ੀ ਵਿਚ ਨ ਗਮੀ ਵਧਾਨ ਕਰੀਏ
ਨਾਲੇ ਬਾਲ ਬਚੇ ਵਾਲੇ ਹਾਂ ਦੇਖੋ, ਅਸੀਂ ਸਦਾ ਹੀ ਖੌਫ ਮਹਾਨ ਕਰੀਏ
ਅੜਪੀਰਾਂ, ਫਕੀਰਾਂ ਦੇ ਨਾਲ ਅਸੀਂ ਬੁਰੀਸੀਸ ਲੈ ਕਿਉਂ ਨੁਕਸਾਨ ਕਰੀਏ
ਜਿਤ ਗਏ ਕੀਹ ਉਨ੍ਹਾ ਦਾ ਖੋਹਲਾਂਗੇ, ਹਾਰ ਗਏ ਤੇ ਜਰਾ ਸਿਆਨ ਕਰੀਏ
ਮੂੰਹ ਦੇਣ ਜੋਗੇ ਕਿਤੇ ਰਹਾਂਗੇ ਨ ਸਮਝ ਸੋਚ ਕੇ ਗੱਲ ਸੁਜਾਨ ਕਰੀਏ
ਗਦੀ ਗੁਰੂ ਨਾਨਕ ਕ੍ਰਤਾਰ ਸਿੰਘਾ, ਜਿਥੋਂ ਤਕ ਪੁਜੇ ਆਦਰ ਮਾਨ ਕਰੀਏ

### ਰਾਜਾ

ਮੰਗੀ ਚੀਜ ਤੇ ਉਨ੍ਹਾਂਨੇ ਨਹੀਂ ਦਿਤੀ, ਗੁਸਾਏਤਨਾ ਨਹੀਂ ਵਧਾਨਾ ਚਾਹੀਏ

ਅਸੀਂ ਕਿਸੇ ਭੀ ਰਾਜੇ ਦੀ ਨਹੀਂ ਪਰਜਾ, ਹਾਂ ਰਯਤ ਪੁਰਖ ਅਕਾਲ ਸਮਝੋ
ਮੁਲ ਜਿਮੀਂ ਲੈ ਪਿੰਡ ਵਸਾਯਾ ਏ, ਗੁਜ਼ਰ ਗਏ ਨੇ ਕਿਤਨੇ ਸਾਲ ਸਮਝੋ
ਤੁਸੀਂ ਆਪਣੇ ਘਰ ਅਨੰਦ ਵਸੋ, ਅਸੀਂ ਆਪਣੇ ਹਾਲ ਖੁਸ਼ਹਾਲ ਸਮਝੋ
ਸਾਡੀ ਕਿਸੇ ਦੇ ਨਾਲ ਕ੍ਰਤਾਰ ਸਿੰਘਾ, ਕਿਸੇ ਗਲ ਦੀ ਨਹੀਂ ਕੀਲ ਕਾਲ ਸਮਝੋ

### ਪੰਮੇ ਤੇ ਕੇਸਰੀ ਨੇ ਵਾਪਸ ਜਾਣਾ

ਗੁਸੇ ਨਾਲ ਭਰੇ ਦੋਵੇਂ ਉੱਠ ਗਏ, ਜਾ ਰਾਜੇ ਨੂੰ ਹਾਲ ਸੁਨਾਂਵਦੇ ਨੇ
ਸਿਧੀ ਹਥੀਂ ਨ ਦੇਂਵਦਾ ਗੁਰੂ ਚੀਜ਼ਾਂ, ਹੋਰ ਲੂਤੀਆਂ ਲਾ ਭੜਕਾਂਵਦੇ ਨੇ
ਤੇਰੀ ਗਲ ਨੂੰ ਪੱਲੇ ਓਹ ਬੰਨ੍ਹਦਾ ਨਹੀਂ, ਆਕੀ ਵਸਦਾ ਹਈ ਜਤਾਂਵਦੇ ਨੇ
ਹੀਲਾ ਕਰ ਲੈ ਹੁਣੇ ਕਰਤਾਰ ਸਿੰਘਾ, ਦੁਖ ਦੇਵੀਗਾ ਓਹ ਸਮਝਾਂਵਦੇ ਨੇ

### ਰਾਜੇ ਭੀਮ ਚੰਦ ਨੇ ਕੁਰਾਂ ਵਲ ਲਿਖਣਾ

ਭੀਮ ਚੰਦ ਨੂੰ ਸੁਣਕੇ ਅਗ ਲਗੀ, ਦਿਤਾ ਫੌਜਾਂ ਹੁਕਮ ਤਯਾਰ ਹੋਵੋ
ਭਾਈਚਾਰੇ ਨੂੰ ਹਾਲ ਸੁਨਾਯਾ ਸਾਰਾ, ਕਹਿੰਦਾ ਤੁਸੀਂ ਮੇਰੇ ਮਦਦਗਾਰ ਹੋਵੋ
ਚਿਠੀ ਬੈਠ ਲਿਖੀ ਸਭ ਠਾਕੁਰਾਂ ਵਲੇ; ਕਹਿਆ ਹੁਣ ਤੁਸੀਂ ਖਬਰਦਾਰ ਹੋਵੋ
ਅਸੀਂ ਰਹੇ ਤੁਹਾਡਾ ਲਿਹਾਜ਼ ਕਰਦੇ, ਤੁਸੀਂ ਵਸ ਨ ਨਾਲ ਪਿਆਰ ਹੋਵੋ

---

(ਪਿਛਲੇ ਸਫੇ ਦੀ ਬਾਕੀ) ਤਕਲੀਫਾਂ ਝਲੀਆਂ, ਪਰ ਓਹਨਾਂ ਵਡੀ ਅਕਲ ਵਾਲਿਆਂ ਨੂੰ ਏਹ ਸੋਚ ਨਹੀਂ ਆਉਂਦੀ ਕਿ ਇਕ ਤਾਂ ਰਾਜ ਦੀ ਨੀਂਹ ਹੀ ਬਦ ਸੀ ਜੋ ਅੰਤ੍ਰਯਾਮੀ ਗੁਰੂ ਜਾਣਦੇ ਸਨ, ਦੂਸਰਾ ਜਦ ਪ੍ਰਸੰਨੀ ਆਦਿਕ ਬਾਦਸ਼ਾਹੀ [illegible] ਨਾਲ ਏਹਨਾਂ ਹੀ ਪਹਾੜੀ ਰਾਜਿਆਂ ਦੇ ਬਦਲੇ ਸਤਿਗੁਰਾਂ [illegible] ਲੜ ਕਿਲ ਤੇ ਏਹਨਾਂ ਦੀ ਖਲਾਸੀ ਕਈ ਵਾਰੀ ਕਰਵਾਈ ਸੀ ਤੇ [illegible] ਤੋਂ ਨ ਟਲੇ ਤੇ ਹਾਰੇ ਤੋੜ ਲਏ ਇਹਨਾਂ [illegible] ਪਹਿਲਾਂ ਹੀ ਮਿਥੀ ਬੈਠਾ ਸੀ ਕਿ ਚੌਥਾ [illegible] ਤੀਜਰਾ ਜਦ ਓਟ [illegible] ਨਾਲ ਮਤਰਾ [illegible] ਮਹਾਬਲੀ ਵਸਤੇ ਏਹ ਕਮਜ਼ੋਰੀ ਦੀ ਗਲ ਸੀ ਕਿ ਓਹ [illegible] ਦਿੰਦੇ। ਏਹ ਫੌਤੂਰ ਦੇ ਜ਼ੋਹਰ ਤੋਂ ਬਾਹਰ ਸੀ, ਮਿਲਾਂ ਤੇ ਸਫਾਈ ਨਾਲ ਤਾਂ ਸਤਿਗੁਰੂ ਦੇਣ ਨੂੰ ਤਿਆਰ ਸਨ।

### ਪੰਮੇ ਪਰੋਹਤ ਤੇ ਕੇਸਰੀ ਸਿੰਘ ਦੀ ਸਲਾਹ

ਸਾਲਾ ਰਾਜੇ ਦਾਏਹ ਜਸਵਾਲੀਆ ਸੀ, ਕਹਿੰਦਾ ਰਾਜੇ ਨੂੰ ਅਰਜ਼ਸੁਨਾਂਵਦੇ ਹਾਂ
ਪਰਮਾਨੰਦ ਪਰੋਹਤ ਤੇ ਮੈਂ ਦੋਵੇਂ, ਅਸੀਂ ਗੁਰੂ ਜੀ ਦੇ ਪਾਸ ਜਾਂਵਦੇ ਹਾਂ
ਨਾਲ ਢਬ ਦੇ ਕਰ ਫਰੇਬ ਕੋਈ, ਜਾਕੇ ਸਭ ਚੀਜ਼ਾਂ ਅਸੀਂ ਲਿਆਂਵਦੇ ਹਾਂ
ਬਿਨਾ ਜੰਗ ਤੋਂ ਵੇਖ ਕਰਤਾਰ ਸਿੰਘਾ, ਦਾਬੇ ਨਾਲ ਹੀ ਕੰਮ ਬਣਾਂਵਦੇ ਹਾਂ

### ਪੰਮੇ ਤੇ ਕੇਸਰੀ ਸਿੰਘ ਨੇ ਸਤਿਗੁਰਾਂ ਪਾਸ ਆਉਣਾ

ਏਹ ਦੋਵੇਂ ਹੀ ਚਤਰ ਚਾਲਾਕ ਵਡੇ, ਬੈਠੇ ਗੁਰਾਂ ਦੇ ਸੀਸ ਨਿਵਾ ਅਗੇ
ਫੇਰ ਰਾਜੇ ਵਲੋਂ ਨਮਸ਼ਕਾਰ ਕੀਤੀ, ਬਿਨਾ ਸ਼ਰਧਾ ਭੇਟ ਟਿਕਾ ਅਗੇ
ਦੋ ਚਾਰ ਗਲਾਂ ਐਵੇਂ ਫਿਕੀਆਂ ਕਰ, ਦਿਤੀ ਕੇਸਰੀ ਗਲ ਹਲਾ ਅਗੇ
ਸਾਨੂੰ ਭੇਜਿਆ ਰਾਜੇ ਕਰਤਾਰ ਸਿੰਘਾ, ਜਾਣੀ ਜਾਣ ਹੋ ਤੁਸੀਂ ਦਾਨਾ ਅਗੇ

### ਕੇਸਰੀ ਸਿੰਘ

ਤੰਬੂ ਹਾਥੀ ਘੋੜੇ ਲੈਣ ਭੇਜਿਆ ਹੈ; ਭੀਮ ਚੰਦ ਰਾਜੇ ਤੁਸਾਂ ਪਾਸ ਗੁਰਜੀ
ਸ਼ਾਦੀ ਹੋਈ ਪਿਛੋਂ ਮੈਂ ਹੀ ਮੋੜਜਾਂਗਾ, ਰਖੋ ਚਿਤ ਦੇ ਵਿਚ ਧਰਵਾਸ ਗੁਰਜੀ
ਮੂੰਹੋਂ ਕਢ ਐਵੇਂ ਰਾਜਾ ਮੰਗ ਬੈਠਾ, ਪੂਰੀ ਕਰੋ ਹੁਣ ਉਸਦੀ ਆਸ ਗੁਰਜੀ
ਦੁਨੀਆਦਾਰੀ ਦਾ ਇਹੋ ਰਵਾਜ ਮੁਢੋਂ, ਕੰਮ ਏਸੇ ਤਰ੍ਹਾਂ ਹੁੰਦੇ ਰਾਸ ਗੁਰਜੀ
ਅਜ ਲੋੜ ਓਹਨੂੰ ਕਲ੍ਹ ਤੁਸਾਂਨੂੰ ਭੀ, ਗ੍ਰਿਸਤ ਵਿਚ ਪਏ ਜਾਣੋ ਖਾਸ ਗੁਰ ਜੀ
ਚੀਜ਼ਾਂ ਵਰਤਨੇ ਲਈ ਕ੍ਰਤਾਰ ਸਿੰਘਾ, ਸੋਚ ਕਰੋ ਖਾਂ ਨਾਲ ਕਿਆਸ ਗੁਰਜੀ

### ਤਥਾ

ਥੋੜ੍ਹੀ ਗਲ ਨੂੰ ਬਹੁਤ ਵਧਾਓ ਨਾਹੀਂ, ਚੀਜ਼ਾਂ ਹੈਨ ਕੀ ਜ਼ਰਾ ਵਿਚਾਰੀਏ ਜੀ
ਪਰਜਾ ਵਾਂਗ ਜਿਧੇ ਰਾਜ ਵਿਚ ਵਸੋ, ਵੈਰ ਓਸਦੇ ਨਾਲ ਨ ਧਾਰੀਏ ਜੀ
ਬਾਈਧਾਰਾਂ ਦਾ ਸਾਡਾ ਸਰਦਾਰ ਰਾਜਾ, ਅਗੇ ਏਸਦੇ ਦਮ ਨ ਮਾਰੀਏ ਜੀ
ਵੇਲਾ ਹਥ ਨ ਆਉ ਕਰਤਾਰ ਸਿੰਘਾ, ਅਸੀਂ ਸਚ ਏਹ ਅਜ ਉਚਾਰੀਏ ਜੀ

ਪੰਮਾ ਪ੍ਰੋਹਤ

ਸਤਿਗੁਰੂ ਜੀ ਬੋਲਨੇ ਲਗੇ ਹੀ ਸੇ, ਪੰਮਾ ਬੋਲ ਪਿਆ ਪਾਸੋਂ ਬੋਲ ਮਾੜਾ
ਚੀਜ਼ਾਂ ਐਵੇਂ ਨ ਦੇਣੀਆਂ ਚਾਹੇ ਜੇਕਰ, ਫੇਰ ਲੈ ਲੈਣਾ ਸਾਥੋਂ ਕੁਝ ਭਾੜਾ
ਨਹੀਂ ਤਾਂ ਵੇਖ ਲਿਓ ਚੀਜ਼ਾਂ ਇਨ੍ਹਾਂ ਪਿਛੇ,ਅਜ ਕਲ ਹੀ ਪਵੇਗਾ ਜੰਗ ਗਾੜਾ
ਸਿਧੀ ਹਥੀਂ ਦੇ ਦਿਓ ਕਰਤਾਰ ਸਿੰਘਾ, ਨਹੀਂ ਖਫਾ ਹੋਸੀ ਮਹਾਰਾਜ ਮਾੜਾ

ਮਾਮਾ ਕ੍ਰਿਪਾਲ ਚੰਦ

ਸਤਿਗੁਰੂ ਜੀ ਖਿਮਾਂ ਦਾ ਰੂਪ ਬੈਠੇ, ਪਰ ਮਾਮੇ ਜੀ ਪਾਸੋਂ ਸੁਨਾਈ ਹੈ ਜੀ
ਕਰੇ ਟਿਚਕਰਾਂ ਵਿਚ ਦਰਬਾਰ ਬਹਿਕੇ, ਏਹ ਪੰਡਿਤਾਂ ਕੀਹ ਦਾਨਾਈ ਹੈ ਜੀ
ਚੀਜ਼ਾਂ ਮੰਗਦੇ ਜਾਂਦੇਂਦਘੂਰੀਆਂ ਹੋ, ਤੁਹਾਡੇ ਦਿਲਾਂ ਵਿਚਨਹੀਂ ਸਫਾਈ ਹੈ ਜੀ
ਗੁਰ ਘਰ ਸ਼ੀਸ਼ਾ ਕਰਤਾਰ ਸਿੰਘਾ, ਦਿਸੇ ਓਹੋ ਜੋ ਸ਼ਕਲ ਬਨਾਈ ਹੈ ਜੀ

ਪੰਮਾ

ਪੰਮਾ ਬੋਲਿਆ ਪਾ ਕੇ ਵਟ ਮਥੇ, ਤੁਸੀਂ ਸਮਝਿਆ, ਹੋਰ ਕੁਝ ਭਾਲਦੇ ਹੋ
ਰਾਜਾ ਰਾਜਿਆਂ ਦਾ ਭੀਮ ਚੰਦ ਵਡਾ, ਗਲਾਂ ਓਹਦੀਆਂ ਨੂੰ ਐਵੇਂ ਟਾਲਦੇ ਹੋ
ਪਰਜਾ ਹੋ ਸਾਡੀ ਨਾਹ ਨਿਮ ਕਰੋ, ਕਰ ਆਕੜਾਂ ਅਗੋਂ ਦਿਖਾਲਦੇ ਹੋ
ਤੁਸੀਂ ਬੜੇ ਮਗਰੂਰ ਕਰਤਾਰ ਸਿੰਘਾ, ਪਰਜਾ ਨਹੀਂ, ਸ਼ਰੀਕਾਂ ਦੇ ਨਾਲਦੇ ਹੋ

ਸਤਿਗੁਰੂ ਜੀ

ਗਲ ਸੁਣੋ ਪ੍ਰੋਹਤ ਜੀ ਹੌਸਲਾ ਕਰ, ਭੇਦ ਵਿਚਲਾ ਨਾਲ ਖਿਆਲ ਸਮਝੋ
ਦਿਲੋਂ ਸਾਫ ਹੋ ਕੇ ਰਾਜਾ ਮੰਗਦਾ ਜੇ, ਕਰਦੇ ਉਜ਼ਰਾਨ ਰਤੀ ਰਵਾਲ ਸਮਝੋ
ਸਦਾ ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ, ਸਾਰੀ ਸੋਚ ਲਈ ਅਸਾਂ ਚਾਲ ਸਮਝੋ
ਸਾਫ ਚਿਤ ਰਹਿੰਦਾ ਰਾਜਾ ਲੈ ਲੈਂਦਾ,ਦੇਂਦੇ ਹੁਣ ਨਹੀਂ †ਦਾਬਿਆਂ ਨਾਲ ਸਮਝੋ

---

†ਕਈ ਥੋੜ੍ਹੀ ਅਕਲ ਵਾਲੇ ਸਤਿਗੁਰਾਂ ਤੇ ਇਹ ਦੋਸ਼ ਅਰੋਪਨ ਕਰਦੇ ਹਨ ਕਿ ਸਤਿਗੁਰਾਂ ਨੇ ਥੋੜ੍ਹੀ ਗਲ ਪਿਛੇ ਗਵਾਂਢੀ ਰਾਜਿਆਂ ਨਾਲ ਵਿਗਾੜ ਲਈ ਤੇ ਤਾਹੀਏਂ ਵੋਡੀਆਂ (ਬਾਕੀ ਅਗਲੇ ਸਫੇ ਤੇ

ਨਾਲੇ ਮੰਗਣਾ ਤੇ ਨਾਲੇ ਘੂਰਨਾ ਜੀ;ਜ਼ਰਾਆਪਣੇ ਦਿਲੋਂ ਸ਼ਰਮਾਨਾ ਚਾਹੀਏ
ਜੈਸੀ ਨੀਤ ਸੀ ਵੈਸਾ ਜਵਾਬ ਮਿਲਯਾ,ਹੁਣ ਪੜਦਾ ਸੀ ਸਗੋਂ ਪਾਨਾ ਚਾਹੀਏ
ਮੰਗੀ ਰਾਜੇ ਨੂੰ ਗੁਰਾਂ ਨ ਚੀਜ਼ਦਿਤੀ,ਏਹਨੂੰ ਕਿਤੇ ਭੀ ਨਹੀਂ ਸੁਨਾਨਾ ਚਾਹੀਏ
ਨਾਲੇ ਰਾਜਾ ਜੀ ਜਰਾਵਿਚਾਰਦੇਖੋ,ਕੀਤਾ ਨਹੀਂ ਅਹਿਸਾਨ ਭੁਲਾਨਾ ਚਾਹੀਏ
ਏਸੇ ਗੁਰੂ ਦੇ ਦਾਦੇ ਨੇ ਕੀਤਾ ਸੀ ਜੋ, ਉਹ ਯਾਦ ਉਪਕਾਰ ਰਖਾਨਾ ਚਾਹੀਏ
ਸ਼ਾਹੀ ਕੈਦਤੋਂ ਦਾਦਾ ਛੁਡਾਯਾ ਤੇਰਾ,ਉਹ ਅਹਿਸਾਨ ਨ ਕਦੇ ਗਾਨਾ ਚਾਹੀਏ
ਜੋ ਭਲਾ ਕਰੇ ਕਰਤਾਰ ਸਿੰਘਾ, ਬੁਰਾ ਉਸ ਦਾ ਨਹੀਂ ਤਕਾਨਾ ਚਾਹੀਏ

ਤਥਾ

ਦੂਜਾ ਜੰਗ ਦਾ ਜੇਕਰ ਸ਼ੌਕ ਵਡਾ, ਕਰ ਵਿਆਹ ਪਿਛੋਂ ਉਹਭੀ ਲਾਹ ਲੈਣਾ
ਮੈਂ ਸੁਣਿਆਂ ਉਹ ਭੀ ਹੈ ਮਹਾਂਬਲੀ, ਓਸ ਡਰ ਨਹੀਂ ਮੂੰਹ ਛੁਪਾ ਲੈਣਾ
ਸ਼ਾਹਜਹਾਂ ਤਾਈਂ ਦਾਦੇ ਏਸ ਦੇ ਨੇ, ਪਾਯਾ ਵਖਤ ਨ ਤੁਸਾਂ ਭੁਲਾ ਲੈਣਾ
ਏਹ ਭੀ ਓਸੇ ਦਾ ਪੋਤਰਾ ਬੀਰ ਬਾਂਕਾ, ਤੁਸਾਂ ਛੇੜ ਨੁਕਸਾਨ ਉਠਾ ਲੈਣਾ
ਜੱਟ ਸਾਰੇ ਪੰਜਾਬ ਦੇ ਸਿਖ ਓਹਦੇ, ਓਹਦੇ ਨਾਮ ਤੋ ਮਰਨ ਅਜਾਮਾ ਲੈਣਾ
ਜੰਗ ਜੂਏ ਦੀ ਖੇਡ ਕਰਤਾਰ ਸਿੰਘਾ, ਵਾਹ ਲਗਦੀ ਪੈਰ ਹਟਾ ਲੈਣਾ

ਸਤਿਗੁਰਾਂ ਨੇ ਭੀ ਸੁਣ ਕੇ ਜੰਗ ਦੀ ਤਯਾਰੀ ਕਰਨੀ

ਭਾਵੇਂ ਰਾਣੀ ਨੇ ਬਹੁਤ ਸਮਝਾਇਆ ਜੀ, ਸੁਖਨ ਰਾਜੇ ਸਭ ਭੁਲਾ ਛਡੇ
ਫੌਜ ਜੰਗ ਦੇ ਵਾਸਤੇ ਤਯਾਰ ਕੀਤੀ, ਦਿਲੋਂ ਸਭ ਅਹਿਸਾਨ ਉਠਾ ਛਡੇ
ਓਧਰ ਗੁਰਾਂ ਨੂੰ ਸੂਹੇ ਨੇ ਖਬਰ ਕੀਤੀ, ਓਹਨਾਂ ਤਯਾਰ ਸਮਾਨ ਕਰਾ ਛਡੇ
ਸਿਖਾਂ ਸੇਵਕਾਂ ਨੂੰ ਦਾਰੂ ਸਿਕਾ ਦੇ ਕੇ, ਜਥੇਦਾਰਾਂ ਨੂੰ ਵੰਡ ਵੰਡਾ ਛਡੇ
ਕਢ ਮੋਰਚੇ ਕਰ ਤਯਾਰ ਰਖੇ, ਸਿਖ ਰਾਹਾਂ ਤੇ ਦੂਰ ਬੈਠਾ ਛਡੇ
ਬੰਦੋ ਬਸਤ ਪਕੇ ਕਰਤਾਰ ਸਿੰਘਾ, ਸਤਿਗੁਰਾਂ ਨੇ ਸਭ ਬਨਾ ਛਡੇ

ਦੰਡੇ ਚੰਡੇ ਬਿਨਾਂ ਤੁਸਾਂ ਮੁੜਨਾ ਨਹੀਂ, ਭੂਏ ਬਚਿਆਂ ਵਾਂਗ ਅਵਾਰ ਹੋਵੋ
ਤੁਹਾਡਾ ਵਸਨਾ ਮੁਢ ਖਰਾਬੀ ਦਾ ਏ, ਸਾਡੇ ਰਾਜ ਵਿਚੋਂ ਤੁਸੀਂ ਬਾਹਰ ਹੋਵੋ
ਨਹੀਂ ਤਾਂ ਪਿਛਲੀ ਮੰਗ ਮੁਆਫੀ ਲਵੋ, ਈਨ ਮੰਨ ਅਗੋਂ ਤਾਬੇਦਾਰ ਹੋਵੋ
ਯਾਂ ਚਲੇ ਜਾਵੋ ਕਿਸੇ ਹੋਰ ਪਾਸੇ, ਨਹੀਂ ਤਾਂ ਵੇਖਨਾ ਕਿਵੇਂ ਖਵਾਰ ਹੋਵੋ
ਖੋਜਾਂ ਵਿਚ ਉਡੀਕ ਦੇ ਬੈਠੀਆਂ ਨੇ; ਚੜ੍ਹ ਆਈਆਂ ਫੇਰ ਲਾਚਾਰ ਹੋਵੋ
ਚਿਠੀ ਦੂਤ ਲਿਆਯਾ ਕਰਤਾਰ ਸਿੰਘਾ, ਸੁਣੋ ਬੀਰ ਬਲੀ ਹੁਸ਼ਿਆਰ ਹੋਵੋ

### ਭੀਮ ਚੰਦ ਦੀ ਚਿਠੀ ਸਤਿਗੁਰਾਂ ਦੇ ਹਜ਼ੂਰ ਪਹੁੰਚਣੀ

ਸਤਿਗੁਰਾਂ ਦੇ ਲੈ ਹਜ਼ੂਰ ਪਹੁੰਚਾ, ਚਿਠੀ ਦੂਤ ਨੇ ਜਾ ਫੜਾ ਦਿਤੀ
ਭੀਮ ਚੰਦ ਨੇ ਲਿਖੀਆਂ ਧਮਕੀਆਂ ਜੋ; ਭਰੇ ਵਿਚ ਦਰਬਾਰ ਸੁਨਾ ਦਿਤੀ
ਨਾਮ ਜੰਗ ਦਾ ਸੁਣਦਿਆਂ ਕਾਇਰਾਂ ਨੇ; ਹਾਰ ਹੌਂਸਲੇ ਤੇ ਢਿੱਗੀ ਢਾ ਦਿਤੀ
ਚਿਠੀ ਸੁਣ ਮਸੰਦਾਂ ਦੀ ਖਾਨੋਂ ਗਈ, ਕਹਿੰਦੇ ਏਹ ਕੀ ਕਲਾ ਹਿਲਾ ਦਿਤੀ
ਸੂਰਬੀਰਾਂ ਨੂੰ ਲਾਲੀਆਂ ਚੜ੍ਹ ਗਈਆਂ, ਫਰਕੇ ਅੰਗ ਤੇ ਖੁਸ਼ੀ ਵਧਾ ਦਿਤੀ
ਹੋਏ ਜੰਗ ਨੂੰ ਤਯਾਰ ਕਰਤਾਰ ਸਿੰਘਾ, ਚਿਠੀ ਵਾਪਸੀ ਏਹ ਲਿਖਾ ਦਿਤੀ

### ਸ੍ਰੀ ਦਸਮੇਸ਼ ਜੀ ਨੇ ਭੀਮਚੰਦ ਨੂੰ ਚਿਠੀ ਦਾ ਜਵਾਬ ਦੇਣਾ

ਗੁਰਾਂ ਲਿਖਯਾ ਸੁਨੀਂ ਤੂੰ ਭੀਮਚੰਦਾ, ਵੇਲਾ ਗਿਆ ਮੁੜਕੇ ਹਥ ਆਵਨਾ ਨਹੀਂ
ਚਾਹੇਂ ਲੜਨਾ ਨਾਲ ਬਹਾਨਿਆਂ ਦੇ, ਪਰ ਲਭ ਤੈਨੂੰ ਕੁਝ ਜਾਵਨਾ ਨਹੀਂ
ਅਸੀਂ ਜਾਣਦੇ ਜਿਹੜਾ ਹੈ ਦੁਖ ਤੈਨੂੰ; ਓਹ ਕਿਸੇ ਨੇ ਮੂਲ ਮਿਟਾਵਨਾ ਨਹੀਂ
ਤੁਸੀਂ ਸੜਦੇ ਸਾਡੇ* ਪ੍ਰਚਾਰ ਹਥੋਂ; ਅਸਾਂ ਸਚ ਨੂੰ ਪਿਛਾਂ ਹਟਾਂਵਨਾ ਨਹੀਂ

---

*ਕਈ ਲੋਕ ਸਤਿਗੁਰਾਂ ਦੇ ਨਾਲ ਰਾਜਿਆਂ ਦੇ ਜੰਗਾਂ ਦਾ ਕਾਰਨ ਏਹ ਹਾਥੀ ਤੇ ਤੰਬੂ ਆਦਿਕਾਂ ਦਾ ਨ ਦੇਣਾ ਲਿਖ ਕੇ ਗੁਰਾਂ ਦੇ ਸਿਰ ਦੋਸ਼ ਆਰੋਪਨ ਕਰਦੇ ਹਨ ਕਿ ਉਹਨਾਂ ਨੇ ਥੋੜੀ ਗੱਲ ਪਿਛੇ ਵੈਰ ਵਧਾ ਲਿਆ ਪਰ ਓਹਨਾਂ ਨੂੰ ਅਸਲੀ ਗਲ ਦਾ ਭੇਤ ਨਹੀਂ ਆਯਾ, ਰਾਜਿਆਂ ਦੀ ਵਿਰੋਧਤਾਈ ਦਾ ਕਾਰਨ ਕੇਵਲ ਗੁਰਮਤਿ ਦਾ ਪਰਚਾਰ ਤੇ ਸਿਖ ਪੰਥ ਵਿਚ ਸੂਰਬੀਰਤਾ ਦਾ ਪ੍ਰਗਟ ਹੋਣਾ ਸੀ, ਕੁਝ ਤਾਂ ਰਾਜਿਆਂ ਨੂੰ ਖ਼ੁਸ਼ਾਮਦ ਲੋਕ ਸਦਾ ਹੀ ਚੁਕਾਂ ਦੇਂਦੇ ਰਹਿੰਦੇ ਸਨ ਤੇ (ਅਗਲੇ ਸਫੇ ਤੇ)

ਤੈਨੂੰ ਚੁਕ ਹੈ ਕਚਿਆਂ ਪੰਿਮਿਆਂ ਦੀ, ਬੇੜਾ ਡੋਬਨਾਂ ਏਹਨਾਂ ਤਰਾਵਨਾ ਨਹੀਂ
ਏਹ ਚੰਦਰੇ ਸਚ ਦੇ ਸਦਾ ਵੈਰੀਂ ਸਚ ਏਹਨਾਂ ਨੂੰ ਕਦੇ ਸੁਖਾਵਨਾ ਨਹੀਂ
ਹੋਰ ਦੇਵੇਂ ਜੋ ਧਮਕੀਆਂ ਜੰਗ ਦੀਆਂ, ਬੜੀ ਖ਼ੁਸ਼ੀ ਅਸਾਂ ਡਰ ਖਾਵਨਾ ਨਹੀਂ
ਹਾਥੀ, ਤੰਬੂ, ਘੋੜੇ ਡਰ ਦੇਂਦੇ ਨਾਹੀਂ, ਪਰਜਾ ਹੋਕੇ ਸੀਸ ਨਵਾਵਨਾ ਨਹੀਂ
ਅਸਾਂ ਬੰਦ ਨਗਾਰੇ ਨੂੰ ਨਹੀਂ ਕੂਨਾ ਈਨ ਮੰਨਕੇ ਹਾਲਾ ਪੁਚਾਵਾਨਾ ਨਹੀਂ
ਪਿੰਡਰ ਤੈਥੋਂ ਛਡ ਜਾਂਵਦੇ ਨ, 'ਮਾਫੀ ਮੰਗਦੇ' ਮੂੰਹੋਂ ਸੁਨਾਵਨਾ ਨਹੀਂ
ਚੜ੍ਹ ਆਵੇਂਗਾ ਤੇ ਫੇਰ ਦੇਖੀ ਜਾਊ, ਪਹਿਲਾਂ ਕਿਸੇ ਨੇ ਵਾਰ ਕਰਾਵਨਾ ਨਹੀਂ
ਗਲ ਪਵੇ ਤੇ ਲੜਾਂਗੇ ਵਾਂਗ ਮਰਦਾਂ, ਪਾਜ਼ੀ [illegible] ਮੂੰਹ ਛੁਪਾਵਨਾ ਨਹੀਂ
ਬਚਾ ਮਰਦ ਦਾਹੋਂ ਚੜ੍ਹਆ ਜਸ [illegible] ਖੋਚਾਂ ਕਰਦਿਆਂ ਹੀ ਚਿਰਲਾਵਨਾ ਨਹੀਂ
ਛੇੜੇਂ ਜਾਨ ਕੇ ਛੇੜ ਤੂੰ [illegible], ਸਮਾਂ ਸੁਖ ਦਾ ਤੂੰ ਭੀ ਲੰਘਾਵਨਾ ਨਹੀਂ

ਤਥਾ

ਅਸਾਂ ਧਰਮ ਦੇ ਲਈ ਅਵਤਾਰ ਧਰਿਆ, ਦੁਸ਼ਟ ਮਾਰਨੇ ਸੰਤ ਉਬਾਰਨੇ ਨੇ
ਝੰਡਾ ਧਰਮ ਦਾ ਕਰਨਾ ਹੈ ਫੇਰ ਖੜਾ, ਪਾਪ ਦੇਸ਼ ਵਿਚੋਂ ਸਾਰੇ ਟਾਰਨੇ ਨੇ
ਨਾਮ ਇਕ ਅਕਾਲ ਜਪਾਵਣਾ ਏਂ, ਹੋਰ ਭੇਦ ਪਾਖੰਡ ਨਵਾਰਨੇ ਨੇ
ਜ਼ਾਲਮ ਮਾਰਕੇ ਸਭ ਕਰਤਾਰ ਸਿੰਘਾ, ਦੁਖੀ ਲੋਕਾਂ ਨੂੰ ਸੁਖ ਵਖਾਰਨ ਨੇ

ਤਥਾ

ਧਰਮ ਵਾਸਤੇ ਹੈ ਅਸਾਂ ਤੇਗ ਫੜਨੀ, ਤੁਸੀਂ ਨਾਲ ਰਲਦੇ ਚੰਗੀ ਗਲ ਹੁੰਦੀ
ਦੁਖੀ ਹਿੰਦ ਕੀਤੀ ਜ਼ਾਲਮ ਹਾਕਮਾਂਨੇ ਉਹਨਾਂਪਾਸੋਂ ਛੁਡਾਉਨੀ ਸੁਖੱਲ ਹੁੰਦੀ
ਅਸੀਂ ਤੁਸੀਂ ਰਲ ਕੇ ਸਾਂਝਾ ਕੰਮ ਕਰਦੇ, ਫੇਰ ਝਾਲ ਸੁਖਲੀ ਹੀ ਝਲ ਹੁੰਦੀ

---

(ਪਿਛਲੇ ਸਫ਼ੇ ਦਾ ਬਾਕੀ) ਦੂਸਰਾ ਓਹ ਡਰ ਗਏ ਸਨ ਕਿ ਕਿਤੇ ਗੁਰੂ ਸਾਡਾ ਰਾਜ ਨਾ ਖੋਹ ਲੈਣ ਤੇ ਆਪਣੀ ਕਮਜ਼ੋਰੀ ਦੇ ਸਬਬ ਜਾਣ ਕੇ ਛੇੜਾਂ ਛੇੜਨੀਆਂ ਸ਼ੁਰੂ ਕਰ ਦਿਤੀਆਂ ਜੋ ਅਗੇ ਪੜ੍ਹਨ ਤੋਂ ਪਤਾ ਲਗੇਗਾ।

ਪਰ ਰੱਬ ਦੇ ਰੰਗ ਕਰਤਾਰ ਸਿੰਘਾ, ਕੀਤੀ ਓਸ ਦੀ ਕਿਵੇਂ ਉਥਲ ਹੁੰਦੀ

### ਸ੍ਰੀ ਦਸਮੇਸ਼ ਜੀ ਦੀ ਚਿੱਠੀ ਵੇਖ ਕੇ ਭੀਮ ਚੰਦ ਨੇ ਤੜਫਣਾ

ਚਿੱਠੀ ਲਾਪਸੀ ਲੈ ਕੇ ਦੂਤ ਪਹੁੰਚਾ, ਭੀਮ ਚੰਦ ਦੇ ਹੱਥ ਫੜਾਂਵਦਾ ਏ
ਅੱਗ ਲੱਗੀ ਆ ਅਖਤ ਜਵਾਬ ਸੁਣਕੇ, ਅੱਖਾਂ ਰੋਹ ਦੇ ਵਿਚ ਪਰਤਾਂਵਦਾ ਏ
ਪਾਸੋਂ ਹੋਰ ਭੀ ਸੁਣ ਕੇ ਤੜਫ ਉਠੇ, ਜੰਗ ਕਰਨਾ ਸਭ ਨੂੰ ਭਾਂਵਦਾ ਏ
ਪਰਮਾ ਨੰਦ ਵਜ਼ੀਰ ਕਰਤਾਰ ਸਿੰਘਾ, ਭੀਮ ਚੰਦ ਤਾਈਂ ਸਮਝਾਂਵਦਾ ਏ

### ਵਜ਼ੀਰ ਨੇ ਫੇਰ ਲੜਾਈ ਦੀ ਸਲਾਹ ਹਟਾ ਲੈਣੀ

ਰਾਜਨੀਤ ਦਾ ਜਾਣੂ ਵਜੀਰ ਸਿਆਣਾ, ਕਰੇ ਬੇਨਤੀ ਸਮਝ ਵਿਚਾਰ ਰਾਜਾ
ਐਵੇਂ ਕਿਉਂ ਪਏ ਗੁਸੇ ਧਾਰ ਦੇਓ, ਥੋੜੀ ਗੱਲ ਦਾ ਕਰੋ ਵਿਸਥਾਰ ਰਾਜਾ
ਸ਼ਾਦੀ ਵਿਚ ਕੁਪਤ ਹਲਾਓ ਨਾਹੀ, ਵਿਆਹ ਹੋਂਵਦੇ ਖੁਸ਼ੀ ਦੀ ਕਾਰ ਰਾਜਾ
ਸ਼ਾਦੀ ਕਰ ਪਿੱਛੋਂ ਰੀਝ ਲਾਹ ਲੈਣ, ਜੋ ਜੰਗਦਾ ਚਾਓ ਬਿਸਯਾਰ ਰਾਜਾ
ਵੰਗਾਂ ਪਹਿਨੀ ਅੱਗੇ ਨਹੀਂ ਬੈਠਾ, ਜਾਂਦੇ ਫੜ ਲੋਗੇ ਜੋਰ ਧਾਰ ਰਾਜਾ
ਵਲੀ,ਪੀਰਮਹਾਂਬਲੀ, ਹੈ ਸ਼ਕਤਵਾਲਾ, ਅਤਿਰਥੀ ਵਿਸ਼ਨੂੰ ਅਵਤਾਰ ਰਾਜਾ
ਮਾਝਾ ਮਾਲਵਾ ਓਸਦੇ ਹੁਕਮ ਅੰਦਰ, ਜਾਨਾਂ ਦੇਣ ਨੂੰ ਹੈ ਤਯਾਰ ਰਾਜਾ
ਅਗੇ ਉਨ੍ਹਾਂ ਪਹਾੜੀਏ ਸਮਝ ਭੇਡਾਂ, ਓਹ ਜਾਨ ਸਾਰੇ ਬਘਿਆੜ ਰਾਜਾ
ਤੇਰੇ ਲੋਕ ਪਹਾੜੀਏ ਵਾਂਗ ਕੂੰਜਾਂ, ਬਾਜ ਸਮਝ ਓਹ ਤੇਜ ਤਰਾਰ ਰਾਜਾ
ਗੁਰੂ ਆਪ ਭਾਰਾ ਨਿਰਭੈ ਯੋਧਾ, ਰਾਜਨੀਤ ਜਾਣੂ ਹੁਸ਼ਿਆਰ ਰਾਜਾ
ਡਾਕੂ, ਧਾੜਵੀ,ਰਾਠ ਜੋ ਦੇਸਦੇ ਸਨ, ਜਮ੍ਹਾਂ ਪਾਸ ਓਹਦੇ ਕਈ ਹਜ਼ਾਰ ਰਾਜਾ
ਹਥ ਵੇਖ ਲੈਣੇ ਵਿਆਹੋਂ ਆਣ ਕਰਕੇ, ਨਹੀਂ ਗੁਰੂ ਜੀ ਵਲੋਂ ਹੁਦਾਰ ਰਾਜਾ
ਕਹਿਆ ਸੁਣ ਗੁਪਾਲ ਗੁਲੇਰੀਏ ਨੇ, ਹੈ ਵਜ਼ੀਰ ਚੰਗਾ ਸਮਝਦਾਰ ਰਾਜਾ
ਠੀਕ ਮਤ ਦੇਵੇ ਵਿਆਹ ਵਿਚ ਕਾਹਨੂੰ, ਛੇੜ ਬੈਠੀਏ ਮੁਫਤ ਦੀ ਰਾਰ ਰਾਜਾ
ਵਿਆਹ ਕਰ ਪਿਛੋਂ ਦੇਖੀ ਜਾਇਗੀ ਜੀ, ਹਾਲਾਂ ਖੁਸ਼ੀਦੇ ਕਰੋ ਵਿਹਾਰ ਰਾਜਾ

ਹੋਣੀ ਉਸੇ ਤਰ੍ਹਾਂ ਕਰਤਾਰ ਸਿੰਘਾ, ਜਿਵੇਂ ਠਟੀ ਹੈ ਆਪ ਕਰਤਾਰ ਰਾਜਾ
ਭੀਮ ਚੰਦ ਵਜ਼ੀਰ ਦੇ ਲਗ ਆਖੇ, ਟਲ ਗਿਆ ਏਹ ਭੀ ਭਲਿਆਈ ਹੋਈ
ਫਤੇ ਸ਼ਾਹ ਦੀ ਬੇਟੀ ਦੇ ਨਾਲ ਸਮਝੋ, ਇਹਦੇ ਬੇਟੇ ਦੀ ਏਹ ਕੁੜਮਾਈ ਹੋਈ
ਜੰਗ ਟਲਿਆ ਸੁਣ ਮਸੰਦ ਖੁਸ਼ੀ, ਖੁਸ਼ੀ ਬਹੁਤ ਚਿਤੋਂ ਵਡੀ ਮਾਈ ਹੋਈ
ਸਤਿਗੁਰ ਪ੍ਰਸੰਨ ਕ੍ਰਤਾਰ ਸਿੰਘਾ, ਖੁਸ਼ੀ ਗਮੀ ਨ ਚਿਤ ਨੂੰ ਕਾਈ ਹੋਈ

ਸਤਿਗੁਰਾਂ ਦੀ ਦੂਸਰੀ ਸ਼ਾਦੀ

ਸਤਾਰਾਂ ਸੌ ਇਕਤਾਲੀ ਵਸਾਖ ਉੱਤੇ ਆਈਆਂ ਸੰਗਤਾਂ ਬੇਸ਼ੁਮਾਰ ਸੀਜੀ
ਰਾਮਸਰਨ ਬਜਵਾੜੇ ਦਾ ਖਤ੍ਰੀ ਸੀ, ਬੇਟੀ ਓਸਦੀ ਹੋਈ ਮੁਟਿਆਰ ਸੀਜੀ
ਨਾਮ ਸੁੰਦਰੀ ਸੁੰਦਰੀ ਰੂਪਵੰਤੀ, ਸ਼ੁਭ ਗੁਣਾਂ ਦੀ ਆਸ ਭੰਡਾਰ ਸੀਜੀ
ਡੋਲਾ ਓਸ ਦਾ ਗੁਰਾਂ ਦੇ ਕਰ ਅਰਪਨ, ਕੀਤੀ ਬੇਨਤੀ ਅਰਜ਼ ਗੁਜ਼ਾਰ ਸੀਜੀ
ਮੇਰੀ ਪੁਤ੍ਰੀ ਆਪਦੀ ਹੋਈ ਦਾਸੀ, ਕਹਿਆ ਖਤ੍ਰੀ ਨੇ ਬਾਰ ਬਾਰ ਸੀਜੀ
ਗੁਰੂ ਦੂਸਰੀ ਸ਼ਾਦੀ ਨ ਕਰਨ ਚਾਹੁੰਦੇ, ਕੀਤਾ ਵਿਚ ਦੀਵਾਨ ਇਨਕਾਰ ਸੀਜੀ
ਪਰ ਮਾਤਾ ਜੀ ਨੇ ਘਰ ਸੁਣਿਆ ਜਾਂ, ਕੀਤੀ ਉਨ੍ਹਾਂ ਨੇ ਖੁਸ਼ੀ ਅਪਾਰ ਸੀਜੀ
ਡੋਲਾ ਆਪਣੇ ਆਪ ਉਤਾਰ ਲਿਆ, ਵੇਖ ਸੁੰਦ੍ਰੀ *ਲੱਛ ਅਵਤਾਰ ਸੀਜੀ
ਅੰਸਾ ਜੀਤੋ ਜੀ ਤੋਂ ਕੋਈ ਹੋਈ ਨ ਸੀ, ਪੋਤਾ ਦੇਖਣੇ ਦੀ ਤਲਬਗਾਰ ਸੀਜੀ
ਏਸੇ ਵਾਸਤੇ ਗੁਰਾਂ ਤੋਂ ਬਿਨਾਂ ਪੁਛੇ, ਡੋਲਾ ਮਾਤਾ ਜੀ ਲਿਆ ਉਤਾਰ ਸੀਜੀ
ਅੰਤ ਗੁਰਾਂ ਨੂੰ ਮੰਨਣਾ ਪੈ ਗਿਆ; ਸ਼ਾਦੀ ਕਰੀ ਆਨੰਦ ਵਿਹਾਰ ਸੀਜੀ
ਸ਼ਾਦੀ ਦੂਸਰੀ ਹੋਈ ਕਰਤਾਰ ਸਿੰਘਾ ਏਹ ਸੰਜੋਗ ਲਿਖਦਾ ਕਰਤਾਰ ਸੀਜੀ

ਸਮੇਂ ਦੀ ਉਡੀਕ ਦਾ ਹਾਲ

ਆਉਣ ਵਾਲੇ ਸਮੇਂ ਦੀਉਡੀਕ ਅੰਦਰ, ਸੋਚਾਂ ਡੂੰਘੀਆਂ, ਗੁਰਵਿਚਾਰਦੇ ਸਨ

---

*ਲੱਛ ਅਵਤਾਰ—ਲਛਮੀ ਦਾ ਅਵਤਾਰ ॥

ਕਰਨਾ ਟਾਕਰਾ ਜ਼ੁਲਮ ਦੇ ਨਾਲ ਹੈਸੀ, ਹੀਲੇ ਨਿਤ ਹੀ ਚਿਤ ਚਤਾਰਦੇ ਸਨ
ਫੌਜਾਂ ਪਾਸ ਖਜ਼ਾਨਾ ਨ ਜਮ੍ਹਾਂ ਕੋਈ, ਭਾਰੇ ਜੰਗਾਂ ਦੀਆਂ ਆਸਾਂ ਧਾਰਦੇ ਸਨ
ਕੋਈ ਮਦਦੀ ਬਿਨਾਂ ਅਕਾਲ ਦੇ ਨ, ਹਿੰਦੂ ਰਾਜੇ ਕੰਮ ਖਾਰਦੇ ਸਨ
ਹਿੰਦੂ ਮਾੜੇ, ਰਾਜੇ ਖ਼ੁਦਗਰਜ਼ ਸਾਰੇ, ਪਾਲ ਸੁਆਰਥਾਂ ਨੂੰ ਧਰਮ ਹਾਰਦੇ ਸਨ
ਖ਼ੂਨ ਛਤ੍ਰੀਆਂ ਦਾ ਮਰ ਚੁਕਾ ਹੋ ਸੀ, ਤਾਬੇਦਾਰੀ ਖ਼ੁਸ਼ੀ ਹੋ ਸਹਾਰਦੇ ਸਨ
ਚਹੁੰ ਪਾਸੀਂ ਨਰਾਸਤਾ ਫੈਲ ਰਹੀ ਸੀ, ਸਤਿਗੁਰੂ ਜੀ ਨਿਗ੍ਹਾਂ ਜਾ ਮਾਰਦੇ ਸਨ
ਬ੍ਰਾਹਮਣ ਦੇਸ ਦੇ ਉਲਟ ਹੋ ਰਹੇ ਵੈਰੀ, ਪਾਸ ਰਾਜਿਆਂ ਸਦਾ ਪੁਕਾਰਦੇ ਸਨ
ਵੈਰੀ ਧਰਮ ਦਾ ਦੱਸਦੇ ਗੁਰੂ ਜੀ ਨੂੰ, †ਵਰਨ ਸ਼ੰਕਰ ਕਰੇ ਉਚਾਰਦੇ ਸਨ
ਸਿਖ ਹੋਵਣੋਂ ਲੋਕਾਂ ਨੂੰ ਰੋਕਦੇ ਸਨ, ਜਾਲ ਆਪਣੇ ਪਏ ਪਸਾਰਦੇ ਸਨ
ਏਸ ਤਰ੍ਹਾਂ ਕਠਨਾਈਆਂ ਕਈ ਅਗੇ, ਕਰਦੇ ਈਰਖਾ ਲੋਕ‡ਪਰਵਾਰਦੇ ਸਨ
ਘਾਟੇ ਵੇਖਕੇ ਏਨੇ ਕਰਤਾਰ ਸਿੰਘਾ, ਦਿਲੋਂ ਹੌਸਲਾ ਮੂਲ ਨ ਹਾਰਦੇ ਸਨ

ਤਥਾ

ਇਕ ਪਾਸੇ ਇਸਲਾਮ ਦੀ ਬਾਦਸ਼ਾਹੀ, ਤਾਬੇ ਸਾਰਾ ਜਿਦੇ ਹਿੰਦੁਸਤਾਨ ਭਾਈ
ਕਿਲੇ ਕੋਟਖਜ਼ਾਨਿਆਂ ਅੰਤ ਨ ਸੀ, ਫੌਜਾਂ ਲਸ਼ਕ੍ਰਾਂ ਦਾ ਕੀਹ ਬਿਆਨ ਭਾਈ
ਉੱਤੇ ਤਖਤ ਦੇ ਸ਼ਾਹ ਔਰੰਗਾ ਹੋ ਸੀ, ਭਾਰਾ ਜ਼ਾਲਮ ਬੇਤਰਸ ਪਛਾਨ ਭਾਈ

---

†ਵਰਨ ਸ਼ੰਕਰ—ਜਾਤਾਂ ਪਾਤਾਂ ਦੇ ਬੰਧਨਾਂ ਨੂੰ ਤੋੜ ਕਰਕੇ ਵੰਡੀ ਮੰਡੀ ਦੀ ਇਕ ਸਾਂਝ ਹੋ ਜਾਣੀ, ਏਸ ਏਕਤਾ ਦੀ ਚਾਲ ਨੂੰ ਜਿਸਦੇ ਨਾਲ ਹਰ ਮੁਲਕ ਦੀ ਤਰੱਕੀ ਹੁੰਦੀ ਹੈ, ਬ੍ਰਾਹਮਣ ਲੋਕ ਸਦਾ ਤੋਂ ਏਸ ਦੇ ਵਿਰੁਧ ਚਲੇ ਆਏ ਹਨ, ਏਸ ਦਾਲ ਵਿਚ ਬ੍ਰਾਹਮਣਾਂ ਦੀ ਆਪਣੀ ਸੁਆਰਥਤਾ ਹੈ, ਕਿਉਂਕਿ ਜਦ ਜਾਤ ਪਾਤ ਦਾ ਬੰਧਨ ਟੁਟ ਜਾਵੇ ਤਾਂ ਫੇਰ ਸ੍ਰਿਫ਼ ਗੁਣਾਂ ਵਾਲਿਆਂ ਨੂੰ ਹੀ ਸ੍ਰੇਸ਼ਟ ਮੰਨਿਆ ਜਾਵੇ ਤੇ ਏਹਨਾਂ ਦਾ ਮਤ ਜੋ ਉਚਿਆਂ ਹੋ ਹੋ ਬੈਠਨਾ ਦੂਰ ਹੋ ਜਾਵੇ, ਸੋ ਏਸਨੂੰ ਏਹ ਸਦਾ ਹੀ ਰੋਕਣ ਦੀ ਕੋਸ਼ਸ਼ ਕਰਦੇ ਰਹੇ ਹਨ ॥

‡ਧੀਰ ਮੱਲ ਆਦਿਕ ਦੁਨਿਆਵੀ ਸਰੀਕ ॥

ਬੁਰਾ ਲੁਠੀਆਂ ਮਜ਼ਬੀ ਅੱਗ ਅੰਦਰ, ਹਿੰਦੂ ਮਜ਼ਬ ਦਾ ਵੈਰੀ ਮਹਾਨ ਭਾਈ
ਮੁਲਾਂ ਕਾਜ਼ੀਆਂ ਦਾ ਭਾਰਾ ਜ਼ੋਰ ਸਾਰੇ, ਥਾਂ ਥਾਂ ਹਾਕਮ ਮੁਸਲਮਾਨ ਭਾਈ
ਹਿੰਦੂ ਰਾਜੇ ਬੇ ਗੈਰਤੇ ਹੋ ਰਹੇ ਸਮ, ਜ਼ਰਾ ਸਿਰ ਨ ਉਤ੍ਹਾਂ-ਉਠਾਨ ਭਾਈ
ਰਾਜਪੂਤਾਂ ਦੇ ਭੀ ਖ਼ੂਨ ਪਏ ਠੰਢੇ, ਮਰਹਟੇ ਭੀ ਬੇ ਤਰਾਨ ਭਾਈ
ਮੁਦਾ ਗਲ ਹਿੰਦੂ ਮਰ ਮੁਕੇ ਹੋਸਨ, ਐਵੇਂ ਟੂਹਕ ਦੀ ਸੀ ਵਿਚ ਜਾਨ ਭਾਈ
ਸ਼ਰ੍ਹਾ ਪੂਰੀ ਜਵਾਨੀ ਤੇ ਚਮਕ ਰਹੀ, ਹਿੰਦੂ ਧਰਮ ਫਿਕਾ ਪਿਆ ਮਾਨ ਭਾਈ
ਰਿਹਾ ਜ਼ੁਲਮ ਸਮੁੰਦਰ ਮਾਰ ਠਾਠਾਂ, ਬੇੜੇ ਹਿੰਦ ਦੇ ਡੁਬ ਰਹੇ ਸਾਨ ਭਾਈ
ਦੂਜੇ ਪਾਸੇ ਇਕੋ ਰਲੀ ਆਤਮਾਂ ਸੀ ਖੜੀ ਟਾਕਰੇ ਲਈ ਸਿਆਨ ਭਾਈ
ਓਸ ਕੌਣ ਸੀ 'ਗੁਰੂ ਗੋਬਿੰਦ ਸਿੰਘ' ਸੀ, ਖੜਾ ਵਿਚ ਮੁਕਾਬਲੇ ਆਨ ਭਾਈ
ਛੋਟੀ ਉਮਰ ਮੁਸੀਬਤਾਂ ਕਈ ਅਗੇ, ਬੇ ਜ਼ਰ, ਬੇ ਸਰੋ ਸਾਮਾਨ ਭਾਈ
ਨ ਕਿਲੇ ਨ ਕੋਟ ਨਾ ਰਾਜ ਕਿਤੇ, ਕਿਸੇ ਦੇਸ਼ ਤੇ ਨ ਹੁਕਮਰਾਨ ਭਾਈ
ਵੇਖ ਦੇਸ ਦੇ ਲੋਕਾਂ ਦੀ ਕਮਜ਼ੋਰੀ, ਖੁਦ ਗਰਜ਼ੀ ਨੂੰ ਵੇਖ ਹੈਰਾਨ ਭਾਈ
ਚਾਲ ਰਾਜੇ ਭੀ ਦਿਸਦੇ ਉਲਟ ਚਲਦੇ, ਪੈਰ ਪੈਰ ਤੇ ਡਰ ਤੂਫਾਨ ਭਾਈ
ਬੇਸ਼ੁਮਾਰ ਕਮਜ਼ੋਰੀਆਂ ਦਿਸਦੀਆਂਸਨ, ਸਾਥੀ ਕੋਈਨ ਬਿਨ ਭਗਵਾਨ ਭਾਈ
ਸ਼ਾਹੀ ਜ਼ੁਲਮਦੇ ਉਲਟ ਕਰਤਾਰ ਸਿੰਘਾ, ਨ ਸੀ ਚੁਕਨਾ ਬੀੜਾ ਅਸਾਨ ਭਾਈ

ਵਾਕ ਕਵੀ

ਭਾਵੇਂ ਸਭ ਪਾਸੇ ਕਮਜ਼ੋਰ ਦਿਸਦੇ, ਪਰ ਚਿਤ ਦਾ ਜੋਸ਼ ਕਮਜ਼ੋਰ ਨਾ ਸੀ
ਦੇਸ਼ ਭਗਤੀ ਦਾ ਵਡਾ ਖਿਆਬ ਹੈਸੀ, ਖਾਣੇ ਪਹਿਨਣੇ ਦਾ ਚਾਉ ਹੋਰ ਨ ਸੀ
ਜ਼ੁਲਮ ਧਕਕੇ ਦੇਸ ਤੋਂ ਦੂਰ ਕਰਨਾ, ਇਹੋ ਗਲ ਭੁਲਦੀ ਸ਼ਾਮ ਭੋਰ ਨ ਸੀ
ਓਟ ਇਕ ਅਕਾਲ ਕਰਤਾਰ ਸਿੰਘਾ, ਹੋਰ ਕਿਸੇ ਸਾਮਾਨ ਦਾ ਜ਼ੋਰ ਨ ਸੀ

ਸ੍ਰੀ ਦਸਮੇਸ਼ ਜੀ ਦੀਆਂ ਵਿਚਾਰਾਂ

ਨਾੜ ਸਮੇਂ ਦੀ ਗੁਰਾਂ ਪਛਾਣ ਲਈ ਸੀ, ਸੋਚਾਂ ਸੋਚਦੇ ਜਗ੍ਹਾ ਬਨਾਈਏ ਕਿਤੇ

ਏਥੇ ਸਾਡੀ. ਮੁਰਾਦ ਨ ਪੂਰੀ ਹੋਣੀ, ਲਾਂਭ ਹੋਕੇ ਸਮਾਂ ਲਘਾਈਏ ਕਿਤੇ
ਏਨ੍ਹਾਂ ਰਾਜਿਆਂ ਪਾ ਵਿਗਾੜ ਦੇਨਾ, ਏਨ੍ਹਾਂ ਪਾਸੋਂ ਲਾਂਭੇ ਹਟ ਜਾਈਏ ਕਿਤੇ
ਸ਼ੁਰੂ ਕੰਮ ਦੇ ਵਿਚ ਨਾ ਪਏ ਡਕਾ, ਓਹਲੇ ਬੈਠਕੇ ਜ਼ੋਰ ਵਧਾਈਏ ਕਿਤੇ
ਕਰਨਾ ਨਾਲ ਮੁਕਾਬਲਾ ਬਾਦਸ਼ਾਹਦੇ,ਜਮਾਂ ਸਾਜ਼ਸਾ ਮਾਨ ਕਰਾਈਏ ਕਿਤੇ
ਖ਼ੂਨ ਛਤ੍ਰਤਾ ਦਾ ਪੈ ਗਿਆ ਠੰਢਾ, ਏਹਨੂੰ ਕਰਕੇ ਗਰਮ ਦਿਖਾਈਏ ਕਿਤੇ
ਐਸੀ ਜਗ੍ਹਾ ਨਵੇਕਲੀ ਮਿਲ ਜਾਵੇ, ਖੁਲ੍ਹਾਂ ਸਿਖਾਂ ਨੂੰ ਜੰਗ ਸਿਖਾਈਏ ਕਿਤੇ
ਦੇ ਨਵੇਂ ਸਿਰ ਤੇ ਜੋਸ਼ ਕਰਤਾਰ ਸਿੰਘਾ, ਜੋਤ ਬੁਝੀ ਨੂੰ ਫੇਰ ਜਗਾਈਏ ਕਿਤੇ

## ਵਿਚਾਰ ਦੀ ਨਜ਼ਰ

ਇਹਨਾਂ ਸੋਚਾਂ ਨੂੰ ਸੋਚਦੇ ਗੁਰੂ ਸਾਹਿਬ, ਰਾਤ ਦਿਨੇ ਨ ਮੂਲ ਭੁਲਾਂਵਦੇ ਸਨ
ਕੋਈ ਕਰੇ ਸਵਾਲ ਜੇ ਹੋ ਅੱਨ੍ਹਾਂ, ਗੁਰ ਮਜ਼੍ਹਬੀ ਪਖ ਰਖਾਂਵਦੇ ਸਨ
ਹਿੰਦੂ ਧਰਮ ਨੂੰ ਜਾਣਦੇ ਸਨ ਚੰਗਾ, ਮੁਸਲਮਾਨਾਂ ਨੂੰ ਬੁਰਾ ਬਜਾਂਵਦੇ ਸਨ
ਮੈਂ ਦਸਦਾ ਏਹ ਹੈ ਭੁਲ ਨਿਰੀ, ਪਖ ਬਾਦ ਨਾ ਗੁਰੂ ਵਧਾਂਵਦੇ ਸਨ
ਦੋਹਾਂ ਮਜ਼੍ਹਬਾਂ ਨੂੰ ਕਰ ਇਕੋ ਜਿਹਾ, ਇਕ ਨਗਰ ਦੇ ਨਾਲ ਤੁਲਾਂਵਦੇ ਸਨ
ਨਹੀਂ ਦੀਨ ਇਸਲਾਮਨੂੰ ਨਿੰਦਦੇ ਸਨ,ਹਿੰਦੂ ਧਰਮ ਨੂੰ ਨਹੀਂ ਸਲ੍ਹਾਂਵਦੇ ਸਨ
ਹਾਮੀ ਸਚ ਦੇ ਸਤਿਗੁਰੂ ਸਦਾ ਹੈ ਸਨ, ਝੂਠ ਪਾਪ ਨੂੰ ਪਰੇ ਹਟਾਂਵਦੇ ਸਨ
ਹੋਕੇ ਦ੍ਰਿਸ਼ਟਾ ਦੋਹਾਂ ਹੀ ਮਜ਼੍ਹਬਾਂ ਦੇ, ਹਰ ਇਕ ਦਾ ਮਲਾ ਮਨਾਂਵਦੇ ਸਨ
*ਇਕੋ ਨੂਰ ਤੋਂ ਸਭੇ ਹੀ ਹੋਏ ਪੈਦਾ, ਏਹ ਸਿਖਯਾ ਸਗੋਂ ਸਿਖਾਂਵਦੇ ਸਨ

---

*ਕੋਊ ਭਇਓ ਮੁੰਡੀਆ ਸਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਤੀ ਅਨ ਮਾਨਬੋ ॥ ਹਿਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ ਮਾਨਸਕੀ ਜਾਤ ਸਬੈ ਏਕੈ ਪਹਿਚਾਨਬੋ॥ ਕਰਤਾ ਕਰੀਮ ਸੋਈਰਾਜਕ ਰਹੀਮ ਓਹੀ ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥ ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥ ੧੫ ॥ ੮੫ ॥

ਦੇਹੁਰਾ ਮਸੀਤ ਸੋਈਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕਕੋ (ਬਾਕੀ ਅਗਲੇ ਸਫੇ ਤੇ)

ਸਿਰਫਵੈਰ ਸੀ ਤੇ ਨਾਲ ਜ਼ੁਲਮ ਦੇਸੀ, ਨਾਲ ਮਜ਼ਬਾਂ ਵੈਰ ਨ ਪਾਂਵਦੇ ਸਨ
ਆਪ ਦੋਹਾਂ ਤੋਂ ਤੀਸਰੇ ਹੋ ਕਰਕੇ, ਸਚੇ ਰਾਹ ਤੇ ਚਲੋਂ ਸਮਝਾਂਵਦੇ ਸਨ
ਜ਼ੁਲਮ ਮੇਟਨੇ ਲਈ ਕਰਤਾਰ ਸਿੰਘਾ, ਤੇਗ ਚੁਕਨੀ ਗੁਰੂ ਜੀ ਚਾਹਵਦੇ ਸਨ

†ਰਾਹਨੀਏਂ ਤੇ ਗੜ੍ਹਵਾਲੀਏ ਦਾ ਫ਼ਸਾਦ

ਰਾਜਾ ਮੇਦਨੀ ਪ੍ਰਕਾਸ਼ ਸਰਮੌਰ ਵਾਲਾ, ਫਤੇਸ਼ਾਹ ਗੜ੍ਹਵਾਲ ਸੁਨਾਯਾ ਜੀ
ਹਦ ਬੰਨੇ ਉਤੋਂ ਓਸੇ ਸਮੇਂ ਦੋਹਾਂ, ਆਪੋ ਵਿਚ ਫਸਾਦ ਉਠਾਯਾ ਜੀ
ਰਾਮਰਾਇ ਨੂੰ ਆਪਣਾ ਮਦਦੀ ਕਰ, ਫਤੇਸ਼ਾਹ ਨੇ ਪਾਸ ਵਸਾਯਾ ਜੀ
ਕਰਾਮਾਤ ਦਾ ਦੇਂਦਾ ਡਰ ਬਹੁਤਾ, ਸਰਮੌਰੀਏ ਤਈਂ ਹਰਾਯਾ ਜੀ
ਬਹੁਤ ਦੇ ਕੇ ਜ਼ੋਰ ਗੜ੍ਹਵਾਲੀਏ ਨੇ, ਆਨ ਉਸਦਾ ਦੇਸ ਦਬਾਯਾ ਜੀ
ਰਾਜਾ ਨਾਹਨ ਵਾਲਾ ਕਰਤਾਰ ਸਿੰਘਾ, ਡਰ ਵੈਰੀ ਤੋਂ ਬਹੁਤ ਘਬਰਾਯਾ ਜ

ਮੇਦਨੀ ਪ੍ਰਕਾਸ਼ ਨੂੰ ਵਜ਼ੀਰਾਂ ਨੇ ਸਲਾਹ ਦੇਣੀ

ਸੋਭੂ ਰਾਮ ਤੇ ਹਰ ਜੀ ਮੰਤ੍ਰੀ ਦੇ, ਓਹਨਾਂ ਰਾਜੇ ਨੂੰ ਬਾਤ ਸੁਨਾਈਏ ਜੀ

---

(ਪਿਛਲੇ ਸਫ਼ੇ ਦੀ ਬਾਕੀ) ਪ੍ਰਭਾਉ ਹੈ ॥ ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ ਨਿਆਰੇ ਨਿਆਰੇ ਦੇਸਨ ਕੇ ਭੇਸਕੋ ਪ੍ਰਭਾਉ ਹੈ। ਏਕੈ ਨੈਨ ਕਾਨ ਏਕੈ ਧਾਨ ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥ ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ ॥ ੧੬ ॥ ੮੬ ॥ ਅਕਾਲ ਉਸਤਤਿ ॥

ਏਹਨਾਂ ਛੰਦਾਂ ਤੋਂ ਸਾਫ ਪ੍ਰਗਟ ਹੁੰਦਾ ਹੈ ਕਿ ਗੁਰੂ ਜੀ ਹਿੰਦੂ ਮੁਸਲਮਾਨ ਇਕ ਜੋਤ ਤੋਂ ਪੈਦਾ ਹੋਏ ਸਮਝ ਕੇ ਦੋਹਾਂ ਨਾਲ ਇਕੋ ਜਿਹਾ ਪਿਆਰ ਰਖਦੇ ਸਨ, ਵੈਰੀ ਸਨ, ਤਾਂ ਸਿਰਫ ਜ਼ੁਲਮ ਦੇ ਸਨ ਜੋ ਜ਼ੁਲਮ ਕੋਈ ਮਜ਼ਬ ਕਰਦਾ ਹੁੰਦਾ ਓਸੇ ਮਜ਼ਬ ਦੇ ਲੋਕ ਗੁਰੂ ਜੀ ਦੀ ਨਜ਼ਰ ਵਿਚ ਦੰਡ ਦੇਣ ਦੇ ਯੋਗ ਹੁੰਦੇ ॥

†ਗੜ੍ਹਵਾਲ ਤੇ ਸਰਮੌਰ ਏਹ ਪਹਾੜੀ ਰਿਆਸਤਾਂ ਦੇ ਨਾਮ ਹਨ, ਪਾਉਂਟਾ ਸਾਹਿਬ ਸਰਮੌਰ (ਨਾਹਨ) ਦੀ ਰਿਆਸਤ ਵਿਚ ਹੈ, ਤੇ ਰਾਮਰਾਇ, ਦਾ ਦੇਹੁਰਾ ਡੇਹਰਾ ਦੂਨ ਵਿਚ ਗੜ੍ਹਵਾਲ ਦੀ ਰਿਆਸਤ ਵਿਚ ਹੈ।

ਸਾਡੇ ਵੈਰੀ ਦਾ ਪੈ ਗਿਆ ਜ਼ੋਰ ਬਹੁਤਾ, ਏਹਦਾ ਛੱਬ ਇਲਾਜ ਕਰਾਈਏ ਜ.
ਅਗੇ ਰਾਮਰਾਇ ਏਸਦਾ ਮਦਦੀ ਸੀ, ਹੁਣ ਹੋਰ ਪੈ ਗਈ ਬੁਲਾਈਏ ਜੀ
ਭੀਮਚੰਦ ਦੇ ਪੁਤ ਅਜਮੇ ਹੈ ਚੰਦ ਦੀ, ਏਹਦੇ ਘਰ ਹੋਗਈ ਕੁੜਮਾਈਏ ਜੀ
ਅਸੀਂ ਰਾਜਾ ਜੀ ਬੈਠੀਏ ਚੁਪ ਨ ਕਰ; ਕੋਈ ਸੋਚ ਕੇ ਵਿਉਂਤ ਬਨਾਈਏ ਜੀ
ਜੇ ਮੰਨੋ ਤਾਂ ਅਸੀਂ ਸਲਾਹ ਦੇਈਏ; ਇਕ ਆਸਰਾ ਵਡਾ ਬਤਾਈਏ ਜੀ
ਜਿਸ ਘਰੋਂ ਮਿਲੀ ਸ਼ਕਤ ਰਾਮਰਾਏ ਨੂੰ; ਅਸੀਂ ਓਸਦੀ ਸ਼ਰਣ ਤਕਾਈਏ ਜੀ
ਬਾਘ ਸਾਮ੍ਹਣੇ ਸ਼ੇਰ ਬਠਾਈਏ ਲਿਆ; ਹੀਰਾ ਹੀਰੇ ਦੇ ਨਾਲ ਕਟਾਈਏ ਜੀ
ਰਾਮਰਾਇ ਦਾ ਭੀ ਪੂਜਨੀਕ ਵਡਾ; ਅਸੀਂ ਪਾਸ ਲਿਆ ਵਸਾਈਏ ਜ
ਸ੍ਰੀ ਗੁਰੂ ਗੋਬਿੰਦ ਸਿੰਘ ਬਲਿ ਯੋਧਾ, ਕਰਨ ਜਿਸਦੀ ਲੋਕ ਵਡਿਆਈਏ ਜੀ
ਭੀਮ ਚੰਦ ਦਾ ਵੈਰ ਹੈ ਨਾਲ ਓਹਨਾਂ; ਵੈਰੀ ਵੈਰੀ ਦੇ ਨਾਲ ਮਿਟਾਈਏ ਜੀ
ਰਾਜਾ ਖੁਸ਼ ਹੋ ਗਿਆ ਕਰਤਾਰ ਸਿੰਘਾ; ਕਹਿੰਦਾ ਛਫਦੇ ਜਾ ਲਿਆਈਏ ਜੀ

ਵਜ਼ੀਰਾਂ ਦਾ ਆਉਣਾ ਤੇ ਸ੍ਰੀ ਗੁਰੂ ਜੀ ਦੀ ਨਾਹਨ ਜਾਣ ਵਾਸਤੇ ਤਿਆਰੀ

ਪਾ ਆਗਯਾ ਦੋਵੇਂ ਵਜੀਰ ਆਏ; ਪਹੁੰਚ ਗੁਰਾਂ ਅਗੇ ਨਿਮਸਕਾਰ ਕਰਦੇ
ਧਰ ਭੇਟ ਰਾਜੇ ਵਲੋਂ ਬੇਨਤੀ ਕਰ, ਹਥ ਬੰਨ੍ਹਕੇ ਅਰਜ਼ ਗੁਜ਼ਾਰ ਕਰਦੇ
ਰਾਜਾ ਚਾਹੁੰਦਾ ਆਪਦੇ ਦਰਸ਼ਨਾਂ ਨੂੰ, ਏਹ ਬੇਨਤੀ ਵਿਚ ਦਰਬਾਰ ਕਰਦੇ
ਸਤਿਗੁਰੂ ਜੀ ਅਗੇ ਹੀ ਚਾਹੁੰਦੇ ਸਨ, ਰਾਤ ਦਿਨੇ ਸਨ ਏਹੋ ਵਿਚਾਰ ਕਰਦੇ
ਕਿਤੇ ਲਾਂਭ ਹੋ ਆਪਣਾ ਕੰਮ ਕਰੀਏ, ਏਥੇ ਨਿੱਤ ਸ਼ਰੀਕ ਨੇ ਖਾਰ ਕਰਦੇ
ਮਰਜ਼ੀ ਸਾਰੀਆਂ ਅਗਲੀਆਂ ਸੋਚ ਕੂਕੇ, ਜ਼ਾ ਮਾਤਾ ਜੀਪਾਸ ਇਜ਼ਹਾਰ ਕਰਦੇ
ਮਰਜੀ ਸਾਰਿਆਂ ਦੀ ਪੁਛ ਗਿਛ ਕਰਕੇ, 'ਹਾਂ' ਚਲਦੇ ਏਹ ਇਕਰਾਰ ਕਰਦੇ
ਨਾਹਨ ਜਾਣ ਦੇ ਲਈ ਕ੍ਰਤਾਰ ਸਿੰਘਾ, ਦੇ ਹੁਕਮ ਸਮਾਨ ਤਯਾਰ ਕਰਦੇ

ਆਨੰਦਪੁਰ ਤੋਂ ਸਤਿਗੁਰਾਂ ਨੇ ਨਾਹਨ ਜਾਣਾ

ਸਤਾਰਾਂ ਸੈ ਇਕਤਾਲੀਏਂ ਮਾਹ ਅੱਸੂ, ਸਤਿਗੁਰੂ ਜੀ ਤਯਾਰੀ ਵਜਾਂਵਦੇ ਨੇ

ਸਭ ਲੋੜਵੰਦਾਂ ਲੈ ਸਾਮਾਨ ਲਿਆ, ਬਾਕੀ ਇਕ ਥਾਂ ਜਮ੍ਹਾਂ ਕਰਾਂਵਦੇ ਨੇ
ਪੰਜ ਸੌ ਜੋਧਾ ਨਾਲ ਲੈ ਲਿਆ, ਬਾਕੀ ਪੁਰੀ ਆਨੰਦ ਦੀ ਟਿਕਾਂਵਦੇ ਨੇ
ਟੁਰ ਪਏ ਅਰਦਾਸ ਸੁਧਾ ਕਰਕੇ, ਸਾਰਾ ਨਾਲ ਪਰਵਾਰ ਚਲਾਂਵਦੇ ਨੇ
ਰਾਹ ਵਿਚ ਰਣਜੀਤ ਦੀ ਧੁਨਾਂ ਕਰਦੇ, ਕੀਰਤਪੁਰ ਜਾਕੇ ਡੇਰਾ ਲਾਂਵਦੇ ਨੇ
ਮਿਲ ਗਿਲ ਕੇ ਦਰਸ਼ ਦੀਦਾਰ ਕਰਕੇ, ਫਿਰ ਅਗੇ ਨੂੰ ਕੂਚ ਬੁਲਾਂਵਦੇ ਨੇ
ਚਲ ਰੋਪੜੋਂ ਲੰਘ ਦਰਯਾ ਤਾਈਂ, ਹੌਲੀ ਹੌਲੀ ਨਾਹਨ ਪਹੁੰਚ ਜਾਂਵਦੇ ਨੇ
ਰਾਜਾ ਅਗੋਂ ਵਾਲੀ ਖੁਸ਼ੀ ਧਾਰ ਮਿਲਯਾ, ਸੁਖਾ ਨੰਦ ਮਹਾਰਾਜ ਪੁਛਾਂਵਦੇ ਨੇ
ਸਵਾ ਸੌ ਰੁਪਯਾ ਤੇ ਇਕ ਘੋੜਾ, ਭੇਟ ਕਰ ਸੋਹਣੇ ਦਰਸ ਪਾਂਵਦੇ ਨੇ
ਰਾਜਧਾਨੀ ਦੇ ਪਾਸ ਜਾ ਉਤਰੇ ਜੀ, ਮਹਿਲੀਂ ਮਾਤਾ ਦੀ ਤਦੀ ਪੁਚਾਂਵਦੇ ਨੇ
ਰਾਜਾ ਰਾਣੀਆਂ ਤੇ ਹੋਰ ਲੋਕ ਸਾਰੇ, ਵੇਖ ਵੇਖ ਕੇ ਖੁਸ਼ੀ ਮਨਾਂਵਦੇ ਨੇ
ਜੇਠ ਹਾੜ ਦੇ ਦਿਨ ਕਰਤਾਰ ਸਿੰਘਾ, ਹਰੇ ਭਰੇ ਪਹਾੜ ਸੁਹਾਂਵਦੇ ਨੇ

ਵਾਕ ਕਵੀ

ਸਤਿਗੁਰ ਜੀ ਨਾਹਿਨ ਰਹਿਨ ਲਗੇ, ਖੁਸ਼ੀ ਵਗੇ ਪਹਾੜਾਂ ਦੀ ਲਹਿਰ ਸੋਹਣੀ
ਨੇੜੇ ਜਮਨਾ ਵਗਦੀ ਬੰਨ੍ਹ ਧਾਰਾ, ਉਚੇ ਨੀਵ ਥਾਂ ਜੰਗਲਾਂ ਸੈਰ ਸੋਹਣੀ
ਚਾਰੋਂ ਤਰਫ ਹੀ ਸਬਜੀਆਂ ਨਜ਼ਰ ਆਵਨ, ਜ਼ਿਮੀ ਫੱਬਦੀ ਧੂੜ ਬਗੈਰ ਸੋਹਣੀ
ਵਿਚ ਜੰਗਲਾਂ ਸ਼ੇਰ ਸ਼ਿਕਾਰ ਬਹੁਤਾ, ਖੜੀ ਚੀੜ ਦਯਾਰ ਤੇ ਖੈਰ ਸੋਹਣੀ
ਰਾਜਾ ਨਾਲ ਪ੍ਰੀਤ ਦੇ ਟਹਿਲ ਕਰਦਾ, ਨੀਯਤ ਉਸਦੀ ਸਾਫ ਨਿਰਵੈਰ ਸੋਹਣੀ
ਚਿਤ ਲਗ ਗਿਆ ਕਰਤਾਰ ਸਿੰਘਾ, ਧਰਤ ਹਰੀ ਭਰੀ ਪੈਰ[*] ਪੈਰ ਸੋਹਣੀ

ਗੜ੍ਹਵਾਲੀਏ, ਰਾਜੇ ਨੇ ਮੇਦਨੀ ਪ੍ਰਕਾਸ਼ ਦੇ ਦਬਾਏ ਹੋਏ ਪਿੰਡ ਛਡ ਦੇਣੇ

ਸਤਿਗੁਰਾਂ ਦਾ ਤੇਜ ਪ੍ਰਤਾਪ ਭਾਰਾ, ਆਨ ਵਿਚ ਪਹਾੜਾਂ ਦੇ ਜ਼ਾਹਰ ਹੋਯਾ
ਰਾਮਰਾਇ ਭੀ ਸੁਣਕੇ ਦਬ ਗਿਆ, ਗੜ੍ਹਵਾਲੀਆਂ ਸੁਣ ਲਾਚਾਰ ਹੋਯਾ

---

*ਪੈਰ ਇਕ ਜੰਗਲੀ ਦਰਖਤ ਦਾ ਨਾਮ ਹੈ।

ਆਪੇ ਪਿੰਡ ਦਬਾਏ ਹੋਏ ਛਡ ਗਿਆ, ਹਦ ਛਡ ਸਰਮੌਰ ਦੀ ਪਾਰ ਹੋਯਾ
ਹਥ ਉਤੇ ਹੋ ਗਿਆ ਕਰਤਾਰ ਸਿੰਘਾ, ਰਾਜਾ 'ਮੇਦਨੀ' ਖੁਸ਼ ਅਪਾਰ ਹੋਯਾ

### ਦੋਹਾਂ ਰਾਜਿਆਂ ਦੀ ਸੁਲ੍ਹਾ ਹੋਣੀ

ਫੇਰ ਭੇਜ ਮਾਮੇ ਕ੍ਰਿਪਾਲ ਜੀ ਨੂੰ, ਫਤੇ ਸ਼ਾਹ ਨੂੰ ਗਲ ਸਮਝਾ ਦਿਤੀ
ਤੁਸਾਂ ਖਟਨਾ ਕੀਹ ਫਸਾਦ ਵਿਚੋਂ, ਆਖ ਵੇਖ ਕੇ ਕਲ੍ਹਾਂ ਮਿਟਾ ਦਿਤੀ
ਦੋਹਾਂ ਧਿਰਾਂ ਤੋਂ ਕੌਲ ਇਕਰਾਰ ਲੈ ਕੇ, ਸਤਿਗੁਰਾਂ ਨੇ ਸੁਲ੍ਹਾ ਕਰਾ ਦਿਤੀ
ਦੋਵੇਂ ਸੇਵਕ ਹੋ ਗਏ ਕਰਤਾਰ ਸਿੰਘਾ, ਬਲੀ ਚਿਰਾਂ ਦੀ ਅਸ ਬੁਝਾ ਦਿਤੀ

### ਨਿਤ ਦੀ ਕਾਰ ਸੈਰ ਸ਼ਕਾਰ

ਪਹਿਲੇ ਪਹਿਰ ਹਮੇਸ਼ ਦੀਵਾਨ ਲਗੇ,ਰਾਗੀ ਆਸਾ ਦੀ ਵਾਰ ਉਚਾਰ ਕਰਦੇ
ਸਤਿਗੁਰਾ ਜੀ ਵਿਚ ਦੀਵਾਨ ਬਹਿੰਦੇ, ਆਣ ਆਣ ਕੇ ਲੋਕ ਦੀਦਾਰ ਕਰਦੇ
ਪਹਿਰ ਪਿਛਲੇ ਨਾਲ ਲੈ ਯੋਧਿਆਂ ਨੂੰ, ਵਿਚ ਜਗਲਾਂ ਸੈਰ ਸ਼ਿਕਾਰ ਕਰਦੇ
ਸ਼ੇਰ ਚਿਤਰੇ ਬਾਘ ਤੇ ਹਰਨ ਪਾਹੜੇ, ਹਥੀ ਮਾਰਕੇ ਭਵਜਲੋਂ ਪਾਰ ਕਰਦੇ
ਕਦੇ ਵੇਖ ਮੈਦਾਨ ਤੇ ਕਰਨ ਖੇਡਾਂ, ਕਦੇ ਜੰਗ ਸਖਾਈ ਦੀ ਕਾਰ ਕਰਦੇ
ਦਾਵ ਘਾਵ ਲੜਾਈ ਦੇ ਯੋਧਿਆਂ ਨੂੰ, ਹਥੀਂ ਆਪ ਸਖਾਲ ਹੁਸ਼ਯਾਰ ਕਰਦੇ
ਕਦੇ ਪਿਛਲੇ ਪਹਿਰ ਦੀਵਾਨ ਲਾ ਕੇ, ਸਿਖਾਂ ਸੇਵਕਾਂ ਨੂੰ ਖਬਰਦਾਰ ਕਰਦੇ
ਸੂਰਾਂ ਬੀਰਾਂ ਦੇ ਦਸਕੇ ਕਾਰਨਾਮੇ, ਮੁਰਦੇ ਦਿਲਾਂ ਨੂੰ ਤੇਜ ਤਰਾਰ ਕਰਦੇ
ਧਰਮ ਤੇ ਹੋ ਸ਼ਹੀਦ ਮਰਨਾ, ਸਦਾ ਏਹ ਉਪਦੇਸ਼ ਬਿਸਯਾਰ ਕਰਦੇ
ਕਿਸੇ ਵੇਲੇ ਦੇ ਲਈ ਕਰਤਾਰ ਸਿੰਘਾ, ਨਾਲੋਂ ਨਾਲ ਮਸਾਲਾ ਤਯਾਰ ਕਰਦੇ

### ਗੜ੍ਹ ਪਾਊਂਟੇ ਦੀ ਨੀਂਹ ਰਖਣੀ

ਵਡਾ ਵੇਖ ਪ੍ਰਤਾਪ ਸਤਿਗੁਰੂ ਜੀ ਦਾ, ਰਾਜੇ ਦਿਨੋ ਦਿਨ ਪ੍ਰੇਮ ਵਧਾ ਦਿਤਾ
ਚੰਗਾ ਸੋਹਣਾ ਥਾਂ ਵੇਖਕੇ ਗੁਰੂ ਜੀ ਤੋਂ, ਇਕ ਗੜ੍ਹ ਦਾ ਝੰਡਾ ਗਡਾ ਦਿਤਾ

ਦੇਸੀ ਆਦਮੀ ਲਾ ਕੇ ਬਹੁਤ ਸਾਰੇ, ਕਿਲ੍ਹਾ ਪੱਥਰਾਂ ਦਾ ਚਿਣਵਾ ਦਿਤਾ
ਚੰਗਾ ਤਕੜਾ ਗੜ੍ਹ ਤਯਾਰ ਕੀਤਾ, ਵਿਚ ਖਾਸ ਮਹਲ ਬਣਵਾ ਦਿਤਾ


# ਸੱਜਣੋ

ਜੇ ਆਪ ਦਸਮ ਪਿਤਾ ਜੀ ਦੇ ਭੇਜੇ ਹੋਏ ਜਰਨੈਲ ਬਾਬਾ ਬੰਦਾ ਬਹਾਦਰ ਜੀ ਦੇ ਕਾਰਨਾਮੇ ਪੜ੍ਹਨਾ ਚਾਹੋ ਜੇ ਆਪ ਜ਼ਾਲਮਾਂ ਨੂੰ ਉਨ੍ਹਾਂ ਦੇ ਜ਼ੁਲਮ ਦੀ ਸਜ਼ਾ ਭੁਗਦੇ ਵੇਖਣਾ ਚਾਹੋ, ਜੇ ਆਪ ਸਾਹਿਬਜ਼ਾਦਿਆਂ ਦੇ ਵੈਰ ਲੈਣ ਦੇ ਹਾਲਾਤ ਮਲੂਮ ਕਰਨਾ ਚਾਹੋਂ, ਜੇ ਆਪ ਢੱਠੇ ਹੋਏ ਦਿਲਾਂ ਵਿਚ ਸੂਰਬੀਰਤਾ ਭਰਨੀ ਲੋੜਦੇ ਹੋ, ਜੇ ਆਪ ਨੂੰ ਰਾਜਨੀਤਕ ਚਾਲਾਂ ਤੋਂ ਜਾਣੂ ਹੋਣ ਦੀ ਇੱਛਾ ਹੋਵੇ ਤਾਂ ਅਜ ਹੀ ਭਾਈ ਕਰਤਾਰ ਸਿੰਘ ਜੀ ਗਿਆਨੀ ਕਲਾਸਵਾਲੀਏ ਰਚਿਤ ਗ੍ਰੰਥ

## ਬਾਬਾ ਬੰਦਾ ਬਹਾਦੁਰ

ਮੰਗਵਾਕੇ ਪੜ੍ਹੋ ।

ਇਸ ਗ੍ਰੰਥ ਵਿਚ ਕਈਆਂ ਘਟਨਾਵਾਂ ਬਾਰੇ ਰੰਗੀਨ ਤਸਵੀਰਾਂ ਦਿਤੀਆਂ ਹੋਈਆਂ ਹਨ। ਅਤੇ ਇਸਦੀ ਦਿਕੀਦੀ' ਐਡੀਸ਼ਨ ਛਪਕੇ ਤਿਆਰ ਹੈ ਮੰਗਵਾ ਕੇ ਪੜ੍ਹੋ ਅਸਲੀ ਪੁਸਤਕ ਦੀ ਪਛਾਣ ਲਈ ਸਾਡਾ ਹੇਠ ਲਿਖਿਆ ਪਤਾ ਪੜ੍ਹ ਲਵੋ ਤੇ ਨਕਲੀ ਗ੍ਰੰਥਾਂ ਦੇ ਧੋਖੇ ਤੋਂ ਬਚੋ। ਭੇਟਾ ਸਜਿਲਦ ਸਣੇ ੬੦) ਰੁਪੈ

**ਪਤਾ:—ਭਾਈ ਚਤਰ ਸਿੰਘ ਜੀਵਨ ਸਿੰਘ**

**ਪੁਸਤਕਾਂ ਛਾਪਣ ਤੇ ਵੇਚਣ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**

ਸਤਿਗੁਰਾਂ ਨੇ ਪਾਉਂਟਾ ਨਾਮ ਧਰਿਆ, ਯਾਦ ਸਦਾ ਦੇ ਲਈ ਰਖਵਾ ਦਿਤਾ
ਵਸੋਂ ਹੋ ਗਈ ਫੇਰ ਕਰਤਾਰ ਸਿੰਘਾ, ਝਟ ਰੌਣਕਾਂ ਤਈਂ ਵਧਾ ਦਿਤਾ

ਸੰਗਤਾਂ ਦੀ ਆਵਾਜਾਈ

ਸਤਿਗੁਰੂ ਜੀ ਪਾਉਂਟੇ ਟਿਕ ਗਏ, ਨਿਤ ਜੰਜ ਅਭਯਾਸ ਵਧਾਉਣ ਲਗੇ
ਹੋਈਆਂ ਖਬਰਾਂ ਸੰਗਤਾਂ ਵਿਚ ਸਾਰੇ, ਬਣ ਬਣ ਸਿਖ ਟੋਲੇ ਆਉਣ ਲਗੇ
ਘੋੜੇ ਜ਼ੇਵਰ ਨਕਦ ਹਥਯਾਰ ਬਹੁਤੇ, ਲਿਆ ਲਿਆ ਪ੍ਰੇਮੀ ਝੜਾਉਣ ਲਗੇ
ਬਹੁਤ ਮਾਯਾ ਦਾ ਚਲ ਪਰਵਾਹ ਪਿਆ, ਅੰਨ ਦਾਣੇ ਭੀ ਸਿਖ ਲਿਔਣ ਲਗੇ
ਰਾਤ ਦਿਨੇ ਰਹੇ ਲੰਗਰ ਚਲਦਾ ਜੀ, ਸੈ ਗਰੀਬ ਗੁਰਬੇ ਵਰੋਸਾਉਣ ਲਗੇ
ਆਣ ਅੰਨ ਤੇ ਨਾਮ ਦਾ ਜਗ ਲਗਾ, ਮਨੋਂ ਕਾਮਨਾ ਸਭ ਹੀ ਪਾਉਣ ਲਗੇ
ਸੈ ਆਂਵਦੇ ਤੇ ਸੈ ਜਾਂਵਦੇ ਜੀ, ਕਈ ਪਾਉਂਟੇ ਘਰ ਬਨਾਉਣ ਲਗੇ
ਵਡਾ ਵੇਖ ਪ੍ਰਤਾਪ ਕਰਤਾਰ ਸਿੰਘਾ, ਰਾਜੇ ਰਾਣੇ ਆ ਸੀਸ ਝੁਕਾਉਣ ਲਗੇ

---


## ਦਸਗੁਰ ਦਰਸ਼ਨ

ਬਹੁਤ ਸੁੰਦਰ ਰਸਭਿੰਨੀ ਕਵਿਤਾ ਬੈਂਤਾਂ ਵਿਚ ਇਹ ਪੁਸਤਕ
ਸ੍ਰੀ ਬਰਕਤ ਸਿੰਘ ਜੀ ਆਨੰਦ ਦੀ ਰਚਿਤ ਹੈ
ਜਿਸ ਨੂੰ ਪੜ੍ਹ ਕੇ ਚਿਤ ਆਨੰਦ ਭਰਪੂਰ ਹੋ
ਜਾਂਦਾ ਹੈ। ਦਸਾਂ ਗੁਰਾਂ ਸਾਹਿਬਾਂ ਦੇ
੫੦ ਪ੍ਰਸੰਗ ਇਸ ਵਿਚ ਦਰਜ
ਹਨ। ਮੁਲ ੨੫-੦੦ ਰੁਪਏ
ਡਾਕ ਖਰਚ ਵਖਰਾ
ਮੰਗਵਾਉਣ ਦਾ ਪਤਾ :-
ਭਾਈ ਚਤਰ ਸਿੰਘ ਜੀਵਨ ਸਿੰਘ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ।

ਰਾਮਰਾਇ ਜੀ ਦਾ ਮਿਲਾਪ

ਸਤਿਗੁਰਾਂ ਦਾ ਸੁਨ ਪ੍ਰਤਾਪ ਵਡਾ, ਰਾਮਰਾਇ ਭੀ ਹੇਠ ਦਬਾਯਿ ਆਯਾ
ਸਤਾਰਾਂ ਸੈ ਬਤਾਲੀ ਵਿਸਾਖ ਨੂੰ ਜੀ, ਮਿਲਨ ਗੁਰੂ ਜੀ ਨੂੰ ਰਾਮਰਾਇ ਆਯਾ
ਸੈਰ ਨਦੀ ਦੀ ਕਰਦਿਆਂ ਮੇਲ ਹੋਯਾ, ਚਰਨ ਫੜੇ ਸੀ ਮਾਨ ਭੁਲਾਇ ਆਯਾ
ਗਿਆ ਵੈਰ ਵਿਰੋਧ ਕਰਤਾਰ ਸਿੰਘਾ, ਲਾਂਦੇ ਕੰਠ ਜੋ, ਗੁਰ ਸ਼ਰਨਾਇ ਆਯਾ

ਪੀਰ ਬੁਧੂਸ਼ਾਹ ਸਢੌਰੇ ਵਾਲੇ ਦਾ ਮਿਲਾਪ

ਦੂਰ ਨੇੜੇ ਸਾਰੇ ਜੱਸ ਗੁਰੂ ਜੀ ਦਾ, ਵਡਾ ਫੈਲਿਆ ਤੇ ਭੇ ਸਾਰਿਆਂ ਨੂੰ

---

ਨੋਟ—ਪੋਥੀਆਂ ਵਿਚ ਲਿਖਿਆ ਹੈ ਕਿ ਬਹਿਲੋ ਦੇ ਪੋਤਰੇ ਗੁਰਦਾਸ ਤੇ ਹੋਰ ਹੰਕਾਰੀ ਮਸੰਦਾਂ ਨੇ ਬੜਾ ਕਿ ਤੂੰ ਦਸਵੇਂ ਪਾਤਸ਼ਾਹ ਨਾਲ ਨ ਮਿਲ ਕਿਉਂ ਮਤਾਂ ਕਿਤੇ ਪਿਛਲਾ ਵੈਰ ਚਤਾਰ ਕੇ ਜੋ ਤੂੰ ਗੁਰੂ ਹਰਿਕ੍ਰਿਸ਼ਨ ਤੇ ਗੁਰੂ ਤੇਗ ਬਹਾਦਰ ਜੀ ਨੂੰ ਦਿਲੀ ਮੰਗਵਾ ਕੇ ਤਕਲੀਫ ਦਿਤੀ ਹੈ ਤੈਨੂੰ ਫੜ ਲੈਣ, ਪਰ ਰਾਮਰਾਇ ਜੀ ਨੇ ਉਹਨਾਂ ਦਾ ਆਖਾ ਨ ਮੰਨਿਆ, ਕਿਉਂਕਿ ਜਾਦੋਰਾਇ ਮਸੰਦ ਪਾਉਂਟੇ ਆਕੇ ਦੇਖ ਗਿਆ ਸੀ ਕਿ ਗੁਰੂ ਜੀ ਦੇ ਦਿਲ ਵਿਚ ਕਿਸੇ ਨਾਲ ਰਾਧ ਦੇਖ ਨਹੀਂ ਹੈ, ਪਰ ਫੇਰ ਭੀ ਮਸੰਦਾਂ ਨੇ ਪਾਉਂਟਿਓਂ ਬਾਹਰ ਮੇਲ ਹੋਣਾ ਠਹਿਰਾਯਾ। ਜਦ ਜਮਨਾ ਕਿਨਾਰੇ ਦਸਮੇਸ਼ ਜੀ ਦਾ ਸੁੰਦਰ ਰੂਪ ਚੜ੍ਹਦੀ ਕਲਾ ਤੇ ਹਸਮੁਖਾ ਸੁਭਾਵ ਦੇਖਯਾ ਤਾਂ ਰਾਮਰਾਇ ਮੋਹਤ ਹੋ ਗਿਆ ਤੇ ਫੇਰ ਇਕਠੇ ਕਿਸ਼ਤੀ ਵਿਚ ਕੱਠੇ ਹੋ ਬੈਠੇ ਤੇ ਰਾਮਰਾਇ ਜੀ ਨੇ ਇਕ ਅਮੋਲਕ ਮੋਤੀਆਂ ਦੀ ਮਾਲਾ ਭੇਟ ਕੀਤੀ ਤੇ ਹੋਰ ਕਈ ਤਰ੍ਹਾਂ ਦੀਆਂ ਗਲਾਂ ਬਾਤਾਂ ਕੀਤੀਆਂ, ਜਦ ਤਕ ਗੁਰੂ ਜੀ ਤੇ ਰਾਮਰਾਇ ਕਿਸ਼ਤੀ ਵਿਚ ਸੈਰ ਕਰਦੇ ਰਹੇ, ਤਦ ਤਕ ਰਾਮਰਾਇ ਦੇ ਸਿਖ ਤੇ ਮਸੰਦ ਕੁੜਾ ਵਲ ਪਿਠ ਦੇ ਕੇ ਖਲੋਤੇ ਰਹੇ ਤੇ ਗੁਰੂ ਜੀ ਦੇ ਸਿਖ ਦੋਹਾਂ ਦੇ ਦੀਦਾਰੇ ਕਰਕੇ ਖੁਸ਼ ਹੁੰਦੇ ਰਹੇ। ਇਹ ਵੇਖਕੇ ਸਤਿਗੁਰਾਂ ਨੇ ਆਖਿਆ ਰਾਮਰਾਇ ਜੀ ਤੇਰੀ ਸੰਗਤ ਬੜੀ ਦੋਰਖਾ ਵਾਲੀ ਹੈ, ਇਹ ਕੁਤਨੀ ਸੰਗਤ ਅਖਵਾਏਗੀ। ਫੇਰ ਮਿਲ ਗਿਲ ਕੇ ਗੁਰੂ ਜੀ ਰਾਮਰਾਇ ਜੀ ਨੂੰ ਪਾਰ ਛਡਣ ਗਏ ਤਾਂ ਗੁਰਦਾਸ ਮਸੰਦ ਨੇ ਮਖੌਲੀਆ ਟੋਕਿਆ, ਗੁਰੂ ਜੀ ਨੂੰ ਆਖਿਆ ਸੁਣਾ ਤਾਰੀ ਗੁਰਦਾਸ ਕਿਥੇ ਹੈ ਤੇਰਾ ਤਾਰੀ ਤਾਰਾ, ਜਿਨ੍ਹਾਂਦਿਆਂ ਤੀਰਾਂ ਅਗੇ ਤੂੰ ਆਖਦਾ ਸੀ ਗੁਰੂ ਦੀ ਕੀ ਮਜਾਲ ਹੈ ਟਿਕ ਜਾਏ। ਬੁਲਾ ਖਾਂ—ਉਸ ਦਾ ਹਥ ਵੇਖੀਏ ਗੁਰਦਾਸ ਸ਼ਰਮਿੰਦਾ ਹੋ ਗਿਆ, ਉਪਰੰਤ ਸ੍ਰੀ ਗੁਰੂ ਜੀ ਉਰਾਰ ਵਾਪਸ ਚਲੇ ਆਏ।

ਓਹਨੀਂ ਦਿਨੀਂ ਹੀ ਪੀਰ ਸਢੌਰੇ ਵਾਲਾ, ਕਰਦਾ ਪੀਰੀ ਮੁਰੀਦੀ ਦੇ ਕਾਰਿਆਂ ਨੂੰ
ਉਤਾਂ ਸੈਰ ਪਹਾੜਾਂ ਦੀ ਚੜ੍ਹ ਆਯਾ, ਅਗੇ ਵੇਖਯਾ ਹੋਰ ਨਜ਼ਾਰਿਆ ਨੂੰ
ਸਤਿਗੁਰਾਂ ਦਾ ਸੁਣਿਆਂ ਜੱਸ ਭਾਰਾ, ਆਯਾ ਚਲ ਓਹ ਕਰਨ ਦੀਦਾਰਿਆਂ ਨੂੰ
ਸੋਹਣਾ ਰੂਪ ਤੇ ਤੇਜ ਪ੍ਰਤਾਪ ਮੱਥੇ, ਜਿਵੇਂ ਸੂਰਜ ਦੇ ਲਿਸ਼ਕਾਰਿਆਂ ਨੂੰ
ਪੀਰ ਮਿਲਯਾ ਆਨ ਕਰਤਾਰ ਸਿੰਘਾ, ਪਯਾਰੇ ਮਿਲਦੇ ਜਿਵੇਂ ਪਿਆਰਿਆਂ ਨੂੰ

ਤਥਾ

ਰਬੀ ਨੂਰ ਦਾ ਭਰਿਆ-ਵੇਖ ਚੇਹਰਾ, ਪੀਰ ਬੁਧੂਸਾਹ ਦਿਲ ਤੋਂ ਦੰਗ ਰਿਹਾ
ਸਾਰਾ ਆਪਣਾ ਭੁਲ ਗੁਮਾਨ ਗਿਆ ਤੇਜ ਗੁਰੂ ਜੀ ਦਾ ਵੇਖ ਸੰਗ ਰਿਹਾ
ਮਾਹਰਫਤ ਦੇ ਪੁਛ ਸਵਾਲ ਕਈ, ਮਨ ਵਿਚ ਪ੍ਰੇਮ ਦੇ ਰੰਗ ਰਿਹਾ
ਹੋ ਕੇ ਸ਼ਰਧਾਵਾਨ ਕਰਤਾਰ ਸਿੰਘਾ, ਦੇਸ ਆਪਣੇ ਨੂੰ ਖੁਸ਼ੀ ਮੰਗ ਰਿਹਾ

ਦੋਹਾਂ ਰਾਜਿਆਂ ਦੇ ਘਰ ਲੜਕੇ ਪੈਦਾ ਹੋਣੇ

ਸਤਾਰਾਂ ਸੌ ਬਤਾਲੀਏਂ ਮਾਹ ਅਸੂ, ਰਾਜੇ ਮੇਦਨੀ ਦੇ ਘਰ ਬਾਲ ਹੋਯਾ
ਅੱਗੇ ਰਾਜੇ ਘਰ ਔਲਾਦ ਨ ਸੀ, ਖੁਸ਼ੀ ਗੁਰਾਂ ਦੀ ਲੈ ਨਿਹਾਲ ਹੋਯਾ
ਓਧਰ ਫਤੇਸ਼ਾਹ ਘਰ ਭੀ ਪੁਤ ਹੋਯਾ ਸਮਾਂ ਖੁਸ਼ੀ ਦਾ ਏਹ ਬਸਾਲ ਹੋਯਾ
ਦੋਹਾਂ ਰਾਜਿਆਂ ਤਾਈਂ ਕਰਤਾਰ ਸਿੰਘਾ, ਉਤੇ ਗੁਰਾਂ ਯਕੀਨ ਕਮਾਲ ਹੋਯਾ

ਸਤਿਗੁਰਾਂ ਦੀ ਨਿੱਤ ਦੀ ਕਾਰ

ਦੂਰ ਦੂਰ ਤੋਂ ਸੰਗਤਾਂ ਆਉਣ ਟੁਰੀਆਂ, ਗੁਰ ਸਭ ਦੀ ਆਸ ਪੁਜਾਈ ਕਰਦੇ
ਲੰਗਰ ਰਾਤ ਦਿਨ ਰਹੇ ਵਰਤਦਾ ਜੀ, ਸਰਫਾ ਖਰਚਦਾ ਗੁਰ ਨ ਕਾਈ ਕਰਦੇ
ਸੌਮੇ ਵਾਂਗ ਮਾਯਾ ਨਿੱਤ ਚਲੀ ਆਵੇ, ਓਸੇ ਤਰ੍ਹਾਂ ਹੀ ਖਰਚ ਖੁਚਾਈ ਕਰਦੇ
ਸੂਰਬੀਰ ਜੋ ਆਂਵਦਾ ਰੱਖ ਲੈਂਦੇ, ਯੋਧਾ ਵੇਖ ਕੇ ਕਦਰ ਸਵਾਈ ਕਰਦੇ
ਲਿਔਣ ਸੰਗਤਾਂ ਘੋੜੇ ਹਥਯਾਰ ਚੰਗੇ, ਖੁਸ਼ ਹੋਂਵਦੇ, ਬੜੀ ਵਡਿਆਈ ਕਰਦੇ
ਦੋਨੋਂ ਵਕਤ ਹੀ ਸਦਾ ਦੀਵਾਨ ਲੱਗੇ, ਵਖੋ ਵਖਰੀ ਇਉਂ ਕਾਰਵਾਈ ਕਰਦੇ
ਦਿਨੇ ਕੀਰਤਨ ਨਾਮ ਉਪਦੇਸ਼ ਦੇਂਦੇ, ਭਗਤੀ ਪ੍ਰੇਮ ਦੀ ਸਦਾ ਦ੍ਰਿੜਾਈ ਕਰਦੇ
ਪਹਿਰ ਪਿਛਲੇ ਜੰਗ ਦੀ ਕਾਰਵਾਈ, ਬੀਰ ਰਸ ਦੀ ਨਿਰੀ ਸਿਖਲਾਈ ਕਰਦੇ
ਢਾਡੀ ਵਿਚ ਦੀਵਾਨ ਦੇ ਲਾਉਣ ਵਾਰਾਂ, ਚਿਤ ਜੰਗ ਉਮੰਗ ਚੜ੍ਹਾਈ ਕਰਦੇ

ਕਾਰਨਾਮੇ ਬਹਾਦਰਾਂ ਯੋਧਿਆਂ ਦੇ, ਆਪ ਮੂੰਹੋਂ ਉਚਾਰ ਸੁਨਾਈ ਕਰਦੇ
ਫੇਰ ਬਾਹਰ ਲਵਾ ਅਖਾੜਿਆਂ ਨੂੰ, ਸ਼ਸਤ੍ਰ ਵਿਦਯਾ ਦੀ ਪਕਿਆਈ ਕਰਦੇ
ਤੀਰ, ਗੋਲੀ, ਨੇਜ਼ਾ ਬਾਜ਼ੀ, ਗਤਕੇ ਜੀ, ਤੇ ਰੁਕਾਵਟਾਂ ਘੋੜੇ ਕੁਦਾਈ ਕਰਦੇ
ਮੋਈਆਂ ਰੂਹਾਂ ਨੂੰ ਜਿੰਦਿਆਂ ਕਰਨ ਲਈ, ਜੰਗ ਢੰਗ ਦੀ ਖੇਡ ਖਡਾਈ ਕਰਦੇ
ਦਾਉ ਘਾਉ ਲੜਾਈ ਦੇ ਢੰਗ ਨਵੇਂ ਸੋਚਾਂ ਸੋਚਦੇ ਅਕਲ ਦੁੜਾਈ ਕਰਦੇ
ਜਿਵੇਂ ਜੰਗ ਦਾ ਸ਼ੌਕ ਵਧਾਂਵਦ ਸਨ, ਓਸੇ ਤਰ੍ਹਾਂ ਵਿੱਦਯਾ ਦੀ ਪੜ੍ਹਈ ਕਰਦੇ
ਰਾਜਨੀਤ ਤ ਭਗਤੀ ਕਰਤਾਰ ਸਿੰਘਾ, ਤੀਜੀ ਵਿਦਿਆ ਦੀ ਪੁਖਤਾਈ ਕਰਦੇ

ਪਠਾਨ ਨੌਕਰ ਰੱਖੇ

ਪਿੰਡ ਦਾਮਲੇ ਦੇ ਆਹੇ ਰਹਿਣ ਵਾਲੇ, ਖਾਨ ਪੰਜ ਪਠਾਨ ਸਰਦਾਰ ਸਾਰੇ
ਕਾਲੇ ਖਾਂ ਨਜਾਬਤ ਖਾਂ ਦੂਜਾ, ਭੀਖਣ ਖਾਂ ਹਯਾਤ ਖਾਂ ਚਾਰ ਸਾਰੇ
ਉਮਰ ਖਾਂ ਸੀ ਪੰਜਵਾਂ ਨਾਲ ਰਲਿਆ, ਚੰਗੇ ਸੂਰਮੇ ਤਿਆਰ ਬਰ ਤਯਾਰ ਸਾਰੇ
ਪੰਜ ਸੌ ਪਠਾਨ ਜਵਾਨ ਬਾਂਕੇ, ਸ਼ਸਤ੍ਰ ਵਿਦਯਾ ਤਜਰਬੇਕਾਰ ਸਾਰੇ
ਬਾਦਸ਼ਾਹ ਕਿਸੇ ਗੱਲੋਂ ਖਫਾ ਹੋ ਕੇ, ਕਢ ਛਡੇ ਸੀ ਫੌਜ ਤੋਂ ਬਾਹਰ ਸਾਰੇ
ਕੋਈ ਡਰਦਾ ਉਨ੍ਹਾਂ ਨੂੰ ਰਖਦਾ ਨ, ਤੰਗ ਪਏ ਸਨ ਬੇਰੁਜ਼ਗਾਰ ਸਾਰੇ
ਬੁਧੂ ਸ਼ਾਹ ਦੇ ਉਹ ਮੁਰੀਦ ਆਹੇ, ਹੋਏ ਓਸ ਅੱਗੇ ਮਿਨਤਦਾਰ ਸਾਰੇ
ਓਹ ਗੁਰੂ ਜੀ ਦੇ ਪਾਸ ਲੈ ਆਯਾ, ਕਿਤੇ ਖੜੇ ਆ ਵਿਚ ਦਰਬਾਰ ਸਾਰੇ
ਕਹੇ ਪੀਰ ਦੇ ਗੁਰਾਂ ਨੇ ਰਖ ਲਏ, ਤਲਬਾਂ ਦਿਤਿਆਂ ਜਿਉਂ ਦਰਕਾਰ ਸਾਰੇ
ਰੋਜ ਪੰਜ ਰੁਪਏ ਸਰਦਾਰ ਦੇ ਜੀ, ਇਕ ਦਮੜਾ ਲੈਨ ਅਸਵਾਰ ਸਾਰੇ
ਸਤਿਗੁਰਾਂ ਨੂੰ ਤਦੋਂ ਲੋੜ ਹੈਸੀ, ਮਿਲੇ ਸਿਖੇ ਸਿਖਾਏ ਹੁਸ਼ਯਾਰ ਸਾਰੇ
ਏ ਕੰਮ ਨ ਮੂਲ ਕਰਤਾਰ ਸਿੰਘਾ, ਕਾਲੇ ਦਿਲਾਂ ਵਾਲੇ ਬਦਕਾਰ ਸਾਰੇ

ਵਿੱਦਿਆ ਦਾ ਪਰਚਾਰ

ਜਵੇਂ ਸ਼ਸਤ੍ਰਾਂ ਦਾ ਵਡਾ ਸ਼ੌਕ ਹੈਸੀ, ਤਿਵੇਂ ਵਿਦਯਾ ਨਾਲ ਪਿਆਰ ਕਰਦੇ
ਸ਼ਸਤ੍ਰ ਸ਼ਾਸਤ੍ਰ ਕੌਮ ਦੀ ਜਿੰਦਗੀ ਨੇ, ਏਸ ਗਲ ਦਾ ਚੰਗਾ ਵਿਚਾਰ ਕਰਦੇ
ਪੰਛੀ ਉਡਦਾ ਪਰ ਜੇ ਹੋਣ ਦੋਵੇਂ, ਇਹੋ ਸੋਚ ਵਿਦਯਾ ਪਰਚਾਰ ਕਰਦੇ
ਵੇਲ ਫੁਲ਼ਕੇ ਮਿਲੇ ਜਦੋਂ ਪੜੇ ਸਾਰੇ, ਇਹ ਤਾਕੀਦ ਪਕੀ ਇਕਸਾਰ ਕਰਦੇ

ਬਿਨਾਂ ਗੁਰਮੁਖੀ ਪੜੇ ਨ ਵਿਚ ਡੇਰੇ, ਦੋਂਦੇ ਰਹਿਨ ਪੜਤਾਲ ਕਈ ਵਾਰ ਕਰਦੇ
ਫੇਰ ਸਦ ਪੰਡਿਤ ਰਘੁਨਾਥ ਤਾਈਂ, ਓਹਨੂੰ ਆਗਯਾ ਏਹ ਉਚਾਰ ਕਰਦੇ
ਸੰਸਕ੍ਰਿਤ ਪੜ੍ਹਾ ਤੂੰ ਸਿਖਾਂ ਤਾਈਂ, ਨਾਲੇ ਆਪ ਭੀ ਮੇਹਨਤ ਅਪਾਰ ਕਰਦੇ
ਦਾਹਮਣ ਕਿਵੇਂ ਪੜ੍ਹਾਏ ਕਰਤਾਰ ਸਿੰਘਾ, ਓਹ ਤਾਂ ਪੁਜਕੇ ਦਿਲਤੋਂ ਖਾਰ ਕਰਦੇ

ਰਘੁਨਾਥ ਪੰਡਿਤ

ਚੁਣ ਚੁਣ ਕੇ ਸਿਖ ਹੁਸ਼ਿਆਰ ਚੰਗੇ, ਪੜ੍ਹਨ ਉਨਾਂ ਦੇ ਤਈਂ ਬਠਾਯਾ ਜੀ
ਇਕ ਦਿਨ ਬ੍ਰਾਹਮਣ ਨੇ ਸਾਰਿਆਂ ਨੂੰ, ਜਾਤ ਗੋਤ ਦਸੋ ਫੁਰਮਾਯਾ ਜੀ
ਨਾਈ, ਝੀਊਰ ਤ੍ਰਖਾਨ ਤੇ ਜਟ ਛੀਂਬੇ, ਇਹ ਸਾਰਿਆਂ ਆਖ ਸੁਨਾਯਾ ਜੀ
ਓਸੇ ਵੇਲੇ ਹੀ ਬਾਹਮਣ ਨੇ ਵਟ ਘੱਤਾ, ਸਿਖਾਂ ਪੜਦਿਆਂ ਤਈਂ ਹਟਾਯਾ ਜੀ
ਸਤਿਗੁਰਾਂ ਤਾਈਂ ਓਹਨਾਂ ਖਬਰ ਦਿਤੀ, ਏਹ ਪੜ੍ਹਾਂਵਦਾਂ ਨਹੀਂ ਜਤਾਯਾ ਜੀ
ਜਦ ਪੁਛਿਆ ਗੁਰਾਂ ਪੜ੍ਹਾਉਂਦੇ ਨਹੀਂ, ਅਗੋਂ ਪੰਡਿਤ ਸੁਖਨ ਅਲਾਯਾ ਜੀ
ਤੁਹਾਡੇ ਸਿਖ ਬਹੁਤੇ ਵਿਚ ਹੈਨ ਸ਼ੂਦਰ, ਸ਼ਾਸਤ੍ਰ ਇਨ੍ਹਾਂ ਨ ਪੜ੍ਹਨਾ ਆਯਾ ਜੀ
ਪੜ੍ਹਨਾ ਸ਼ੂਦਰਾ ਦਾ ਅਧਿਕਾਰ ਨਾਹੀਂ *ਮੈਨੂੰ ਧਰਮ ਸ਼ਾਸਤ੍ਰ ਫਰਮਾਯਾ ਜੀ
ਸਿਖਾਂ ਤਾਈਂ ਪੜ੍ਹਾਣੋਂ ਇਨਕਾਰ ਕੀਤਾ, ਭਾਵੇਂ ਗੁਰਾਂ ਨੇ ਬਹੁਤ ਸਮਝਾਯਾ ਜੀ
ਓਹਦਾ ਵੇਖ ਹੰਕਾਰ ਕਰਤਾਰ ਸਿੰਘਾ, ਸਤਿਗੁਰਾਂ ਸਰਾਪ ਸੁਨਾਯਾ ਜੀ

---

*੧ਬ੍ਰਾਹਮਣ—ਸੂਦਰ ਨੂੰ ਮੱਤੀ ਨ ਦੇਵੇ, ਹੋਮ ਤੋਂ ਬਚਿਆ ਹੋਇਆ ਅੰਨ ਨ ਦੇਵੇ, ਅੰਰ ਸੂਦਰ ਨੂੰ ਧਰਮ ਦਾ ਉਪਦੇਸ਼ ਨ ਦੇਵੇ ॥ ਮਨੂ: ਅ: ੪, ਸ਼: ੧੦ ॥

੨—ਕਪਲਾ ਗਊ ਦਾ ਦੁਧ ਪੀਣ ਕਰਕੇ ਅੰਰ ਵੇਦ ਦਾ ਅੱਖਰ ਵਿਚਾਰਨ ਨਾਲ ਸੂਦਰ ਨੂੰ ਜ਼ਰੂਰ ਨਰਕ ਹੁੰਦਾ ਹੈ ॥ ਪਰਾਸਤ ਸੰਹਿਤਾ ਅ: ੧ ॥

੩—ਸੂਦਰ ਨੂੰ ਅਕਲ ਨ ਸਿਖਾਵੇ। ਧਰਮ ਦਾ ਉਪਦੇਸ਼ ਨ ਕਰੇ। ਅੰਰ ਬ੍ਰਤ ਆਦਿਕ ਨਾ ਦੱਸੇ ਜੋ ਸੂਦਰ ਨੂੰ ਏਹ ਗੱਲਾਂ ਸਿਖਾਉਂਦਾ ਹੈ-ਓਹ ਬ੍ਰਹਮਣ ਸੂਦਰ ਸਮੇਤ ਅਨੇਰ ਘੁਪ ਨਰਕ ਵਿਚ ਜਾ ਪੈਂਦਾ ਹੈ। ਵਸ਼ਿਸ਼ਟ ਸੰਹਿਤਾ ਅ: ॥

ਨੋਟ-ਧੰਨਸ਼ ਸ੍ਰੀ ਗੁਰੂ ਨਾਨਕ ਦੇਵ ਜੀ ਜਿਹਨਾ ਸੂਦਰਾਂ ਵਿਚਾਰਿਆਂ ਨੂੰ ਭੀ ਵਿਦਯਾ ਤੇ ਮੁਕਤੀ ਦੇ ਹਕਦਾਰ ਕਰ ਦਿਤਾ ਅਤੇ ਉਹ ਨੀਚਤਾ ਕਰਮਾਂ ਦੇ ਸਿਰ ਰਖ ਕੇ ਜਾਤੀ ਅਭਿਮਾਨ ਗਵਾ ਦਿਤਾ। ਜੇ ਸੂਦਰਾਂ ਤਰਾਵਾਂ ਨੂੰ ਤਾਂ ਹੋਰ ਸਤਨਾਂ ਪਾਸਿਆਂ ਦੀ ਆਸ ਛਡਕੇ ਸ੍ਰੀ ਕਲਗੀਧਰ ਜੀ ਦੀ ਸਰਨ ਲੈ ਉੱਚ ਪਦਵੀ ਖਾਲਸਾ ਮਤ ਧਾਰਨ ਅਵਸ਼ ਕਰਨਾ ਚਾਹੀਦਾ ਹੈ।

ਸੁਣੋ ਮਿਸ਼ਰ ਜੀ ਜਾਤੀ ਗੁਮਾਨ ਤੁਹਾਡੇ,ਸਮਾਂ ਆਉਂਦਾ ਸੁ ਮੁਢੋਂ ਦੂਰ ਹੋਸਨ
ਹੋਰ ਨੀਚ ਅਸੀਂ ਉਚੇ ਸਾਰਿਆਂ ਤੋਂ, ਏਹ ਮਾਨ ਮਗਰੂਰ ਸਭ ਚੂਰ ਹੋਸਨ
ਜਿਨ੍ਹਾਂ ਤਾਈਂ ਗਵਾਰ ਤੇ ਕਹੋ ਸ਼ੂਦਰ, ਏਹ ਵਿਦਯਾ ਵਿਚ ਭਰਪੂਰ ਹੋਸਨ
ਤੁਸੀਂ ਇਨਾਂ ਤੋਂ ਪੜ੍ਹੋਗੇ ਕਢ ਤਰਲੇ, ਤੁਹਾਡੇ ਏਹ ਹੀ ਗੁਰੂ ਜਰੂਰ ਹੋਸਨ
ਢੱਗੇ ਕੁਟ ਕੇ ਤੁਸਾਂ ਗੁਜ਼ਾਰੇ ਕਰਨੇ, ਏਹ ਸਰਦਾਰ ਤੇ ਦ੍ਵਿਜ ਮਜ਼ਦੂਰ ਹੋਸਨ
ਸਾਰੇ ਬੇਦ ਸ਼ਾਸਤ੍ਰ ਏਹਨਾਂ ਘੋਖਣੇ ਨੇ, ਦ੍ਵਿਜ ਦਿਨੋਂ ਦਿਨ ਬੇ ਸਊਰ ਹੋਸਨ
ਵੈਸ਼ਾਂ ਸ਼ੂਦ੍ਰਾਂ ਦੇ ਦ੍ਵਿਜਾਂ ਨੇ ਕੰਮ ਕਰਨੇ, ਚਾਲ ਸਮੇਂ ਦੀ ਨਾਲ ਮਜਬੂਰ ਹੋਸਨ
ਤੁਹਾਡੇ ਤੋੜ ਕੇ ਜਾਲ ਕਰਤਾਰ ਸਿੰਘਾ, ਸਭੇ ਲੋਕ ਅਜਾਦ ਜਰੂਰ ਹੋਸਨ

ਗੁਰੂ ਜੀ ਨੇ ਪੰਜਾਂ ਸਿਘਾਂ ਨੂੰ ਕਾਂਸੀ ਵਿਦਯਾ ਪੜਨ ਵਾਸਤੇ ਭੇਜਣਾ

ਘਾਟਾ ਵਿਦਯਾ ਦਾ ਪੂਰਾ ਕਰਨ ਲਈ ਪੰਜਾਂ ਸਿੰਘਾ ਨੂੰ ਗੁਰੂ ਤਯਾਰ ਕੀਤਾ
*ਗੰਡਾ ਕਰਮ ਤੇ ਵੀਰੂ ਜਾਣ ਸੈਨਾਂ, ਰਾਮ ਪੰਜਵਾ ਨਾਲ ਹੁਸ਼ਯਾਰ ਕੀਤਾ
ਕਾਂਸ਼ੀ ਵਿਚ ਜਾ ਵਿਦਯਾ ਪੜੋ ਤੁਸੀਂ, ਦੇ ਧਨ ਆਦਰ ਸਤਕਾਰ ਕੀਤਾ
ਗੁਰ ਪੰਡਤਾਂ ਤਾਈਂ ਕਰਤਾਰ ਸਿੰਘਾ, ਸੀ ਜਾਣਦੇ ਏਹ ਉਚਾਰ ਕੀਤਾ

ਤੁਰਨ ਲਗਿਆਂ ਨੂੰ ਉਪਦੇਸ਼

ਜਾਓ ਵਿਦਜਾ ਪੜ੍ਹਕੇ ਆਓ ਜਲਦੀ, ਮੁੜ ਸਿੰਘਾ ਨੂੰ ਆਨ ਪੜ੍ਹਾਨਾ ਤੁਸਾਂ
ਗਲਾਂ ਸਾਡੀਆਂ ਨੂੰ ਯਾਦ ਰਖਨਾ ਜੀ ਇਸ਼ਟ ਆਪਣਾ ਨਹੀਂ ਭੁਲਾਨਾ ਤੁਸਾਂ
ਕਾਂਸ਼ੀ ਜਾ ਕੇ ਕਪੜੇ ਰੰਗ ਲੈਣੇ, ਨਹੀਂ ਆਪਣਾ ਆਪ ਜਤਾਨਾ ਤੁਸਾਂ
ਐਵੇਂ ਬਾਹਮਣਾਂ ਨਹੀਂ ਪੜ੍ਹਾਵਨਾ ਜੇ, ਬ੍ਰਹਮਚਾਰੀਆ ਭੇਖ ਬਨਾਨਾ ਤੁਸਾਂ
ਸੰਤ ਬਣ ਕੇ ਵਿਦਯਾ ਪੜ੍ਹ ਲੈਣੀ, ਸਮੇਂ ਤਾਈਂ ਨਾ ਐਵੇਂ ਗਵਾਨਾ ਤੁਸਾਂ
ਕ੍ਰਿਪਾ ਗੁਰਾਂ ਦੀ ਨਾਲ ਕਰਤਾਰ ਸਿੰਘਾ, ਵੇਦ ਵਿਦਯਾ ਨੂੰ ਛਟ ਪਾਨਾ ਤੁਸਾਂ

ਵਾਕ ਕਵੀ

ਪੰਜੇ ਖੁਸ਼ੀ ਪਾ ਕੇ ਸਤਿਗੁਰੂ ਜੀ ਤੋਂ †ਚੇਤਨ ਮਠ ਕਾਂਸ਼ੀ ਵਿਚ ਜਾ ਰਹੇ

---

*ਏਹ ਮੁੜ ਕੇ ਅੰਮ੍ਰਿਤ ਛਕ ਕੇ–ਗੰਡਾ ਸਿੰਘ, ਕਰਮ ਸਿੰਘ, ਵੀਰ ਸਿੰਘ, ਰਾਮ ਸਿੰਘ ਆਦਿ ਗੁਰੂ ਘਰ ਵਿਚ ਵਿਦਵਾਨ ਪੰਡਿਤ ਹੋਏ ਹਨ ਅਤੇ ਇਹਨਾਂ ਤੋਂ ਹੀ ਨਿਰਮਲ ਪੰਥ ਦੀ ਸੰਪ੍ਰਦਾ ਚਲੀ ਹੈ।
ਨੋਟ–ਏਹ ਸਭ ਸਿੰਘ ਪੰਜ ਕਕਾਰ ਦੇ ਰਖਨ ਵਾਲੇ ਰਹਿਤ ਬਹਿਤ ਵਾਲੇ ਸਿੰਘ ਹੋਏ ਹਨ।

†ਚੇਤਨ ਮਠ–ਜਿਥੇ ਤਾਂਈ ਗੁਰਦਾਸ ਜਾ ਕੇ ਰਿਹਾ ਸੀ, ਹੁਣ ਉਸ ਥਾਂ ਦਾ ਨਾਮ ਗੁਰਦਵਾਰਾ ਚੇਤਨ ਮਠ ਗੁਰੂ ਕੀ ਸੰਗਤ ਹੈ।

ਗੇਰੂ ਰੰਗ ਦੇ ਕਪੜੇ ਰੰਗ ਕਰਕੇ, ਪਹਿਨ ਸਿਖਯਾ ਭੇਖ ਬਨਾ ਰਹੇ
ਏਧਰ ਗੁਰੂ ਜੀ ਪਾਉਂਟੇ ਵਿਚ ਰਹਿ ਕੇ ਨਿਤ ਜੰਗੀ ਸਾਮਾਨ ਵਧਾ ਰਹੇ
ਸਮੇਂ ਅਗਲੇ ਲਈ ਕਰਤਾਰ ਸਿੰਘਾ, ਜਮ੍ਹਾਂ ਸਭ ਮਸਾਲਾ ਕਰਾ ਰਹੇ

ਸ੍ਰੀ ਦਸਮੇਸ਼ ਜੀ ਨੇ ()ਕਪਾਲ ਮੋਚਨ ਜਾਣਾ

ਕਤਕ ਪੂਰਨਮਾਸ਼ੀ ਆਈ ਸਰਦ ਸੋਹਣੀ, ਸੈਰ ਜਾਕੇ ਮੋਚਨ ਕਪਾਲ ਕਰਦੇ
ਨਾਲ ਮਾਈਆਂ ਤੇ ਘਰੋਂ ਮਹਿਲ ਭੀ ਸਨ, ਦੇ ਦਰਸ਼ਨ ਲੋਕਾਂ ਨਿਹਾਲ ਕਰਦੇ
ਮੇਲਾ ਭਰਿਆ ਗੁਰਾਂ ਦੇ ਜਾਣ ਕਰਕੇ, ਆ ਦੀਦਾਰ ਲੋਕੀ ਖੁਸ਼ੀ ਨਾਲ ਕਰਦੇ
ਸਚ ਦੇ ਉਪਦੇਸ਼ ਕਰਤਾਰ ਸਿੰਘਾ, ਪਾਰ ਜੀਆਂ ਦੇ ਤੋੜ ਕੇ ਜਾਲ ਕਰਦੇ

ਕਵਿਤਾ ਆਦਿਕ ਰਚਨੀਆਂ

ਜਿਵੇਂ ਸ਼ਸਤ੍ਰਾਂ ਦਾ ਵਡਾ ਪ੍ਰੇਮ ਆਹਾ ਤਿਵੇਂ ਕਰਨ ਕਵੀਸ਼ਰੀ ਚਾਂਹਵਦੇ ਜੀ
ਮੌਕਾ ਫੇਰ ਅਜਿਹਾ ਨ ਹਥ ਆਉਣਾ, ਸਤਿਗੁਰ ਨ ਐਵੇਂ ਗਵਾਂਵਦੇ ਜੀ
ਰੋਜ਼ ਜਮਨਾ ਦੇ ਕੰਢੇ ਬੈਠ ਕਰ ਕੇ, ਛੰਦ ਬੰਦ ਅਨੇਕ ਬਨਾਂਵਦੇ ਜੀ
ਜਪੁ ਸਾਹਿਬ ਤੇ ਹੋਰ ਅਕਾਲ ਉਸਤਤ, ਮਹਾਂਕਾਲ ਦਾ ਯੱਸ ਸੁਨਾਂਵਦੇ ਜੀ
ਨਾਲੇ ਕ੍ਰਿਸ਼ਨ ਅਵਤਾਰ ਦੀ ਕਥਾ ਭਾਰੀ, ਭਾਗਵਤ ਭਾਸ਼ਾ ਉਲਟਾਂਵਦੇ ਜੀ
ਕਈਆਂ ਹੋਰ ਗਰੰਥਾਂ ਦੇ ਤਰਜਮੇ ਭੀ, ਬੁਧਵਾਨਾਂ ਪਾਸੋਂ ਕਰਾਂਵਦੇ ਜੀ

---

()ਕਪਾਲ ਮੋਚਨ—ਪੁਰਾਣਾਂ ਵਿਚ ਲਿਖਿਆ ਹੈ ਕਿ ਬ੍ਰਹਮਾ ਨੇ ਜਦ ਸੁਰਸਵਤੀ ਪੈਦਾ ਕੀਤੀ ਤਾਂ ਉਸ ਦਾ ਸੁੰਦਰ ਰੂਪ ਵੇਖ ਕੇ ਮੋਹਤ ਹੋ ਗਿਆ ਤੇ ਉਸ ਦੇ ਵਲ ਇਕ ਟਕ ਵੇਖਣ ਲਗ ਗਿਆ। ਮਹਾਂਦੇਵ ਦੀ ਸੈਨਤ ਪਾ ਕੇ ਸੁਰਸ੍ਵਤੀ ਪਿਛਲੇ ਪਾਸੇ ਹੋ ਗਈ ਤਾਂ ਬ੍ਰਹਮਾ ਨੇ ਦੂਸਰਾ ਮੂੰਹ ਪਿਛੇ ਹੋਰ ਬਣਾ ਲਿਆ ਤਾਂ ਉਹ ਖੱਬੇ ਪਾਸੇ ਹੋ ਗਈ, ਤਾਂ ਤੀਸਰਾ ਮੂੰਹ ਬ੍ਰਹਮਾ ਨੇ ਹੋਰ ਬਣਾ ਲਿਆ ਜਾਂ ਉਹ ਸਜੇ ਪਾਸੇ ਹੋ ਗਈ ਤਾਂ ਚੌਥਾ ਮੁਖ ਭੀ ਬਣਾ ਲਿਆ ਤੇ ਬ੍ਰਹਮਾ ਚਹੁੰ ਮੂੰਹਾਂ ਵਾਲਾ ਹੋ ਗਿਆ। ਫਿਰ ਮਹਾਂਦੇਵ ਨੇ ਸੁਰਸਵਤੀ ਨੂੰ ਅਕਾਸ਼ ਵਲ ਸੈਨਤ ਕੀਤੀ ਤਾਂ ਉਹ ਅਕਾਸ਼ ਵਿਚ ਹੋ ਗਈ ਤਾਂ ਬ੍ਰਹਿਮਾ ਨੇ ਪੰਜਵਾਂ ਮੁਖ ਸਿਰ ਵਿਚ ਪੈਦਾ ਕਰ ਲਿਆ ਤਾਂ ਸ਼ਿਵ ਜੀ ਨੇ ਧੱਪਾ ਮਾਰ ਕੇ ਤੋੜ ਦਿਤਾ। ਬ੍ਰਹਮਾ ਨੇ ਗੁੱਸੇ ਹੋ ਕੇ ਸਰਾਪ ਦਿਤਾ ਤੇ ਸਿਰ ਦੀ ਖੋਪਰੀ (ਕਪਾਲੀ) ਸ਼ਿਵ ਜੀ ਦੇ ਹਥ ਨਾਲ ਚੰਮੜ ਗਈ ਤਾਂ ਸ਼ਿਵ ਜੀ ਨੇ ਬਹੁਤ ਯਤਨ ਕੀਤੇ ਉਹ ਹੱਥ ਨਾਲੋਂ ਨਾ ਲਥੀ ਜਦ ਸ਼ਿਵ ਜੀ ਇਸ ਜਗ੍ਹਾ ਆਏ ਤਾਂ ਉਹ ਖੋਪਰੀ ਹੱਥ ਨਾਲੋਂ ਲੈਹ ਗਈ ਸੋ ਏਸ ਕਰਕੇ ਏਸ ਤੀਰਥ ਦਾ ਨਾਮ ਕਪਾਲ ਮੋਚਨ ਅਰਥਾਤ ਕਪਾਲੀ ਨੂੰ ਲਾਹੁਣ ਵਾਲਾ ਪ੍ਰਸਿਧ ਹੋ ਗਿਆ।

ਬੀਰ ਰਸ ਦੇ ਜੋਸ਼ ਦੇ ਭਰਨ ਵਾਲੇ, ਹੋਰ ਕਈ ਪ੍ਰਸੰਗ ਰਚਾਂਵਦੇ ਜੀ
ਬੁਧਵਾਨ ਜੋ ਆਵੇ ਕਰਤਾਰ ਸਿੰਘਾ, ਏਸੇ ਵਾਸਤੇ ਪਾਸ ਰਖਾਂਵਦੇ ਜੀ

ਵਡੇ ਵਡੇ ਸੂਰਬੀਰਾਂ ਤੇ ਰਾਠਾਂ ਨੇ ਸਤਿਗੁਰਾਂ ਪਾਸ ਆ ਠਹਿਰਨਾ

ਕਦਰ ਸੂਰਮੇ ਦੀ ਵੇਖ ਬੜੀ ਕਰਦੇ, ਜਿਹੜਾ ਆਂਵਦਾ ਪਾਸ ਟਿਕਾ ਲੈਂਦੇ
ਸੁਣ ਸੁਣ ਕੇ ਦੇਸ ਦੇ ਰਾਠ ਕਈ, ਡਾਕੂ ਧਾੜਵੀ ਭੀ ਸ਼ਰਨ ਆ ਲੈਂਦੇ
ਡੂੰਗਰ ਜੋ ਰਾਜਪੂਤ ਜੋ ਖੇਤੜੀ ਦਾ, ਆਯਾ ਆਦਰ ਦੇ ਰਖਾ ਲੈਂਦੇ
ਜਵਾਹਰ ਸੰਭੜੇ ਵਾਲਾ ਤੇ ਮੰਝ ਰਾਘੂੰ, ਊਦਾ ਚੈਨ ਪੁਰੀਆਂ ਭੀ ਗਿਨਾ ਲੈਂਦੇ
ਭਾਗੂ ਸਿੰਘ ਰਠੌਰ ਬਚਿਤ੍ਰ ਸਿੰਘ ਭੀ, ਦੋਵੇਂ ਗੁਰਾਂ ਦੀ ਆਸ ਤਕਾ ਲੈਂਦੇ
ਚੋਪਾ ਸਿੰਘ ਜਹੇ ਰਾਜਪੂਤ ਡਾਕੂ, ਪੱਲਾ ਹਾਕਮਾਂ ਪਾਸੋਂ ਛੁਡਾ ਲੈਂਦੇ
ਉੱਘੇ ਧਾੜਵੀ ਦੇਸ ਦੇ ਹੋਰ ਕਈ, ਦਾਉ ਘਾਉ ਜੋ ਸਭੇ ਚਲਾ ਲੈਂਦੇ
ਪਾਸ ਗੁਰੂ ਜੀ ਰਖ ਕਰਤਾਰ ਸਿੰਘਾ, ਧਰਮੀ ਸੂਰਮੇ ਸਾਰੇ ਬਨਾ ਲੈਂਦੇ

ਰਾਮਰਾਇ ਜੀ ਦਾ ਜਲਾਣਾ

ਰਾਮਰਾਇ ਸੀ ਯੋਗ ਅਭਯਾਸ ਕਰਦੇ, ਤਾੜੀ ਲਾਕੇ ਸਾਸ ਚੜ੍ਹਾਉਨ ਭਾਈ
ਏਸ ਗੱਲ ਦਾ ਉਨ੍ਹਾਂ ਨੂੰ ਸ਼ੌਕ ਭਾਰਾ, ਹਠ ਯੋਗ ਨੂੰ ਸਦਾ ਕਮਾਉਨ ਭਾਈ
ਇਕ ਦਿਨ ਸਮਾਧੀ ਦੇ ਵਿਚ ਬੈਠੇ, ਅਠ ਪਹਿਰ ਨ ਅੰਗ ਹਿਲਾਉਨ ਭਾਈ
ਵੇਲਾ ਹਥ ਮਸੰਦਾਂ ਦੇ ਆ ਗਿਆ, ਨਿਤ ਕਾਰ ਭੇਟਾ ਜੋ ਚੁਰਾਉਨ ਭਾਈ
ਰਾਮਰਾਇ ਜੀ ਉਨ੍ਹਾਂ ਨੂੰ ਘੂਰਦੇ ਸਨ, ਓਹ ਈਰਖਾ ਚਿਤ ਰਖਾਉਨ ਭਾਈ
ਝਟ ਪਟ ਓਹਨਾਂ ਮੌਕਾ ਪ੍ਰਗਟ ਕੀਤਾ, ਫੜ ਚਿਖਾ ਤੇ ਧਰ ਜਲਾਉਨ ਭਾਈ
ਪਜਾਬ ਕੌਰ ਬਥੇਰਾ ਰਹੀ ਵਰਜਦੀ ਹੀ, ਓਹ ਫੂਕ ਕੇ ਪਾਰ ਬੁਲਾਉਨ ਭਾਈ
ਗੁਰੂ ਜੀਊਂਦਾ ਸਾੜ ਕਰਤਾਰ ਸਿੰਘਾ, ਵਡਾ ਪਾਪ ਮਸੰਦ ਕਮਾਉਨ ਭਾਈ

ਮਾਈ ਪੰਜਾਬ ਕੌਰ ਨੇ ਸ੍ਰੀ ਦਸਮੇਸ਼ ਜੀ ਨੂੰ ਖਬਰ ਕਰਨੀ

ਵਡਾ ਕਹਿਰ ਕਮਾਯਾ ਪਾਪੀਆਂ ਨੇ, ਰਾਮਰਾਇ ਨੂੰ ਜੀਉਂਦਾ ਸਾੜਿਆ ਜੀ
ਮਾਈ ਹਾਲ ਸਾਰਾ ਗੁਰਾਂ ਵਲ ਲਿਅਯਾ, ਮੈਨੂੰ ਹੈ ਮਸੰਦਾਂ ਉਜਾੜਿਆ ਜੀ
ਜੀਉਂਦਾਸਾੜਿਆਤੁਹਾਡੇ ਭਤੀਜੇ ਤਾਈਂ, ਵਡਾ ਮੇਰੇ ਤੇਕਹਿਰ ਗੁਜ਼ਾਰਿਆ ਜੀ
ਮੇਰੀ ਲਜ ਤੁਹਾਨੂੰ ਕਰਤਾਰ ਸਿੰਘਾ, ਹਾਲ ਲਿਖਯਾ, ਰੋ ਪੁਕਾਰਿਆ ਜੀ

ਸਤਿਗੁਰਾਂ ਨੇ ਇਕੱਲਿਆਂ ਹੀ ਡੇਹਰੇਦੂਨ ਜਾਣਾ

ਖਬਰ ਸੁਣਦਿਆਂ ਛੜੀ ਸ੍ਵਾਰੀ ਗੁਰੂ ਜੀ, ਡੇਹਰੇਦੂਨ ਪਹੁੰਚੇਗੁਸਾ ਖਾ ਕਰਕੇ
ਦਿਤੀ ਧੀਰਜ ਜਾ ਕੇ ਨੂੰਹ ਤਾਈਂ, ਵਡਾ ਦਰਦ ਤੇ ਸ਼ੋਕ ਜਤਾ ਕਰਕੇ
ਦੋ ਦਿਨ ਰਹਿ ਕੇ ਸਾਰਾ ਭੇਤ ਪਾਯਾ, ਵਿਚ ਕੰਮਾਂ ਦੇ ਨਜ਼ਰ ਦੁੜਾ ਕਰਕੇ
ਡਿਠੀ ਭਾਰੀ ਸ਼ੈਤਾਨੀ ਮਸੰਦਾਂ ਦੀ ਜੀ, ਕੀਤੀ ਏਹ ਸਲਾਹ ਸਮਝਾ ਕਰਕੇ
ਤੂੰ ਸਤਾਹਰਵੀਂ ਤੇ ਜਿੰਨੇ ਹੈਨ ਸਾਰੇ, ਕਠੇ ਕਰ ਮਸੰਦ ਬੁਲਾ ਕਰਕੇ
ਬਦਲਾ ਲੈ ਦਿਆਂਗੇ ਕਰਤਾਰ ਸਿੰਘਾ, ਸਜ਼ਾ ਪਾਪ ਦੀ ਭਾਰੀ ਦਿਵਾ ਕਰਕੇ

ਰਾਮਰਾਇ ਜੀ ਦੀ ਸਤਾਹਰਵੀਂ ਤੇ ਗੁਰੂ ਜੀ ਨੇ ਡੇਹਰੇਦੂਨ ਜਾਣਾ

ਓਧਰ ਚਿਠੀਆਂ ਭੇਜਕੇ ਮਾਈ ਜੀ ਨੇ, ਸਦ ਲਏ ਮਸੰਦ ਬੁਰਯਾਰ ਸਾਰੇ
ਏਧਰ ਪੰਜ ਸੌ ਨਾਲ ਅਸਵਾਰ ਲੈ ਕੇ ਨੰਦ ਚੰਦ ਆਦਿਕ ਹੁਸ਼ਯਾਰ ਸਾਰੇ
ਡੇਹਰੇ ਦੂਨ ਜਾ ਗੁਰਾਂ ਨੇ ਲਾਏ ਡੇਰੇ, ਸੂਰ ਬੀਰ ਸਜੇ ਹਥਯਾਰ ਸਾਰੇ
ਦੰਗ ਰਹਿ ਗਏ ਵੇਖ ਕਰਤਾਰ ਸਿੰਘਾ, ਸ਼ਾਨ ਗੁਰੂ ਜੀ ਦਾ ਨਰ ਨਾਰ ਸਾਰ

ਦੀਵਾਨ ਵਿਚ ਮਸੰਦਾਂ ਨਾਲ ਬਾਤ ਚੀਤ

ਦਿਨ ਦੂਸਰੇ ਭਾਰਾ ਦੀਵਾਨ ਲਗਾ,ਕਹਿਆ ਗੁਰਾਂ ਏਹ ਪਾਪਕਮਾਯਾ ਕਿਓਂ
ਪਾਪੋਂ ਤੁਸੀਂ ਨ ਡਰੇ ਮਸੰਦ ਸਾਰੇ, ਜੀਊਂਦਾ ਆਪਨਾ ਗੁਰੂ ਜਲਾਯਾ ਕਿਓਂ
ਤੁਹਾਨੂੰ ਕਿਸੇ ਦਾ ਖੌਫ ਨ ਮੂਲ ਆਯਾ, ਏਡਾ ਹੌਂਸਲਾ ਤੁਸਾਂ ਜਤਾਯਾ ਕਿਓਂ
ਕੀਤਾ ਬੁਰਾ ਏਹ ਕੰਮ ਕਰਤਾਰ ਸਿੰਘਾ, ਬੇੜਾ ਆਪਣਾ ਤੁਸਾਂ ਡੁਬਾਯਾ ਕਿਓਂ

ਮਸੰਦਾਂ ਨੇ ਗੁਸੇ ਨਾਲ ਜਵਾਬ ਦੇਣਾ

ਪੂਜਾ ਧਾਨ ਖਾਕੇ ਮਤ ਮਾਰੀ ਹੋਈ, ਅਗੋਂ ਬੋਲਦੇ ਜ਼ੋਰ ਜਤਾਓ ਕਾਹਨੂੰ
ਆਏ ਦੇਣ ਮਕਾਣ ਕਿ ਲੜਨ ਆਏ,ਝੇੜਾ ਰਾਹ ਜਾਂਦੇ ਪਏ ਉਠਾਓ ਕਾਹਨੂੰ
ਸਾਡੇ ਗੁਰੂ ਦੀ ਤੁਸਾਂ ਤੋਂ ਵਖ ਗਦੀ, ਐਵੇਂ ਪੈਰ ਨਿਕੰਮੇ ਅੜਾਓ ਕਾਹਨੂੰ
ਕਮ ਦੂਜੇ ਦੇ ਵਿਚ ਕਰਤਾਰ ਸਿੰਘਾ, ਦਖਲ ਦੇ ਕੁਪੱਤ ਹਿਲਾਓ ਕਾਹਨੂੰ

ਸ੍ਰੀ ਗੁਰੂ ਜੀ ਨੇ ਆਪਣੇ ਯੋਧਿਆਂ ਨੂੰ ਖਬਰਦਾਰ ਕਰਨਾ

ਢੋਲ ਮੂੜ੍ਹ, ਗਵਾਰ ਤੇ ਪਸ਼ੂ ਚਾਰੇ, ਬਿਨਾਂ ਤਾੜਿਆਂ ਦੇ ਕੰਮ ਆਉਨ ਨਹੀਂ

ਥੋਪੇ ਆਪਣੇ ਗੁਰਾਂ ਸਿਖਾਲ ਦਿਤੇ, ਇਹ ਮਸੰਦ ਕਿਤੇ ਜਾਣਾ ਪਾਉਣ ਨਾਹੀਂ
ਕਲ੍ਹ ਤੁਸਾਂ ਤਯਾਰ ਬਰ ਤਯਾਰ ਰੈਹਨਾ, ਕਿਤੇ ਭਜ ਏਹ ਜਾਨ ਬਚਾਉਣ ਨਾਹੀਂ
ਦੋਣੀ ਭਾਰੀ ਸਜ਼ਾ ਕਰਤਾਰ ਸਿੰਘਾ, ਐਸਾ ਮੁੜਕੇ ਪਾਪ ਕਮਾਉਣ ਨਾਹੀਂ

### ਤੀਸਰੇ ਦਿਨ ਦੀ ਕਾਰਵਾਈ ਤੇ ਮਸੰਦ ਫੂਕਣੇ

ਦੁਨੀਆਂਦਾਰੀ ਦਾ ਜੇਹੜਾ ਵਿਹਾਰ ਹੈਸੀ, ਤੀਜੇ ਦਿਨ ਓਹ ਪੂਰਾਂ ਕਰਾਯਾ ਗੁਰਾਂ
ਮਾਲਾ ਮੋਤੀਆਂ ਦੀ ਸੋਹਨਾ ਸਰਨ ਚੂਰਾ, ਨਾਲ ਇਕ ਦੁਸ਼ਾਲਾ ਰਖਾਯਾ ਗੁਰਾਂ
ਪੰਜਾਬ ਕੌਰ ਨੂੰ ਦੇ ਵਿਹਾਰ ਸੇਤੀ, ਹੋਰ ਹੌਂਸਲਾ ਬਹੁਤ ਬਨ੍ਹਾਯਾ ਗੁਰਾਂ
ਕਿਸੇ ਗਲ ਦਾ ਤੌਖਲਾ ਨਹੀਂ ਕਰਨਾ, ਅਸੀਂ ਰਖਾਂਗੇ ਨਿਗ੍ਹਾ ਜਤਾਯਾ ਗੁਰਾਂ
ਵਿਚੋ ਵਿਚ ਹੀ ਗੁਪਤ ਸਲਾਹ ਕਰਕੇ, ਵੇਹਲਾ ਇਕ ਕੋਠਾ ਕਰਵਾਯਾ ਗੁਰਾਂ
ਫੇਰ ਚੋਣਵੇਂ ਚੁਣ ਪੰਜਾਹ ਥੋਪੇ, ਅੰਦਰ ਉਨ੍ਹਾਂ ਦੇ ਤਾਈਂ ਬਠਾਯਾ ਗੁਰਾਂ
ਸਿਰੋਪਾਓ ਮਸੰਦਾਂ ਨੂੰ ਦੇਵਣੇ ਨੇ, ਏਹ ਬਾਹਿਰ ਸਾਰੇ ਸੁਣਵਾਯਾ ਗੁਰਾਂ
ਆਪ ਬੈਠ ਗਏ ਓਹ ਬੂਹੇ ਅਗੇ, ਪੰਜਾਂ ਪੰਜਾਂ ਦੇ ਤਾਈਂ ਬੁਲਾਯਾ ਗੁਰਾਂ
ਜਿਹੜਾ ਆਂਵਦਾ ਮੁਸ਼ਕਾਂ ਬੰਨ ਲੈਂਦੇ, ਹੈਸੀ ਯੋਧਿਆਂ ਤਾਈਂ ਸਿਖਾਯਾ ਗੁਰਾਂ
ਏਸੇ ਢਬ ਦੇ ਨਾਲ ਹੀ ਸਾਰਿਆਂ ਨੂੰ, ਕੈਦ ਕਰ ਕੋਠੇ ਵਿਚ ਪਾਯਾ ਗੁਰਾਂ
ਜਿਧੀ ਮਾਈ ਜੀ ਨੇ ਚੰਗੀ ਸ਼ਾਹਦੀ ਭਰੀ, ਓਹਨੂੰ ਵਖਰਾ ਕਰ ਬਠਾਯਾ ਗੁਰਾਂ
ਮਾਰ ਮਾਰ ਕੇ ਦੂਜੇ ਬਿਹਾਲ ਕੀਤੇ, ਫੇਰ ਤੇਲ ਕੜਾਹ ਤਪਾਯਾ ਗੁਰਾਂ
ਜਿਹਾ ਜਿਹਾ ਕਸੂਰ ਸਬੂਤ ਹੋਯਾ, ਓਹੋ ਜਿਹਾ ਹੀ ਫਲ ਭੁਗਾਯਾ ਗੁਰਾਂ
ਜਿਨ੍ਹਾਂ ਮੰਗ ਮੁਆਫੀਆਂ ਲਈਆਂ ਪੈਲ੍ਹਾਂ, ਓਨ੍ਹਾਂ ਸਾਰਯਾਂ ਤਈਂ ਛੁਡਾਯਾ ਗੁਰਾਂ
ਬਾਕੀ ਤੇਲ ਪਾ ਕੇ ਸਾਰੇ *ਫੂਕ ਦਿਤੇ, ਏਹ ਫਸਤਾ ਚੰਗਾ ਮੁਕਾਯਾ ਗੁਰਾਂ
ਅਗੋਂ ਕੌਨ ਹੋ ਗਏ ਕਰਤਾਰ ਸਿੰਘਾ, ਏਹ ਕੀਤੀ ਦਾ ਫਲ ਦਵਾਯਾ ਗੁਰਾਂ

---

*ਅਜ ਕਲ ਦੇ ਕਈ ਨੁਕਤਾਚੀਨ ਏਸ ਗਲ ਨੂੰ ਸਖਤ ਦਿਲੀਤੇ ਜ਼ੁਲਮ ਵਿਚ ਗਿਣਨਗੇ ਪਰ ਗੁਰ ਤਲਪੀ ਗੁਰ ਘਾਤਕ ਪੁਰਸ਼ ਨੂੰ ਏਹ ਸਜ਼ਾ ਥੋੜ੍ਹੀ ਹੈ, ਜੀਉਂਦੇ ਗੁਰੂ ਨੂੰ ਸਾੜ ਦੇਣਾ ਏਸ ਤੋਂ ਹੋਰ ਮਹਾਂ ਪਾਪ ਕੀਹ ਹੁੰਦਾ ਹੈ, ਜੇਕਰ ਟੋਨੇ ਵਿਚ ਭੀ ਇਨ੍ਹਾਂ ਦੀ ਖਲਾਸੀ ਹੋ ਗਈ ਹੋਵੇ ਤਾਂ ਭੀ ਚੰਗਾ।

### ਰਾਜੇ ਫਤੇ ਸ਼ਾਹ ਦੀ ਲੜਕੀ ਦੀ ਸ਼ਾਦੀ

ਫਤ੍ਹੇ ਸ਼ਾਹ ਨੇ ਬੇਟੀ ਦਾ ਕਾਜ ਰਚਿਆ, ਸਾਕਾਂ ਅੰਗਾਂ ਤਈਂ ਸਦਾਯਾ ਉਸਨੇ
ਭੀਮਚੰਦ ਦੇ ਬੇਟੇ ਵਿਆਹੁਣ ਆਉਣਾ, ਧੂਮੀ ਧਾਮੀ ਵਿਆਹ ਰਚਾਯਾ ਉਸਨੇ
ਚੰਗੇ ਖਾਸ ਮੁਸਾਹਿਬ ਭੇਜ ਕਰਕੇ, ਸਤਿਗੁਰਾਂ ਦੇ ਤਾਈਂ ਬੁਲਾਯਾ ਉਸਨੇ
ਕੀਤੀ ਬੇਨਤੀ ਬਹੁਤ ਕਰਤਾਰ ਸਿੰਘਾ, ਜ਼ਾਹਰ ਵਡਾ ਪ੍ਰੇਮ ਜਤਾਯਾ ਉਸਨੇ

### ਸਤਿਗੁਰਾਂ ਨੇ ਫਤੇਸ਼ਾਹ ਦੇ ਘਰ ਨੌਂਦ੍ਰਾਂ ਭੇਜਣਾ

ਜਾਣੀ ਜਾਨ ਸਤਿਗੁਰੂ ਜੀ ਜਾਣਦੇ ਸਨ, ਨ ਵਸਾਹ ਪਹਾੜੀਆਂ ਰਖਦਾ ਜੀ
ਜਾਣਾ ਆਪ ਚੰਗਾ ਓਥੇ ਸਮਝਿਆ ਨਾ, ਭੀਮ ਚੰਦ ਜਾਤਾ ਦਿਲੋਂ ਭਖਦਾ ਜੀ
ਨੰਦ ਚੰਦ ਤੇ ਸੈ ਅਸਵਾਰ ਚੁਨਵਾਂ, ਜਿਹੜਾ ਖੌਫ ਨ ਜਾਨ ਤੇ ਰਖਦਾ ਜੀ
ਦਯਾਰਾਮ ਪਰੋਹਤ ਕਰਤਾਰ ਸਿੰਘਾ, ਤੇਰੇ ਨੇਉਂਦ੍ਰਾ ਦੇ ਸਵਾ ਲਖ ਦਾ ਜੀ

### ਭੀਮ ਚੰਦ ਦੀ ਬਰਾਤ

ਭੀਮ ਚੰਦ ਚੜ੍ਹ ਪਿਆ ਬਿਲਾਸ ਪਰੋਂ, ਜੰਞ ਕਰਕੇ ਨਾਲ ਤਯਾਰ ਭਾਰੀ
ਕਈ ਰਾਜੇ ਰਾਣੇ ਜੰਞ ਦੇ ਨਾਲ ਚਲੇ, ਧੂਮ ਧਾਮ ਤੇ ਸ਼ੋਰ ਸ਼ਰਾਰ ਭਾਰੀ
ਜਿਸ ਰਾਸਤੇ ਜੰਞ ਨੇ ਲੰਘਣਾ ਸੀ, ਗੁਰਾਂ ਮਲਿਆ ਸੀ ਉਹ ਪਹਾੜ ਭਾਰੀ
ਜਾਂਦਾ ਰਾਹ ਸੀ ਪਾਉਂਟੇ ਪਾਸ ਥੀਂ ਓਹ, ਗੁਰਾਂ ਨਾਲ ਸੀ ਭੀਮੇ ਦੀ ਖਾਰ ਭਾਰੀ
ਓਹਦੇ ਆਪਣੇ ਪਾਪ ਹੀ ਕੰਬ ਉਠੇ, ਪਈ ਓਸ ਨੂੰ ਆਣ ਵਿਚਾਰ ਭਾਰੀ
ਗੁਰ ਯੋਧਾ ਬਲੀ ਰਾਹ ਵਿਚ ਬੈਠਾ, ਭੀਮਾ ਡਰਿਆ ਖੌਫ ਨੂੰ ਧਾਰ ਭਾਰੀ
ਮਤਾਂ ਜੰਗ ਹੋ ਪਏ ਤੇ ਬਣੇ ਕੁਝ ਨ, ਵਿਆਹ ਰਹੇ ਤ ਚਲੇ ਤਲਵਾਰ ਭਾਰੀ
ਛਡ ਗਿਆ ਓਹ ਰਾਹ ਕਰਤਾਰ ਸਿੰਘਾ, ਗਿਆ ਹੋਰ ਰਾਹ ਦੁਖ ਸਹਾਰ ਭਾਰੀ

### ਭੀਮ ਚੰਦ ਨੇ ਪੁਤਰ ਨੂੰ ਵਜ਼ੀਰ ਦੇ ਨਾਲ ਪਾਉਂਟੇ ਦੇ ਰਸਤੇ ਭੇਜਣਾ

ਜਿਹੜੇ ਰਾਸਤੇ ਜੰਞ ਸੀ ਮੁੜ ਗਈ, ਓਹ ਰਾਸਤਾ ਏਸ ਤੋਂ ਦੂਰ ਸੀ ਜੀ
ਏਧਰ ਸਾਹੇ ਦਾ ਦਿਨ ਸੀ ਬਹੁਤ ਨੇੜੇ, ਨੀਂਗਰ ਪਹੁੰਚਨਾ ਓਥੇ ਜ਼ਰੂਰ ਸੀ ਜੀ
ਲਗਨ ਖੁੰਝਦਾ ਵੇਖ ਅਜਮੇਰ ਤਾਈਂ ਏਸੇ ਰਾਹ ਪਾਯਾ ਮਜਬੂਰ ਸੀ ਜੀ
ਗੜ੍ਹ ਪਾਉਂਟੇ ਪਾਸ ਥੀਂ ਲੰਘਦੇ ਨੂੰ, ਸਿਖਾਂ ਘੇਰ ਆਂਦਾ ਬਹੁਤ ਘੂਰ ਸੀ ਜੀ

ਪਰਮਾ ਨੰਦ ਵਜ਼ੀਰ ਨੂੰ ਸਣੇ ਨੀਂਗਰ, ਕੀਤਾ ਗੁਰਾਂ ਦੇ ਖੜਾ ਹਜ਼ੂਰ ਸੀ ਜੀ
ਵੇਖ ਹਸ ਪਏ ਕਰਤਾਰ ਸਿੰਘਾ, ਰਾਜਨੀਤ ਦੇ ਗੁਰ ਭਰਪੂਰ ਸੀ ਜੀ

ਸਤਿਗੁਰਾਂ ਨੇ ਅਜਮੇਰ ਚੰਦ ਨੂੰ ਆਦਰ ਮਾਨ ਦੇ ਕੇ ਵਿਦਾ ਕਰਨਾ

ਤਰਲੇ ਐਵੇਂ ਵਜ਼ੀਰ ਤਾਂ ਕਢੀ ਜਾਏ, ਸਤਿਗੁਰੂ ਜੀ ਹਸ ਸੁਨਾਂਵਦੇ ਨੇ
ਜੇਕ ਕਿਉਂ ਨ ਏਹ ਰਾਹ ਆਦੇ ਲੈਕੇ, ਰਾਜੇ ਐਵੇਂ ਪਏ ਭੈ ਖਾਂਵਦੇ ਨੇ
ਸਾਡਾ ਵੈਰ ਤਾਂ ਕਿਸੇ ਦੇ ਨਾਲ ਨਾਹੀਂ, ਏਹ ਪਹਾੜੀਏ ਵੈਰ ਬਣਾਂਵਦੇ ਨੇ
ਸਿਰੋਪਾਉ ਦੇ ਕਰ ਕਰਤਾਰ ਸਿੰਘਾ, ਨਾਲ ਮਾਨ ਦੇ ਵਿਦਾ ਕਰਾਂਵਦੇ ਨੇ

ਤੰਬੋਲ ਤੇ ਝਗੜਾ

ਧੂਮ ਧਾਮ ਦੇ ਨਾਲ ਵਿਆਹ ਹੋਯਾ, ਵੇਲਾ ਨੇਉਂਦਰੇ ਦਾ ਫੇਰ ਆਂਵਦਾ ਏ
ਸਵਾ ਲਖ ਦਾ ਨੇਉਂਦ੍ਰਾ ਗੁਰੂ ਜੀ ਦਾ, ਏਹ ਹੋਕ ਕੇ ਭਟ ਸੁਨਾਂਵਦਾ ਏ
ਭੀਮ ਚੰਦ ਨੂੰ ਸੁਣਕੇ ਅਗ ਲਗੀ, ਫਤੇਸ਼ਾਹ ਨੂੰ ਪਾਸ ਬੁਲਾਂਵਦਾ ਏ
ਮੇਰਾ ਵੈਰੀ ਗੁਰੂ ਤੂੰ ਹੈ ਯਾਰ ਉਸਦਾ, ਅਖਾਂ ਕਢਕੇ ਲਾਲ ਵਿਖਾਂਵਦਾ ਏ
ਮੇਰਾ ਸਾਕ ਹੋਕੇ ਫੇਰ ਨਾਲ ਗੁਰੂ, ਤੈਨੂੰ ਰਖਨਾ ਮੇਲ ਕਿਉਂ ਭਾਂਵਦਾ ਏ
ਫਤੇਸ਼ਾਹ ਦਾਨਾਈ ਤੇ ਰਾਜਨੀਤੀ, ਭੀਮ ਚੰਦ ਨੂੰ ਬਹੁਤ ਸਮਝਾਂਵਦਾ ਏ
ਉਸ ਇਕ ਨ ਮੰਨੀ ਤੇ ਹੋ ਉਲਟਾ, ਝੱਟ ਕੂਚ ਦਾ ਹੁਕਮ ਬੁਲਾਂਵਦਾ ਏ
ਤੇਰੀ ਧੀ ਦਾ ਡੋਲਾ ਨਾ ਅਸਾਂ ਖੜਨਾ, ਘਰ ਰਖ, ਇਉਂ ਆਖ ਡਰਾਂਵਦਾ ਏ
ਫਤੇਸ਼ਾਹ ਇਸ ਗਲ ਤੋਂ ਡਰ ਗਿਆ, ਪੈਰੀਂ ਪੈ ਕੇ ਫੇਰ ਮਨਾਂਵਦਾ ਏ
ਜੋ ਕਹੇਂ ਮੈਨੂੰ ਮਨਜ਼ੂਰ ਓਹੋ, ਭੀਮਾ ਪਾਪ ਦੀ ਪਟੀ ਪੜ੍ਹਾਂਵਦਾ ਏ
ਲੁਟ ਲੈ ਅਸਬਾਬ ਸਭ ਗੁਰੂ ਦਾ ਜੀ, ਕੁਟੋ ਸਿਖੜਿਆਂ ਤਈਂ ਅਲਾਂਵਦਾ ਏ
ਜੀਉਂਦਾ ਜਾਏ ਨ ਇਕ ਭੀ ਏਸ ਥਾਂ ਤੋਂ ਰਾਇ ਸਾਰਿਆਂ ਨਾਲ ਰਲਾਂਵਦਾ ਏ
ਨੰਦ ਚੰਦ ਤਾਰੂ ਬਾਹਰਾਂ ਪਤਨਾ ਦਾ, ਭਲਾ ਦਾਓ ਉਹ ਕਿਸਤਰ੍ਹਾਂ ਖਾਂਵਦਾ ਏ
ਘੁਸਰ ਮੁਸਰ ਹੁੰਦੀ ਸਾਰੀ ਸਮਝ ਗਿਆ, ਘੋੜੇ ਝਟ ਤਯਾਰ ਕਰਾਂਵਦਾ ਏ
ਵਿਚ ਦਾਜ ਦੇ ਲੁਟ ਮਚਾ ਦਿਤੀ, ਖੋਹ ਖਿੰਝ ਅਸਬਾਬ ਬੰਨ੍ਹਾਂਵਦਾ ਏ
ਜੋ ਹਥ ਲਗੀ ਚੀਜ਼ ਸਾਂਭ ਲਈ ਗਲ ਪਿਆ ਹੋ ਪਾਰ ਲੰਘਾਂਵਦਾ ਏ

ਰੌਲਾ ਪੈਂਦਿਆਂ,ਕੂਦਿਆਂ; ਚੜ੍ਹਦਿਆਂ ਨੂੰ,ਦੂਰ ਲੈ ਸਾਥੀ ਨਿਕਲ ਜਾਂਵਦਾ ਏ
†ਘਾਟ ਵਾਲਿਆਂ ਥੋੜੀ ਲੜਾਈ ਕੀਤੀ,ਮੂੰਹ ਭੰਨ ਨਦੀਓਂ ਪਾਰ ਆਂਵਦਾ ਏ
ਓਹ ਕਚੇ ਪਹਾੜੀਏ ਰਹੇ ਵੇਂਹਦੇ, ਨੰਦ ਚੰਦ ਇਉਂ ਠੂਠ ਚੁਮਾਂਵਦਾ ਏ
ਪਾਉਂਟੇ ਪਹੁੰਚਦੇ ਸਾਰ ਕਰਤਾਰ ਸਿੰਘਾ; ਸਾਰਾ ਗੁਰਾਂ ਨੂੰ ਭੇਦ ਜਤਾਂਵਦਾ ਏ

### ਸਤਿਗੁਰਾਂ ਨੇ ਜੰਗ ਦੀ ਤਯਾਰੀ ਕਰਨੀ

ਨੰਦ ਚੰਦ ਪਾਸੋਂ ਸਾਰਾ ਭੇਦ ਸੁਣ ਕੇ, ਗੁਰਾਂ ਝਟ ਹੀ ਹੁਕਮ ਸੁਨਾ ਦਿਤਾ
ਸਭ ਸੂਰਮੇ ਜੰਗ ਨੂੰ ਤਯਾਰ ਹੋਵੇ; ਦਾਰੂ ਸਿਕਾ ਸਾਰੇ ਵਰਤਾ ਦਿਤਾ
ਜਥੇਦਾਰਾਂ ਤਾਈਂ ਦਿਤੇ ਸੌਂਪ ਜਥੇ; ਹੋਰ ਜੰਗ ਦਾ ਢੰਗ ਸਮਝਾ ਦਿਤਾ
ਦੇ ਕੇ ਚਿਠੀਆਂ ਮਾਝੇ ਤੇ ਮਾਲਵੇ ਨੂੰ; ਅਸਵਾਰਾਂ ਨੂੰ ਝਟ ਭਜਾ ਦਿਤਾ
ਸੂਹੇ ਚਾਰ ਚੁਫੇਰ ਖਲ੍ਹਾਰ ਦਿਤੇ; ਹਥਯਾਰਾਂ ਨੂੰ ਸਾਨ ਚੜ੍ਹਾ ਦਿਤਾ
ਚਾਓ ਜੋਧਿਆਂ ਤਈਂ ਕਰਤਾਰ ਸਿੰਘਾ; ਅਤੇ ਪਾਜੀਆਂ ਹੌਂਸਲਾ ਢਾ ਦਿਤਾ

### ਰਾਜੇ ਭੀਮ ਚੰਦ ਨੇ ਰਾਜਿਆਂ ਨੂੰ ਆਖਣਾ

ਨੰਦ ਚੰਦ ਦੇ ਵੇਖਕੇ ਹਥ ਤਿਖੇ, ਓਸ ਵਕਤ ਰਾਜੇ ਸਾਰੇ ਦੜੀ ਗਏ
ਪਿਛੋਂ ਹੋ ਕਠੇ ਲਗੇ ਵਿਹੋ ਘੋਲਨ, ਹਾਏ ਸਿਖੜੇ ਸਾਥੋਂ ਨ ਫੜੀ ਗਏ
ਭੀਮ ਚੰਦ ਆਖੇ ਸੁਣੋ ਸਭ ਰਾਜੇ, ਸਿਖੀ ਭੰਡੀ ਮਿਧੀ ਕਰ ਬੜੀ ਗਏ
ਬਢੀ ਛੋੜਿਆ ਹਕ ਹੈ ਸਾਰਿਆਂ ਦਾ, ਲੁਟ ਪੁਟ ਸਾਨੂੰ ਵਿਚ ਘੜੀ ਗਏ
ਵਿਚ ਰੰਗ ਦੇ ਪਾ ਕੇ ਭੰਗ ਗਏ, ਸਾਡੇ ਕਾਲਜੇ ਨੇ ਵਿਚੋਂ ਸੜੀ ਗਏ
ਮ੍ਰਾੜੇ ਪਲੇ ਕੀਹ ਰਿਹਾ ਕਰਤਾਰ ਸਿੰਘਾ, ਅਸੀਂ ਜੀਉਂਦੇ ਹੀ ਸਾਰੇ ਮਰੀ ਗਏ

### ਤਥਾ

ਸੁਣੋ ਰਾਜਿਓ ਰਾਣਿਓ ਗਲ ਮੇਰੀ, ਬਾਈਧਾਰਾਂ ਦੇ ਈ ਇਹ ਪਕ ਸਮਝੋ
ਖਟ ਨਹੀਂ ਲੁਟੀ, ਲੁਟੀ ਪਤ ਗਈ, ਵਢੀ ਸਾਰਿਆਂ ਦਾ ਘਤਾ ਨਕ ਸਮਝੋ
ਅਜ ਮੇਰੀ ਲਾਹੀ ਕਲ ਤੁਹਾਡੀ ਲਾਹੂ, ਏਹ ਗੁਰੂ ਹੈ ਬੜਾ ਨਫ਼ਕ ਸਮਝੋ

---

†ਘਾਟ ਰੋਕਣ ਤੋਂ ਸਾਫ ਜਾਹਰ ਹੁੰਦਾ ਹੈ ਕਿ ਭੀਮਚੰਦ ਨੇ ਪਹਿਲਾਂ ਹੀ ਬੇਈਮਾਨੀ ਠਾਣ ਰਖੀ ਸੀ, ਜੇ ਨੰਦ ਚੰਦ ਹੁਸ਼ਿਆਰ ਨਾ ਹੁੰਦਾ ਤਾਂ ਓਹਨਾਂ ਨੇ ਸਾਰੇ ਹੀ ਸਿਖ ਪਾਰ ਬੁਡਾਣੇ ਸਨ।

ਅਜੇ ਹੁਣੇ ਏਡਾ ਵਡਾ, ਹੌਂਸਲਾ ਏ, ਹੈ ਸ਼ੇਰ ਪਲਦਾ ਨਹੀਂ ਸ਼ਕ ਸਮਝੋ
ਜ਼ੋਰ ਫੜ ਗਿਆ ਸਾਨੂੰ ਸਾਰਿਆਂ ਨੂੰ, ਕਢੂ ਪਰਬਤਾਂ ਤੋਂ ਦੂਰ ਧਕ ਸਮਝੋ
ਸਾਡੇ ਧਰਮ ਦੇ ਚਲਦਾ*ਉਲਟ ਨਾਲੇ, ਘਾਟਾ ਏਹ ਸਾਨੂੰ ਪਰਪਕ ਸਮਝੋ
ਦਿਨੋਂ ਦਿਨ ਫੈਲਾਉਂਦਾ ਮਜ਼੍ਹਬ ਜਾਂਦਾ, ਲੋ ਉਠਦਿਆਂ ਏਸ ਨੂੰ ਡਕ ਸਮਝੋ
ਕਠੇ ਹੋ ਫੜੋ ਮਾਰੋ ਖਵਾਰ ਕਰਕੇ, ਦਿਹੋ ਅਜੇ ਉਡਾ ਹੀ ਫਕ ਸਮਝੋ
ਏਸ ਵੇਲੇ ਗੁਰੂ ਪਾਸ ਸਿਖ ਥੋੜੇ, ਦੇਸੋਂ ਦੂਰ ਬੈਠਾ ਮਲ ਚਕ ਸਮਝੋ
ਕਈ ਵੈਰੀ ਕਈ ਮਿਤ ਕਰਤਾਰ ਸਿੰਘਾ, ਸਾਰੇ ਰਲ ਬੈਠੇ ਵੇਲਾ ਤਕ ਸਮਝੋ

ਰਾਜਿਆਂ ਦੀ ਚੜ੍ਹਾਈ

ਡੋਲਾ ਤੋਰ ਕੇ ਸਿਧਾ ਬਿਲਾਸਪੁਰ ਨੂੰ, ਆਪ ਪਾਉਂਟੇ ਨੂੰ ਚੜੇ ਜਾਨ ਭਾਈ
ਭੀਮ ਚੰਦ ਫਤੇਸ਼ਾਹ ਲਗ ਅਗੇ, ਦੋਵੇਂ ਟੁਰੇ ਸੇ ਛਡ ਨਸ਼ਾਨ ਭਾਈ
ਗੋਪਾਲ ਗੋਲੇਰੀਆ ਚੜ੍ਹ ਪਿਆ, ਹਰੀ ਚੰਦ ਹੰਡੂਰੀਆ ਜਵਾਨ ਭਾਈ
ਕ੍ਰਿਪਾਲ ਕਾਂਗੜਾ ਤੇ ਬੀਰਸੈਨ ਮੰਡੀ, ਕਰਮ ਚੰਦ ਭੰਬੋਰੀਆ ਸਿਆਨ ਭਾਈ
ਜਸਵਾਲੀਆ ਕੇਸਰੀ ਚੰਦ ਚੜ੍ਹਿਆ; ਕਾਠਗੜ੍ਹੀਆ ਦਿਆਲ ਬਖਾਨ ਭਾਈ
ਅਨੰਤ ਚੰਦ ਸੋ ਜਾਨ ਪ੍ਰਿਥੀ ਪੁਰੀਆ; ਉਮੈਦ ਸਿੰਘ ਜਸਵਾਂ ਦਾ ਮਾਨ ਭਾਈ
ਭਾਊ ਸਿੰਘ ਸੇਬੇ ਵਾਲਾ ਵਿਚ ਗਿਣੋਂ; ਝਗੜ ਚੰਦ ਮਨਸਵਾਲ ਲਤਾਨ ਭਾਈ
ਧਰਮ ਪਾਲ ਕੁਟਲੈਹਰ ਕਰਤਾਰ ਸਿੰਘਾ, ਵਿਚ ਦਿਲ ਦੇ ਰੱਖ ਗੁਮਾਨ ਭਾਈ

ਤਥਾ

ਦੇਯਾ ਸਿੰਘ ਆਹਾ ਵਿਚ ਨੂਰਪੁਰੀਆ, ਟੇਕ ਸਿੰਘ ਜਾਣੋ ਕਸਤਵਾਰ ਵਾਲਾ
ਭਾਗ ਸਿੰਘ ਭੀ ਸੀ ਪਲੌਕ ਪੁਰੀਆ; ਜੈ ਚੰਦ ਆਹਾ ਬੇਝੇਧਾਰ ਵਾਲਾ
ਗੁਰਬਜ ਇੰਦੌਰੀਆਂ, ਸਿੰਘ ਠੋਡੀ; ਇਹ ਸੰਘਰੀ ਦਾ ਵਡੀ ਖਾਰ ਵਾਲਾ
ਸੰਸਾਰਚੰਦ ਨਦਾਊਨ ਦੇ ਰਹਿਣ ਵਾਲਾ, ਹਰੀ ਚੰਦ ਕੋਟੀ ਬਲਕਾਰ ਵਾਲਾ
ਲਛੂ ਚੰਦ ਕਸੌਲੀਆ ਬੀਰ ਭਾਰਾ, ਭੂਪ ਚੰਦ ਬਘੇਰ ਵਿਚਾਰ ਵਾਲਾ

*ਮੂਰਤੀ ਪੂਜਾ ਦਾ ਖੰਡਨ ਤੇ ਪੋਪ ਲੀਲ੍ਹਾ ਦਾ ਪਾਜ ਖੋਹਲ ਕੇ ਸਤਿਗੁਰੂ ਜੋ ਗੁਰਮਤ ਦਾ ਪ੍ਰਚਾਰ ਕਰਦੇ ਸਨ ਏਹੋ ਹੀ ਹਿੰਦੂ ਰਾਜਿਆਂ ਦੇ ਵੈਰੀ ਬਣਨ ਦਾ ਕਾਰਨ ਸੀ।

ਹੋਰ ਕਈ ਛੋਟੇ ਛੋਟੇ ਨਾਲ ਰਲੇ, ਵਡਾ ਦਲ ਹੋਇਆ ਬਾਈ ਧਾਰ ਵਾਲਾ
ਮਾਰੋ ਮਾਰ ਕਰਦੇ ਚਲੇ ਪਾਉਂਟੇ ਨੂੰ ਘਨਛਾਯਾ ਅਕਾਸ਼ ਗੁਬਾਰ ਵਾਲਾ
ਚਲ ਵੇਖ ਹੁਣ ਜੰਗ ਕਰਤਾਰ ਸਿੰਘਾ, ਘਮਸਾਨ ਮਚੇ ਤਲਵਾਰ ਵਾਲਾ

### ਪਠਾਨਾਂ ਦੀ ਨਿਮਕ ਹਰਾਮੀ

ਬੁਰੇ ਆਦਮੀ ਸਦਾ ਹੀ ਬੁਰਾ ਕਰਦੇ, ਭਲਾ ਬੁਰੇ ਨੇ ਕਿਉਂ ਕਮਾਵਨਾ ਏਂ
ਜੰਗ ਪੈਣ ਲਗਾ ਸੁਣ ਖਬਰ ਸਾਰੀ, ਧਾਰੀ ਬੁਰੀ ਪਠਾਨਾਂ ਨੇ ਭਾਵਨਾ ਏਂ
ਕਠੇ ਹੋ ਕੇ ਸਾਰਿਆਂ ਅਰਜ਼ ਕੀਤੀ, ਛੁਟੀ ਦਿਹੋ ਅਸਾਂ ਘਰੀਂ ਜਾਵਨਾ ਏਂ
ਸੁਨਤਾਂ ਪੁਤਾਂ ਦੀਆਂ ਕਰਤਾਰ ਸਿੰਘਾ, ਅਸਾਂ ਸ਼ਰ੍ਹਾ ਦਾ ਹੁਕਮ ਬਜਾਵਨਾ ਏਂ

### ਸਤਿਗੁਰੂ ਜੀ ਨੇ ਪਠਾਨਾਂ ਨੂੰ ਸਮਝਾਨਾ

ਵੇਲਾ ਬੜਾ ਚੰਗਾ ਤੁਸਾਂ ਤਾੜਿਆ ਏ, ਵੈਰੀ ਚਾਹੁੰਦੇ ਨੇ ਓਧਰ ਜੰਗ ਪਾਣਾ
ਇਹ ਈਮਾਨਦਾਰਾਂ ਦਾ ਤੇ ਕੰਮ ਨਹੀਂ ਬੁਰਾ ਤਕਨਾ ਜਿਸਦਾ ਨਿਮਕ ਖਾਣਾ
ਜ਼ਰਾ ਸੋਚ ਕਰੋ ਤੁਸੀਂ ਖਾਣ ਸਾਹਿਬ, ਇਹ ਛੁਟੀ ਦਾ ਮੌਕਾ ਹੈ ਚਿਤ ਲਾਣਾ
ਦੇਖ ਢੂਮ ਡਗਭਾ ਕਰਤਾਰ ਸਿੰਘਾ, ਛੁਟੀ ਜਿੰਨੀ ਚਾਹੋ ਪਿਛੋਂ ਚਲੇ ਜਾਣਾ

### ਪਠਾਣਾਂ ਦੀ ਜ਼ਿੱਦ

ਅਸੀਂ ਘੜੀ ਭੀ ਨਹੀਂ ਜੇ 'ਠਹਿਰਨਾ ਜੀ, ਸਾਨੂੰ ਨੌਕਰੀਦੀਕੁਝ ਲੋੜ ਨਾਹੀਂ
ਗਿਣ ਦਿਹੋ ਛਮਾਹੀਂ ਦੀ ਤਲਬ ਸਾਰੀ ਪੱਲਾ ਇਕ ਜਾਣਾਅਸਾਂਛੋੜ ਨਾਹੀਂ
ਈਦੋਂ ਪਰੇ ਅਸਾਂ ਤੰਬਾ ਫੂਕਨਾ ਏਂ ਅਜ ਚਲੇ ਜਾਣਾ ਕਰੋ ਮੋੜ ਨਾਹੀਂ
'ਕੁਝ ਸ਼ਰਮ ਕਰੋ ਕਰਤਾਰ ਸਿੰਘਾ, ਜਾਹੁ ਐਵੇਂ ਈਮਾਨ ਨੂੰ ਰੋੜ੍ਹ ਨਾਹੀਂ'

### ਕਾਲੇ ਖਾਂ ਤੋਂ ਬਿਨਾ ਹੋਰ ਸਭ ਨੇ ਚਲੇ ਜਾਣਾ

ਦਿਲ ਸੀ ਪਠਾਨਾਂ ਦੇ ਏਹ ਠਹਿਰੀ, ਸਾਨੂੰ ਆਪੇ ਹੀ ਗੁਰੂ ਮਨਾਇਗਾ ਜੀ
ਏਸ ਵੇਲੇ ਸਾਡੀ ਲੋੜ ਬੜੀ ਭਾਰੀ, ਜੋ ਆਖਾਂਗਾ ਓਹੋ ਦਿਵਾਇਗਾ ਜੀ
ਏਹੋ ਧਾਰ ਦਿਲੋਂ ਸਭੇ ਉੱਠ ਤੁਰੇ, ਗਿਆ ਵਕਤ ਫਿਰ ਹਥਨ ਆਇਗਾ ਜੀ
ਸਤਿਗੁਰਾਂ ਨ ਮੂਲ ਪਰਵਾਹ ਕੀਤੀ,ਕੀਤਾ ਬਚਨ ਬ੍ਰਿਥਾ ਨਹੀਂ ਜਾਇਗਾ ਜੀ

ਹੁਣ ਅਗੇ ਤੋਂ *ਤੁਰਕ ਦਾ ਕਦੇ ਤੀਕਰ, ਮੇਰਾ ਸਿਖ ਵਸਾਹ ਨਾ ਖਾਇਗਾ ਜੀ
ਤੇ ਇਹ ਕੰਮ ਜਿਧਾ ਕਰਤਾਰ ਸਿੰਘਾ, ਓਹ ਆਪੇ ਹੀ ਪਿਆ ਨਿਭਾਇਗਾ ਜੀ

ਪਠਾਣਾਂ ਨੇ ਰਾਜਿਆਂ ਨਾਲ ਜਾ ਮਿਲਣਾ

ਸਤਿਗੁਰਾਂ ਨ ਰੋਕਿਆ ਜਾਂਦਿਆਂ ਨੂੰ ਜਿਨਾਂ ਵਾਹਿਗੁਰੂ ਦੀ ਆਸ ਰਖਾਈ ਹੈ ਜੀ
ਸਾਰੇ ਜਾ ਓਹ ਮਿਲੇ ਪਹਾੜੀਆਂ ਨੂੰ, ਖੁਸ਼ੀ ਉਨ੍ਹਾਂ ਨੇ ਬੜੀ ਮਨਾਈ ਹੈ ਜੀ
ਨਾਲੇ ਕਿਹਾ ਪਠਾਨਾਂ ਨੇ ਬਿਨਾਂ ਸਾਡੇ, ਫੌਜ ਗੁਰੂ ਦੇ ਪਾਸ ਨ ਕਾਈ ਹੈ ਜੀ
ਕਠੇ ਹੋਏ ਨੇ ਓਥੇ ਕਮੀਨ ਕਾਂਦੂ, ਓਹ ਜਾਣਦੇ ਕੀਹ ਲੜਾਈ ਹੈ ਜੀ
ਅਸੀਂ ਕਲੇ ਹੀ ਜਿਤਾਂਗੇ ਗੁਰੂ ਜੀ ਨੂੰ, ਸਾਰੀ ਲੁਟ ਮੁਆਫ ਕਰਾਈ ਹੈ ਜੀ
ਹੈ ਲਿਖਯਾ ਹੋਯਾ ਕ੍ਰਤਾਰ ਸਿੰਘਾ, ਇਹ ਭੀ †ਰਾਜਿਆਂ ਦੀ ਚਤੁਰਾਈ ਹੈ ਜੀ

ਸਤਿਗੁਰਾਂ ਨੇ ਬੁਧੂਸ਼ਾਹ ਨੂੰ ਖਬਰ ਕਰਨੀ

ਕਾਲੇ ਖਾਂ ਬਾਕੀ ਇਕ ਰਹਿ ਗਿਆ, ਤੂੰ ਭੀ ਜਾਹ ਭਾਈ, ਗੁਰਾਂ ਸੁਨਾ ਦਿਤਾ
ਭਾਵੇਂ ਓਹ ਨ ਜਾਵਣਾ ਚਾਹੁੰਦਾ ਸੀ, ਪਰ ਗੁਰਾਂ ਇਤਬਾਰ ਉਠਾ ਦਿਤਾ
ਸਣੇ ਸੌ ਅਸਵਾਰ ਸਿਪਾਹੀ ਦੇ ਕੇ, ਗੜ੍ਹ ਪਉਂਟਿਓਂ ਬਾਹਿਰ ਕਢਾ ਦਿਤਾ
ਸਾਰਾ ਬੀਤਿਆ ਹਾਲ ਕਰਤਾਰ ਸਿੰਘਾ, ਬੁਧੂ ਸ਼ਾਹ ਦੇ ਪਾਸ ਪੁਚਾ ਦਿਤਾ

ਸਤਿਗੁਰਾਂ ਨੇ ਭੰਗਾਣੀ ਦੇ ਪਾਸ ਮੋਰਚੇ ਕਾਇਮ ਕਰਨੇ

ਸਤਿਗੁਰਾਂ ਨੇਂ ਸ਼ਤਰੂ ਆਉਂਦੇ ਸੁਣ, ਤਯਾਰ ਸੂਰਮੇ ਸਭ ਕਰਾਏ ਜਲਦੀ
ਛੇ ਕੋਹ ਪਾਉਂਟੇ ਤਾਈਂ ਰਖ ਪਿਛੇ, ਅਗੇ ਵਧ ਕੇ ਪੈਰ ਟਿਕਾਏ ਜਲਦੀ
ਇਕ ਪਿੰਡ ਭੰਗਾਣੀ ਸੀ ਪਾਸ ਓਹਦੇ, ਜਾ ਮੋਰਚੇ ਗੁਰਾਂ ਜਮਾਏ ਜਲਦੀ

---

*ਏਥੇ ਇਹ ਭਾਵ ਨਹੀਂ ਕਿ ਗੁਰੂ ਜੀ ਨੇ ਸਭ ਮੁਸਲਮਾਨਾਂ ਨਾਲ ਮੇਲ ਕਰਨਾ ਬੰਦ ਕਰ ਦਿਤਾ ਹੈ, ਆਪ ਗੁਰੂ ਜੀ ਪੀਰ ਬੁੱਧੂਸ਼ਾਹ, ਗਨੀ ਖਾਂ, ਨਬੀ ਖਾਂ ਆਦਿਕਾਂ ਤੇ ਭਾਰਾ ਭਰੋਸਾ ਰਖਦੇ ਸੇ, ਇਸ ਦਾ ਇਹ ਮਤਲਬ ਹੈ ਕਿ ਜੋ ਤੁਰਕ ਵੈਰ ਭਾਵ ਯਾ ਮਜ਼ਹਬੀ ਜ਼ਿਦ ਰਖਦਾ ਹੋਵੇ ਉਸ ਦਾ ਵਿਸਾਹ ਨਹੀਂ ਖਾਣਾ ਤੇ ਜੋ ਗੁਰੂ ਘਰ ਤੇ ਨਿਸਚਾ ਰਖਕੇ ਪ੍ਰੇਮ ਭਾਵਨਾਂ ਰਖਦਾ ਹੋਵੇ ਸਰਬਤ ਨਾਲ ਪਿਆਰ ਕਰਨਾ ਖਾਲਸੇ ਦਾ ਧਰਮ ਹੈ।

†ਲਿਖਿਆ ਹੈ ਕਿ ਫਤਹ ਸ਼ਾਹ ਦੇ ਵਜ਼ੀਰ ਰਤਨ ਚੰਦ ਤੇ ਭੀਮ ਚੰਦ ਦੇ ਵਜ਼ੀਰ ਪਰਮਾ ਨੰਦ ਨੇ ਖੁਫੀਆ ਤੌਰ ਤੇ ਪਠਾਨਾਂ ਨੂੰ ਲੋਭ ਦੇ ਕੇ ਆਪਣੇ ਵਲ ਕਰ ਲਿਆ ਸੀ, ਉਹ ਬੇਈਮਾਨ ਲੁੱਟ ਦੇ ਧਾ ਵਿਚ ਹੀ ਨਿਮਕ-ਹਰਾਮ ਹੋ ਕੇ, ਪਠਾਨਾਂ ਜੈਸੀ ਬਹਾਦਰ ਕੌਮ ਨੂੰ ਕਲੰਕਤ ਕਰ ਗਏ ਤੇ ਪਿਛੋਂ ਹਥ ਭੀ ਕੁਝ ਨਾ ਆਇਆ।

ਰਾਹ ਰੋਕ ਕੇ ਝਟ ਕਰਤਾਰ ਸਿੰਘਾ, ਪਰਤ ਪਾਊਂਟੇ ਨੂੰ ਫੇਰ ਆਏ ਜਲਦੀ

### ਉਦਾਸੀ ਸਾਧਾਂ ਨੇ ਪਤਰਾ ਵਾਚ ਜਾਣਾ

ਧਾਂਗ ਸੁਣ ਪਹਾੜੀਆਂ ਰਾਜਿਆਂ ਦੀ, ਕੰਬੇ ਕਾਇਰਾਂ ਦੇ ਚਿਤ ਆਨ ਭਾਈ
ਬੇਈਮਾਨ ਪਠਾਨ ਹੋ ਗਏ ਪਹਿਲਾਂ, ਕੰਬ ਗਈ ਮਸੰਦਾਂ ਦੀ ਜਾਨ ਭਾਈ
ਪੰਜ ਸੌ ਉਦਾਸੀ ਸਾਜ ਹੋ ਸੀ, ਜਿਹੜੇ ਰੋਜ਼ ਕੜਾਹ ਉੜਾਨ ਭਾਈ
ਨਾਮ ਜੰਗ ਦਾ ਸੁਣ-ਕੇ ਖਿਸਕ ਟੁਰੇ, ਰਾਤੋ ਰਾਤ ਉਡੰਤ ਹੋ ਜਾਨ ਭਾਈ
ਭਲਾ ਉਨ੍ਹਾਂ ਤੇਗਾਂ ਕਿਥੇ ਵਾਹਣੀਆਂ ਸਨ, ਨਿਤ ਮੰਗਕੇ ਟੁਕ ਜੋ ਖਾਨ ਭਾਈ
ਹੋਰਾਂ ਵਾਲਾ ਕਿਰਪਾਲ ਹੀ ਰਹਿ ਗਿਆ, ਗੁਰ ਸੁਣਕੇ ਬਚਨ ਸੁਨਾਨ ਭਾਈ
ਮੇਰੇ ਸਿਖ ਨ ਸਾਧਾਂ ਦਾ ਦਮ ਖਾਵਨ, ਏਹ ਮੁਫਤ ਖੋਰੇ ਘਾਟਾ ਪਾਨ ਭਾਈ
ਨਹੀਂ ਤੁਰਕ ਵਿਸਾਹ ਕਰਤਾਰ ਸਿੰਘਾ, ਏਹ ਆਖਕੇ ਤਯਾਰੀ ਵਜਾਨ ਭਾਈ

### ਸ੍ਰੀ ਗੁਰੂ ਜੀ ਨੇ ਜੰਗ ਦੇ ਵਾਸਤੇ ਤਿਆਰ ਹੋ ਕੇ ਭੰਗਾਣੀ ਪਹੁੰਚਣਾ

ਭਾਵੇਂ ਏਤਨੇ ਹੋ ਬੇਮੁਖ ਗਏ, ਸਤਿਗੁਰ ਨ ਹੌਂਸਲਾ ਢਾਹਵਦੇ ਨੇ
ਭਾਈ ਲਟਕਨ ਤੇ ਕਾਲੇ ਨਿਹਰੇ ਤਾਈਂ, ਸਾਹਿਬ ਚੰਦਨੂੰ ਪਾਸ ਬੁਲਾਂਵਦੇ ਨੇ
ਰਾਮ ਕੌਰ ਦੇ ਤਾਬਿਆ ਤੁਸਾਂ ਰਹਿਨਾ, ਪਿਛਾ ਸਾਂਭਨਾ ਆਖ ਸੁਨਾਂਵਦੇ ਨੇ
ਕੁਝ ਸੂਰਮੇ ਭੀ ਏਹਨਾਂ ਨਾਲ ਛਡੇ, ਰਾਖੀ ਪਾਊਂਟੇ ਕਰੋ ਸਮਸਾਂਵਦੇ ਨੇ
ਆਪ ਸਾਮੇ ਕਰਪਾਲ ਤੇ *ਲਾਲ ਚੰਦ ਨੂੰ ਨੰਦਚੰਦ ਨੂੰ ਤਯਾਰ ਕਰਾਂਵਦੇ ਨੇ
ਭਾਈ ਉੱਧਾ ਬਚਿਤ੍ਰ ਤੇ ਸਣੇ ਆਲਮਾਂ †ਸੰਗੋ ਮਾਹਰੀ ਜੀਤ ਮਲ ਆਂਵਦੇ ਨੇ
ਗੰਗਾ ਰਾਮ ਗੁਲਾਬ ਚੰਦ ਭਾਈ ਪੰਜ, ਨਾਲ ਹੌਂਸਲੇ ਤੇਗ ਉਠਾਂਵਦੇ ਨੇ
ਦੋਯਾ ਰਾਮ, ਸਾਂਗਾ ਰਾਣਾ, ਜੇਤਾਊਧਾ, ਚੰਦਨ ਰਾਇ ਜੈਸੇ ਮੋਹਰੇ ਧਾਂਵਦੇ ਨੇ
ਯੋਧਾ ਪੰਜ ਹਜ਼ਾਰ ਤਯਾਰ ਹੋਯਾ, ਸਭ ਤਈਂ ਸਾਮਾਨ ਵੰਡਾਂਵਦੇ ਨੇ
ਟੁਰੇ ਸੋਧ ਅਰਦਾਸ ਕਰਤਾਰ ਸਿੰਘਾ, ਓਟ ਵਾਹਿਗੁਰੂ ਇਕ ਰਖਾਂਵਦੇ ਨੇ

---

*ਲਾਲ ਚੰਦ—ਭਾਈ ਬਿਧੀ ਚੰਦ ਦਾ ਪੁੱਤਰ ਸੀ।

†ਸੰਗੋ, ਮਾਹਰੀ, ਜੀਤਾ ਮਲ, ਗੰਗਾ ਰਾਮ, ਗੁਲਾਬ ਚੰਦ—ਏਹ ਪੰਜੇ ਭਰਾ ਸ੍ਰੀ ਗੁਰੂ ਜੀ ਦੀ ਭੂਆ ਬੀਬੀ ਵੀਰੋ ਦੇ ਮਹਾਂਬਲੀ ਸਪੁੱਤਰ ਸਨ।

ਤੁਕਾ

ਟੁਰੇ ਸੂਰਮੇ ਮੁਛਾਂ ਨੂੰ ਤਾ ਦੇ ਕੇ, ਚਾ ਸ਼ਹੀਦੀ ਦਾ ਸਭ ਦੇ ਚੀਤ ਉਤੇ
ਸੀਸ ਵਾਰਨੇ ਗੁਰਾਂ ਦੇ ਚਰਨ ਅਗੇ, ਘਰੋਂ ਆਏ ਜਿਹੜੇ ਏਸੇ ਨੀਤ ਉਤੇ
ਚਾਉ ਤੇਗ ਖੜਕਾਨ ਦਾ ਸਾਰਿਆਂ ਨੂੰ, ਲੜ ਮਰਨਾ ਗੁਰਾਂ ਦੀ ਪ੍ਰੀਤ ਉਤੇ
ਚਲੋ ਪਾਉਂਟਿਓਂ ਚੜ੍ਹ ਕਰਤਾਰ ਸਿੰਘਾ, ਦੂਹਰੀ ਚੋਟ ਲਗੀ ਰਣਜੀਤ ਉਤੇ

ਗੁਰੂ ਜੀ ਨੇ ਮੋਰਚੀਂ ਫੌਜ ਬੈਠਾ ਦੇਣੀ

ਫੌਜ ਸਿਖਾਂ ਦੀ ਲੈ ਕੇ ਗੁਰੂ ਸਾਹਿਬ, ਝਟ ਪਟ ਹੀ ਪਹੁੰਚ ਭੰਗਾਣੀ ਗਏ
ਸਭ ਮੋਰਚੇ ਦੇਖ ਕੇ ਕਾਇਮ ਕੀਤੇ, ਬੈਠ ਸੂਰਮੇ ਸਭ ਟਿਕਾਣੀ ਗਏ
ਸੰਗ ਵਧ ਅਗੇ ਝੰਡਾ ਗਡਿਆ ਜਾ, ਆਙਾ ਲੈ ਕੇ ਬੈਠ ਨਵਾਣੀ ਗਏ
ਨੀਵੇਂ ਥਾਂ ਲਏ ਮਲ ਕਰਤਾਰ ਸਿੰਘਾ, ਅਗੇ ਵਗ ਜਿਥੇ ਕਦੇ ਪਾਣੀ ਗਏ

ਜੰਗ ਭੰਗਾਣੀ

ਏਧਰ ਗੁਰੂਜੀ ਤਯਾਰ ਬਰ ਤਯਾਰ ਬੈਠੇ, ਓਧ੍ਰ ਰਾਜਿਆਂ ਫੌਜਾਂ ਝੁਕਾਈਆਂ ਜੀ
ਬਾਈਧਾਰ ਪਹਾੜੀਏ ਹੋਏ ਕੱਠੇ, ਘਟਾਂ ਸਾਉਣ ਦੀਆਂ ਜਿਵੇਂ ਛਾਈਆਂ ਜੀ
ਬੇਈਮਾਨ ਪਠਾਨ ਭੀ ਜਾ ਮਿਲੇ, ਭੇਤ ਵਾਲੀਆਂ ਗਲਾਂ ਸੁਨਾਈਆਂ ਜੀ
ਫੌਜ ਕੋਈ ਨਹੀਂ ਜੋ ਗੁਰਾਂ ਪਾਸ ਚੰਗੀ, ਕੀਹ ਲੜਾਈ ਕਰਨੀ ਜੱਟਾਂ ਨਾਈਆਂ ਜੀ
ਹਥੀ ਫੜ ਲਵੋ ਚਲੋ ਗਲ ਕਹੀਏ, ਵਾਗਾਂ ਹੌਂਸਲੇ ਦੀਆਂ ਵਧਾਈਆਂ ਜੀ
ਏਸੇ ਖੁਸ਼ੀ ਦੇ ਵਿਚ ਹੀ ਅੰਨ੍ਹੇ ਹੋਕੇ, ਫੌਜਾਂ ਪਾਉਂਟੇ ਵਲ ਚਲਾਈਆਂ ਜੀ
ਪਤਾ ਲਿਓ ਨੇ, ਨ ਅਗੋ ਗਲ ਕੀਹਏ, ਲੁਟ ਮਾਰ ਲੈ ਪਕ ਪਕਾਈਆਂ ਜੀ
ਮਾਰਾਂ ਹੇਠ ਜਾਂ ਵਧਕੇ ਆ ਗਏ, ਸੰਗੋ ਸ਼ਿਸਤਾਂ ਚਾਏ ਬਨ੍ਹਾਈਆਂ ਜੀ
ਪੰਝੀ ਸੌ ਬੰਦੂਕ ਇਕ ਵਾਰ ਚਲੀ, ਸੱਥਰ ਲਾਹ ਫੌਜਾਂ ਉਲਟਾਈਆਂ ਜੀ
ਪੰਜ ਸੌ ਉੱਤੋਂ ਥਲੀ ਵਾਰ ਹੋਏ, ਹੋਸ਼ਾਂ ਸਾਰੀਆਂ ਮਾਰ ਭੁਲਾਈਆਂ ਜੀ
ਸ਼ੁਰੂ ਜੰਗ ਹੋਇਆ ਦੋਹਾਂ ਪਾਸਿਆਂ ਤੋਂ, ਫੌਜਾਂ ਰਾਜਿਆਂ ਨੇ ਅਟਕਾਈਆਂ ਜੀ
ਸੋਚ ਸਮਝਕੇ ਫੇਰ ਲੜਾਉਣ ਲਗੇ, ਜਾਗ ਪਏ ਖੁਮਾਰੀਆਂ ਲਾਹੀਆਂ ਜੀ
ਪਹਿਲਾਂ ਸੱਤ ਕੁ ਸੌ ਦੀ ਬਲੀ ਦੇਕੇ, ਫੇਰ ਸਮਝਾਂ ਉਨ੍ਹਾਂ ਨੂੰ ਆਈਆਂ ਜੀ

ਸਿੱਖੀ ਫੌਜ ਬੈਠੀ ਹੈਸੀ ਨੀਵੀਂ ਥਾਈਂ, ਪੇਸ਼ ਜਾਏ ਨ ਸੋਚਾਂ ਦੁੜਾਈਆਂ ਜੀ
ਫਤੇਸ਼ਾਹ ਤੇ ਭੀਮੇ ਨੇ ਸਮਝ ਕਰਕੇ, ਖਬੇ ਹਥ ਫੌਜਾਂ ਪਰਤਾਈਆਂ ਜੀ
ਓਧਰ ਢਾਈ ਹਜ਼ਾਰ ਜਵਾਨ ਸਣੇ, ਦੇਖ ਰਹੇ ਸਨ ਗੁਰ ਚਤਰਾਈਆਂ ਜੀ
ਨਾਲੇ ਜਾ ਪਠਾਨਾਂ ਨੂੰ ਰਾਜਿਆਂ ਨੇ, ਭਰ ਭਰ ਕੇ ਝੋਲੀਆਂ ਲਾਈਆਂ ਜੀ
ਭਾਰਾ ਲੋਭ ਦਿਤਾ ਲੁਟ ਮਾਫ ਕੀਤੀ, ਅਗੋ ਲਗੇ ਏਹ ਪਕ ਪਕਾਈਆਂ ਜੀ
ਚਾਰ ਸੌ ਸਵਾਰ ਜਰਾਰ ਲੈ ਕੇ, ਭੀਖਨ ਖਾਂ ਹੋਰਾਂ ਵਾਗਾਂ ਚਾਈਆਂ ਜੀ
ਐਲੀ ਐਲੀ ਕਰਦੇ ਕਰਤਾਰ ਸਿੰਘਾ, ਗਲ ਆਣ ਪਏ ਕਰ ਧਾਂਈਆਂ ਜੀ

ਦੀਵਾਨ ਨੰਦ ਚੰਦ ਤੇ ਦੱਯਾ ਰਾਮ ਪੁਰੋਹਤ ਨੇ ਪਹੁੰਚਣਾ

ਦੂੰ ਪਾਸੀਂ ਲੜਾਈ ਦਾ ਜ਼ੋਰ ਪਿਆ, ਸਤਿਗੁਰਾਂ ਨੇ ਭੇਦ ਏਹ ਪਾਯਾ ਜਲਦੀ
ਨੰਦ ਚੰਦ ਦੱਯਾ ਰਾਮ ਦੋਹਾਂ ਨੂੰ ਦੇ, ਪੰਜ ਸੌ ਅਸਵਾਰ ਦੁੜਾਯਾ ਜਲਦੀ
ਓਨ੍ਹਾਂ ਪਠਾਨਾਂ ਨੂੰਰੋਕ ਪਾਈ ਵਧੇ ਆਉਂਦਿਆਂ ਤਈਂ ਅਟਕਾਯਾ ਜਲਦੀ
ਮਚ ਪਿਆ ਘਮਸਾਣ ਕਰਤਾਰ ਸਿੰਘਾ, ਦਿਲ ਵੇਖ ਪਹਾੜੀਆਂ ਢਾਹਯਾ ਜਲਦੀ

ਪੀਰ ਬੁੱਧੂਸ਼ਾਹ ਨੇ ਐਨ ਜੰਗ ਮੌਕੇ ਵਿਚ ਆਉਣਾ

ਬੁਧੂ ਸ਼ਾਹ ਸੁਣਿਆ ਬੇਈਮਾਨ ਹੋ ਕੇ, ਗੁਰਾਂ ਨਾਲ ਪਠਾਨਾਂ ਖੁਟਾਈ ਕੀਤੀ
ਓਹਨੂੰ ਸ਼ਰਮ ਆਈ ਉਸੇ ਉਸ ਵੇਲੇ, ਕਠੇ ਕਰੇ ਮੁਰੀਦ ਦਾਨਾਈ ਕੀਤੀ
ਸਤ ਸੌ ਮੁਰੀਦ ਤੇ ਚਾਰ ਪੁਤ੍ਰ, ਦੋਹਾਂ ਭਾਈਆਂ ਸਣੇ ਸੀ ਧਾਈ ਕੀਤੀ
ਮਚੇ ਜੰਗ ਦੇ ਵਿਚ ਕਰਤਾਰ ਸਿੰਘਾ, ਕਾਇਮ ਪੀਰ ਨੇ ਆ ਇਕਬਾਹੀ ਕੀਤੀ

ਕਾਲੇ ਖਾਂ ਨੇ ਵੀ ਬੁੱਧੂਸ਼ਾਹ ਦੇ ਨਾਲ ਮਿਲ ਜਾਣਾ

ਕਾਲੇ ਖਾਂ ਲੈ ਅਸਵਾਰ ਬਾਕੀ, ਪਿਛੇ ਦੂਰ ਖੜਾ ਸੀ ਵਿਚਾਰਦਾ ਜੀ
ਮੈਂ ਕਿਸੇ ਪਾਸੇ ਜੋਗਾ ਰਿਹਾ ਨਾਹੀਂ, ਗੁਰੂ ਨਹੀਂ ਯਕੀਨ ਹੁਣ ਧਾਰਦਾ ਜੀ
ਜਦ ਬੁਧੂ ਸ਼ਾਹ ਦਾ ਓਹਨੂੰ ਪਤਾ ਲਗਾ, ਝਟ ਓਧਰੇ ਵਾਗ ਉਲਾਰਦਾ ਜੀ
ਨਾਲ ਮਿਲਯਾ ਜਾ ਕਰਤਾਰ ਸਿੰਘਾ, ਫੇਰ ਬਿਗੜਿਆ ਕੰਮ ਸਵਾਰਦਾ ਜੀ

ਲਾਲ ਚੰਦ ਮਾਹੀ ਤੇ ਲਾਲ ਚੰਦ ਹਲਵਾਈ

ਲਾਲ ਚੰਦ ਮਾਹੀ ਪੈਹਲਵਾਨ ਆਹਾ, ਮਹੀਆਂ ਗੁਰਾਂ ਦੀਆਂ ਨਿਤ ਚਾਰਦਾ ਜੀ
ਕਦੇ ਫੜੀ ਨ ਹਥ ਕਮਾਨ ਆਹੀ, ਅਤੇ ਵਲ ਨ ਸੀ ਤਲਵਾਰ ਦਾ ਜੀ

ਜੰਗ ਕਰਦਿਆਂ ਸਿਖਾਂ ਨੂੰ ਵੇਖਯਾ ਜਾਂ, ਓਹ ਵੀ ਜੋਸ਼ ਭਾਰਾ ਚਿਤ ਮਾਰਦਾ ਜੀ
ਬੀਬੀ ਵੀਰੋ ਦੇ ਪੁਤ ਰਹੇ ਲੜ ਜਿਥੇ, ਉਸ ਮੋਰਚੇ ਜਾ ਲਲਕਾਰਦਾ ਜੀ
ਖਿਚ ਖਿਚ ਕੇ ਤੀਰ ਚਲਾਉਨ ਲਗਾ, ਘੋੜੇ ਸਣੇ ਸਵਾਰਾਂ ਨੂੰ ਹਾਰਦਾ ਜੀ
ਲਾਲ ਚੰਦ ਹਲਵਾਈ ਨੇ ਵੇਖਯਾ ਜਾਂ, ਉਹ ਭੀਵਾਲ ਤਲਵਾਰ ਸੰਭਾਰਦਾ ਜੀ
ਬਿਨਾਂ ਤਕੜੀ ਤੋਲ ਨ ਜਾਣਦਾ ਜੋ, ਜੰਗ ਵਾਸਤੇ ਕਦਮ ਉਭਾਰਦਾ ਜੀ
ਨੰਦ ਚੰਦ ਦੇ ਮੋਰਚੇ ਜਾ ਵੜਿਆ, ਸਿਰ ਕਈਆਂ ਦੇ ਚਾ ਉਤਾਰਦਾ ਜੀ
ਵੇਖ ਵੇਖ ਕੇ ਗੁਰੂ ਜੀ ਹਸ ਰਹੇ, ਵਾਹ ਵਾਹ ਕਰ ਕੋਈ ਉਚਾਰਦਾ ਜੀ
ਦੰਗ ਰਹੇ ਪਠਾਨ ਭੀ ਵੇਖ ਕਰਕੇ ਢੇਹ ਗਿਉ ਨੇ ਬੁਰਜ ਹੰਕਾਰ ਦਾ ਜੀ
ਅੰਰ ਦੋਏਂ ਸ਼ਹੀਦ ਹੋ ਪਾਰ ਬੋਲੇ, ਮੁਕਾ ਆਵਣਾ ਫੇਰ ਸੰਸਾਰ ਦਾ ਜੀ
ਜੰਮਨ ਮਰਨ ਤੋਂ ਰਹਿਤ ਕ੍ਰਤਾਰ ਸਿੰਘਾ, ਜੇਹੜਾ ਧ੍ਰਮ ਉਤੇ ਸੀਸ ਵਾਰਦਾ ਜੀ

ਘੋਰ ਜੰਗ

ਰਾਜੇ ਰਾਣਿਆਂ ਤਈਂ ਗੁਮਾਨ ਹੈਸੀ, ਫੌਜਾਂ ਜ਼ੋਰ ਦੇ, ਦੇ ਵਧਾਂਵਦੇ ਰਹੇ
ਭੀਮ ਚੰਦ ਕਿਤੇ ਫਤਹ ਸ਼ਾਹ ਕਿਤੇ, ਹਰੀ ਚੰਦ ਗੋਪਾਲ ਲੜਾਂਵਦੇ ਰਹੇ
ਮਧੁਕਰ ਸ਼ਾਹ ਜਹੇ ਰਜਪੂਤ ਬਲੀ, ਘੇਰ ਘੇਰ ਕੇ ਫੌਜਾਂ ਝੁਕਾਂਵਦੇ ਰਹੇ
ਕਿਤੇ ਨਿਮਕ ਹਰਾਮ ਪਠਾਨ ਪਾਜ਼ੀ, ਵਧ ਵਧਕੇ ਜੌਹਰ ਦਖਾਂਵਦੇ ਰਹੇ
ਏਧਰ ਗੁਰੂ ਜੀ ਦੇ ਜਥੇਦਾਰ ਜਿੰਨੇ, ਮੂੰਹ ਭੇਨ ਕੇ ਪਿਛਾਂ ਹਟਾਂਵਦੇ ਰਹੇ
ਬੁਧੂਸ਼ਾਹ ਕਿਤੇ ਜੀਤ ਮਲ ਕਿਧਰੇ, ਸੰਗੋਸ਼ਾਹ ਮਾਹਰੀ ਤੇਗਾਂ ਵਾਂਹਵਦੇ ਰਹੇ
ਨੰਦ ਚੰਦ ਤੇ ਕਿਤੇ ਗੁਲਾਬ ਰਾਏ, ਦੇਯਾ ਰਾਮ ਤੇ ਡੂੰਗ ਜੀ ਧਾਂਵਦੇ ਰਹੇ
ਕਿਤੇ ਮਾਮਾ ਕ੍ਰਿਪਾਲ ਤੇ ਸਾਂਗਾ ਰਾਣਾ, ਵਧ ਵਧਕੇ ਹਥ ਵਟਾਂਵਦੇ ਰਹੇ
ਸਤਿਗੁਰੂ ਜੀ ਹਟਕੇ ਦੂਰ ਪਿਛੇ, ਸਾਰਾ ਜੰਗ ਦਾ ਢੰਗ ਬਤਾਂਵਦੇ ਰਹੇ
ਜਿਥੇ ਲੋੜ ਪੈਂਦੀ ਉਥੇ ਝਟ ਦੇ ਕੇ, ਪਿਛੋਂ ਮਦਦਾਂ ਹੋਰ ਪੁਚਾਂਵਦੇ ਰਹੇ
ਤ੍ਰਿੰਨ ਪੇਹਰ ਲੜਾਈ ਰਹੀ ਤੁਲਵੀਂ ਜੀ ਬਹੁਤ ਜੋਰ ਪਹਾੜੀਏ ਲਾਂਵਦੇ ਰਹੇ
ਜਿੰਨੇ ਵਧੇ ਵੈਰੀ ਅਗੇ ਆਂਵਦੇ ਰਹੇ, ਸਿਖ ਉਨਾ ਹੀ ਮਾਰ ਧਕਾਂਵਦੇ ਰਹੇ

---

ਨੋਟ—ਬਚਿਤ੍ਰ ਨਾਟਕ ਗ੍ਰੰਥ ਵਿਚ ਸ੍ਰੀ ਦਸਮੇਸ਼ ਜੀ ਨੇ ਇਨ੍ਹਾਂ ਦੀ ਬਹਾਦਰੀ ਆਪ ਵਰਣਨ ਕੀਤੀ ਹੈ ਯਥਾ—ਕ੍ਰੁਪੇ ਲਾਲ ਚੰਦੰ ਕੀਏ ਲਾਲ ਰੂਪੰ ॥ ਜਿਨੈ ਗਜੀਅੰ ਗਰਬ ਸਿੰਘੰ ਅਨੂਪੰ ॥
ਕ੍ਰੁਪਿਯੰ ਮਾਹਰੂ ਕਾਹਰੂ ਰੂਪ ਧਾਰੈ ॥ ਜਿਨੈ ਖਾਨ ਖਵਾਨੀਸੇਖਤ ਮਾਰੈ ॥

ਸੌਣ ਮਾਂਹ ਦੀਆਂ ਘਟਾਂ ਵਾਂਗ ਔਂਦੇ, ਸਿਖ ਪੌਣ ਹੋ ਮਾਰ ਉਡਾਂਵਦੇ ਰਹੇ
ਮੁਦਾ ਗਲ ਕਾਦੀ ਭਾਰੀ ਜੰਗ ਹੋਯਾ, ਰਾਜੇ ਖਾ ਗੁਸੇ ਚੜ੍ਹ ਆਂਵਦੇ ਰਹੇ
ਤੀਰ ਸਤਿਗੁਰਾਂ ਦੇ ਕਰਤਾਰ ਸਿੰਘਾ, ਢਾਹ ਕੇਲਿਆਂ ਵਾਂਗ ਲਟਕਾਂਵਦੇ ਰਹੇ

ਉਦਾਸੀ ਕ੍ਰਿਪਾਲ ਚੰਦ

ਪਿਛੇ ਗੁਰਾਂ ਦੇ ਪਾਸ ਕ੍ਰਿਪਾਲ ਖੜਾ, ਨਾਲ ਰਜਿਆ ਭੰਗ ਡਕਾਰਦਾ ਓਹ
ਓਧਰ ਜ਼ੋਰ ਪਠਾਣਾਂ ਨੇ ਬਹੁਤ ਪਾਯਾ, ਸਾਧ ਵੇਖ ਕੇ ਨਾ ਸਹਾਰਦਾ ਓਹ
ਲੈਕੇ ਆਗਿਆ ਗੁਰਾਂ ਤੋਂ ਟੁਰ ਪਿਆ, ਮੋਢੇ ਕੁਤਕੇ ਤਈਂ ਸੰਭਾਲਦਾ ਓਹ
ਜਿਥੇ ਖਾਂ ਹਯਾਤ ਸੀ ਲੜ ਰਿਹਾ, ਓਹਦੇ ਪਾਸ ਜਾ ਕੇ ਲਲਕਾਰਦਾ ਓਹ
ਪੱਬਾਂ ਭਾਰ ਹੋ ਕੇ ਕੁਤਕ ਵੀਹ ਸੇਰੀ, ਸਿਰ ਖਾਂ ਹਯਾਤ ਦੇ ਮਾਰਦਾ ਓਹ
ਜਿਵੇਂ ਮਟਕੀ ਦਹੀਂ ਦੀ ਭੰਨ ਸੁਟੀ, ਧਕ ਘੋੜਿਓਂ ਹਿਠਾਂ ਉਲਾਰਦਾ ਓਹ
ਏਹ ਵੇਖ ਕੇ ਸਾਧ ਦਾ ਹਥ ਡਾਢਾ, ਗੁਸਾ ਖਾਂ ਨਜਾਬਤ ਧਾਰਦਾ ਓਹ
ਘੋੜਾ ਛੇੜਕੇ ਸਾਧ ਦੇ ਵਲ ਆਇਆ, ਨੰਦਚੰਦ ਡਿਠਾ ਤੇ ਉਚਾਰਦਾ ਓਹ
ਜਾਣਾ ਪਾਈਂ ਨਖਾਨਾ ਤੂੰ ਖੜਾਹੋਜਾਹ ਬਰਛੀ ਮਾਰਕੇ ਖਾਨ ਖਲ੍ਹਾਰਦਾ ਓਹ
ਖਾਨ ਜਖਮੀ ਹੋਯਾ ਕਰਤਾਰ ਸਿੰਘਾ, ਸਾਧ ਬਚਿਆ ਖੁਸ਼ੀ ਗੁਜਾਰਦਾ ਓਹ

ਜੰਗ ਦਾ ਜ਼ੋਰ

ਅਗੇ ਕਰ ਪਠਾਨਾਂ ਨੂੰ ਝੁਕੇ ਰਾਜੇ ਮਾਨੋਂ ਸਿਖਾਂ ਦੇ ਤਾਈਂ ਮੁਕਾਨ ਲਥੇ
ਏਧਰ ਗੁਰੂ ਜੀ ਭੀ ਅਗੇ ਵਧ ਆਏ, ਸਿਖ ਗਜ ਕੇ ਵਿਚ ਮੈਦਾਨ ਲਥੇ
ਤੇਗਾਂ ਤੀਰਾਂ ਤੇ ਗੋਲੀਆਂ ਹੋਈ ਬਰਖਾ, ਹੋ ਕੇ ਸੂਰਮੇ ਲਹੂ ਲੁਹਾਨ ਲਥੇ
ਤੀਰ ਗੁਰੂ ਜੀ ਦੇ ਲਾਹੀ ਜਾਨ ਸੱਥਰ, ਚੜ੍ਹਾ ਦੜ ਜਵਾਨਾਂ ਦੇ ਘਾਨ ਲਥੇ
ਮਾਹਰੀ ਚੰਦ ਤਾਈਂ ਭਾਰੀ ਜਖਮ ਲਗਾ, ਸੈ ਪਹਾੜੀਏ ਹੋ ਬੇ ਜਾਨ ਲਥੇ
ਓਸ ਘੜੀ ਅਜੇਹੀ ਆ ਰਾਰ ਮਚੀ, ਦੋ ਮਾਵਾਂ ਦੇ ਪੁਤ ਪ੍ਰਾਨ ਲਥੇ
ਇਕ ਪੁਤਰ ਰਾਜੇ ਜੰਡੂਰੀਏ ਦਾ, ਤੇ ਵਜੀਰ ਇਹ ਵਿਚ ਘਮਸਾਨ ਲਥੇ
ਫਤੇ ਸ਼ਾਹ ਦਾ ਭਾਣਜਾ ਕੀਦਾ ਰਾਣਾ, ਤੇ ਗੋਪਾਲ ਦਾ ਸਾਲਾ ਪਛਾਨ ਲਥੇ

---

*ਬਚਿਤ੍ਰ ਨਾਟਕ ਵਿਚ ਸਤਿਗੁਰਾਂ ਨੇ ਇਉਂ ਲਿਖਿਆ ਹੈ :—
ਕਿਰਪਾਲ ਕੋਪੀਯੰ ਕੁਤਕੰ ਸੰਭਾਰੀ ॥ ਹਠੀ ਖਾਨ ਹਯਾਤ ਕੇ ਸੀਸ ਝਾਰੀ ॥
ਉਠੀ ਛਿਛ ਇਛੰ ਕਢਾ ਮਿਝ ਜੋਰੰ ॥ ਮਨੋ ਮਾਖਨੰ ਮਟਕੀ ਕਾਨ੍ਹ ਫੋਰੰ ॥

ਇਸ ਹਲੇ ਦੇ ਵਿਚ ਕਰਤਾਰ ਸਿੰਘਾ, ਸਥਰ ਸੈਂਕੜੇ ਘੋੜੇ ਜਵਾਨ ਲਥੇ

ਰਥਾ

ਏਹ ਵੇਖ ਕੇ ਹਰੀ ਚੰਦ ਖਾ ਗੁਸਾ, ਫੌਜ ਤਈਂ ਵਧਾ ਲਿਆਂਵਦਾ ਏ
ਜੀਤ ਮਲ ਲੈ ਕੇ ਸਾਹਿਬ ਚੰਦ ਤਾਈਂ, ਅਗੋਂ ਜਾ ਓਹਨੂੰ ਅਟਕਾਂਵਦਾ ਏ
ਦੋਹਾਂ ਪਾਸਿਆਂ ਤੋਂ ਭਾਰੀ ਸਾਰ ਵਰ੍ਹਿਆ, ਹਰੀ ਚੰਦ ਕਾਰੀਜ਼ਖਮ ਖਾਂਵਦਾ ਏ
ਤੇ ਗੁਪਾਲ ਨੂੰ ਵੀ ਕੁਝ ਜ਼ਖਮ ਲਗਾ, ਪਿਛਾਂ ਭਜਕੇ ਜਾਨ ਬਚਾਂਵਦਾ ਏ
ਰਿਹਾ ਤਕੜਾ ਕੇਸਰੀ ਸਿੰਘ ਖੜਾ, ਛਡ ਮੋਰਚਾ ਪਿਛਾਂ ਨ ਜਾਂਵਦਾ ਏ
ਧਰਮਪਾਲ ਆਦਿਕ ਰਾਜੇ ਚੰਗੇ ਲੜੇ, ਪਰ ਹਥ ਨ ਕੁਝ ਭੀ ਆਂਵਦਾ ਏ
ਪੂਰੀ ਸਿਖਾਂ ਨੇ ਕੁਝ ਨ ਪੈਣ ਦਿਤੀ, ਪੱਲਾ ਹਾਰ ਦੀ ਸ਼ਕਲ ਦਿਖਾਂਵਦਾ ਏ
ਮਧੁਕਰ ਸ਼ਾਹ ਢਡਵਾਲੀਆ ਖਾ ਗੁਸਾ, ਸਿੰਘ ਕੇਸਰੀ ਨਾਲ ਰਲਾਂਵਦਾ ਏ
ਗਾਜ਼ੀ ਚੰਦ ਲਲਕਾਰਦਾ ਵਧ ਆਯਾ ਸੰਗੋ ਆਉਂਦੇ ਨੂੰ ਤੀਰ ਚਲਾਂਵਦਾ ਏ
ਗਾਜ਼ੀ ਚੰਦ, ਨਜ਼ਾਬਤ ਖਾਂ ਡਿਠਾ, ਓਹ ਸੰਗੋ ਨੂੰ ਪਾਰ ਬੁਲਾਂਵਦਾ ਏ
ਪਾਰ ਆਪ ਭੀ ਨਾਲ ਹੀ ਹੋ ਗਿਆ, ਕਾਲ ਦੋਹਾਂ ਨੂੰ ਕਠੇ ਲੰਘਾਂਵਦਾ ਏ
ਸੰਗੋ ਜੂਝ ਗਿਆ ਕਰਤਾਰ ਸਿੰਘਾ, ਜੋਸ਼ ਗੁਰਾਂ ਦਾ ਨਹੀਂ ਸਮਾਂਵਦਾ ਏ

ਸਤਿਗੁਰਾਂ ਨੇ ਘੋਰ ਜੰਗ ਕਰਨਾ

ਜੀਤ ਮਲ, ਸੰਗੋ ਸ਼ਾਹ ਜੂਝ ਗਏ, ਵੇਖ ਗੁਰਾਂ ਨੇ ਜੋਸ਼ ਵਧਾਯਾ ਬੁਰਾ
ਘੋੜਾ ਛੇੜਕੇ ਵਿਚ ਮੈਦਾਨ ਆਏ, ਤਿਥੇ ਤੀਰਾਂ ਦਾ ਮੀਂਹ ਬਰਸਾਯਾ ਬੁਰਾ
ਆਨ ਸਿਖ ਭੀ ਫੇਰ ਤਾਂ ਕੁਦ ਪਏ, ਉਤੇ ਸਾਰ ਦਾ ਸਾਰ ਖੜਕਾਯਾ ਬੁਰਾ
ਮਾਰੋ ਮਾਰ ਸਚੀ ਰੌਲਾ ਪਿਆ ਆਕੇ, ਖੌਫ ਉਤੇ ਪਹਾੜੀਆਂ ਛਾਯਾ ਬੁਰਾ
ਥਾਂ ਥਾਂ ਪਹਾੜੀਏ ਢਠ ਤੁਰੇ, ਸਿਖਾਂ ਵਧ ਕੇ ਜੰਗ ਮਚਾਯਾ ਬੁਰਾ
ਕੁਝ ਧੂੜ ਉੱਡੀ ਕੁਝ ਥਕ ਗਏ, ਦਿਲ ਰਾਜਿਆਂ ਦਾ ਘਬਰਾਯਾ ਬੁਰਾ
ਹਾਰ ਵੇਖ ਹਰੀ ਚੰਦ ਮਹਾਂਬਲੀ, ਜੋਸ਼ ਵਿਚ ਆ ਕੇ ਖਿਸਆਯਾ ਬੁਰਾ
ਅਗੇ ਵਧ ਆਯਾ, ਲਲਕਾਰਦਾ ਉਹ, ਜੋਸ਼ ਜੰਗ ਦੇ ਵਿਚ ਉਠਾਯਾ ਬੁਰਾ
ਤੀਰ ਮਾਰਿਆ ਓਸ ਨੇ ਗੁਰੂ ਜੀ ਨੂੰ, ਲਗਾ ਘੋੜੇ ਨੂੰ, ਵੇਖ ਸ਼ਰਮਾਯਾ ਬੁਰਾ
ਦੂਜਾ ਨਾਲ ਛੇਤੀ ਫੇਰ ਚਾੜ੍ਹ ਚਿਲੇ, ਸ਼ਿਸਤ ਮਥੇ ਦੀ ਲੈ ਚਲਾਯਾ ਬੁਰਾ

ਓਹ ਭੀ ਕੰਨ ਨੂੰ ਛੋਹਕੇ ਲੰਘ ਗਿਆ, ਤੀਜਾ ਚਿਲੇ ਤੇ ਫੇਰ ਚੜ੍ਹਾਯਾ ਬੁਰਾ
ਤਕ ਫੇਰ ਉਸ ਮਾਰਿਆ ਵਿਚ ਛਾਤੀ, ਏਹ ਵਿਚ ਨਸ਼ਾਨ ਦੇ ਆਯਾ ਬੁਰਾ
ਪੇਟੀ ਚੀਰ ਕੇ ਥੱੜਾ ਕੁ ਜਾ ਵਜਾ, ਗੁਰਾਂ ਪੁਟ ਕੇ ਦੂਰ ਵਗਾਯਾ ਬੁਰਾ
ਫੇਰ ਚੜ੍ਹਿਆ ਰੋਹ ਕਰਤਾਰ ਸਿੰਘਾ, ਗੁਸਾ ਚਿਤ ਦੇ ਵਿਚ ਸਮਾਯਾ ਬੁਰਾ

ਸਤਿਗੁਰਾਂ ਨੇ ਬਚਿਤ੍ਰ ਨਾਟਕ ਵਿਚ ਇਉਂ ਅਲੰਕਾਰ ਦਿਖਿਆ

ਹਰੀ ਚੰਦ ਕੋਪੇ ਕਮਾਨੰ ਸੰਭਾਰੰ। ਪ੍ਰਥਮ ਬੀਜਯੰ ਤਾਣ ਬਾਣੰ ਪ੍ਰਹਾਰੰ॥ ਦੁਤੀਯ ਤਾਕ ਕੈ ਤੀਰ ਮੋ ਕੋ ਚਲਾਯੰ। ਰਖਯੋ ਦਈਵ ਮੈਂ ਕਾਨ ਛ੍ਵੈ ਕੇ ਸਿਧਾਯੰ॥ ਤ੍ਰਿਤੀਯ ਬਾਨ ਮਾਰਿਉ ਸੁ ਪੇਟੀ ਮਝਾਰੰ॥ ਬਿਧੀਅੰ ਚਿਲਕੰਤ ਦੁਆਲ ਪਾਰੰ ਪਧਾਰੰ॥ ਚੁਭੀ ਚਿੰਚ ਚਰਮੰ ਕਛੂ ਘਾਇ ਨ ਆਯੰ। ਕਲੰ ਕੇਵਲੰ ਜਾਨ ਦਾਸੰ ਬਚਾਯੰ॥

ਰਾਜੇ ਹਰੀ ਚੰਦ ਦਾ ਮਰਨਾ

ਹਰੀ ਚੰਦ ਲਾੜਾ ਵਿਚ ਜੰਗ ਦੇ ਸੀ, ਅਗੇ ਗੁਰੂ ਜੀ ਦੇ ਉਹ ਆਣ ਜੁਟਾ
ਤਿੰਨ ਵਾਰ ਕੀਤੇ ਉਸ ਗਏ ਖਾਲੀ; ਕਾਹਲੀ ਪੈ ਗਈ ਹੌਂਸਲਾ ਆਣ ਹੁਟਾ
ਏਧਰ ਜ਼ਖਮ ਖਾ ਗੁਰੂ ਜੀ† ਜੋਸ਼ ਭਰੇ, ਤਿਖਾ ਉਨ੍ਹਾਂ ਦੇ ਹਥ ਚੋਂ ਤੀਰ ਛੁਟਾ
ਉਹ ਵਿੰਨ੍ਹ ਸੰਜੋ ਨੂੰ ਪਾਰ ਹੋਯਾ, ਚੁਕ ਮਾਰਿਆ ਜ਼ਿਮੀਂ ਤੇ ਕਰ ਪੁਠਾ
ਹਰੀ ਚੰਦ ਡਿਗਾ ਵੇਖ ਰਾਜਿਆਂ ਦਾ, ਗਿਆ ਹੌਂਸਲਾ ਤੇ ਆਨ ਲਕ ਟੁਟਾ
ਭਾਂਜ ਥਾਂ ਥਾਂ ਪਈ ਕਰਤਾਰ ਸਿੰਘਾ, ਸਿਖ ਚੜ੍ਹੇ ਮੋਂਦੀਂ ਕਰ ਕਰ ਝੁਟਾ

ਪਹਾੜੀਆਂ ਦਾ ਆਖਰੀ ਹਲਾ ਤੇ ਮਾਰ ਖਾਣੀ

ਹਾਰ ਹੋਂਵਦੀ ਵੇਖਕੇ ਸ਼ਾਹ ਮਧੁਕਰ, ਫਤੇ ਸ਼ਾਹ ਦੋਵੇਂ ਗੁਸਾ ਖਾਂਵਦੇ ਨੇ
ਫੌਜਾਂ ਘੇਰਕੇ ਦੇਨਾ ਅਨਾਮ ਕਰਕੇ, ਇਕ ਵਾਰ ਤਾਂ ਮੋੜ ਲਿਆਂਵਦੇ ਨੇ
ਹਰੀ ਚੰਦ ਦਾ ਬਦਲਾ ਲੈਣ ਲਈ, ਦੇ ਕੇ ਹੌਂਸਲਾ ਫੌਜ ਝੁਕਾਂਵਦੇ ਨੇ
ਡਾਢੀ ਮਾਰਦਾ ਆਣ ਘਮਸਾਣ ਮਚਾ, ਗੋਲੀ ਤੀਰਾ ਮੀਂਹ ਵਰਸਾਂਵਦੇ ਨੇ

---

†ਜਬੈ ਬਾਨ ਲਾਗੇ ॥ ਤਬੈ ਰੋਸ ਜਾਗੇ।
ਏਹ ਬਚਨ ਸਤਿਗੁਰਾਂ ਨੇ ਤੀਸਰਾ ਹਰੀ ਚੰਦ ਦਾ ਤੀਰ ਵਜਣ ਵੇਲੇ ਉਚਾਰਿਆ ਸੀ।

ਇਕ ਦੂਸਰੇ ਦੀ ਨ ਸੰਭਾਲ ਰਹੀ, ਜਵਾਨ ਮਾਰਕੇ ਧਰਤ ਲਟਾਂਵਦੇ ਨੇ
ਸਿਖੀ ਫੌਜ ਭਾਵੇਂ ਜ਼ੋਰ ਲਾਇਆ ਬਹੁਤ ਝਾਲ ਝਲੀ ਨ ਗਈ ਘਬਰਾਂਵਦੇ ਨੇ
ਏਹ ਵੇਖਕੇ ਗੁਰੂ ਜੀ ਛੇੜ ਘੋੜਾ, ਮੋਹਰੇ ਜਾ ਖੜ ਜੰਗ ਪਾਂਵਦੇ ਨੇ
ਫੜੋ ਮਾਰ ਲਵੋ ਸ਼ੇਰੋ ਜਾਨ ਨ ਦਿਹੋ, ਡਿਗੇ ਹੌਂਸਲੇ ਤਈਂ ਵਧਾਂਵਦੇ ਨੇ
ਵਿਚ ਕ੍ਰੋਧ ਦੇ ਆਣਕੇ ਤੀਰ ਛਡੇ, ਮਾਰ ਸਇਆਂ ਨੂੰ ਪਾਰ ਬੁਲਾਂਵਦੇ ਨੇ
ਬਸ ਫੇਰ ਤਾਂ ਸਿਖ ਭੀ ਹੌਂਸਲਾ ਧਰ, ਕੁਦ ਪਏ ਸ਼ੇਰਾਂ ਵਾਂਗੂ ਖਾਂਵਦੇ ਨੇ
ਭੇਡਾਂ ਵਾਂਗ ਪਹਾੜੀਏ ਧਰ ਅਗੇ, ਮਾਰ ਪੈਰਾਂ ਤੋਂ ਝਟ ਹਲਾਂਵਦੇ ਨੇ
ਪਿਆ ਸਿਖਾਂ ਦਾ ਜ਼ੋਰ ਕਰਤਾਰ ਸਿੰਘਾ, ਵੈਰੀ ਡਰ ਕੇ ਦੁੰਬ ਦਬਾਂਵਦੇ ਨੇ

ਰਾਮੇ ਤਰਖਾਣ ਚੰਡਾਲ ਗਜ਼ੀਏ ਨੇ ਲਕੜ ਦੀਆਂ ਤੋਪਾਂ ਲਿਆਵਣੀਆਂ

ਓਸ ਵੇਲੇ ਰਾਮਾ ਸਿਖ ਗੁਰੂ ਜੀ ਦਾ, ਤੋਪਾਂ ਕਾਠ ਦੀਆਂ ਦੋ ਲਿਆਂਵਦਾ ਏ
ਹੈਸਨ ਇੰਬਲੀਦੀਆਂ ਬਣਾਈਆਂ ਉਸਨੇ, ਭੇਟਾ ਗੁਰਾਂਦੀ ਆਣ ਕਰਾਂਵਦਾ ਏ
ਜਾਂ ਬੀੜ ਉਚੇ ਥਾਂ ਫੇਰ ਕੀਤੇ, ਗੂੰਜ ਪਈ ਜਿਉਂ ਮੇਘ ਗਰਜਾਂਵਦਾ ਏ
ਉਠੇ ਦਹਿਲ ਪਹਾੜੀਏ ਇਕੋ ਵਾਰੀ, ਖੇਹ ਸਾਰਿਆਂ ਦੇ ਉਤੇ ਛਾਂਵਦਾ ਏ
ਕੁਝ ਦਿਨ ਛਪਿਆ ਕੁਝ ਧੂੜ ਉਡੀ, ਕੁਝ ਧੂਆਂ ਅਨੇਰ ਮਚਾਂਵਦਾ ਏ
ਗਏ ਹੌਂਸਲੇ ਟੁਟ ਪਹਾੜੀਆਂ ਦੇ, ਇਕ ਇਕ ਆ ਪੈਰ ਖਸਕਾਂਵਦਾ ਏ
ਓਧਰ ਗੁਰਾਂ ਦੇ ਤੀਰਾਂ ਆਹੂ ਲਾਹੇ, ਨਹੀਂ ਠਹਰਿਆ ਸਾਹਮਣੇ ਜਾਂਵਦਾ ਏ
ਪੈਰ ਉਖੜੇ ਆਣ ਕਰਤਾਰ ਸਿੰਘਾ, ਫੇਰ ਕੁਝ ਭੀ ਬਣ ਨਾ ਆਂਵਦਾ ਏ

ਸਤਿਗੁਰਾਂ ਦੀ ਫਤ੍ਹੇ ਤੇ ਪਹਾੜੀਆਂ ਨੇ ਹਾਰ ਖਾਣੀ

ਵੈਰੀ ਉਖੜੇ ਵੇਖਕੇ ਗੁਰੂ ਜੀ ਨੇ, ਇਕੋ ਵਾਰ ਹੀ ਹਲਾ ਬੁਲਾ ਦਿਤਾ
ਸਿਖ ਬੋਲ ਅਕਾਲ ਅਕਾਲ ਪਏ, ਤੇਗਾਂ ਮਾਰ ਸਥਾਰ ਵਿਛਾ ਦਿਤਾ
ਫੌਜਾਂ ਨਠ ਤੁਰੀਆਂ ਗਈਆਂ ਰੋਕੀਆਂ ਨਾ, ਫੇਰ ਰਾਜਿਆਂ ਹੌਂਸਲਾ ਢਾ ਦਿਤਾ
ਜਿਧਰ ਮੂੰਹ ਹੋਇਆ ਗਏ ਭਜ ਓਧਰ, ਇਕ ਦੂਜੇ ਨੂੰ ਸਾਥ ਨ ਕਾ ਦਿਤਾ
ਸਿਖਾਂ ਕਰ ਪਿਛਾ ਬਹੁਤੇ ਮਾਰ ਢਾਹੇ, ਐਨ ਕਰ ਮੈਦਾਨ ਸਫਾ ਦਿਤਾ
ਪਹਿਲੀ ਜਿਤ ਹੋਈ ਇਹ ਕ੍ਰਤਾਰ ਸਿੰਘਾ, ਸਿਖਾਂ ਹੌਂਸਲਾ ਬੜਾ ਵਧਾ ਦਿਤਾ

## ਵਾਰ ਕਵੀ

ਦਿਤੀ ਫਤ੍ਹੇ ਅਕਾਲ ਨੇ ਗੁਰੂ ਜੀ ਨੂੰ, ਕੀਤਾ ਸ਼ੁਕਰ ਹਜ਼ਾਰ ਕਰਤਾਰ ਭਾਈ
ਬਾਈ ਧਾਰਾਂ ਦੇ ਰਾਜਿਆਂ ਹਾਰ ਖਾਧੀ, ਗਲ ਸੁਣੀ ਸਾਰੇ ਸੰਸਾਰ ਭਾਈ
ਕਈ ਰਾਜੇ ਰਾਣੇ ਰਹੇ ਖੇਤ ਅੰਦਰ, ਤੇ ਸਪਾਹੀ ਭੀ ਡੇਢ ਹਜ਼ਾਰ ਭਾਈ
ਅਗੋ ਵਾਸਤੇ ਛੂਤ ਝੜਾ ਗਏ, ਤੇ ਸਾਮਾਨ ਦੇ ਗਏ ਅਪਾਰ ਭਾਈ
ਭਾਵੇਂ ਗੁਰੂ ਜੀ ਦੇ ਯੋਧੇ ਮਰੇ ਕਈ, ਬੀਬੀ ਵੀਰੋ ਦੇ ਪੁਤ ਸਰਦਾਰ ਭਾਈ
ਜੀਤ ਮਲ ਸੰਗੋ ਸ਼ਾਹ ਦੋਏਂ ਭਾਈ, ਹੋ ਸ਼ਹੀਦ ਗਏ ਤੇਗਾਂ ਮਾਰ ਭਾਈ
ਬੁਧੂ ਸ਼ਾਹ ਦੇ ਭੀ ਦੋ ਪੁਤਰ ਮਰੇ, ਅਤੇ ਇਕ ਭਿਰਾ ਵਿਚਾਰ ਭਾਈ
ਘਾਟੇ, ਜਿੱਤ ਸਾਰੇ ਪੂਰੇ ਕਰ ਦਿਤੇ, ਮਾਲ ਹਥ ਆਯਾ ਬੇਸ਼ੁਮਾਰ ਭਾਈ
ਫੇਰ ਵਿਚ ਮੈਦਾਨ ਦੇ ਕਰ ਚਾਨਣ, ਡਿਗੇ ਸਿਖਾਂ ਨੂੰ ਲਿਆ ਸਭਾਰ ਭਾਈ
ਜਿਹੜੇ ਮਰ ਦਰਯਾ ਪ੍ਰਵਾਹ ਕੀਤੇ, ਚੰਗੀ ਜ਼ਖਮੀਆਂ ਦੀ ਕੀਤੀ ਸਾਰ ਭਾਈ
ਧੌਂਸੇ ਫਤ੍ਹੇ ਦੇ, ਦੇਕੇ ਪਾਉਂਟੇ ਨੂੰ, ਆਏ ਗੁਰੂ ਜੀ ਧਰਮ ਅਵਤਾਰ ਭਾਈ
ਮੂਧੇ ਮਾਰ ਨਗਾਰੇ ਕਰਤਾਰ ਸਿੰਘਾ, ਰਾਜੇ ਗਏ ਬੁਰੀ ਖਾ ਕੇ ਹਾਰ ਭਾਈ

### ਪਾਉਂਟੇ ਵਿਚ ਖੁਸ਼ੀਆਂ ਤੇ ਧਾਮਕਾਂ

ਵਿਚ ਜਿਤ ਦੀ ਖੁਸ਼ੀ ਦੇ ਮਾਤਾ ਜੀ ਨੇ, ਰਾਤ ਰੋਸ਼ਨੀ ਸਾਰੇ ਕਰਾਈ ਚੰਗੀ
ਭਿਜੀ ਖੂਨ ਦੀ ਬਰਦੀ ਗੁਰੂ ਜੀ ਦੀ, ਲਾਹ ਹੋਰ ਪੁਸ਼ਾਕ ਪਹਿਨਾਈ ਚੰਗੀ
ਜ਼ਖਮ ਜ਼ਖਮੀਆਂ ਦੇ ਸਭ ਸਾਫ ਕਰਕੇ, ਸਾਲ ਪਤਰ ਬਨ੍ਹਾਏ ਦਵਾਈ ਚੰਗੀ
ਗਰਮ ਗਰਮ ਕੜਾਹ ਛਕਾਯਾ ਸਭ ਨੂੰ, ਫੇਰ ਸੌਂ ਕੇ ਰਾਤ ਲੰਘਾਈ ਚੰਗੀ
ਦਿਨੇ ਉਠਕੇ ਗੁਰਾਂ ਦ੍ਰਬਾਰ ਲਾਯਾ, ਕੀਤੀ ਯੋਧਿਆਂ ਦੀ ਵਡਿਆਈ ਚੰਗੀ
ਦਾਨ ਮਾਨ ਦਿਤੇ ਸਿਰੋਪਾਉ ਭਾਰੇ, ਹੋਰ ਸਭ ਦੀ ਆਸ ਪੁਜਾਈ ਚੰਗੀ
ਦੇਕੇ ਖੁਸ਼ੀਆਂ ਸਭ ਨੂੰ ਵਿਦਾ ਕੀਤਾ ਜਿਹੜੇ ਰਹੇ ਕੀਤੀ ਪਹੁਨਾਈ ਚੰਗੀ
ਫੇਰ ਪਿਛਲੇ ਪਹਿਰ ਦੀਵਾਨ ਲਗਾ, ਸੰਗਤ ਉਸੇ ਤਰ੍ਹਾਂ ਜੁੜ ਆਈ ਚੰਗੀ
ਬੁਧੂ ਸ਼ਾਹ ਦੇ ਨਾਲ ਅਫਸੋਸ ਕੀਤਾ, ਨਾਲੇ ਕਰ ਵਡਿਆਈ ਸੁਨਾਈ ਚੰਗੀ
ਲੈਕੇ ਇਕ ਪੁਸ਼ਾਕ ਦਸਤਾਰ ਅਧੀ; ਹੁਕਮ ਨਾਮੇ ਉਤੇ ਮੋਹਰ ਲਾਈ ਚੰਗੀ

ਨਾਲ ਕੀਮਤੀ ਇਕ ਕਟਾਰ ਦਿਤੀ, ਅਗੋਂ ਵਾਸਤੇ ਮਿਲਤ ਬਨਾਈ ਚੰਗੀ
ਕੰਘਾ ਫੇਰਦੇ ਸੀ ਉਸ ਵਕਤ ਗੁਰ ਜੀ, ਬੁਧੂਸ਼ਾਹ ਨੇ ਇਹ ਮੰਗ ਪਾਈ ਚੰਗੀ
ਮੰਗਾਂ ਕੇਸਾਂ ਸਣੇ ਕੰਘਾ ਲੈ ਲਿਆ, ਖੁਸ਼ੀ ਰਖਨੀ ਮੇਥੇ ਸਦਾਈ ਚੰਗੀ
ਨਕਦ ਪੰਜ ਹਜ਼ਾਰ ਮੁਰੀਦਾਂ ਤਾਈਂ, ਬਖਸ਼ ਤੌਰਿਆ ਨਾਲ ਸਫਾਈ ਚੰਗੀ
ਅੱਗੀ ਪਗ ਕਿਰਪਾਲ ਨੇ ਮੰਗ ਲਈ, ਹਿੰਮਤ ਏਸ ਭੀ ਹੈ ਦਿਖਾਈ ਚੰਗੀ
ਏਸੇ ਤਰ੍ਹਾਂ ਸਭ ਤਈਂ ਕਰਤਾਰ ਸਿੰਘਾ, ਦਾਨ ਮਾਨ ਦੇ ਖੁਸ਼ੀ ਮਨਾਈ ਚੰਗੀ

### ਰਾਜਾ ਮੇਦਨੀ ਪ੍ਰਕਾਸ਼

ਜੰਗ ਜਿਤੇ ਦੀ ਖੁਸ਼ੀ ਦੇ ਵਿਚ ਭਰਿਆ, ਰਾਜਾ ਮੇਦਨੀ ਚਲਕੇ ਆਂਵਦਾ ਏ
ਸਤਿਗੁਰਾਂ ਨੂੰ ਆਨ ਵਧਾਈ ਦੇਂਦਾ, ਕੁਝ ਮਾਯਾ ਭੀ ਲਿਆ ਚੜ੍ਹਾਂਵਦਾ ਏ
ਹੋਰ ਜੰਗ ਦੇ ਸੁਣ ਪ੍ਰਸੰਗ ਸਾਰੇ, ਹੋ ਹੈਰਾਨ ਤੇ ਸੀਸ ਝੁਕਾਂਵਦਾ ਏ
ਜਾਹਰੀ ਮਦਦ ਮੈਂ ਕਰ ਸਕਿਆ ਨਾ, ਮੈਨੂੰ ਬਖਸ਼ਨਾ ਆਖ ਸੁਨਾਂਵਦਾ ਏ
ਗੁਰਾਂ ਆਖਯਾ ਹਥ ਕਰਤਾਰ ਸਭੋ, ਸੋ ਕਰਾਂਗੇ ਜੋ ਕਰਾਂਵਦਾ ਏ
ਹੁਣ ਪਾਊਂਟਿਓਂ ਚਲ ਕਰਤਾਰ ਸਿੰਘਾ, ਜਾਣਾ ਪੁਰੀ ਆਨੰਦ ਨੂੰ ਭਾਂਵਦਾ ਏ

### ਗੁਰੂ ਪਾਊਂਟੇ ਥੀਂ ਕੂਚ ਕਰਕੇ ਆਨੰਦਪੁਰ ਨੂੰ ਆਉਣਾ

ਏਸ ਜੰਗ ਦੇ ਪਿਛੇ ਭੀ ਛੇ ਮਹੀਨੇ, ਗੁਰ ਪਾਊਂਟੇ ਰਹਿ ਗੁਜ਼ਾਰਦੇ ਜੀ
ਫੇਰ ਪਿਆ ਪਰਵਾਰ ਆ ਸਭ ਕਾਹਲਾ, ਪਿਛਾਂ ਚਲਨਾ ਨਿਤ ਉਚਾਰਦੇ ਜੀ
ਅੰਤ ਸਭ ਦੀ ਏਹੋ ਹੀ ਰਾਏ ਡਿਠੀ, ਏਥੋਂ ਚਲਨੇ ਦੀ ਨੀਤ ਧਾਰਦੇ ਜੀ
ਸਭ ਸਾਜ਼ ਸਾਮਾਨ ਤਯਾਰ ਕਰਕੇ, ਟੋਰੇ ਊਠ ਗਡੇ ਲੱਦ ਭਾਰਦੇ ਜੀ
ਪਾਊਂਟੇ ਵਾਸੀਆ ਨੂੰ ਦੇਕੇ ਮਾਨ ਧੀਰਜ ਚੋਟ ਕੂਚ ਨਗਾਰੇ ਤੇ ਮਾਰਦੇ ਜੀ
ਬੜੀ ਭੀੜ ਭਾਰੀ ਨਾਲ ਗੁਰੂ ਜੀ ਦੇ, ਹੋਏ †ਬਦਲ ਉਤ ਗੁਬਾਰਦੇ ਜੀ

---

*ਜਦ ਬੁਧੂਸ਼ਾਹ ਦੀਵਾਨ ਵਿਚ ਆਇਆ ਤਾਂ ਉਸ ਵੇਲੇ ਸਤਿਗੁਰੂ ਜੀ ਕੰਘਾ ਫੇਰਦੇ ਸਨ ਤਾਂ ਉਸ ਨੇ ਉਹ ਕੰਘਾ ਤੇ ਜਿਦੇ ਵਿਚ ਟੁਟੇ ਹੋਏ ਕੇਸ ਫਸੇ ਹੋਏ ਸਨ, ਉਸੇ ਤਰ੍ਹਾਂ ਮੰਗ ਲਿਆ ਸੋ ਓਹ ਕੰਘਾ ਤੇ ਕਟਾਰ ਹੁਣ ਤਕ ਬੁਧੂ ਸ਼ਾਹ ਦੀ ਔਲਾਦ ਪਾਸ ਹਨ, ਤੇ ਬੁਧੂਸ਼ਾਹ ਦੇ ਬੰਸ ਨੂੰ ਜਖੇਰੇ ਵਿਚ ਲੋਕ ਸ਼ਾਹੀ ਕਰਕੇ ਬੁਲਾਂਦੇ ਹਨ।

†ਇਹ ਬਚਨ ਹੁਣ ਤਕ ਸਫਲਾ ਹੈ ਟੋਟੇ ਦੇ ਲੋਕ ਭੁਖੇ ਮਰਦੇ ਹਨ ਤੇ ਲਾਹੌਰ ਦੇ ਅਨੰਦ ਭੋਗ ਰਹੇ ਹਨ, ਦੁਧ ਪੁਤ ਧਨ ਦੀ ਕੋਈ ਕਿਸੇ ਨੂੰ ਕਮੀ ਨਹੀਂ।

ਪਹਿਲੇ ਦਿਨ ਡੇਰਾ ਲਾਹੜ ਪਿੰਡ ਲਾਯਾ, ਦਸ ਦਿਨ ਰਹੇ ਵਿਚ ਸ਼ਕਾਰਦੇ ਜੀ
ਟੋਟੇ ਪਿੰਡ ਦੇ ਰੰਘੜ ਊਠ ਰਾਤੀਂ, ਚੋਰੀ ਲੈ ਗਏ ਧਰਮ ਹਾਰਦੇ ਜੀ
ਲਾਹੇ ਪਿੰਡ ਦਿਆਂ ਜਾ ਲਭਾ ਦਿਤੇ, ਖੁਸ਼ੀ ਲੈ ਕੇ ਜਨਮ ਸਵਾਰਦੇ ਜੀ
ਟਟਾ ਟੋਟੇ ਨੂੰ ਤੇ ਲਾਭ ਲਾਹੇ ਤਾਈਂ, ਏ ਵਰ ਸਰਾਪ ਉਚਾਰਦੇ ਜੀ
ਏਥੋਂ ਚਲ ਅਗੇ ਪਹੁੰਚੇ ਟਾਬਰੇ ਜਾ, ਰਾਮਗੜ੍ਹ ਦੇ ਰਾਜੇ ਨੂੰ ਤਾਰਦੇ ਜੀ
ਦੂਏ ਦਿਨ ਆਕੇ ਰਾਇ ਪੁਰ ਪਹੁੰਚੇ, ()ਭਰਮ ਰਾਣੀ ਦੇ ਹਿਦੇ ਦੇ ਟਾਰਦੇ ਜੀ
ਓਥੋਂ ਚਲ ਟੋਡੇ ਨਾਭੇ ਥਾਣੀ ਹੁੰਦੇ, ਜੀਵ ਨਾਥੋ ਢਕੋਲੀ ਉਧਾਰਦੇ ਜੀ
ਪਾਸ ਰੋਪੜ ਕੋਟਲੇ ਉਤਰੇ ਜਾ, ਓਹ ਪਠਾਨ ਸੇਵਾ ਚੰਗੀ ਸਾਰਦੇ ਜੀ
ਖੁਸ਼ ਹੋ ਕੇ ਕਟਾਰ ਇਕ ਬਖਸ਼ੀ, ਓਥੋਂ ਵਗ ਅਗਾਂਹ ਉਲਾਰਦੇ ਜੀ
ਏਸੇ ਤਰ੍ਹਾਂ ਘਨੌਲੇ ਤੇ ਬੂੰਗੇ ਥਾਣੀ, ਹੁੰਦੇ ਕੀਰਤ ਪੁਰੇ ਡੇਰੇ ਡਾਰਦੇ ਜੀ
ਮਿਲੇ ਗਿਲੇ ਸਰਬੰਧੀਆਂ ਸਾਰਿਆਂ ਨੂੰ, ਕੀਤੇ ਬਚਨਬਿਲਾਸ ਪਿਆਰਦੇ ਜੀ
ਓਥੋਂ ਚਲਕੇ ਪੁਰੀ ਅਨੰਦ ਪਹੁੰਚੇ, ਹੋਈਆਂ ਖੁਸ਼ੀਆਂ ਧੌਂਸੇ ਧੁੰਕਾਰਦੇ ਜੀ
ਤ੍ਰਿੰਨ ਬਰਸ ਪਿਛੋਂ ਸਤਿਗੁਰੂ ਆਏ, ਰਿਦੇ ਖੁਸ਼ੀ ਹੋਏ ਨਰ ਨਾਰਦੇ ਜੀ
ਸਤਾਰਾਂ ਸੌ ਚੁਤਾਲੀ ਕਰਤਾਰ ਸਿੰਘਾ, ਤੇਈ ਅਸੂ ਦਾ ਦਿਨ ਸ਼ੁਮਾਰਦੇ ਜੀ

### ਅਨੰਦਪੁਰ ਵਿਚ ਸੰਗਤਾਂ ਦੀ ਰੌਣਕ ਤੇ ਉਪਦੇਸ਼

ਸਤਿਗੁਰੂ ਜੀ ਪੁਰੀ ਆਨੰਦ ਆਏ, ਸੁਣ ਖੁਸ਼ੀਆਂ ਸਿਖ ਮਨਾਂਵਦੇ ਨੇ
ਦਰਸ ਕੀਤਿਆਂ ਜਿਨ੍ਹਾਂ ਨੂੰ ਚਿਰ ਹੋਏ, ਭਰੇ ਚਾਉ ਦੇ ਘਰਾਂ ਤੋਂ ਧਾਂਵਦੇ ਨੇ
ਨਾਲੇ ਮੇਲਾ ਦਿਵਾਲੀ ਦਾ ਆਯਾ ਨੇੜੇ, ਸਿਖ ਦੂਰਾਂ ਤੋਂ ਹੁਮ ਹੁਮਾਂਵਦੇ ਨੇ
ਚਹੁੰ ਕੂਟਾਂ ਦੀ ਸੰਗਤ ਹੋਈ ਕਠੀ, ਕੁਝ ਅੰਤ ਸ਼ੁਮਾਰ ਨ ਆਂਵਦੇ ਨੇ

---

ਜਦ ਰਾਇਪੁਰ ਆਏ ਤਾਂ ਓਸ ਥਾਂ ਦੀ ਰਾਣੀ ਨੇ ਮਹਿਮਾ ਸੁਣ ਕੇ ਅਟਕਾ ਲਏ ਤੇ ਕਲਪਨਾ ਕੀਤੀ ਕਿ ਗੁਰੂ ਜੀ ਅਕਾਲ ਪੁਰਖ ਜੀ ਦੀ ਜੋਤ ਹਨ ਤਾਂ ਮੈਨੂੰ ਵਿਸ਼ਨੂੰ ਰੂਪ ਹੋ ਕੇ ਦਰਸ਼ਨ ਦੇਣ ਓਸ ਦੀ ਭਾਵਨਾ ਅਨੁਸਾਰ ਓਸਨੂੰ ਓਸੇ ਤਰ੍ਹਾਂ ਹੀ ਦਰਸ਼ਨ ਹੋਯਾ, ਰਾਣੀ ਨੇ ਸਾਰੀ ਸੰਗਤ ਦਾ ਪ੍ਰਸ਼ਾਦ ਕੀਤਾ ਤੇ ਉਪਦੇਸ਼ ਲਿਆ, ਬਾਰਾਂ ਸੌ ਰੁਪਯਾ ਤੇ ਇਕ ਘੋੜਾ ਗੁਰੂ ਜੀ ਦੀ ਭੇਟਾ ਕੀਤਾ। ਸਤਿਗੁਰਾਂ ਨੇ ਇਕ ਢਾਲ, ਇਕ ਤਲਵਾਰ ਤੇ ਸਿਰਪਾਉ ਬਖ਼ਸ਼ ਕੇ ਬਚਨ ਕੀਤਾ ਕਿ ਏਹਨਾਂ ਨੂੰ ਸਾਂਭ ਕੇ ਰਖਣ ਤੇ ਸਗਰ ਕੁਠ ਤਮਾਕੂ ਦਾ ਤਿਆਗ ਕਰਨਾ ਰਾਜ ਪ੍ਰਤਾਪ ਬਣਿਆ ਰਹੇਗਾ।

ਸਤਿਗੁਰੂ ਜੀ ਨਿਤ ਦੀਵਾਨ ਲਾਂਦੇ, ਮਾਈ ਭਾਈ ਦੀਦਾਰੇ ਆ ਪਾਂਵਦੇ ਨੇ
ਜ਼ਰ, ਨਕਦੀ, ਕਪੜੇ, ਸੋਨਾ ਚਾਂਦੀ; ਬੇਸ਼ੁਮਾਰ ਚੜ੍ਹਾਵੇ ਚੜ੍ਹਾਂਵਦੇ ਨੇ
ਕਿੰਨੇ ਚਿਰ ਦੇ ਹੋਏ ਦਸਵੰਧ ਕਠੇ, ਭੇਟਾ ਕਰਦੇ ਖੁਸ਼ੀ ਮਨਾਂਵਦੇ ਨੇ
ਏਨਾ ਸੰਗਤਾਂ ਦਰਬ ਚੜ੍ਹਾਏ ਆਕੇ; ਭਰ ਇਕੋ ਵਾਰੀ ਕੋਠੇ ਜਾਂਵਦੇ ਨੇ
ਜਿਸ ਨਾਲ ਵੀ ਰਹੀ ਨ ਕੋਈ ਕਮੀ; ਨ ਪਦਾਰਥ ਕਿਤੇ ਸਮਾਂਵਦੇ ਨੇ
ਸਤਿਗੁਰਾਂ ਦੇ ਕਰ ਦੀਦਾਰ ਸੋਹਣੇ; ਬਲਿਹਾਰ ਬਲਿਹਾਰ ਸੁਨਾਂਵਦੇ ਨੇ
ਵੇਰ ਜੰਗ ਭੰਗਾਣੀ ਦੇ ਹਾਲ ਸੁਣੇ, ਸਿਖ ਫੁਲੇ ਨ ਚਿਤ ਸਮਾਂਵਦੇ ਨੇ
ਸਤਿਗੁਰੂ ਜੀ ਵਿਚ ਦੀਵਾਨ ਸਦਾ, ਬੀਰ ਰਸ ਉਪਦੇਸ਼ ਦ੍ਰਿੜਾਂਵਦੇ ਨੇ
ਠੰਢੇ ਖੂਨ ਨੂੰ ਤਤਿਆਂ ਕਰਨ ਵਾਲੇ, ਜੋਸ਼ ਦੇ ਕੇ ਮੁਰਦੇ ਜਿਵਾਂਵਦੇ ਨੇ
ਬਣੋ ਛੇਤੀ ਸਭ ਹਥਯਾਰ ਪਹਿਨੋ, ਰਾਖੇ ਧਰਮ ਬਣੋ ਸਿਖਲਾਂਵਦੇ ਨੇ
ਮਾਰੋ ਦੇਸ਼ ਤੇ ਧਰਮ ਦੇ ਵੈਰੀਆਂ ਨੂੰ, ਵੇਖੋ ਕਿਸ ਤਰ੍ਹਾਂ ਜ਼ਾਲਮ ਸਤਾਂਵਦੇ ਨੇ
ਤੁਸੀਂ ਅੰਸ਼ ਹੋ ਬੀਰ ਬਹਾਦਰਾਂ ਦੀ; ਤੁਹਾਨੂੰ ਗਿਦੜ ਪਏ ਦਬਾਂਵਦੇ ਨੇ
ਹੋਰ ਮਹਾਂ ਭਾਰਤ, ਰਾਮਾਯਣ ਸਦਾ, ਕਥਾ ਵਿਚ ਦੀਵਾਨ ਕਰਾਂਵਦੇ ਨੇ
ਬੀਰ ਬਲੀ ਬਹਾਦਰਾਂ ਯੋਧਿਆਂ ਦੇ, ਹਾਲ ਢਾਡੀਆਂ ਤੋਂ ਸੁਣਾਂਵਦੇ ਨੇ
ਏਸੇ ਤਰ੍ਹਾਂ ਜੋ ਆਂਵਦਾ ਸਭ ਤਾਈਂ, ਬੀਰ ਰਸ ਦੀ ਪਾਣ ਚੜ੍ਹਾਂਵਦੇ ਨੇ
ਬਲੀ ਪੰਥ ਦਾ ਮੁਢ ਕਰਤਾਰ ਸਿੰਘਾ, ਹੌਲੀ ਹੌਲੀ ਗੁਰ ਇਉਂ ਬਨਾਂਵਦੇ ਨੇ

### ਸਾਹਿਬਜ਼ਾਦਾ ਪ੍ਰਗਟ ਹੋਣਾ

ਗੁਰਾਂ ਨਾਲ ਅਨੰਦਪੁਰ ਵਧੀ ਰੌਣਕ, ਹਰ ਇਕ ਦਾ ਮਨ ਅਨੰਦ ਹੋਯਾ
*ਸਤਾਰਾਂ ਸੌ ਪੰਤਾਲੀ ਵਸਾਖ ਬਾਦੀ, ਮਾਤਾ ਸੁੰਦਰੀ ਘਰ ਫਰਜ਼ੰਦ ਹੋਯਾ
ਸਿਖਾਂ ਸੇਵਕਾਂ ਵਿਚ ਵਧਾਈਆਂ ਹੋਈਆਂ ਪਹਿਲਾ ਗੁਰੂ ਜੀ ਦੇਘਰ ਨੰਦ ਹੋਯਾ
ਰਜ ਗਏ ਗਰੀਬ ਕਰਤਾਰ ਸਿੰਘਾ, ਦਾਨ ਪਾਯਾ ਗੁਰਾ ਘਰ ਚੰਦ ਹੋਯਾ

---

*ਸਾਹਿਬ ਅਜੀਤ ਸਿੰਘ ਜੀ ਦਾ ਜਨਮ ਤਵਾਰੀਖ ਵਿਚ ਭਾਈ ਗਿਆਨ ਸਿੰਘ ਜੀ ਨੇ ਮਾਘ ਸੁਦੀ ਚੌਥ ਸੰਮਤ ੧੭੪੩ ਬਿਕ੍ਰਮੀ ਪਾਉਂਟੇ ਵਿਚ ਹੋਇਆ ਲਿਖਿਆ ਹੈ, ਪਰ ਬਹੁਤੀ ਥਾਵੀਂ ਤੇ ਗੁਰਪੁਰਬ ਪ੍ਰਕਾਸ਼ ਪਤ੍ਰਿਕਾਵਾਂ ਵਿਚ ੧੭੪੫ ਵਿਸਾਖ ਬਾਦੀ ਦਾ ਅਨੰਦਪੁਰ ਵਿਚ ਹੋਣਾ ਲਿਖਿਆ ਹੈ। ਗੁਰੂ ਜਾਣੇ ਦੋਹਨਾਂ ਵਿਚੋਂ ਸਹੀ ਕਿਹੜਾ ਹੈ।

ਸਾਹਿਬਜ਼ਾਦੇ ਦਾ ਨਾਮ ਰਖਣਾ

ਆਏ ਜੰਗ ਭੰਗਾਣੀ ਦਾ ਜਿਤ ਕੇ ਸੀ, ਥੋੜ੍ਹਾ ਸਮਾਂ ਸੀ ਅਜੇ ਬਤੀਤ ਹੋਯਾ
ਸਾਹਿਬਜ਼ਾਦੇ ਨੇ ਆਣ ਅਵਤਾਰ ਧ੍ਰਯਾ, ਦਾਸ ਦਾਸੀਆਂ ਦਾ ਖ਼ੁਸ਼ੀ ਚੀਤ ਹੋਯਾ
ਮਾਤਾ ਨਾਨਕੀ ਤੇ ਮਾਤਾ ਗੁਜਰੀ ਦਾ, ਰਿਦਾ ਖ਼ੁਸ਼ੀ ਦੇ ਵਿਚ ਸੁਰਜੀਤ ਹੋਯਾ
ਜੰਗ ਜਿਤ ਕੇ ਆਏ ਕ੍ਰਤਾਰ ਸਿੰਘਾ, ਸਾਹਿਬਜ਼ਾਦੇ ਦਾ ਨਾਮ 'ਅਜੀਤ' ਹੋਯਾ

ਮਾਤਾ ਨਾਨਕੀ ਜੀ ਦਾ ਜੋਤੀ ਜੋਤ ਸਮਾਉਣਾ

ਰੌਸ਼ ਰੌਣਕਾਂ ਵਿਚ ਅਨੰਦਪੁਰ ਦੇ, ਇਕ ਜਾਂਵਦੇ ਤੇ ਇਕ ਆ ਜਾਂਦੇ
ਰਾਤ ਦਿਨੇ ਜਾਰੀ ਕੜੀ ਥਾਂ ਲੰਗਰ ਜੋ ਆਂਵਦੇ ਤੇ ਸੋ ਖਾ ਜਾਂਦੇ
ਜਹੀ ਭਾਵਨਾ ਧਰ ਕੇ ਸਿਖ ਔਂਦੇ, ਗੁਰੂ ਘਰੋਂ ਓਵੇਂ ਫਲ ਪਾ ਜਾਂਦੇ
ਘਰ ਬਾਹਰ ਇਉਂ ਰੌਣਕਾਂ ਲਗ ਰਹੀਆਂ, ਸਮੇਂ ਦੁਖ ਦੇ ਦੂਰ ਵਿਹਾ ਜਾਂਦੇ
ਵੇਖ ਪੋਤਰੇ ਦਾ ਪ੍ਰਤਾਪ ਵਡਾ, ਦੁਖ ਮਾਤਾ ਜੀ ਦਿਲੋਂ ਭੁਲਾ ਜਾਂਦੇ
ਨਾਵੇਂ ਗੁਰੂ ਜੀ ਦਾ ਸਾਕਾ ਭੁਲ ਗਿਆ, ਤੇ ਆਨੰਦ ਚੁਫੇਰੇ ਹੀ ਛਾ ਜਾਂਦੇ
ਵਡੇ ਭਾਗਾਂ ਵਾਲੇ ਮਾਤਾ ਨਾਨਕੀ ਜੀ, ਲੈ ਪੜੋਤ੍ਰਾ ਗੋਦੀ ਖਿਲਾ ਜਾਂਦੇ
ਮੇਲਾ ਭਰਿਆ ਛਡ ਕਰਤਾਰ ਸਿੰਘਾ, ਵਿਚ ਜੋਤ ਦੇ ਜੋਤ ਸਮਾ ਜਾਂਦੇ

ਹਥਿਆਰ ਬਣਾਉਣੇ

ਹੋਯਾ ਜੰਗ ਭੰਗਾਣੀ ਦਾ ਬੜਾ ਭਾਰਾ, ਘਾਣ ਰਾਜਿਆਂ ਦੇ ਮਾਰ ਲਾਹੇ ਬਹੁਤੇ
ਵੈਰ ਵਧਦਾ, ਵਧਦਾ ਵਧ ਗਿਆ, ਜੋਸ਼ ਚਿਤਾਂ ਦੇ ਵਿਚ ਸਮਾਏ ਬਹੁਤੇ
ਸਤਿਗੁਰਾਂ ਨੇ ਪੁਰ ਆਨੰਦ ਆ ਕੇ, ਚਾਹੇ ਜੰਗੀ ਸਮਾਨ ਵਧਾਏ ਬਹੁਤੇ
ਬੜੇ ਬੜੇ ਸ਼ਹਿਰਾਂ ਵਿਚੋਂ ਟੋਲ ਕਰਕੇ, ਕਾਰੀਗਰ ਚੰਗੇ ਮੰਗਵਾਏ ਬਹੁਤੇ
ਭਥੇ ਤੀਰ, ਕਮਾਨ ਤੇ ਢਾਲ, ਬਰਛੇ, ਨੇਜੇ, ਬਲਮਾਂ, ਖੰਡੇ ਬਣਵਾਏ ਬਹੁਤੇ
ਜੰਬੂਰੇ, ਜੇਜੇਲਾ ਤੇ ਰਾਮ ਜੰਗੀ *ਤੋਪਾਂ, ਗਲੀਆਂ ਢੱਲ ਦਲਵਾਏ ਬਹੁਤੇ
ਦਾਰੂ, ਸਿਕਾ ਜਮ੍ਹਾਂ ਕਰਵਾਨ ਲਗੇ, ਹੋਰ ਸੂਰਮੇ ਪਾਸ ਰਖਵਾਏ ਬਹੁਤੇ
ਸਮੇਂ ਅਗਲੇ ਲਈ ਕਰਤਾਰ ਸਿੰਘਾ, ਜਮ੍ਹਾਂ ਗੁਰਾਂ ਸਮਾਨ ਕਰਾਏ ਬਹੁਤੇ

---

*[illegible] ਅਨੰਦਪੁਰ ਵਿਚ ਢਲੀਆਂ ਹੋਈਆਂ ਦੋ ਛੋਟੀਆਂ ਤੋਪਾਂ ਹਨ ਜੋ ਲਾਹੌਰ ਦੇ ਅਜਾਇਬ ਘਰ ਵਿਚ ਰਖੀਆਂ ਹੋਈਆਂ ਹਨ।

ਵਾਕ ਕਵੀ

ਭੀੜ ਵਿਚ ਆਨੰਦਪੁਰ ਰਹੇ ਬਹੁਤੀ, ਸਿਖ ਖੁਲ੍ਹੀਂ ਆਜਾਦੀ ਦੀ ਕਾਰ ਕਰਦੇ
ਜੋਗੀ ਜਗ ਦੇ ਨਿਤ ਵਿਹਾਰ ਕਰਦੇ, ਭਗਤ ਬੈਠਕੇ ਯਾਦ ਕਰਤਾਰ ਕਰਦੇ
ਨੰਗੇ ਭੁਖੇ ਹਜ਼ਾਰਾਂ ਗੁਜਾਹਾ ਕਰਦੇ, ਸਤਿਗੁਰੂ ਜੀ ਧਰਮ ਪ੍ਰਚਾਰ ਕਰਦੇ
ਮਾਯਾ ਰੋਜ਼ ਬੇਅੰਤ ਹੀ ਆ ਜਾਵੇ, ਅਗੋਂ ਖਰਚ ਭੀ ਬੇਸ਼ੁਮਾਰ ਕਰਦੇ
ਦਾਣਾ ਘਿਉ, ਮਿਠਾ ਰਸਦ ਘਾਹ ਦਾਲਣ; ਜਿਵੇਂ ਮਿਲਦਾ ਲੈ ਗੁਜ਼ਾਰ ਕਰਦੇ
ਹੋਰ ਸਭ ਚੀਜ਼ਾਂ ਬਾਹਰੋਂ ਆ ਜਾਵਨ, ਜਿਵੇਂ ਹੋਵੇ ਨਿਰਬਾਹ ਸੰਭਾਰ ਕਰਦੇ
ਬਾਲਨ, ਘਾਸ ਏਹ ਪਾਸਦੇਜੰਗਲਾਂ ਤੋਂ, ਕਠਾ ਨਿਤਹੀ ਸਿਖ ਹੁਸ਼ਿਆਰ ਕਰਦੇ
ਕਚੇ ਅਕਲ ਦੇ ਲੋਕ ਪਹਾੜੀਏ ਜੋ, ਸਿਖਾਂ ਨਾਲ ਕੁਪਤ ਰਿਹਾੜ ਕਰਦੇ
ਏਹ ਕੁਪਤ ਏਸੇ ਤਰ੍ਹਾਂ ਰਹੇ ਲਗਾ, ਰਾਜੇ ਪਾਸ ਜਾ ਨਿਤ ਪੁਕਾਰ ਕਰਦੇ
ਸਾਨੂੰ ਗੁਰੂ ਦੇ ਸਿਖ ਕ੍ਰਤਾਰ ਸਿੰਘਾ; ਵਸਣ ਦੇਂਵਦੇ ਨਹੀਂ ਖੁਆਰ ਕਰਦੇ

ਰਾਜੇ ਭੀਮ ਚੰਦ ਦੀ ਵਿਚਾਰ ਤੇ ਵਜ਼ੀਰ ਦੀ ਸਲਾਹ

ਨਿਤ ਪ੍ਰਜਾ ਦੇ ਲੋਕ ਪੁਕਾਰ ਕਰਦੇ; ਰਾਜਾ ਸੁਨ ਭਖਜਾ ਦਰਬਾਰ ਦੇ ਵਿਚ
ਕਈ ਬੋਲ ਕਬੋਲੀਆਂ ਕਰਨ ਲਗਾ, ਭੈੜਾ ਚੰਦਰਾ ਆ ਹੰਕਾਰ ਦੇ ਵਿਚ
ਪਾਸੋਂ ਉੱਠ ਵਜੀਰ ਨੇ ਮਤ ਦਿਤੀ; ਰਾਜਾ ਆ ਖਾ ਜਰਾ ਵਿਚਾਰ ਦੇ ਵਿਚ
ਅਗੇ ਜੰਗ ਕਰਕੇ ਹਥ ਵੇਖ ਆਏ, ਭੰਡੀ ਹੋਈ ਸਾਰੇ ਸੰਸਾਰ ਦੇ ਵਿਚ
ਗੁਰੂ ਹੁਣਭੀ ਦੇਵੇਗਾ ਬਖਸ਼ ਤੁਹਾਨੂੰ, ਮੇਲ ਕਰੋ ਨਹੀਂ ਨਫਾ ਵਗਾੜ ਦੇ ਵਿਚ
ਗੁਰ ਬਲੀ, ਔਤਾਰ ਕਰਤਾਰ ਸਿੰਘਾ, ਕੰਮ ਸੌਰਨੇ ਕਈ ਪਿਆਰ ਦੇ ਵਿਚ

ਰਾਜੇ ਭੀਮ ਚੰਦ ਨੇ ਸੁਲ੍ਹਾ ਵਾਸਤੇ ਵਕੀਲ ਭੇਜਣਾ

ਆਖੇ ਲਗ ਵਜੀਰ ਦਾਨਾ ਦੇ ਜੀ; ਭੀਮ ਚੰਦ ਕਰਦਾ ਏਸ ਕਾਰ ਨੂੰ ਜੀ
ਬਿਸ਼ਨ ਚੰਦ ਦੀਵਾਨ ਨੂੰ ਭੇਜਦਾ ਚਾ; ਮਾਫੀ ਮੰਗਣੇ ਲਈ ਹੁਸ਼ਿਆਰ ਨੂੰ ਜੀ
ਆਯਾ ਚਤ੍ਰ ਦੀਵਾਨ ਵਕੀਲ ਬਣਕੇ; ਡਿਠਾ ਗੁਰਾਂ ਦੇ ਆਨ ਦ੍ਰਬਾਰ ਨੂੰ ਜੀ
ਦੰਗ ਰਹਿ ਗਿਆ ਵੇਖ ਕੇ ਸ਼ਾਨ ਭਾਰੀ, ਨਾਲੇ ਗੁਰਾਂ ਦੇ ਰੂਪ ਅਪਾਰ ਨੂੰ ਜੀ
ਭੇਟਾ ਧਰ ਰਾਜੇ ਵਲੋਂ ਬੇਨਤੀ ਕਰ, ਹਾਲ ਦਸਦਾ ਗੁਰੂ ਕ੍ਰਤਾਰ ਨੂੰ ਜੀ

ਮਾਫੀ ਮੰਗ ਰਾਜਾ ਕਰਤਾਰ ਸਿੰਘਾ, ਆਯਾ ਚਾਹੁੰਦਾ ਕਰਨ ਦੀਦਾਰ ਨੂੰ ਜੀ

ਸ੍ਰੀ ਦਸਮੇਸ਼ ਜੀ

ਘਰਗੁਰਾਂ ਦਾ ਸਾਫ ਨਿਰਵੈਰ ਭਾਈ, ਬੁਰਾ ਕਦੇ ਭੀ ਕਿਸੇ ਦਾ ਨਹੀਂ ਚਾਹਵੇ
ਗੁਰ ਗੱਦੀ ਹੈ ਸ਼ੀਸ਼ੇ ਦੇ ਵਾਂਗ ਸਮਝੋ, ਜਿਹਾ ਮੂੰਹ ਹੋਵੇ ਤਿਹਾ ਨਜ਼ਰ ਆਵੇ
ਗੁਰੂ ਜੀ ਘਰੋਂ ਕਲਪ ਬ੍ਰਿਛ ਵਾਂਗੂ, ਜੇਹੀ ਨੀਤ ਕਰੇ ਤਿਹਾ ਫਲ ਪਾਵੇ
ਆ ਜਾਇ ਬੇਸ਼ਕ ਕਰਤਾਰ ਸਿੰਘਾ, ਸਾਡੇ ਵਲੋਂ ਨ ਜ਼ਰਾ ਭੀ ਖੌਫ ਖਾਵੇ

ਰਾਜੇ ਭੀਮ ਚੰਦ ਨੇ ਸਤਿਗੁਰਾਂ ਨੂੰ ਮਿਲਨ ਆਉਣਾ

ਬਿਸ਼ਨਚੰਦ ਨੇ ਕਹਿਆ ਜਾ ਭੇਦ ਸਾਰਾ, ਸਤਿਗੁਰ ਜੀ ਹੈਨ ਨਿਰਵੈਰ ਰਾਜਾ
ਵੈਰ ਉਨ੍ਹਾਂ ਦਾ ਕਿਸੇ ਦੇ ਨਾਲ ਨਾਹੀਂ, ਓਹ ਤਾਂ ਮੰਗਦੇ ਸਭ ਦੀ ਖੈਰ ਰਾਜਾ
ਏਹ ਸੁਣਕੇ ਦੋ ਸੌ ਅਸਵਾਰ ਲੈ ਕੇ, ਕਰਦਾ ਆਯਾ ਪਹਾੜਾਂ ਦੀ ਸੈਰ ਰਾਜਾ
ਹਾਜਰ ਹੋ ਦਰਬਾਰ ਕਰਤਾਰ ਸਿੰਘਾ, ਫੜਦਾ ਗੁਰਾਂ ਦੇ ਆਣ ਕੇ ਪੈਰ ਰਾਜਾ

ਭੀਮ ਚੰਦ ਨੇ ਮੁਆਫੀ ਮੰਗਣੀ

ਆਦਰ ਮਾਨ ਦੇ ਨਾਲ ਬਠਾਲ ਲਿਆ, ਬਾਹੋਂ ਫੜਕੇ ਰਾਜੇ ਨੂੰ ਪਾਸ ਗੁਰਜੀ
ਸੁਖਾਨੰਦ ਪੁਛੀ ਹਸ ਹਸ ਕਰਕੇ ਨਾਲ ਪਿਆਰ, ਕਰ ਬਚਨ ਬਿਲਾਸ ਗੁਰਜੀ
ਲਜਾਵਾਨ ਹੋਕੇ ਰਾਜਾ ਬਚਨ ਕਰਦਾ, ਮੈਨੂੰ ਬਖਸ਼ ਦੇਣਾ ਮੈਂ ਹਾਂ ਦਾਸ ਗੁਰਜੀ
ਬਹੁਤਭਾਰੀਆਂ ਭੁਲਾ ਹੋ ਗਈਆਂ ਮੈਥੋਂ, ਹੋਇਆ ਮਾਲਤੇ ਜਾਨਦਾ ਨਾਸ ਗੁਰਜੀ
ਅਗੋਂ ਵਾਸਤੇ ਕਰ ਗੁਲਾਮ.ਸਮਝੋ, ਮੈਨੂੰ ਆਪ ਦੀ ਬੜੀ ਹੈ ਆਸ ਗੁਰਜੀ
ਰਾਜ ਭਾਗ ਤੇ ਦੇਸ਼ ਇਹ ਆਪਦਾ ਹੈ, ਅਤੇ ਮੈਂ ਹਾਂ ਆਪਦਾ ਦਾਸ ਗੁਰਜੀ
ਏਹ ਪੂਜਾ ਗਰੀਬ ਭੀ ਆਪਦੀ ਹੈ, ਓਹਨਾਂ ਵਾਸਤੇ ਕਰਾਂ ਅਰਦਾਸ ਗੁਰਜੀ
ਸਿਖ ਦੇਣ ਨ ਉਨ੍ਹਾਂ ਨੂੰ ਦੁਖ ਜਾ ਕੇ, ਵਰਜ ਛਡਿਓ ਕਰ ਅਰਦਾਸ ਗੁਰਜੀ
ਸਿਖ ਦੇਣ ਨ ਉਨ੍ਹਾਂ ਨੂੰ ਦੁਖ ਜਾ ਕੇ, ਵਰਜ ਛਡਿਓ ਕਰ ਕਿਆਸ ਗੁਰਜੀ
ਜੰਗਲ ਪਏ ਸ਼ਕਾਰਾਂ ਦੇ ਖੇਡਨੇ ਨੂੰ, ਤੇ ਬੇਅੰਤ ਹੈ ਲਕੜੀ ਘਾਸ ਗੁਰਜੀ
ਲੈ ਆਉਣ ਬੇਸ਼ਕ ਕਰਤਾਰ ਸਿੰਘਾ, ਕੰਮ ਹੋਣ ਸਾਰੇ ਫੇਰ ਰਾਸ ਗੁਰਜੀ

ਰਾਜੇ ਭੀਮ ਚੰਦ ਨੇ ਵਿਦਾ ਹੋ ਜਾਣਾ

ਗੁਰਾਂ ਆਖਯਾ ਜਿਵੇਂ ਵਰਤਾਓ ਕਰਸੋ, ਤਿਵੇਂ ਗੁਰੂ ਘਰੋਂ ਵਰਤਾਓ ਹੋਸੀ

ਸਿਖਾਂ ਪੈਹਲਾਂ ਨ ਕਿਸੇ ਨੂੰ ਛੇੜਨਾ ਏਂ, ਕੋਈ ਛੇੜੇ ਨ ਫੇਰ ਬਚਾਓ ਹੋਸੀ
ਮਿਲ ਗਿਲ ਕੇ ਖੁਸ਼ੀ ਪਾ ਗਿਆ ਰਾਜਾ, ਅਗੋਂ ਹੁਣ ਨ ਛੇੜ ਛੜਾਓ ਹੋਸੀ
ਏਹ ਝੂਠੀ ਪ੍ਰੀਤ ਕਰਤਾਰ ਸਿੰਘਾ, ਬਹੁਤਾ ਚਿਰ ਨ ਏਹਦਾ ਨਿਭਾਓ ਹੋਸੀ

### ਸਤਿਗੁਰਾਂ ਨੇ ਕਿਲ੍ਹੇ ਰਚਾਨੇ

ਆਉਣ ਵਾਲੇ ਸਮੇਂ ਦੀ ਉਡੀਕ ਅੰਦਰ, ਗੁਰਾਂ ਬੜੇ ਸਮਾਨ ਬਨਾਏ ਚੰਗੇ
ਠਾਰਾਂ ਸੌ ਪੈਂਤਾਲੀ ਛੇਤਾਲੀ ਅੰਦਰ, ਕਿਲ੍ਹੇ ਜੰਗ ਲਈ ਚਿਣਵਾਏ ਚੰਗੇ
ਲੋਹ ਗੜ੍ਹ, ਫਤੇ ਗੜ੍ਹ ਜਾਨ ਲਵੇ; ਕੇਸ ਗੜ੍ਹ ਆਨੰਦ ਗੜ੍ਹ ਭਾਏ ਚੰਗੇ
ਏਹ ਲੜਾਈ ਦੇ ਢੰਗ ਤੇ ਕਾਇਮ ਕੀਤੇ, ਖਾਈਆਂ ਮੋਰਚੇ ਬੁਰਜ ਰਖਾਏ ਚੰਗੇ
ਏਹਨਾਂ ਵਿਚੋਂ ਅਨੰਦ ਗੜ੍ਹ ਬੜਾ ਪਕਾ, ਰਚ ਜਮਾਂ ਸਾਮਾਨ ਕਰਾਏ ਚੰਗੇ
ਮਥਾ ਜ਼ੁਲਮ ਦੇ ਨਾਲ ਕਰਤਾਰ ਸਿੰਘਾ, ਲਾਉਣ ਵਾਸਤੇ ਸਾਜ ਸਜਾਏ ਚੰਗੇ

### ਦੀਪਮਾਲਾ ਦਾ ਮੇਲਾ ਤੇ ਠਗ

ਏਸ ਸਾਲ ਮੇਲਾ ਭਰਿਆ ਦੀਪਮਾਲਾ, ਆਈਆਂ ਸੰਗਤਾਂ ਭੀੜ ਅਪਾਰ ਹੋਈ
ਆਏ ਦੇਸ ਪਰਦੇਸ ਤੋਂ ਸਿਖ ਪ੍ਰੇਮੀ, ਗਹਿਮਾਂ ਗਹਿਮ ਅਨੰਦਪੁਰ ਭਾਰ ਹੋਈ
ਕਈਆਂ ਪ੍ਰੇਮੀਆਂ ਦਾ ਮਾਲ ਗਿਆ ਚੋਰੀ, ਅਗੇ ਗੁਰਾਂ ਦੇ ਹਾਲ ਪੁਕਾਰ ਹੋਈ
ਮੇਲੇ ਵਿਚ ਨੇ ਠਗ ਕਰਤਾਰ ਸਿੰਘਾ, ਕਰਦੇ ਚੋਰੀਆਂ ਰਬ ਦੀ ਮਾਰ ਹੋਈ

### ਠਗਾਂ ਨੇ ਪਕੜਿਆਂ ਜਾਣਾ

ਜਦ ਸਿਖਾਂ ਨੇ ਬਹੁਤ ਪੁਕਾਰ ਕੀਤੀ, ਅੰਤ੍ਰਯਾਮੀ ਗੁਰੂ ਫਰਮਾਂਵਦੇ ਨੇ
ਲੰਬੀ ਧੋਤੀ ਖੜੇ ਤਿਲਕ ਮਥਿਆਂ ਤੇ, ਮਾਲਾ ਲੰਮੀਆਂ ਫੇਰ ਦਖਾਂਵਦੇ ਨੇ
ਲਾਲ ਪਗੜੀਆਂ ਕਾਂਸ਼ੀਦੇ ਬਣੇ ਪਾਂਡੇ, ਬਗਲੇ ਭਗਤ ਸੋਹਣੇ ਨਿਗ੍ਹਾ ਆਂਵਦੇ ਨੇ
ਉਨ੍ਹਾਂ ਸਾਰਿਆਂ ਨੂੰ ਫੜਲਿਆਓ ਜਲਦੀ, ਹੈਨ ਠਗ ਓਹ ਮਾਲ ਚੁਰਾਂਵਦੇ ਨੇ
ਓਸੇ ਵੇਲੇ ਯੋਧੇ ਜਾ ਕੇ ਫੜ ਲਿਆਏ, ਕਾਬੂ ਕਰ ਹਜ਼ੂਰ ਪੁਚਾਂਵਦੇ ਨੇ
ਸਤਿਗੁਰਾਂ ਨੇ ਬਹੁਤ ਸ਼ਰਮਿੰਦੇ ਕੀਤੇ, ਭੇਖ ਕਹੇ ਸੋਹਣੇ ਤੁਹਾਡੇ ਭਾਂਵਦੇ ਨੇ
ਉਤੋਂ ਭਗਤ ਬਣੇ ਵਿਚੋਂ ਠਗ ਭਾਰੇ, ਝਡਾਂ ਬਗਲਿਆਂ ਜਿਉਂ ਫੜ ਆਂਵਦੇ ਨੇ
ਮਾਲ ਉਨ੍ਹਾਂ ਤੋਂ ਸਾਰਾ ਕਢਾ ਲਿਆ, ਹੈਸੀ ਜਿਨ੍ਹਾਂ ਦਾ ਉਨਾਂ ਦਬਾਂਵਦੇ ਨੇ

ਕਰਾਮਾਤ ਸ਼ਕਤੀ ਦੇਖ ਗੁਰੂ ਜੀ ਦੀ, ਠਗ ਕੰਨਾਂ ਤਾਈਂ ਹਥ ਲਾਂਵਦੇ ਨੇ
ਚੋਰੀ ਛਡ ਹੋ ਸਿਖ ਕਰਤਾਰ ਸਿੰਘਾ, ਫੇਰ ਸਫਲਾ ਜਨਮ ਕਰਾਂਵਦੇ ਨੇ

### ਸੰਗਤ ਦੀ ਪਰਖ

ਓਸੇ ਮੇਲੇ ਉੱਤੇ ਗੁਰਾਂ ਹੁਕਮ ਦਿਤਾ, ਸਾਡੇ ਬਿਨਾਂ ਪੁਛੇ ਕੋਈ ਜਾਏ ਨਾਹੀਂ
ਜਿੰਨਾਂ ਚਿਰ ਅਸੀਂ ਨਹੀਂ ਹੁਕਮ ਦੇਂਦੇ, ਕੋਈ ਘਰਾਂ ਨੂੰ ਪੈਰ ਉਠਾਏ ਨਾਹੀਂ
ਬਾਹਰ ਫੌਜ ਦੇ ਪਹਿਰੇ ਲਵਾ ਦਿਤੇ, ਮਤਾਂ ਨਿਕਲ ਚੋਰੀ ਕੋਈ ਧਾਏ ਨਾਹੀਂ
ਸਿਖ ਡੋਲ ਗਏ ਕਰਤਾਰ ਸਿੰਘਾ, ਅਠ ਦਿਨ ਭੀ ਪੂਰੇ ਲੰਘਾਏ ਨਾਹੀਂ

### ਵਾਕ ਕਵੀ

ਜੇਹੜੇ ਸਿਖ ਸਚੀ ਸਿਖੀ ਸਿਦਕ ਵਾਲੇ, ਏਸ ਹੁਕਨ ਥੀਂ ਖੁਸ਼ੀ ਅਪਾਰ ਹੋਏ
ਪ੍ਰੀਤ ਜਿਨ੍ਹਾਂ ਸੀ ਚੰਦ ਚਕੋਰ ਵਰਗੀ, ਜੇਹੜੇ ਨਿਤ ਮੁਸ਼ਤਾਕ ਦੀਦਾਰ ਹੋਏ
ਓਹ ਅੱਗੋਂ ਕਦੋਂ ਜਾਣਾ ਚਾਹੁੰਦੇ ਸਨ, ਧੰਨ ਭਾਗ ਓਹ ਆਖ ਬਲਿਹਾਰ ਹੋਏ
ਜੇਹੜੇ*ਧੰਦੇ ਦੀ ਸਿਖੀ ਦੇ ਸਿਖ ਹੈਸਨ, ਏਸ ਹੁਕਮ ਤੋਂ ਸਖਤ ਲਾਚਾਰ ਹੋਏ
ਵੇਖਾ ਦੇਖੀ ਦੀ ਜੋ ਕਚੀ ਸਿਖੀ ਵਾਲੇ, ਡਾਢੇ ਤੰਗ ਓਹ ਬੇ ਵਿਚਾਰ ਹੋਏ
ਪਾ ਪਾ ਬਹਾਨੇਂ ਕਰਤਾਰ ਸਿੰਘਾ; ਚੋਰੀ ਨਸਣੇ ਲਈ ਤਯਾਰ ਹੋਏ

### ਇਕ ਮਾਲਵੇ ਦੇ ਜਥੇ ਦੀ ਸਾਖੀ

ਇਕ ਜਥੇ ਦਾ ਡੋਲਿਆ ਚਿਤ ਆ ਕੇ; ਏਸ ਤਰ੍ਹਾਂ ਫਰੇਬ ਬਨਾਯਾ ਓਹਨਾਂ
ਇਕ ਸਾਥੀ ਨੂੰ ਮੰਜੇ ਤੇ ਲੰਮਿਆ ਪਾ ਮਰ ਗਿਆ ਹੈ ਆਖ ਧੁਮਾਯਾ ਓਹਨਾਂ
ਕੁਝ ਚੁਕ ਮੁਰਦੇ ਤਾਈਂ ਟੁਰ ਪਏ, ਰੋਣ ਵਾਲਾ ਭੇੜਾ ਮੂੰਹ ਬਨਾਯਾ ਓਹਨਾਂ
ਰਾਮ ਨਾਮ ਹੈ ਸਤਿ ਇਹ ਬੋਲ ਬਾਕੀ, ਪਿਛੇ ਟੁਰੇ ਪਾਖੰਡ ਖਿੰਡਾਯਾ ਓਹਨਾਂ
'ਸੇਵਕ ਕੀ ਓੜਕ ਨਿਬਾਹੀ ਪ੍ਰੀਤ' , ਏਹ ਸ਼ਬਦ ਭੀ ਪੜ੍ਹ ਸੁਨਾਯਾ ਓਹਨਾਂ
ਬਾਹਰ ਨਿਕਲ ਚਲੇ ਕਰਤਾਰ ਸਿੰਘਾ, ਏਸੇ ਤਰ੍ਹਾਂ ਦਾ ਫੰਧ ਚਲਾਯਾ ਓਹਨਾ

---

*ਸਿਖੀ—ਪੰਜ ਪ੍ਰਕਾਰ ਦੀ ਹੈ, ੧—ਧੰਦੇ ਦੀ। ੨—ਦੇਖਾ ਦੇਖੀ। ੩—ਹਿਰਸੀ। ੪—ਸਿਦਕੀ ੫—ਭਾਵ ਦੀ। ਇਹਨਾਂ ਹੀ ਸਿਖੀਆਂ ਦਾ ਰੂਪ ਅਗੇ ਕਿਸੇ ਥਾਂ ਲਿਖਯਾ ਹੈ ਆਪ ਪੜ੍ਹਕੇ ਦੇਖ ਲਵੋ।

ਸਤਿਗੁਰੂ ਚੋਜੀ ਜਾਣੀ ਜਾਣ ਭਾਰੇ, ਹੁਕਮ ਦੇ ਮੁਰਦਾ ਰੁਕਵਾਯਾ ਜੀ

### ਸਤਿਗੁਰਾਂ ਦਾ ਹੁਕਮ ਤੇ ਬਨਾਵਟੀ ਮੁਰਦੇ ਦਾ ਪਾਜ

ਇਕ ਸਿਖ ਨੂੰ ਕਿਹਾ ਚਵਾਤੀ ਲਾ ਦੇਹ, ਏਹ ਸੁਣ ਮੁਰਦਾ ਘਬਰਾਯਾ ਜੀ
ਓਸੇ ਵੇਲੇ ਓਹ ਉਠਕੇ ਨਠ ਟੁਰਿਆ, ਵੇਖਣ ਵਾਲਿਆਂ ਨੇ ਰੌਲਾਪਾਯਾ ਜੀ
ਓਹ ਸਿਖ ਡਾਢੇ ਸ਼ਰਮਿੰਦੇ ਹੋਏ, ਉਘੜ ਗਿਆ ਜੋ ਪਾਜ ਬਣਾਯਾ ਜੀ
ਸਤਿਗੁਰਾਂ ਦੇ ਤਈਂ ਸਰਬਗ ਜਾਤਾ, ਚਰਨ ਫੜ ਗੁਨਾਹ ਬਖਸ਼ਾਯਾ ਜੀ
ਲੋਕ ਹੋਏ ਹੈਰਾਨ ਕਰਤਾਰ ਸਿੰਘਾ, ਇਹ ਭੀ ਇਕ ਤਮਾਸ਼ਾ ਦਿਖਾਯਾ ਜੀ

### ਸਤਿਗੁਰਾਂ ਨੇ ਉਪਦੇਸ਼ ਕਰਨਾ

ਸਤਿਗੁਰਾਂ ਕਹਿਆ ਸਿਖੀ ਬਹੁਤ ਔਖੀ, ਵੇਲੇ ਪ੍ਰਖ ਦੇ ਸਿਦਕ ਰਖਾਨਾ ਚਾਹੀਏ
ਕੁਝ ਲੋੜ ਨਾਹੀਂ ਦਿਖਲਾਵਿਆਂ ਦੀ, ਸਾਫ ਸਚਾ ਪ੍ਰੇਮ ਦਿਖਾਨਾ ਚਾਹੀਏ
ਛਲ,ਕਪਟ,ਫ੍ਰੇਬ ਤੋਂ ਬਿਨਾਂ ਜਿਨਾਂ, ਸਚਾ ਨਿਭ ਜਾਏ ਸਿਦਕ ਨਭਾਨਾ ਚਾਹੀਏ
ਜਿਨੀ ਪੁਜੇ, ਕਰੇ ਕਰਤਾਰ ਸਿੰਘਾ, ਸਚ ਵਿਚ ਨ ਖੋਟ ਰਲਾਨਾ ਚਾਹੀਏ

### ਪਹਾੜੀ ਰਾਜਿਆਂ ਤੇ ਅਲਫ ਖਾਂ ਦੀ ਚੜ੍ਹਾਈ

ਤਿੰਨ ਸਾਲ ਦੇ ਟਕੇ ਸਨ ਬਾਦਸ਼ਾਹੀ, ਨ ਪਹਾੜੀਆਂ ਦਿਲੀ ਪੁਚਾਏ ਹੈਸਨ
ਬਾਦਸ਼ਾਹ ਔਰੰਗੇ ਨੇ ਖਾ ਗੁਸਾ, ਸਖਤ ਦਿਲੀਓਂ ਹੁਕਮ ਚੜ੍ਹਾਏ ਹੈਸਨ
ਮੀਏਂਖਾਨ ਤਾਈਂ ਫੌਜਦਾਰ ਕੀਤਾ, ਅਫਸਰ ਹੋਰ ਭੀ ਨਾਲ ਚਲਾਏ ਹੈਸਨ
ਨਾਲੇ ਲਿਖਯਾ ਹੁਕਮ†ਦਲੇਰ ਖਾਂ ਤੇ ਦੇਕੇ ਧਮਕੀਆਂਸਖਤਧਮਕਾਏ ਹੈਸਨ
ਸਤਾਰਾਂ ਸੌ ਛਤਾਲੀਆਂ ਮਾਂਹ ਕਤੇਂ, ਫੌਜਦਾਰ ਏਹ ਦਿਲੀਓਂ ਧਾਏ ਹੈਸਨ
ਮੀਆਂ ਖਾਂ ਤਾਂ ਰਾਵੀਓਂ ਗਿਆ ਖਬੇ, ਓਧਰ ਜਾ ਕੇ ਟਕੇ ਉਗਰਾਹੇ ਹੈਸਨ
ਅਲਫ ਖਾਂ ਭਤੀਜੇ ਨੂੰ ਏਸ ਪਾਸੇ, ਗਿਆ ਟੋਰ ਤੇ ਭੇਦ ਸਮਝਾਏ ਹੈਸਨ
ਓਸ ਆਉਂਦਿਆਂ ਕਾਂਗੜਾ ਘੇਰ ਲਿਆ,ਰਾਜੇ ਹੋਰ ਭੀ ਸੁਣ ਘਬਰਾਏ ਹੈਸਨ
ਬਿਝੜ ਵਾਲੀਏ ਨਾਲ ਕਟੋਚੀਏ ਰਲ, ਦੋਹਾਂ ਹੋਰ ਹੀ ਜਾਲ ਫੈਲਾਏ ਹੈਸਨ
ਦੇ ਅੱਧ ਪਚੱਧ ਤੇ ਗਲੋਂ ਲਾਹਿਆ, ਹੋਰ ਖੋਹਲ ਕੇ ਭੇਦ ਜਤਾਏ ਹੈਸਨ

---

†ਦਿਲਾਵਰ ਖਾਂ ਲਾਹੌਰ ਦਾ ਸੂਬਾ ਸੀ।

ਪਹਿਲਾਂ ਟਕੇ ਲੈ ਤੂੰ ਭੀਮਚੰਦ ਪਾਸੋਂ, ਲਾਹ ਜਾਲ ਓਹਦੇ ਗਲ ਪਏ ਹੈਸਨ
ਓਹ ਤਾਰੇ ਤਾਂ ਸੱਭੇ ਹੀ ਤਰੇ ਜਾਣੇ, ਫੂਕਾਂ ਮਾਰਕੇ ਖਾਨ ਫੁਲਾਏ ਹੈਸਨ
ਅਲਫ ਖਾਂ ਕ੍ਰੋਹੇ ਹੋ ਕੇ ਚੜ੍ਹ ਪਿਆ, ਆ ਨਦੌਣ ਗਿਰਦੇ ਡੇਰੇ ਲਾਏ ਹੈਸਨ
ਤਿੰਨ ਸਾਲ ਦੇ ਟਕੇ ਪੁਚਾ ਦੇਹ ਤੂੰ, ਭੀਮਚੰਦ ਨੂੰ ਹੁਕਮ ਸੁਨਾਏ ਹੈਸਨ
ਕਿਸ਼ਤ ਕੋਈ ਮਨਜ਼ੂਰ ਨ ਹੁਣੇ ਲੈਣੇ, ਰਾਜੇ ਹੋਰ ਭੀ ਸਭ ਦਬਾਏ ਹੈਸਨ
ਇਕ ਦੱਮ ਸਾਰੇ ਦੇਣੇਂ ਤੰਗ ਪਏ, ਅਲਫ ਖਾਂ ਨੇ ਜ਼ੋਰ ਦਖਾਏ ਹੈਸਨ
ਅੰਤ ਤੰਗ ਹੋ ਕੇ ਭੀਮ ਚੰਦ ਰਾਜੇ, ਸੱਦ ਲਏ ਸਾਰੇ ਹਮਸਾ ਹੈਸਨ
ਜੰਗ ਵਾਸਤੇ ਤਯਾਰੀਆਂ ਕਰ ਲਈਆਂ, ਦੋਹਾਂ ਧਿਰਾਂ ਖਰੂਦ ਮਚਾਏ ਹੈਸਨ
ਰਾਜੇ ਨੀਵੇਂ ਥਾਂ ਤੇ ਸ਼ਾਹੀ ਫੌਜ ਉੱਚੇ, ਮਾਰ ਮਾਹਣੂਆਂ ਦੇ ਘਾਣ ਲਾਹੇ ਹੈਸਨ
ਗਈ ਪੇਸ਼ ਨ ਕੁਝ ਭੀ ਰਾਜਿਆਂ ਦੀ, ਭਾਵੇਂ ਜ਼ੋਰ ਪੱਬਾਂ ਤੋੜੀ ਲਾਏ ਹੈਸਨ
ਜ਼ੋਰ ਪਿਆ ਨ ਵੈਰੀ ਦੀ ਫੌਜ ਉਤੇ, ਭਾਵੇਂ ਦੇਵਤੇ ਸਭ ਮਨਾਏ ਹੈਸਨ
ਜੰਗ ਛੋੜ ਪਿਛੋਂ ਕਰਤਾਰ ਸਿੰਘਾ, ਹੁੰਦੀ ਹਾਰ ਨੂੰ ਦੇਖ ਪਛਤਾਏ ਹੈਸਨ

### ਰਾਜਿਆਂ ਨੇ ਸਤਿਗੁਰਾਂ ਦੀ ਸ਼ਰਨ ਲੈਣ ਦੀ ਸਲਾਹ ਕਰਨੀ

ਪਲੋਂ ਪਲੀ ਵੈਰੀ ਅਗਾਂ ਵਧੀ ਜਾਂਦੇ, ਪਿਆ ਰਾਜਿਆਂ ਨੂੰ ਘਬਰਾਓ ਭਾਈ
ਪ੍ਰਿਥੀ ਚੰਦ ਤੇ ਕੇਸਰੀ ਚੰਦ ਦੋਹਾਂ, ਦਿੱਤੀ ਸਾਰਿਆਂ ਤਈਂ ਸਲਾਹ ਭਾਈ
ਔਖੀ ਬਣੀ ਵੈਰੀ ਸਿਰ ਚੜ੍ਹੀ ਜਾਂਦੇ, ਹੁਣ ਹੋਰ ਨ ਕੋਈ ਉਪਾਓ ਭਾਈ
ਮਹਾਬਲੀ ਸਤਿਗੁਰੂ ਦੀ ਸ਼ਰਨ ਲਵੋ, ਹੋਰ ਚੱਲਣਾ ਨਹੀ ਜੇ ਦਾਓ ਭਾਈ
ਕਈਆਂ ਆਖੀਆ ਜੰਗ ਭੰਗਾਣੀ ਦੇ ਜੀ, ਅਜੇ ਸੱਜਰੇ ਨੇ ਸਾਰੇ ਘਾਓ ਭਾਈ
ਸਾਥੋਂ ਸਾਰਿਆਂ ਤੋਂ ਪੁੱਜੀ ਬਹੁਤ ਚੰਗੀ, ਕੀਤੀ ਆਪਣੀ ਤੇ ਸ਼ਰਮਾਓ ਭਾਈ
ਕਈਆਂ ਆਖਯਾ ਗੁਰੂ ਦਿਆਲ ਸਦਾ, ਸਿੱਧਾ ਸਾਫ ਨਿਰਵੈਰ ਸੁਭਾਓ ਭਾਈ
ਸ਼ਰਨ ਗਿਆਂ ਦੀ ਸ਼ਰਮ ਜ਼ਰੂਰ ਰੱਖਨ, ਅੱਛਾ ਗੱਲ ਏਹ ਭੀ ਅਜ਼ਮਾਓ ਭਾਈ
ਵੈਰ ਉਨ੍ਹਾਂ ਦਾ ਕਿਸੇ ਦੇ ਨਾਲ ਨਾਹੀਂ, ਜਹੀ ਨੀਯਤ ਤਿਹਾ ਫਰ ਪਾਓ ਭਾਈ
ਇਹ ਕਰ ਸਲਾਹ ਪ੍ਰਿਥੀਚੰਦ ਰਾਜਾ, ਪਰਮਾ ਨੰਦ ਵਜ਼ੀਰ ਦਾ ਨਾਓ ਭਾਈ

ਆਏ ਗੁਰਾਂ ਦੇ ਪਾਸ ਕਰਤਾਰ ਸਿੰਘਾ, ਚੰਗਾ ਧਰ ਪਰੇਮ ਤੇ ਭਾਓ ਭਾਈ

### ਪਰਮਾਨੰਦ ਵਜ਼ੀਰ ਤੇ ਰਾਜੇ ਪ੍ਰਿਥੀ ਚੰਦ ਨੇ ਬੇਨਤੀ ਕਰਨੀ

ਹਥ ਜੋੜ ਵਜ਼ੀਰ ਨੇ ਅਰਜ਼ ਕੀਤੀ, ਹੇ ਨਮਾਣਿਆਂ ਦੇ ਤੁਸੀਂ ਮਾਨ ਗੁਰਜੀ
ਔਖੀ ਬਣੀ ਦਾ ਹਾਲ ਸੁਨਾਯਾ ਸਾਰਾ, ਕਰੋ ਰੱਖਯਾ ਹੇ ਦੋਯਾਂਵਾਨ ਗੁਰਜੀ
ਭੀਮ ਚੰਦ ਨੇ ਅਸਾਂ ਨੂੰ ਭੇਜਿਆ ਏ, ਬਹੁੜੋ ਛੱਬਦੇ ਵਿਚ ਮੇਦਾਨ ਗੁਰਜੀ
ਫੜੇ ਚਰਨ ਵਜ਼ੀਰ ਕਰਤਾਰ ਸਿੰਘਾ, ਦਿਆਲ ਹੋ ਗਏ ਭਗਵਾਨ ਗੁਰਜੀ

### ਸਤਿਗੁਰਾਂ ਨੇ ਰਾਜਿਆਂ ਦੀ ਮਦਦ ਵਾਸਤੇ ਨਾਦੌਣ ਪਹੁੰਚਣਾ

ਸ਼ਰਨ ਪਿਆ ਦੀ ਗੁਰਾਂ ਨੇ ਸ਼ਰਮ ਰਖੀ, ਨੰਦ ਚੰਦ ਨੂੰ ਹੁਕਮ ਸੁਨਾਏ ਜਲਦੀ
ਯੋਧਾ ਪੰਜ ਸੌ ਝੱਟ ਤਯਰ ਹੋਵੇ, ਦਾਰੂ ਸਿਕਾ ਦਿਹੁ ਵੰਡ ਵੰਡਾਏ ਜਲਦੀ
ਝਟ ਪਟ ਤਯਾਰ ਹੋ ਪਏ ਯੋਧੇ, ਚੜ੍ਹੇ ਗੁਰ ਰਣਜੀਤ ਵਜਵਾਏ ਜਲਦ
ਰਾਤੋ ਰਾਤ ਨਾਦੌਣ ਕਰਤਾਰ ਸਿੰਘਾ, ਪਹੁੰਚ ਗਏ ਸਤਿਗੁਰ ਜੀ ਜਾਏ ਜਲਦੀ

### ਵਾਕ ਕਵੀ

ਵਾਹ ਵਾਹ ਆਪਦੀ ਗੁਰੋ ਵਡਯਾਈ ਵਡੀ, ਭਲਾ ਵੈਰੀਆਂ ਨਾਲ ਕਮਾਂਵਦੇ ਓ
ਜੇੜ੍ਹੇ ਬੁਰਾ ਮੰਗਨ ਤੁਹਾਡਾ ਰਾਤ ਦਿਨੇ, ਕੀਤਾ ਉਨ੍ਹਾਂ ਦਾਭੀ ਭਲਾ ਚਾਹਵਦੇ ਓ
ਸ਼ਰਨ ਆਯਾ ਵੈਰੀ ਗਲ ਲਾਂਵਦੇ ਓ, ਕੀਤੇ ਪਿਛਲੇ ਦੇਖ ਭੁਲਾਂਵਦੇ ਓ
ਨਾਲ ਵੈਰੀਆਂ ਹੋ ਨਿਰਵੈਰ ਵਰਤੋ, ਧੀਰਜ ਏਤਨੀ ਚਿਤ ਰਖਾਂਵਦੇ ਓ
ਤੁਹਾਡੇ ਨਾਲੋਂ ਦਰਜਾ ਕਿਦਾ ਹੋਏ ਉਚਾ, ਆਏ ਦੁਸ਼ਮਨਾਂ ਨੂੰ ਗਲਲਾਂਵਦੇ ਓ
ਏਸ ਲਈ ਸਦਾ ਕਰਤਾਰ ਸਿੰਘਾ, ਗੁਰੂ ਗ੍ਰੀਬ ਨਿਵਾਜ ਅਖਵਾਂਵਦੇ ਓ

### ਸਤਿਗੁਰਾਂ ਦੀ ਮਦਦ ਨਾਲ ਭੀਮ ਚੰਦ ਦੀ ਫਤ੍ਹਾ ਹੋਣੀ

ਗੁਰੂ ਜੀ ਨੂੰ ਵੇਖ ਕੇ ਰਾਜਿਆਂ ਦੇ, ਵਧ ਹੌਂਸਲੇ ਇਕ ਤੋਂ ਚਾਰ ਹੋਏ
ਮਾਰ ਚੱਲ ਦੁਪਹਿਰ, ਨੂੰ ਦਿਨ ਓਸੇ, ਜੰਗ ਵਾਸਤੇ ਫੇਰ ਤਯਾਰ ਹੋਏ
ਦਿਆਲ ਚੰਦ ਤੇ ਦੂਆ ਕਿਰਪਾਲ ਜਾਣੋ, ਅਲਫ ਖਾ ਦੇ ਵਲ ਹੁਸ਼ਯਾਰ ਹੋਏ
ਸ਼ਾਹੀ ਫੌਜ ਸਣੇ ਆਣ ਵੱਜ ਪਏ, ਚੰਗੇ ਦੂਹੀਂ ਵਲੀਂ ਹਥਯਾਰ ਹੋਏ

ਜੰਗ ਮੱਚਿਆ ਤੇ ਆਣ ਮੌਕੇ ਉਤੇ, ਸਤਿਗੁਰੂ ਜੀ ਘੋੜੇ ਅਸਵਾਰ ਹੋਏ
ਪੰਜ ਸੌ ਯੋਧਾ ਨਾਲ ਲੈ ਕਰਕੇ, ਭੀਮ ਚੰਦ ਦੇ ਜਾ ਮਦਦਗਾਰ ਹੋਏ
ਫੇਰ ਚੀਏਂ ਮੀਏਂ ਸਭੇ ਕੁਦ ਪਏ, ਜੰਗ ਮਚਿਆ ਤੇ ਖ਼ੂਨ ਭਾਰ ਹੋਏ
ਸਤਿਗੁਰਾਂ ਦੇ ਸੂਕਦੇ ਤੀਰ ਚਲੇ, ਕਈਆਂ ਯੋਧਿਆਂ ਨੂੰ ਮਾਰ ਪਾਰ ਹੋਏ
ਸ਼ਾਹੀ ਫੌਜਾਂ ਨੂੰ ਮਾਰ ਖਿੰਡਾ ਦਿਤਾ, ਥਾਂ ਥਾਂ ਤੇ ਯੋਧੇ ਸਥਾਰ ਹੋਏ
ਜੰਗ ਵਿਚ ਆਉਣਾ ਸੁਣ ਗੁਰੂ ਜੀ ਦਾ, ਵੈਰੀ ਹੌਂਸਲੇ ਛਡ ਬੇਜ਼ਾਰ ਹੋਏ
ਕਾਠ ਗੜ੍ਹੀਆ ਦਿਆਲਾ ਸੌ ਮਰ ਗਿਆ, ਹੋਰ ਜਖਮੀ ਬੇਸ਼ੁਮਾਰ ਹੋਏ
ਥਾਂ ਥਾਂ ਤੋਂ ਮੋਰਚੇ ਛੁਟ ਗਏ, ਟੁਟੇ ਹੌਂਸਲੇ ਬੇ ਕਰਾਰ ਹੋਏ
ਭਾਰੀ ਜ਼ਖਮ ਲਗਾ ਕਿਰਪਾਲ ਨੂੰ ਭੀ, ਹੋਰ ਜ਼ਖਮੀ ਕਈ ਸਰਦਾਰ ਹੋਏ
ਅਲਫ ਖਾਂ ਕਿਹੋ ਸੁ ਦੁਖੀ ਹੋ ਕੇ, ਹੋ ਕੇ ਹੁਣ ਜਾਪਦੀ ਏ ਸਾਡੀ ਹਾਰ ਹੋਏ
ਵਲ ਵੈਰੀਆਂ ਹੋ ਗੁਰੂ ਲੜ ਰਿਹਾ, ਹੁਣ ਜਿੱਤਨੇ ਸਾਨੂੰ ਅਸਵਾਰ ਹੋਏ
ਏਹ ਗੁਰੂ ਬੜਾ ਬਲੀ ਮਹਾਂ ਯੋਧਾ, ਵਡੇ ਏਸ ਦੇ ਵਿਚ ਬਲਕਾਰ ਹੋਏ
ਕਰ ਲਈ ਸਲਾਹ ਰਾਤੀਂ ਹਟ ਚਲੋ ਛੱਡ ਹੌਂਸਲੇ ਪਾਜ਼ੀ ਮੁਰਦਾਰ ਹੋਏ
ਰਾਤ ਅੱਧੀ ਗਏ ਨਠ ਕਰਤਾਰ ਸਿੰਘਾ, ਦਸ ਕੋਹ ਪਹਾੜਾਂ ਤੋਂ ਪਾਰ ਹੋਏ

ਭੀਮ ਚੰਦ ਤੇ ਕਿਰਪਾਲ ਚੰਦਨੇ ਸੁਲ੍ਹਾ ਕਰ ਲੈਣੀ ਤੇ ਗੁਰੂ ਜੀ ਨੇ ਆਨੰਦਪੁਰ ਨੂੰ ਮੁੜਨਾ

ਹਾਰ ਖਾ ਕਿਰਪਾਲ ਬੇਸ਼ਰਮ ਹੋਕੇ, ਨਾਲ ਭੀਮੇ ਦੇ ਸੁਲ੍ਹਾ ਬਨਾ ਲਈ
ਹੌਲੀ ਹੌਲੀ ਟਕੇ ਫੇਰ ਦੇ ਦਿਆਂਗਾ, ਅਲਫ ਖਾਂ ਦੇ ਨਾਲ ਠਹਿਰਾ ਲਈ
ਇਹ ਸਾਰੇ ਆਪੋ ਵਿਚ ਰਲ ਬੈਠੇ, ਗੁਰਾਂ ਸਿਰ ਬੁਰਯਾਈ ਟਿਕਾ ਲਈ
ਅਲਫ ਖਾਂ ਵੈਰੀ ਬਣ ਗਿਆ ਡਾਢਾ, ਇਹ ਗੁਰਾਂ ਸਾਰੀ ਖ਼ਬਰ ਪਾ ਲਈ
ਓਸੇ ਵਕਤ ਨਗਾਰਾ ਵਜਾ ਕੇ ਜੀ, ਵਾਗ ਆਪਣੀ ਪਿਛਾਂ ਭਵਾ ਲਈ
ਭੀਮ ਚੰਦ ਵਜ਼ੀਰ ਦੇ ਕਹੇ ਕਰਕੇ, ਗੁਰਾਂ ਪਾਸ ਆ ਅਰਜ਼ ਸੁਨਾ ਲਈ
ਕਿਉਂ ਗੁਸੇ ਹੋ ਕੇ ਤੁਸੀਂ ਟੁਰ ਚਲੇ ਮੈਂ ਤਾਂ ਆਸ ਤੁਹਾਡੀ ਰਖਾ ਲਈ
ਗੁਰਾਂ ਆਖਯਾ ਰਾਜਾ ਜੀ ਆਪ ਆਪੇ ਨਾਲ ਵੈਰੀਆਂ ਗੰਢ ਗੰਢਾ ਲਈ
ਤੁਸੀਂ ਫੇਰ ਇਕੋ ਮਿਕੋ ਹੋ ਗਏ, ਅਸਾਂ ਦੁਸ਼ਮਣੀ ਐਵੇਂ ਵਧਾ ਲਈ

ਟਕੇ ਤੁਰਕ ਨੂੰ ਭੀ ਦੇਣ ਮੰਨ ਲਏ, ਸ਼ਰਮ ਵੇਚ ਕੇ ਤੁਸਾਂ ਹੈ ਖਾ ਲਈ
ਰਾਜੇ ਝੂਠੀਆਂ ਬਹੁਤ ਖੁਸ਼ਾਮਦਾਂ ਕਰ, ਝੱਟ ਨਜ਼ਰ ਭੇਟਾ ਮੰਗਵਾ ਲਈ
ਸਤਿਗੁਰਾਂ ਅੱਗੇ ਰਖ ਟੇਕ ਮਥਾ, ਦਿਲੋਂ ਬੜੀ ਚਤੁਰਾਈ ਦਿਖਾ ਲਈ
ਜਹੀ ਨੀਤ ਤੇ ਤੇਹੀ ਮੁਰਾਦ ਪਾਵੇ, ਸਤਿਗੁਰਾਂ ਭੀ ਸਾਫ ਸੁਣਾ ਲਈ
ਛੱਡ ਦੇਣ ਨਦਾਉਣ ਕਰਤਾਰ ਸਿੰਘਾ, ਚੱਲ ਚੋਟ ਨਗਾਰੇ ਲਵਾ ਲਈ

### ਆਲਸੂਨ ਦੇ ਰਾਜਪੂਤਾਂ ਨੂੰ ਲੁਟ ਕੇ ਆਨੰਦਪੁਰ ਪਹੁੰਚਣਾ

ਸਤਿਗੁਰੂ ਜੀ ਸੈਰ ਸ਼ਕਾਰ ਕਰਦੇ, ਜਦੋਂ ਪਿਛਾਂ ਨੂੰ ਪਰਤ ਕੇ ਆਏ ਭਾਈ
ਆਲਸੂਨ ਗਿਆ ਪਿੰਡ ਆ ਅਗੇ, ਲੋਕ ਲੈਣ ਕੁਪੱਤ ਹਲਾਏ ਭਾਈ
ਸੰਗੇ ਤੜੇ ਗੁਮਰਾਹ ਰਜਪੂਤ ਫਿੱਟੇ, ਨਹੀਂ ਸੀ ਉਨ੍ਹਾਂ ਨੂੰ ਯਾਦ ਖੁਦਾਈ ਭਾਈ
ਅੱਗੋਂ ਆ ਕੁਬੋਲੀਆਂ ਕਰਨ ਲੱਗੇ, ਵਾਧੇ ਘਾਟੇ ਦੇ ਬਚਨ ਸੁਨਾਏ ਭਾਈ
ਸੁਣ ਬੋਲੀਆਂ ਸਿੱਖਾਂ ਨੂੰ ਰੋਹ ਚੜੇ, ਲਏ ਭਗੌਤੀਆਂ ਤੇ ਹੱਥ ਪਾਏ ਭਾਈ
ਦੋ ਤਿੰਨ ਭਾਗੇ ਨਾਲੇ ਅੱਗੇ ਏਹਨਾਂ ਲੁੱਟੀ ਸੰਗਤ ਹੈ ਸੀ ਅਟਕਾਏ ਭਾਈ
ਨੰਦ ਚੰਦ ਹੱਲਾ ਕਰਵਾ ਦਿੱਤਾ, ਸਿੱਖ ਜਾ ਪਏ ਝੱਟ ਧਾਏ ਭਾਈ
ਥੋੜੀ ਮਾਰ ਖਾ ਕੇ ਫੇਰ ਉਠ ਨੱਠੇ, ਸਿੱਖਾਂ ਲਏ ਬਹੁਤੇ ਮਾਰ ਦਾਏ ਭਾਈ
ਲੁਟ ਖਰ ਸਾਰਾ ਪਿੰਡ ਲੁਟ ਲਿਆ, ਦੱਬੇ ਧਨ ਲਏ ਕਢਵਾਏ ਭਾਈ
ਪੈ ਗਈ ਦੁਹਾਈ ਪਹਾੜ ਅੰਦਰ, ਹੋਲੇ ਹੋ ਗਏ ਖੁੰਬ ਠਪਾਏ ਭਾਈ
ਏਸੇ ਤਰ੍ਹਾਂ ਹੀ ਸੈਰ ਸ਼ਕਾਰ ਕਰਦੇ; ਆ ਪੁਰੀ ਆਨੰਦ ਸੁਹਾਏ ਭਾਈ
ਦਿਨੋ ਦਿਨ ਪ੍ਰਤਾਪ ਕਰਤਾਰ ਸਿੰਘਾ; ਸਤਿਗੁਰਾਂ ਦਾ ਵਧਦਾ ਜਾਏ ਭਾਈ

### ਸਾਹਿਬਜ਼ਾਦੇ ਜੁਝਾਰ ਸਿੰਘ ਦਾ ਜਨਮ

ਏਸੇ ਸਾਲ ਅੰਦਰ ਮਾਤਾ ਜੀਤੋ ਜੀ ਤੋਂ, ਬਲੀ ਪੁਤਰ ਸੋਹਣਾ ਪੈਦਾਵਾਰ ਹੋਯਾ
ਸਤਾਰਾਂ ਸੌ ਸੰਤਾਲੀਆਂ ਚੇਤ ਇੱਕ ਸੋਹਣਾ ਰੂਪ ਅਨੂਪ ਅਪਾਰ ਹੋਯਾ
ਪਾਏ ਦਾਨ ਗਰੀਬਾਂ ਨੇ ਬਹੁਤ ਭਾਰੇ; ਘਰ ਘਰ ਸਾਰੇ ਮੰਗਲਾਚਾਰ ਹੋਯਾ
ਆਏ ਜੰਗ ਨਦਾਉਣ ਦਾ ਜਿੱਤ ਕਰਕੇ ਸਤਿਗੁਰਾਂ ਨੂੰ ਏਹ ਵਿਚਾਰ ਹੋਯਾ
ਨਾਮ ਰਖਿਆ ਸ੍ਰੀ ਜੁਝਾਰ ਸੋਹਣਾ, ਜੂਝ ਧਰਮ ਤੇ ਪ੍ਰਗਟ ਸੰਸਾਰ ਹੋਯਾ

ਜੋੜੀ ਰਲੀ ਏਹ ਪਹਿਲੀ ਕਰਤਾਰ ਸਿੰਘਾ, ਕਠੇ ਪਲੇ ਕਠਾ ਬੇੜਾ ਪਾਰ ਹੋਜਾ

### ਲਾਹੌਰ ਦੇ ਸੂਬੇ ਨੇ ਆਪਣੇ ਪੁਤਰ ਰੁਸਤਮ ਖਾਂ ਨੂੰ ਅਨੰਦਪੁਰ ਤੇ ਚੜ੍ਹਾਨਾ

ਅਲਫ ਖਾਂ ਦੀ ਸੁਣ ਕੇ ਹਾਰ ਹੋਈ, ਸੂਬਾ ਖਾਨ ਦਲਾਵਰ ਰਿਸਾਯਾ ਜੀ
ਦਿਤੀ ਹਾਰ ਏਹ ਗੁਰੂ ਗੋਬਿੰਦ ਸਿੰਘ ਨੇ, ਚੁਗਲ ਬਾਜਾਂ ਨੇ ਇਉਂ ਭਖਾਯਾ ਜੀ
ਸੂਬੇ ਹੋ ਗੁਸੇ ਰੁਸਤਮ ਖਾਂ ਤਾਈਂ, ਸਤਿਗੁਰਾਂ ਦੇ ਵਲ ਚੜ੍ਹਾਯਾ ਜੀ
ਨਾਲ ਇਕ ਹਜ਼ਾਰ ਜਵਾਨ ਦਿਤਾ, ਹੁਕਮ ਸਖਤਾ ਏਹ ਸੁਨਾਯਾ ਜੀ
ਝਟ ਗੁਰੂ ਨੂੰ ਫੜਕੇ ਕਰੋ ਹਾਜ਼ਰ, ਖਾਨਜ਼ਾਦਾ ਲਾਹੌਰ ਤੋਂ ਧਾਯਾ ਜੀ
ਮਾਰੋ ਮਾਰ ਕਰਦੇ ਕਰਤਾਰ ਸਿੰਘਾ, ਡੇਰਾ ਜਾ ਨੇੜੇ ਰਾਤੀਂ ਲਾਯਾ ਜੀ

### ਸਤਿਗੁਰਾਂ ਨੂੰ ਖਬਰ ਹੋਣੀ ਤੇ ਜੰਗ ਦੀ ਤਿਆਰੀ

ਪਾਰ ਨਦੀਓਂ ਰਾਤ ਨੂੰ ਸੁਣ ਰੌਲਾ, ਡਿਉਢੀਦਾਰ ਭਜਾ ਪਾਸ ਆਯਾ ਗੁਰਾਂ
ਫੌਜ ਆਣ ਲਥੀ ਕਿਸੇ ਵੈਰੀ ਦੀ ਹੈ, ਆਲਮ ਸ਼ਾਹ ਪਾਸੋਂ ਸੁਣ ਪਾਯਾ ਗੁਰਾਂ
ਝਟ ਪਟ ਹੀ ਫੌਜ ਤਯਾਰ ਹੋ ਗਈ, ਜਿਸ ਵੇਲੇ ਨਗਾਰਾ ਵਜਾਯਾ ਗੁਰਾਂ
ਅਗਾ ਰੋਕ ਲੌ ਜਾ ਕਰਤਾਰ ਸਿੰਘਾ, ਓਸੇ ਵਕਤ ਹੀ ਹੁਕਮ ਸੁਨਾਯਾ ਗੁਰਾਂ

### ਰੁਸਤਮ ਖਾਂ ਨੇ ਹੌਸਲਾ ਛਡਕੇ ਆਪੇ ਹੀ ਪਿਛਾਂ ਚਲਿਆ ਜਾਣਾ

ਕੁਝ ਰਾਤ ਸਿਆਲ ਦੀ ਪਿਆ ਪਾਲਾ, ਕੁਝ ਸਿਖਾਂ ਨੇ ਏਧਰੋਂ ਪਾਯਾ ਰੌਲਾ
ਦੂਜਾਂ ਨਦੀ ਓਸੇ ਵੇਲੇ ਚੜ੍ਹ ਆਈ, ਠੰਢੀ ਹਵਾ ਦਾ ਚਲਿਆ ਬੁਰਾ ਝੋਲਾ
ਪਾਰ ਲੰਘਣਾ ਹੋ ਗਿਆ ਖਰਾ ਔਖਾ, ਨਾਲੇ ਪਾਲੇ ਨੇ ਯਾਦ ਕਰਾਯਾ ਮੌਲਾ
ਕੂਚ ਕਰ ਗਿਆ ਕਰਤਾਰ ਸਿੰਘਾ, ਛਡਾ ਹੌਸਲਾ ਐਵੇਂ ਹੀ ਹੋ ਹੋਲਾ

### ਲਾਹੌਰ ਤੋਂ ਹੁਸੈਨੀ ਦੀ ਚੜ੍ਹਾਈ

ਰੁਸਤਮ ਖਾਂ ਜਾ ਜਦੋਂ ਲਾਹੌਰ ਵੜਿਆ, ਹੈਸੀ ਭੇਦ ਜੇਹੜਾ ਸੂਬੇ ਪਾਯਾ ਜਲਦੀ
ਉਪਰ ਬੇਟੇ ਦੇ ਬੜਾ ਨਰਾਜ਼ ਹੋਯਾ, ਓਸੇ ਵਕਤ ਹੁਸੈਨੀ ਬੁਲਾਯਾ ਜਲਦੀ
ਸਣੇ ਰਾਜਿਆਂ ਗੁਰੂ ਨੂੰ ਕਰੋ ਸਿਧਾ, ਦੋ ਹਜ਼ਾਰ ਜਵਾਨ ਸਜਾਯਾ ਜਲਦੀ

---

†ਇਸ ਨਦੀ ਦਾ ਨਾਮ ਹੁਣ ਹਮੇਰੀ ਨਾਲਾ ਹੈ, ਏਹ ਨੇ ਐਨ ਮੌਕੇ ਸਿਰ ਮਦਦ ਦਿਤੀ ਸੀ, ਤਾਂ ਗੁਰੂ ਜੀ ਨੇ ਆਖਯਾ ਭਾਈ ਸਾਡੀ ਹਮੈਤ ਕਰਨ ਕਰਕੇ ਏਸ ਦਾ ਨਾਮ ਹਮੈਤੀ ਹੋਯਾ ॥

ਅਲਫ ਖਾਂ ਚੰਦਨ ਸਿੰਘ ਨੂਰਪੁਰੀਆ, ਸ਼ਮਸ਼ੇਰ ਖਾਂ ਨਾਲ ਰਲਾਯਾ ਜਲਦੀ
ਕਿਰਪਾ ਰਾਮ ਰਈਸ ਨੂੰ ਨਾਲ ਕੀਤਾ, ਜੰਗੀ ਦੇ ਸਮਾਨ ਚੜ੍ਹਾਯਾ ਜਲਦੀ
ਚੜ੍ਹ ਜ਼ਾਲਮ ਹੁਸੈਨੀ ਕ੍ਰਤਾਰ ਸਿੰਘਾ, ਪੈਹਲਾਂ ਸਿਧਾ ਕੈਹਲੂਰ ਨੂੰ ਧਾਯਾ ਜਲਦੀ

ਹੁਸੈਨੀ ਨਾਲ ਰਾਜਿਆਂ ਦਾ ਮੇਲ ਤੇ ਖੋਟੀ ਨੀਯਤ

ਉਹ ਹੁਸੈਨੀ ਬੜਾ ਜ਼ਾਲਮ ਜਿਦੀ ਹੈਸੀ, ਕਤੀ ਉਸਨੇ ਸੀ ਧੁਮਾਂ ਪਾਵਨੇ ਦੀ
ਲੁਟ ਕੁਟ ਪਹਾੜਾਂ ਦੇ ਵਿਚ ਪਾਈ, ਕੀਤੀ ਆਪਣਾ ਤਹਿਤ ਬਠਾਵਨੇ ਦੀ
ਉਹਦਾ ਵੇਖਕੇ ਜ਼ੋਰ ਕਿਰਪਾਲ ਭੀਮੇ, ਕੀਤੀ ਅਪਨਾ ਪਲਾ ਛੁਡਾਵਨੇ ਦੀ
ਲੈਕੇ ਨਜਰ ਭੇਟਾ ਅਗੋਂ ਆਣ ਮਿਲੇ, ਖੇਡੀ ਚਾਲ ਇਉਂ ਘਰ ਬਚਾਵਨੇ ਦੀ
ਫੇਰ ਰਲਕੇ ਦੋਹਾਂ ਸਲਾਹ ਕੀਤੀ, ਗੁਰੂ ਜੀ ਤੇ ਚਾੜ੍ਹ ਲਿਆਵਨੇ ਦੀ
ਖਾਨ ਤਾਈਂ ਸਿਖਾ ਕਰਤਾਰ ਸਿੰਘਾ, ਚਾਹੀ ਘਟਾ ਅਨੰਦਪੁਰ ਪਾਵਨੇ ਦੀ

ਵਾਕ ਕਵੀ

ਏਹ ਪਹਾੜੀਏ ਕਿਸੇ ਦੇ ਮਿਤ ਨਾਹੀਂ; ਵੇਖੋ ਕਾਰ ਕੀਹ ਹੁਣ ਕਮਾਂਵਦੇ ਨੇ
ਆਪ ਬਰੀ, ਕਸੂਰ ਤੋਂ ਹੋ ਲਾਂਭੇ, ਸਾਰਾ ਦੋਸ਼ ਗੁਰਾਂ ਸਿਰਾਂ ਲਾਂਵਦੇ ਨੇ
ਆਖ ਵੇਖ ਹੁਸੈਨੀ ਨੂੰ ਚਾੜ੍ਹ ਲਿਆਏ, ਮਿਤਰ ਬਣ ਕੇ ਦਗਾ ਕਮਾਂਵਦੇ ਨੇ
ਸਚ ਆਖਦਾ ਵੇਖ ਕਰਤਾਰ ਸਿੰਘਾ, ਜਹੀ ਨੀਤ ਤਿਹਾ ਫਲ ਪਾਂਵਦੇ ਨੇ

ਸਤਿਗੁਰਾਂ ਨੇ ਜੰਗ ਦੀ ਤਿਆਰੀ ਕਰਨੀ

ਓਧਰ ਇਨ੍ਹਾਂ ਨੇ ਏਹ ਖੋਟੀ ਨੀਤ ਧਾਰੀ, ਭੇਦ ਆ ਸੂਹੇ ਸਾਰਾ ਦਸਿਆ ਏ
ਗੁਰਾਂ ਜੰਗ ਦੀ ਝਟ ਤਯਾਰੀ ਕੀਤੀ, ਬੀਰ ਰਸ ਆ ਚਿਹਰੇ ਆ ਵਸਿਆ ਏ
ਸਭ ਸਾਜ ਸਮਾਨ ਤਯਾਰ ਕੀਤੇ, ਲਕ ਯੋਧਿਆਂ ਜੰਗ ਤੇ ਕਸਿਆ ਏ
ਪਿਸੂ ਕਾਇਰਾਂ ਪਏ ਕਰਤਾਰ ਸਿੰਘਾ, ਡਰ ਹੌਂਸਲਾ ਅਗੋਂ ਹੀ ਨਸਿਆ ਏ

ਮਸੰਦਾਂ ਨੇ ਮਾਤਾ ਜੀ ਨੂੰ ਡਰਾਨਾ

ਮੁਫਤ ਖੋਰਿਆਂਦੀ ਹੈਸੀ ਮਤ ਮਾਰੀ, ਦਿਲੋਂ ਕਾਇਰ ਭੈੜੇ ਜੰਗੋਂ ਨਿਤ ਡਰਦੇ
ਹੋ ਰਹੇ ਨਿਕੰਮੇ ਹਰਾਮ ਖਾਣੇ, ਕਾਮ ਕ੍ਰੋਧ ਮੋਹ ਲੋਭ ਦੇ ਬਣੇ ਬਰਦੇ
ਕਠੇ ਹੋ ਕੇ ਕਰ ਸਲਾਹ ਸਾਰੇ, ਪਾਸ ਮਾਤਾ ਦੇ ਜਾ ਸ਼ਕਾਇਤ ਕਰਦੇ

ਗਲਾਂ ਕਰਕੇ ਬੜੇ ਡਰਾ ਦਿਤੇ, ਡਰੇ ਮਾਤਾ ਜੀ ਮੂਲ ਨ ਧੀਰ ਧਰਦੇ
ਭਲਾ ਓਥੇ ਕਿਥੇ ਪੂਰੀ ਪੈਣ ਲਗੀ, ਜਿਥੇ ਖੋਟੇ ਹੀ ਹੋਣ ਵਜ਼ੀਰ ਘਰਦੇ
ਮੁਫਤ ਖੋਰੇ ਜੋ ਲੋਕ ਕਰਤਾਰ ਸਿੰਘਾ, ਨੇਕ ਇਨ੍ਹਾਂ ਪਾਸੋਂ ਨਾਹੀਂ ਕੰਮ ਸਰਦੇ

ਮਾਤਾ ਜੀ ਨੇ ਸ੍ਰੀ ਦਸਮੇਸ਼ ਜੀ ਨੂੰ ਸਮਝਾਣਾ

ਮਾਤਾ ਬਹੁਤ ਡਰਾਇਆ ਡਰ ਗਈ, ਸਤਿਗੁਰਾਂ ਨੂੰ ਪਾਸ ਬੁਲਾਂਵਦੀ ਏ
ਮਥਾ ਚੁੰਮ ਕੇ ਦੇ ਪਿਆਰ ਪਹਿਲਾਂ, ਫੇਰ ਆਖ ਕੇ ਇਉਂ ਸੁਣਾਂਵਦੀ ਏ
ਮੈਂ ਸੁਣਿਆਂ ਕਚੇ ਪਹਾੜੀਆਂ ਨੂੰ, ਇਹ ਚਾਲ ਤੁਹਾਡੀ ਨਹੀਂ ਭਾਂਵਦੀ ਏ
ਉਹ ਚਾੜ੍ਹ ਹੁਸੈਨੀ ਨੂੰ ਲੈ ਆਏ, ਫੌਜ ਸ਼ਾਹੀ ਅਨੰਦ ਪੁਰ ਆਂਵਦੀ ਏ
ਤੁਸੀਂ ਮੋਹਤਬਿਰ ਭੇਜ ਕੇ ਸੁਲ੍ਹਾ ਕਰੋ, ਜਿਵੇਂ ਡਰੀ ਸੀ ਮਾਤਾ ਡਰਾਂਵਦੀ ਏ
ਵੇਖ, ਸ਼ੇਰਨੀ ਬਚਾ ਕਰਤਾਰ ਸਿੰਘਾ, ਡਰ ਗਿਦੜਾਂ ਪਾਸੋਂ ਛੁਪਾਂਵਦੀ ਏ

ਸ੍ਰੀ ਦਸਮੇਸ਼ ਜੀ

ਸਤਿਗੁਰ ਜੀ ਹਸ ਕੇ ਕਹਿਣ ਲਗੇ, ਮਾਤਾ ਹੁਕਮ ਅਕਾਲ ਦਾ ਕੌਣ ਮੋੜੇ
ਤੁਸੀਂ ਗਲ ਮਸੰਦਾਂ ਦੀ ਸੁਣੋ ਨਾਹੀਂ, ਏਹ ਤਾਂ ਪਾਜ਼ੀ ਡਰਾਕਲ ਹੈਨ ਕੋਹੜੇ
*ਕਹਿਆ ਪੁਰਖ ਅਕਾਲ ਸੋ ਹੈ ਕਰਨਾ, ਬੰਦਾ ਕੌਣ ਜੋ ਅਸਾਂ ਦੇ ਤਈਂ ਹੋੜੇ
ਅਸਾਂ ਕਿਸੇ ਦੀ ਰਖਣੀ ਕਾਣ ਨਾਹੀਂ, ਆਪੇ ਖਪੇਗਾ ਜੋ ਮਥਾ ਆਣ ਜੋੜੇ
ਏਹ ਓਧਰੇ ਹੀ ਖਪ ਜਾਣਗੇ ਜੀ, ਰਾਹ ਵਿਚ ਜਮ ਇਨਾਂ ਦੀ ਧੌਣ ਤੋੜੇ
ਤੁਸੀਂ ਵੇਖੀ ਜਾਹੋ ਕਰਤਾਰ ਸਿੰਘਾ, ਜੋ ਕੰਮ ਮਹਾਂ ਕਾਲ ਜੀ ਕਰੇ ਲੋੜੇ

ਗੁਲੇਰੀਏ ਗੁਪਾਲ ਚੰਦ ਨਾਲ ਹੁਸੈਨੀ ਦਾ ਝਗੜਾ

ਹੁਸੈਨੀ ਇਕੋ ਪਹਾੜ ਹੀ ਲੰਘਿਆ ਸੀ, ਰਬ ਹੋਰ ਹੀ ਖੇਡ ਖਿਡਾ ਦੇਂਦਾ
ਰਾਹ ਵਿਚ ਗੁਲੇਰੀਆ ਆਣ ਮਿਲਯਾ, ਟਕਾ ਚਾਰ ਹਜ਼ਾਰ ਟਿਕਾ ਦੇਂਦਾ

---

*ਕਹਿਯੋ ਪ੍ਰਭੂ ਸੁ ਭਾਖਿ ਹੋ। ਕਿਸੂ ਨ ਕਾਨ ਰਾਖਿ ਹੋ॥

ਤਥਾ—ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸਟ ਦੋਖੀਅਨਿ ਪਕਰ ਪਛਾਰੋ॥

ਤਥਾ—ਯਾਹੀ ਕਾਜ ਧਰਾ ਹਮ ਜਨਮੰ। ਸਮਝਿ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਣ ਸੰਤ ਉਬਾਰਨ। ਦੁਸਟ ਸਭਨ ਕੋ ਮੂਲ ਉਪਾਰਨ॥

ਬਚਿਤ੍ਰ ਨਾਟਕ ਅਧਯਾਇ ॥੬॥

ਓਹਦਾ ਵੈਰੀ ਕ੍ਰਿਪਾਲ ਕਟੋਚੀਆ ਸੀ, ਉਹ ਹੁਸੈਨੀ ਦੇ ਤਈਂ ਸਿਖਾ ਦੇਂਦਾ
ਇਕੋ ਵਾਰੀ ਹੀ ਦਸ ਹਜਾਰ ਲੈ ਤੂੰ, ਜ਼ਰਾ ਖਿਚ ਖਾ ਹੁਣੇ ਲਿਆ ਦੇਂਦਾ
ਬੇਈਮਾਨੀ ਗੁਪਾਲ ਨੇ ਸਮਝ ਲਈ, ਉਹ ਹੋਰ ਚਲਾਕੀ ਚਲਾ ਦੇਂਦਾ
ਮੈਂ ਦਸੇ ਹਜਾਰ ਲਿਆ ਦੇਵਾਂ, ਚੁਕ ਬਦਰੇ ਘਰ ਪੁਚਾ ਦੇਂਦਾ
ਰਾਮ ਸਿੰਘ ਦੇ ਨਾਲ ਸਲਾਹ ਕਰਕੇ, ਤਯਾਰੀ ਜੰਗ ਦੀ ਤੁਰਤ ਵਜਾ ਦੇਂਦਾ
ਕਿਲ੍ਹਾ ਕਰ ਗੁਲੇਰ ਦਾ ਲਿਆ ਆਕੀ, ਅਗ ਦਿਲ ਹੁਸੈਨੀ ਦੇ ਲਾ ਦੇਂਦਾ
ਭੀਮ ਚੰਦ ਕਿਰਪਾਲ ਨੂੰ ਨਾਲ ਲੈ ਕੇ, ਹੁਸੈਨੀ ਆ ਕੇ ਘੇਰਾ ਪਾ ਦੇਂਦਾ
ਏਧਰ ਜੰਗ ਮਚਾ ਕਰਤਾਰ ਸਿੰਘਾ, ਗੁਰਾਂ ਵਲ ਵਜੀਰ ਦੁੜਾ ਦੇਂਦਾ

### ਰਾਜੇ ਗੁਪਾਲ ਚੰਦ ਦੇ ਵਜੀਰ ਨੇ ਸਤਿਗੁਰਾਂ ਪਾਸ ਮਦਦ ਵਾਸਤੇ ਬੇਨਤੀ ਕਰਨੀ

ਜ਼ੋਰ ਵੇਖ ਕੇ ਬਹੁਤ ਹੀ ਵੈਰੀਆਂ ਦਾ, ਰਾਜਾ ਗੁਰਾਂ ਦੇ ਵਲ ਵਜੀਰ ਘਲ੍ਲ
ਸਤਿਗੁਰੂ ਜੀ ਰਖਯਾ ਕਰੋ ਮੇਰੀ, ਹਲੇ ਵੈਰੀਆਂ ਮੈਥੋਂ ਨ ਜਾਣ ਝਲ੍ਲ
ਸਾਡਾ ਕੋਈ ਨ ਤੁਸਾਂ ਦੇ ਬਾਝ ਬੇਲੀ, ਹਥ ਜੋੜਦੇ ਹਾਂ ਗਲ ਪਾ ਪਲ੍ਲ
ਦੁਖੀ ਹੋਯਾ ਵਜ਼ੀਰ ਕਰਤਾਰ ਸਿੰਘਾ, ਕਰੇ ਬੇਨਤੀ ਤੇ ਅਖੀਂ ਨੀਰ ਚਲ੍ਲ

### ਸਤਿਗੁਰਾਂ ਨੇ ਦਯਾ ਕਰਕੇ ਤਿੰਨ ਸੈ ਜਵਾਨ ਰਾਜੇ ਦੀ ਮਦਦ ਲਈ ਭੇਜਨਾ

ਸ਼ਰਨ ਡਿਗਯਾ ਦੀ ਲਾਜ ਗੁਰਾਂ ਤਾਈਂ, ਚੁਣਵਾਂ ਤਿੰਨ ਸੈ ਅਸਵਾਰ ਭਾਈ
ਅਘੜੀ ਸਿੰਘ ਬੈਰਾੜ ਤੇ ਸੰਗਤੀਏ ਨੂੰ, ਲਾਲ ਚੰਦ ਗੰਗਾ ਰਾਮ ਚਾਰ ਭਾਈ
ਏਹ ਸਰਦਾਰ ਦਿਤੇ ਨਾਲ ਤੋਰ ਜਲਦੀ, ਦਾਰੂ ਸਿਕਾ ਤੇ ਦੇ ਹਥਯਾਰ ਭਾਈ
ਪਹੁੰਚ ਗਏ ਗੁਲੇਰ ਕਰਤਾਰ ਸਿੰਘਾ, ਰਾਜਾ ਹੋ ਗਿਆ ਹੁਸ਼ਿਆਰ ਭਾਈ

### ਭੀਮ ਚੰਦ ਹੋਰਾਂ ਨੇ ਬੇਈਮਾਨੀ ਕਰਕੇ ਗੁਪਾਲ ਨੂੰ ਫੜਵਾਨਾ ਚਾਹਨਾ

ਕੁਮਕ, ਗੁਰੂ ਜੀ ਦੀ ਫੌਜ ਆਣ ਪਹੁੰਚੀ, ਹੁਣ ਵੈਰੀਆਂ ਤੇ ਪਿਆ ਸਾਯਾ ਜੀ
ਭੀਮ ਚੰਦ ਹੋਰਾ ਕਰ ਬੇਈਮਾਨੀ, ਧੋਖੇ ਨਾਲ ਫੜਨਾ ਫੇਰ ਚਾਹਯਾ ਜੀ
ਰਾਹੀਂ ਸੰਗਤੀਏ ਦੀ ਸੁਲ੍ਹਾ ਕਰਨ ਲਈ, ਰਾਜਾ ਕਿਲੇਤੋਂ ਬਾਹਰ ਬੁਲਾਯਾ ਜੀ
ਫੜ ਲੈਣ ਲਗੇ ਕਰ ਖੋਟ ਭਾਰਾ, ਭੇਦ ਸੰਗਤੀਏ ਨੇ ਸਾਰਾ ਪਾਯਾ ਜੀ
ਉਸੇ ਵੇਲੇ ਹੀ ਤਿੰਨ ਸੈ ਸਿਖ ਸਣੇ, ਤੇਗਾਂ ਧੂਹ ਕੇ ਜੰਗ ਮਚਾਯਾ ਜੀ

ਝਟ ਪਟ ਉਥੋਂ ਕਢ ਰਾਜੇ ਤਾਈਂ, ਫੌਜ ਉਸ ਦੀ ਵਿਚ ਪੁਚਾਯਾ ਜੀ
ਬਸ ਫੇਰ ਦੁਵਲੀ ਹੀ ਚਲ ਪਈ, ਜੁਟੇ ਸੂਰਮੇ ਕ੍ਰੋਧ ਵਧਾਯਾ ਜੀ
ਗੁਥਮ ਗੁਥੀ ਉਸੇ ਵੇਲੇ ਹੋ ਪਏ, ਮਾਰ ਘਾਣ ਜਵਾਨਾਂ ਦਾ ਲਾਹਯਾ ਜੀ
ਤੇਗਾਂ, ਬਰਛੀਆਂ, ਤੀਰਾਂ ਬੰਦੂਕਾਂ ਨੇ ਤਾਂ, ਸਥਰ ਵਿਚ ਮੈਦਾਨ ਵਛਾਯਾ ਜੀ
ਏਸੇ ਹਲੇ ਦੇ ਵਿਚ ਹੁਸੈਨੀ ਅਤੇ ਅਲਫ ਖਾਂ ਸ਼ਮਸ਼ੇਰ ਖਾਂ ਢਾਹਯਾ ਜੀ
ਹਰੀ ਸਿੰਘ ਕ੍ਰਿਪਾਲ ਤੇ ਸਿੰਘ ਹਿੰਮਤ, ਏਹਨਾਂ ਛੇਆਂ ਨੂੰ ਕਾਲ ਚਬਾਯਾ ਜੀ
ਨਾਲੇ, ਛੀ ਕੁ ਸੌ ਅਸਵਾਰ ਪਿਆਦਾ, ਘਾਟ ਮੌਤ ਦੇ ਪਾਰ ਲੰਘਾਯਾ ਜੀ
ਉਧਰ ਸੰਗਤੀਆ, ਅਘੜੀ ਬੈਰਾੜ ਦੋਵੇਂ, ਜੂਝ ਗਏ ਨ ਪੈਰ ਹਟਾਯਾ ਜੀ
ਨਾਲ ਸਿਖ ਸਤਾਰਾਂ ਕੁ ਪਾਰ ਬੋਲੇ, ਹੋ ਸ਼ਹੀਦ ਤੇ ਜਨਮ ਮਿਟਾਯਾ ਜੀ
ਓਧਰ ਰਾਜੇ ਗੁਪਾਲ ਦੇ ਸਾਥੀਆਂ ਚੋਂ, ਰਾਜੇ ਪ੍ਰਿਥੀ ਸਿੰਘ ਨੂੰ ਕਾਲ ਖਾਯਾ ਜੀ
ਰਾਣਾ ਰਾਮ ਚੰਦ ਤੇ ਅਮਰ ਚੰਦ ਆਦਿਕ, ਦੋ ਸੌ ਸਿਪਾਹੀ ਗਿਣਾਯਾ ਜੀ
ਭੀਮ ਚੰਦ, ਚੰਦਨ ਰਾਇ ਨਠ ਗਏ, ਵਾਜਾ ਫਤੇਹ ਗੁਪਾਲ ਵਜਾਯਾ ਜੀ
ਵੇਹਲਾ ਉਧਰੋਂ ਹੋ ਕਰਤਾਰ ਸਿੰਘਾ, ਰਾਜਾ ਚਲ ਗੁਰਾਂ ਪਾਸ ਆਯਾ ਜੀ

ਰਾਜੇ ਗੁਪਾਲ ਚੰਦ ਦੇ ਅਨੰਦਪੁਰ ਆਉਣਾ

ਫਾਰਗ ਉਧਰੋਂ ਹੋ ਕੇ ਗੁਰੂ ਜੀ ਦੀ, ਸ਼ਰਨ ਆਯਾ ਕਰਨ ਦੀਦਾਰ ਰਾਜਾ
ਭੇਟਾ ਧਰ ਕੇ ਬੇਨਤੀ ਬਹੁਤ ਕਰਦਾ; ਮਾਫੀ ਮੰਗਦਾ ਹੋ ਸ਼ਰਮਸਾਰ ਰਾਜਾ
ਮੇਰੇ ਲਈ ਜਾ ਆਪ ਦੇ ਮਰੇ ਯੋਧੇ, ਮੈਨੂੰ ਬਖਸ਼ਨਾ ਕਹੇ ਬਾਰ ਬਾਰ ਰਾਜਾ
ਸਤਿਗੁਰ ਬੋਲੇ ਚਿੰਤਾ ਕਰ ਨ ਤੂੰ, ਮਰਨਾ ਜੰਮਣਾ ਜਗ ਦੀ ਕਾਰ ਰਾਜਾ
ਜੰਗਾਂ ਵਿਚ ਲੜਕੇ ਮਰਦੇ ਮੁੱਦ ਹੀ ਨੇ, ਤੂੰ ਆਨੰਦ ਰਹੋ ਇਹੋ ਵਿਚਾਰ ਰਾਜਾ
ਭੋਗ ਉਹਨਾਂ ਦਾ ਏਨਾਂ ਹੀ ਜਗ ਤੇ ਸੀ; ਹੋ ਸ਼ਹੀਦ ਗਏ ਤਰ ਸੰਸਾਰ ਰਾਜਾ
ਜੇਹੜੇ ਲੜੇ ਸਨ ਉਹਨਾਂ ਨੂੰ ਸਦ ਕਰਕੇ, ਦੇਂਦਾ ਦਮੜਾ ਦੋ ਹਜ਼ਾਰ ਰਾਜਾ
ਖੁਸ਼ੀ ਪਾ ਕੇ ਗਿਆ ਕਰਤਾਰ ਸਿੰਘਾ; ਬਣਿਆ ਰਿਹਾ ਅਗੋਂ ਸੇਵਾਦਾਰ ਰਾਜਾ

ਵਾਕ ਕਵੀ

ਉਠੀ ਸੀ ਉਥੇ ਹੀ ਜਾ ਪਈ; ਫਲ ਬੇਈਮਾਨੀ ਦਾ ਏਹ ਪਾਇਓ ਨੇ

ਬੁਰਾ ਤਕਦੇ ਗੁਰੂ ਨਿਰਵੈਰ ਦਾ ਸਨ, ਬੁਰਾ ਆਪਣਾ ਆਪ ਕਰਾਇਓ ਨੇ
ਆਪੋ ਵਿਚ ਪਾਜੀ ਲੜ ਮੋਏ ਸਾਰੇ, ਮਾਲ ਜਾਨ ਨੁਕਸਾਨ ਉਠਾਇਓ ਨੇ
ਲਗਾ ਦਾਗ ਕਲੰਕ ਕਰਤਾਰ ਸਿੰਘਾ, ਅਗੋਂ ਲਈ ਇਤਬਾਰ ਗਵਾਇਓ ਨੇ

ਵਿਚਾਰ ਦੀ ਨਜ਼ਰ

ਏਨ੍ਹਾਂ ਗਲਾਂ ਤੋਂ ਸਾਫ ਪ੍ਰਤੀਤ ਹੁੰਦਾ, ਸਤਿਗੁਰ ਕੇਹੜੀ ਗਲ ਚਾਂਹਵਦੇ ਸਨ
ਡੂੰਘੀ ਨਜ਼ਰ ਕਰ ਦੇਖੀਏ ਰਾਜਿਆਂ ਜਿਉਂ ਦਿਲੋਂ ਕਿਵੇਂ ਪ੍ਰੀਤ ਰਖਾਂਵਦੇ ਸਨ
ਗੁਰ ਚਾਹੁੰਦੇ ਉਨ੍ਹਾਂ ਦਾ ਮੇਲ ਕਰਕੇ ਜ਼ਾਲਮ ਮਾਰੀਏ ਵਿਓਂਤ ਬਨਾਂਵਦੇ ਸਨ
ਧਰਮ ਰਖਕੇ ਪਾਪ ਦਾ ਨਸ਼ਟ ਕਰੀਏ ਏਸੇ ਲਈ ਇਮਦਾਦ ਕਰਾਂਵਦੇ ਸਨ
ਵੇਖੋ ਉਨ੍ਹਾਂ ਵਲੋਂ ਹੋ ਕੇ ਹਾਕਮਾਂ ਜਿਉਂ ਜੰਗ ਕਰ ਤਕਲੀਫ ਉਠਾਂਵਦੇ ਸਨ
ਵੈਰ ਭੁਲਕੇ ਮਦਦੀ ਜਾ ਬਣਦੇ, ਔਖੀ ਬਣੀ ਜਦੋਂ ਸ਼ਰਨ ਆਂਵਦੇ ਸਨ
ਉਨ੍ਹਾਂ ਵਾਸਤੇ ਹਾਕਮ ਹੋ ਗਏ ਵੈਰੀ, ਸੂਬੇ ਦਿਨੋ ਦਿਨ ਵੈਰ ਵਧਾਂਵਦੇ ਸਨ
ਪਰ ਉਨਾਂ ਤੋਂ ਫੈਜ ਨ ਪਹੁੰਚਿਆ ਸੀ, ਗੁਰ ਬਹੁਤ ਰਹੇ ਮੇਲ ਮਲਾਂਵਦੇ ਸਨ
ਪਥਰ ਪੂਜ ਪਹਾੜੀਏ ਹੋਏ ਪਥਰ ਖੋਟ ਦਿਲਾਂ ਦਾ ਨਹੀਂ ਗਵਾਂਵਦੇ ਸਨ
ਵੇਲੇ ਸਿਰ ਮਸਕੀਨ ਜਹੇਬਣ ਜਾਂਦੇ,ਪਿਛੋਂ ਬਿਲੀ ਜਿਉਂ ਅਖਾਂਦਿਖਾਂਵਦੇ ਸਨ
ਅੰਤ ਬੁਰਾ ਨਤੀਜਾ ਹੀ ਕਢਿਓ ਨੇ, ਰਹੇ ਭਲੇ ਦਾ ਬੁਰਾ ਮਨਾਂਵਦੇ ਸਨ
ਕੌਣ ਉਲਟ ਦੇਂਦਾ ਕਰਤਾਰ ਸਿੰਘਾ, ਕੰਮ ਇਹੋ ਹੀ ਰਬ ਨੂੰ ਭਾਂਵਦੇ ਸਨ

ਦੂਸਰੀ ਵਾਰੀ ਰੁਸਤਮ ਖਾਂ ਦੀ ਚੜ੍ਹਾਈ

ਤਿੰਨ ਵਾਰ ਜਾਂ ਫੌਜ ਖਾ ਹਾਰ ਆਈ ਵਟ ਸੂਬੇ ਲਾਹੌਰ ਨੇ ਖਾਏ ਚੰਗੇ
ਦੂਜੀ ਵਾਰ ਬੇਟੇ ਰੁਸਤਮ ਖਾਂ ਤਾਈਂ, ਫੇਰ ਚਾੜ੍ਹਿਆ ਹੁਕਮ ਸੁਨਾਏ ਚੰਗੇ
ਸਫਦਰ ਜੰਗ, ਸਰਦਾਰ ਖਾਂ ਜਹੇ ਸੌਂਪੇ, ਨਾਵ ਮਦਦੀ ਕਰ ਚਲਾਏ ਚੰਗੇ
ਜਵਾਹਰ ਸਿੰਘ ਰਾਜਾ ਚੰਦਨ ਰਾਇ ਤਾਈਂ ਨਾਲ ਕਰਕੇ ਦਿਲ ਵਧਾਏ ਚੰਗੇ
ਜੁਝਾਰ ਸਿੰਘ ਹਾਂਡਾ ਰਾਜਪੂਤ ਬਲੀ, ਜਿਸ ਕਈ ਥਾਂ ਜੰਗ ਅਜਮਾਏ ਚੰਗੇ
ਫੜ ਗੁਰੂ ਨੂੰ ਕਰੋ ਦਰਬਾਰ ਹਾਜ਼ਰ, ਜਿਸ ਕਈ ਸਰਦਾਰ ਖਪਾਏ ਚੰਗੇ
ਟਕੇ ਕਰੋ ਵਸੂਲ ਸਭ ਰਾਜਿਆਂ ਤੋਂ, ਦਿਹੋ ਕਾਫਰਾਂ ਤਾਈਂ ਦਬਾਏ ਚੰਗੇ

ਏਹ ਚੜੇ ਲਾਹੌਰੋਂ ਕਰਤਾਰ ਸਿੰਘਾ, ਵਾਜੇ ਖੁਸ਼ੀ ਦੇ ਖੂਬ ਵਜਾਏ ਚੰਗੇ

ਸ਼ਾਹ ਵਿਚੋਂ ਫੇਰ ਰੁਸਤਮ ਖਾਂ ਨੇ ਪਰਤ ਜਾਣਾ

ਖਾਨ ਕੀਤੀ ਪਹਾੜੀਆਂ ਨਾਲ ਬੁਰੀ, ਜਦੋਂ ਜਾਇ ਪਹਾੜਾਂ ਦੇ ਵਿਚ ਵੜਿਆ
ਦੁਖ ਦੇ ਕੇ ਟਕੇ ਵਸੂਲ ਕੀਤੇ, ਕਿਸੇ ਰਾਜੇ ਨਾ ਅਗੋਂ ਹਥਯਾਰ ਫੜਿਆ
ਜਦੋਂ ਰਾਜ ਵੜੇ ਜਣਵਾਲੀਏ ਦੇ, ਗੁਸਾ ਓਹ ਸੂਰਮਾ ਖਾ ਅੜਿਆ
ਗੱਜਾ ਸਿੰਘ ਜਹੇ ਰਾਜੇ ਚੰਗੇ ਲੜੇ, ਓਹਨਾਂ ਮਾਰ ਤੇਗਾ ਚੰਗਾ ਖੂਬ ਘੜਿਆ
ਚੰਦਨਰਾਇ ਦੇ ਸਣੇ ਜੁਝਾਰ ਸਿੰਘ ਜੋ, ਹੋ ਸ਼ਹੀਦ ਮੈਦਾਨ ਦੇ ਵਿਚ ਝੜਿਆ
ਖਾਨ ਹੌਂਸਲਾ ਛਡ ਕਰਤਾਰ ਸਿੰਘਾ, ਨ ਉਰੇ ਲਾਹੌਰ ਥੀਂ ਕਿਤੇ ਖੜਿਆ

ਦਿਲੀਓਂ ਮਿਰਜ਼ੇ ਜਾਹਦਰ ਬੇਗ ਨੇ ਆਉਣਾ

ਦਿਲੀ ਸਾਰੀਆਂ ਖਬਰਾਂ ਪਹੁੰਚੀਆਂ ਜਾ, ਬਾਦਸ਼ਾਹ ਹੋਯਾ ਬੇਕਰਾਰ ਭਾਈ
ਓਸੇ ਵਕਤ ਮੁਅੱਜ਼ਮ ਸ਼ਾਹ ਬੇਟਾ, ਸ਼ਾਹ ਟੋਰਿਆ ਕਰ ਤਯਾਰ ਭਾਈ
ਸਿਧਾ ਕਰ ਪਹਾੜੀਆਂ ਰਾਜਿਆਂ ਨੂੰ, ਜਿਨਾਂ ਘਤਿਆ ਸ਼ੋਰ ਸ਼ਰਾਰ ਭਾਈ
ਸਤਰਾਂ ਸੈ ਸੈਤਾਲੀਏ ਮਾਂਹ ਫਗਨ, ਆਯਾ ਚੜ੍ਹ ਸ਼ਾਹਜ਼ਾਦਾ ਹੁਸ਼ਯਾਰ ਭਾਈ
ਧਾਂਕ ਸੁਣ ਸਾਰੇ ਹਾਕਮ ਕੰਬ ਗਏ, ਗਏ ਡਰ ਸਾਰੇ ਨਰ ਨਾਰ ਭਾਈ
ਸਤਿਗੁਰਾਂ ਨੂੰ ਭੀ ਲੋਕਾਂ ਬਹੁਤ ਕਹਿਆ, ਡਰੇ ਮੂਲ ਨ ਗੁਰ ਡਰ ਧਾਰ ਭਾਈ
ਸਭ ਜੰਗੀ ਤਯਾਰੀਆਂ ਕਰ ਲਈਆਂ, ਰੱਖੀ ਓਟ ਭਾਰੀ ਕਰਤਾਰ ਭਾਈ

---

ਨੋਟ–ਦਸਮ ਗ੍ਰੰਥ ਬਚਿਤ੍ਰ ਨਾਟਕ ਦੇ ਵਿਚ ਆਪਣਾ ਹਾਲ ਗੁਰੂ ਜੀ ਨੇ ਏਥੋਂ ਤਕ ਹੀ ਲਿਖਿਆ ਹੈ ਅਗੋਂ ਕੁਝ ਨਹੀਂ ਲਿਖਿਆ। ਇਸ ਤੋਂ ਮਾਲੂਮ ਹੁੰਦਾ ਹੈ ਕਿ ਫੇਰ ਗੁਰੂ ਜੀ ਨੂੰ ਦੂਸਰਿਆਂ ਕੰਮਾਂ ਵਿਚੋਂ ਘਟ ਹੀ ਫੁਰਸਤ ਮਿਲੀ ਹੈ। ਬਹੁਤ ਸਮਾਂ ਗੁਰੂ ਜੀ ਦਾ ਜੰਗਾਂ ਦੇ ਦੰਗਾਂ ਵਿਚ ਤੇ ਆਉਣ ਵਾਲ ਸਮੇਂ ਦੀਆਂ ਤਦਬੀਰਾਂ ਵਿਚ ਹੀ ਬੀਤਿਆ ਹੈ। ਜੋ ਲੋਕ ਦਸਮ ਗ੍ਰੰਥ ਸਾਰੇ ਨੂੰ ਹੀ ਗੁਰੂ ਜੀ ਦੀ ਰਚਨਾ ਮੰਨਦੇ ਹਨ, ਮੇਰੀ ਸਮਝ ਵਿਚ ਇਹ ਓਹਨਾਂ ਦੀ ਏਹ ਨਾਵਾਕਫੀ ਦਾ ਕਾਰਨ ਹੈ। ਅਵਤਾਰਾਂ ਦੀ ਕਥਾ ਤੇ ਤ੍ਰਿਯਾ ਚਰਿਤ੍ਰ ਆਦਿਕ ਰਚਨਾ ਸਭ ਕਵੀਆਂ ਦੀਆਂ ਹਨ ਇਕ ਤਾਂ ਏਹਨਾਂ ਪੁਰਾਣੇ ਇਤਿਹਾਸਾਂ ਦੇ ਫੋਲਨ ਦੀ ਸਤਿਗੁਰਾਂ ਨੂੰ ਫੁਰਸਤ ਹੀ ਨਹੀਂ ਮਿਲੀ ਤੇ ਨਾ ਲੋੜ ਹੀ ਜਾਪਦੀ ਹੈ, ਕਿਉਂਕਿ ਓਹਨਾਂ ਦਾ ਬਹੁਤ ਸਮਾਂ ਜੰਗਾਂ ਵਿਚ ਹੀ ਬੀਤਿਆ ਹੈ ਤੇ ਦੂਸਰਾ ਚਰਿਤ੍ਰਾਂ ਵਰਗੀ (ਅਕਾਲ ਪੁਰਖ ਦੀ ਉਸਤਤ ਅਤੇ ਪ੍ਰਮਾਰਥ ਤੋਂ ਖਾਲੀ) ਬਾਣੀ ਸ੍ਰੀ ਦਸਮੇਸ਼ ਜੀ ਜੈਸੇ ਪਵਿਤ੍ਰ ਆਤਮਾ ਦੇ ਹਿਰਦਿਓਂ ਨਿਕਲਨੀ ਅਕਲ ਨਹੀਂ ਮੰਨਦੀ, ਤੇ ਜੋ ਸਿਖ ਏਸ ਗੱਲ ਤੇ ਹਠ ਕਰਦੇ ਹਨ, ਉਹ ਸਗੋਂ ਗੁਰੂ ਜੀ ਦੀ ਸ਼ਾਨ ਨੂੰ ਦੂਸ਼ਨ ਲਾਉਂਦੇ ਹਨ।

(ਆਪੁ ਆਪੁਨੀ ਬੁਧਿ ਹੈ ਜੇਤੀ, ਬਰਣਤ ਭਿੰਨ ਭਿੰਨ ਤੋਹਿ ਤੇਤੀ)

ਆਪ ਗਿਆ ਸ਼ਾਹਜ਼ਾਦਾ ਲਾਹੌਰ ਸਿਧਾ, ਦਿਲੋਂ ਸੈਰ ਪਿਸ਼ੌਰਦਾ ਧਾਰ ਭਾਈ
ਮਿਰਜ਼ਾ ਬੇਗ ਨੂੰ ਵਲ ਆਨੰਦਪੁਰ ਦੇ, ਟੋਰ ਗਿਆ ਕਰਕੇ ਖਬਰਦਾਰ ਭਾਈ
ਭਲਾ ਲੋਕ ਸੀ ਓਹ ਕਰਤਾਰ ਸਿੰਘਾ, ਚਲਾ ਆਯਾ ਕਰਨ ਦੀਦਾਰ ਭਾਈ

ਮਿਰਜ਼ੇ ਜਾਹਦਰ ਬੇਗ ਨੇ ਅਨੰਦਪੁਰ ਆਉਣਾ

ਮਿਰਜ਼ਾ ਸੀ ਫਕੀਰਾਂ ਦੇ ਮਿਲਨਵਾਲਾ, ਸੁਣੀ ਗੁਰਾਂ ਦੀ ਓਸ ਵਡਿਆਈ ਹੈਸੀ
ਪਾ ਆਗਯਾ ਵਿਚ ਦਰਬਾਰ ਆਯਾ, ਜਿਥੇ ਮੁੰਦ੍ਰਤਾਈ ਅਤਿ ਛਾਈ ਹੈਸੀ
ਸਤਿਗੁਰਾਂ ਦਾ ਰੂਪ ਅਨੂਪ ਡਿਠਾ, ਰਬੀ ਨੂਰ ਭਰਿਆ ਪ੍ਰਭਤਾਈ ਹੈਸੀ
ਓਹ ਵੇਖ ਜਮਾਲ ਨਿਹਾਲ ਹੋਯਾ, ਉਤੇ ਕਦਮਾਂ ਧੌਣ ਝੁਕਾਈ ਹੈਸੀ
ਦਾਰੇ ਭਜਨ ਉਪਦੇਸ਼ ਭੰਡਾਰ ਖੁਲੇ, ਲੰਗਰ ਵਰਤਦੇ ਖਾਂਦੀ ਲੁਕਾਈ ਹੈਸੀ
ਮੁਸਲਮਾਨ ਹਿੰਦੂ ਬਾਦਸ਼ਾਹ ਕੰਗਲਾ, ਇਕੋ ਜਹੇ ਨ ਊਚ ਨੀਚਾਈ ਹੈਸੀ
ਕਰਾਮਾਤ ਪ੍ਰਤਾਪ ਉਦਾਰਤਾ ਦਾ, ਜਿੰਨਾ ਅੰਤ ਸ਼ੁਮਾਰ ਨ ਕਾਈ ਹੈਸੀ
ਗੁਣ ਵੇਖ ਮਿਰਜ਼ਾ ਬੇਗ ਸਿਖ ਬਣਿਆ, ਯਥਾ ਸ਼ਕਤ ਸੌ ਭੇਟ ਚੜ੍ਹਾਈ ਹੈਸੀ
ਸਗੋਂ ਜਿਹੜੇ ਵਿਰੋਧੀ ਸੀ ਗੁਰੂ ਘਰ ਦੇ, ਫੜ ਉਨ੍ਹਾਂ ਨੂੰ ਸਜ਼ਾ ਦਵਾਈ ਹੈਸੀ
ਜਿਹੜੇ ਜੰਗ ਤੋਂ ਡਰਦੇ ਨਠ ਗਏ, ਸਜ਼ਾ ਨਿਮਕ ਹਰਾਮਾਂ ਨੇ ਪਾਈ ਹੈਸੀ
ਲੁਟੇ ਕੁਟੇ ਮਿਰਜ਼ੇ ਫੂਕੇ ਘਰ ਕੁਲੇ, ਕਾਲੇ ਮੂੰਹ ਕਰਕੇ ਖੇਹ ਪਵਾਈ ਹੈਸੀ
ਦਬ ਰਾਜਿਆਂ ਤਾਈਂ ਭੀ ਖੂਬ ਚਾੜ੍ਹੀ, ਠਪੀ ਖੁੰਬ ਤੇ ਕੀਤੀ ਸਫਾਈ ਹੈਸੀ
ਮਾਰੇ ਚੁਣ ਦੋਖੀ ਗੁਰੂ ਘਰ ਦੇ ਜੋ, ਏਹ ਕੀਤੀ ਮਿਰਜ਼ੇ ਭਲਿਆਈ ਹੈਸੀ
*ਏਹ ਸਾਰੀ ਕਥਾ ਕਰਤਾਰ ਸਿੰਘਾ, ਗੁਰੂ ਸਾਹਿਬ ਨੇ ਇਉਂ ਸੁਨਾਈ ਹੈਸੀ

ਰਾਜਿਆਂ ਦੀ ਈਰਖਾ

ਏਸੇ ਤਰ੍ਹਾਂ ਇਹ ਵੇਖ ਵਡਿਆਈ ਗੁਰਾਂ, ਰਾਜੇ ਵਟ ਬਹੁਤੇ ਦਿਲੋਂ ਖਾਂਦੇ ਹੈਸਨ

---

*ਜਦ ਮਿਰਜ਼ੇ ਦੀ ਤੇ ਮੁਅੱਜ਼ਮ ਸ਼ਾਹ ਦੀ ਚੜ੍ਹਾਈ ਸੁਣੀ ਸੀ ਤਾਂ ਕਈ ਮਸੰਦ ਤੇ ਕਚੇ ਸਿਖ ਸਤਿਗੁਰਾਂ ਵਲੋਂ ਨਿਮਕ ਹਰਾਮ ਹੋ ਕੇ ਖਿਸਕ ਗਏ ਸਨ। ਓਹਨਾਂ ਨੂੰ ਮਿਰਜ਼ੇ ਨੇ ਫੜ ਕੇ ਬੜੀਆਂ ਸਜ਼ਾਵਾਂ ਦਿਤੀਆਂ, ਘਰ ਲੁੱਟੇ, ਫੂਕੇ ਢਾਏ ਗਏ ਤੇ ਓਹਨਾਂ ਨੂੰ ਕਾਲੇ ਮੂੰਹ ਕਰਕੇ ਖੋਤਿਆਂ ਤੇ ਚਾੜ੍ਹ ਕੇ ਪਿੰਡ ਪਿੰਡ ਫੇਰਿਆ ਸੀ ਓਸ ਪ੍ਰਸੰਗ ਨੂੰ ਗੁਰੂ ਜੀ ਨੇ ਬਚਿਤ੍ਰ ਨਾਟਕ ਦੇ ਬਾਹਰਵੇਂ ਤੇ ਤੇਹਰਵੇਂ ਅਧਯਾਇ ਵਿਚ ਅਗੇ ਤਰ੍ਹਾਂ ਵਰਨਣ ਕੀਤਾ ਹੈ। ਯਥਾ:—

(ਬਾਕੀ ਦੇਖੋ ਅਗਲੇ ਸਫੇ ਤੇ)

ਸਤਿਗੁਰਾਂ ਦਾ ਵੇਖ ਪ੍ਰਤਾਪ ਵਧਦਾ, ਕਚੇ ਭੂਤਨੇ ਵਟ ਚੜਾਂਦੇ ਹੈਸਨ
ਫੌਜਾਂ ਰਖ ਕਿਲੇ ਬਨਵਾਏ ਜਿਹੜੇ, ਇਹ ਉਹਨਾਂ ਹੈ ਨਹੀਂ ਸੁਖਾਂਦੇ ਹੈਸਨ
ਡਰ ਉਹਨਾਂ ਨੂੰ ਆਪਨਾ ਮਾਰਦਾ ਸੀ, ਗੁਝਾ ਵੈਰ ਓਹ ਸਦਾ ਰਖਾਂਦੇ ਹੈਸਨ
ਦੋ ਤਿੰਨ ਵਾਰੀ ਹਥ ਵੇਖ ਚੁਕੇ, ਏਸੇ ਵਾਸਤੇ ਥਰ ਥਰਾਂਦੇ ਹੈਸਨ
ਏਹ ਸ਼ੇਰ ਏਥੋਂ ਕਿਵੇਂ ਉੱਠ ਜਾਵੇ, ਓਹ ਹਰ ਵੇਲੇ ਏਹੋ ਚਾਹਦੇ ਹੈਸਨ
ਉੱਤੋਂ ਮਿਠੇ ਦਿਲੋਂ ਰਹਿੰਦੇ ਖੋਟ ਭਰੇ, ਗਲ ਗਲ ਤੇ ਬੁਰਾ ਤਕਾਂਦੇ ਹੈਸਨ
ਹਾਥੀ,, ਤੰਬੂ, ਵਿਆਹਵਿਚ ਮੰਗਨਾਜੋ, ਇਹ ਹਜ਼ਿਚਾਂ ਐਵੇਂ ਪਏਡਾਂਹਦੇ ਹੈਸਨ
ਅਸਲ ਗਲ ਓਹ ਵੇਖਕੇ ਜ਼ੋਰ ਵਧਦਾ, ਜਾਨ ਬੁਝ ਕੁਪਤ ਹਿਲਾਂਦੇ ਹੈਸਨ
ਓਹ ਬੇਈਮਾਨੀ ਚਿਤ ਰਖਦੇ ਸਨ, ਗੁਰ ਉਹਨਾਂ ਦਾ ਭਲਾ ਮਨਾਂਦੇ ਹੈਸਨ
ਗੁਰ ਮੇਲ ਰਖਾਵਨਾ ਨਿਤ ਚਾਹੁੰਦੇ, ਓਹ ਦਗੇ ਦੀ ਕਾਰ ਕਮਾਂਦੇ ਹੈਸਨ
ਅੰਤ ਕਿਵੇਂ ਨਿਰਬਾਹ ਇਹ ਹੋਵਨਾ ਸੀ, ਕੰਮ ਹੋਣੇ ਜੇ ਰਬ ਨੂੰ ਭਾਂਦੇ ਹੈਸਨ
ਭੇਦ ਸਮਝਿਆ ਮੂਰਖਾਂ ਰਾਜਿਆਂ ਨੇ, ਸਗੋਂ ਦਿਨੋਂ ਦਿਨ ਵੈਰ ਵਧਾਂਦੇ ਹੈਸਨ
ਸਗੋਂ ਦਾਉ ਲਗੇ ਕਰਤਾਰ ਸਿੰਘਾ, ਉਲਟ ਹਾਕਮਾਂ ਤਈਂ ਸਿਖਾਂਦੇ ਹੈਸਨ

ਦਿਲਾਵਰ ਖਾਂ ਸੂਬੇ ਲਾਹੌਰ ਪਾਸ ਰਾਜਿਆਂ ਨੇ ਚੁਗਲੀ ਕਰਨੀ

ਏਹ ਗੁਰਾਂ ਤੋਂ ਇਉਂ ਲੰਘ ਗਏ ਹਲੇ; ਡਰ ਰਾਜਿਆਂ ਦੀ ਦਿਲੀਂ ਛਾਂਵਦਾ ਏ

---

(ਪਿਛਲੇ ਸਫੇ ਦੇ ਫੁਟਨੋਟ ਦੀ ਬਾਕੀ)

ਤਬ ਅਉਰੰਗ ਜੀਅ ਮਾਝ ਰਿਸਾਏ, ਏਕ ਅਹਿਦੀਆ ਈਹਾਂ ਪਠਾਏ।
ਹਮ ਤੇ ਭਾਜਿ ਬੇ ਮੁਖ ਜੋ ਗਏ, ਤਿਨਕੇ ਧਾਮ ਗਿਰਾਵਤ ਭਏ।
ਜੋ ਆਪਣੇ ਗੁਰ ਤੇ ਮੁਖ ਫਿਰ ਹੈ, ਈਹਾਂ ਊਹਾ ਤਿਨ ਕੇ ਗ੍ਰਿਹ ਗਿਰ ਹੈ।
ਇਹਾਂ ਉਪਹਾ ਨ ਸੁਰ ਪੁਰ ਬਾਸਾ, ਸਭ ਬਾਤਨ ਤੇ ਰਹਤ ਨਿਰਾਸਾ।
ਦੂਖ ਭੂਖ ਤਿਨ ਕੋ ਹੈ ਲਾਗੀ, ਸੰਤ ਸੇਵ ਤੇ ਜੋ ਹੈ ਤਿਆਗੀ।
ਜਗਤ ਬਿਖੈ ਕੋਈ ਕਾਜ ਨ ਸਰਹੀ, ਅੰਤਹਿ ਕੁੰਡ ਨਰਕ ਕੀ ਪਰਹੀ।
ਤਿਨ ਕੋ ਸਦਾ ਜਗਤ ਉਪਹਾਸਾ, ਅੰਤਹਿ ਕੁੰਡ ਨਰਕ ਕੀ ਬਾਸਾ।
ਗੁਰ ਪਗ ਤੇ ਜੇ ਬੇ ਮੁਖ ਸਿਧਾਰੇ, ਈਹਾਂ ਊਹਾਂ ਤਿਨਕੇ ਮੁਖ ਕਾਰੇ।
ਪੁਤ੍ਰ ਪਉਤ੍ਰ ਤਿਨ ਕੇ ਨਹੀਂ ਫਰੈ, ਦੁਖ ਦੈ ਮਾਤ ਪਿਤਾ ਕੋ ਮਰੈ।
ਗੁਰ ਦੋਖੀ ਸਗ ਕੀ ਮ੍ਰਿਤੁ ਪਾਵੈ, ਨਰਕ ਕੁੰਡ ਡਾਰੇ ਪਛੁਤਾਵੈ।

ਏਸ ਗੁਰਵਾਕ ਨੂੰ ਪੜ੍ਹਕੇ ਭੀ ਸਿਖ ਅਖਵਾ ਕੇ ਬੇ ਮੁਖਤਾ ਨੂੰ ਤੇ ਮਨ ਮੱਤ ਨੂੰ ਧਾਰਨ ਕਰਦਾ ਹੈ, ਓਹ ਏ ਅਤਿ ਹੀ ਮੰਦੇ ਭਾਗ ਸਮਝਣੇ ਚਾਹੀਦੇ ਹਨ।

ਜਿਹੜਾ ਹਾਕਮਾਂ ਤੋਂ ਗੁਰੂ ਹਾਰਿਆ ਨ, ਡਰ ਬਾਦਸ਼ਾਹ ਤੋਂ ਨਹੀਂ ਖਾਂਵਦਾ ਏ
ਬਲੀ ਵਸਦਾ ਏਹ ਸਾਡੇ ਸਿਰ ਉਤੇ, ਕਦੇ ਸਾਨੂੰ ਭੀ ਠੁਠ ਮਚਾਂਵਦਾ ਏ
ਸਾਨੂੰ ਜਾਪਦਾ ਏ ਸਾਡੇ ਕਿਸੇ ਵੇਲੇ, ਰਾਜ* ਖੋਹ ਕੇ ਮਿਟੀ ਉਡਾਂਵਦੇ ਏ
ਸਾਡੀ ਬੁਕਲ ਦੇ ਵਿਚ ਸ਼ੇਰ ਪਲਯਾ, ਤਕੜੇ ਹੋਵੇ ਨਹੀਂ ਪਾੜਕੇ ਖਾਂਵਦਾ ਏ
ਪਾਸੋਂ ਦੂਰ ਏਹਨੂੰ ਕਿਤੇ ਕਢ ਛਡੋ, ਨਹੀਂ ਤੇ ਸਾਨੂੰ ਏਹ ਪਾਰ ਬੁਲਾਂਵਦਾ ਏ
ਏਹ ਸਲਾਹ ਕੀਤੀ ਮਿਲ ਰਾਜਿਆਂ ਨੇ, ਸਮਾਂ ਜਾਂਵਦਾ ਵੈਰ ਹਿਲਾਂਵਦਾ ਏ
ਲਿਖ ਸੂਬੇ ਪਾਸ ਰਪੋਟ ਕਰਦੇ, ਗੁਰੂ ਕਿਲੇ ਪਿਆ ਬਣਾਂਵਦਾ ਏ
ਤੋਪਾਂ ਰਹਿਕਲੇ ਨਾਲੇ ਜ਼ੰਬੂਰੇ ਬਰਛੇ, ਢਾਲੇ ਨੇਜ਼ੇ ਜੰਜੈਲੇ ਘੜਾਂਵਦਾ ਏ
ਦਾਰੂ ਸਿਕਾ ਜਮ੍ਹਾਂ ਬਹੁਤ ਕਰੀ ਜਾਂਦਾ, ਯੋਧੇ ਚੁਣ ਚੁਣ ਪਾਸ ਰਖਾਂਵਦਾ ਏ
ਚੋਰ ਧਾੜਵੀ ਤੇ ਡਾਕੂ ਰਾਠ ਜਿੰਨੇ, ਸ਼ਾਹੀ ਬਾਗੀ ਭੀ ਨਾਲ ਮਿਲਾਂਵਦਾ ਏ
ਭਾਰੀ ਸਿਖਾਂ ਦੀ ਫੌਜ ਬਣਾਈ ਜਾਂਦਾ, ਜੰਗ ਕਰਨਾ ਸਦਾ ਸਿਖਾਂਵਦਾ ਏ
ਧਨ ਸੂਬੇ ਪੰਜਾਬ ਤੋਂ ਵਧ ਆਵੇ, ਕਿਸੇ ਮੌਕੇ ਲਈ ਜਮਾਂ ਕਰਾਂਵਦਾ ਏ
ਬਾਦਸ਼ਾਹੀ ਦੇ ਲੈਨ ਦੇ ਕਰੇ ਹੀਲੇ, ਜਾਂਦਾ ਦਿਨੋਂ ਦਿਨ ਜੋਰ ਵਧਾਂਵਦਾ ਏ
ਜੋਸ਼ ਦੇ ਕੇ ਮਜ਼ਬੀ ਹਿੰਦੂਆਂ ਨੂੰ, ਨਿਤ ਆਪਣੇ ਨਾਲ ਰਲਾਂਵਦਾ ਏ
ਸਾਨੂੰ ਜਾਪਦਾ ਏ ਹੁਣ ਕਿਸੇ ਵੇਲੇ, ਵਿਚ ਦੇਸ਼ ਦੇ ਗਦਰ ਮਚਾਂਵਦਾ ਏ
ਅਜੇ ਹੁਣੇ ਨਾ ਆਪ ਤੋਂ ਹਾਰਿਆ ਏ, ਫੇਰ ਵੇਖਿਓ ਕੀਹ ਵਿਖਾਂਵਦਾ ਏ
ਹੀਲਾ ਝਬਦੇ ਕਰੋ ਕਰਤਾਰ ਸਿੰਘਾ, ਨਹੀਂ ਤਾਂ ਗੁਰੂ ਬਾਜ਼ੀ ਉਲਟਾਂਵਦਾ ਏ

---

*ਅਸਲ ਗੱਲ ਏਹ ਸੀ ਕਿ ਗੁਰਾਂ ਦਾ ਪ੍ਰਤਾਪ ਤੇ ਉਪਦੇਸ (ਓਹਨਾਂ ਦੇ ਕਰਮ ਅਤੇ ਬੋਲਾਂ ਦੇ ਉਲਟ (ਵਧਦਾ ਵੇਖਕੇ ਰਾਜੇ ਜਰ ਨਹੀਂ ਸਨ ਸਕੇ ਤੇ ਬਹਾਨੇ ਪਾ ਕੇ ਆਪਣੇ ਪਾਸੋਂ ਲੜ ਭਿੜ ਕੇ ਕਿਤੇ ਹੋਰ ਥਾਂ ਕਢਣਾ ਚਾਹੁੰਦੇ ਸਨ ਸੋ ਜਿਨ੍ਹਾਂ ਲੋਕਾਂ ਨੇ ਵੈਰ ਦਾ ਸਬਬ ਹਾਥੀ ਤੰਬੂ ਆਦਿਕ ਚੀਜ਼ਾਂ ਲਿਖੀਆਂ ਹਨ, ਇਹ ਉਨ੍ਹਾਂ ਦੀ ਭੁਲ ਹੈ, ਵੈਰ ਦਾ ਕਾਰਨ ਕੇਵਲ ਸਤਿਗੁਰਾਂ ਦਾ ਸਚਾ ਉਪਦੇਸ਼ ਤੇ ਚੜ੍ਹਦੀ ਕਲਾ ਸੀ ਜੋ ਓਹਨਾਂ ਪਹਾੜੀਆਂ ਨੂੰ ਸੁਖਾਂਦੀ ਨਹੀਂ ਸੀ ਤੇ ਜਿਵੇਂ ਕੁਤੇ ਦੇ ਪਾਸ ਸੁਕੀ ਹਡੀ ਹੁੰਦੀ ਹੈ ਅਤੇ ਓਹ ਸ਼ੇਰ ਨੂੰ ਵੇਖ ਕੇ ਡਰਦਾ ਹੈ ਕਿਤੇ ਮਤਾਂ ਇਹ ਮੇਰੀ ਹਡੀ ਨਾ ਖੋਹ ਲਵੇ, ਏਸੇ ਤਰ੍ਹਾਂ ਮੂਰਖ ਰਾਜੇ ਇਹ ਹਡੀ ਗਲੀ ਸੜੀ ਵਰਗੀ ਦੌਲਤ ਦੁਨੀਆਂ ਦਾ ਡਰ ਰਖਦੇ ਸਨ ਕਿ ਗੁਰੂ ਮਹਾਰਾਜ ਸਾਡਾ ਰਾਜ ਨਾ ਖੋਹ ਲਏ ਜੋ ਓਹਨਾਂ ਸਚੇ ਰਾਜ ਦਿਆਂ ਮਾਲਕਾਂ ਨੂੰ ਏਸ ਕਾਸ ਸਾਜ ਦੀ ਕੀ ਪ੍ਰਵਾਹ ਪਈ ਸੀ।

ਵੇਖੋ ਰਾਜਿਆਂ ਦੀ ਭੈੜੀ ਨੀਤ ਖੋਟੀ, ਕਰ ਕੈਸੀ ਦੋਰੰਗੀ ਦਿਖਾਂਵਦੇ ਨੇ
ਔਖੀ ਬਣੇ ਤੇ ਦੰਦੀਆਂ ਵਿਲਕਦੇ ਆ, ਪਿਛੋਂ ਫੇਰ ਉਵੇਂ ਬਣ ਜਾਂਵਦੇ ਨੇ
ਗੁਰ ਜਾਨਾਂ ਕੁਰਬਾਨ ਕਰ ਭਲਾ ਕਰਦੇ, ਉਹ ਭੈੜੇ ਨਾ ਖੋਟ ਗਵਾਂਵਦੇ ਨੇ
ਬਦ ਨੀਤ ਭੈੜੇ ਕਰਤਾਰ ਸਿੰਘਾ, ਬਦਨੀਤੀਆਂ ਰਹੇ ਕਮਾਂਵਦੇ ਨੇ

ਦਿਲਾਵਰ ਖਾਂ ਨੇ ਚੌਥੀ ਵਾਰੀ ਫੇਰ ਲਾਹੌਰ ਤੋਂ ਫੌਜ ਚੜ੍ਹਾਣੀ

ਰਾਜੇ ਹਿੰਦੂ ਨੇ ਗੁਰੂ ਦੇ ਵੈਰੀ ਸਾਰੇ, ਸਮਝ ਹੌਂਸਲਾਂ ਬੜਾ ਵਧਾਯਾ ਸੂਬੇ
ਉਸੇ ਵਕਤ ਹੀ ਆਪਣੇ ਪੁਤ ਤਾਈਂ, ਖਬਰਦਾਰੀਆਂ ਕਰ ਚੜ੍ਹਾਯਾ ਸੂਬੇ
ਨਾਲ ਟੋਰਿਆ ਨਾਇਬ ਦਲੇਲ ਖਾਂ ਨੂੰ, ਦੋ ਹਜ਼ਾਰ ਜਵਾਨ ਚਲਾਯਾ ਸੂਬੇ
ਨਾਦਾਉਨ; ਗੁਲੇਰ ਦੇ ਜੰਗ ਅੰਦਰ, ਗੁਰੂ ਲੜਿਆ ਜੁਰਮ ਇਹ ਲਾਯਾ ਸੂਬੇ
ਸ਼ਾਹੀ ਫੌਜ ਦਾ ਬੜਾ ਨੁਕਸਾਨ ਕੀਤਾ, ਗੁਰਾਂ ਸਿਰ ਇਲਜ਼ਾਮ ਠਹਰਾਯਾ ਸੂਬੇ
ਚੱਟੀ ਦਸ ਹਜ਼ਾਰ ਦੇ ਨਕਦ ਗੁਰੂ, ਨਹੀਂ ਤਾਂ ਪਕੜ ਲਿਆਵੋ ਸੁਨਾਯਾ ਸੂਬੇ
ਸਤਾਰਾਂ ਸੌ ਉਣੰਜਾ ਵਸਾਖ ਹੈਸੀ, ਚੌਥੀ ਵਾਰ ਇਹ ਸ਼ੋਰ ਉਠਾਯਾ ਸੂਬੇ
ਕਰਨੀ ਇਕ ਤੋਂ ਇਕ ਕਰਤਾਰ ਸਿੰਘਾਂ, ਏਹ ਅਫਸਰਾਂ ਤਈਂ ਸਿਖਾਯਾ ਸੂਬੇ

ਚੌਥੀ ਵਾਰ ਭੀ ਸੂਬੇ ਦੀ ਫੌਜ ਨੂੰ ਹਾਰ ਹੋਣੀ.

ਮਾਰੋ ਮਾਰ ਕਰਦੀ ਫੌਜ ਜਾ ਪਹੁੰਚੀ, ਇਕ ਦਮ ਜਾ ਕੇ ਹੱਲਾ ਮਾਰਿਓ ਨੇ
ਬਦੋ ਬਦੀ ਅਨੰਦਪੁਰ ਵਿਚ ਵੜੇ, ਚੰਗਾ ਹੌਸਲਾ ਏਹ ਦਿਖਾਰਿਓ ਨੇ
ਫੇਰ ਸਿੱਖਾਂ ਦੇ ਰੋਕਦੇ ਕਰਦਿਆਂ ਨੂੰ, ਸ਼ਹਿਰ ਅੱਧਾ ਕੁ ਲੁੱਟ ਉਜਾੜਿਓ ਨੇ
ਏਹ ਵੇਖਕੇ ਗੁਰੂ ਦੇ ਯੋਧਿਆਂ ਭੀ, ਸਿਰੋਂ ਪਰੇ ਹੋ ਕੇ ਤੇਗੇ ਮਾਰਿਓ ਨੇ
ਕਟਾ ਵੱਢ ਕਰਕੇ ਸ਼ਹਿਰੋਂ ਕੱਢ ਦਿਤੇ, ਹਿੱਕਾਂ ਡਾਹਕੇ ਡੌਕ ਖਲਾਰਿਓ ਨੇ
ਫਤਾ ਆਪਣੇ ਦਿਲ ਤੋਂ ਵੈਰੀਆਂ ਪਾ; ਡੇਰੇ ਪਿੰਡ ਭਲਾਨ ਜਾ ਡਾਰਿਓ ਨੇ
ਰਾਤ ਫਤੇ ਦੀ ਖੁਸ਼ੀ ਵਿਚ ਸੌਂ ਗਏ, ਸਿਰੋਂ ਸਿੱਖਾਂ ਦਾ ਖੌਫ ਵਿਸਾਰਿਓ ਨੇ
ਅੱਧੀ ਰਾਤ ਨੂੰ ਏਧਰੋਂ ਚੜ ਸਿੱਖਾਂ ਛਾਪਾ ਮਾਰਕੇ ਗਜ਼ਬ ਗੁਜ਼ਾਰਿਓ ਨੇ
ਪਈ ਵੈਰੀਆਂ ਨੂੰ ਓਥੋਂ ਭੱਜਨੇ ਦੀ, ਨਾ ਆਪਣਾ ਆਪ ਸੰਭਾਰਿਓ ਨੇ
ਡੇਰਾ ਲੁਟਿਆ ਸਿੱਖਾਂ ਕਰਤਾਰ ਸਿੰਘਾ, ਭਾਗਾ ਆਪਣਾ ਸਾਰਾ ਨਕਾਰਿਓ ਨੇ

### ਕਵੀਸ਼ਰਾਂ ਦੀ ਕਦਰ

ਸਤਿਗੁਰਾਂ ਨੂੰ ਕਾਵਯ ਦਾ ਸ਼ੌਕ ਭਾਰਾ, ਆਪ ਰਚਦੇ ਅਤੇ ਰਚਾਂਵਦੇ ਸਨ
ਜੋ ਆਂਵਦਾ ਸੀ ਵਿਦਵਾਨ ਚੰਗਾ, ਓਹਨੂੰ ਆਪਣੇ ਪਾਸ ਰਖਾਂਵਦੇ ਸਨ
ਰਸਤਾ ਪਕੀਆਂ ਅਤੇ ਰੁਜ਼ੀਨੇ ਚੰਗੇ, ਸਿਰੋਪਾ ਇਨਾਮ ਦਵਾਂਵਦੇ ਸਨ
ਹੁੰਦਾ ਵੇਖਕੇ ਕਦਰ ਕਵੀਸ਼ਰ ਦਾ, ਆਪੇ ਚਲੇ ਅਨੰਦਪੁਰ ਆਂਵਦੇ ਸਨ
ਬੀਰ ਰਸ ਭਰੇ ਨਿਤ ਉਨ੍ਹਾਂ ਪਾਸੋਂ ਸਤਿਗੁਰ ਜੀ ਛੰਦ ਰਚਾਂਵਦੇ ਸਨ
ਸੰਸਕ੍ਰਿਤ ਭਾਸ਼ਾ, ਉਰਦੂ, ਫਾਰਸੀ ਤੋਂ, ਸੌਖੀ ਬੋਲੀ ਗ੍ਰੰਥ ਉਲਟਾਂਵਦੇ ਸਨ
ਪੰਥ ਵਿਚ ਜਿਉਂ ਵਿਦਯਾ ਹੋਏ ਪੂਰਨ, ਸਭ ਢੰਗ ਦੇ ਗ੍ਰੰਥ ਬਣਾਂਵਦੇ ਸਨ
ਬੜਾ ਭਾਰਾ ਜਖੀਰਾ ਕਰਤਾਰਸਿੰਘਾ, ਕਰਨਾਸਤਿਗੁਰੂ ਜੀਜਮ੍ਹਾਂ ਚਾਂਹਵਦੇ ਸਨ

### ਕੁਵਰੇਸ਼ ਪੰਡਿਤ ਨੇ ਸਤਿਗੁਰਾਂ ਦੇ ਪਾਸ ਆਉਣਾ

ਕਵੀ, ਚਤ੍ਰ ਪ੍ਰਬੀਨ ਮਸ਼ਹੂਰ ਪੰਡਿਤ, ਉਘਾ ਜਿਸਦਾ ਨਾਮ ਕੁਵਰੇਸ਼ ਸੀ ਜੀ
ਵਾਸੀ ਸੀ ਬੁੰਦੇਲ ਖੰਡ ਦੇਸ ਦਾ ਉਹ, ਭਾਸ਼ਾ ਸੰਸਕ੍ਰਿਤ ਪੜ੍ਹੀ ਵਿਸ਼ੇਸ਼ ਸੀ ਜੀ
ਮੁਸਲਮਾਨ ਓਹਨੂੰ ਤੁਰਕ ਕਰਨ ਲਗੇ, ਫਸ ਗਿਆ ਆ ਮੂੰਹ ਕਲੇਸ਼ ਸੀ ਜੀ
ਜਾਨ ਲੈ ਕੇ ਭਜ ਕਰਤਾਰ ਸਿੰਘਾ, ਆਯਾ ਸ਼ਰਨ ਸ੍ਰੀ ਦਸਮੇਸ਼ ਸੀ ਜੀ

### ਕਵੀਸ਼ਰਾਂ ਵਾਸਤੇ ਸਤਿਗੁਰਾਂ ਦੇ ਹੁਕਮ

ਇਕ ਖਾਸ ਮਕਾਨ 'ਕਵੀਸ਼ਰਾਂ ਲਈ, ਸਤਿਗੁਰਾਂ ਸੋਹਣਾ ਬਣਵਾਕੇ-ਜੀ
ਰਚੇ ਛੰਦ ਪ੍ਰਬੰਧ ਇਕਾਂਤ ਬੈਹ ਕੇ, ਸੰਕਲਪ ਵਿਕਲਪ ਮਿਟਾ ਕੇ ਜੀ
ਸੰਸਕ੍ਰਿਤ ਵਿਚੋਂ ਭਾਸ਼ਾ ਕਰਨ ਲਈ, ਬੜੇ ਦਿਤੇ ਗਰੰਥ ਮੰਗਵਾਕੇ ਜੀ
ਦੇਵੀ ਭਾਗਵਤ ਪਦਮਪੁਰਾਣ ਆਦਿਕ, ਬਾਲਮੀਕ ਰਾਮਾਯਨ ਰਖਾਕੇ ਜੀ
ਵਿਸ਼ਨੂੰ ਭਾਗਵਤ, ਭੋਜ ਪ੍ਰਬੰਧ ਨੀਤੀ, ਸ਼ੁਕ੍ਰਨੀਤ ਗੁਰ ਗੀਤ ਲਿਖਾਕੇ ਜੀ
ਮਹਾਂਭਾਰਤ, ਪੁਰਾਨਾਂ ਦੇ ਭਾਸ਼ ਕਰਨੇ, ਉਪਨਿਸ਼ਦਾਂ ਸਭ ਗਿਣਾਕੇ ਜੀ
ਰਾਜਨੀਤ ਚਨਾਕਾ ਤੇ ਖਟ ਸ਼ਾਸਤ੍ਰ, ਨੀਤੀ ਸ਼ੱਤਕ ਫੋਲ ਫੁਲਾਕੇ ਜੀ

---

ਨੋਟ—ਕਈ ਥਾਈਂ ਲਿਖਯਾ ਹੈ ਕਿ ਸੂਬਾ ਫੇਰ ਫੌਜ ਚੜ੍ਹਾਣ ਲਗਾ ਸੀ ਕਿ ਪਸ਼ੌਰ ਵਲੋਂ ਸਾਹਜ਼ਾਦਾ ਮੁਅੱਜ਼ਮ ਸਾਹ ਆ ਗਿਆ, ਪਹਿਲਾਂ ਤਾਂ ਉਹ ਭੀ ਬੜਾ ਭਖਯਾ, ਪਰ ਮੁਨਸ਼ੀ ਨੰਦਲਾਲ ਤੇ ਹਾਕਮਰਾਇ ਆਗਰੇ ਵਾਲੇ ਦੇ ਸਮਝਾਨ ਕਰਕੇ ਠੰਢਾ ਹੋ ਗਿਆ ਤੇ ਅਗੋਂ ਸਤਿਗੁਰਾਂ ਨਾਲ ਫਸਾਦ ਕਰਨੋਂ ਸੂਬੇ ਨੂੰ ਬੰਦ ਕਰ ਗਿਆ ।

ਹੋਰ ਸਿੰਮ੍ਰਤੀਆਂ ਯਾਗਵਲਕ ਆਦੀ, ਕਿਥੋਂ ਤਕ ਗਿਣ ਦਿਆਂ ਸੁਣਾਕੇ ਜੀ
ਦਿਤਾ ਹੁਕਮ ਕਰੋ ਭਾਸ਼ਾ ਗਰੰਥ ਸਾਰੇ, ਸਾਰੇ ਵੇਦਾਂ ਭੀ ਕਢ ਕਢਾਕੇ ਜੀ
ਬੜਾ ਭਾਰਾ ਜ਼ਖੀਰਾ ਏਹ ਜਮ੍ਹਾਂ ਕਰਨਾ, ਕਵਿਤਾ ਕਰੋ ਸੋਹਣੀ ਚਿਤ ਲਾਕੇ ਜੀ
ਪਰ ਯਾਦ ਰਹੇ ਛੰਦ ਇਕ ਭੀ ਨ, ਕਿਸੇ ਘੜਨਾ ਬਾਹਰ ਚੁਰਾਕੇ ਜੀ
ਜਾਣ ਲਗਿਆਂ ਨੂੰ ਰੋਜ਼ ਵੇਖ ਲੈਂਦੇ, ਪਹਿਰੇਦਾਰ ਪਲੇ ਝੜਵਾਕੇ ਜੀ
ਏਸੇ ਤਰ੍ਹਾਂ ਕਵੀਸ਼ਰ ਕਰਨ ਕਵਿਤਾ ਰੋਜ਼ ਲੈਣ ਇਨਾਮ ਸੁਨਾਕੇ ਜੀ
ਮਿਹਨਤ ਐਵੇਂ ਗਵਾਈ ਕਰਤਾਰ ਸਿੰਘਾ, ਭਾਣਾ ਵਾਹਿਗੁਰੂ ਨੇ ਵਰਤਾਕੇ ਜੀ

### ਕਵੀ ਹੰਸਰਾਜ ਦੀ ਚੋਰੀ

ਛੰਦ ਚਟ ਪਟੇ ਉਕਤੀਆਂ ਯੁਕਤੀਆਂ ਮੈਂ, ਹੰਸਰਾਜ ਇਕ ਦਿਨ ਬਣਾ ਕਰਕੇ
ਦਿਲ ਡੋਲਿਆ ਇਨ੍ਹਾਂ ਨੂੰ ਕਿਸੇ ਤਰ੍ਹਾਂ, ਏਥੋਂ ਬਾਹਰ ਲੈ ਜਾਵਾਂ ਚੁਰਾ ਕਰਕੇ
ਗੁਰਾਂ ਬਿਨਾਂ ਤਨਖਾਹ ਤੋਂ ਕੀ ਦੇਨਾ, ਕਿਸੇ ਰਾਜੇ ਨੂੰ ਜਾ ਸੁਨਾ ਕਰਕੇ
ਸੋਹਣੇ ਛੰਦਾਂ ਦਾ ਬੜਾ ਇਨਾਮ ਪਾਵਾਂ, ਚਮਤਕਾਰ ਅਪਾਰ ਦਿਖਾ ਕਰਕੇ
ਅੰਤ ਸੋਚਕੇ ਪੱਟਾਂ ਤੇ ਲਿਖ ਲਏ, ਧੋਤੀ ਉਤੋਂ ਦੀ ਲਈ ਸਜਾ ਕਰਕੇ
ਅੰਤ੍ਰਯਾਮੀ ਗੁਰੂ ਨੂੰ ਕਰਤਾਰ ਸਿੰਘਾ, ਦਿਲ ਆਪਣੇ ਥੀਂ ਧੋਖਾ ਲਾ ਕਰਕੇ

### ਗੁਰੂ ਜੀ ਨੇ ਉਸ ਦਿਨ ਕਵੀਸ਼ਰਾਂ ਨੂੰ ਅਸ਼ਨਾਨ ਕਰਾਉਣ ਦਾ ਹੁਕਮ ਦੇਣਾ

ਏਧਰ ਕੌਤਕੀ ਸਤਿਗੁਰੂ ਜਾਣ ਗਏ, ਹੁਕਮ ਸੇਵਕਾਂ ਤਈਂ ਸੁਨਾਯਾ ਜਲਦੀ
ਝਟ ਪਟ ਤੱਤਾ ਪਾਣੀ ਤਯਾਰ ਕਰੋ, ਬਹੁਤ ਸਾਰਾ ਦਹੀਂ ਮੰਗਾਯਾ ਜਲਦੀ
ਅਸ਼ਨਾਨ ਕਰਵਾਓ ਕਵੀਸ਼ਰਾਂ ਨੂੰ, ਅਗੇ ਸੇਵਕਾਂ ਤਈਂ ਬਠਾਯਾ ਜਲਦੀ
ਕਢੋ ਖੁਸ਼ਕੀ ਸਭ ਕਰਤਾਰ ਸਿੰਘਾ, ਓਥੇ ਸਾਰਿਆਂ ਤਈ ਸਦਾਯਾ ਜਲਦੀ

### ਹੰਸਰਾਜ ਦਾ ਪਾਜ ਉਘੜਨਾ

ਹੋਰ ਸਾਰੇ ਖੁਸ਼ੀ ਨਾਲ ਨ੍ਹਾਈ ਗਏ, ਦਹੀਂ ਗਰਮ ਪਾਣੀ ਹਥ ਆਯਾ ਜਦੋਂ
ਹੰਸ ਰਾਜ ਕਹਿਆ ਮੈਨੂੰ ਤਾਪ ਚੜ੍ਹਦਾ; ਓਹਨੂੰ ਨ੍ਹੌਣ ਦੇ ਲਈ ਸੁਨਾਯਾ ਜਦੋਂ
ਗੁਰਾਂ ਆਖਿਆ ਬੋਲਨਾ ਝੂਠ ਬੁਰਾ, ਵਿਦਜ਼ਵਾਨ ਪੰਡਿਤ ਅਖਵਾਯਾ ਜਦੋਂ
ਸਾਥੋਂ ਚੰਗੀ ਤੇਰੀ ਗੁਝੀ ਨਹੀਂ ਭਾਈ, ਜਾਣ ਗਏ ਤੂੰ ਚਿਤ ਡੁਲਾਯਾ ਜਦੋਂ

ਸੜ ਭੁਜ ਡਾਢੇ ਮੱਥੇ ਵਟ ਚਾੜ੍ਹੇ, ਸਤਿਗੁਰਾਂ ਏਹ ਆਖ ਜਤਾਯਾ ਜਦੋਂ
ਛੰਦ ਪਟਾਂ ਉਤੇ ਲਿਖੇ ਨਿਕਲ ਪਏ, ਫੜ ਧੋਤੀ ਦੇ ਤਈਂ ਉਠਾਯਾ ਜਦੋਂ
ਵੇਖਨ ਵਾਲੇ ਸਾਰੇ ਲੋਕ ਹਸ ਪਏ, ਗੁਰਾਂ ਕੌਤਕ ਅਚਰਜ ਦਿਖਾਯਾ ਜਦੋਂ
ਹੋਯਾ ਓਹ ਸ਼ਰਮਿੰਦਾ ਕਰਤਾਰ ਸਿੰਘਾ, ਗੁਝਾ ਭੇਦ ਏਹ ਪ੍ਰਗਟ ਕਰਾਯਾ ਜਦੋਂ

ਵਾਕ ਕਵੀ

ਘਟ ਘਟ ਦੀ ਜਾਨਣੇਹਾਰ ਗੁਰੂ, ਭੇਦ ਉਹਨਾਂ ਦੇ ਪਾਸੋਂ ਛਪਾਨ ਕਾਧਾ
ਗੁਰਾਂ ਆਖਿਆ ਹਸ ਕੇ ਹੰਸ ਰਾਜਾ, ਤੂੰ ਕਰੀ ਬੈਠਾ ਦਿਲੋਂ ਮਾਨ ਕਾਧਾ
ਮੇਰੇ ਜਹੇ ਕੋਈ ਛੰਦ ਰਚਨਾ ਨਹੀਂ, ਕੂੜੀ ਟੌਂਸ ਨੂੰ ਉਤਾਂ ਚੜ੍ਹਾਨ ਕਾਧਾ
ਤੇਥੋਂ ਚੰਗੇ ਸਾਡੇ ਕਰਤਾਰ ਸਿੰਘਾ, ਛੰਦ ਘਾਹੀ ਰਚ ਲੈਨ ਗੁਮਾਨ ਕਾਧਾ

ਦਿਲੀ ਵਾਲੇ ਚਾਂਦ ਕਵੀ ਦਾ ਬਣਿਆ ਹੋਯਾ ਸਵੈਯਾ ਹੰਸਰਾਜ ਨੇ ਸਭਾ ਵਿਚ ਸੁਨਾਕੇ ਖਾਹਿਸ਼ ਕਰਨੀ ਕਿ ਗੁਰੂ ਜੀ ਆਪਣੇ ਘਾਹੀ ਤੋਂ ਏਹੋ ਜੇਹਾ ਛੰਦ ਬਣਵਾਕੇ ਦਸਣ

ਹੰਸ ਰਾਜ ਡਾਢਾ ਸ਼ਰਮਿੰਦਾ ਹੋਯਾ, ਪਰ ਖੁਨਸ ਬੁਰੀ ਦਿਲੋਂ ਖਾਂਵਦਾ ਏ
ਇਕ ਦਿਨ ਸਭਾ ਵਿਚ ਬੈਠ ਕਰਕੇ, ਰਚਿਆ ਚਾਂਦ ਦਾ ਛੰਦ ਸੁਨਾਂਵਦਾ ਏ
ਏਹੋ ਜਿਹਾ ਸਤਿਗੁਰੂ ਜੀ ਘਾਹੀਂ ਪਾਸੋਂ, ਬਣਵਾ ਦਸਣ ਦਿਲੋਂ ਚਾਂਹਵਦਾ ਏ
ਕਰਨ ਕਾਰਨ ਸਮਰਥ ਕਰਤਾਰ ਸਿੰਘਾ, ਗੁਰੂ ਤਾਈਂ ਗੁਮਾਂਠੀ ਅਜ਼ਮਾਂਵਦਾ ਏ

ਉਕਤ ਛੰਦ

ਸਵੈਯਾ—ਨਵ ਸਾਤ ਤੀਏ ਨਵ ਸਾਤ ਕਿਯੇ ਨਵ ਸਾਤ ਪਿਯੇ ਨਵ ਸਾਤ ਪਿਆਏ ॥ ਨਵ ਸਾਤ ਰਚੇ ਨਵ ਸਾਤ ਬਦੇ ਨਵ ਸਾਤ ਪਿਆਦਹਿ ਦਾਯਕ ਪਾਏ ॥ ਜੀਤ ਕਲਾ ਨਵ ਸਾਤਨ ਕੀ ਨਵ ਸਾਤਨ ਕੇ ਮੁਖ ਅੰਦਰ ਛਾਏ ॥ ਮਾਨਹੁ ਮੇਘ ਕੇ ਮੰਡਲ ਮੈ ਕਵ ਚੰਦਨ ਚੰਦ ਕਲੇਵਰ ਛਾਏ ॥

---

ਉਕਤ ਛੰਦ ਦੇ ਅਰਥ

ਇਕ ਇਸਤ੍ਰੀ ਸੋਲਾਂ ਵਰਸਾਂ ਦੀ ਸੀ ਤੇ ਉਸ ਦਾ ਭਰਤਾ ਸੋਲਾਂ ਮਹੀਨਿਆਂ ਪਿਛੋਂ ਕਿਤੋਂ ਆਯਾ ਤੇ ਉਸਨੇ ਸੋਲਾਂ ਸ਼ਿੰਗਾਰ ਕੀਤੇ। ਸੋਲਾਂ ਖਾਨਿਆਂ ਵਾਲਾ ਚੌਪੜ ਵਿਛਾ ਕੇ ਸੋਲਾਂ ਰੁਪਏ ਦਾਉ ਲਾਯਾ ਤੇ ਸੋਲਾਂ ਭਰਤੇ ਦੇ ਪਿਆਦੇ ਨੇ ਮਾਰ ਲਏ ਅਰਥਾਤ ਸੋਲਾਂ ਵਾਲੀ ਬਾਜ਼ੀ ਨੂੰ ਉਸ ਨੇ ਜਿਤ ਲਿਆ ਤਾਂ ਫੇਰ ਸੋਲਾਂ ਸ਼ਿੰਗਾਰਾਂ ਵਾਲੀ ਇਸਤ੍ਰੀ ਨੇ ਸ਼ਰਮ ਨਾਲ ਆਪਣਾ ਮੂੰਹ ਢਕ ਲਿਆ। ਚਾਂਦ ਕਵੀ ਓਸੇ ਵੇਲੇ ਦਾ ਅਲੰਕਾਰ ਬੰਨ੍ਹਕੇ ਦਸਦਾ ਹੈ ਕਿ ਓਸ ਇਸਤ੍ਰੀ ਨੇ ਆਪਣਾ ਮੂੰਹ ਕਪੜੇ ਵਿਚ ਢਕ ਲਿਆ, ਮਾਨੋ ਬੱਦਲਾਂ ਵਿਚ ਚੰਦ੍ਰਮਾ ਛੁਪ ਗਿਆ ਹੈ।

ਗੁਰੂ ਜੀ ਨੇ ਝਾਈ ਧੰਨੇ ਨੂੰ ਆਗਯਾ ਕਰਨੀ ਕਿ ਪੰਡਿਤ ਨੂੰ ਏਸ ਦੇ ਅਰਥ ਸੁਨ

ਉਕਤ ਛੰਦ ਦੇ ਅਰਥ

ਧੰਨਾ ਘਾਹੀ ਦਾ ਭੇਸ ਧਰ ਆ ਗਿਆ, ਕਹਿਆ ਗੁਰਾਂ ਨੇ ਅਰਥ ਸੁਨਾਏ ਸਾਰੇ
ਓਹਦੇ ਨਿਗ੍ਹਾ ਦੇ ਨਾਲ ਕਪਾਟ ਖੋਲੇ, ਆਗਮ ਅਗਮ ਓਹਨੂੰ ਸੁਝ ਆਏ ਸਾਰੇ
ਓਸ ਅੱਖਰੋਂ ਅੱਖਰ ਸੁਣਾ ਦਿਤਾ, ਸਭਾ ਸਣੇ ਕਵੀ ਬਿਸਮਾਏ ਸਾਰੇ
ਛੰਦ ਉਚਰਿਆ ਘਾਹੀ ਕਰਤਾਰ ਸਿੰਘਾ, ਚੁਪ ਹੋ ਗਏ ਸ਼ਰਮਾਏ ਸਾਰੇ

ਸ੍ਰੀ ਗੁਰੂ ਜੀ ਦੇ ਘਾਹੀ ਧੰਨੇ ਨੇ ਏਹ ਛੰਦ ਉਚਾਰਨ ਕੀਤਾ

ਸੈਯਾ—ਮੀਨ ਮਰੇ ਜਲ ਕੇ ਪਰਸੇ ਕਬਹੂੰ ਨ, ਮਰੇ ਪਰ ਪਾਵਕ ਪਾਏ।
ਹਾਥੀ ਮਰੇ ਮਦ ਕੇ ਪਰਸੇ ਕਬਹੂ ਨ, ਮਰੇ ਤਨ ਮਨਤਾਪਕੇ ਆਏ॥
ਤੀਅ ਮਰੇ ਪੀਅ ਕੇ ਪਰਸੇ ਕਬਹੂੰ ਨ, ਮਰੇ ਪਰਦੇਸ ਸਿਧਾਏ।
ਗੂੜਮੇਬਾਤ ਕਹੀ ਦਿਜਰਾਜ, ਵਿਚਾਰ ਸਕੇ ਨ ਬਿਨ ਚਿਤ ਲਾਏ॥

ਏਸ ਛੰਦ ਦੇ ਅਰਥ

ਮੱਛੀ ਨਹੀਂ ਮਰਦੀ ਜਲ ਦੇ ਮਿਲਾਪ ਕਰਕੇ, ਪਰ ਮਰ ਜਾਂਦੀ ਹੈ ਅੱਗ ਦੇ ਪਾਇਆਂ। ਹਾਥੀ ਨਹੀਂ ਮਾਰਦਾ ਸ਼ਰਾਬ ਯਾ ਮਸਤੀ ਦੇ ਮਿਲਿਆਂ ਪਰ ਮਰ ਜਾਂਦਾ ਹੈ ਤਪਤ ਕਰਕੇ। ਇਸਤ੍ਰੀ ਨਹੀਂ ਦੁਖੀ ਹੁੰਦੀ ਭਰਤਾ ਦੇ ਮਿਲਨ ਕਰਕੇ, ਪਰ ਦੁਖੀ ਹੁੰਦੀ ਏ ਜੇ ਭਰਤਾ ਪ੍ਰਦੇਸ ਜਾਏ॥

ਵਾਕ ਕਵੀ

ਦੂਰ ਮਾਨ ਹੋ ਗਿਆ ਕਵੀਸ਼ਰਾਂ ਦਾ, ਸਮਝ ਗਏ ਗੁਰੂ ਸ਼ਕਤੀਵਾਨ ਭਾਰੇ
ਏਸੇ ਤਰ੍ਹਾਂ ਹੀ ਰੋਜ਼ ਦਰਬਾਰ ਅੰਦਰ, ਗੁਣ ਫੋਲਦੇ ਆ ਗੁਣਵਾਨ ਭਾਰੇ
ਸਤਿਗੁਰੂ ਜੀ ਭੀ ਆਦਰ ਮਾਨ ਕਰਦੇ ਸਿਰੋਪਾਉ ਇਨਾਮ ਦਿਵਾਨ ਭਾਰੇ
ਰੌਣਕ ਰਹੇ ਅਨੰਦਪੁਰ ਵਿੱਚ ਲੱਗੀ, ਥਾਂ ਥਾਂ ਤੇ ਰੌਣਕਾਂ ਸ਼ਾਨ ਭਾਰੇ
ਕਿਤੇ ਭਗਤੀ, ਪ੍ਰੇਮ ਦੇ ਸਰ ਵੱਗਨ, ਕਿਤੇ ਜੰਗ ਦੇ ਹੋਣ ਸਮਾਨ ਭਾਰੇ
ਕਿਤੇ ਮੱਲ ਅਖਾੜਿਆਂ ਵਿਚ ਘੁਲਦੇ, ਜੋਧੇ ਕਿਧਰੇ ਕਸਬ ਦਖਾਨ ਭਾਰੇ
ਕਿਤੇ ਸੰਗਤਾਂ ਦੇ ਬੈਠੇ ਹੋਏ ਟੋਲੇ ਮਾਈ ਭਾਈ ਪ੍ਰੇਮ ਵਧਾਨ ਭਾਰੇ

ਗੁਰੂ ਜੀ ਭੀ ਰੋਜ਼ ਦੀਵਾਨ ਅੰਦਰ, ਕਰ ਸਤ ਉਪਦੇਸ਼ ਸੁਨਾਨ ਭਾਰੇ
ਬੀਰ ਰਸ ਭਰੇ ਉਪਦੇਸ਼ ਕਰਕੇ, ਕਾਇਰਤਾ ਦੇ ਠਾਣੇ ਉਠਾਨ ਭਾਰੇ
ਜਿਵੇਂ ਮੋਈਆਂ ਰੂਹਾਂ ਫੇਰ ਜਾਗਨ, ਜ਼ਬਰਦਸਤ ਮਸਾਲੇ ਲਗਾਨ ਭਾਰੇ
ਜਿਵੇਂ ਨਾਮ ਦਾ ਸੀ ਸਦਾ ਵਰਤ ਲਗਾ, ਤਿਵੇਂ ਲੰਗਰ ਲਾਏ ਮਹਾਨ ਭਾਰੇ
ਰੋਟੀ ਕਪੜਾ ਸਭ ਨੂੰ ਮਿਲੀ ਜਾਂਦਾ, ਸਤਿਗੁਰੂ ਦਾਤੇ ਦਯਾਵਾਨ ਭਾਰੇ
ਸੂਰਜ ਵਾਂਗ ਪ੍ਰਤਾਪ ਚੜ੍ਹਾਈ ਅੰਦਰ, ਵੇਖ ਵੇਖ ਰਾਜੇ ਡਰ ਖਾਨ ਭਾਰੇ
ਜ਼ਾਹਰੀ ਪੇਸ਼ ਨ ਜਾਏ ਕਰਤਾਰ ਸਿੰਘਾ, ਵਿਚੇ ਵਿਚ ਪਏ ਖੁਨਸਾਨ ਭਾਰੇ

ਕੇਸ ਰਖਣ ਦੇ ਹੁਕਮਨਾਮੇ

ਜੇਹੜੇ ਕੌਮ ਦੀ ਸੀ ਬੁਨਯਾਦ ਰਖੀ, ਸਿਰੇ ਓਸ ਨੂੰ ਹੁਣ ਚੜ੍ਹਾਵਨਾ ਏਂ
ਜੇਹੜੀ ਆਗਯਾ ਖਾਸ ਅਕਾਲ ਦੀ ਸੀ, ਪੂਰਾ ਓਸਦੇ ਤਈਂ ਕਰਾਵਨਾ ਏਂ
ਦਿਨ ਨੇੜੇ ਨੇੜੇ ਹੁਣ ਆਈ ਜਾਂਦੇ, ਜਦੋਂ *ਤੀਸਰਾ ਪੰਥ ਰਚਾਵਨਾ ਏਂ
ਹਿੰਦੂ ਤੁਰਕ ਦੋਹਾਂ ਕੋਲੋਂ ਵਖਰਾਂ ਹੀ, ਚੇਹਨ ਚਕਰਾਂ ਵਿਚ ਦਿਖਾਵਨਾ ਏਂ
ਏਸ ਵਾਸਤੇ ਸਤਿਗੁਰਾਂ ਸੰਗਤਾਂ ਨੂੰ, ਪਕਾ ਲਿਖਯਾ ਹੁਕਮ ਬਜਾਵਨਾ ਏਂ
ਗੁਰੂ ਘਰ ਦਾ ਸਿਖ ਕਹਾਏ ਜੇਹੜਾ; ਹੁਣ ਸਿਰ ਨ ਕਿਸੇ ਮੁਨਾਵਨਾ ਏਂ
ਦਾਹੜੀ ਮੁਛ ਤੇ ਕੇਸ ਸਬੂਤ ਰਖੇ, ਰੋਮ ਕਿਤੋਂ ਭੀ ਨਹੀਂ ਕਟਾਵਨਾ ਏਂ
ਆਓ ਸਾਬਤ ਰੂਪ ਕਰਤਾਰ ਸਿੰਘਾ, ਸਚੇ ਗੁਰੂ ਦੀ ਏਹ ਸਚ ਭਾਵਨਾ ਏਂ

ਵਾਕ ਕਵੀ

ਗੁਰੂ ਘਰ ਅੰਦਰ ਪਹਿਲੇ ਦਿਨ ਤੋਂ ਹੀ, ਦਾੜ੍ਹੀ ਕੇਸ ਨ ਕਿਸੇ ਕਟਾਏ ਹੈਸਨ
ਰਾਮ ਕ੍ਰਿਸ਼ਨ ਜਿਵੇਂ ਜਟਾ ਜੂਟ ਰਹੇ, ਸਾਰੇ ਗੁਰਾਂ ਨੇ ਰੂਪ ਦਿਖਾਏ ਹੈਸਨ
'ਕੇਸਾਂ ਕਾ ਕਰ ਚਵਰ ਢੁਲਾਵਾਂ', ਤਦੋ ਹੀ ਬਚਨ ਸੁਨਾਏ ਹੈਸਨ
'ਕੇਸਾਂ ਕਾ ਕਰ ਬੀਜਨਾ', ਏਹੋ ਜੇਹੇ ਤਾਂ ਸ਼ਬਦ ਲਿਖਾਏ ਹੈਸਨ
'ਕੇਸ ਸੰਗ ਦਾਸ ਪਗ ਝਾਰਉ', ਅਨੇਕ ਪਰਮਾਨ ਜਤਾਏ ਹੈਸਨ

---

*ਜਿਸ ਤੀਸਰੇ ਪੰਥ ਹਿੰਦੂ ਤੁਰਕ ਤੋਂ ਨਿਆਰੇ ਦੀ ਨੀਂਹ ਗੁਰੂ ਨਾਨਕ ਸਾਹਿਬ ਜੀ ਨੇ ਰੱਖੀ ਸੀ ਤੇ ਨੌਆਂ ਗੁਰਾ ਤਕ ਉਸਦੇ ਵਾਸਤੇ ਮਸਾਲਾ ਜਮ੍ਹਾਂ ਕਰਦੇ ਰਹੇ ਸੀ ਸੋ ਉਸਨੂੰ ਹੁਣ ਮੁਕੰਮਲ (ਪੂਰਾ) ਕਰਨਾ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਹੀ ਕੰਮ ਬਾਕੀ ਸੀ।

'ਸਾਬਤ ਸੂਰਤ ਰਬ ਦੀ ਭੇਨੈ', ਇਤਆਦਿ ਦ੍ਰਿਸ਼ਟਾਂਤ ਗਿਣਾਏ ਹੈਸਨ
ਗੁਰੂ ਸਿਖ ਹਜ਼ੂਰੀਏ ਹੋਰ ਪ੍ਰੇਮੀ, ਓਹਨਾਂ ਕਦੇ ਨ ਸਿਰ ਮੁੰਡਾਏ ਹੈਸਨ
ਸੀ ਗਿਣਤੀ ਥੋੜੀ ਕਰਤਾਰ ਸਿੰਘਾ, ਅਜੇ ਬਹੁਤਿਆਂ ਨਹੀਂ ਰਖਾਏ ਹੈਸਨ

*ਭਾਈ ਨੰਦ ਲਾਲ

ਬਾਦਸ਼ਾਹ ਔਰੰਗੇ ਦਾ ਪੁਤ ਵੱਡਾ, ਨਾਮ ਸ਼ਾਹ ਬਹਾਦਰ ਸ਼ੁਮਾਰ ਹੈਸੀ
ਉਹਦਾ ਖਾਸ ਮੁਨਸ਼ੀ ਨੰਦ ਲਾਲ ਆਹਾ, ਉਸਤਾਦ ਭੀ ਕਹਿਨਾ ਦੁਰਕਾਰ ਹੈਸੀ
ਅਰਬੀਫਾਰਸੀਦਾਵਡਾ ਆਲਮ ਫਾਜ਼ਲਇਲਮਅਕਲਦਾਧਨੀਹੁਸ਼ਯਾਰ ਹੈਸੀ
ਮੇਲੀ ਆਰਫਾਂ ਦਾ ਮਾਹਰਫਤ ਜਾਣੂੰ, ਖੌਫ ਰੱਬ ਤੇ ਬੰਦਗੀ ਦਾਰ ਹੈਸੀ
ਜਾਤ ਖੱਤਰੀ ਤੇ ਉਚੀ ਸਮਝ ਵਾਲਾ, ਸ਼ਹਿਰ ਆਗਰੇ ਦਾ ਵਸਨਹਾਰ ਹੈਸੀ
ਨਾਲੇ ਸ਼ਾਇਰ ਭੀ ਸੀ ਕਰਤਾਰ ਸਿੰਘਾ, ਸਾਫ ਰਬ ਦੇ ਨਾਲ ਪਯਾਰ ਹੈਸੀ

ਔਰੰਗਜ਼ੇਬ ਦੀ ਸਭਾ

ਬਾਦਸ਼ਾਹ ਅਗੇ ਸ਼ਰ੍ਹਾ ਵਾਲਿਆਂ ਦਾ, ਹੱਦੋਂ ਬਾਹਰ ਹੈਸੀ ਕਦਰਮਾਨ ਹੋਯਾ
ਇਕ ਦਿਨ ਭਰੇ ਦਰਬਾਰ ਅੰਦਰ, ਇਕ ‡ਮਸਲਾ ਪੇਸ਼ ਕੁਰਾਨ ਹੋਯਾ
ਮਾਂਹਨੇ ਆਇਤ ਦੇ ਕਿਸੇ ਨ ਠੀਕ ਕੀਤੇ, ਦੂਰ ਸਭਾ ਦਾ ਦਿਲੋਂ ਗੁਮਾਨ ਹੋਯਾ
ਬੜੇ ਬੜੇ ਆਲਮ ਫਾਜ਼ਲ ਪਏ ਝੂਠੇ, ਸਾਫ ਅਰਥ ਨ ਕਿਸੇ ਤੋਂ ਜਾਨ ਹੋਯਾ
ਤਦੋਂ ਵਿਚ ਸ਼ਾਹਜ਼ਾਦਾ ਭੀ ਬੈਠਾ ਹੈਸੀ, ਰਿਹਾ ਸੁਣਦਾ ਜੋ ਬਿਆਨ ਹੋਯਾ
ਕਰ ਝਟ ਪਟ ਓਸ ਸੁਨਾ ਦਿਤਾ, ਸੁਣ ਕਰ ਸ਼ਾਹਜ਼ਾਦਾ ਹੈਰਾਨ ਹੋਯਾ

---

†ਨੰਦਲਾਲ—ਆਗਰੇ ਨਵਾਸੀ ਛੱਜੂ ਰਾਮ(ਆਗਰਸ਼)ਖੱਤ੍ਰੀ ਦਾ ਪੁੱਤ੍ਰ ਸੀ, ਛੱਜੂਰਾਮ ਬੈਰਾਗੀਆਂ ਦਾ ਚੇਲਾ ਸੀ, ਪਰ ਨੰਦ ਲਾਲ ਨੇ ਕਿਸੇ ਪਾਸੋਂ ਸਤਿਗੁਰਾਂ ਦੀ ਕੁਝ ਬਾਣੀ ਸੁਣੀ ਤਾ ਉਸਨੂੰ ਪ੍ਰੇਮ ਹੋਇਆ ਅਤੇ ਹੌਲੀ ਹੌਲੀ ਮਾਹਰਫਤ ਦਾ ਪ੍ਰੇਮੀ ਤੇ ਅਰਬੀ ਫਾਰਸੀ ਹਿਸਾਬ ਦਾ ਵਡਾ ਪੰਡਿਤ ਹੋ ਗਿਆ। ਅੰਤ ਸਤਿਗੁਰਾਂ ਦੀ ਸ਼ਰਨ ਲੈ ਕੇ ਅਨਿਨਤਾ ਸਿਖੀ ਨੂੰ ਪ੍ਰਾਪਤ ਹੋਇਆ।ਬਹੁਤ ਚਿਰ ਗੁਰਾਂ ਦੇ ਹਜ਼ੂਰ ਰਹਿਕੇ ਸੇਵਾ ਕੀਤੀ ਤੇ ਅੰਤ ਨੂੰ ਮੁਲਤਾਨ ਵਿਚ ਜਾ ਕੇ ਗੁਰ ਪੁਰੀ ਸਿਧਾਰ ਗਿਆ।

‡ਕਈ ਥਾਈਂ ਲਿਖਿਆ ਹੈ ਕਿ ਈਰਾਨ ਦੇ ਬਾਦਸ਼ਾਹ ਦਾ ਮੁਰਾਸਲਾ ਔਰੰਗਜ਼ੇਬ ਪਾਸ ਆਇਆ ਤੇ ਉਸ ਦੇ ਹੁਕਮ ਨਾਲ ਬਹੁਤਿਆਂ ਆਲਮਾਂ ਫਾਜ਼ਲਾਂ ਨੇ ਉਸਦਾ ਜਵਾਬ ਲਿਖਿਆ ਪਰ ਬਾਦਸ਼ਾਹ ਨੂੰ ਨੰਦ ਲਾਲ ਦਾ ਮਜ਼ਮੂਨ ਬੜਾ ਪਸੰਦ ਆਯਾ ਤੇ ਹੁਕਮ ਦਿਤਾ ਕਿ ਇਸ ਨੂੰ ਮੋਮਨ ਕੀਤਾ ਜਾਵੇ ਹਿੰਦੂ ਕਾਫਰਾਂ ਵਿਚ ਏਡਾ ਆਲਿਮ ਆਦਮੀ ਨਹੀਂ ਰਹਿਣਾ ਚਾਹੀਦਾ।

ਦਿਨੇ ਜਾ ਸੁਨਾਏ ਕਚਹਿਰੀ ਅੰਦਰ, ਬਾਦਸ਼ਾਹ ਸੁਣ ਖੁਸ਼ੀ ਮਹਾਨ ਹੋਯਾ
ਕਿਥੋਂ ਸੁਣੇ ਸ਼ਾਹਜ਼ਾਦੇ ਨੂੰ ਪੁਛਦਾ ਓਹ, 'ਨੰਦਲਾਲ ਦਸੇ ਪਰੇਸ਼ਾਨ ਹੋਯਾ
ਹਿੰਦੂ ਹੋ ਓਹ ਏਤਨਾ ਇਲਮ ਜਾਣੇ, ਹੈ ਕੈਹਰ ਖੁਦਾ ਦਾ ਆਨ ਹੋਯਾ
ਵਿਚਕਾਫਰਾਂ ਰਹਿਣਾਓਹਚਾਹੀਦਾ ਨਹੀਂ, ਅਜੇਤਕਕਰੋਨਹੀਂ ਮੁਸਲਮਾਨ ਹੋਯਾ
ਓਹਨੂੰ ਕਰੋ ਮੋਮਨ ਕਰਤਾਰ ਸਿੰਘਾ, ਬਾਦਸ਼ਾਹ ਜਾ ਝਟ ਫੁਰਮਾਨ ਹੋਯਾ

ਨੰਦ ਲਾਲ ਨੂੰ ਭਜ ਕੇ ਸਤਿਗੁਰਾਂ ਦੀ ਸ਼ਰਨ ਆਉਣਾ

ਦਿਲੋਂ ਬੜਾ ਸ਼ਾਹਜ਼ਾਦੇ ਦਾ ਪਯਾਰਹੈਸੀ, ਨੰਦਲਾਲ ਨੂੰ ਆਨਸੁਨਾਯਾ ਉਸਨੇ
ਧਰਮ ਜਾਣ ਦਾਬੜਾ ਹੀ ਫਿਕਰ ਹੋਯਾ, ਰਾਤੋਰਾਤਭਜਜਾਵਣਾਚਾਹਯਾ ਉਸਨੇ
ਉਹਦੇਨਾਲ ਸ਼ਾਹਜ਼ਾਦੇਸਲਾਹ ਕਰਕੇ, ਨਕਦਮਾਲ ਸਾਰਾ ਪੱਲੇ ਪਾਯਾ ਉਸਨੇ
ਅਧੀ ਰਾਤ ਹੋਈ ਤਯਾਰੀ ਕਰ ਲਈ, ਵਡਾ ਆਸਰਾ ਗੁਰਾਂ ਤਕਾਯਾ ਉਸਨੇ
ਇਕ ਸੰਗੀ [*]ਅਨਾਯਤ ਹੁਸੈਨ ਖਾਂ ਸੀ, ਜਾ ਓਸਨੂੰ ਭੇਤ ਜਤਾਯਾ ਉਸਨੇ
ਓਹ ਨਾਲ ਹੀ ਹੋ ਤਯਾਰ ਪਿਆ, ਘਰ ਬਾਰ ਦਾ ਮੋਹ ਚੁਕਾਯਾ ਉਸਨੇ
ਚਲਦਿਲੀਓਂਰਾਤਦਿਨ ਕੂਚ ਕਰਕੇ, ਰੋਪੜ ਸ਼ਹਿਰ ਆਕੇ ਡੇਰਾਲਾਯਾ ਉਸਨੇ
ਓਹਨਾਂ ਜ਼ਾਲਮਾਂ ਹਥੋਂ ਕਰਤਾਰ ਸਿੰਘਾ, ਪਲਾ ਭਜਕੇ ਇਉਂ ਛੁਡਾਯਾ ਉਸਨੇ

ਨੰਦ ਲਾਲ ਨੇ ਸਤਿਗੁਰਾਂ ਦੀ ਭੇਟਾ ਕਰਨ ਵਾਸਤੇ ਇਕ ਗ੍ਰੰਥ ਰਚਨਾ

ਸਤਿਗੁਰਾਂ ਦੀ ਖੜਾਂ ਕੀ ਨਜ਼ਰ ਭੇਟਾ, ਨੰਦ ਲਾਲ ਏਹਦਿਲੋਂ ਚਤਾਰ ਕਰਦਾ
ਖਾਲੀ ਹਥ ਜਾਣਾ ਏਹ ਬੇਅਦਬੀ ਹੈ, ਦਿਲ ਨਾਲ ਚੜਾ ਉਤਾਰ ਕਰਦਾ
ਦੌਲਤ ਦੁਨੀਆਂਗੁਰਾਂਦੇ ਲੋਕ ਨਾਹੀਂ, ਉਤਮਵਸਤ ਹੋਵੇਕੋਈ ਵਿਚਾਰ ਕਰਦਾ
ਅੰਤ ਸੋਚ ਉੱਚੀ ਕਰ ਪ੍ਰੇਮ ਸੇਤੀ, ਵਿਚ ਫਾਰਸੀ ਗਰੰਥ ਤਯਾਰ ਕਰਦਾ
ਨਾਮ ਰਖਕੇ [†]ਬੰਦਗੀਨਾਮਾ ਓਹਦਾ, ਆਨ ਗੁਰਾਂ ਦੇ ਪੇਸ਼ ਦਰਬਾਰ ਕਰਦਾ

---

[*]ਇਹ ਜਾਤ ਦਾ ... ਤ ਬਾਦਸ਼ਾਹ ਦਾ ਦਰੋਗਾ ਸੀ, ਹਰ ਰੋਜ਼ ਨੰਦ ਲਾਲ ਨਾਲ ਉਸਦੀ ਸੰਗਤ ਹੋਣ ਕਰਕੇ ਓਹ ਭੀ ਸਾਹਿਬਾਂ ਦਾ ਜਾਣੂ ਹੋ ਗਿਆ ਸੀ ਤੇ ਗੁਰੂ ਸਾਹਿਬਾਂ ਨੰਦ ਲਾਲ ਪਾਸੋਂ ਸੁਣ ਸੁਣਕੇ ਉਸਦੇ ਦਿਲ ਵਿਚ ਗੁਰੂ ਘਰ ਤੇ ਬੜੀ ਸ਼ਰਧਾ ਹੋ ਗਈ ਹੋਈ ਸੀ।

[†]ਬੰਦਗੀਨਾਮਾ ਗ੍ਰੰਥ ਪੜ੍ਹਕੇ ਸਤਿਗੁਰਾਂ ਨੇ ਉਸ ਦਾ ਨਾਮ ਜ਼ਿੰਦਗੀਨਾਮਾ ਧਰਿਆ:—
ਯਥਾ—ਆਬੇ ਹੈਵਾਂ ਪੁਰ ਸੁਦਹ ਕੂਜ਼ਹਿ ਓ ॥ ਜ਼ਿੰਦਗੀਨਾਮਹ ਸ਼ੁਦਹ ਜ਼ਾਂ ਨਾਮਿ ਓ।

ਹੋਏ ਪੜ੍ਹਕੇ ਖੁਸ਼ੀ ਕਰਤਾਰ ਸਿੰਘਾ, ਕਲਗੀਧਰ ਪਿਤਾ ਬੜਾ ਪਯਾਰ ਕਰਦਾ

ਵਾਕ ਕਵੀ

ਨੰਦ ਲਾਲ ਦਾਰੋਗੇ ਦੇ ਸਣੇ ਆ ਕੇ, ਖੁਸ਼ੀ ਵੇਖ ਦੀਦਾਰ ਮਹਾਨ ਹੋਯਾ
ਨਿਰਾ ਨੂਰ ਖੁਦਾ ਦਾ ਨਜ਼ਰ ਆਯਾ, ਤੇ ਪਰਸੰਨ ਬੜਾ ਦੇਖ ਸ਼ਾਨ ਹੋਯਾ
ਆਯਾ ਸਿਦਕ ਤੇ ਚਿਤ ਦੇ ਮਿਟੇ ਸੰਸੇ, ਸਿਖੀ ਭਾਵ ਧਰਕੇ ਸਿਖ ਜਾਨ ਹੋਯਾ
ਭਾਈ ਪਦਵੀ ਗੁਰਾਂ ਨੇ ਬਖਸ਼ ਦਿਤੀ, ਨੰਦ ਲਾਲ ਭਾਰਾ ਸ਼ਰਧਾਵਾਨ ਹੋਯਾ
ਚੰਗੀ ਟਹਿਲ ਸੇਵਾ ਕਰਦਾ ਗੁਰੂ ਘਰ ਦੀ, ਸਮਝਦਾਰ ਚੰਗਾ ਬੁਧੀਮਾਨ ਹੋਯਾ
ਏਹ ਭੀ ਦੂਸਰਾ ਭਾਈ ਗੁਰਦਾਸ ਵਾਂਗੂੰ, ਗੁਰੂ ਘਰ ਦਾ ਰੁਕਨ ਸੁਜਾਨ ਹੋਯਾ
ਸਿਖੀ ਭਾਵ ਦੇ ਚੰਗੇ‡ਗ੍ਰੰਥ ਰਚੇ, ਅਰਬੀ ਫਾਰਸੀ ਦਾ ਆਲਿਮ ਜਾਨ ਹੋਯਾ
ਹੋਯਾ ਖਾਸ ਵਜ਼ੀਰ ਕਰਤਾਰ ਸਿੰਘਾ, ਕੀਤੀ ਸੇਵਾ ਅਟਲ ਜਹਾਨ ਹੋਯਾ

੧੭੫੧ ਬਿਕ੍ਰਮੀ ਨੂੰ ਕਾਂਸ਼ੀਓਂ ਪੜ੍ਹਕੇ ਸਿਖਾਂ ਨੇ ਆਉਣਾ

ਏਸੇ ਸਾਲ ਕਾਂਸ਼ੀ ਵਿਚੋਂ ਸਿਖ ਪੰਜੇ, ਪੜ੍ਹ ਵਿਦਯਾ ਪੰਡਿਤ ਹੋ ਆਏ ਭਾਈ
ਸਤਿਗੁਰੂ ਜੀ ਬਹੁਤ ਹੀ ਖੁਸ਼ ਹੋਏ, ਮਾਨ ਉਨ੍ਹਾਂ ਦੇ ਬਹੁਤ ਵਧਾਏ ਭਾਈ
ਪਾਸ ਉਨ੍ਹਾਂ ਦੇ ਹੋਰ ਜੋ ਸਿਖ ਪ੍ਰੇਮੀ ਪੜ੍ਹਨ ਵਿਦਯਾ ਤੁਰਤ ਬਠਾਏ ਭਾਈ
ਆ ਵਿਦਯਾ ਦਾ ਪ੍ਰਕਾਸ਼ ਹੋਯਾ, ਓਹਨਾਂ ਬਹੁਤ ਭਰਾ ਪੜ੍ਹਾਏ ਭਾਈ
ਸੰਸਕ੍ਰਿਤ ਦੇ ਬਹੁਤ ਗ੍ਰੰਥ ਓਹਨਾਂ, ਭਾਸ਼ਾ ਵਿਚ ਸਧੇਨ ਉਲਟਾਏ ਭਾਈ
ਸ਼ਸਤ੍ਰ ਸ਼ਾਸਤ੍ਰ ਦੋਵੇਂ ਕਰਤਾਰ ਸਿੰਘਾ, ਸਤਿਗੁਰਾਂ ਪ੍ਰਵਾਹ ਚਲਾਏ ਭਾਈ

ਸੰਨਿਆਸੀਆਂ ਦਾ ਪੰਥ

ਇਕ ਦਿਨ ਜਮਾਤ ਸੰਨਯਾਸੀਆਂ ਦੀ, ਸਤਿਗੁਰਾਂ ਦੇ ਕਰਨ ਦੀਦਾਰ ਆਈ
ਕੀਤੀ ਆਪਣੀਉਨ੍ਹਾਂ ਵਡਿਆਈ ਬਹੁਤੀ, ਜੋੜ੍ਹੀ ਕਰਨੀ ਨਹੀਂ ਦਰਕਾਰ ਆਈ
ਉਤਮ ਸਭ ਤੋਂ ਪੰਥ ਸੰਨਯਾਸੀਆਂ ਦਾ, ਸਭ ਵਰਨਾਂ ਤੇ ਸਾਡੀ ਕਾਰ ਆਈ
ਅਸੀਂ ਤਯਾਗੀ ਹਾਂ ਮੋਹ ਪਦਾਰਥਾਂ ਦੇ, ਮਾਯਾ ਡੈਣ ਦਾ ਰੂਪ ਧਾਰ ਆਈ

---

‡ਇਹ ਗ੍ਰੰਥ ਹੋਰ ਭਾਈ ਨੰਦ ਲਾਲ ਜੀਦੇ ਰਚੇ ਹੋਏ ਹਨ–ਤੌਸੀਫੋਸਨਾ, ਗੰਜ ਨਾਮਾ, ਜੋਤ ਵਿਗਾਸ, ਜ਼ਿੰਦਗੀ ਨਾਮਾ ਦੀਵਾਨ ਗੋਯਾ ਇਨਾਮਾ ਦਸਤੂਰ, ਅਰਜ਼ੁਲ ਇਲਫਾਜ਼ ॥

ਹਥ ਕਥੇ ਨਾ ਏਸਨੂੰ ਲਾਵਣੇ ਹਾਂ, ਨਾਸ ਰੂਪ ਸਮਝੀ ਹੈ ਵਿਚਾਰ ਆਈ
ਅਸੀਂ ਹਾਂ ਵਿਰਕਤ ਕਰਤਾਰ ਸਿੰਘਾ, ਮਾਯਾ ਨਿਕਟ ਨਾਜਾਂਦੇ ਹਾਂ ਸਾਰ ਆਈ

ਤਥਾ

ਸਤਿਗੁਰ ਚੋਜੀ ਭਲਾ ਕਦੋਂ ਉਕਣ, ਭੋਜਨ ਕਰਨ ਸਾਧਾਂ ਨੂੰ ਬਿਠਾਯਾ ਜੀ
ਫਿਰ ਗੋਦੜੀ ਚਿਪੀਆਂ ਪੋਥੀਆਂ ਨੂੰ, ਵਖੋ ਵਖਰਾ ਕਰ ਫੋਲਾਯਾ ਜੀ
ਮੁਹਰਾਂ ਸੀਤੀਆਂ ਗੋਦੜੀ ਵਿਚ ਸਭਨਾਂ, ਡੇਰਾ ਪੁਸਤਕਾਂਵਿਚ ਭੀ ਲਾਇਆ ਜੀ
ਮੋਹਰਾਂ ਚਿਪੀਆਂ ਵਿਚੋਂ ਭੀ ਨਿਕਲ ਆਈਆਂ, ਜਦੋਂ ਲਾਖਤਾਈਂ ਪੰਘਾਰਯਾ ਜੀ
ਲੋਕ ਵੇਖ ਕੇ ਰਭ ਹੈਰਾਨ ਹੋਏ, ਪਾਜ ਸਾਧਾਂ ਦਾ ਗੁਰਾਂ ਖੁਲ੍ਹਾਯਾ ਜੀ
ਕੀਤੇ ਸਾਧ ਲੋਕਾਂ ਸ਼ਰਮਿੰਦੇ ਬਹੁਤੇ, ਬੁਰਾ ਭਲਾ ਕੋਹ ਆਖ ਸੁਨਾਯਾ ਜੀ
ਅੰਤਰਯਾਮੀ ਗੁਰੂ ਜਾਣ ਪਏ ਸਰਨੀ, ਹਥ ਜੋੜ ਅਪ੍ਰਾਧ ਬਖਸ਼ਾਯਾ ਜੀ
ਧਨ ਆਪਨਾ ਲੈ ਕਰਤਾਰ ਸਿੰਘਾ, ਖਿਸਕ ਗਏ ਪੱਲਾ ਛੁਡਵਾਯਾ ਜੀ

ਫਕੀਰ ਰੌਡੇ ਜਲਾਲੀ ਦਾ ਪਾਜ

ਇਕ ਰੌਡਾ ਜਲਾਲੀ ਫਕੀਰ ਆਹਾ, ਚਲ ਸਤਿਗੁਰਾਂਦੇ ਪਾਸ ਆਉਂਦਾ ਓਹ
ਸਤਿਗੁਰਾਂ ਦੇ ਖਾਸ ਬਗੀਚੇ ਵਿਚੋਂ, ਤੋੜ ਫੁਲ ਸੋਹਣੇ ੨ ਲਯਾਉਂਦਾ ਓਹ
ਗਲਾਂ ਅਲ ਪਲਾਲੀਆਂ ਕਰਕੇ ਜੀ, ਆਫੂਲ ਹਜ਼ੂਰ ਟਿਕਾਉਂਦਾ ਓਹ
ਬੇ ਤਮ੍ਹਾਂ ਫਕੀਰ ਕਰਤਾਰ ਸਿੰਘਾ, ਸੀ ਆਪਣੇ ਤਈਂ ਜਤਾਉਂਦਾ ਓਹ

ਸ੍ਰੀ ਦਸਮੇਸ਼ ਜੀ

ਸਤਿਗੁਰੂ ਜੀ ਵੇਖ ਕੇ ਹਸ ਪਏ, ਏਹ ਝੂਠੇ ਪਲਾਲ ਬਨਾਏ ਕਾਹਨੂੰ
ਏਸ ਨਫਸ ਨੇ ਸਭ ਖਵਾਰ ਕੀਤੇ, ਭੇਖ ਧਾਰ ਕੇ ਪਾਜ ਛੁਪਾਏ ਕਾਹਨੂੰ
ਏਹ ਲਹਿਲਹਾਉਂਦੇ ਫੁਲ ਸੋਹਣੇ, ਤੋੜ ਡਾਲੀਓਂ ਐਵੇਂ ਗਵਾਏ ਕਾਹਨੂੰ
ਜੇ ਅਮਲ ਨ ਨੇਕ ਕਰਤਾਰ ਸਿੰਘਾ, ਐਬਦਾਰ ਫਕੀਰ ਅਖਵਾਏ ਕਾਹਨੂੰ

ਰੌਡਾ ਜਲਾਲੀ

ਹੇ ਫਕੀਰ ਸਦਾ ਬੇ ਤਮ੍ਹਾਂ ਰਹੇ, ਦੁਨੀਆਂ ਵਿਚ ਨ ਪੈਰ ਫਸਾਨਾ ਚਾਹੀਏ
ਫਾਕਾਫਿਕਰ ਕਨਾਇਤ ਤੇ ਬੰਦਗੀ ਨੂੰ, ਹਥੋਂ ਫਕਰ ਨੂੰ ਨਹੀਂ ਗਵਾਨਾ ਚਾਹੀਏ

ਆਪ ਜਿਹਾਂ ਬਜ਼ੁਰਗਾਂ ਦੇ ਪਾਸ ਸਦਾ, ਖਾਲੀ ਹਥ ਨਾਹੀਂ ਮੂਲ ਜਾਨਾ ਚਾਹੀਏ
ਸਾਡੀ ਫੁਲ ਫਲ ਨਜ਼ ਕ੍ਰਤਾਰ ਸਿੰਘਾ, ਪੈਸਾ ਸਾਨੂੰ ਨ ਪਾਸ ਰਖਾਨਾ ਚਾਹੀਏ

### ਸ੍ਰੀ ਦਸਮੇਸ਼ ਜੀ ਦੀ ਮੌਜ

ਏਹ ਸੁਣ ਫਕੀਰ ਦੀ ਗਲ ਝੂਠੀ, ਚੋਬਦਾਰ ਨੂੰ ਸੈਨਤ ਚਲਾਈ ਗੁਰਾਂ
ਟੋਪੀ ਸਿਰ ਫਕੀਰ ਦੇ ਪਈ ਹੈਸੀ, ਚੋਜ ਕਰਕੇ ਝਟ ਲੁਹਾਈ ਗੁਰਾਂ
ਪੰਜ ਮੋਹਰਾ ਰੁਪਏ ਦੋ ਨਿਕਲ ਆਏ, ਜ਼ਾਹਰ ਕਰ ਕਰਤੂਤ ਦਿਖਾਈ ਗੁਰਾਂ
ਓਹ ਹੋਯਾ ਸ਼ਰਮਿੰਦਾ ਕਰਤਾਰ ਸਿੰਘਾ, ਟੋਪੀ ਓਸ ਨੂੰ ਫੇਰ ਦਿਵਾਈ ਗੁਰਾਂ

### ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦਾ ਜਨਮ

ਬਾਰਾਂ ਸੌ ਬਵੰਜਵੇਂ ਸਾਲ ਅੰਦਰ, ਤੀਜੇ ਸਾਹਿਬਜ਼ਾਦੇ ਜਨਮ ਧਾਰਿਆ ਜੀ
ਮਾਤਾ ਜੀਤੋ ਜੀ ਦੀ ਕੁਖੋਂ ਹੋਯਾ ਪੈਦਾ, ਜਿਸ ਛਤ੍ਰੀ ਧਰਮ ਨੂੰ ਪਯਾਰਿਆ ਜੀ
ਜ਼ੋਰਾਵਰਸਿੰਘ ਸਤਿਗੁਰਾਂ ਨਾਮ ਧਰਿਆ, ਸੀਸ ਧਰਮ ਉਤੇ ਜਿਸ ਵਾਰਿਆ ਜੀ
ਨਾਮ ਜਗ ਤੇ ਰਿਹਾ ਕਰਤਾਰ ਸਿੰਘਾ, ਨ ਕੁਝ ਦੇਖਯਾ ਨਾ ਦਿਖਾਰਿਆ ਜੀ

### ਸੰਗਤ ਦੀ ਫਰਿਯਾਦ ਤੇ ਬਜਰੂੜ ਨੂੰ ਲੁਟਣਾ

ਕਰਨ ਸੰਗਤਾਂ ਸਦਾ ਫਰਯਾਦ ਏਹੋ, ਸਾਨੂੰ ਜ਼ਾਲਮ ਲੋਕ ਸਤਾਂਵਦੇ ਨੇ
ਅਸਾਂ ਜਦ ਤੋਂ ਸਿਰਾਂ ਤੇ ਕੇਸ ਰਖੇ, ਲੋਕ ਹਿੰਦੂ ਭੀ ਈਰਖਾ ਖਾਂਵਦੇ ਨੇ
ਸਦਾ ਬੋਲੀਆਂ ਠੋਲੀਆਂ ਰਹਿਨ ਕਰਦੇ, ਕਰ ਰਿਕਤਾਂ ਦਿਲ ਦੁਖਾਂਵਦੇ ਨੇ
ਕਹਿੰਦੇ ਚਾਲ ਨਵੀਂ ਤੁਸਾਂ ਕਢ ਲਈ, ਮੂੰਹ ਆਂਵਦੀ ਜੋ ਸੁਨਾਂਵਦੇ ਨੇ
ਮੁਸਲਮਾਨ ਤਾਂ ਬਹੁਤ ਹੀ ਵਟ ਖਾਂਦੇ, ਦਿਲੋਂ ਖਿਝਦੇ ਦੁਖ ਪੁਚਾਂਵਦੇ ਨੇ
ਫੜ ਲੁਟਦੇ ਸੰਗਤਾਂ ਆਉਂਦੀਆਂ ਨੂੰ, ਰਾਹ ਰੋਕ ਆਉਣੋਂ ਅਟਕਾਂਵਦੇ ਨੇ
ਜਿੰਦਾ ਹੀਲ ਤੁਸਾਂ ਤਕ ਆਉਂਦੇ ਹਾਂ, ਵੈਰੀ ਥਾਂ ਥਾਂ ਵੈਰ ਕਮਾਂਵਦੇ ਨੇ
ਇਨ੍ਹੀਂ ਦਿਨੀਂ ਹੀ ਸੰਗਤਦਰਪ ਵਿਚੋਂ, ਮਾਈ ਭਾਈ ਰਲਕੇ ਬਹੁਤੇ ਆਂਵਦੇ ਨੇ
ਲੁਟ ਲਏ ਬਜਰੂੜ ਦੇ ਰੰਗੜਾਂ ਨੇ ਮਾਰ ਕੁਟ ਬਹੁਤੀ ਕਰਵਾਂਵਦੇ ਨੇ
ਓਹਨਾਂ ਆਨ ਫਰਯਾਦ ਪੁਕਾਰ ਕੀਤੀ, ਸਤਿਗੁਰਾਂ ਨੂੰ ਜੋਸ਼ ਚੜ੍ਹਾਂਵਦੇ ਨੇ

ਉਸੇ ਵਕਤ ਹੀ ਸਾਹਿਬ ਅਜੀਤ ਸਿੰਘ ਨੂੰ, ਜਥਾ ਦੇ ਥਾਪੀ ਕੰਡ ਲਾਂਵਦੇ ਨੇ
ਬਚਾ ਕਰੋ ਸਿਧੇ ਮਾਰ ਪਾਜੀਆ ਨੂੰ, ਸਿਖ ਕਰ ਮਾਰੋ ਮਾਰ ਧਾਂਵਦੇ ਨੇ
ਪਿਛੋਂ ਆਪ ਭੀ ਗੁਰੂ ਜੀ ਚੜ੍ਹ ਆਏ, ਆ ਰੰਗੜਾਂ ਨੂੰ ਘੇਰਾ ਪਾਂਵਦੇ ਨੇ
ਲੁਟ ਕੁਚ ਕੇ ਮਾਰ ਕਰਤਾਰ ਸਿੰਘਾ, ਬਜਰੂੜ ਨੂੰ ਖਾਕ ਮਿਲਾਂਵਦੇ ਨੇ

ਸੰਗਤਾਂ ਨੂੰ ਸਤਿਗੁਰਾਂ ਦੇ ਵੀਰ ਹੁਕਮ

ਏਹੋ ਜੇਹੀਆ ਸ਼ਕਾਇਤਾਂ ਨਿਤ ਆਵਨ, ਵੈਰੀ ਦਿਨੋਂਦਿਨ ਕਰਨ ਵਧਾਓ ਸਭੇ
ਗੁਰਾਂ ਸੰਗਤਾਂ ਨੂੰ ਦਿਤੇ ਹੁਕਮ ਪਕੇ, ਛਡ ਕਾਇਰਤਾਂ ਬੀਰ ਬਣ ਜਾਓ ਸਭੇ
ਨਿਰੇ ਭਗਤ ਬਣਿਆਂ ਹੁਣਨਹੀਂ ਸਰਨੀ, ਮਾਲਾ ਛਡ ਤਲਵਾਰ ਸਜਾਓ ਸਭੇ
ਭਗਤ ਅੰਦਰੋਂ ਤੇ ਬਾਹਰੋਂ ਬੀਰ ਯੋਧੇ, ਬਣ ਵੈਰੀਆਂ ਤਾਈਂ ਦਿਖਾਓ ਸਭੇ
ਸਾਡੀ ਆਗਯਾ ਹੈ ਮਾਈ ਭਾਈ ਤਾਈਂ, ਹਰ ਵਕਤ ਹਥਯਾਰ ਰਖਾਓ ਸਭੇ
ਕੋਈ ਬਿਨਾਂ ਹਥਯਾਰ ਨ ਨਜ਼ਰ ਆਵੇ, ਸਾਡੇ ਦਰਸ਼ਨਾਂ ਨੂੰ ਜਦੋਂ ਆਓ ਸਭੇ
ਜਿਹਾ ਟਕਰੇ ਓਸਨੂੰ ਓਹੋ ਜਿਹਾ, ਅਗੋਂ ਟਕਰੇ ਚਾਰ ਠਹਿਰਾਓ ਸਭੇ
ਉਤੇ ਧਰਮ ਦੇ ਕੇ ਜਿੰਦ ਸਫਲ ਮਰਨਾ ਰਖੋ ਯੁਧ ਦਾ ਦਿਲ ਤੇ ਚਾਓ ਸਭੇ
ਜੋ ਜੰਮਿਆ ਉਸ ਨੇ ਮਰ ਜਾਣਾ ਖੌਫ ਮਰਨ ਦਾ ਨਹੀਂ ਰਖਾਓ ਸਭੇ
ਜਿਥੇ ਟਾਕਰਾ ਵੈਰੀਆਂ ਨਾਲ ਪਵੇ, ਰਲ ਖੂਬ ਤਲਵਾਰ ਖੜਕਾਓ ਸਭੇ
ਰਖੋ ਸਿਰੋਂ ਪਰੇ ਡੇਰੇ ਸਦਾ ਲਾਈ, ਇਕ ਜਾਨ ਹੋ ਰਹੋ ਭਿਰਾਓ ਸਭੇ
ਬਣੋ ਵੀਰ ਯੋਧੇ ਕਰਤਾਰ ਸਿੰਘਾ, ਰਾਜੇ ਯੋਗੀ ਹੋ ਧਰਮ ਕਮਾਓ ਸਭੇ

ਸੰਗਤਾਂ ਦੀ ਚਾਲ

ਜਿਸ ਤਰ੍ਹਾਂ ਦੇ ਗੁਰਾਂ ਨੇ ਹੁਕਮ ਭੇਜੇ, ਉਸੇ ਤਰ੍ਹਾਂ ਦੇ ਸਿਖ ਬਜਾਉਣ ਲਗੇ
ਜਟਾ ਜੂਟ ਕੇਸਾ ਧਾਰੀ ਬਣੇ ਸਭੇ, ਤੇ ਔਲਾਦਾਂ ਨੂੰ ਕੇਸ ਰਖਾਉਨ ਲਗੇ
ਨੇਜ਼ਾ ਤੇਗ ਬੰਦੂਕ ਤੇ ਢਾਲ ਬਰਛਾ, ਜਿਥੋਂ ਮਿਲਦੇ ਮੁਲ ਲਿਆਉਨ ਲਗੇ
ਬੜੇ ਪ੍ਰੇਮ ਦੇ ਨਾਲ ਰਖਾਉਨ ਲਗੇ, ਦਿਨੋਂ ਦਿਨ ਅਭਯਾਸ ਵਧਾਉਨ ਲਗੇ
ਜਥੇ ਵੈਰੀਆਂ ਦੇ ਨਾਲ ਟਕਰਾ ਪਏ, ਓਥੇ ਖੂਬ ਤਲਵਾਰ ਖੜਕਾਉਨ ਲਗੇ

ਹੌਲੀ ੨ ਸਭੇ ਛੀਊਰ, ਜਟ, ਨਾਈ, ਇਕ ਹੋਰ ਹੀ ਸ਼ਕਲ ਵਟਾਉਨ ਲਗੇ
ਖੇਤੀ ਵਣਜ ਦੁਕਾਨਾਂ ਦੇ ਕਰਨ ਹਾਰੇ, ਕੰਮ ਯੋਧਿਆਂ ਵਾਲੇ ਕਮਾਉਨ ਲਗੇ
ਜਿਹੜੇ ਵੇਖਕੇ ਤੁਰਕ ਨੂੰ ਕੰਬਦੇ ਸਨ, ਉਹ ਇਕ ਥਾਂ ਦਸ ਸੁਨਾਉਨ ਲਗੇ
ਕਾਇਆਂ ਹੋਰ ਹੀ ਪੰਥ ਦੀ ਪਲਟ ਚਲੀ, ਵੇਖ ਤੁਰਕ ਹਿੰਦੂ ਖੁਨਸਾਉਨ ਲਗੇ
ਮੁਢ ਬਝ ਪਿਆ ਕਰਤਾਰ ਸਿੰਘਾ, ਸਮੇਂ ਹੋਰ ਹੀ ਰੰਗ ਦਿਖਾਉਨ ਲਗੇ

### ਦੇਸ ਵਿਚ ਬਦ ਇੰਤਜ਼ਾਮੀ ਤੇ ਸੰਗਤਾਂ ਦਾ ਪ੍ਰੇਮ

ਤੁਰਕ ਹਾਕਮਾਂ ਦਾ ਵਡਾ ਜ਼ੋਰ ਹੈਸੀ, ਵੈਰ ਮਜ਼ਬੀ ਬੜਾ ਰਖਾਂਵਦੇ ਸਨ
ਥਾਂ ਥਾਂ ਦੇ ਹਿੰਦੂਆਂ, ਸਿਖਾਂ ਉਤੇ ਤਦੀ ਜ਼ੋਰ ਹੀ ਸਦਾ ਜਤਾਂਵਦੇ ਸਨ
ਵਿਚ ਦੇਸ ਨਹੀਂ ਸੀ ਇੰਤਜ਼ਾਮ ਕੋਈ, ਖਿਲੀ ਚੋਰ ਬਦਮਾਸ਼ ਮਚਾਂਵਦੇ ਸਨ
ਸਫ਼ਰਚਾਰ ਕੋਹਦਾ ਕਰਨਾ ਔਖ ਹੈਸੀ, ਬਾਹਰ ਨਿਕਲਯਾਂ ਲੁਟ ਲੈਜਾਂਵਦੇ ਸਨ
ਪੈਰ ਪੈਰ ਖਤਰਾ ਜਾਨ ਮਾਲ ਦਾ ਸੀ, ਸ਼ੇਰ ਚਿਤਰੇ ਬੋਲ ਡਰਾਂਵਦੇ ਸਨ
ਪਰ ਧੰਨ ਸਿਖੀ ਓਸ ਵੇਲੇ ਦੀ ਸੀ, ਚਲ ਕਾਬਲ ਕੰਧਾਰ ਤੋਂ ਆਂਵਦੇ ਸਨ
ਏਨੇ ਖਤਰੇ ਹੁੰਦਿਆਂ ਫੇਰ ਭੀ ਜੀ; ਆ ਦੀਦਾਰ ਸਤਿਗੁਰਾਂ ਦਾ ਪਾਂਵਦੇ ਸਨ
ਕਾਰ ਧਰਮ ਦੀ ਕਰ ਦਸਵੰਧ ਰਖਨ, ਹਥੀਂ ਆਣਕੇ ਆਪ ਪੁਚਾਂਵਦੇ ਸਨ
ਨਾ ਰੇਲ ਨਾ ਸੜਕ ਨਾ ਘੋੜਾਂ ਬਘੀ, ਪੈਰੀਂ ਚਲ ਪ੍ਰਦੇਸਾਂ ਤੋਂ ਧਾਂਵਦੇ ਸਨ
ਚਲ ਸਣੇ ਪ੍ਰਵਾਰ ਦੇ ਆਂਵਦੇ ਸਨ, ਸੋਨਾ ਚਾਂਦੀ ਜਾਹਰ ਲਿਆਂਵਦੇ ਸਨ
ਦੁਖ ਰਾਹਾਂ ਦੇ ਏਡ ਉਠਾਂਵੰਦੇ ਸਨ, ਨਹੀਂ ਦਰਸ਼ਨੋਂ ਚਿਤ ਭਵਾਂਵਦੇ ਸਨ
ਬੰਨ੍ਹ ਬੰਨ੍ਹ ਟੋਲੇ ਗੁਰ ਭਾਈ ਰਲਕੇ, ਸਦਾ ਆਂਵਦੇ ਖੁਸ਼ੀ ਮਨਾਂਵਦੇ ਸਨ
ਚੀਜ਼ਾਂ ਚੁਕ ਕੇ ਚੰਗੀਆਂ ਸਿਰਾਂ ਉਤੇ, ਸੈ ਕੋਹਾਂ ਤੇ ਲਿਆ ਚੜ੍ਹਾਂਵਦੇ ਸਨ
ਦੀਪਮਾਲਾ, ਵਸਾਖੀ ਦੇ ਮੇਲੇ ਉਤੇ, ਘਟਾਂ ਵਾਂਗ ਚੁਫੇਰਿਓਂ ਛਾਂਵਦੇ ਸਨ
ਸਤਿਗੁਰਾਂ ਦੇ ਚੰਦ ਸਰੂਪ ਤਾਈਂ, ਨਿਤ ਵਾਂਗ ਚਕੋਰਾ ਤਕਾਂਵਦੇ ਸਨ
ਧੰਨ ਸਿਖ ਉਹ ਧੰਨ ਕਰਤਾਰ ਸਿੰਘਾ, ਉਸ ਵੇਲੇ ਜੋ ਸਿਖੀ ਨਿਭਾਂਵਦੇ ਸਨ

ਓਸ ਵਕਤ ਦੇ ਸਿਖਾਂਦੀ ਗਲ ਕਿਹੜੀ, ਓਹਤਾਂ ਧਰਮਦਸਨ ਅਵਤਾਰ ਭਾਈ
ਸਿਖੀ ਸਿਦਕ ਭਰੋਸੇ ਦੇ ਵਿਚ ਪੂਰੇ, ਨਿਰਛਲ, ਨਿਰਕਪਟ ਵਿਚਾਰ ਭਾਈ
ਪਕਾ ਦ੍ਰਿੜ ਵਿਸ਼ਵਾਸ ਸੀ ਗੁਰੂ ਘਰ ਤੇ, ਪਕੇ ਰਖਦੇ ਸੀ ਨਿਹਚੇ ਧਾਰ ਭਾਈ
ਬਿਨਾਂ ਗੁਰੂ ਅਕਾਲ ਤੋਂ ਹੋਰ ਕਿਤੇ, ਨਾਂਹ ਭਟਕਦੇ ਕਿਸੇ ਦਵਾਰ ਭਾਈ
ਜਨਮ ਮਰਨਦੀ ਟੇਕ ਗੁਰ ਬਚਨ ਬਿਨਾਂ, ਹੋਰ ਜਾਣਦੇ ਨਹੀਂ ਸੀ ਸਾਰ ਭਾਈ
ਦਾਹਰੋਂ ਅੰਦਰੋਂ ਸੀ ਇਕੋ ਜਹੇ ਰਹਿੰਦੇ, ਸਿਧੇ ਸਾਫ ਤੇ ਨਿਰਹੰਕਾਰ ਭਾਈ
ਜਿਵੇਂ ਵਿਚਸਰਾਂ ਮੁਸਾਫਰ ਆਉਂਦੇ, ਤਿਵੇਂ ਰਹਿੰਦੇ ਸੀ ਵਿਚ ਸੰਸਾਰ ਭਾਈ
ਕਰ ਆਪਣਾ ਕੁਛ ਨ ਜਾਣਦੇ ਸਨ, ਸਭ ਗੁਰੂ ਦਾ ਬਾਗ ਪ੍ਰਵਾਰ ਭਾਈ
ਅਸੀਂ ਗੁਰੂ ਦੇ ਘਰ ਦਾ ਬਾਲ ਬਚਾ, ਧਨ ਮਾਲ ਗੁਰ ਦਾ ਘਰ ਬਾਰ ਭਾਈ
ਪਕਾ ਸਾਕ ਗੁਰਸਿਖੀ ਦਾ ਰਖਦੇ ਸਨ, ਗੁਰਸਿਖਾਂ ਦੇ ਨਾਲ ਵਿਹਾਰ ਭਾਈ
ਗੁਰਸਿਖਾਂ ਨੂੰ ਵੇਖਕੇ ਜਿਊਂਦੇ ਸਨ, ਸਮਝ ਵੀਰ ਸਕੇ ਕਰਦੇ ਪਿਆਰ ਭਾਈ
ਗੁਰਭਾਈ ਤੋਂ ਜਾਨ ਕੁਰਬਾਨ ਕਰਦੇ, ਸਾਂਝੇ ਦੁਖ ਤੇ ਸੁਖ ਸਹਾਰ ਭਾਈ
ਰਹਿੰਦੇ ਬੜੇ ਇਤਫਾਕ ਦੇ ਨਾਲ ਕਠੇ, ਭੈਣਾਂ ਭਾਈਆਂ ਵਾਂਗ ਚਿਤਾਰ ਭਾਈ
ਸਿਖ, ਸਿਖ ਦੀ ਕਰਕੇ ਟਹਿਲ ਸੇਵਾ, ਖੁਸ਼ੀ ਹੋਂਵਦੇ ਬੇ ਸ਼ੁਮਾਰ ਭਾਈ
ਇਕ ਦੂਜੇ ਨੂੰ ()ਭਾਈ ਜੀ ਆਖਦੇ ਸਨ, ਬੜਾ ਭਾ ਪਰੇਮ ਦਿਖਾਰ ਭਾਈ
ਕਠੇ ਹੋਣ ਲਈ ਜੋੜ ਮੇਲ ਕਰਦੇ; ਨਾਲੇ ਲੋਕਾਂ ਦਾ ਕਰਨ ਸੁਧਾਰ ਭਾਈ
ਕਰਨੀ ਕਹਿਨੀ ਦੇ ਸੂਰਮੇ ਹੋਂਵਦੇ ਸਨ, ਜਤੀ ਸਤੀ ਤੇ ਸਚੇ ਦਾਤਾਰ ਭਾਈ
ਬਾ ਅਮਲ ਸਾਰੇ ਸਿਖ ਹੋਂਵਦੇ ਸਨ, ਅਮਲ ਨੇਕ ਸਚੀ ਸੋਹਣੀ ਕਾਰ ਭਾਈ

---

()ਭਾਈ ਪਦ ਗੁਰਸਿਖਾਂ ਵਿਚ ਮਾਨਯੋਗ ਸ਼ਬਦ ਸੀ ਤੇ ਹਰ ਇਕ ਸਿਖ ਦੂਸਰੇ ਸਿਖਦੇ ਉਤੇ ਏਸ ਪਦ ਨੂੰ ਪਿਆਰ ਨਾਲ ਵਰਤਦਾ ਸੀ। ਅਜ ਕੱਲ ਭਾਈ ਪਦ ਸਿਰਫ ਧਰਮਸਾਲੀਆਂ, ਟੁਕੜ ਮੰਗਤਿਆਂ ਵਾਸਤੇ ਹੀ ਰਹਿ ਗਿਆ ਹੈ, ਜੇਕਰ ਕਿਸੇ ਬਖਤਾਵਰ ਨੂੰ ਭਾਈ ਜੀ ਕਰਕੇ ਬੁਲਾਇਆ ਜਾਵੇ ਤਾਂ ਉਹ ਆਪਣੀ ਵਡੀ ਹਤਕ ਸਮਝਦਾ ਹੈ। ਪਰ ਗੁਰੂ ਘਰ ਵਿਚ ਜਿਸਨੂੰ ਵਡਿਆਈ ਦੇਣੀ ਹੋਵੇ ਓਸ ਨੂੰ ਭਾਈ ਕਰਕੇ ਬੁਲਾਇਆ ਜਾਂਦਾ ਸੀ। ਯਥਾ—ਭਾਈ ਗੁਰਦਾਸ ਜੀ, ਭਾਈ ਬਾਬਾ ਬੁਢਾ ਜੀ, ਭਾਈ ਮਨੀ ਸਿੰਘ ਜੀ ਆਦਿਕ ॥

ਸ਼ੁਧ ਕੁੰਦਨੋਂ ਤੇ ਸਾਫ਼ ਸ਼ੀਸ਼ਿਓਂ ਜੀ; ਮੋਤੀ ਸੁਚੇ ਜਿਵੇਂ ਨਿਰਵਿਕਾਰ ਭਾਈ
ਚੰਦਨ; ਪਾਰਸ ਵਾਂਗ ਕਰਤਾਰ ਸਿੰਘਾ, ਜਿਨ੍ਹੂੰ ਛੋਂਹਵਦੇ ਕਰਦੇ ਪਾਰ ਭਾਈ

### ਸ੍ਰੀ ਦਸਮੇਸ਼ ਜੀ ਦਾ ਦੀਵਾਨ

ਸਤਿਗੁਰਾਂ ਦੇ ਵਿਚ ਦਰਬਾਰ ਸਦਾ, ਸ਼ੋਭਾ ਬਣੀ ਰਹਿੰਦੀਅਤਿ ਭਾਰੀ ਸੀ ਜੀ
ਗੁਰ ਸਭ ਨੂੰ ਸ਼ੁਭ ਉਪਦੇਸ਼ ਦੇਂਦੇ, ਨਿਹਚਾ ਧਾਰ ਸੁਣਦੇ ਨਰ ਨਾਰੀ ਸੀ ਜੀ
ਸ਼ਬਦ ਕੀਰਤਨ ਰਾਗ ਅਖੰਡ ਹੁੰਦਾ, ਧੁਨ ਤਾਲ ਮ੍ਰਿਦੰਗ ਦੀ ਜਾਰੀ ਸੀ ਜੀ
ਪੇਹਲੇਪੇਹਰ ਕੇਵਲਆਈਆਂਸੰਗਤਾਂਨੂੰ,ਦੇਨਾਸਤ ਉਪਦੇਸ਼ਏਹ ਧਾਰੀ ਸੀ ਜੀ
ਪੇਹਰ ਪਿਛਲੇ ਆਨ ਦੀਵਾਨ ਲਗੇ,ਔਂਦੀ ਜੋਧਿਆਂ ਦੀ ਫੇਰ ਵਾਰੀਸੀ ਜੀ
ਸਭ ਜੰਗ ਉਮੰਗ ਦੇ ਕੰਮ ਹੁੰਦੇ, ਬੀਰ ਰਸ ਦੀ ਪ੍ਰਭਾ ਨਿਆਰੀ ਸੀ ਜੀ
ਢਾਡੀ ਲਾਕੇ ਵਾਰਾਂ ਸੁਨਾਂਵਦੇ ਸਨ,ਮੁਰਦੇ ਦਿਲੀਂ ਜਾਗੇ ਜੋਸ਼ ਭਾਰੀ ਸੀ ਜੀ
ਚਰਚਾ ਹੋਂਵਦੀ ਕਦੇ ਕਵੀਸ਼ਰਾਂ ਦੀ. ਸੁਣੇ ਖੁਸ਼ ਹੋ ਕੇ ਸਭਾ ਭਾਰੀ ਸੀ ਜੀ
ਆਪੋਆਪਣੇਗੁਣਾਂ ਨੂੰ ਫੋਲਦੇ ਸਨ,ਧਮਕ ਦਮਕ ਰਸ ਨੀਤ ਨਯਾਰੀ ਸੀ ਜੀ
ਸਤਿਗੁਰਾਂ ਦੇ ਸ਼ਾਨ ਪ੍ਰਤਾਪ ਅਗੇ ਇੰਦ੍ਰ ਰਾਜ ਦੀ ਸ਼ੋਭਾ ਨਿਕਾਰੀ ਸੀ ਜੀ
ਗਯਾਨ ਰੂਪ ਧਰ ਆਪ ਬਿਰਾਜ ਰਹੇ ਸੰਗਤ ਦੇਵਤੇ ਰੂਪ ਵਿਚਾਰੀ ਸੀ ਜੀ
ਧੰਨਯਉਹਨਾਂ ਦੇ ਭਾਗ ਕਰਤਾਰਸਿੰਘਾ,ਸ਼ੋਭਾਅਖੀਂਡਿਠੀ ਜਿਨ੍ਹਾਂਸਾਰੀ ਸੀ ਜੀ

### ਹੰਸ ਰਾਜ ਆਦਿ ਕਵੀਸ਼ਰਾਂ ਦਾ ਪ੍ਰਸ਼ਨ

ਇਕ ਦਿਨ ਦਰਬਾਰ ਦੇ ਵਿਚ ਬੈਠੇ ਏਹ ਕਵੀਸ਼ਰਾਂ ਪ੍ਰਸ਼ਨ ਉਠਾਯਾ ਏ
ਸਤਿਗੁਰੂ ਜੀ ਅਸਾਂ ਨੂੰ ਭਰੱਮ ਭਾਰਾ ਇਹ ਜੋ ਤੁਸਾਂ ਨੇ ਉਚਰ ਸੁਨਾਯਾ ਏ
ਯਥਾ :-ਸਾਧ ਕਰਮ ਜੋ ਪੁਰਖ ਕਮਾਵੈਂ ਨਾਮ ਦੇਵਤਾ ਜਗਤ ਕਹਾਵੈਂ ॥
ਕੁਕ੍ਰਤ ਕਰਮ ਜੋ ਜਗ ਮਹਿ ਕਰ ਹੀਂ ਨਾਮ ਅਸੁਰ ਤਿਨਕੋ ਜਗ ਕਰਹੀਂ ॥
ਭਲੇ ਪੁਰਖ ਦਾ ਨਾਮ ਹੀ ਦੇਵਤਾ ਹੈ ਭਲਾ ਜਿਸ ਨੇ ਕਰਮ ਕਮਾਯਾ ਏ
ਹੋਰ ਦੇਵਤੇ ਕਿਤੇ ਨ ਵਖਰੇ ਨੇ ਏਸ ਗਲ ਨੇ ਚਿਤ ਭਰਮਾਯਾ ਏ
ਪੰਜ ਭੂਤਕੀ ਦੇਹ ਨ ਦੇਵਤਾ ਹੋਏ ਮਲ ਮੂਤ ਇਸ ਨੇ ਗੰਦ ਚਾਯਾ ਏ

ਸ਼ੁੱਧ ਅਮਰ ਸਰੂਪ ਹੈ ਦੇਉਤਿਆਂ ਦਾ ਏਹ ਵਿਚ ਪੁਰਾਨਾਂ ਦੇ ਗਾਯਾ ਏ
ਬੰਦਾ ਗੰਦਾ ਨ ਦੇਵਤਾ ਹੋ ਸਕੇ ਏਹਦੇ ਵਿਚ ਮਲ ਮੂਤ ਤੇ ਮਾਯਾ ਏ
ਉਤਮ ਦੇਵਤਾ ਦੇਹ ਕਰਤਾਰ ਸਿੰਘਾ ਮਧਮ ਏਹ ਇਨਸਾਨ ਲਿਖਾਯਾ ਏ

ਸ੍ਰੀ ਦਸਮੇਸ਼ ਜੀ ਨੇ ਉੱਤਰ ਦੇਣਾ ਕਵੀਸਰਾਂ ਨੂੰ

ਸੁਣੋ ਪੰਡਿਤੋ ਏਹ ਹੈ ਭਰਮ ਤੁਹਾਨੂੰ, ਹੋਰ ਵਖਰੇ ਦੇਵ ਨ ਜਾਨੀਏ ਜੀ
ਭਲੇ ਕਰਮ ਕੀਤੇ ਜਿਨ੍ਹਾਂ ਦੇਵਤੇ ਓਹ ਜਿਨ੍ਹਾਂ ਬੁਰੇ ਕੀਤੇ ਅਸੁਰ ਮਾਨੀਏ ਜੀ
ਕੁੰਭਕਾਨ, ਭਬੀਖਨ ਰਾਉਣ ਤਿੰਨੇ, ਇਕ ਬਾਪ ਦੇ ਪੁਤ ਪਰਮਾਨੀਏਂ ਜੀ
ਇਕ ਦੇਵਤਾ ਤੇ ਦੋ ਅਸੁਰ ਲਿਖੇ, ਹੋ ਸਕਦਾ ਹੈ? ਪਹਿਚਾਨੀਏਂ ਜੀ
ਪਿਓ, ਪੁਤ ਪ੍ਰਹਿਲਾਦ ਤੇ ਹਰਿਨਾਕਸ਼, ਪਿਓ ਦੈਂਤ, ਪੁਤ੍ਰ ਦੇਵ ਮਾਨੀਏਂ ਜੀ
ਪੁਤ੍ਰ ਦੈਂਤ ਦਾ ਦੇਵਤਾ ਕਿਵੇਂ ਬਣਿਆ, ਜ਼ਰਾ ਹੋਸ਼ ਟਿਕਾਣੇ ਸਿਰਆਨੀਏਂ ਜੀ
ਭਲੇ ਪੁਰਸ਼ਾਂ ਨੂੰ ਦੇਵਤੇ ਜਗ ਕਹਯਾ, ਰਾਮਕ੍ਰਿਸ਼ਨ ਆਦਿਕ ਜੋਮਹਾਨੀਏਂ ਜੀ
ਭਲੇ ਬੁਰੇ ਹੀ ਕਰਮ ਕਰਤਾਰ ਸਿੰਘਾ, ਦੇਵ ਅਸਰ ਬਨਾਂਵਦੇ ਭਾਨੀਏਂ ਜੀ

ਕਵੀਸਰ

ਲਿਖੀਆਂ ਵਿਚ ਪੁਰਾਨਾਂ ਅਨੇਕ ਕਥਾ, ਬੇਦ ਭੇਦ ਅਨੇਕ ਉਚਾਰ ਦੇ ਨੇ
ਹੈਨ ਰਬ ਦੇ ਦੇਵਤੇ ਨਿਕਟ ਵਰਤੀ, ਦੇਵ ਲੋਕ ਦੇ ਵਿਚ ਵਿਹਾਰ ਦੇ ਨੇ
ਵੇਦਾਂ ਵਿਚ ਮੰਤ੍ਰ ਭਰੇ ਪਏ ਸਾਰੇ, ਵਖੋ ਵਖਰੇ ਨਾਮ ਪੁਕਾਰ ਦੇ ਨੇ
ਲੋਕ ਮੁਢੋਂ ਹੀ ਦੇਂਵਦੇ ਆਏ ਬਲੀਆਂ; ਹੋਮ ਯਗ ਅਨੇਕ ਪ੍ਰਕਾਰ ਦੇ ਨੇ
ਪੁਰਸ਼ ਦੇਵਤਾ ਦੀ ਪੂਜਾ ਕਰੇ ਜੇਹੜਾ, ਕਾਜ ਹੋਰ ਪ੍ਰਤਖ ਸਵਾਰਦੇ ਨੇ
ਸਚ ਦੇਵਤੇ ਹੈਨ ਕਰਤਾਰ ਸਿੰਘਾ, ਲੋਕ ਮੰਨਦੇ ਆਏ ਸੰਸਾਰ ਦੇ ਨੇ

ਸ੍ਰੀ ਦਸਮੇਸ਼ ਜੀ

ਲਿਖੇ ਚਤੁਰ ਪੁਰਸ਼ਾਂ ਦੇ ਸਾਰੇ ਵੇਦਮੰਤ੍ਰ ਮਤਲਬ ਆਪਣੇ ਦੇ ਮਾਰ ਢੰਗ ਲਏ
ਧੋਖੇ ਦੇ ਬਨਾਉਟੀ ਦੇਉਤਿਆਂ ਦੇ, ਲੁਟ ਲੋਕਾਂ ਨੂੰ ਹਥ ਸੋ ਰੰਗ ਲਏ
ਖੁਸ਼ੀ ਹੋ ਦੇਉਤੇ ਏਹ ਵਰ ਦੇਂਦੇ, ਜੋੜ ਸੋ ਢਕਵੰਜ ਨਸੰਗ ਲਏ

ਚਤੁਰ ਬਾਹਮਨਾਂ ਦੇ ਸਾਰੇ ਏਹ ਹੀਲੇ, ਜਾਲ ਲਾ ਫਸਾ ਕੁਰੰਗ ਲਏ
ਥਾਪ ਦੇਵਤੇ ਆਪ ਬਣ ਗਏ ਆਗੂ, ਦੁਨੀਆ ਦਾਰ ਸੋ ਫਸ ਕੁਢੰਗ ਗਏ
ਵਹਿਮਾਂ ਵਿਚ ਫਸਾਕੇ ਜਗ ਤਾਈਂ, ਭਗਤੀ ਗਿਆਨ ਤਾਈਂ ਕਰ ਭੰਗ ਗਏ
ਮਰ ਗਿਆਂ ਦੇ ਜੋੜ ਕੇ ਜੋੜ ਲੰਮੇ, ਦੇਉਤੇ ਰਬ ਬਨਾ ਕੇ ਟੰਗ ਗਏ
ਪਾਜਾ ਭੇਦ ਨ ਕਿਸੇ ਕਰਤਾਰ ਸਿੰਘਾ, ਅਸੀਂ ਵੇਖ ਕੇ ਹਾਲ, ਹੋ ਦੰਗ ਗਏ

ਤਥਾ

ਜਿਹੜੇ ਦੇਵਤੇ ਵਿਚ ਪੁਰਾਨਾਂ ਲਿਖੇ, ਨਿਗਾ ਉਨ੍ਹਾਂ ਦੇ ਹਾਲਾਂ ਤੇ ਮਾਰ ਦੇਖੋ
ਓਹ ਦੇਵਤੇ ਬਨਣ ਕਿ ਹੋਰ ਕੁਝ ਹੀ, ਤੁਸੀਂ ਹੋ ਦਾਨਾ ਵਿਚਾਰ ਦੇਖੋ
ਸਾਰੇ ਦੇਉਤਿਆਂ ਦਾ ਵਡਾ ਹੈ ਇੰਦਰ, ਫੋਲ ਓਸਦੇ ਸਭ ਵਿਚਾਰ ਦੇਖੋ
ਨਾਚ ਰੰਗ, ਤੇ ਭੋਗ ਦੇ ਬਿਨਾਂ ਦਸੋ, ਹੋਰ ਓਸ ਦੀ ਸੀ ਕੋਹੜੀ [illegible] ਦੇਖੋ
ਕੀਤੀ ਕੀਹ ਕਰਤੂਤ ਘਰ ਗੋਤਮੇ ਦੇ ਸਾਖੀ ਹੈ ਮਸ਼ਹੂਰ ਸੰਸਾ[illegible] ਦੇਖੋ
ਫੇਰ ਚੰਦ੍ਰਮਾਂ ਦੇ ਫੋਲੇ ਫੋਲਧੇ ਜਾ, ਭੋਗੀ ਓਸ ਨੇ ਗੁਰੂ ਦੀ [illegible] ਦੇਖੋ
ਯੋਧਾ ਬੁਧ ਓਹਦੇ ਵਿਚੋਂ ਸੀ ਪੈਦਾ, ਕੀਤਾ ਦੇਉਤਿਆਂ ਵਿਚ ਸੁ[illegible] ਦੇਖੋ
ਵਿਸ਼ਨ ਨਾਲ *ਬਿੰਦ੍ਰਾ ਦੇ ਕੀਹ ਕੀਤਾ, ਗੁਝੀ ਨਹੀਂ ਕਰਤੂਤ ਏਹ ਸਾਰ ਦੇਖੋ
ਸ਼ਿਵ ਮੋਹਣੀ ਰੂਪ ਦੇ ਮਗਰ ਲਗਾ, ਕਾਮ ਵਸ ਹੋ ਸ਼ਰਮ ਵਿਸਾਰ ਦੇਖੋ
ਏਹ ਪੰਡਿਤੋ ਕੰਮ ਨਾ ਦੇਵਤਿਆਂ ਦੇ, ਜ਼ਰਾ ਸੋਚ ਕੇ ਬੁਧ ਅਨੁਸਾਰ ਦੇਖੋ
ਨਿਰਮਲ ਕਰਮ ਓਸਦੇ ਓਹੋ ਦੇਵਤਾ ਹੈ, ਅਜ ਤਕ ਹੋਏ ਬੇ ਸ਼ੁਮਾਰ ਦੇਖੋ
ਭਾਰਤਵ੍ਰਸ਼ ਦੇ ਵਿਚ ਕਰਤਾਰ ਸਿੰਘਾ, ਕੁਝ ਨਹੀਂ ਅੰਤ੍ਰਿ ਯਾ ਪਾਰਾਵਾਰ ਦੇਖੋ

ਤਥਾ

ਨਾਮ ਜਿਨ੍ਹਾਂ ਦੇ ਵਿਚ ਪੁਰਾਨਾਂ ਲਿਖੇ, ਸਮੇਂ ਸਮੇਂ ਸਿਰ ਹੋ ਸਿਧਾਰ ਗਏ
ਵਿਚੋਂ ਪੁਰਸ਼ਾਂ ਦਿਓ ਚੰਗੇ ਪੁਰਸ਼ ਹੋਏ, ਕੁਝ ਕਰ ਦਿਖਾਲ ਸੰਸਾਰ ਗਏ

---

*ਬਿੰਦ੍ਰਾ ਜਾਲੰਧਰ ਦੈਂਤ ਦੀ ਤੀਵੀਂ ਦਾ ਨਾਮ ਸੀ, ਪੁਰਾਨਾਂ ਵਿਚ ਲਿਖਿਆ ਹੈ ਬ੍ਰਿਸ਼ਨੂੰ ਨੇ ਜਾਲੰਧਰ ਦੀ ਰੂਪ ਧਾਰ ਕੇ ਓਸ ਦਾ ਸਤ ਖਰਾਬ ਕੀਤਾ ਸੀ।

ਲਿਖਨ ਵਾਲਾ ਜੋ ਆਪਣੀ ਨਾਲ ਮਰਜ਼ੀ,ਓਹਨਾਂਵਾਸਤੇਲਿਖ ਵਿਚਾਰ ਗਏ
ਬੁਰਿਆਂ ਪਾਪੀਆਂ ਨੂੰ ਲਿਖ ਗਏ ਰਾਕਸ਼, ਭਲੇ ਲਗੇ ਸੋ ਦੇਵ ਉਚਾਰ ਗਏ
ਓਹੋ ਦੇਵਤੇ ਰਾਕਸ਼ ਚਲੇ ਆਉਂਦੇ, ਭਲੀ ਬੁਰੀ ਓਹ ਆਪ ਗੁਜ਼ਾਰ ਗਏ
ਨਾਮ ਉਨ੍ਹਾਂ ਦੇ ਪਿਛੇ ਕਰਤਾਰ ਸਿੰਘਾ, ਟੁਰ ਕੇਈਆਂ ਦੇ ਰੁਜ਼ਗਾਰ ਗਏ

ਕਵੀਸ਼ਰ

ਭਲਾ ਗੁਰੂ ਜੀ ਏਹ ਤਾਂ ਏਵੇਂ ਹੋਸਨ, ਜਿਵੇਂ ਆਪ ਨੇ ਹੈ ਸੁਨਾਯਾ ਜੀ
ਕਲਯੁਗ ਦੇ ਵਿਚ ਪ੍ਰਤਖ ਦੇਊਤਾ, ਦੁਰਗਾ ਮਹਾਰਾਣੀ ਆਦਿ ਆਯਾ ਜੀ
ਜੋਤ ਇਸ ਦੀ ਇਕ ਪ੍ਰਤਖ ਜਾਗੇ, ਜ਼ਾਹਰ ਆਪਣਾ ਆਪ ਦਿਖਾਯਾ ਜੀ
ਹੋਰ ਦੇਊਤਿਆਂ ਨੇ ਕਲੂਕਾਲ ਅੰਦਰ ਹੈ ਆਪਨਾ ਆਪ ਛਪਾਯਾ ਜੀ
ਦੁਰਗਾ ਆਦਿ ਭਵਾਨੀ ਪ੍ਰਤਖ ਸਦਾ, ਜਿਸ ਸੁੰਭ ਨਿਸੁੰਭ ਖਪਾਯਾ ਜੀ
ਮਹਿਖੇ ਦੈਂਤ ਨੂੰ ਮਾਰਕੇ ਆਦਿ ਸ਼ਕਤੀ, ਇੰਦ੍ਰ ਰਾਜੇ ਨੂੰ ਰਾਜ ਦਿਵਾਯਾ ਜੀ
ਜਿਨ੍ਹਾਂ ਭਗਵਤੀ ਤਈਂ ਪ੍ਰਤਖ ਕੀਤਾ ਮੂੰਹੋਂ ਮੰਗਿਆ ਜੋ ਵਰ ਪਾਯਾ ਜੀ
ਅਰਜਨ, ਭੀਮ ਨੇ ਸੀ ਪ੍ਰਤਖ ਕੀਤੀ, ਮਹਾਂਬਲੀ ਓਹਨਾਂ ਅਖਵਾਯਾ ਜੀ
ਮਹਾਂ ਭਾਰਤ ਵਿਚ ਨਾ ਗਏ ਜਿਤੇ, ਸੀ ਦੇਵੀ ਮਹਾਰਾਣੀ ਦੀ ਦਾਯਾ ਜੀ
ਹੋਈ ਜਿਦ੍ਹੋਂ ਤੇ ਦਿਆਲ ਕਰਤਾਰ ਸਿੰਘਾ, ਓਹਨੂੰ ਪੂਰਨ ਪੁਰਖ ਬਨਾਯਾ ਜੀ

ਤਥਾ

ਅੰਗ ਸੰਗ ਰਹੀ ਸਦਾ ਸੇਵਕਾਂ ਦੇ, ਦੁਸਟਾਂ ਪਾਪੀਆਂ ਨੂੰ ਸਦਾ ਮਾਰਦੀ ਰਹੀ
ਸਤਿਯੁਗ ਦੁਆਪਰ ਵਿਚ ਤ੍ਰੇਤੇ, ਜੋ ਧਿਆਉਂਦਾ ਕਾਜ ਸਵਾਰਦੀ ਰਹੀ
ਦੈਂਤ ਮਾਰਕੇ ਰਾਜ ਦੇ ਦੇਊਤਿਆਂ ਨੂੰ, ਸਦਾ ਧਰਤ ਦੇ ਭਾਰ ਉਤਾਰਦੀ ਰਹੀ
ਜੋਤ ਜਾਗਦੀ ਜ਼ਾਹਰ ਕਰਤਾਰ ਸਿੰਘਾ, ਸ਼ਕਤ ਜ਼ਾਹਰ ਪ੍ਰਤਖਦਖਾਰਦੀ ਰਹੀ

ਸ੍ਰੀ ਦਸਮੇਸ਼ ਜੀ

ਮੁਸਲਮਾਨਾਂ ਨੇ ਹਿੰਦ ਦਾ ਨਸ਼ਟ ਕੀਤਾ, ਕਿਸੇ ਦੇਵਤੇ ਆਨ ਬਚਾਯਾ ਨਹੀਂ
ਮੰਦਰ ਢਾਹ ਮਸੀਤਾਂ ਉਸਾਰ ਲਈਆਂ, ਕਰਾਮਾਤ ਨੂੰ ਕਿਸੇ ਦਿਖਾਯਾ ਨਹੀਂ

ਵੇਖ ਹਿੰਦੂਆਂ ਦੀ ਦੁਰਦਸ਼ਾ ਹੁੰਦੀ ਦੇਵੀ ਦੇਉਤੇ ਨੂੰ ਤਰਸ ਆਯਾ ਨਹੀਂ
ਕਿਥੇ ਗਏ ਤੇ ਕਿਹੜੇ ਪਹਾੜ ਛਪੇ, ਯਾਂ ਤੇ ਕਿਸੇ ਨੇ ਜਾ ਸੁਨਾਯਾ ਨਹੀਂ
ਛਡ ਸ਼ੇਰ ਨੂੰ ਦੇਵੀ ਭੀ ਛਪ ਬੈਠੀ, ਖੰਡਾ ਉਸ ਭੀ ਆ ਚਮਕਾਯਾ ਨਹੀਂ
ਅਸਲ ਦੇਵੀ ਜੋ ਦੇਗ ਕਰਤਾਰ ਸਿੰਘਾ, ਉਹ ਰੁਠੀ ਨੂੰ ਕਿਸੇ ਮਨਾਯਾ ਨਹੀਂ

ਪੰਡਿਤ ਤੇ ਕਵੀਸ਼ਰ

ਹੈ ਦੇਵਤਾ ਸਦਾ ਪ੍ਰਤਖ ਗੁਰ ਜੀ, ਕੋਈ ਰਿਹਾ ਨਹੀਂ ਅਜਮਾਉਣ ਵਾਲਾ
ਕਲਯੁਗ ਦੀ ਕਾਰ ਹੈ ਬਹੁਤ ਔਖੀ, ਕੋਈ ਨਜ਼ਰ ਨ ਆਵੇ ਨਿਭਾਉਨ ਵਾਲਾ
ਕੋਈ ਹੋਏ ਜਤੀ ਸਤੀ ਪੁੰਨ ਅਰਥੀ, ਰਿਦੇ ਤਈਂ ਨ ਮੂਲ ਡੁਲਾਉਨ ਵਾਲਾ
ਓਹ ਕਰੇ ਅਰਾਧਨਾ ਸਿਦਕ ਧਰਕੇ, ਹੋਵੇ ਕਾਜ ਨੂੰ ਤੋੜ ਚੜ੍ਹਾਉਨ ਵਾਲਾ
ਸਰਫ਼ਾ ਕਰੇ ਨ ਖ਼ਰਚ ਦਾ ਹੋਮ ਉਤੇ, ਏਡਾ ਹੌਸਲਾ ਹੋਵੇ ਰਖਾਉਨ ਵਾਲਾ
ਅਜ ਦੇਸ਼ ਦੇ ਵਿਚ ਕਰਤਾਰ ਸਿੰਘਾ, ਕੋਈ ਲਭੇ ਨਾ ਇਉਂ ਕਰਾਉਨ ਵਾਲਾ

ਤਥਾ

ਕੇਸ਼ੋਦਾਸ ਕਾਲੀਦਾਸ ਜੇਹਾ ਪੰਡਤ, ਪੂਰਨ ਬਿਧੀ ਸਿਉਂ ਹਵਨ ਕਰਾਏ ਗੁਰ ਜੀ
ਦਾਤਾ ਆਪ ਜਿਹਾ ਕੋਈ ਪੁਰਖ ਪੂਰਨ, ਏਸ ਕੰਮ ਤਈਂ ਹਥ ਪਾਏ ਗੁਰ ਜੀ
ਜਿੰਨਾ ਹੋਵੇ ਰੁਪਯਾ ਸੋ ਖ਼ਰਚ ਕਰੇ, ਜਿਵੇਂ ਕਹਿਨ ਪੰਡਿਤ ਸੋ ਬਜਾਏ ਗੁਰ ਜੀ
ਬ੍ਰਹਮਚਰਜ ਤਾਈਂ ਧਾਰ ਹਵਨ ਕਰੇ, ਅਤੇ ਹੌਸਲਾ ਮੂਲ ਨ ਢਾਹੇ ਗੁਰ ਜੀ
ਫੇਰ ਕਿਉਂ ਨ ਦੇਵੀ ਪਰਤਖ ਹੋਵੇ, ਅਸੀਂ ਆਖਦੇ ਸਚ ਸੁਨਾਏ ਗੁਰ ਜੀ
ਪਰ ਔਖਾ ਏਹ ਕੰਮ ਕ੍ਰਤਾਰ ਸਿੰਘਾ, ਕਰਨ ਵਾਲਾ ਕੋਈ ਨ ਦਿਸ੍ਹ ਆਏ ਗੁਰ ਜੀ

ਸ੍ਰੀ ਦਸਮੇਸ਼ ਜੀ

ਏਹ ਭੀ ਪਾਜ ਤੁਹਾਡਾ ਨ ਰਹੇ ਬਨਯਾ; ਏਸ ਬੀੜੇ ਤਾਈਂ ਅਸੀਂ ਚਾਵਨੇ ਹਾਂ
ਤੁਸੀਂ ਸਦ ਲਵੋ ਓਹਨਾਂ ਪੰਡਿਤਾਂ ਨੂੰ, ਜਿੰਨੀ ਲਗੇ ਮਾਯਾ ਅਸੀਂ ਲਾਵਨੇ ਹਾਂ
ਜਿਵੇਂ ਕਹਿਨਗੇ ਕਰਾਂਗੇ ਓਸੇ ਤਰ੍ਹਾਂ, ਇਹ ਭੀ ਗਪ ਤੁਹਾਡੀ ਅਜਮਾਵਨੇ ਹਾਂ
ਦੇਵੀ ਹੋਵੇ ਪ੍ਰਤਖ ਕਰਤਾਰ ਸਿੰਘਾ, ਕਲੂ ਕਾਲ ਅੰਦਰ ਅਸੀਂ ਚਾਹਵਨੇ ਹਾਂ

ਵਾਕ ਕਵੀ

ਭਾਵੇਂ ਗੁਰੂਜੀ ਭੇਦ ਨੂੰ ਜਾਣਦੇ ਸਨ, 'ਦੇਵੀ' ਇਸਤ੍ਰੀ ਕੋਈ ਧਰਮਵਾਨ ਹੋਈ
ਸੰਮੀ ਰਾਨੀ ਈਰਾਨ ਦੀ ਸ਼ਾਹਜ਼ਾਦੀ, ਬੜੀ ਚਤੁ ਮਸ਼ਹੂਰ ਬਲਵਾਨ ਹੋਈ
ਉਸ ਆਣ ਪਹਾੜਾਂ ਨੂੰ ਜਿਤਿਆ ਸੀ, ਜਬਰਦਸਤ ਵਡੀ ਬੁਧੀਮਾਨ ਹੋਈ
ਓਹਨੂੰ ਰਾਣੀ ਪਹਾੜਾਂਦੀ ਲੋਕ ਕਹਿੰਦੇ, ਓਹ ਪਹਾੜਾਂਵਾਲੀ ਜ਼ਾਹਰਆਨ ਹੋਈ
ਖਬਰ ਓਸੇ ਨੂੰ ਹੀ ਦੇਵੀ ਲਿਖ ਦਿਤਾ, ਕਥਾ ਓਸੇ ਦੀ ਪ੍ਰਗਟ ਜਹਾਨ ਹੋਈ
ਲੜਦੀ ਰਹੀ ਹਿਠਾੜ ਦੇ ਰਾਜਿਆਂ ਸੋਂ, ਫਤਾਯਾਬ ਸੀ ਵਿਚ ਮੈਦਾਨ ਹੋਈ
ਯਾਂ ਕੋਈ ਹੋਰ ਹੋਸੀ ਬੇਟੀ ਕਿਸੇ ਦੀ ਦੀ, ਪੁਰਖਾਰਥ ਵਿਚ ਮਹਾਨ ਹੋਈ
ਹੋਵੇ ਓਸੇ ਨੇ ਮਾਰਿਆ ਵੈਰੀਆਂ ਨੂੰ, ਸੁੰਦਰ ਰੂਪ ਅਨੂਪ ਸੁਜਾਨ ਹੋਈ
ਓਹਦੀ ਕਥਾ ਦਿਤੀ ਲਿਖ ਕਵੀ ਕਿਸੇ, ਮਾਰਕੰਡੇ ਵਿਚ ਪਦਮ ਪੁਰਾਨ ਹੋਈ
ਅਜ ਓਹੋ ਪ੍ਰਸਿਧ ਕਰਤਾਰ ਸਿੰਘਾ, ਦੁਰਗਾ ਆਦ ਕਵਾਰੀ ਵਖਯਾਨ ਹੋਈ

ਤਥਾ

ਜਿਵੇਂ ਧਰਮੀਆਂਨੂੰ ਲਿਖਿਆਂ ਦੇਵਤੇਹੈ, ਕਥਾ ਓਨ੍ਹਾਂਦੀਆਂ ਅਜ ਜ਼ਾਹਰੀਆਂ ਨੇ
ਤਿਵੇਂ ਤੀਵੀਆਂ ਲਿਖਿਆਂ ਦੇਵੀਆਂ ਕਰ, ਦੇਸ ਵਿਚ ਦੁਰਗਾ ਬੇਸ਼ੁਮਾਰੀਆਂ ਨੇ
ਭੱਦ੍ਰਕਾਲੀ ਤੇ ਅੰਬਕਾਂ, ਤੋਤਲਾ ਜੀ ਜਵਾਲਾ, ਵੈਸ਼ਨੋ ਕਰ ਪੁਕਾਰੀਆਂ ਨੇ
ਹਿੰਗਲਾਜ, ਕੁਮੱਖਯਾ, ਨੈਨਾਂ ਦੇਵੀ, ਅਸ਼ਟਭੁਜੀ ਦੋ ਭੁਜੀ ਚਿਤਾਰੀਆਂ ਨੇ
ਗਿਣਾਂ ਕਿੰਨੀਆਂ ਕੁ ਜਾਣੇ ਦੇਸ ਸਾਰਾ, ਮੰਦਰ ਸੈਂਕੜੇ ਰਚੇ ਪੁਜਾਰੀਆਂ ਨੇ
ਕੋਈ ਮਹੋਂਖਾਨੀ ਕੋਈ ਬਕ੍ਰੇ ਜੀ, ਕਈ ਪੇੜੇ ਕੜਾਹਾਂ ਦੀਆਂ ਪਯਾਰੀਆਂ ਨੇ
ਇਕਹੁੰਦੀ ਤੇਹੇਂਵਦਾਨਾਮ ਇਕੋ, ਹੋਈਆਂ ਸਾਰੀਆਂ ਨਯਾਰੀਆਂ ਨਯਾਰੀਆਂ ਨੇ

---

*ਏਹ ਸੰਮੀ ਰਾਣੀ ਈਰਾਨ ਦੀ ਸ਼ਾਹਜ਼ਾਦੀ ਹੋਈ ਹੈ ਤੇ ਇਸੇ ਨੂੰ ਲੋਕ ਸੰਮੀ ਰਾਮਾ ਭੀ ਆਖਦੇ ਸਨ, ਏਹ ੬੬੫ ਈਸਵੀ ਤੋਂ ਪਹਿਲਾ ਹਿੰਦੁਸਤਾਨ ਦੇ ਉਤਰੀ ਪਹਾੜਾਂ ਤੇ ਆਣ ਕੇ ਕਾਬਜ਼ ਹੋਈ ਸੀ। ਸੁੰਭ ਨਸੁੰਭ ਤੋਂ ਮਹਿਖਾ ਏਹ ਹਿਠਾੜ ਰਾਜੇ ਹੋਏ ਹਨ, ਏਹਨਾਂ ਨਾਲ ਬਹੁਤ ਚਿਰ ਲੜਦੀ ਰਹੀ, ਪਹਾੜਾਂ ਦੀ ਹਾਕਮ ਹੋਣ ਕਰਕੇ ਇਸ ਨੂੰ ਲੋਕ ਪਹਾੜਾਂ ਵਾਲੀ ਰਾਣੀ ਆਖਦੇ ਸਨ। ਕੀਹ ਪਤਾ ਇਸੇ ਦੀ ਕਿਸੇ ਕਵੀ ਨੇ ਜੰਗ ਲਿਖ ਕੇ ਚੰਡੀ ਚਰਿਤ੍ਰ ਬਣਾ ਦਿਤਾ ਹੋਵੇ।

ਏਥੋਂ ਸਾਬਤ ਹੋਯਾ ਧਰਮੀ ਤੀਵੀਆਂ ਇਹ, ਬਲਵਾਨ ਹੋਈਆਂ ਸ਼ਕਤੀਵਾਰੀਆਂ ਨੇ
ਹੋਰ ਉਨ੍ਹਾਂ ਤੋਂ ਬਿਨਾਂ ਕੋਈ ਨਹੀਂ ਦੇਵੀ, ਅਸਾਂ ਲੰਮੀਆਂ ਸੋਚਾ ਵਿਚਾਰੀਆਂ ਨੇ
ਦਿਨ ਅਪਨੇ ਕਟ ਕਰਤਾਰ ਸਿੰਘਾ, ਗਈਆਂ ਮਰ ਵਿਚਾਰੀਆਂ ਸਾਰੀਆਂ ਨੇ

ਤਥਾ

ਪਾਰਬਤੀ ਸੀਤਾ ਲਖਮੀ ਦ੍ਰੋਪਤੀ ਜੋ, ਏਹੋ ਦੇਵੀਆਂ ਕਰੋ ਵਿਚਾਰ ਪਯਾਰੇ
ਜਿਨ੍ਹਾਂ ਪਤੀਬ੍ਰਤਾ ਧਰਮ ਪਾਲਿਆ ਹੈ, ਓਹੋ ਪੂਜਨੇ ਯੋਗ ਸ਼ੁਮਾਰ ਪਯਾਰੇ
ਸਾਡੇ ਦੇਸ਼ ਦੇ ਵਿਚ ਅਨੇਕ ਹੋਈਆਂ, ਹਰ ਮਜ਼੍ਹਬ ਹਰ ਕੌਮ ਵਿਚਧਾਰ ਪਯਾਰੇ
ਸਿਖ ਪੰਥ ਵਿਚ ਸੁੰਦਰੀ ਮਾਈ ਭਾਗੋ, ਬੀਬੀ ਵੀਰੋ ਭਾਨੀ ਆਦਸਾਰ ਪਯਾਰੇ
ਰਾਜਿੰਦ੍ਰ ਕੌਰ ਪਟਯਾਲੇ ਦੇ ਘਰ ਵਿਚੋਂ, ਹੋਈ ਹੈ ਦੇਵੀ ਨਜ਼ਰ ਮਾਰ ਪਯਾਰੇ
ਨਿਤ ਵਿਚ ਜੰਗਾਂ ਮੋਹਰੇ ਰਹੀ ਲੜਦੀ, ਦੁਸ਼ਟ ਕਈ ਮਾਰੇ ਕਰ ਖ਼ਾਰ ਪਯਾਰੇ
ਓਹ ਦੇਵੀਆਂ ਸਮਝ ਕਰਤਾਰ ਸਿੰਘਾ, ਧਰਮ ਪਾਲ ਗਈਆਂ ਸੰਸਾਰ ਪਯਾਰੇ

ਵਾਕ ਕਵੀ

ਏਸ ਗਲ ਨੂੰ ਗੁਜ਼ਰ ਗਏ ਛੇ ਮਹੀਨੇ, ਸਤਿਗੁਰਾਂ ਨੇ ਚੋਜ ਦਿਖਾਏ ਕਈ
ਸਤਿਨਾਮ ਦੇ ਸਤ ਉਪਦੇਸ਼ ਦੇ ਕਰ, ਭਵ ਸਾਗਰੋਂ ਪਾਰ ਲੰਘਾਏ ਕਈ
ਏਹਨਾਂ ਦਿਨਾਂ ਦੇ ਵਿਚ ਕਵੀਸ਼ਰਾਂ ਨੇ, ਨਵੇਂ ਗ੍ਰੰਥ ਭਾਸ਼ਾ ਉਲਟਾਏ ਕਈ
ਰਾਜਨੀਤ ਭਗਤੀ ਬੀਰ ਰਸ ਵਾਲੇ, ਸਤਿਗੁਰਾਂ ਪੁਸਤਕ ਰਚਵਾਏ ਕਈ
ਦਾਰੂ ਸਿਕੇ ਹਥਯਾਰ ਭੀ ਜਮ੍ਹਾਂ ਕੀਤੇ, ਆਏ ਸੂਰਮੇ ਪਾਸ ਰਖਾਏ ਕਈ
ਆਉਣ ਵਾਲੇ ਸਮੇਂ ਦੇ ਕਰਤਾਰ ਸਿੰਘਾ, ਗੁਰਾਂ ਸਾਜ਼ ਸਮਾਨ ਬਨਵਾਏ ਕਈ

*ਕੇਸ਼ਵ ਪੰਡਿਤ ਦਾ ਆਉਣਾ

ਸਾਮੀ ਲਭ ਪਦਾਰਥ ਵਾਲੀ ਗਈ, ਰਲ ਪੰਡਿਤਾਂ ਏਹ ਠਹਰਾਯਾ ਜੀ
ਦੇਵੀ ਪ੍ਰਗਟ ਕਰਾਉਨ ਦਾ ਪਜ ਲਾਕੇ, ਲੁਟ ਖਾਂਗੇ ਬਹੁਤ ਹੀ ਮਾਯਾ ਜੀ

---

*ਕੇਸ਼ੋਦਾਸ ਸੰਸਕ੍ਰਿਤ ਭਾਸ਼ਾ ਦਾ ਵਡਾ ਪੰਡਿਤ ਹੋਯਾ ਹੈ, ਏਹ ਕਵਿਤਾ ਵਿਚ ਭੀ ਬੜਾ ਚਤੁਰ ਸੀ। ਰਾਮਚੰਦ੍ਰਕਾ, ਕਵਿਪ੍ਰਿਯਾ, ਰਸਕ ਪ੍ਰਿਯਾ ਆਦਿਕ ਏਸਦੇ ਰਚੇ ਹੋਏ ਬੜੇ ਸੁੰਦਰ ਗ੍ਰੰਥ ਹਨ।

ਪਿਛੋਂ ਕੋਈ ਅੜਾਉਣੀ ਪਾ ਕਰਕੇ ਸਚੇ ਰਹਾਂਗੇ ਪਕ ਪਕਾਯਾ ਜੀ
ਏਧਰ ਗੁਰਾਂ ਨੂੰ ਆਖਦੇ ਰੋਜ ਰਹਿੰਦੇ, ਤੇ ਮਸੰਦਾਂ ਨੂੰ ਨਾਲ ਰਲਾਯਾ ਜੀ
ਬਹੁਤੇ ਸਿਖਾਂ ਤਾਈਂ ਸਿਖਲਾ ਕਰਕੇ, ਗੁਰਾਂ ਤਾਈਂ ਕਈ ਵਾਰ ਅਖਵਾਯਾ ਜੀ
ਜਾਣੀ ਜਾਣ ਸਤਿਗੁਰ ਜੀ ਮੰਨ ਗਏ, ਖਾਸ ਹਰਫ਼ ਉਤੇ ਨੁਕਤਾ ਲਾਯਾ ਜੀ
ਨਾ ਕੋਈ ਹੈ ਦੇਵੀ ਨ ਕੋਈ ਜਾਹਰ ਹੋਣੀ, ਝੂਠਾ ਬਾਹਮਣਾਂ ਪਾਜ ਬਨਾਯਾ ਜੀ
ਲਕ ਬਾ ਮਾਰੇ ਨਿਹਚਾ ਧਰੀ ਬੈਠੇ, ਕਿਸੇ ਪਾਜ ਨ ਏਹ ਖੁਲ੍ਹਾਯਾ ਜੀ
ਚੰਗਾ ਏਹ ਭੀ ਸਾਥੋਂ ਕੰਮ ਸਰ ਜਾਵੇ, ਭੇਦ ਖੁਲ੍ਹ ਜਾਵੇ ਏਹ ਤਕਾਯਾ ਜੀ
ਜਦੋਂ ਪ੍ਰਗਟ ਨ ਹੋਵੇਗੀ ਮਹਾਂਮਾਯਾ, ਦੇਖ ਲਵੇਗਾ ਦੇਸ ਸਬਾਯਾ ਜੀ
ਝੂਠ ਸਮਝ ਕੇ ਹਟਣਗੇ ਲੋਕ ਆਪੇ, ਇਹ ਗੁਰਾਂ ਨੇ ਮੰਤ੍ਰ ਜਤਾਯਾ ਜੀ
ਉਧਰ ਲਿਖ ਚੁਪ ਕੀਤਿਆਂ ਪੰਡਿਤਾਂ ਨੇ, ਕੇਸੋਦਾਸ ਦੇ ਤਈਂ ਬੁਲਾਯਾ ਜੀ
ਓਹ ਕਾਂਸ਼ੀਓਂ ਚਲ ਕੇ ਸੈਰ ਕਰਦਾ, ਵਿਚ ਪੁਰੀ ਆਨੰਦ ਦੇ ਆਯਾ ਜੀ
ਬਾਗ ਗੁਰਾਂ ਦੇ ਆਣ ਕੇ ਲਾਯਾ ਡੇਰਾ, ਸਤਿਗੁਰਾਂ ਨੂੰ ਕਿਸੇ ਸੁਣਾਯਾ ਜੀ
ਦੇਯਾ ਰਾਮ ਨੂੰ ਬੋਲਕੇ ਗੁਰੂ ਜੀ ਨੇ, ਓਹਦੀ ਸੇਵਾ ਦਾ ਹੁਕਮ ਫਰਮਾਯਾ ਜੀ
ਨੰਦ ਚੰਦ ਦੀ ਰਾਹੀਂ ਕਰਤਾਰ ਸਿੰਘਾ, ਖਰਚ ਮਨ ਭੌਂਦਾ ਸੋ ਦਿਵਾਯਾ ਜੀ

### ਪੰਡਿਤ ਕੇਸੋਦਾਸ ਨੇ ਦੂਸਰੇ ਦਿਨ ਸਤਿਗੁਰਾਂ ਦੇ ਦਰਸ਼ਨ ਕਰਨ ਆਉਣਾ

ਦਿਨ ਦੂਸਰੇ ਵਿਚ ਦਰਬਾਰ ਆਯਾ, ਨਾਲ ਲੈ ਕੇ ਪੰਡਿਤਾਂ ਸਾਰਿਆਂ ਨੂੰ
ਸਤਿਗੁਰਾਂ ਕੀਤਾ ਬੜਾ ਮਾਨ ਆਦਰ, ਦੰਗ ਰਿਹਾ ਓਹ ਵੇਖ ਨਜਾਰਿਆਂ ਨੂੰ
ਬਾਦਸ਼ਾਹ ਨਾਲੋਂ ਦਰਬਾਰ ਚੜ੍ਹਦਾ, ਡਿਠਾ ਸ਼ਾਨ ਤੇ ਸ਼ੌਕਤਾਂ ਭਾਰੀਆਂ ਨੂੰ
ਬੀਰ ਰਸ ਭਰੇ ਸਤਿਗੁਰੂ ਬੈਠੇ, ਕਲਗੀ, ਤੋੜੇ ਦੇ ਰਹੇ ਹੁਲਾਰਿਆਂ ਨੂੰ
ਸ਼ੋਭਾ ਵੇਖ ਅਨੂਪ ਦਰਬਾਰ ਦੀ ਜੀ, ਸਤਿਗੁਰ ਦੇ ਕਰ ਦੀਦਾਰਿਆਂ ਨੂੰ
ਪੰਡਿਤ ਰਿਹਾ ਹੈਰਾਨ ਕਰਤਾਰ ਸਿੰਘਾ, ਵੇਖ ਗੁਰ ਦਿਆਂ ਰੰਗਾਂ ਨਯਾਰਿਆਂ ਨੂੰ

### ਬਚਨ ਬਿਲਾਸ ਕੇਸੋਦਾਸ ਤੇ ਸ੍ਰੀ ਦਸਮੇਸ਼ ਜੀ

ਸੁਖ ਸਾਂਦ ਪ੍ਰੇਮ ਦੇ ਨਾਲ ਪੁਛੀ, ਗੁਰਾਂ ਕੀਤੀ ਬੜੀ ਵਡਿਆਈ ਹੈ ਜੀ

ਧੰਨ ਭਾਗ ਸਾਡੇ ਤੁਸਾਂ ਦਰਸ ਦਿਤਾ, ਧੰਨ ਆਪ ਦੀ ਧੰਨ ਕਮਾਈ ਹੈ ਜੀ
ਸ਼ੋਭਾ ਸੁਣੀ ਸੀ ਆਪਦੀ ਬਹੁਤ ਸਾਰੀ, ਉਚੀ ਵਿਦਿਆ ਤੁਸਾਂ ਨੇ ਪਾਈ ਹੈ ਜੀ
ਕੇਸ਼ੋਦਾਸ ਕਹਿਆ ਕ੍ਰਿਪਾ ਆਪਦੀ ਹੈ ਏਸ ਜੀਵ ਦੀ ਕਹਿ ਚਤਰਾਈ ਹੈ ਜੀ
ਹੋਰ ਸਮੇਂ ਅਨੁਸਾਰ ਕਰ ਕਈ ਗਲਾਂ, ਸਤਿਗੁਰਾਂ ਏਹ ਸਾਅ ਚਲਾਈ ਹੈ ਜੀ
ਦੇਖੋ ਪੰਡਿਤ ਜੀ ਕੈਸਾ ਇਹ ਸਮਾਂ ਆਯਾ ਜਗਤਵਿਚ ਪਾਪਾਂ ਧੁੰਧਛਾਈ ਹੈ ਜੀ
ਤੁਰਕ ਰਾਜ ਦਾ ਬਹੁਤ ਪ੍ਰਤਾਪ ਵਧਿਆ ਹਿੰਦੂ ਪ੍ਰਜਾ ਇਨਾ ਸਤਾਈ ਹੈ ਜੀ
ਪਾਪੀ ਧਰਮ ਨਿਆਏਂ ਨੂੰ ਛੱਡ ਗਏ ਜ਼ੁਲਮ ਜਬਰ ਤੇ ਤੇਗ ਚਲਾਈ ਹੈ ਜੀ
ਕਿਵੇਂ ਏਹਨਾਂ ਦਾ ਜ਼ੋਰ ਤ੍ਰਤਾਪ ਘਟੇ ਏਹ ਰਾਜ ਪਾਪੀ ਦੁਖਦਾਈ ਹੈ ਜੀ
ਗਊ ਸੰਤ ਭਲੇ ਪੁਰਸ਼ ਦੁਖੀ ਹੋਏ ਤੰਗ ਪੈ ਰਹੀ ਸਭ ਲੁਕਾਈ ਹੈ ਜੀ
ਨਾਲ ਮਹਾਂ ਮਰੀ ਪਿਆ ਕਾਲ ਰਹਿੰਦਾ,ਕਲਾ ਧਰਮਦੀ ਪਾਪਦਬਾਈ ਹੈ ਜੀ
ਭਲਾ ਦੇਸਦਾ ਜਿਸਤਰਾਂ ਹੋਇ ਦਸੋ, ਅਸੀਂ ਕਰੀਏ ਓਵੇਂ ਠਹਿਰਾਈ ਹੈ ਜੀ
ਏਹ ਸੁਣ ਕੇਸ਼ੋਦਾਸ ਖੁਸ਼ ਹੋਇਆ, ਸਾਡੇ ਦਾਉ ਵਾਲੀ ਗੱਲ ਆਈ ਹੈ ਜੀ
ਕਹਿੰਦਾ ਗੁਰੂ ਜੀ ਤੁਸੀਂ ਸਮਰੱਥ ਭਾਰੇ, ਏਹ ਨੀਤ ਭਲੀ ਗੱਲ ਆਈ ਹੈ ਜੀ
ਪਰ ਕੰਮ ਸਾਰੇ ਤਾਂਹੀਏਂ ਹੋਣ ਪੂਰੇ, ਜੇ ਪ੍ਰਗਟ ਹੋਵੇ ਮਹਾਂਮਾਈ ਹੈ ਜੀ
ਬਿਨਾਂ ਦੇਵਤਾਂ ਸਿੱਧੀ ਨ ਹੋ ਸਕੇ, ਵਿਚ ਏਹੋ ਵੱਡੀ ਉਖਯਾਈ ਹੈ ਜੀ
ਏਸ ਕੰਮ ਨੂੰ ਚਾਹੀਦੀ ਬਹੁਤ ਮਾਯਾ, ਤੇ ਸਮਿਗ੍ਰੀ ਬੇ ਬਹਾਈ ਹੈ ਜੀ
ਆਉਂਦਾ ਨਜ਼ਰ ਨ ਕੋਈ ਕਰਤਾਰਸਿੰਘਾ,ਏਸ ਕੰਮਜੋਗਾ ਏਹ ਸੁਨਾਈ ਹੈ ਜੀ

ਤ੍ਰਬਾ

ਕਰੇ ਲੱਖਾਂ ਰੁਪਯਾਂ ਦੇ ਖਰਚ ਖੁਲੇ ਭਾਰਾ ਹੌਂਸਲਾ ਨਾਲ ਰਖਾਏ ਜੇਹੜਾ
ਜਤ ਸਤ ਰਖੇ ਬ੍ਰਹਮਚਰਯ ਤਾਈਂ, ਬੈਠ ਹਵਨ ਇਕਾਂਤ ਕਰਾਏ ਜੇਹੜਾ
ਤੁਰਕ ਹਾਕਮਾਂ ਦੇ ਡਰ ਬਿਘਨ ਤੋਂ ਨ ਸਾਨੂੰ ਦੱਖਨਾਂ ਭਾਰੀ ਦਿਵਾਏ ਜੇਹੜਾ
ਦੁਰਗਾ ਪ੍ਰਗਟਕਰਦੀਏ ਕ੍ਰਤਾਰਸਿੰਘਾ ਸ਼ਰਤਾਂਸਾਡੀਆਂ ਤਈਂ ਨਬਾਹੇ ਜੇਹੜਾ

ਮਸੰਦਾਂ ਤੋਂ ਕਈਆਂ ਸਿਖਾਂ ਦੀ ਬੇਨਤੀ

ਗਲਾਂ ਕਹੀਆਂ ਸੁਣ ਕੇ ਲੋਕ ਕਚੇ ਨਾਲ ਹਾਂ ਦੇ ਹਾਂ ਮਿਲਾਂਵਦੇ ਨੇ
ਕਹਿੰਦੇ ਗੁਰੂ ਜੀ ਗਲਾਂ ਏਹ ਸਚੀਆਂ ਨੇ ਪੰਡਿਤ ਜੀ ਜੋ ਆਖ ਸੁਨਾਂਵਦੇ ਨੇ
ਦੁਰਗਾ ਪ੍ਰਗਟ ਹੋਵੇ ਮਾਰੇ ਪਾਪੀਆਂ ਨੂੰ ਜੇਹੜੇ ਧਰਮ ਨੂੰ ਪਏ ਗਵਾਂਵਦੇ ਨੇ
ਏਹ ਕੰਮ ਜ਼ਰੂਰ ਚੜ੍ਹਾਓ ਸਿਰੇ ਸਾਰੇ ਰਲ ਮਸੰਦ ਅਲਾਂਵਦੇ ਨੇ
ਵੇਖੋ ਪੰਡਿਤ ਜੀ ਆਪ ਆ ਗਏ ਕੰਮ ਰਬ ਨੂੰ ਜਾਪਦੇ ਭਾਂਵਦੇ ਨੇ
ਬਣਿਆਂ ਮੇਲ ਸਬਬੀ ਕਰਤਾਰ ਸਿੰਘਾ, ਏਹੋ ਜੇਹੀਆਂ ਯੁਕਤੀਆਂ ਲਾਂਵਦੇ ਨੇ

ਗੁਰੂ ਦਸਮੇਸ਼ ਜੀ ਨੇ ਹੁਕਮ ਦੇਣਾ

*ਕਾਰਨ ਸਭ ਵਿਚਾਰਕੇ ਗੁਰੂ ਜੀਨੇ, ਕਹਯਾ ਤੁਸੀਂ ਦੇਵੀ ਪ੍ਰਗਟਾਓ ਜਲਦੀ
ਕਿਸੇ ਤਰ੍ਹਾਂ ਦੀ ਨਹੀਂ ਪ੍ਰਵਾਹ ਸਾਨੂੰ, ਜਿਸ ਚੀਜ਼ ਦੀ ਲੋੜ ਲਿਖਾਓ ਜਲਦੀ
ਸਾਡੇ ਵਲੋਂ ਸਰਫਾ ਨਹੀਂ ਮੂਲ ਰਖੋ, ਜੋ ਚਾਹੋ ਸੋ ਕਰੋ ਕਰਾਓ ਜਲਦੀ
ਏਹ ਭੀ ਕਜੀ ਨ ਰਹੇ ਕਰਤਾਰਸਿੰਘਾ, ਪੜਦਾ ਏਸਦਾ ਖੋਲ੍ਹ ਦਿਖਾਓ ਜਲਦੀ

ਪੰਡਿਤ ਜੀ

ਸੁਣੋ ਗੁਰੂ ਜੀ ਕੰਮ ਏਹ ਬੜਾ ਭਾਰਾ, ਹਥ ਪਾਓ ਤਾਂ ਤੋੜ ਨਿਭਾਓ ਜੇਕਰ
ਦੁਰਗਾ ਪ੍ਰਗਟ ਅਸੀਂ ਕਰ ਦੇਵਾਂਗੇ ਜੀ, ਸਾਨੂੰ ਦਖਣਾ ਅਛੀ ਦਿਵਾਓ ਜੇਕਰ
ਸਵਾ ਲਖ ਤੋਂ ਘਟ ਨ ਅਸਾਂ ਲੈਣਾ, ਹਵਨ ਸਾਡੇ ਤੋਂ ਤੁਸੀਂ ਕਰਾਓ ਜੇਕਰ
ਤੇ ਏਨਾ ਕੁ ਹਵਨ ਤੇ ਖਰਚ ਹੋਵੇ, ਸਰਫਾ ਕਰ ਭੀ ਅਹੁਤੀਆਂ ਪਾਓ ਜੇਕਰ
ਕਾਰਜ ਸਿਧ ਜ਼ਰੂਰ ਇਹ ਹੋ ਜਾਵੇ, ਬ੍ਰਹਮਚਰਜ ਨੂੰ ਤੁਸੀਂ ਰਖਾਓ ਜੇਕਰ
ਇਕ ਦੇਵੀ ਕੀ ਸਭੇ ਕਰਤਾਰ ਸਿੰਘਾ ਪ੍ਰਗਟ ਕਰ ਦਈਏ ਤੁਸੀਂ ਚਾਹੋ ਜੇਕਰ

ਹਵਨ ਦੀ ਸਾਮਗ੍ਰੀ ਵਾਸਤੇ ਹੁਕਮ ਦੇਣਾ

ਏਧਰ ਇਹ ਬੰਦੋਬਸਤ ਕਰ ਸਾਰੇ ਓਧਰ ਸੰਗਤਾਂ ਨੂੰ ਕੀਤੀ ਸਾਰ ਭਾਈ

---

*ਓਹਨਾਂ ਦਿਨਾਂ ਵਿਚ ਲੋਕ ਦੇਵੀ ਤੇ ਬਹੁਤ ਨਿਸਚਾ ਰਖਦੇ ਸਨ, ਏਹੋ ਕਾਰਨ ਵਿਚਾਰ ਕੇ ਗੁਰੂ ਜੀ ਨੇ ਏਸ ਪਾਜ ਦਾ ਖੋਹਲਣਾ ਅਤੀ ਜ਼ਰੂਰੀ ਸਮਝਿਆ ਸੀ।

ਲੈ ਕੇ ਹੁਕਮਨਾਮੇ ਸਿਖ ਦੌੜ ਗਏ, ਪਹੁੰਚੇ ਕਾਬਲ ਅਤੇ ਕੰਧਾਰ ਭਾਈ
ਲਗੀ ਹਵਨ ਦੀ ਔਣ ਸਾਮਗ੍ਰੀ ਜੀ, ਲਿਆਉਣ ਸੰਗਤਾਂ ਖੁਸ਼ੀ ਨੂੰ ਧਾਰ ਭਾਈ
ਮਿਠਾ ਘਿਓ ਕਠਾ ਹੋਯਾ ਦੇਸ ਵਿਚੋਂ, ਸੈ ਮਣਾ ਦੇ ਕਰੇ ਵਿਚਾਰ ਭਾਈ
ਗਰੀ ਮੇਵੇ, ਛੁਹਾਰੇ ਬਦਾਮ ਪਿਸਤਾ, ਆਯਾ ਦੂਰਾਂ ਤੋਂ ਲਗੇ ਅੰਬਾਰ ਭਾਈ
ਥੁੜ ਰਹੀ ਨ ਕੁਝ ਕਰਤਾਰ ਸਿੰਘਾ, ਆਈਆਂ ਸੰਗਤਾਂ ਬੇਸ਼ੁਮਾਰ ਭਾਈ

ਦੇਸ ਦੇ ਬ੍ਰਾਹਮਣਾਂ ਦਾ ਇਕਠ

ਸਤਿਗੁਰੂ ਦੇਵੀ ਪ੍ਰਗਟ ਕਰਨ ਲਗੇ, ਦੂਰਾਂ ਦੂਰਾਂ ਤੋਂ ਬ੍ਰਾਹਮਣ ਧਾ ਆਏ
ਬੰਨ੍ਹ ਧੋਤੀਆਂ ਲੰਮੀਆਂ ਪਾ ਮਾਲਾ, ਦੋਹਰੇ ਟਿਕੇ ਮਥੇ ਉਤੇ ਲਾ ਆਏ
ਇਕ ਦੂਜੇ ਨੂੰ ਸਦ ਕੇ ਲੈ ਆਏ, ਦਾਨ ਲੈਨ ਦੀ ਆਸ ਤਕਾ ਆਏ
ਗਫੇ ਲਾਵਾਂਗੇ ਨਾਲੇ ਕਰਤਾਰ ਸਿੰਘਾ, ਕਠੇ ਹੋ ਕੇ ਜਥੇ ਬਨਾ ਆਏ

ਪਹਿਲੋਂ ਪੰਥ ਦੀ ਤਯਾਰੀ ਤੇ ਬ੍ਰਾਹਮਣਾਂ ਦੀ ਗਰਕ

ਸਤਿਗੁਰੂ ਚੋਜੀ ਚੋਜ ਕਰਨ ਹਾਰੇ, ਇਕ ਹੋਰ ਤਮਾਸ਼ਾ ਬਨਾਯਾ ਜੀ
ਦੂੰਹ ਥਾਈਂ ਲੰਗਰ ਲਗਵਾ ਦਿਤੇ, ਵਖੋ ਵਖ ਭੋਜਨ ਬਨਵਾਯਾ ਜੀ
ਇਕ ਵਿਚ ਕੜਾਹ ਤੇ ਪੂਰੀ ਬਣੀ, ਵਿਚ ਦੂਸਰੇ ਮਾਸ ਰਿਨ੍ਹਾਯਾ ਜੀ
ਜੇਹੜਾ ਪੂਰੀ ਕੜਾਹ ਦਾ ਕਰੇ ਭੋਜਨ, ਓਹਨੂੰ ਇਕ ਰੁਪਯਾ ਸੁਨਾਯਾ ਜੀ
ਮੋਹਰ ਦਖਨਾ ਲਏ ਜੋ ਮਾਸ ਖਾਵੇ, ਹੁਕਮ ਦੇ ਇਹ ਲੰਗਰ ਖੁਲਾਯਾ ਜੀ
ਵਲ ਖੀਰ ਕੜਾਹ ਦੇ ਗਏ ਥੋੜ੍ਹ, ਮਾਸ ਵਲ ਸਾਰਾ ਦੇਸ ਧਾਯਾ ਜੀ
ਥੋੜ੍ਹੇ ਸਿਦਕ ਭਰੋਸੇ ਦੇ ਰਹੇ ਪਕੇ, ਬਾਕੀ ਸਭ ਨੇ ਚਿਤ ਭੁਲਾਯਾ ਜੀ
ਇਹ ਵੇਖ ਕੇ ਗੁਰੂ ਜੀ ਬਹੁਤ ਹਸੇ, ਮਾਸ ਖਾਣ ਤਾਈਂ ਬੁਲਾਯਾ ਜੀ
ਫਹੁਤ ਲਾਹਣਤਾਂ ਫਿਟਕਾਂ ਦੇ ਕਢੇ, ਇਕ ਇਕ ਰੁਪਯਾ ਦਿਵਾਯਾ ਜੀ
ਦੂਜੇ ਸਿਦਕੀਆਂ ਨੂੰ ਮੋਹਰ ੨ ਦਿਤੀ, ਆਦਰ ਮਾਨ ਦੇ ਕੇ ਵਡਿਆਯਾ ਜੀ
ਲੋਕਾਂ ਬਾਹਮਣਾਂ ਨੂੰ ਕੀਤਾ ਬਹੁਤ ਠਠਾ, ਹੋ ਸ਼ਰਮਿੰਦਿਆਂ ਸਿਰ ਝੁਕਾਯਾ ਜੀ

*ਪੈਹਲੀ ਪੂਜਾ ਏਹ ਕੀਤੀ ਕ੍ਰਤਾਰ ਸਿੰਘਾ, ਕਈਆਂ ਤਦੋਂ ਹੀ ਪੈਰ ਖਿਸਕਾਯਾ ਜੀ

ਹੋਮ ਦਾ ਆਰੰਭ

ਪਾਸ ਅਗਮਪੁਰੇ ਚਰਨ ਗੰਗਾ ਕੰਢੇ, ਬ੍ਰਾਹਮਨ ਵਰਨੀਆਂ ਹਵਨ ਕਰਾਉਨ ਲਗੇ
ਸਤਾਰਾਂ ਸੌ ਚੁਰੰਜਾ ਤੇ ਚੇਤ ਪਹਿਲੀ, ਸ਼ੁਰੂ ਕਰ ਪਾਖੰਡ ਖਿੰਡਾਉਨ ਲਗੇ
ਖ਼ੁਰੂ ਪਹਿਲੇ ਨਰਾਤੇ ਤੋਂ ਕਰ ਦਿਤਾ, ਚੰਡੀ ਪਾਠ ਦੀ ਧੁਨੀ ਸੁਨਾਉਨ ਲਗੇ
ਰਾਤ ਦਿਨੇ ਭਾਰੀ ਹੋਮ ਹੋਣ ਲਗਾ, ਘਿਓ ਸਾਮਿਗ੍ਰੀ ਫੂਕ ਜਲਾਉਨ ਲਗੇ
ਜੋ ਮੰਗਦੇ ਬੱਤੀਆਂ ਦੰਦਾਂ ਵਿਚੋਂ, ਸਤਿਗੁਰੂ ਜੀ ਤੁਰਤ ਦਿਵਾਉਨ ਲਗੇ
ਕਈ ਸੈਂਕੜੇ ਬ੍ਰਾਹਮਨ ਏਸ ਹੀਲੇ, ਨਿਤ ਪੂਰੀ ਕੜਾਹ ਉਡਾਉਨ ਲਗੇ
ਹੋਈਆਂ ਖਬਰਾਂ ਦੇਸ ਦੇ ਵਿਚ ਸਾਰੇ, ਲੋਕ ਵੇਖਨੇ ਨੂੰ ਬਹੁਤ ਆਉਣ ਲਗੇ
ਧੁੰਮ ਪੈ ਗਈ ਸਾਰੇ ਕਰਤਾਰ ਸਿੰਘਾ, ਸਤਿਗੁਰੂ ਦੇਵੀ ਪ੍ਰਗਟਾਉਨ ਲਗੇ

ਫੇਰ ਨੈਨਾ ਦੇਵੀ ਦੇ ਪਹਾੜ ਤੇ ਜਾ ਕੇ ਹਵਨ ਕਰਨਾ

ਰੌਲਾ ਭੀੜ ਪਏ ਬਹੁਤ ਓਥੇ ਕੇਸ਼ੋ ਦਾਸ ਨ ਏਹ ਸੁਨਾਯਾ ਜੀ
ਏਥੇ ਖਲਕਤਾਂ ਦੀ ਆਵਾਜਾਈ ਰਹਿੰਦੀ, ਨਹੀਂ ਪ੍ਰਗਟ ਹੋਣੀ ਮਹਾਂ ਮਾਯਾ ਜੀ
ਕੋਈ ਜਗਾ ਨਵੇਕਲੀ ਚਾਹੀਦੀ ਏ ਜਿਥੇ ਆਏ ਨ ਪੁਰਸ਼ ਪਰਾਯਾ ਜੀ
ਸਿਰਫ ਅਸੀਂ ਓਥੇ ਰਹੀਏ ਹਾਜ਼ਰ, ਸੁਨ ਸਤਿਗੁਰਾਂ ਨੇ ਫਰਮਾਯਾ ਜੀ
ਤੁਰਤ ਨਾਲ ਲੈ ਜਾ ਕੇ ਬ੍ਰਾਹਮਣਾਂ ਨੂੰ, ਨੈਨਾਂ ਦੇਵੀ ਪਹਾੜ ਦਿਖਾਯਾ ਜੀ
ਉਚਾ ਬਹੁਤ ਨ ਕੋਈ ਉਥੇ ਆਵੇ ਜਾਵੇ, ਉਨ੍ਹਾਂ ਪਸੰਦ ਜੋ ਆਯਾ ਜੀ
ਓਥੇ ਸਭ ਸਮਾਨ ਜਾ ਜਮਾਂ ਕੀਤਾ, ਛੱਪਰ ਪਾ ਕੇ ਕੁੰਡ ਬਨਾਯਾ ਜੀ
ਹੋਣ ਲਗਾ ਹਵਨ ਕਰਤਾਰ ਸਿੰਘਾ, ਕੋਈ ਜਾਏ ਨ ਆਏ ਸੁਨਾਯਾ ਜੀ

ਵੱਡਾ ਹਵਨ

ਕੇਸ਼ੋਦਾਸ, ਕਾਲੀਦਾਸ, ਸ਼ਿਵਸ਼ੰਕ੍ਰ ਵਿਸ਼ਨੂੰ ਪਾਲ ਵਡੇ ਪੰਡਿਤ ਚਾਰ ਰਹੇ

---

*ਏਸ ਚਰਿਤ੍ਰ ਤੋਂ ਪਤਾ ਲਗ ਸਕਦਾ ਹੈ ਕਿ ਸਤਿਗੁਰੂ ਜੀ ਨਿਸਚਾ ਧਰਕੇ ਦੇਵੀ ਪ੍ਰਗਟਾਉਣ ਲਗੇ ਸਨ ਜਾਂ ਬ੍ਰਾਹਮਣਾਂ ਦਾ ਪੋਲ ਖੋਲ ਕੇ ਭੰਡੀ ਕਰਨ ਲਗੇ ਸਨ।

ਵਾਰੀ ਵਾਰੀ ਏਹ ਹਵਨ ਕਰੇਨ ਲਗੇ, ਬ੍ਰਹਮਚਰਜ ਸਤਿਗੁਰੂ ਜੀ ਧਾਰ ਰਹੇ
ਢਾਈ ਪਹਰ ਹੋਵੇ ਰੋਜ ਹਵਨ ਭਾਰੀ, ਵੇਦ ਮੰਤ੍ਰ ਪੜ੍ਹ ਪੜ੍ਹ ਉਚਾਰ ਰਹੇ
ਲਗੇ ਚਰੂ ਦੇ ਢੇਰ ਕਰਤਾਰ ਸਿੰਘਾ, ਹਾਥੀ ਸੁੰਡ ਜਿਡੀ ਪੈਂਦੀ ਧਾਰ ਰਹੇ

### ਚੌਥੇ ਸਾਹਿਬਜ਼ਾਦੇ ਦਾ ਜਨਮ

ਚੌਥਾ ਬਖਸ਼ਿਆ ਵਾਹਿਗੁਰੂ ਸਾਹਿਬਜ਼ਾਦਾ, ਜੀਤੋ ਜੀਦੀ ਗੋਦਦੇ ਤਈਂ ਭਰਿਆ
ਸਤਾਰਾਂ ਸੌ ਚੁਰੰਜਵਾਂ ਹਾੜ ਪਹਿਲੀ, ਮਾਤਾ ਗੁਜਰੀ ਸ਼ੁਕ੍ਰ ਅਕਾਲ ਭਰਿਆ
ਦਿਤਾ ਦਾਨ ਗ਼ਰੀਬਾਂ ਨੂੰ ਖੁਸ਼ੀ ਕੀਤੀ, ਦਾਸ ਦਾਸੀਆਂ ਦੇ ਭਾ ਚੰਦ ਚੜ੍ਹਿਆ
ਕਾਰਜ ਕਰਨੇ ਫਤ੍ਹੇ ਕਰਤਾਰ ਸਿੰਘਾ, ਫਤ੍ਹੇ ਸਿੰਘ ਸਤਿਗੁਰਾਂ ਨੇ ਨਾਮ ਧਰਿਆ

### ਵਾਕ ਕਵੀ

ਸਤ ਮਾਹ ਗਏ ਗੁਜਰ ਏਸੇ ਤਰ੍ਹਾਂ, ਰੋਜ਼ ਪੰਡਿਤ ਹਵਨ ਕਰਾਂਦੇ ਰਹੇ
ਸਤਿਗੁਰੂ ਜੀ ਧਾਰ ਕੇ ਕਠਨ ਬ੍ਰਿਤੀ, ਵਿਚ ਹੂਤੀਆਂ ਹਵਨ ਦੇ ਪਾਂਦੇ ਰਹੇ
ਪਹਿਰ ਪਿਛਲੇ ਕਰਦੇ ਸੈਰ ਥੋੜ੍ਹਾ, ਕਦੇ ਕਦੇ ਸ਼ਕਾਰ ਨੂੰ ਜਾਂਦੇ ਰਹੇ
ਸਰਿਆ ਕੰਮ ਨ ਕੁਝ ਕਰਤਾਰ ਸਿੰਘਾ, ਐਵੇਂ ਏਤਨਾ ਕਸ਼ਟ ਉਠਾਂਦੇ ਰਹੇ

### ਮਾਮੇ ਕਿਰਪਾਲ ਨੇ ਪੰਡਤਾਂ ਤੋਂ ਪੁਛਣਾ

ਇਕ ਦਿਨ ਮਾਮੇ ਕਿਰਪਾਲ ਜੀ ਨੇ, ਕੇਸੌਦਾਸ ਨੂੰ ਆਖ ਸੁਨਾਈ ਹੈ ਜੀ
ਹਵਨ ਚਰਦਿਆ ਸਤ ਮਹੀਨੇ ਗੁਜ਼ਰੇ, ਪ੍ਰਗਟ ਨਹੀਂ ਹੋਈ ਮਹਾਂ ਮਾਈ ਹੈ ਜੀ
ਕੀਹ ਸਬੱਬ ਪ੍ਰਤੱਖ ਨਹੀਂ ਕਯੋਂ ਹੁੰਦੀ, ਗੁਰਾਂ ਬਹੁਤ ਤਕਲੀਫ ਉਠਾਈ ਹੈ ਜੀ
ਰਲ ਪੰਡਿਤਾਂ ਨੇ ਕੀਟਾ ਟਾਲਾ ਵਾਲਾ, ਕਢੀ ਯੁਕਤੀ ਨਾਲ ਸਫਾਈ ਹੈ ਜੀ
ਜਿੰਨਾਂ ਚਿਰ ਸਤਿਗੁਰੂ ਨ ਜੀਵ ਹਿੰਸਾ, ਛਡ ਦੇਂਵਦੇ ਵੇਦ ਫਰਮਾਈ ਹੈ ਜੀ
ਓੱਨਾਂ ਚਿਰ ਨ ਦੇਵੀ ਕਰਤਾਰ ਸਿੰਘਾ, ਕਦੇ ਹੋਵੇ ਪ੍ਰਤੱਖ ਲਿਖਾਈ ਹੈ ਜੀ

### ਸਤਿਗੁਰੂ ਜੀ ਨੇ ਸ਼ਿਕਾਰ ਜਾਣਾ ਛਡ ਦੇਣਾ

ਏਹ ਸੁਣਕੇ ਗੁਰਾਂ ਨੇ ਛਡ ਦਿਤਾ, ਕਿਸੇ ਜੀਵ ਨੂੰ ਲਿਆਉਨਾ[1] ਮਾਰ ਕਰਕੇ

---

[1] ਲਿਖਿਆ ਹੈ ਕਿ ਇਕ ਦਿਨ ਸ਼ਿਕਾਰ ਖੇਡ ਕੇ ਸਤਿਗੁਰੂ ਆਏ ਤਾਂ ਪੰਡਤਾਂ ਨੇ ਕਹਿਆ ਕਿ ਤਾਂਹੀਏਂ ਤਾਂ ਦੁਰਗਾ ਪ੍ਰਗਟ ਨਹੀਂ ਹੋਈ ਕਿ ਤੁਸੀਂ ਜੀਵ ਹਿੰਸਾ ਕਰਦੇ ਹੋ, ਏਹ ਸੁਣਕੇ ਗੁਰਾਂ ਨੇ ਆਖਿਆ ਕਿ ਤੁਹਾਡਾ ਏਹ ਭੀ ਉਜ਼ਰ ਸਾਡੇ ਸਿਰ ਤੇ ਨ ਰਹਿ ਜਾਏ, ਓਸੇ ਵੇਲੇ ਜੇਹੜੇ ਜਾਨਵਰ ਮਾਰ ਕੇ ਲਿਆਏ ਸਨ ਜਿੰਦਾ ਕਰਕੇ ਉਡਾ ਤਜਾ ਦਿਤੇ, ਏਹ ਸ਼ਕਤੀ ਵੇਖਕੇ ਬ੍ਰਾਹਮਣ ਹੈਰਾਨ ਰਹਿ ਗਏ।

ਧਾਰ ਕਠਨ ਤਪਸਯਾ ਬੈਠ ਗਏ, ਪੰਦੇ ਸਭ ਸੰਸਾਰ ਵਿਸਾਰ ਕਰਕੇ
ਮਾਹ ਚਾਰ ਹੋਯਾ ਹਵਨ ਬੜਾ ਭਾਰੀ, ਗੁਰ ਰਹਿਨ ਬੈਠੇ ਆਸਨ ਧਾਰ ਕਰਕੇ
ਦੇਵੀ ਹੋਈ ਨ ਪ੍ਰਗਟ ਕਰਤਾਰ ਸਿੰਘਾ, ਕੀਤਾ ਤਪ ਏਹ ਦੁਖ ਸਹਾਰ ਕਰਕੇ

ਸ੍ਰੀ ਦਸਮੇਸ਼ ਜੀ ਦਾ ਰੂਪ

ਯਾਰਾਂ ਮਾਹ ਗੁਜ਼ਰੇ ਤਪ ਕਰਦਿਆਂ ਨੂੰ, ਚੇਹਰੇ ਪ੍ਰਗਟ ਅਚਰਜ ਜਮਾਲ ਹੋਯਾ
ਬ੍ਰਹਮਚਰਜ ਥੀਂ ਵਧਿਆ ਤੇਜ ਭਾਰਾ, ਚਿਹਰਾ ਸੇਬ ਵਾਂਗੂ ਭਖਕੇਲਾਲ ਹੋਯਾ
ਅਖਾਂ ਸਾਹਮਣੇ ਕੋਈ ਨ ਕਰ ਸਕੇ, ਮਥੇ ਨੂਰ ਭਰਪੂਰ ਕਮਾਲ ਹੋਯਾ
ਤੇਰੇ ਖੇਲ ਅਚਰਜ ਕਰਤਾਰ ਸਿੰਘਾ, ਕਿਸ ਗਲ ਦਾ ਏਤਨਾ ਖਿਆਲ ਹੋਯਾ

ਸ੍ਰੀ ਦਸਮੇਸ਼ ਜੀ ਨੇ ਕੇਸੋਦਾਸ ਤੋਂ ਪੁਛਣਾ ਕਿ ਦੇਵੀ ਕਦ ਪ੍ਰਗਟ ਹੋਵੇਗੀ

ਆਏ ਚੇਤ ਦੇ ਫੇਰ ਨਰਾਤੇ ਨੇੜੇ, ਕੇਸ਼ੋ ਦਾਸ ਨੂੰ ਸਦ ਕੇ ਪਾਸ ਗੁਰ ਜੀ
ਦਸੋ ਹੋਵੇਗੀ ਕਦੋਂ ਪ੍ਰਤਖ ਦੇਵੀ, ਕਹਿੰਦਾ ਪੰਡਿਤ, ਧਰੋ ਧਰਵਾਸ ਗੁਰ ਜੀ
ਬਸ ਵਿਚ ਨੁਰਾਤਿਆਂ ਦੇ ਦਰਸ਼ਨ, ਹੁਣ ਹੋਵਣਾ ਨਹੀਂ ਉਦਾਸ ਗੁਰ ਜੀ
ਲਛਨ ਜ਼ਾਹਰ ਹੋ ਰਹੇ ਕਰਤਾਰਸਿੰਘਾ, ਸ਼ਬਦ ਹੋਂਵਦੇ ਵਿਚ ਅਕਾਸ਼ ਗੁਰ ਜੀ

ਪੰਡਿਤਾਂ ਦੀ ਸਲਾਹ

ਜਿਵੇਂ ਦਿਨ ਔਂਦੇ ਜਾਂਦੇ ਬਹੁਤ ਨੇੜੇ, ਫਿਕਰ ਪੰਡਿਤਾਂ ਨੂੰ ਪਿਆ ਆ ਭਾਈ
ਫੇਰ ਲਗ ਪਏ ਘੁਸਰ ਘੁਸਰ ਕਰਨੇ, ਨਾਲ ਕੰਨਾਂ ਦੇ ਕੰਨ ਲਗਾ ਭਾਈ
ਹੁਣ ਕਿਵੇਂ ਕਰੀਏ ਬਣੀ ਗਲ ਔਖੀ, ਏਹ ਤਾਂ ਫਾਹ ਲਿਆ ਗਲ ਪਾ ਭਾਈ
ਅਸਾਂ ਸੋਚਿਆ ਸੀ ਕੋਈ ਵਿਘਨ ਪਾਕੇ, ਸਚੇ ਹੋ ਜਾਂਗੇ ਲਾਕੇ ਦਾ ਭਾਈ
ਟਾਲ ਦਿਆਂਗੇ ਗੁਰੂ ਨੂੰ ਕਰ ਝੂਠਾ, ਐਵੇਂ ਕੋਈ ਬਹਾਨਾ ਬਨਾ ਭਾਈ
ਪਰ ਗੁਰੂ ਨ ਅਸਾਂ ਤੋਂ ਹੋਇਆ ਝੂਠਾ, ਦਿਤਾ ਉਸ ਨੇ ਸਿਰੜ ਨਭਾ ਭਾਈ
ਦੇਵੀ ਕਿਥੋਂ ਪਰਤਖ ਹੋ ਹੋਣ ਲਗੀ, ਸਾਧੇ ਬੈਠ ਗਏ ਹੋਸਲਾ ਢਾ ਭਾਈ
ਭੰਡੀ ਹੋਵੇਗੀ ਦੇਸ ਦੇ ਵਿਚ ਸਾਰੇ, ਨਾਲੇ ਸਰੇਗਾ ਕੰਮ ਨਾ ਕਾ ਭਾਈ
ਹੁਣ ਝਬਦੇ ਸੋਚ ਲੌ ਕੋਈ ਹੀਲਾ, ਰਹੇ ਪਤ ਜਿਉਂ ਹੋ ਦਾਨਾ ਭਾਈ

ਅੰਤ ਸਾਰਿਆਂ ਰਲ ਸਲਾਹ ਕੀਤੀ, ਦੂਰ ਤਕ ਸੋ ਨਜ਼ਰ ਦੁੜਾ ਭਾਈ
ਕਹੋ ਗੁਰੂ ਨੂੰ ਪੁਤ ਦੀ ਬਲੀ ਦੇਵੇ, ਇਹ ਦਿਹੋ ਢੂਚਰ ਅਗੇ ਡਾਹ ਭਾਈ
ਨ ਓਹ ਦੇ ਨ ਦੇਵੀ ਪਰਤਖ ਹੋਵੇ, ਅਸੀਂ ਸਚੇ ਹੋ ਰਹੀਏ ਸੁਨਾ ਭਾਈ
ਏਹੋ ਕਰ ਸਲਾਹ ਲਈ ਪੰਮਿਆਂ ਨੇ, ਖੁਸ਼ੀ ਹੋ ਗਏ ਪਕ ਪਕਾ ਭਾਈ
ਬੁਚਕਾ ਖੋਲ੍ਹਿਆ ਭਾਈ ਕਰਤਾਰ ਸਿੰਘਾ, ਵਿਚੋਂ ਨਿਕਲੀ ਆ ਕੁਪਾਹ ਭਾਈ

ਸ੍ਰੀ ਦਸਮੇਸ਼ ਜੀ ਨੇ ਫੇਰ ਬ੍ਰਾਹਮਣਾਂ ਨੂੰ ਤਾੜਨਾ

ਜਦ ਸਾਲ ਬਤੀਤ ਹੋ ਗਿਆ ਸਾਰਾ, ਦੇਵੀ ਹੋਈ ਪ੍ਰਤਖ ਨ ਪਿਆਰਿਓ ਓਏ
ਤਦ ਗੁਰਾਂ ਨੇ ਤਾੜਿਆ ਪੰਡਤਾਂ ਨੂੰ, ਹੁਣ ਦਿਹੋ ਜਵਾਬ ਹਤਿਆਰਿਓ ਓਏ
ਕਿਥੇ ਜਾਕੇ ਛੁਪੀ ਤੁਹਾਡੀ ਦੇਵੀ, ਓਹਨੂੰ ਲਭਕੇ ਲਿਆਓ ਨਿਕਾਰਿਓ ਓਏ
ਤੁਹਾਡਾ ਖੁਲ੍ਹਿਆ ਪੋਲ ਕਰਤਾਰ ਸਿੰਘਾ, ਸ਼ਰਮ ਕਰੋ ਝੂਠੇ ਵਣਜਾਰਿਓ ਓਏ

ਪੰਡਤਾਂ ਨੇ ਇਕ ਮੂੰਹ ਹੋ ਕੇ ਜਵਾਬ ਦੇਣਾ

ਕਾਹਲ ਕਰਨ ਦੀ ਸਤਿਗੁਰੋ ਲੋੜਨਾਹੀਂ, ਹੁਣ ਰਖਣੀ ਨੀਤ ਸੋ ਭਲੀ ਚਾਹੀਏ
ਰੋਜ਼ ਅਸ਼ਟਮ ਦੇਵੀ ਪ੍ਰਗਟ ਹੋਣਾ, ਹੁਣ ਆਈ ਦੇਖੋ ਪਲੋ ਪਲੀ ਚਾਹੀਏ
ਜਿਹੜਾ ਤੁਸਾਂਨੂੰ ਸਭਤੋਂ ਪਿਆਰਾ ਹੋਵੇ, ਉਸ ਪੁਰਸ਼ ਦੀ ਦੇਵਨੀ ਬਲੀ ਚਾਹੀਏ
ਐਵੇਂ ਪ੍ਰਗਟਨੀਨਹੀਂ ਕਰਤਾਰਸਿੰਘਾ, ਹੁਣ ਬਲੀ ਕਰਨੀ ਪਾਸ ਖਲੀ ਚਾਹੀਏ

ਸ੍ਰੀ ਦਸਮੇਸ਼ ਜੀ

ਏਹ ਪੰਡਤਾਂ ਦੀ ਸੁਣ ਯੁਕਤ ਖਚਰੀ, ਕਹਿੰਦੇ ਗੁਰ ਨਹੀਂ ਚਿਤ ਭੁਲਾਵਾਂਗੇ ਜੀ
ਤੁਹਾਡੇ ਨਾਲੋਂ ਪਯਾਰਾ ਤੇ ਸ੍ਰੇਸ਼ਟ ਕੇਹੜਾ, ਤੁਹਾਨੂੰ*ਮਾਰਕੇ ਬਲੀਚੜ੍ਹਾਵਾਂਗੇ ਜੀ

---

*ਇਸ ਚਰਿਤ੍ਰ ਤੋਂ ਸ੍ਰੀ ਗੁਰੂ ਜੀ ਦੇ ਅਸਲ ਮਤਲਬ ਦਾ ਪਤਾ ਲਗ ਸਕਦਾ ਹੈ ਕਿ ਦੇਵੀ ਓਹਨਾਂ ਠੀਕ ਇਸ਼ਟ ਕਰਕੇ ਪ੍ਰਗਟਾਣੀ ਚਾਹੀ ਸੀ ਜਾਂ ਕਿ ਏਸ ਢੋਲ ਦਾ ਪੋਲ ਖੋਲ੍ਹਕੇ ਲੋਕਾਂ ਨੂੰ ਗੁਰਮਤਿ ਮਾਰਗ ਦੇ ਰਸਤੇ ਤੇ ਲਿਆਉਣ ਦਾ ਹੀਲਾ ਸੀ।

ਪਤਾ ਨਹੀਂ ਕਿਹੜੇ ਵੇਲੇ ਪ੍ਰਗਟ ਹੋਵੇ, ਤਦੋਂ ਆਦਮੀ ਕਿਥੋਂ ਬੁਲਾਵਾਂਗੇ ਜੀ
ਤੁਸੀਂ ਸਿਦਕ ਰਖੋ ਪਹਿਲਾਂ ਦੇਵੀ ਪਾਸੋਂ ਵਰ ਲੈ ਤੁਸਾਂ ਨੂੰ ਜਿਵਾਵਾਂਗੇ ਜੀ
ਵਰ ਮੰਗਾਂਗੇ ਅਪਨੇ ਲਈ ਪਿਛੋਂ, ਪਹਿਲਾਂ ਜ਼ਿੰਦਿਆਂ ਤੁਹਾਨੂੰ ਕਰਾਵਾਂਗੇ ਜੀ
ਏਹ ਕਾਰਜ ਕਰ ਕਰਤਾਰ ਸਿੰਘਾ, ਤੁਹਾਨੂੰ ਦਖਣਾਂ ਬਹੁਤ ਦਿਵਾਵਾਂਗੇ ਜੀ

ਏਹ ਸੁਣ ਕੇ ਪੰਡਿਤਾਂ ਨੇ ਖਿਸਕੂੰ ਹੋ ਜਾਣਾ

ਏਹ ਆਖ ਕੇ ਗੁਰਾਂ ਨੇ ਤੇਗ ਉਤੇ, ਜਿਸ ਵੇਲੇ ਚਾ ਹਥ ਟਿਕਾਯਾ ਏ
ਓਸੇ ਵੇਲੇ ਗਈ ਖਾਨਿਓਂ ਪੰਡਿਤਾਂ ਦੀ ਡਰ ਮੌਤ ਦਾ ਦਿਲਾਂ ਤੇ ਛਾਯਾ ਏ
ਕਹਿੰਦੇ ਕੀ ਲੈਣਾ ਕਿਤੇ ਕਰ ਘਤੇ, ਜੋ ਮੁਖ ਤੋਂ ਉਚਰ ਸੁਨਾਯਾ ਏ
ਸਾਲ ਹੋ ਗਿਆ ਹਵਨ ਕਰਦਿਆਂ ਜੀ, ਭਾਰਾ ਤੇਜ ਏਹਦੇ ਮਥੇ ਆਯਾ ਏ
ਧੰਦਾ ਕਰ ਕਢੇ ਪਿਛੋਂ ਕੌਣ ਪੁਛੇ, ਪਿਆ ਅਕਿਆ ਕ੍ਰੋਧ ਉਕਸਾਯਾ ਏ
ਕੇਸੋਦਾਸ ਨੇ ਤਿੰਨਾਂ ਨੂੰ ਕਰ ਸੈਨੀ, ਪਹਿਲੇ ਆਪਨੇ ਪਾਸੋਂ ਖਿਸਕਾਯਾ ਏ
ਸਤਿਗੁਰਾਂ ਦੇ ਪਾਸ ਰਹਿ ਗਿਆ ਕੱਲਾ, ਆਯਾ ਭੈ ਤੇ ਚਿਤ ਕੰਬਾਯਾ ਏ
ਥੋੜੇ ਚਿਰ ਪਿਛੋਂ ਕਹਿੰਦਾ ਬੇਨਤੀ ਕਰ, ਮੇਰੇ ਤਾਈਂ ਪਸ਼ਾਬ ਹੁਣ ਆਯਾ ਏ
ਤੁਸੀਂ ਹੂਤੀਆਂ ਆਪੇ ਹੀ ਪਾਈ ਜਾਓ, ਏਹ ਆਖ ਕੇ ਕਦਮ ਉਠਾਯਾ ਏ
ਥਲੇ ਆ ਪਹਾੜ ਤੋਂ ਦਮ ਲਿਆ, ਕਿਹਾ ਪੰਮਿਆ ਚਿਤ ਡੁਲਾਯਾ ਏ
ਪਿਛੇ ਗੁਰੂ ਜੀ ਕਲੇ ਹੀ ਰਹਿ ਗਏ, ਹੋਰ ਸਭਨਾਂ ਮੂੰਹ ਛਪਾਯਾ ਏ
ਦੇਵੀ ਪ੍ਰਗਟ ਕਰ ਆਏ ਚਰਤਾਰ ਸਿੰਘਾ, ਏਹ ਨਲਜਿਆਂ ਆਣ ਧੁਮਾਯਾ ਏ

ਗੁਰੂ ਜੀ ਨੇ ਗੁਸਾ ਖਾ ਕੇ ਸਾਰੀਆਂ ਚੀਜਾਂ ਨੂੰ ਅਗ ਲਾ ਦੇਣੀ

ਬਹੁਤ ਚਿਰ ਉਡੀਕਿਆ ਬ੍ਰਾਹਮਨਾਂ ਨੂੰ, ਅੰਤ ਸੋਚਿਆ ਹੈ ਬੇਈਮਾਨ ਗਏ
ਸਾਰਾ ਦਿਨ ਬਤੀਤ ਹੋ ਗਿਆ ਓਹ ਭੀ, ਪੰਮੇ ਆਏ ਨ ਭਜ ਲੈ ਜਾਨ ਗਏ
ਸਤਿਗੁਰੂ ਜੀ ਰਹੇ ਅਡੋਲ ਬੈਠੇ, ਲੀਨ ਹੋ ਸਰੂਪ ਭਗਵਾਨ ਗਏ

ਰਾਤ ਪਿਛਲੀ ਉਠਕੇ ਹਵਨ ਉਤੋਂ, ਪਹਿਲੇ ਕਰਨ ਸੋਚ ਅਸ਼ਨਾਨ ਗਏ
ਫੇਰ ਸਾਰੇ ਸਾਮਾਨ ਨੂੰ ਅਗ ਲਾਈ, ਸ਼ੋਹਲੇ ਉਡਕੇ ਚੜ੍ਹ ਅਸਮਾਨ ਗਏ
ਹੋਈ ਰੋਸ਼ਨੀ ਬੜੀ ਕਰਤਾਰ ਸਿੰਘਾ, ਭਰਮ ਵਿਚ ਪੈ ਕੇ ਲੋਕ ਅੰਞਾਨ ਗਏ

ਲੋਕਾਂ ਦਾ ਭਰਮ

ਜਿਸ ਵਕਤ ਪਹਾੜ ਤੇ ਅਗ ਬਲੀ, ਦੂਰ ਦੂਰ ਤੋੜੀ ਰੁਸ਼ਨਾਈ ਹੋਈ
ਪਕ ਸਾਰਿਆਂ ਲੋਕਾਂ ਨੇ ਠਾਨ ਲਿਆ, ਹੈ ਪ੍ਰਗਟ ਇਹੋ ਮਹਾਂ ਮਾਈ ਹੋਈ
ਇਹ ਉਸਦੀ ਜੋਤ ਦੀ ਰੋਸ਼ਨੀ ਹੈ, ਬੜੀ ਖਲਕਤਾ ਵਿਚ ਵਧਾਈ ਹੋਈ
ਇਹ ਨੇ ਸਮਝਦੇ ਮੂੜ੍ਹ ਕਰਤਾਰ ਸਿੰਘਾ, ਮਹਾਂ ਮਾਈ ਦੀ ਸਗੋਂ ਸਫਾਈ ਹੋਈ

ਸਤਿਗੁਰਾਂ ਨੇ ਪਹਾੜ ਤੋਂ ਉਤਰਕੇ ਅਨੰਦਪੁਰ ਆਉਣਾ

ਫੂਕ ਫਾਕ ਸਾਮਿਗਰੀ ਹਵਨ ਸੰਦੀ, ਥਲੇ ਉਤਰ ਪਹਾੜੋਂ ਦਾਤਾਰ ਆਵੇ
ਚਿਹਰਾ ਲਾਲ ਅਖੀਂ ਮਸਤ ਰੋਹ ਭਰੀਆਂ, ਲੈ ਹਥ ਨੰਗੀ ਤਲਵਾਰ ਆਏ
ਅਗੋਂ ਸੰਗਤਾਂ ਆਉਂਦੀਆਂ ਦਰਸ਼ਨਾਂ ਨੂੰ, ਲੋਕੀ ਹੁਮਹੁਮਾ ਇਕੋ ਵਾਰ ਆਏ
ਬਰਖਾ ਫੂਲਾਂ ਦੀ ਕਰਨ ਕਰਤਾਰ ਸਿੰਘਾ, ਚਹੁ ਪਾਸਿਓਂ ਬੋਲ ਜੈਕਾਰ ਆਏ

ਲੋਕਾਂ ਦੀਆਂ ਪੁਛਾਂ ਤੇ ਸਤਿਗੁਰਾਂ ਵਲੋਂ ਉਤਰ

ਲੋਕ ਪੁਛਦੇ ਆ, ਆ ਗੁਰੂ ਜੀ ਤੋਂ, ਹੋਈ ਕਿਸਤਰਾਂ ਪ੍ਰਗਟ ਅਵਤਾਰ ਦੇਵੀ
ਅਸ਼ਟ ਭੁਜੀ ਕਿ ਕਾਲਕਾ ਵੈਸ਼ਨੋ ਸੀ, ਪੈਦਲ ਆਈ ਕਿ ਸ਼ੇਰ ਅਸਵਾਰ ਦੇਵੀ
ਕਲੀ ਆਈ ਕਿ ਲੰਕੜਾ ਨਾਲ ਹੈਸੀ, ਵਰ ਦੇ ਕੀਹ ਗਈ ਦਾਤਾਰ ਦੇਵੀ
ਹਸ ਗੁਰੂ ਜੀ ਕਹਿਨ ਕਰਤਾਰ ਸਿੰਘਾ, ਸਚੀ ਹੈ ਜੋ ਏਹ 'ਤਲਵਾਰ' ਦੇਵੀ

ਵਾਕ ਕਵੀ

ਜਿਹੜਾ ਪੁਛਦਾ ਦੇਵੀ ਦੀ ਗਲ ਆਕੇ, ਨੰਗੀ ਫੜ ਤਲਵਾਰ ਵਿਖਾ ਦੇਂਦੇ
ਜਿਹੜਾ ਪੁਛਦਾ ਦੇਵੀ ਦਾ ਰੂਪ ਕੀਹ ਸੀ, ਤਲਵਾਰ ਨੂੰ ਫੇਰ ਲਿਸ਼ਕਾਂ ਦੇਂਦੇ
ਲੋਕਾਂ ਸਮਝਿਆ ਦੇਵੀ ਤਲਵਾਰ ਦੇ ਗਈ, ਸਭ ਥਾਂ ਏਹ ਗਲ ਧੁਮਾ ਦੇਂਦੇ
ਵਰ ਦੇ ਗਈ ਪੰਥ ਚਲਾਵਣੇ ਦਾ, ਥਾਂ ਥਾਂ ਏਹ ਗਲਾਂ ਚਲਾ ਦੇਂਦੇ

ਏਹੋ ਸੁਣ ਸੁਣਾ ਕੇ ਸ਼ਾਇਰ ਬਹੁਤੇ, ਮਨੌਂ ਜੋੜ ਢਕਵੰਜ ਲਿਖਾ ਦੇਂਦੇ
ਪੜ੍ਹ ਉਨ੍ਹਾਂ ਦੇ ਤਈਂ ਕਰਤਾਰ ਸਿੰਘਾ, ਦੇਵੀ ਭਗਤ 'ਗੁਰ' ਲੋਕ ਬਨਾ ਦੇਂਦੇ

### ਸਤਿਗੁਰਾਂ ਨੇ ਦਰਬਾਰ ਵਿਚ ਬ੍ਰਾਹਮਣਾਂ ਨੂੰ ਝਾੜ ਪਾਣੀ

ਇਕ ਸਾਲ ਪਿਛੋਂ ਦਰਬਾਰ ਲਗਾ, ਲੋਕ ਆ ਆ ਦੇਨ ਵਧਾਈ ਭਾਈ
ਰਲ ਆਉਂਦੀਆਂ ਸੰਗਤਾਂ ਵੇਖਣੇ ਨੂੰ, ਗੁਰਾਂ ਪ੍ਰਗਟ ਕੀਤੀ ਮਹਾਂ ਮਾਈ ਭਾਈ
ਦਿਤੇ ਵਰ ਬੜੇ ਦੇਵੀ ਗੁਰੂ ਜੀਨੂੰ, ਕੀਤੀ ਬਹੁਤ ਦੁਰਗਾ ਦਯਾਲਤਾਈ ਭਾਈ
ਹਥ ਵਾਲੀ ਤਲਵਾਰ ਹੈ ਦੇ ਗਈ, ਬਖਸ਼ ਗਈ ਡਾਢੀ ਬੀਰਤਾਈ ਭਾਈ
ਦੇਖੋ ਦੇਵਤਾ ਦਾ ਪ੍ਰਤਾਪ ਭਾਰਾ, ਲਾਲੀ ਚਿਹਰੇ ਉਤੇ ਕੇਹੀ ਛਾਈ ਭਾਈ
ਜਹੀਆਂ ਮੂੰਹ ਆਵਨ ਤਹੀਆਂ ਕਰਨ ਗਲਾਂ, ਘਰਘਰ ਹੋਰ ਹੀ ਵਧਾਈ ਭਾਈ
ਪੰਮਾ ਕੋਈ ਨ ਵਿਚ ਦਰਬਾਰ ਆਯਾ, ਆਈ ਚਲਕੇ ਸਭ ਲੁਕਾਈ ਭਾਈ
ਕੇਸ਼ੋਦਾਸ ਨੂੰ ਗੁਰਾਂ ਨ ਸਦਿਆ ਜਾਂ, ਆਯਾ ਬੁਰੀ ਜਹੀ ਸ਼ਕਲਬਨਾਈ ਭਾਈ
ਤੁਹਾਡੀਕਰਨੀਤੇਬ੍ਰਾਹਮਣੋਂਸ਼ਰਮ ਭਾਰੀ, ਗੁਸੇ ਵਿਚ ਆ ਗੁਰਾਂ ਸੁਨਾਈ ਭਾਈ
ਇਹ ਕੀਹ ਹੈ ਕੀਤੀ ਕਰਤੂਤ ਤੁਸਾਂ, ਤੁਹਾਡੀ ਹੈ ਏਹ ਕੀਹ ਦਾਨਾਈ ਭਾਈ
ਅਸੀਂ ਕਲੇ ਉਡੀਕਦੇ ਰਹੇ ਓਥੇ, ਤੁਸਾਂ ਮੁੜ ਨ ਸ਼ਕਲ ਦਿਖਾਈ ਭਾਈ
ਖਰਚ ਲਖਾਂ ਰੁਪਏ ਕਰਾ ਦਿਤੇ, ਨਾਲੇ ਅਸਾਂ ਤਕਲੀਫ ਉਠਾਈ ਭਾਈ
ਧੋਖੇ ਦੇ ਕੇ ਲੁਟਦੇ ਜਗ ਤੁਸੀਂ, ਹੈ ਲਾਹਨਤ ਤੁਹਾਡੀ ਕਮਾਈ ਭਾਈ
ਸਭਾ ਸੁਣਦੀ ਸਾਰੀ ਕਰਤਾਰ ਸਿੰਘਾ, ਬੁਰੀ ਝਾੜ ਸਤਿਗੁਰਾਂ ਨੇ ਪਾਈ ਭਾਈ

### ਕੇਸ਼ੋ ਦਾਸ ਦੀ ਚਤੁਰਾਈ

ਸਗੋਂ ਚਾਹੀਦੀ ਸੀ ਕੁਝ ਸ਼ਰਮ ਕਰਨੀ, ਅਗੋਂ ਆਖਦਾ ਸੁਨੋ ਦਾਨਾ ਗੁਰਜੀ
ਅਸੀਂ ਜੀਵ ਪਾਪੀ ਥੋੜੇ ਜਿਗਰ ਵਾਲੇ; ਸਾਡੀ ਅਰਜ਼ ਸੁਨੋ ਦਿਲਲਾ ਗੁਰਜੀ
ਔਖਾ ਤੇਜ ਸੀ ਝਲਨਾ ਦੇਵਤੇ ਦਾ, ਸਾਡੇ ਦਿਲ ਗਏ ਭੈ ਖਾ ਗੁਰਜੀ
ਬੁਰਾ ਡੋਲਦਾ ਦੇਖ ਪਹਾੜ ਤਾਈਂ, ਏਕੇ ਅਸੀਂ ਨ ਚਿਤ ਠਹਿਰਾ ਗੁਰਜੀ
ਹਨੂਮਾਨ, ਭੈਰੋਂ, ਕਲਜੋਗਨਾਂ ਜਾਂ; ਫਿਰੀਆਂ ਵਿਚ ਅਕਾਸ਼ ਦੇ ਆ ਗੁਰਜੀ

ਸਾਡਾ ਹੌਂਸਲਾ ਕੀਹ ਸੀ ਠਹਿਰ ਸਕਦੇ; ਸਾਨੂੰ ਲਿਆ ਸੀ ਡਰ ਦਬਾ ਗੁਰਜੀ
ਆਪ ਸ਼ਕਤੀਵਾਨ ਮਹਾਂਪੁਰਖ ਹੋ ਸਾਓ, ਬੈਠੇ ਰਹੇ ਓਥੇ ਆਸਨ ਲਾ ਗੁਰਜੀ
ਮਾੜੇ ਭਾਗ ਸਾਡੇ ਕਰਤਾਰ ਸਿੰਘਾ, ਲਿਆ ਅਸਾਂ ਨ ਦਰਸ਼ਨ ਪਾ ਗੁਰਜੀ

ਸ੍ਰੀ ਦਸਮੇਸ਼ ਜੀ ਨੇ ਕੇਸ਼ੋਦਾਸ ਨੂੰ ਸ਼ਰਮਿੰਦਿਆਂ ਕਰਨਾ

ਐਵੇਂ ਕੂੜ ਦੀਆਂ ਕਾਹਨੂੰ ਕਰੇ ਗਲਾਂ, ਅਸੀਂ ਜਾਣਦੇ ਸਾਂ ਚਤੁਰਾਈ ਤੁਹਾਡੀ
ਪਾਜ ਖੁਲ੍ਹਣੇ ਨੂੰ ਏਨਾਂ ਖਰਚ ਕੀਤਾ, ਵੇਖ ਲਈ ਹੈ ਸਾਰੀ ਕਮਾਈ ਤੁਹਾਡੀ
ਐਵੇਂ ਬਾ ਮਾਰੀ ਦੁਨੀਆਂ ਮਗ਼ ਲਗੀ, ਫਿਰੇ ਖਲਕਤ ਆਸ ਰਖਾਈ ਤੁਹਾਡੀ
ਦੇਵੀ, ਦੇ ਉਤੇ ਘਰੋਂ ਬਨਾ ਰਖੇ, ਦੁਨੀਆਂ ਲੁਟਣੀ ਹੈ ਦਾਨਾਈ ਤੁਹਾਡੀ
ਬਰਸ ਦਿਨ ਕੀਤਾ ਹਵਨ ਦੁਖ ਪਾਯਾ ਕਿਤੇ ਜਾ ਛਪੀ ਮਹਾਂਮਾਈ ਤੁਹਾਡੀ
ਘਰੋਂ ਕਰਕੇ ਖਰਚ ਕ੍ਰਤਾਰ ਸਿੰਘਾ, ਲਾਹੀ ਅਗੋਂ ਲਈ ਗਲੋਂ ਫਾਹੀ ਤੁਹਾਡੀ

ਸ੍ਰੀ ਦਸਮੇਸ਼ ਜੀ ਨੇ ਯਗ ਕਰਕੇ ਬ੍ਰਾਹਮਣਾਂ ਦਾ ਅਪਮਾਨ ਕਰਨਾ

ਚੀਜ਼ਾਂ ਬਹੁਤ ਵਧੀਆ ਪਈਆਂਸਨ ਬਾਕੀ, ਸਤਿਗੁਰਾਂ ਨੇ ਯਗ ਰਚਵਾ ਦਿਤਾ
ਬਿਨਾਂ ਬ੍ਰਹਮਣਾਂ ਦੇ ਹੋਰ ਸਭ ਜਾਤਾਂ, ਕਠਾ ਕਰ ਸਭ ਤਈਂ ਬੈਠਾ ਦਿਤਾ
ਵਰਨ ਆਸ਼ਰਮਾਂ ਦੀ ਫਾਹੀ ਤੋੜ ਕਰਕੇ, ਸਾਰਾ ਭਰਮ ਭਰਮਾ ਉਠਾ ਦਿਤਾ
ਊਚ ਨੀਚ ਇਕੋ ਜਹੇ ਕਰ ਸਾਰੇ; ਭੋਜਨ ਸਾਰਿਆਂ ਤਈਂ ਖੁਲ੍ਹਾ ਦਿਤਾ
ਮੂਲੋਂ ਬ੍ਰਾਹਮਣਾਂ ਤਈਂ ਬੁਲਾਯਾ ਨ; ਆਪੇ ਆਇਆਂ ਨੂੰ ਵਿਚੇ ਰਲਾ ਦਿਤਾ
ਊਚ *ਨੀਚਤਾ ਤਈਂ ਕਰਤਾਰ ਸਿੰਘਾ, ਇਕ ਦਮ ਸਤਿਗੁਰਾਂ ਗਵਾ ਦਿਤਾ

ਬ੍ਰਾਹਮਣਾ ਨੇ ਗੁਸੇ ਹੋਕੇ ਸਤਿਗੁਰਾਂ ਪਾਸ ਅਰਜ਼ ਕਰਨੀ

ਏਸ ਗਲ ਨੂੰ ਬ੍ਰਹਮਣਾਂ ਝਲਿਆ ਨ, ਕੌਂਹਦੇ ਸਾਡਾ ਅਪਮਾਨ ਕਰਯਾ ਕਾਹਨੂੰ
ਲਾਲੋ ਲਾਲ ਹੋ ਗੁਰਾਂ ਦੇ ਪਾਸ ਆਏ, ਬੋਲੇ ਰਸਤਾ ਨਵਾਂ ਚਲਾਯਾ ਕਾਹਨੂੰ
ਪਹਿਲੇ ਸਭ ਤੋਂ ਹਕ ਹੈ ਬ੍ਰਾਹਮਣਾਂ ਦਾ, ਸਾਨੂੰ ਧਕਕੇ ਪਿਛੇ ਹਟਾਯਾ ਕਾਹਨੂੰ

*ਊਚ ਨ ਰਤਾ ਗੁਰੂ ਘਰ ਵਿਚ ਕਰਮਾਨੁਸਾਰ ਮੰਨੀ ਹੈ ਜਨਮ ਅਨੁਸਾਰ ਨਹੀਂ
ਯਥਾ—ਜਾਜਾਤਿ ਜਾ ਪਤਿ ਹੈ ਜੇਹੇ ਕਰਮ ਕਮਾਇ ॥ ਗੁਰਵਾਕ

ਜਟਾਂਛੀਂ ਬਿਆਨਾਈਆਂ ਤੇਝੀਉਰਾਂਤਈ, ਸਾਥੋਂ ਪੈਹਲਾਂ ਹੀ ਭੋਜਨ ਛਕਾਯਾ ਕਾਹਨੂੰ
ਨੀਚਾਂ ਸ਼ੂਦਰਾਂ, ਵੈਸ਼ਾਂ, ਕਮੀਨਿਆਂ ਨੂੰ, ਸਾਥੋਂ ਕਰਕੇ ਅਗੇ ਬਿਠਾਯਾ ਕਾਹਨੂੰ
ਨਾਲੋ ਕਤੜਾ ਲੀੜਾ ਨ ਕੋਈ ਮਿਲਯਾ, ਕੇਸ਼ੋਦਾਸ ਕਹੇ ਸਾਨੂੰ ਭੁਲਾਯਾ ਕਾਹਨੂੰ
ਸਤਿਗੁਰ ਕਹਿੰਦੇ ਹਸ ਸੁਣੋ ਪੰਡਤ ਐਵੇਂ ਏਤਨਾ ਕ੍ਰੋਧ ਵਧਾਯਾ ਕਾਹਨੂੰ
ਸਾਨੂੰ ਚੇਤਾ ਨ ਰਿਹਾ ਕਰਤਾਰ ਸਿੰਘਾ, ਹੁਣ ਛਕੋ ਭੋਜਨ ਗੁਸਾ ਆਯਾ ਕਾਹਨੂੰ

ਏਸ ਪ੍ਰਥਾਇ ਸਤਿਗੁਰਾਂ ਨੇ ਏਹ ਸਵੈਯਾ ਉਚਾਰਨ ਕੀਤਾ

ਸੋਯਾ—ਜੋ ਕਛੁ ਲੇਖ ਲਿਖਯੋ ਬਿਧਨਾ ਸੋਈ ਪਾਯਤ ਮਿਸ਼ਰ ਜੂ ਸ਼ੋਕ ਨਿਵਾਰੋ।
ਮੇਰੋ ਕਛੂ ਅਪਰਾਧ ਨਹੀਂ ਗਯੋ ਯਾਦ ਤੇ ਭੂਲ ਨ, ਕੋਪ ਚਿਤਾਰੋ।
ਬਾਗੋ ਨਿਹਾਲੀ ਪਠੈ ਦਯੋਂ ਆਜ ਹੀ ਭਲੇ ਤੁਮ ਕੋ ਨਿਹਚੇ ਜੀਅ ਧਾਰੋ।
ਛਤ੍ਰੀ ਸਭੈ ਕ੍ਰਿਤ ਬਿਪਨ ਕੇ ਇਨਹੂ ਪੈ ਕਟਾਛ ਕਿਰਪਾ ਕੈ ਨਿਹਾਰੋ।

ਏਹ ਖੋਟੇ ਬਚਨ ਸੁਣਕੇ ਸਤਿਗੁਰਾਂ ਨੇ ਸਿਖਾਂ ਦੀ ਵਡਿਆਈ ਕਰਨੀ

ਪੰਡਤ ਜੀ ਅਜਿਹੇ ਨ ਬਚਨ ਬੋਲੋ, ਗਲਾਂ ਸਕੇ ਨ ਚਿਤ ਸਹਾਰ ਮੇਰਾ
ਜਿਨ੍ਹਾਂ ਤਈਂ ਕੰਮੀ ਸ਼ੂਦਰ ਪਏ ਆਖੋ, ਏਹੋ ਹੈ ਸਚਾ ਪਰਵਾਰ ਮੇਰਾ
ਏਹ ਬ੍ਰਾਹਮਣਾਂ ਤੋਂ ਮੈਨੂੰ ਬਹੁਤ ਚੰਗੇ, ਬਰਕਤ ਇਨ੍ਹਾਂ ਦੀ ਹੈ ਘਰ ਬਾਰ ਮੇਰਾ
ਸਭ ਇਨ੍ਹਾਂ ਦੀ ਹੈ ਕਮਾਈ ਭਾਰੀ, ਹੀਰਾ, ਮੋਤੀ ਤੇ ਆਰ ਬੁਖਾਰ ਮੇਰਾ
ਨਾਲ ਇਨ੍ਹਾਂ ਦੇ ਮੇਰਾ ਹੈ ਸ਼ਾਨ ਵਡਾ, ਏਹਨਾਂ ਪਿਛੇ ਨੂੰ ਮਾਨ ਸੰਸਾਰ ਮੇਰਾ
ਬਰਕਤ ਇਨ੍ਹਾਂ ਦੀ ਜਿਤੇ ਨੇ ਜੰਗ ਵਡੇ, ਇਨ੍ਹਾਂ ਬਾਝ ਨਾਹੀਂ ਕੋਈ ਯਾਰ ਮੇਰਾ
ਏਹ ਮੇਰੇ ਮੈਂ ਇਨ੍ਹਾਂ ਦਾ ਹੋ ਚੁਕਾ, ਇਹਨਾਂ ਨਾਲ ਹੈ ਵਡਾ ਪਿਆਰ ਮੇਰਾ
ਇਹ ਸਿਖ ਮੈਂ ਗੁਰੂ ਕਰਤਾਰ ਸਿੰਘਾ, ਇਹਨਾਂ ਉਤੋਂ ਸਰੀਰ ਬਲਿਹਾਰ ਮੇਰਾ

ਏਸ ਪ੍ਰਥਾਇ ਜੋ ਸਤਿਗੁਰਾਂ ਸਵੈਯਾ ਕਹਿਆ ਹੈ, ਓਹ ਹੇਠ ਲਿਖਿਆ ਜਾਂਦਾ ਹੈ

ਸ੍ਵੈਯਾ—ਜੁਧ ਜਿਤੇ ਇਨਹੀ ਕੇ ਪ੍ਰਸਾਦਿ, ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।
ਅਘ ਓਟ ਟਰੇ ਇਨਹੀ ਕੇ ਪ੍ਰਸਾਦਿ, ਇਨਹੀ ਕੀ ਕ੍ਰਿਪਾ ਫੁਨਧਾਮ ਭਰੇ।
ਇਨਹੀ ਕੇ ਪ੍ਰਸਾਦਿ ਸੁ ਬਿਦਯਾ ਲਈ, ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ।

ਇਨਹੀ ਕੀ ਕ੍ਰਿਪਾ ਕੇ ਹਮ ਸਜੇ ਹੈਂ, ਨਹੀਂ ਮੋ ਸੇ ਗਰੀਬ ਕਰੋਰ ਪਰੇ।

ਏਹ ਸ੍ਵੱਯਾ ਸੁਣ ਕੇ ਕੇਸੋ ਦਾਸ ਨੇ ਹੋਰ ਜਲਕੇ ਬੋਲਣਾ

ਆਦ ਅੰਤ ਬ੍ਰਾਹਮਣ ਮੁਖ ਸਭ ਦੇ ਨੇ, ਆਯਾ ਪੂਜਦਾ ਹੈ ਜਹਾਨ ਸਦਾ
ਦਿਤਾ ਬ੍ਰਾਹਮਨਾਂ ਨੂੰ ਸਭਾ ਹੈ ਫਲਦਾ, ਆਏ ਛਤ੍ਰੀ ਦੇਂਵਦੇ ਦਾਨ ਸਦਾ
ਏਥੇ ਯੱਸ ਅਗੇ ਚਲ ਭਲਾ ਹੋਵੇ, ਸਾਡੀ ਸੇਵਾ ਜੋ ਕਰਨ ਜਜਮਾਨ ਸਦਾ
ਦਿਤਾ ਸੂਦ੍ਰਾਂ ਤਈਂ ਕਰਤਾਰਸਿੰਘਾ,ਨਿਸਫਲ ਹੋਂਵਦਾ ਦਾਨ ਉਹਜਾਨ ਸਦਾ

ਸ੍ਰੀ ਦਸਮੇਸ਼ ਜੀ ਨੇ ਫੇਰ ਉੱਤਰ ਦੇਣਾ

ਮੇਰੇ ਸਿਖਾਂ ਨੂੰ ਸੂਦਰ ਕਹੋ ਨਾਹੀਂ, ਭੈੜਾ ਬੋਲ ਏਹ ਮੈਨੂੰ ਸੁਖਾਂਵਦਾ ਨਹੀਂ
ਸੂਦ੍ਰ ਨਹੀਂ ਏਹਛਤ੍ਰੀ ਬੀਰਬਾਂਕੇ,ਉੱਤਮ ਇਨ੍ਹਾਂਤੋਂ ਨਜ਼ਰਕੋਈ ਆਂਵਦਾ ਨਹੀਂ
ਕਰਮ ਇਨ੍ਹਾਂਦੇ ਉੱਤਮ ਬ੍ਰਾਹਮਨਾਂਤੋਂ,ਤੁਹਾਨੂੰ ਕਿਉਂ ਮੇਰਾ ਪੰਥਭਾਂਵਦਾ ਨਹੀਂ
ਸੇਵਾਇਨ੍ਹਾਂਦੀਕੀਤਿਆਂਫਲ ਵਡੇ,ਤੁਹਾਡੀ ਸੇਵਾਕਰਨੀਚਿਤ ਚਾਂਹਵਦਾ ਨਹੀਂ
ਇਨ੍ਹਾਂ ਸਿਖਾਂ ਨੂੰ ਦੇਵਨਾ ਦਾਨ ਭਲਾ, ਦਿਤਾ ਹੋਰਥਾਂ ਫਲਲਿਆਂਵਦਾ ਨਹੀਂ
ਅਗੇ ਇਨ੍ਹਾਂ ਦਾ ਹੀ ਦਿਤਾ ਫਲੇਗਾ ਜੀ, ਮੈਂ ਹੋਰਥਾਂ ਦੇ ਗਵਾਂਵਦਾ ਨਹੀਂ
ਮੇਰਾ ਤਨ ਤੇ ਧਨ ਸਭ ਇਨ੍ਹਾਂ ਦਾ ਏ, ਹਕ ਇਨ੍ਹਾਂ ਦਾ ਮੈਂ ਲੁਟਾਂਵਦਾ ਨਹੀਂ
ਮੇਰਾ ਸਿਰ, ਪ੍ਰਵਾਰ ਕਰਤਾਰ ਸਿੰਘਾ, ਸਭ ਇਨ੍ਹਾਂ ਦਾ ਮੈਂ ਛਪਾਂਵਦਾ ਨਹੀਂ

ਏਸ ਪ੍ਰਥਾਇ ਸਤਿਗੁਰਾਂ ਨੇ ਏਹ ਸਵੈਯ ਉਚਾਰਨ ਕੀਤਾ

ਸ੍ਵੈਯਾ–ਸੇਵ ਕਰੀ ਇਨਹੀ ਕੀ ਭਾਵਤ ਔਰ ਕੀ ਸੇਵ ਸੁਹਤ ਨ ਜੀ ਕੋ
ਦਾਨ ਦੀਓ ਇਨਹੀ ਕੋ ਭਲੋ ਅਰ ਆਨ ਕੋ ਦਾਨ ਲਾਗਤ ਨੀਕੋ
ਆਗੈ ਫਲੈ ਇਨਹੀ ਕੋ ਦੀਯੋ ਜਗ ਮੈ ਜਸ ਔਰ ਦੀਯੋ ਸਭ ਫੀਕੋ
ਮੋ ਗ੍ਰਿਹਿ ਮੋ ਤਨ ਤੇ ਮਨ ਤੇ ਸਿਰ ਲੌ ਧਨ ਸਭ ਹੀ ਇਨ ਹੀ ਕੋ

ਏਹ ਤੀਸਰਾ ਸ੍ਵੈਯਾ ਸੁਣ ਕੇ ਕੇਸੋਦਾਸ ਨੇ ਸੜ ਜਾਣਾ

ਡਾਢੀ ਹੋਈ ਨਿਰਾਦਰੀ ਸਭਾ ਅੰਦਰ, ਮੂੰਹ ਵਟ ਕੇ ਹੋ ਉਦਾਸ ਬੋਲੇ
ਕੌਡੀ ਮਿਲੀ ਭੀ ਦਖਨਾ ਨਹੀਂ ਸਾਨੂੰ, ਕੇਸ਼ੋ ਜਹੇ ਲੈਂਦੇ ਉਭੇ ਸਾਸ ਚਲੇ

ਤਨ ਮਨ ਤਾਈਂ ਸਾਰੇ ਅਗ ਲਗੀ, ਚਲੇ ਵਸ ਨ ਹੋ ਨਿਰਾਸ ਚਲੇ
ਖਣਨ ਆਏ ਸਨ ਘਰੋ ਕਰਤਾਰ ਸਿੰਘਾ, ਹੋਲੇ ਹੋਕੇ ਛਡ ਹਰਾਸ ਚਲੇ

ਏਹ ਚੌਥਾ ਦੋਹਿਰਾ ਸਤਿਗੁਰਾਂ ਉਚਾਰਨ ਕੀਤਾ

ਚੰਟ ਪਟਾਇ ਚਿਤ ਮੈਂ ਜਰਜੋ ਤ੍ਰਿਣ ਜਿਉਂ ਕ੍ਰੁੱਧਤ ਹੋਇ ॥
ਖੋਜ ਰੋਜ ਕੇ ਹੇਤ ਲਗ ਦਯੋ ਮਿਸ਼ਰ ~ ਜੂ ਰੋਇ ॥

ਵਾਕ ਕਵੀ

ਏਹ ਭੀਪਿਆਸੀ ਦੇਸਵਿਚ ਜਾਲ ਭਾਰਾ, ਯੁਕਤੀਨਾਲ ਸਤਿਗੁਰਾਂ ਤੁੜਾ ਦਿਤਾ
ਦੇਵੀ ਦੇਊਤਿਆਂ ਦਾ ਭਰਮ ਸਿਖਾਂ ਵਿਚੋਂ, ਏਸ ਚਾਲ ਦੇ ਨਾਲ ਉਠਾ ਦਿਤਾ
ਨਹੀਂ ਦੇਵਤੇ ਵਿਚ ਪਹਾੜਾਂ ਬੈਠੇ, ਸਭ ਫੋਲਨਾਂ ਫੋਲ ਦਿਖਾ ਦਿਤਾ
ਏਹ ਬ੍ਰਾਹਮਨਾਂ ਨੇ ਝੂਠੇ ਜਾਲ ਰਚੇ, ਹਰ ਇਕ ਦੇ ਦਿਲ ਬੈਠਾ ਦਿਤਾ
ਗੁਰੂ ਘਰੋਂ ਜਵਾਬ ਦੇ ਬ੍ਰਾਹਮਨਾਂ ਨੂੰ, ਦਾਬਾ ਸਿਖਾਂ ਦੇ ਸਿਰੋਂ ਗਵਾ ਦਿਤਾ
ਦੁਖੀ ਹੋ ਕੇ ਪੰਡਿਤ ਟੁਰ ਚਲੇ, ਸਦ ਗੁਰਾਂ ਨੇ ਧਨ ਦਿਵਾ ਦਿਤਾ
ਥੋੜਾ ਬਹੁਤ ਦੇ ਅਗੋਂ ਨੂੰ ਹਥ ਜੋੜੇ, ਸਿਖਾਂ ਨਾਲੋਂ ਸਨਬੰਧ ਤੁੜਾ ਦਿਤਾ
ਏਹ ਗੁਰਾਂ ਤੋਂ ਪੂਜੀ ਕਰਤਾਰ ਸਿੰਘਾ, ਪਾਜ ਬਣਿਆਂ ਸਾਰਾ ਖੁਲ੍ਹਾ ਦਿਤਾ

ਵਿਚਾਰ ਦੀ ਨਜ਼ਰ

ਜੋੜੀ ਟੇਕ ਪਿਛੋਂ ਕਿਸੇ ਹੈ ਕਰਨੀ, ਨਿਗ੍ਹਾ ਓਹਦੇ ਉੱਤੇ ਪਹਿਲਾਂ ਪਾਈਏ ਜੀ
ਆਖਣ ਵਾਲਿਆਂ ਨੇ ਸਾਨੂੰ ਆਖਨਾ ਏਂ, ਗੁਰਾਂ ਸੀ ਪੂਜੀ ਮਹਾਂ ਮਾਈਏ ਜੀ
ਲਿਖਿਆਸੂਰਜਪ੍ਰਕਾਸ਼ਵਿਚਹੈ ਸਾਰਾ, ਭਾਈਸੰਤੋਖਸਿੰਘ ਨੇਮੈਹਮਾਂ ਗਾਈਏ ਜੀ
ਫੇਰ ਦਸਦਾ ਏ ਗੁਰ ਬਿਲਾਸ ਪਿਆ, ਗੁਰਾਂ ਸ੍ਰੀ ਭਗਉਤੀ ਮਨਾਈਏ ਜੀ
ਸਤਿਗੁਰਾਂ ਨੇ ਚੰਡੀ ਚਰਿਤ੍ਰ ਲਿਖੇ, ਦਸਮ ਗਰੰਥ ਦੇ ਰਿਹਾ ਗਵਾਈਏ ਜੀ

---

ਨੋਟ—ਕਈ ਪਖੰਡੀ ਇਹਨਾਂ ਸਵੱਯਾਂ ਦੇ ਉਲਟੇ ਅਰਥ ਲਾਕੇ ਏਹਨਾਂ ਵਿਚੋਂ ਬ੍ਰਾਹਮਣਾਂ ਦਾ ਪੂਜਨਾ ਸਿਧ ਕਰਦੇ ਹਨ, ਪਰ ਏਹ ਉਹਨਾਂ ਦੀ ਮੂਰਖਤਾ ਹੈ। ਦੋਹਿਰਾ ਪੜ੍ਹਨ ਨਾਲ ਸਾਫ਼ ਮਤਲਬ ਸਿਧ ਹੋ ਜਾਂਦਾ ਹੈ, ਨਾਲੇ ਵਯਾਕਰਨ ਦਵਾਰਾ ਭੀ ਇਨ ਹੀ ਸ਼ਬਦ ਅਨਯ ਪੁਰਖ ਵਾਚਕ ਹੈ, ਪੰਡਿਤ ਏਸ ਪ੍ਰਸੰਗ ਵਿਚ ਮੱਧਮ ਪੁਰਖ ਹੈ ਤੇ ਗੁਰੂ ਜੀ ਉਤਮ ਪੁਰਖ ਹਨ।

'ਫੇਰ ਪ੍ਰਿਥਮ ਭਗਾਉਤੀ ਸਿਮਰ ਕਰਕੇ', ਸ੍ਰੀ ਮੁਖ ਤੋਂ ਗੁਰਾਂ ਸੁਨਾਈਏ ਜੀ
ਲਿਖਯਾ ਕਈ ਥਾਈਂ ਖੰਡਾ ਦੇਵੀ ਦਿਤਾ, ਹਨੂੰਮਾਨ ਨੇ ਕਢ ਦਿਵਾਈਦੇ ਜੀ
'ਗੁਰ ਸਿਮਰ ਮਨਾਈ ਕਾਲਕਾ', ਵੇਲੇ ਖੰਡੇ ਗੁਰਾਂ ਧਿਆਈਏ ਜੀ
ਏਸੇ ਤਰਾਂ ਦੇ ਸਿਧ ਪਰਮਾਨ ਕਈ, ਪਲਾ ਇਨ੍ਹਾਂ ਤੋਂ ਕਿਵੇਂ ਛਡਾਈਦੇ ਜੀ
ਏਹ ਸਾਰੇ ਹੀ ਸੰਸੇ ਕਰਤਾਰ ਸਿੰਘਾ, ਨਾਲ ਯੁਕਤੀਆਂ ਮਾਰ ਉਡਾਈਏ ਜੀ

ਤਥਾ

ਅਸੀਂ ਮੰਨਦੇ ਗ੍ਰੰਥਾਂ ਦੇ ਵਿਚ ਲਿਖਯਾ, ਪਰ ਜ਼ਰਾ ਕੁ ਹੋਸ਼ ਵਿਚ ਆਈਏ ਜੀ
ਗਰੰਥਾਂ ਵਾਲੇ ਸਚੇ ਜਾਂ ਹੈ ਗੁਰੂ ਸਚਾ, ਝੂਠਾ ਇਕ ਨੂੰ ਵਿਚੋਂ ਠਹਿਰਾਈਦੇ ਜੀ
ਸਾਫ ਆਖੋਗੇ ਝੂਠੇ ਗਰੰਥਾਂ ਵਾਲੇ, ਸਚੇ ਗੁਰੂ ਦੀ ਸਚੀ ਵਡਿਆਈਦੇ ਜੀ
ਤਦ ਸ੍ਰੀ ਮੁਖਵਾਕ ਤੋਂ ਲਿਖਯਾ ਏ, ਨਿਹਚਾ ਓਸ ਦੇ ਉਤੇ ਰਖਾਈਦੇ ਜੀ
ਹੋਰ ਗੁਰਾਂ ਨਾਲੋਂ ਕੋਈ ਮੋਹਤਬਿਰ ਨ; ਓਹਨਾਂ ਪਾਸੋਂ ਹੀ ਪੁਛ ਪੁਛਾਈਦੇ ਜੀ
ਦੇਵੀ ਤੁਸੀਂ ਮਨਾਈ ਸੀ ਇਸ਼ਟ ਕਰਕੇ, ਬਾਣੀ ਦੇਵੇਗੀ ਪਈ ਗਵਾਹੀਏ ਜੀ
ਹੇਠ ਲਿਖਦੇ ਅਸੀਂ ਨਖੇੜ ਕਰਕੇ, ਕਰ ਟਾਕਰੇ ਸਾਰੇ ਦਿਖਾਈਦੇ ਜੀ
ਲੈ ਸਾਰਾ ਪ੍ਰਸੰਗ ਕਰਤਾਰ ਸਿੰਘਾ, ਗੁਰਬਾਣੀ ਕਸੌਟੀ ਤੇ ਲਾਈਦੇ ਜੀ

ਗੁਰ ਬਿਲਾਸ ਤੇ ਸੂਰਜ ਪ੍ਰਕਾਸ਼ ਵਿਚ ਦੇਵੀ ਦੇ ਪ੍ਰਸੰਗ ਲਿਖੇ ਹੋਣ ਕਰਕੇ ਹੀ ਅਸੀਂ ਓਹਨਾਂ ਉਤੇ ਨਿਸਚਾ ਨਹੀਂ ਕਰ ਸਕਦੇ, ਕਿਉਂਕਿ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਪੁਛੀਏ ਤਾਂ ਇਸ ਤਰ੍ਹਾਂ ਦੇ ਅਨੇਕ ਉੱਤਰ ਮਿਲਦੇ ਹਨ।

ਯਥਾ:—

ਮੁਇਆ ਮੋਹੇ ਸਭੁ ਦੇਵੀ ਦੇਵਾ॥...... ...... (ਗਉੜੀ ਮ: ੧)
ਭਰਮੇ ਸੁਰ ਨਰ ਦੇਵੀ ਦੇਵਾ॥...... ...... (ਗਉੜੀ ਮ: ੫)
ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥

†ਏਹ ਅਗਲੇ ਸਾਰੇ ਦ੍ਰਿਸਟਾਂਤ ਸਿਰਫ ਏਸ ਲਈ ਦਿਤੇ ਹਨ ਕਿ ਜੋ ਲੋਕ ਇਹ ਹਠ ਰਖਦੇ ਹਨ ਕਿ ਦਸਵਾ ਸਤਿਗੁਰਾਂ ਨੇ ਇਸ਼ਟ ਕਰਕੇ ਤੇ ਪੰਥ ਪ੍ਰਗਟਾਉਨ ਲਈ ਧਿਆਈ ਸੀ, ਓਹ ਆਪਹੀ ਇਹਨਾਂ ਨੂੰ ਪੜ੍ਹਕੇ ਨਿਰਣਾ ਕਰ ਲੈਣ।

ਪਾਹੁਣ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥

(ਸੋਰਠ ਮ: ੧)

---

ਕੋਟ ਦੇਵੀ ਜਾਕਉ ਸੇਵਹਿ ਲਖਮੀ ਅਨਿਕ ਭਾਂਤਿ ॥
ਗੁਪਤ ਪ੍ਰਗਟ ਜਾਕਉ ਅਰਾਧਹਿ ਪਉਣੁ ਪਾਣੀ ਦਿਨਸੁ ਰਾਤਿ ॥

(ਆਸਾ ਛੰਤ ਮ: ੫)

---

ਮਹਿਮਾ ਨ ਜਾਨਹਿ ਬੇਦ । ਬ੍ਰਹਮੇ ਨਹੀਂ ਜਾਨਹਿ ਭੇਦ ॥
ਸੰਕਰਾ ਨਹੀ ਜਾਨਹਿ ਭੇਵ । ਖੋਜਤ ਹਾਰੇ ਦੇਵ ॥
ਦੇਵੀਆ ਨ ਜਾਨੈ ਪਰਮ । ਸਭ ਊਪਰਿ ਅਲਖ ਪਾਰਬ੍ਰਹਮ ॥

(ਰਾਮਕਲੀ ਮ: ੫)

---

ਮਹਾਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥
ਤੂ ਕਹੀਅਤਹੀ ਆਦਿ ਭਵਾਨੀ । ਮੁਕਤਿ ਕੀ ਬਰੀਆ ਕਹਾ ਛਪਾਨੀ ॥

(ਗੋਂਡ ਨਾਮਦੇਵ ਜੀ)

---

ਈਸਰੁ ਬ੍ਰਹਮਾ ਦੇਵੀ ਦੇਵਾ । ਇੰਦ੍ਰ ਤਪੇ ਮੁਨਿ ਤੇਰੀ ਸੇਵਾ ॥ (ਮਾਰੂ ਮ: ੧)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਛੁੱਟ ਜਦ ਅਸੀਂ ਭਾਈ ਬਾਲੇ ਵਾਲੀ ਜਨਮ ਸਾਖੀ ਵਲ ਤਕਦੇ ਹਾਂ ਤਾਂ ਏਹ ਪ੍ਰਸੰਗ ਵਿਚੋਂ ਨਜ਼ਰ ਪੈਂਦਾ ਹੈ । ਯਥਾ :—

ਜਦ ਭਾਈ ਲਹਿਰਾ ਜੀ ਦੇਵੀ ਦੇ ਦਰਸ਼ਨ ਨੂੰ ਜਾਂਦਾ ਹੋਇਆ ਸ੍ਰੀ ਕਰਤਾਰਪੁਰੇ ਰਾਤ ਠਹਿਰ ਗਿਆ, ਤਾਂ ਪਿਛਲੀ ਰਾਤੇ ਉੱਠ ਸ੍ਰੀ ਗੁਰੂ ਨਾਂਨਕ ਦੇਵ ਜੀ ਦੇ ਦਰਸ਼ਨ ਵਾਸਤੇ ਜਦ ਗੁਰੂ ਕੇ ਦਰਬਾਰ ਵਲ ਆਯਾ ਤਾਂ ਸਤਿਗੁਰਾਂ ਦੇ ਦਵਾਰੇ ਇਕ ਤੀਵੀਂ ਬੜੇ ਸੁੰਦਰ ਰੂਪ ਵਾਲੀ ਝਾੜੂ ਦੇਂਦੀ ਦੇਖੀ । ਜਦ ਓਸ ਨੇ ਪੁਛਿਆ ਤੂੰ ਕੌਣ ਹੈਂ ? ਤਾਂ ਓਸ ਨੇ ਦਸਿਆ ਕਿ ਮੈਂ ਦੁਰਗਾ ਹਾਂ ਤੇ ਮੇਰੇ ਜੇਹੀਆਂ ਅਨੇਕ ਏਸ ਪੁਰਸ਼ ਦੇ ਦਰਵਾਜੇ ਤੇ ਟਹਿਲਨਾਂ ਵਾਂਗ ਖੜੀਆਂ ਹਨ ।

ਵਿਚਾਰ—ਏਸ ਤੋਂ ਭੀ ਸਿਧ ਹੁੰਦਾ ਹੈਕਿ ਜਿਸ ਗੁਰੂ ਨਾਨਕ ਸਾਹਿਬ

ਦੇ ਦਵਾਰੇ ਟਹਿਲਨਾਂ ਵਾਂਗ ਸੇਵਾ ਕਰਦੀ ਦੇਵੀ ਵਿਖੀ ਹੈ, ਓਸ ਗੁਰ ਗੱਦੀ ਦੇ ਮਾਲਕ ਸਰਬ ਸ਼ਕਤੀਮਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਵੀ ਨੂੰ ਆਪਣਾ ਇਸ਼ਟ ਮੰਨ ਕੇ ਯਾ ਸਹਾਇਤਾ ਲਈ ਉਸ ਦੀ ਕਦੇ ਭੀ ਪੂਜਾ ਨਹੀਂ ਕੀਤੀ ਹੋਵੇਗੀ॥

ਹੋਰ ਗਵਾਹੀ

ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੀਰਤ ਪੁਰੇ ਗਏ ਜੋ ਤਾਰਾ ਚੰਦ ਦੇ ਰਾਜ ਵਿਚ ਸੀ, ਉਥੋਂ ਨੇੜੇ ਹੀ ਨੈਨਾਂ ਦੇਵੀ ਦਾ ਮੰਦਰ ਸੀ। ਸ੍ਰੀ ਗੁਰੂ ਜੀ ਦੇ ਇਕ ਸਿੱਖ ਭੈਰੋਂ ਨਾਮੀ ਨੇ, ਓਹ ਮੰਦਰ ਵਿਚ ਜਾਕੇ ਦੇਵੀ ਦੀ ਮੂਰਤੀ ਦਾ ਨੱਕ ਤੋੜ ਸੁਟਿਆ। ਏਹ ਖਬਰ ਜਦ ਰਾਜਿਆਂ ਤੇ ਪਹਾੜੀ ਲੋਕਾਂ ਨੂੰ ਹੋਈ ਤਾਂ ਓਹਨਾਂ ਨੇ ਗੁਰੂ ਜੀ ਪਾਸ ਆਕੇ ਫਰਯਾਦ ਕੀਤੀ ਤੇ ਗੁਰੂ ਜੀ ਨੇ ਓਸ ਸਿੱਖ ਨੂੰ ਰਾਜਿਆਂ ਦੇ ਸਾਹਮਣੇ ਬੁਲਾਕੇ ਪੁਛਿਆ। ਤਾਂ ਓਸ ਨੇ ਜਵਾਬ ਦਿਤਾ ਮਹਾਰਾਜ ਦੇਵੀ ਪਾਸੋਂ ਪੁਛਿਆ ਜਾਵੇ ਕਿ ਤੇਰਾ ਨਕ ਕਿਸ ਨੇ ਤੋੜਿਆ ਹੈ। ਏਹ ਗੱਲ ਸੁਣ ਰਾਜਿਆਂ ਨੇ ਕਹਿਆ ਕਿ ਮੂਰਖ ਕਦੇ ਪੱਥਰ ਦੀ ਦੇਵੀ ਗੱਲਾਂ ਭੀ ਕਰ ਸਕਦੀ ਹੈ? ਤਾਂ ਭੈਰੋਂ ਨੇ ਹੱਸ ਕੇ ਜਵਾਬ ਦਿਤਾ ਕਿ ਜੇ ਕਰ ਦੇਵੀ ਬੋਲ ਨਹੀਂ ਸਕਦੀ ਤੇ ਨ ਆਪਣੇ ਅੰਗ ਬਚਾ ਸਕਦੀ ਹੈ, ਤਾਂ ਫੇਰ ਤੁਸੀਂ ਲੋਕ ਓਸ ਪੱਥਰ ਪਾਸੋਂ ਕੀ ਨੇਕੀ ਦੀ ਉਮੇਦ ਰੱਖ ਸਕਦੇ ਹੋ? ਏਹ ਗੱਲ ਸੁਣਕੇ ਸਾਰੇ ਸ਼ਰਮਿੰਦੇ ਹੋ ਗਏ ਆਦਿ॥

ਏਹ ਸਾਰਾ ਪ੍ਰਸੰਗ ਤਵਾਰੀਖ ਦਬਿਸਤਾਨ ਮੁਜ਼ਾਹਬ ਵਿਚ ਓਸ ਦੇ ਕਰਤਾ 'ਮੋਹਸਨ ਫਾਨੀ' ਨੇ ਏਹ ਅੱਖੀਂ ਡਿੱਠਾ ਹਾਲ ਲਿਖਿਆ ਹੈ ਕਿਉਂਕਿ ਉਹ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਹਜ਼ੂਰ ਕੁਝ ਚਿਰ ਰਿਹਾ ਸੀ।

ਵਿਚਾਰ—ਏਸ ਤੋਂ ਭੀ ਸਿੱਧ ਹੁੰਦਾ ਹੈ ਕਿ ਜਿਸ ਘਰ ਦੇ ਸਿੱਖ ਏਸ ਨਿਸਚੇ ਵਾਲੇ ਹੋਣ ਓਸ ਗੁਰ ਗੱਦੀ ਦੇ ਮਾਲਕ ਕਦ ਦੇਵੀ ਦੇਉਤਿਆਂ

ਦੇ ਪੂਜਨ ਵਾਲੇ ਹੋ ਸਕਦੇ ਹਨ ?

ਏਹਨਾਂ ਸਬੂਤਾਂ ਤੋਂ ਛੁਟ ਜਦ ਅਸੀਂ ਦਸਮੇਸ਼ ਜੀ ਦੇ ਸ੍ਰੀ ਮੁਖਵਾਕਾਂ ਨੂੰ ਪੜ੍ਹੀਏ ਤਾਂ ਇਹ ਉਤ੍ਰ ਮਿਲਦੇ ਹਨ—

ਯਥਾ—ਮਮ ਇਸ਼ਟ ਏਕ ਅਕਾਲ । ਜਿਹ ਭਜ ਮਿਟੇ ਕਰਮ ਜਾਲ ।

———

(ਅਕਾਲ ਉਸਤਤ)

ਨ ਦੇਵ ਭੇਵ ਮਾਨ ਹੋਂ । ਅਕਾਲ ਏਕ ਜਾਨ ਹੋਂ ।

———

(ਬਚਿਤ੍ਰ ਨਾਟਕ)

ਪਖਾਨ ਪੂਜ ਹੋਂ ਨਹੀਂ । ਨ ਭੇਖ ਭੀਜ ਹੋਂ ਕਹੀਂ ।

———

(ਬਚਿਤ੍ਰ ਨਾਟਕ)

ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ, ਅਜੋਨ, ਅਜੈ ਅਬਨਾਸੀ ਤਿਹ ਪਰਮੇਸ਼ਰ ਜਾਨੋ ॥

(ਹਜਾਰੇ ਦੇ ਸ਼ਬਦ ਪਾ: ੧੦)

ਭਜੋਂ ਸੁ ਏਕ ਨਾਮਯੰ । ਜੁ ਆਮ ਸਰਬ ਠਾਮਯੰ ॥
ਨ ਜਾਪ ਆਨ ਕੋ ਜਪੋਂ । ਨ ਔਰ ਥਾਪਨਾ ਥਪੋਂ ॥

———

(ਬਚਿਤ੍ਰ ਨਾਟਕ)

ਅਵਰਨ ਕੀ ਆਸਾ ਕਛੁ ਨਾਹੀਂ । ਏਕੈ ਆਸ ਧਰੋ ਮਨ ਮਾਹੀਂ ।

———

(ਅਕਾਲ ਉਸਤਤ)

ਅਨਹਦ ਰੂਪ ਅਨਾਹਦ ਬਾਨੀ॥ਚਰਨ ਸਰਨ ਜਿਹ ਬਸਤ ਭਵਾਨੀ॥

———

(ਅਕਾਲ ਉਸਤਤ ਚੌਪਈ)

ਏਹਨਾਂ ਬਚਨਾਂ ਤੋਂ ਭੀ ਸਿਧ ਹੁੰਦਾ ਹੈ ਕਿ ਸਤਿਗੁਰ ਬਿਨਾਂ ਅਕਾਲ ਪੁਰਖ ਦੇ ਹੋਰ ਕਿਸੇ ਨੂੰ ਆਪਨਾ ਪੂਜਯ ਨਹੀਂ ਸਨ ਮੰਨਦੇ ॥

ਹੁਣ ਜੇ ਕਰ ਕੋਈ ਬਾਦੀ ਪੁਰਸ਼ ਏਸ ਗਲ ਤੇ ਜ਼ੋਰ ਦੇਵੇ ਕਿ ਸਤਿਗੁਰਾਂ ਨੇ ਦਸਮ ਗ੍ਰੰਥ ਵਿਚ ਚੰਡੀ ਚਰਿਤ੍ਰ ਲਿਖ ਕੇ ਦੇਵੀ ਦੀ

ਉਸਤਤ ਕੀਤੀ ਹੈ ਤੇ ਨਾਲੇ ਸਾਫ ਲਿਖਯਾ ਹੈ;—"ਪ੍ਰਿਥਮ ਭਗਉਤੀ ਸਿਮਰ ਕੈ" ਸੋ ਇਹਨਾਂ ਬਚਨਾਂ ਤੋਂ ਸਾਫ ਸਿਧ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਦੇਵੀ ਪੂਜੀ ਹੈ ਤੇ ਸਭ ਤੋਂ ਪਹਿਲਾਂ ਭਗੌਤੀ ਦਾ ਸਿਮਰਨ ਕਰਨਾ ਲਿਖਯਾ ਹੈ ਆਦਿ ॥

ਏਸ ਉਤਲੇ ਪ੍ਰਸ਼ਨ ਦਾ ਉਤਰ

ਏਸਦੇ ਉਤਰ ਵਿਚ ਏਤਨਾ ਹੀ ਦਸ ਦੇਣਾ ਕਾਫੀ ਹੈ ਕਿ ਕਿਸੇ ਮਤ ਦੇ ਕਿਸੇ ਗ੍ਰੰਥ ਦਾ ਉਲਥਾ ਕਰਨ ਵਾਲਾ ਪੁਰਸ਼ ਉਸ ਮਤ ਦੇ ਮੰਨਨ ਵਾਲਾ ਨਹੀਂ ਯਕੀਨ ਕੀਤਾ ਜਾਂਦਾ, ਜੈਸਾ ਕਿ ਯੂਰਪ ਆਦਿ ਦੇਸਾਂ ਦਿਆਂ ਬੁਧਵਾਨਾਂ ਵੇਦਾਂ ਦੇ ਤਰਜਮੇ ਕੀਤੇ ਪਰ ਉਹਨਾਂ ਨੂੰ ਕਿਸੇ ਨੇ ਵੇਦਾਂ ਦੇ ਮੰਨਨ ਵਾਲੇ ਹਿੰਦੂ ਨੇ ਮੰਨ ਲਿਆ ਅਤੇ ਕਈ ਹਿੰਦੂ ਪੁਰਸ਼ਾਂ ਨੇ ਕੁਰਾਨ ਅੰਜੀਲ ਦੇ ਤਰਜਮੇ ਕੀਤੇ ਪਰ ਉਹ ਈਸਾਈ ਤੇ ਮੁਹੰਮਦੀ ਨ ਮੰਨੇ ਗਏ ॥

ਏਸੇ ਤਰ੍ਹਾਂ ਹੀ ਸ੍ਰੀ ਦਸਮੇਸ਼ ਜੀ ਨੇ ਪੁਰਾਨਾਂ ਵਿਚੋਂ ਔਤਾਰਾਂ ਦੀਆਂ ਕਥਾ ਕੇਵਲ ਸਿਖਾਂ ਨੂੰ ਹਰ ਮਜ਼ਬ ਦੀ ਵਾਕਫੀਅਤ ਵਾਸਤੇ ਭਾਸ਼ਾ ਵਿਚ ਕਵਿਤਾ ਕਰਾਈਆਂ ਤੇ ਰਾਮ, ਕ੍ਰਿਸ਼ਨ, ਖੜਗ ਸਿੰਘ ਆਦਿਕ ਬਹਾਦਰਾਂ ਦੇ ਜੰਗ ਅਲੌਕਕ ਰਚਨਾ ਦਵਾਰਾ (ਪੰਥ ਵਿਚ ਬੀਰ ਰਸ ਭਰਨ ਵਾਸਤੇ) ਪ੍ਰਗਟ ਕੀਤੇ ਉਸੇ ਤਰ੍ਹਾਂ ਮਾਰਕੰਡੇ ਪੁਰਾਨ ਵਿਚੋਂ ਸਤਰਵੇਂ ਅਧਯਾਯ ਤੋਂ ਲੈ ਕੇ ਤ੍ਰਿਆਸੀਏਂ ਅਧਯਾਯ ਤਕ ਤੇਰਾਂ ਅਧਯਾਵਾਂ ਦਾ (ਜਿਸ ਵਿਚ ਦੁਰਗਾ ਦੇ ਦੈਂਤਾਂ ਨਾਲ ਬੜੇ ਬੜੇ ਜੰਗ ਲਿਖੇ ਹਨ) "ਆਪਨੇ ਸਿਖਾਂ ਤੇ ਆਮ ਲੋਕਾਂ ਨੂੰ ਇਹ ਦਸਨ ਵਾਸਤੇ ਕਿ ਭਾਰਤ ਵਰਸ਼ ਦੀਆਂ ਇਸਤ੍ਰੀਆਂ ਭੀ ਏਸ ਬਲ ਤੇ ਹੌਂਸਲੇ ਵਾਲੀਆਂ ਹੋਈਆਂ ਹਨ" ਤਰਜਮਾ ਕੀਤਾ ਸੇ,—

ਏਸ ਗਲ ਦਾ ਸਬੂਤ ਏਸੇ ਹੀ ਚੰਡੀ ਚਰਿਤ੍ਰ ਵਿਚੋਂ ਮਿਲ ਸਕਦਾ ਹੈ

ਯਥਾ-ਪਹਿਲਾਂ ਹੀ ਸ਼ੁਰੂ ਵਿਚ "ਅਥ ਚੰਡੀ ਚਰਿਤ੍ਰ ਉਕਤ ਬਿਲਾਸ ਲਿਖਯਤੇ" ਲਿਖਯਾ ਹੈ। ਉਕਤ ਬਿਲਾਸ ਅਰਥਾਤ ਓਹੋ ਗੱਲ (ਜੋ ਮਾਰਕੰਡੇ ਪੁਰਾਨ ਵਿਚ ਲਿਖੀ ਹੈ) ਫੇਰ ਅਧਯਾਵਾਂ ਦੇ ਖਤਮ ਹੋਣ ਤੇ ਲਿਖਿਆ;

"ਇਤ ਸ੍ਰੀ ਮਾਰਕੰਡੇ ਪੁਰਾਨ ਸ੍ਰੀ ਚੰਡੀ ਚਰਿਤ੍ਰ ਆਦਿ"

ਫੇਰ ਅਖੀਰ ਵਿਚ ਲਿਖਯਾ ਹੈ ਕਿ "ਸਤ ਸਇ ਕੀ ਕਥਾ ਯਹਿ ਪੂਰੀ ਭਈ ਹੈ" ਅਤੇ "ਦੁਰਗਾ ਪਾਠ ਬਨਾਯਾ ਸਭੇ ਪੌੜੀਆਂ"॥

ਅਰਥਾਤ-ਕਿ ਸਪਤ ਸ਼ਤੀ ਤੇ ਦੁਰਗਾ ਪਾਠ (ਇਹ ਪੁਰਾਨ ਵਿਚ ਦੇਵੀ ਦੀ ਕਥਾ ਦੇ ਨਾਮ ਹਨ) ਜੋ ਸੰਸਕ੍ਰਿਤ ਵਿਚ ਸੀ, ਭਾਸ਼ਾ ਵਿਚ ਬਨਾਯਾ ਆਦਿ-ਸੋ ਇਹ ਸਾਫ ਲਿਖਿਯਾ ਹੋਣ ਤੇ ਭੀ ਗੁਰੂ ਜੀ ਵੱਲੋਂ "ਦੇਵੀ ਦੀ ਉਸਤਤ ਕੀਤੀ" ਆਖਨਾ ਨਿਰੀ ਭੁਲ ਹੈ॥

ਹੁਣ ਪ੍ਰਿਥਮ ਭਗੁਉਤੀ ਸਿਮਰਕੈ ਵਾਲਾ ਜੋ ਭਰਮ ਹੈ ਓਸ ਨੂੰ ਭੀ ਵਿਚਾਰ ਕੇ ਦੇਖਨ ਤੇ ਦੇਵੀ ਦਾ ਸਿਮਰਨਾ ਸਿੱਧ ਨਹੀਂ ਹੁੰਦਾ॥

ਯਥਾ ਭਗਉਤੀ ਸ਼ਬਦ ਕਿਸੇ ਪੁਰਾਨ ਵਿਚ ਭੀ ਦੇਵੀ ਦਾ ਵਾਚਕ ਨਹੀਂ ਹੈ, ਭਲਾ ਜੇ ਕੋਈ ਏਹ ਦੁਚਰ ਡਾਹੇ ਕਿ ਭਗਉਤੀ ਸ਼ਬਦ ਭਗਵਤੀ ਦਾ ਹੀ ਬੋਧਕ ਹੈ ਲਿਖਨ ਵਿਚ ਫਰਕ ਪੈ ਗਿਆ ਹੈ ਉਰਦੂ ਵਿਚ ਭਗੌਤੀ ਤੇ ਭਗਵਤੀ ਇਕੋ ਤਰਾਂ ਲਿਖੇ ਜਾਂਦੇ ਹਨ, ਸੋ ਅਸੀਂ ਏਹ ਦਸਦੇ ਹਾਂ ਕਿ ਭਗਉਤੀ ਸ਼ਬਦ ਭਗਵਤੀ ਦਾ ਅਸ਼ੁਧ ਸਰੂਪ ਨਹੀਂ ਭਗਉਤੀ ਗੁਰ ਸੰਪ੍ਰਦਾ ਦਾ ਸ਼ੁਧ ਸ਼ਬਦ ਹੈ ਦੇਖੋ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ:-

ਯਥਾ:-ਭਗਉਤੀ ਭਗਵੰਤ ਭਗਤ ਕਾ ਰੰਗ।

ਇਸ ਵਿਚ ਭਗਵੰਤ ਤੇ ਭਗਤ ਭਗਉਤੀ ਦੇ ਅਰਥ ਦਸੇ ਹਨ।

ਪੁਨਾ-ਸੋ ਭਗਉਤੀ ਜੋ ਭਗਵੰਤੈ ਜਾਨੈ। ਇਸ ਵਿਚ ਭਗਤ ਅਰਥ ਹੈ।

ਪੁਨਾ–ਭਗਉਤੀ ਮੁਦ੍ਰਾ ਮਨ ਮੋਹਿਆ ਮਾਇਆ। ਇਸ ਵਿਚ ਭੀ ਭਗਤ ਅਰਥ ਹੈ।

ਏਹਨਾਂ ਸ਼ਬਦਾਂ ਵਿਚ ਸਾਫ ਭਗਉਤੀ ਦੇ ਦੋ ਅਰਥ ਭਗਵੰਤ ਤੇ ਭਗਤ ਦਸੇ ਗਏ ਹਨ, ਦੇਵੀ ਅਰਥ ਕਿਸੇ ਤਰ੍ਹਾਂ ਭੀ ਸਿਧ ਨਹੀਂ ਹੁੰਦਾ।

ਫੇਰ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਗਾਤ੍ਰੇ ਤੇਗਾ ਪਹਿਰਨ ਤੇ ਭਗਉਤੀ ਦਾ ਅਰਥ ਆਪਨੀ ਵਾਰ ਵਿਚ ਸਾਫ ਕਰਕੇ ਦਸਿਆ "ਨਾਉਂ ਭਗਉਤੀ ਲੋਹਿ ਘੜਾਇਆ।" ਸਤਿਗੁਰ ਨੇ ਓਹ ਭਗਉਤੀ (ਤੇਗਾ) ਗਾਤਰੇ ਪਹਿਰਿਆ ਜੋ ਲੋਹੇ ਦਾ ਘੜਾਇਆ ਗਿਆ। ਸੋ ਤੀਸਰਾ ਨਾਮ ਭਗਉਤੀ ਤਲਵਾਰ ਦਾ ਹੋਯਾ।

ਜੇ ਸ੍ਰੀ ਦਸਮੇਸ਼ ਮਹਾਰਾਜ ਜੀ ਨੇ ਚੰਡੀ ਦੀ ਵਾਰ ਦੇ ਆਦਿ ਵਿਚ ਪ੍ਰਿਥਮ ਭਗਊਤੀ ਦਾ ਸਿਮਰਨ ਕਰਨਾ ਦੱਸਿਆ ਹੈ ਤਾਂ ਓਸ ਦਾ ਅਰਥ ਮਹਾਰਾਜ ਨੇ ਆਪੇ ਹੀ ਪਹਿਲੀ ਪੌੜੀ ਤੋਂ ਦੂਸਰੀ 'ਪੌੜੀ ਵਿਚ ਦਸ ਦਿਤਾ ਕਿ ਜਿਸ ਭਗਉਤੀ ਨੂੰ ਮੈਂ ਆਦਿ ਵਿਚ ਸਿਮਰਨਾ ਹਾਂ ਓਹ ਭਗਵੂਤੀ ਦੇਵੀ ਨਹੀਂ ਹੈ, ਸਗੋਂ ਮੇਰਾ ਭਗਉਤੀ ਦੇਵੀਆਂ ਦੇ ਪੈਦਾ ਕਰਨ ਵਾਲਾ ਹੈ ਤੇ ਬ੍ਰਹਮਾ, ਸ਼ਿਵ, ਵਿਸ਼ਨੂੰ ਓਸੇ ਦੇ ਹੀ ਪੈਦਾ ਕੀਤੇ ਹੋਏ ਹਨ ॥ ਯਥਾ:–

ਪਉੜੀ–ਖੰਡਾ ਪ੍ਰਿਥਮੈ ਸਾਜ ਕੇ ਜਿਨ ਸਭ ਸੰਸਾਰ ਉਪਾਯਾ।
ਬ੍ਰਹਮਾ, ਵਿਸ਼ਨ, ਮਹੇਸ਼ ਸਾਜ ਕੁਦਰਤੀ ਦਾ ਖੇਲ ਰਚਾਯ ਬਨਾਯਾ।
ਸਿੰਧ, ਪਰਬਤ, ਮੇਦਨੀ ਦਿਨ ਥਮਾਂ ਗਗਨ ਰਹਾਯਾ।
ਸਿਰਜੇ ਦਾਨੋ, ਦੇਵਤੇ ਤਿੰਨ ਅੰਦ੍ਰ ਵਾਦ ਰਚਾਯਾ।
ਤੈਂ ਹੀ 'ਦੁਰਗਾ'" ਸਾਜਕੈ" ਦੈਂਤਾਂ ਦਾ ਨਾਸ ਕਰਾਯਾ।
ਤੈਥੋਂ ਹੀ ਬਲਰਾਮ ਲੈ ਨਾਲ ਬਾਨਾ ਦਹਿਸਰ ਘਾਯਾ।
ਤੈਥੋਂ ਹੀ ਬਲ ਕ੍ਰਿਸ਼ਨ ਲੈ ਕੰਸ ਕੇਸੀ ਪਕੜ ਗਿਰਾਯਾ।
ਬੜੇ ਬੜੇ ਮੁਨ ਦੇਵਤੇ ਕਈ ਜੁਗ ਤਿਨ੍ਹੀ ਤਨ ਤਾਯਾ।

ਕਿਨੀ ਤੇਰਾ ਅੰਤ ਨ ਪਾਯਾ ॥ ੨ ॥

ਏਸ ਪਉੜੀ ਵਿਚ ਸਾਫ ਜ਼ਾਹਿਰ ਹੈ ਕਿ ਜਿਸ ਭਗਉਤੀ ਦਾ ਸਿਮਰਨ ਏਸ ਤੋਂ ਪਹਿਲੀ ਪਉੜੀ ਵਿਚ ਕਰਨਾ ਦਸਿਆ ਹੈ। ਉਸੇ ਭਗਉਤੀ ਨੇ ਬ੍ਰਹਮਾ, ਵਿਸ਼ਨ, ਮਹੇਸ਼ ਸਾਗਰ, ਪਹਾੜ, ਧਰਤੀ, ਅਕਾਸ਼, ਦਾਨੋਂ, ਦੇਵਤੇ ਆਦਿ ਪੈਦਾ ਕੀਤੇ ਤੇ ਉਸੇ ਪਾਸੋਂ ਰਾਮ ਤੇ ਕ੍ਰਿਸ਼ਨ ਨੇ ਬਲ ਲੈ ਕੇ ਰਾਵਣ ਤੇ ਕੰਸ ਮਾਰੇ ਤੇ ਉਸੇ ਨੇ ਹੀ ਦੁਰਗਾ ਪੈਦਾ ਕਰਕੇ ਦੈਂਤਾਂ ਦਾ ਨਾਸ ਕਰਾਯਾ ॥

ਏਸ ਤੋਂ ਸਿਧ ਹੋਯਾ ਭਗਉਤੀ ਨਾਮ ਦੇਵੀ ਦਾ ਨਹੀਂ ਹੈ, ਭਗਉਤੀ ਨਾਮ ਉਸ ਅਕਾਲ ਪੁਰਖ ਦਾ ਹੈ, ਜਿਸ ਨੇ ਦੁਰਗਾ ਨੂੰ ਸਾਜਿਆ ॥

ਸੋ ਏਸ ਪਉੜੀ ਨੂੰ ਪੜ੍ਹ ਕੇ ਭੀ ਕਿਹੜਾ ਅਕਲ ਵਾਲਾ ਪੁਰਸ਼ ਹੈ ? ਜੋ ਆਖੇ ਕਿ "ਪ੍ਰਿਥਮ ਭਗਉਤੀ ਸਿਮਰਕੈ" ਗੁਰੂ ਸਾਹਿਬ ਨੇ ਲਿਖ ਕੇ ਦੇਵੀ ਦਾ ਸਿਮਰਨ ਕਰਨਾ ਦਸਿਆ ਹੈ ॥

ਏਸ ਤੋਂ ਛੁਟ ਸਤਿਗੁਰ ਜੀ ਨੇ ਭਗਉਤੀ ਦਾ ਅਰਥ (ਨਿਰਗੁਣ ਬ੍ਰਹਮ ਅਕਾਲ ਪੁਰਖ ਦਾ ਸਰਗੁਣ ਸਰੂਪ ਸਗਲ ਸੰਘਾਰ ਕਰਤਾ ਸ਼ਕਤੀਮਾਨ ਮੰਨ ਕੇ) ਤੇਗ ਨਾਮ ਵਰਨਨ ਕੀਤਾ ਹੈ ਤੇ ਜਿਥੇ ਸ਼ਸਤ੍ਰ ਨਾਮ ਮਾਲਾ (ਜੋ ਦਸਮ ਗ੍ਰੰਥ ਵਿਚ ਸ਼ਸਤ੍ਰਾਂ ਦੇ ਨਾਮ ਵਰਨਨ ਕੀਤੇ ਹਨ) ਵਿਚ ਖੜਗ ਦੇ ਨਾਮ ਲਿਖੇ ਹਨ, ਉਥੋਂ ਸਾਫ ਨਿਸ਼ਚਾ ਹੁੰਦਾ ਹੈ ਕਿ ਸ੍ਰੀ ਗੁਰੂ ਜੀ ਨੇ ਕਾਲ, ਕਾਲੀ, ਜਗਨਨਾਥ, ਪ੍ਰਿਥੀਪਾਲ ਰਿਪ ਖੰਡਨ, ਭਗਵਤੀ, ਭਵਾਨੀ ਏਹ ਸਭ ਨਾਮ ਵਾਹਿਗੁਰੂ ਦੇ ਖੜਗ ਰੂਪ ਕਲਪਨਾ ਕਰਕੇ ਲਿਖੇ ਹਨ ॥

ਕਾਲ ਤੁਹੀਂ ਕਾਲੀ ਤੁਹੀਂ ਤੁਹੀਂ ਤੇਗ ਅਰ ਤੀਰ ॥
ਤੁਹੀਂ ਨਸ਼ਾਨੀ ਜੀਤ ਕੀ ਆਜ ਤੁਹੀਂ ਜਗ ਬੀਰ ॥੫॥
ਸ਼ਸਤ੍ਰ ਸ਼ਬਦ ਪ੍ਰਿਥਮੈ ਕਹੋ ਅੰਤ ਦਮਨ ਪਦ ਭਾਖ।

ਸਭੈ ਨਾਮ ਜਗ ਨਾਥਕੇ ਜਾਨ ਹਿਰਦੈ ਮੈ ਰਾਖ ॥੨੯॥
ਰਿਪ ਖੰਡਨ, ਮੰਡਨ ਜਗਤ ਖਲ ਖੰਡਨ ਜਗ ਮਾਹਿ ॥
ਤਾਂਕੋ ਨਾਮ ਉਚਾਰੀਏ ਜਹਿ ਸੁਣ ਦੁਖ ਟਰ ਜਹਿ ॥੩੩॥
ਬ੍ਰਿਤਾਂਤਕ ਸ੍ਰੀ ਭਗਵਤੀ, ਭਵਹਾ ਨਾਮ ਬਖਾਨ ॥
ਸ੍ਰੀ ਭਵਾਨੀ ਭੈ ਹਰਨ ਸਭ ਕੋ ਕਰ ਕਲਯਾਨ ॥੩੬॥
ਕਰਤਾ ਮਾਨ ਹਿੰਦਵੀ ਸਭ ਸ਼ਸਤ੍ਰਨ ਕੇ ਨਾਥ
ਲਏ ਭਗਉਤੀ ਨਿਕਸ ਹੈ ਆਪ ਕਲੰਕੀ ਹਾਥ ॥੪੬॥

ਏਹ ਸਭ ਨਾਮ ਖੜਗ ਦੇ ਮਹਾਰਾਜ ਨੇ ਸ਼ਸਤ੍ਰ ਨਾਮ ਮਾਲਾਦੇ ਵਿਚ ਲਿਖੇ ਹਨ ਤੇ ਪਹਿਲੇ ਅਧਯਾਯ ਦੇ ਅੰਤ ਵਿਚ ਲਿਖਯਾ ਭੀ ਇਉਂ ਹੈ ॥

ਯਥਾ:—

''ਇਤਿ ਸ਼ਸਤ੍ਰ ਨਾਮ ਮਾਲਾ ਭਗਉਤੀ ਅਸਤੋਤ੍ਰ ਪ੍ਰਿਥਮ ਅਧਯਾਯ''

ਏਸ ਤੋਂ ਭੀ ਸਾਬਤ ਹੋਯਾ ਕਿ ਦੂਸਰਾ ਭਗਉਤੀ ਨਾਮ ਖੜਗ ਦਾ ਸਤਿਗੁਰਾਂ ਨੇ ਲਿਖਯਾ ਹੈ। ਦੇਵੀ ਦਾ ਨਹੀਂ ਤੇ ਸਰਗੁਨ ਬ੍ਰਹਮ ਸਰੂਪ ਪ੍ਰਮਾਨ ਕਰਕੇ ਨਮਸ਼ਕਾਰ ਭੀ ਕੇਸੇ ਭਗਉਤੀ ਨੂੰ ਹੀ ਕੀਤੀ ਹੈ। ਯਥਾ:—

ਅਸ ਕ੍ਰਿਪਾਨ, ਖੰਡੋ ਤੁਪਕ ਤਬਕ ਤਬਰ ਅਰ ਤੀਰ।
ਸੈਫ ਸਰੋਹੀ ਸੈਹਥੀ ਏਹੀ ਹਮਾਰੇ ਪੀਰ ॥੨॥
ਅਸ ਕ੍ਰਿਪਾਨ ਖੰਡੋ ਹੀ ਖੜਗ ਸੈਫ ਤੇਗ ਤਲਵਾਰ।
ਰਛ ਕਰੋ ਹਮਰੀ ਸਦਾ ਕਵਚਾਂਤਕ ਕਰ ਵਾਰ ॥ ੧੦ ॥
ਸੈਫ ਸਰੋਹੀ ਸਤ੍ਰ ਅਰ ਸਾਰੰਗਾਰ ਜਹਿ ਨਾਮ।
ਸਦਾ ਹਮਾਰੇ ਚਿਤ ਬਸੋ ਸਦਾ ਕਰੋ ਮਮ ਕਾਮ ॥ ੨੭ ॥

ਪੁਨਾ:—ਜਿਤੇ ਸ਼ਸਤ੍ਰ ਨਾਮੰ। ਨਮਸਕਾਰ ਤਾਮੰ ॥

ਫੇਰ ਚਤਾਲੀਸਵੇਂ ਦੋਹਿਰੇ ਦੇ ਵਿਚ ਸਾਫ ਲਿਖਿਆ ਹੈ ਕਿ:—

''ਲਏ ਭਗਉਤੀ ਨਿਕਸ ਹੈ ਆਪ ਕਲੰਕੀ ਹਾਥ''

ਸੋ ਜੇ ਭਗਉਤੀ ਦਾ ਅਰਥ ਦੇਵੀ ਕਰੀਏ ਤਾਂ ਕੀ ਕਲਕੀ ਅਵਤਾਰ ਦੇਵੀ ਨੂੰ ਹਥ ਵਿਚ ਫੜੀ ਨਿਕਲੇਗਾ ? ਨਹੀਂ ਸਾਫ਼ ਜ਼ਾਹਰ ਹੈ ਕਿ ਤਲਵਾਰ ਹਥ ਵਿਚ ਫੜ ਕੇ ਨਿਕਲੇਗਾ ॥

ਏਸ ਤੋਂ ਭੀ ਜ਼ਬਰਦਸਤ ਸਬੂਤ ਓਸੇ ਚੰਡੀ ਦੀਵਾਰ ਵਿਚੋਂ ਹੀ ਮਿਲਦਾ ਹੈ ਜਿਸ ਵਿਚ ਗੁਰੂ ਜੀ ਨੇ "ਪ੍ਰਿਥਮ ਭਗਉਤੀ ਸਿਮ੍ਰਨਾ ਲਿਖਯਾ ਹੈ:—

ਦੇਖੋ ਪਉੜੀ ਤ੍ਰਿਵੰਜਵੀਂ (੫੩)

ਪਉੜੀ—ਦੁਹਾਂ ਕੰਧਾਰਾਂ ਮੂੰਹ ਜੁੜੇ ਨਾਲ ਧੌਂਸਾ ਭਾਰੀ। ਲਈ "ਭਗਉਤੀ" ਦੁਰਗਸ਼ਾਹ" ਵਰ ਜਾਗਨ ਵਾਰੀ॥ ਲਾਈ ਰਾਜੇ ਸੁੰਭ ਨੂੰ ਰਤ ਪੀਐ ਪਿਆਰੀ। ਸੁੰਭ ਪਲਾਣੋ ਡਿਗਯਾ ਉਪਮਾ ਬੀਚਾਰੀ॥ ਡੁਬ ਰਤੂ ਨਾਲੋਂ ਨਿਕਲੀ "ਬਰਛੀ" ਦੁਧਾਰੀ। ਜਾਨ ਰਜਾਦੀ ਉੱਤਰੀ ਪਹਿਨ ਸੂਹੀ ਸਾਰੀ॥ ੫੩॥ ਪਉੜੀ॥

ਏਸ ਪਉੜੀ ਦੇ ਦੂਸਰੇ ਪਦ ਵਿਚ ਸਾਫ਼ ਦਸਿਆ ਹੈ ਕਿ "ਲਈ ਭਗਉਤੀ ਦੁਰਗਸ਼ਾਹ'! ਅਰਥਾਤ "ਦੁਰਗਸ਼ਾਹ" ਨੇ ਭਗਉਤੀ ਫੜ ਕੇ ਰਾਜੇ ਸੁੰਭ ਦੇ ਸਿਰ ਵਿਚ ਮਾਰੀ ਤੇ ਓਹ ਓਹਦੇ ਲਹੂ ਨਾਲ ਭਿਜ ਕੇ ਨਿਕਲੀ, ਕੀਹ ਏਸ ਦਾ ਅਰਥ ਇਉਂ ਹੋ ਸਕਦਾ ਹੈ ? ਕਿ ਦੁਰਗਾ ਨੇ ਦੂਜੀ ਦੇਵੀ ਨੂੰ ਫੜਕੇ ਰਾਜੇ ਸੁੰਭ ਦੇ ਸਿਰ ਵਿਚ ਮਾਰਿਆ ਤੇ ਓਹ ਓਸ ਦਾ ਲਹੂ ਪੀ ਕੇ ਨਿਕਲੀ ਤੇ ਨਾਲ ਹੀ ਪੰਜਵੇਂ ਪਦ ਵਿਚ ਸਾਫ਼ ਲਿਖਯਾ ਹੈ, ਕਿ ਜਿਹੜੀ ਰਤ ਪੀ ਕੇ ਨਿਕਲੀ ਓਹ ਬਰਛੀ ਦੁਧਾਰੀ ਸੀ, ਸੋ ਭਗਉਤੀ ਦਾ ਅਰਥ ਜੇ ਦੇਵੀ ਮੰਨਿਆ ਜਾਏ ਤਾਂ ਕੀਹ ਦੇਵੀ ਬਰਛੀ ਹੁੰਦੀ ਹੈ ? ਤੇ ਓਸ ਦੀਆਂ ਦੁਹੀਂ ਪਾਸੀਂ ਦੋ ਧਾਰਾਂ ਭੀ ਹੁੰਦੀ ਹਨ ? ਬਸ ਏਸ ਪਉੜੀ ਨੇ ਸਿਧ ਕਰ ਦਿਤਾ ਕਿ ਭਗਉਤੀ ਦਾ ਦੂਸਰਾ ਨਾਮ ਤਲਵਾਰ ਹੈ, ਦੁਰਗਾ ਨਹੀਂ ॥

ਏਹਨਾਂ ਸਬੂਤਾਂ ਤੋਂ ਬਿਨਾਂ ਇਕ ਹੋਰ ਪਕਾ ਸਬੂਤ ਭੀ ਮਿਲਦਾ ਹੈ,

ਜੋ ਖਾਸ ਬੀੜ ਦਸਮ ਗਰੰਥ ਦੀ ਅਖਵਾਂਦੀ ਹੈ ਤੇ ਪਟਨੇ ਸਾਹਿਬ ਮੌਜੂਦ ਹੈ ਉਸ ਵਿਚ ਇਹ ਭਗਉਤੀ ਅਸਤੋਤ੍ਰ ਲਿਖਯਾ ਹੈ। ਜਿਸ ਤੋਂ ਸਾਫ ਪਤਾ ਲਗ ਸਕਦਾ ਹੈ ਕਿ ਭਗਉਤੀ ਨਾਮ ਦੇਵੀ ਦਾ ਹੈ ਜਾਂ ਤਲਵਾਰ ਦਾ॥

ਭਗਉਤੀ ਅਸਤੋਤ੍ਰ

ਨਮੋ ਸ੍ਰੀ ਭਗਉਤੀ ਬਢੇਲ ਸਰੋਹੀ। ਕਰੇਂ ਏਕ ਤੇ ਦ੍ਵੈ ਸੁਭਟ ਹਾਥ ਸੋਹ ॥ ਨਮੋ ਲੋਹਿ ਕੀ ਪਤ੍ਰਕਾ ਝਲਝਲੰਤੀ । ਨਮੋ, ਜੀਵ ਜਵਾਲਾ ਮੁਖੀ ਜਿਉਂ ਬਲੰਤੀ ॥ ਮਹਾਂ ਪਾਨ ਕੀ ਬਾਨ ਗੰਗਾ ਤਰੰਗੀ। ਭਿਰ ਸਾਮੁਹੇ ਮੋਖ ਦਾਤੀ ਅਭੰਗੀ ॥ ਨਮੋ ਤੇਗ ਤਰਵਾਰ ਸ੍ਰੀ ਖਗ ਖੰਡਾ। ਮਹਾਂ ਰੁਦ੍ਰ ਰੂਪਾ ਬਿਰੂਪਾ ਪਖੰਡਾ॥ ਮਹਾਂ ਤੇਜ ਖੰਡਾ ਦੁਖੰਡਾ ਦੁਧਾਰਾ॥ ਮਹਾਂ ਸਤ੍ਰ ਬਨਕੇ ਮਹਾਂ ਭੀਮ ਆਰਾ॥ ਮਹਾਂ ਕਾਲਕਾ ਕਾਲ ਕੇ ਕਾਲ ਹੰਤੀ। ਮਹਾਂ ਅਸਤਰ ਤੂੰਹੀਂ ਤੂੰਹੀਂ ਸ਼ਤਰ ਹੰਤੀ॥ ਮਹਾਂ ਕਾਲ ਕੀ ਲਾਟ ਵਿਕਰਾਲ ਭੀਮੰ॥ ਬਹੀ ਤੱਛ ਮੱਛੇ ਕਰੈ ਸ਼ਤ੍ਰ ਕੀਮੰ ॥ ਮਹਾਂ ਤੇਜ ਕੀ ਤੇਜਤਾ ਤੇਜਵੰਤੀ । ਪਰਜਾ ਖੰਡਨੀ ਚੰਡਨੀ ਸ਼ਤ੍ਰ ਹੰਤੀ ॥ ਮਹਾਂ ਬੀਰ ਬਿਦਯਾ ਮਹਾਂ ਭੀਰ ਰੂਪੰ ॥ ਮਹਾਂ ਭੀਰ ਨੈ ਧੀਰ ਦਾਤੀ ਸਰੂਪੰ ॥ ਤੂਹੀਂ ਸੈਫ ਪਟਾ ਮਹਾਂ ਕਾਟ ਕਾਤੀ। ਅਨੁਗ ਅਪਨ ਕੋ ਮਹਾਂ ਦਾਨ ਦਾਤੀ ॥ ਜਊ ਮਯਾਨ ਜੇ ਬੀਰ ਤੋਂ ਕੋ ਸੜਕੈ । ਪਰਲੈ ਕਾਲ ਕੇ ਸਿੰਧ ਬਕੇ ਕੜਕੈ॥ ਧਸੈ ਖੇਤ ਮੈਂ ਹਾਥ ਲੈ ਤੋਹਿ ਸੂਰੇ॥ ਭਿਰੇ ਸਾਮੁਹੇ ਸਿਧ ਸਾਵੰਤ ਪੂਰੇ ॥ ਸਮਰ ਸਾਮੁਹੇ ਸੀਸ ਤੋ ਪਹਿ ਚੜ੍ਹਾਵੈ । ਮਹਾਂ ਭੂਪ ਹ੍ਵੈ ਅਉਤਰੈ ਰਾਜ ਪਾਵੈ॥ ਮਹਾਂ ਭਾਵ ਸੋਂ ਜੋ ਕਰੈ ਤੋਰ ਪੂਜ॥ ਸਮਰ ਜੀਤਕੈ ਸੂਰ ਹੈ ਹੈ ਅਦੂਜੰ॥ ਤੁਜੈ ਪੂਜ ਹੈਂ ਬੀਰ ਬਾਨੈਤ ਛਤ੍ਰੀ। ਮਹਾਂ ਖੜਗ ਧਾਰੀ ਮਹਾਂ ਤੇਜ ਅਤ੍ਰੀ ॥ ਪੜੈ ਪ੍ਰੀਤ ਸੋਂ ਪ੍ਰਾਤ ਅਸਤੋਤ੍ਰ ਯਾਂਕੋ। ਕਰੈ ਰੁਦ੍ਰ ਕਾਲੀ ਨਮਸ਼ਕਾਰ ਤਾਂ ਕੋ। ਰੁਦ੍ਰ ਮੰਜਨੀ ਬਿਰਜਨੀ ਹੈ

ਸਤੋਤੀ। ਸਦਾ ਜੈ ਸਦਾ ਜੈ ਸਦਾ ਜੈ ਭਗਉਤੀ॥ ਸਦਾ ਦਾਹਨੀ ਦਾਸ ਕੋ ਦਾਨ ਦੀਜੈ। ਗੁਰੂ ਸ਼ਾਹ ਗੋਬਿੰਦ ਕੀ ਰਖ ਕੀਜੈ॥

ਕੋਹ ਏਸ ਅਸਤੋਤ੍ਰ ਨੂੰ ਭੀ ਪੜ੍ਹਕੇ ਏਹ ਸੰਸਾ ਰਹਿ ਸਕਦਾ ਹੈ ਕਿ ਭਗਉਤੀ ਨਾਮ ਕਰਕੇ ਸਤਿਗੁਰਾਂ ਨੇ ਦੁਰਗਾ ਸਿਮਰੀ ਯਾ ਪੂਜੀ ਹੈ? ਨਿਰਸੰਦੇਹ ਕਹਿਣਾ ਪਵੇਗਾ ਕਿ ਭਗਉਤੀ ਨਾਮ ਓਸ ਚੀਜ਼ ਦਾ ਹੈ ਏਸ ਅਸਤੋਤ੍ਰ ਵਿਚ ਲਿਖਯਾ ਹੈ, ਜੋ ਮਿਆਨ ਵਿਚ ਰਹਿੰਦੀ ਹੈ ਆਦਿ॥

ਇਹਨਾਂ ਸਭ ਪਰਮਾਨਾਂ ਤੋਂ ਇਹ ਸਿਧ ਹੋਯਾ ਕਿ ਸਤਿਗੁਰਾਂ ਨੇ ਭਗਉਤੀ ਨਿਰਗੁਣ ਸਰੂਪ ਅਕਾਲ ਪੁਰਖ ਤੇ ਭਗਉਤੀ ਸਰਗੁਣ ਸਰੂਪ ਤਲਵਾਰ ਨੂੰ ਪੂਜਿਆ ਹੈ। ਦੇਵੀ ਨੂੰ ਨਹੀਂ॥

ਬਾਕੀ ਰਿਹਾ ਇਹ ਕਿ ਸੂਰਜ ਪ੍ਰਕਾਸ਼ ਵਿਚ ਕਿਉਂ ਦੇਵੀ ਦਾ ਪ੍ਰਗਟ ਹੋਣਾ ਲਿਖਯਾ ਹੈ ? ਇਸਦਾ ਉੱਤਰ ਏਹ ਹੈ ਕਿ ਏਹ ਬੜਾ ਭਾਰਾ ਗ੍ਰੰਥ ਸ੍ਰੀ ਮਾਨ ਮਹਾਂ ਕਵੀਰਾਜ ਭਾਈ ਸੰਤੋਖ ਸਿੰਘ ਜੀ ਨੇ ਕੈਂਥਲ ਰਹਿਕੇ ਕਈਆਂ ਬਰਸਾਂ ਵਿਚ ਲਿਖਯਾ, ਜੋ ਅਠਾਰਾਂ ਸੌ ਬਿਆਸੀ ਬਿਕ੍ਰਮੀ ਵਿਚ ਸ਼ੁਰੂ ਕਰਕੇ ੧੯੦੦ ਬਿਕ੍ਰਮੀ ਦੇ ਸਾਵਨ ਮਹੀਨੇ ਵਿਚ ਸੰਪੂਰਨ ਕੀਤਾ ਤੇ ਭਾਈ ਸਾਹਿਬ ਜੀ ਨੇ ਆਪਨੀ ਲਿਖਤ ਦੀ ਅਸਲੀ ਕਾਪੀ ਸ੍ਰੀ ਅੰਮ੍ਰਿਤਸਰ ਭਾਈ ਗੁਰਮੁਖ ਸਿੰਘ ਜੀ ਗਿਆਨੀ ਪਾਸ ਪਰਵਾਨਗੀ ਵਾਸਤੇ ਭੇਜ ਦਿਤੀ, ਕਿਉਂਕਿ ਭਾਈ ਸੰਤੋਖ ਸਿੰਘ ਜੀ ਨੇ ਭਾਈ ਸੰਤ ਸਿੰਘ ਜੀ ਗਿਆਨੀ ਪਾਸੋਂ ਵਿਦਯਾ ਪ੍ਰਾਪਤ ਕੀਤੀ ਸੀ, ਸੋ ਸੁਨਣ ਵਿਚ ਆਇਆ ਹੈ ਕਿ ਕਈਆਂ ਕਾਰਨਾਂ ਕਰਕੇ ਉਹ ਪੁਸਤਕ ਭਾਈ ਗੁਰਮੁਖ ਸਿੰਘ ਜੀ ਨੇ ਗੁੰਮ ਕਰ ਲਿਆ ਤੇ ਭਾਈ ਜੀ ਨੂੰ ਵਾਪਸ ਨ ਦਿਤਾ ਤੇ ਭਾਈ ਸਾਹਿਬ ਜੀ ਓਸੇ ਸਾਲ ਗੁਰ ਪੁਰੀ ਸਧਾਰ ਗਏ, ਹੁਣ ਓਹ ਪਹਿਲੀ ਓਪੀ ਕੈਂਥਲ ਰਹਿ ਗਈ ਜੋ ਕਚੀ ਲਿਖਤ ਵਿਚ ਕਾਗਜ਼ਾਂ ਤੇ ਲਿਖੀ ਹੋਈ ਸੀ ਸੋ ਕੈਂਥਲ ਨਰੇਸ ਉਦੇ ਸਿੰਘ ਜੀ ਨੇ ਪਿਛੋਂ ਪੰਡਿਤਾਂ

ਪਾਸੋਂ ਓਹ ਫੇਰ ਅਕਠੀ ਕਰਵਾ ਕੇ ਪੁਸਤਕ ਦੀ ਸ਼ਕਲ ਵਿਚ ਠੀਕ ਕਰਵਾਈ, ਜੋ ਚਤਰ ਬ੍ਰਾਹਮਣਾਂ ਨੇ ਥਾਂ ਪਰ ਤਾਂ ਸੂਰਜ ਪ੍ਰਕਾਸ਼ ਵਿਚ ਆਪਨੇ ਮਤਲਬ ਦੇ ਪ੍ਰਸੰਗ ਤੇ ਛੰਦ ਜੜ ਦਿਤੇ ਜੋ ਫੇਰ ਛਾਪਨ ਦੇ ਵੇਲੇ ਵਿਚੇ ਹੀ ਛਪ ਗਏ, ਜਿਸ ਸਜਨ ਨੇ ਸੂਰਜ ਪ੍ਰਕਾਸ਼ ਦਾ ਸੰਪੂਰਨ ਪਾਠ ਕੀਤਾ ਹੋਵੇਗਾ ਓਸ ਨੂੰ ਪਤਾ ਲਗਾ ਹੋਵੇਗਾ ਕਿ ਇਕ ਥਾਂ ਭਾਈ ਜਾਂ ਜਿਸ ਵਿਸ਼ੇ ਦਾ ਖੰਡਨ ਕਰਦੇ ਹਨ, ਦੂਸਰੇ ਥਾਂ ਓਸੇ ਦਾ ਮੰਡਨ ਹੁੰਦਾ ਹੈ। ਸੋ ਇਹ ਕਦੇ ਹੋ ਸਕਦਾ ਸੀ ? ਕਿ ਭਾਈ ਸਾਹਿਬ ਜੀ ਕਵੀਆਂ ਦੇ ਭੂਸ਼ਨ ਤੇ ਮਹਾਂ ਵਿਦਯਾ ਸਾਗਰ ਆਤਨੀ ਕਵਿਤਾ ਨੂੰ ਦੂਸ਼ਨ ਲਾ ਕੇ ਕਲੰਕਤ ਕਰ ਸਕਦੇ ਸਨ ? ਇਹ ਸਭ ਚਾਲਾਕੀ ਓਹਨਾਂ ਮਦਦੀ ਬ੍ਰਾਹਮਨਾਂ ਦੀ ਹੈ। ਏਸ ਵਾਸਤੇ ਸੂਰਜ ਪ੍ਰਕਾਸ਼ ਵਿਚ ਜੋ ਕੁਝ ਗੁਰਮਤ ਤੋਂ ਵਿਰੁਧ ਲਿਖਯਾ ਹੋਇਆ ਹੈ, ਓਹ ਕੇਵਲ ਗੁਰਮਤ ਵਿਰੋਧੀਆਂ ਵਲੋਂ ਹੈਂ ਸੋ ਜੇ [illegible] ਖਾਲਸੇ ਨੂੰ ਵਾਹਿਗੁਰੂ ਨੇ ਸੁਮਤ ਬਖਸ਼ੀ ਤਾਂ ਏਸ ਗਲ ਦਾ ਜ਼ਰੂਰ [illegible]

ਜੇ ਕਰ ਏਥੇ ਸੂਰਜ ਪ੍ਰਕਾਸ਼ ਤੇ ਗੁਰ ਬਿਲਾਸ ਦਾ ਟਾਕਰਾ ਕਰਕੇ ਲਿਖਯਾ ਜਾਵੇ ਤਾਂ ਇਹ ਗ੍ਰੰਥ ਆਪਣੇ ਵਿਤੋਂ ਬਹੁਤ ਵਡਾ ਹੋ ਜਾਂਦਾ ਹੈ ਇਸ਼ ਵਾਸਤੇ ਏਥੇ ਇਤਨਾ ਹੀ ਲਿਖਕੇ ਵਿਦਵਾਨਾਂ ਪਾਸੋਂ ਮੁਆਫ਼ੀ ਮੰਗਦਾ ਹਾਂ, ਕਿ ਜੇ ਕੁਝ ਊਨਤਾ ਰਹਿ ਗਈ ਹੋਵੇ ਤਾਂ ਸਜਨ ਆਪ ਸੁਧਾਰ ਲੈਣ ਜਾਂ ਦਾਸ ਨੂੰ ਲਿਖ ਭੇਜਨ ਤਾਕਿ ਅਗਲੀ ਵਾਰੀ ਛਾਪਨ ਵੇਲੇ ਠੀਕ ਕੀਤੀ ਜਾਵੇ।

ਵਾਰ ਕਵੀ

ਏਹਨਾਂ ਸਭ ਦ੍ਰਿਸ਼ਟਾਂਤਾਂ ਤੋਂ ਪਤਾ ਲਗੇ, ਸਤਿਗੁਰਾਂ ਨੇ ਦੇਵੀ ਮਨਾਈ ਨਾਹੀਂ
ਬਾਣੀ ਉਨ੍ਹਾਂ ਦੀ ਪਕਾ ਸਬੂਤ ਦੇਂਦੀ, ਇਸ਼ਟ ਕਰ ਦੁਰਗਾ ਗੁਰਾਂ ਧਯਾਈ ਨਾਹੀਂ
ਲਿਖ ਦਿਤੀਆਂ ਸੁਣ ਸੁਣਾ ਗਲਾਂ, ਏਹ ਕਵੀਸ਼ਰਾਂ ਕੀਤੀ ਭਲਾਈ ਨਾਹੀਂ

ਵਡੀ ਉਚੀ ਦਲੀਲ ਕਰਤਾਰ ਸਿੰਘਾ, ਸਤਿਗੁਰਾਂ ਦੀ ਉਨ੍ਹਾਂ ਨੇ ਪਾਈ ਨਾਂਹੀਂ

### ਸੰਗਤਾਂ ਦਾ ਇਕਠ

ਗਲ ਦੇਸਾਂ ਪ੍ਰਦੇਸਾਂ ਦੇ ਵਿਚ ਧੁਮੀ, ਸਤਿਗੁਰਾਂ ਦੇਵੀ ਪ੍ਰਗਟਾਈ ਹੈ ਜੀ
ਇਕ ਖੰਡਾ ਦੇਗਈ ਨਾਲੇ ਵਰ ਚੰਗਾ, ਬੜੀ ਦਯਾਲ ਹੋਈ ਮਹਾਂਮਾਈ ਹੈ ਜੀ
ਆਈਆਂ ਸੰਗਤਾਂ ਦਰਸ਼ਨਾਂ ਪ੍ਰਸ਼ਨਾਂਨੂੰ, ਰਿਹਾ ਅੰਤ ਹਿਸਾਬ ਨ ਕਾਈ ਹੈ ਜੀ
ਖੁਸ਼ੀ ਸਭ ਦੇ ਚਿਤ ਦੇ ਵਿਚ ਬਹੁਤੀ, ਮਾਯਾ ਬੇਹਿਸਾਬ ਚੜ੍ਹਾਈ ਹੈ ਜੀ
ਭਾਰਾ ਤੇਜ ਸਤਿਗੁਰਾਂ ਦਾ ਦੇਖ ਕਰਕੇ, ਕਈ ਕਲਪਨਾ ਕਰੇ ਲੁਕਾਈ ਹੈ ਜੀ
ਦੇਵੀ ਹੋਈ ਪ੍ਰਤਖ ਕਰਤਾਰ ਸਿੰਘਾ, ਪਹਿਲਾਂ ਬ੍ਰਾਹਮਨਾਂ ਸਾਰੇ ਧੁਮਾਈ ਹੈ ਜੀ

### ਸੰਗਤਾਂ ਦੇ ਪੁਛਨ ਤੇ ਸਤਿਗੁਰਾਂ ਨੇ ਅਸਲ ਦੇਵੀ ਦਾ ਸਰੂਪ ਦਸਨਾ

ਸਿਖ ਆ, ਆ ਪੁਛਦੇ ਗੁਰੂ ਜੀ ਤੋਂ, ਹੋਈ ਕਿਸ ਤਰ੍ਹਾਂ ਦੀ ਹੈਸੀ ਜ਼ਾਹਰ ਦੇਵੀ
ਦਸੋ ਗੁਰੂ ਜੀ ਓਸ ਦਾ ਰੂਪ ਸਾਨੂੰ, ਤੁਸਾਂ ਕੀਤਾ ਹੈ ਜਿਵੇਂ ਦੀਦਾਰ ਦੇਵੀ
ਸਤਿਗੁਰ ਦੀਵਾਨ ਦੇ ਵਿਚ ਬਹਿਕੇ, ਪੂਰਾ ਕਰਨ ਲਗੇ ਇਜ਼ਹਾਰ ਦੇਵੀ
ਸੁਣੋ ਸਿਖੋ ਪਯਾਰਿਓ ਧਯਾਨ ਧਰਕੇ, ਤੁਹਾਨੂੰ ਦਸੀਏ ਰੂਪ ਅਪਾਰ ਦੇਵੀ
ਨ ਦੇਵੀ ਦਾ ਰੂਪ ਹੈ ਤੀਵੀਆਂ ਦਾ, ਨਹੀਂ ਸ਼ੇਰ ਦੀ ਹੈ ਅਸਵਾਰ ਦੇਵੀ
ਨ ਦੋ, ਨ ਓਹਦੀਆਂ ਅਠ ਬਾਹਾਂ, ਨ ਮਰਦ ਤੇ ਨ ਹੈ ਨਾਰ ਦੇਵੀ
ਨ ਮੰਦਰਾਂ ਦੇ ਵਿਚ ਵਸਦੀ ਏ, ਨ ਵਸਦੀ ਵਿਚ ਪਹਾੜ ਦੇਵੀ
ਨ ਦੀਵਿਆਂ ਵਾਲੀ ਨ ਲਾਟਾਂ ਵਾਲੀ, ਅਸਾਂ ਦੇਖੀ ਹੈ ਅਪਰ ਅਪਾਰ ਦੇਵੀ
ਓਹ ਚਮਕਦੀ ਬਿਜਲੀ ਵਾਂਗ ਸਦਾ, ਜਿਨ੍ਹੂੰ ਵਰ ਦੇਵੇ ਦੇਂਦੀ ਤਾਰ ਦੇਵੀ
ਜਿਧੇ ਹਥ ਸਜੇ ਵਿਚ ਆ ਜਾਵੇ, ਕਰੇ ਕਾਇਰਾਂ ਤੋਂ ਖਬਰਦਾਰ ਦੇਵੀ
ਜਿਧੇ ਪਾਸ, ਖਤਰਾ ਓਹਨੂੰ ਵੈਰੀ ਦਾ ਨ, ਮਾਰੇ ਦੁਸ਼ਮਨਾਂ ਨੂੰ ਲਲਕਾਰ ਦੇਵੀ
ਵਿਚ ਜੰਗ ਦੇ ਮਰਦ ਦੇ ਹਥ ਹੋਵੇ, ਤਛਾ ਮੁਛ ਕਰਦੀ ਲਾਹ ਸਥਾਰ ਦੇਵੀ
ਨਿਹਚਾ ਧਾਰਕੇ ਸਦਾ ਮਨਾਇ ਜਿਹੜਾ, ਬੇੜਾ ਓਸਦਾ ਕਰਦੀ ਪਾਰ ਦੇਵੀ
ਬਾਦਸ਼ਾਹ ਕੰਗਾਲਾਂ ਨੂੰ ਕਰ ਦੇਂਦੀ, ਕਰੇ ਪਾਮਰਾਂ ਨੂੰ ਸਰਦਾਰ ਦੇਵੀ

ਅਰਜਨ ਭੀਮ ਤਾਈਂ ਓਸੇ ਵਰ ਦਿਤੇ, ਮਹਾਂ ਬਲੀ ਕੀਤੇ ਸੰਸਾਰ ਦੇਵੀ
ਜੇਹੜੀ ਕੌਮ ਓਹਦੀ ਪੂਜਾ ਨਹੀਂ ਕਰਦੀ, ਉਹਨੂੰ ਗਰਕ ਕਰਦੀ ਮੰਝਧਾਰ ਦੇਵੀ
ਜਿਸ ਮਰਦਦੇ ਉਹ ਅੰਗਸੰਗ ਰਹਿੰਦੀ, ਉਹਨੂੰ ਔਣ ਨ ਦੇਂਵਦੀਹਾਰ ਦੇਵੀ
ਓਹ ਗਿਦੜਾਂ ਨੂੰ ਸ਼ੇਰ ਕਰ ਦੇਂਦੀ, ਮੁਰਦੇ ਦਿਲਾਂ ਨੂੰ ਦੇ ਉਭਾਰ ਦੇਵੀ
ਜਿਹੜਾ ਓਸ ਅਗੇ ਸੀਸ ਬਲੀ ਦੇਵੇ, ਜਨਮ ਮਰਨਦੇਵੇ ਓਹਦਾ ਟਾਰ ਦੇਵੀ
ਏਹ ਆਖਕੇ ਕਢ ਮਿਆਨ ਵਿਚੋਂ, ਦੇਂਦੇ ਸਭ ਦੇ ਤਈਂ ਦਿਖਾਰ ਦੇਵੀ
ਲਹਿ ਲਹਿ ਕਰਦੀ ਬਿਜਲੀ ਵਾਂਗ ਚਮਕੀ, ਹਥ ਗੁਰਾਂ ਨੇਲਈਸੰਭਾਰ ਦੇਵੀ
ਪੂਜੋ ਏਸ ਨੂੰ ਸਿਖ ਕਰਤਾਰ ਸਿੰਘਾ; ਅਸਲ ਇਹ ਹੈ ਜੋ ਤਲਵਾਰ ਦੇਵੀ

ਵਾਕ ਕਵੀ

ਏਸੇ ਦੇਵੀ ਨੂੰ ਪੂਜਿਆ ਗੁਰੂ ਜੀ ਨੇ, ਮਨਇਸ਼ਟ ਕਹਿਕੇ ਨਮਸ਼ਕਾਰ ਕੀਤੀ
ਸਦਾ ਗਾਤ੍ਰੇ ਰਖੀ ਨ ਮੂਲ ਲਾਹੀ, ਮਹਿਮਾ ਮੁਖ ਥੀਂ ਅਪਰ ਅਪਾਰ ਕੀਤੀ
ਮੇਰਾ ਪੰਥ ਏਹਨੂੰ ਅੰਗ ਸੰਗ ਰਖੇ, ਏਹ ਤਾਕੀਦ ਭਾਰੀ ਬਾਰ ਬਾਰ ਕੀਤੀ
ਹੋਏ ਕੀਟਾਂ ਤੋਂ ਰਾਜੇ ਕਰਤਾਰ ਸਿੰਘਾ, ਦੋਇਆ ਜਿਨ੍ਹਾਂ ਉਤੇ ਤਲਵਾਰ ਕੀਤੀ

ਅਕਾਲ ਉਸਤਤ ਵਿਚ ਗੁਰੂ ਜੀ ਨੇ ਇਉਂ ਉਚਾਰਨ ਕੀਤਾ ਹੈ :—

ਖਗ ਖੰਡ ਬਿਹੰਡ ਖਲ ਦਲ ਖੰਡੰ ਅਤਿਰਨ ਮੰਡੰ ਬਰ ਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾਂ ਕਰਨੰ ਦੁਰਮਤ ਦਰਨੰ ਕਿਲਵਿਖ ਹਰਨੰ ਅਸ ਸਰਣੰ ॥
ਜੈ ਜੈ ਜਗ ਕਾਰਨ ਸ੍ਰਿਸ਼ਟ ਉਭਾਰਨ ਮਮ ਪ੍ਰਤਿਪਾਰਨ ਜੈ "ਤੇਗੰ"

ਹਵਨ ਦੇ ਪਿਛੋਂ ਸ੍ਰੀ ਦਸਮੇਸ਼ ਜੀ ਦੀ ਬ੍ਰਿਤੀ

ਏਸ ਹਵਨ ਪਿਛੋਂ ਅਠ ਦਸ ਮਹੀਨੇ, ਮਗਨ ਗੁਰੂ ਜੀ ਰੂਪ ਕਰਤਾਰ ਰਹੇ
ਕਿਸੇ ਨਾਲ ਨ ਖੁਸ਼ੀ ਹੋ ਗਲ ਕਰਦੇ, ਹਰ ਵਕਤ ਇਕਾਂਤ ਵਿਚਾਰ ਰਹੇ
ਛਡ ਦਿਤੇ ਵਿਹਾਰ ਸ਼ਕਾਰ ਸਾਰੇ, ਨਿਰ ਮੋਹ ਜਿਹੀ ਬ੍ਰਿਤੀ ਧਾਰ ਰਹੇ
ਲਗੀ ਰਹੇ ਸਮਾਧ ਕਰਤਾਰ ਸਿੰਘਾ, ਬ੍ਰਹਮਾਨੰਦ ਦੀ ਲੈ ਬਹਾਰ ਰਹੇ

### ਅਕਾਲ ਬਾਣੀ

ਫੇਰ ਆਯਾ ਹੁਕਮ ਅਕਾਲ ਵਲੋਂ, ਏਸ ਬ੍ਰਿਤੀ ਤਈਂ ਤਜਾਓ ਜਲਦੀ
ਜੇਹੜੇ ਕੰਮ ਨੂੰ ਭੇਜਿਆ ਤੁਸਾਂ ਨੂੰ ਹੈ, ਓਸ ਕੰਮ ਨੂੰ ਸਿਰੇ ਚੜ੍ਹਾਓ ਜਲਦੀ
ਕਰੋ ਧਰਮ ਪ੍ਰਕਾਸ਼ ਜਹਾਨ ਅੰਦਰ, ਜੜ੍ਹ ਜ਼ੁਲਮ ਦੀ ਪੁਟ ਗਵਾਓ ਜਲਦੀ
ਧਰਮ ਰਖਯਾ ਲਈ ਕਰਤਾਰ ਸਿੰਘਾ, ਖਾਲਿਸ ਖਾਲਸਾ ਪੰਥ ਰਚਾਓ ਜਲਦੀ

### ਖਾਲਸਾ ਧਰਮ ਸਾਜਨਾ ਤੇ ਵਿਚਾਰਾਂ

ਸੁਣ ਹੁਕਮ ਅਕਾਲ ਦਾ ਗੁਰੂ ਸਾਹਿਬ ਝਟ ਪਟ ਹੋ ਗਏ ਬਜਾਉਨ ਵਾਲੇ
ਕੰਮ ਆਪਣੇ ਤੇ ਲੱਕ ਬੰਨ੍ਹ ਲਿਆ ਹੀਲੇ ਸੋਚ ਦੇ ਤੇਜ਼ ਚੜ੍ਹਾਉਨ ਵਾਲੇ
ਦੋ ਕੰਮ ਸੀ ਸਾਮ੍ਹਣੇ ਗੁਰੂ ਜੀ ਦੇ ਦੋਵੇਂ ਸੀਗੇ ਜ਼ਰੂਰੀ ਕਰਾਉਨ ਵਾਲੇ
ਪਹਿਲਾਂ ਦੇਸ਼ਦਾ ਧਰਮ ਸੁਧਾਰਨਾ ਸੀ, ਔਗੁਣ ਕਢਣੇ ਸੀ ਗਿਰਾਉਨ ਵਾਲੇ
ਫੇਰ ਜ਼ਾਲਮਾਂ ਦਾ ਕਰਨਾ ਸਾਮ੍ਹਣਾ ਸੀ, ਜਿਹੜੇ ਦੇਸਨੂੰ ਸਨ ਦਖਾਉਨ ਵਾਲੇ
ਗਲਾਂ ਦੋਵੇਂ ਹੀ ਔਖੀਆਂ ਭਾਰੀਆਂ ਸਨ, ਨ ਸੀ ਗੁਰੂਜੀ ਦਿਲਭੁਲਾਉਨ ਵਾਲੇ
ਓਹ ਆਪਣੇ ਕੰਮ ਤੇ ਖੜੇ ਹੋਗਏ, ਭਾਰਤਵਰਸ਼ ਮੁਰਦੇ ਨੂੰ ਜਿਵਾਉਨ ਵਾਲੇ
ਓਹਨਾਂ ਰੂਹਾਂ ਦੀ ਗੁਰਾਂ ਨੂੰ ਲੋੜ ਪਈ, ਹੋਕੇ ਨਾਲ ਜੋ ਕੰਮ ਚਲਾਉਨ ਵਾਲੇ
ਜਿਹੜੇ ਮੰਨਣ ਇਕ ਅਕਾਲ ਤਾਈਂ ਮੂਲ ਹੋਣਨ ਸਿਦਕ ਗਵਾਉਨ ਵਾਲੇ
ਜਿਨ੍ਹਾਂ ਵਿਚ ਹਮਦਰਦੀ ਪਯਾਰ ਹੋਵੇ ਵਡਾ ਸਿਦਕ ਭਰੋਸਾ ਰਖਾਉਨ ਵਾਲੇ
ਕੌਮੀ ਜੀਵਨ ਜਿਨ੍ਹਾਂ ਦੇ ਵਿਚ ਹੋਵੇ ਕੋਮ ਦੇਸ ਤੇ ਜਾਨ ਘੁਮਾਉਨ ਵਾਲੇ
ਸੂਰਬੀਰ ਬਹਾਦਰ ਹੋਣ ਭਾਰੇ ਧਰਮ ਵੈਰੀਆਂ ਤਈਂ ਦਬਾਉਨ ਵਾਲੇ
ਜਿਨ੍ਹਾਂ ਵਿਚ ਕੁਰਬਾਣੀ ਦਾ ਹੋਏ ਮਾਦਾ ਮੌਤੋਂ ਪੈਰ ਨ ਪਿਛਾਂ ਹਟਾਉਨ ਵਾਲੇ
ਖੂਨ ਛਤ੍ਰਤਾ ਦਾ ਅੰਦਰ ਜੋਸ਼ ਮਾਰੇ, ਹੋਣ ਛਤ੍ਰੀ ਧਰਮ ਨਿਭਾਉਨ ਵਾਲੇ
ਜਾਨ ਮਾਲ ਦੀ ਨ ਪਰਵਾਹ ਰਖਣ, ਧਰਮ ਯੁਧ ਤਾਈਂਸਦਾ ਚਾਹੁਨ ਵਾਲੇ
ਸਿਧੇ ਇਕ ਨਿਸ਼ਾਨ ਤੇ ਜਾਣ ਵਾਲੇ, ਆਪੋ ਵਿਚ ਪਿਆਰ ਵਧਾਉਨ ਵਾਲੇ
ਇਕੋ ਧਰਮ ਇਕੋ ਜਹੇ ਕਰਮ ਹੋਵਨ, ਸਾਂਝਪਿਆਰ ਤੇ ਜੋੜ ਜੁੜਾਉਨ ਵਾਲੇ

ਪੁਰਸ਼ ਪੈਦਾ ਅਜੇਹੇ ਕਰਤਾਰਸਿੰਘਾ, ਕਰਨੇ ਪਏ ਏਹ ਅਮਲਕਨਾਂਊਨ ਵਾਲੇ

ਤਥਾ

ਅਗੇ ਦੇਸ਼ ਦੇ ਵਿਚ ਨ ਪੁਰਸ਼ ਐਸੇ, ਨਵੇਂ ਗੁਰਾਂ ਨੂੰ ਹੋਰ ਬਣਾਉਣੇ ਪਏ
ਹਿੰਦੂ ਬਹੁਵਾਟੀਂ ਚਲ ਹੋਏ ਮਾੜੇ, ਨਵੇਂ ਪੁਰਸ਼ ਇਕ ਰਾਹ ਲਿਆਉਣੇ ਪਏ
ਖੁਦਗਰਜ਼ੀਆਂ ਨੇ ਲੋਕ ਮਾਰ ਲਏ, ਨਵੇਂ ਸਿਰੇ ਮੁਰਦੇ ਸੋ ਜਿਵਾਉਣੇ ਪਏ
ਹਿੰਦੂ ਛਤਰੀ ਧਰਮ ਗਵਾ ਬੈਠੇ, ਨਵੇਂ ਛਤਰੀ ਹੋਰ ਰਚਾਉਣੇ ਪਏ
ਲੋਕਾਂ ਵਿਚ ਨ ਰਹੀ ਸੀ ਦੇਸ਼ ਭਗਤੀ, ਨਵੇਂ ਜੀਊਂਦੇ ਰੂਹ ਉਠਾਉਣੇ ਪਏ
ਬਿਨਾਂ ਜਿੰਦ ਹੋਏ ਮੁਰਦੇ ਕਾਇਰ ਭਾਰੇ, ਭੈੜੇ ਉਹ ਨਮੂਨੇ ਗਵਾਉਣੇ ਪਏ
ਦਾਬੇ ਜ਼ਾਲਮਾਂ ਦੇ ਹੇਠ ਗਏ ਦਬੇ, ਨਵੇਂ ਹੋਰ ਬੇਖੌਫ ਦਿਖਾਉਣੇ ਪਏ
ਮੁਰਦਾ ਸ਼ਕਲ ਨੂੰ ਛਡ ਕਰਤਾਰ ਸਿੰਘਾ, ਹੋਰ ਨਵੇਂ ਸਚੇ ਉਲਟਾਉਣੇ ਪਏ

ਤਥਾ

ਚੰਗੀ ਤਰ੍ਹਾਂ ਸਨ ਗੁਰੂ ਜੀ ਜਾਣ ਚੁਕੇ, ਏਹਨਾਂ ਹਿੰਦੂਆਂ ਦੀ ਕੁਝ ਆਸ ਨਾਹੀਂ
ਜੋੜੇ ਕੰਮਾਂ ਦੀ ਅਸੀਂ ਦਲੀਲ ਕਰਦੇ, ਏਨ੍ਹਾਂ ਪਾਸੋਂ ਕਦੇ ਆਉਣੇ ਰਾਸ ਨਾਹੀਂ
ਏਹਨਾਂ ਜਥੇਬੰਦੀ ਵਿਚ ਆਉਣਾ ਨਹੀਂ ਹੋਣੀ ਬੀਰਤਾ ਕਦੇ ਪ੍ਰਕਾਸ਼ ਨਾਹੀਂ
ਮੁਸਲਮਾਨਾਂ ਦੇ ਸਾਹਵੇਂ ਹਥਯਾਰਫੜਕੇ, ਹੋਣਾ ਹੌਸਲਾ ਇਨ੍ਹਾਂਦੇ ਪਾਸ ਨਾਹੀਂ
ਹੁਣ ਤੀਸਰੇ ਪੰਥ ਦੇ ਰਚੇ ਬਿਨਾਂ ਏਹ ਟੁਟਣੀ ਜ਼ੁਲਮ ਦੀ ਫਾਸ ਨਾਹੀਂ
ਬਲੀ ਖਾਲਸਾ ਰਚੇ ਕਰਤਾਰ ਸਿੰਘਾ, ਏਨਾਂ ਲੋਕਾਂ ਦਾ ਕੁਝਵਿਸਵਾਸ ਨਾਹੀਂ

੧੭੫੬ ਦੀ ਵਸਾਖੀ ਤੇ ਸੰਗਤਾਂ ਨੂੰ ਸਦੇ

ਲਿਖੇ ਹੁਕਮਨਾਮੇ ਗੁਰਾਂ ਸੰਗਤਾਂ ਨੂੰ, ਦਿਤੇ ਸੇਵਕਾਂ ਨੂੰ ਲੈ ਕੇ ਜਾਓ ਜਲਦੀ
ਕਹਿਆ ਦੇਸ ਪ੍ਰਦੇਸ ਦੇ ਵਿਚ ਸਾਰੇ, ਫਿਰ ਸਿਖਾਂ ਨੂੰ ਪੜ੍ਹ ਸੁਨਾਉ ਜਲਦੀ
ਗੁਰਾਂ ਯਾਦ ਕੀਤਾ ਕਰ ਤਯਾਰੀਆਂ ਜੀ, ਚਲ ਮੇਲੇ ਵਸਾਖੀਤੇ ਆਓ ਜਲਦੀ
ਮਾਈ ਭਾਈ ਸਮੇਤ ਪਰਵਾਰ ਸਾਰੇ, ਝਟ ਵਲ ਆਨੰਦਪੁਰ ਧਾਉ ਜਲਦੀ
ਖੇਲ ਨਵਾਂ ਰਚਾਵਣਾ ਗੁਰੂ ਜੀ ਨੇ, ਆਉ ਰਲ ਕੇ ਸ਼ੋਭਾ ਵਧਾਉ ਜਲਦੀ

ਹੁਕਮ ਸੁਣਦਯਾਂ ਸਾਰ ਕਰਤਾਰਸਿੰਘਾ, ਚੜੇ ਸੰਗਤਾਂਦੀਦਿਲੀਂ ਚਾਓ ਜਲਦੀ

### ਸੰਗਤਾਂ ਦਾ ਸ੍ਰੀ ਅਨੰਦਪੁਰ ਵਿਚ ਇਕਠ

ਹੁਕਮ ਸੁਣਦਯਾਂ ਸਾਰ ਸਤਿਗੁਰੂਜੀਦੇ, ਸਿਖਾਂ ਕਰਲਈਆਂਝਟ ਤਯਾਰੀਆਂ ਨੇ
ਧੰਨ ਭਾਗ ਕਹਿ ਟੁਰੇ ਪਰਵਾਰਾਂ ਸਣੇ, ਘਰਾਂ ਵਾਲੀਆਂ ਕਾਰਾ ਵਸਾਰੀਆਂ ਨੇ
ਜੋ ਸਰਦਾ ਲੈ ਕੇ ਟੁਰੇ ਭੇਟਾ, ਸੋਨੇ ਚਾਂਦੀਆਂ ਤੇ ਨਕਦੀਆਂ ਭਾਰੀਆਂ ਨੇ
ਮੇਵੇ, ਕਪੜੇ, ਘੋੜੇ ਹਥਯਾਰ ਸੋਹਣੇ, ਲੈ ਚਲੀਆਂ ਸੰਗਤਾਂ ਸਾਰੀਆਂ ਨੇ
ਸਭ ਦੇਸਾਂ ਤੋਂ ਪੈ ਵਹੀਰ ਗਏ, ਦਿਲੀਂ ਦਰਸ਼ਨਾਂਨੂੰ ਸਿਕਾਂ ਧਾਰੀਆਂ ਨੇ
ਕਠੇ ਹੋ ਹੋਕੇ ਟੋਲੇ ਆਉਣ ਲਗੇ, ਗਾਉਣ ਸੰਗਤਾਂ ਸ਼ਬਦ ਪਯਾਰੀਆਂ ਨੇ
ਮੁਖ ਗੁਰਾਂ ਦਾ ਪੂਰਨ ਚੰਦ ਵਰਗਾ, ਮਨ ਲੈਣ ਚਕੋਰ ਉਡਾਰੀਆਂ ਨੇ
ਆਈਆਂ ਪੁਰੀ ਅਨੰਦ ਕਰਤਾਰ ਸਿੰਘਾ, ਬਹੁਤ ਸੰਗਤਾਂ ਗੁਰੂ ਸਵਾਰੀਆਂ ਨੇ

### ਤਥਾ

ਜਿਵੇਂਸੌਣ ਨੂੰ ਆਉਂਦੀਆਂ ਘਟਾਂ ਚੜ੍ਹਕੇ, ਤਿਵੇਂ ਸੰਗਤਾਂਦੀਆਵਾਜਾਈ ਲਗੀ
ਰਾਹ ਟੁਟਨੇ ਆਏ ਚੁਫੇਰਿਓਂ ਜੀ, ਬੇ ਸ਼ੁਮਾਰ ਹੀ ਆਉਣ ਲੁਕਾਈ ਲਗੀ
ਲਗੇ ਪੁਰੀ ਦੇ ਚਾਰ ਚੁਫੇਰੇ ਡੇਰੇ, ਗਹਿਮਾਂ ਗਹਿਮ ਰੌਣਕ ਬੇ ਬਹਾਈ ਲਗੀ
ਮੇਲਾ ਭਰਿਆ ਬਹੁਤ ਕਰਤਾਰ ਸਿੰਘਾ, ਕੌਤਕ ਗੁਰਾਂ ਰਚੇਨਾ ਅਵਾਈ ਲਗੀ

### ਕੇਸਗੜ੍ਹ ਤੇ ਦੀਵਾਨ ਦੀਆਂ ਤਯਾਰੀਆਂ

ਇਕ ਦਿਨ ਵਸਾਖੀਓਂ ਪਹਿਲਾਂ ਹੀ ਜੀ, ਕੇਸ ਗੜ੍ਹ ਤੇ ਫਰਸ਼ ਵਛਾ ਛਡੇ
ਸਾਹਿਬਾਨ ਚੰਦੋਏ ਤਣਾ ਕਰਕੇ; ਬੈਠਣ ਵਾਸਤੇ ਥਾਂ ਬਣਵਾ ਛਡੇ
ਵਡਾ ਤੰਬੂ ਲਵਾ ਕੇ ਇਕ ਪਾਸੇ, ਪੜਦੇ ਓਸਦੇ ਸਭ ਛੁਡਾ ਛਡੇ
ਅਗੇ ਓਸਦੇ ਤਖਤ ਰਖਾ ਕਰਕੇ, ਉਪਰ ਕੀਮਤੀ ਫਰਸ਼ ਕਰਵਾ ਛਡੇ
ਕੋਈ ਅੰਦਰੋਂ ਜਾ ਕੇ ਨ ਵੇਲੇ, ਗਿਰਦ ਤੰਬੂ ਦੇ ਪਹਿਰੇ ਲਵਾ ਛਡੇ
ਕੇਸ ਗੜ੍ਹ ਦੀਵਾਨ ਕਰਤਾਰ ਸਿੰਘਾ, ਕਲ੍ਹ ਲਗੇਗਾ ਹੁਕਮ ਸੁਨਾ ਛਡੇ

### ੧੭੫੬ ਦੀ ਵਸਾਖੀ ਦਾ ਸੁਭਾਗ ਦਿਹਾੜਾ

ਚੜ੍ਹਿਆ ਦਿਨ ਵਸਾਖੀ ਦਾ ਭਾਗ ਭਰਿਆ, ਚਿਤ ਸਭਦੇ ਚਾਉ ਅਪਾਰ ਭਾਈ
ਅੱਸੀ ਲਖ ਤੋਂ ਸੰਗਤਾਂ ਬਹੁਤੀਆਂ ਸਨ, ਹੋ ਰਹੀ ਸਾਰੇ ਜੈ ਜੈ ਕਾਰ ਭਾਈ
ਦਿਨ ਚੜ੍ਹਦਿਆਂ ਹੀ ਲੰਗਰ ਵਰਤ ਗਏ, ਧੌਂਸਾ ਵਜਿਆ ਦੇ ਘੁਮਘਾਰ ਭਾਈ
ਸਤਿਗੁਰੂ ਜੀ ਤਖਤ ਤੇ ਆ ਬੈਠੇ, ਕਰ ਕਮਰ ਕਸਾ ਹੋ ਤਯਾਰ ਭਾਈ
ਬਾਉਂ ਮਲਨੇ ਦੀ ਪਈ ਸੰਗਤਾਂ ਨੂੰ, ਧਾਏ ਦਰਸ਼ਨਾਂ ਨੂੰ ਨਰ ਨਾਰ ਭਾਈ
ਭਰ ਗਿਆ ਦੀਵਾਨ ਆ ਬਹੁਤ ਭਾਰਾ, ਰਿਹਾ ਕੁਝ ਨਾ ਅੰਤ ਸ਼ੁਮਾਰ ਭਾਈ
ਮਸੰਦ ਆ ਕੇ ਪਰਗਨੇ ਪਰਗਨੇ ਦੇ, ਲਗੇ ਭੇਟ ਚੜ੍ਹਾਉਣ ਦਰਬਾਰ ਭਾਈ
ਥੋੜੇ ਚਿਰ ਦੇ ਵਿਚ ਨ ਸੁਰ ਰਿਹਾ, ਹਰ ਚੀਜ਼ ਦੇ ਲਗੇ ਅੰਬਾਰ ਭਾਈ
ਅਖਾਂ ਪ੍ਰੇਮ ਪਿਆਸੀਆਂ ਰਜਦੀਆਂ ਨਾ, ਕਰ ਕਰਕੇ ਸੋਹਣਾ ਦੀਦਾਰ ਭਾਈ
ਹੁਣ ਧਰਕੇ ਧਿਆਨ ਕਰਤਾਰ ਸਿੰਘਾ, ਚੋਜੀ ਗੁਰੂ ਦੀ ਸੁਨ ਲੌ ਕਾਰ ਭਾਈ

### ਸ੍ਰੀ ਦਸਮੇਸ਼ ਜੀ ਨੇ ਇਕ ਸਿਖ ਦਾ ਸਿਰ ਮੰਗਣਾ

ਜਦ ਸਾਰੀਆਂ ਸੰਗਤਾਂ ਬੈਠ ਗਈਆਂ, ਸਤਿਗੁਰੂ ਜੀ ਖੇਲ ਰਚਾਂਵਦੇ ਨੇ
ਝਟ ਉਠਕੇ ਤਖਤ ਤੇ ਖੜੇ ਹੋ ਗਏ, ਹਥ ਤੇਗ ਨੰਗੀ ਲਿਸ਼ਕਾਂਵਦੇ ਨੇ
ਇਕ ਸਿਖ ਦੇ ਸਿਰ ਦੀ ਲੋੜ ਸਾਨੂੰ, ਉੱਚੀ ਗਜ ਕੇ ਏਹ ਸੁਣਾਂਵਦੇ ਨੇ
ਜਿਹੜਾ ਧਰਮ ਤੇ ਦੇਸ ਦੇ ਵਾਸਤੇ ਜੀ, ਬਲੀ ਹੋਣਾ ਚਾਹੇ ਸਦਾਂਵਦੇ ਨੇ
ਓਹ ਆ ਤਲਵਾਰ ਦੇ ਹੇਠ ਜਾਵੇ, ਲਹਿ ਲਹਿ ਕਰਦੀ ਦਿਖਲਾਂਵਦੇ ਨੇ
ਜਿਸ ਖੇਲਣਾ ਪ੍ਰੇਮ ਕਰਤਾਰ ਸਿੰਘਾ, ਸਿਰ ਤਲੀ ਧਰ ਆਵੇ ਜਤਾਂਵਦੇ ਨੇ

### ਲਾਹੌਰ ਦੇ ਸਿਖ ਦਯਾ ਰਾਮ ਖਤ੍ਰੀ ਨੇ ਹਾਜ਼ਰ ਹੋਣਾ

ਅਜੇ ਸਤਿਗੁਰੂਜੀ ਆਖ ਚੁਕੇਨਹੀਂ ਸਨ, ਕਹਿੰਦਾ ਸਿਖ ਬਲਿਹਾਰ ੨ ਗੁਰ ਜੀ
ਝਟ ਪਟ ਜਾਕੇ ਅਗੇ ਖੜਾ ਹੋਯਾ, ਮੂੰਹੋਂ ਆਖਦਾ ਸਿਰ ਤਯਾਰ ਗੁਰ ਜੀ
ਲੇਖੇ ਕੌਮ ਤੇ ਧਰਮ ਦੇ ਸਿਰ ਲਗੇ, ਧੰਨਯ ਭਾਗ ਮੈਂ ਖੁਸ਼ੀ ਅਪਾਰ ਗੁਰ ਜੀ
ਤੋਲਾ ਮਿਟੀ ਦਾ ਹੋਰ ਏਹ ਕੰਮ ਕੇਹੜੇ, ਲੇਖੇ ਆਪਦੇ ਲਗੇ ਸੌ ਵਾਰ ਗੁਰ ਜੀ

ਛੇਤੀ ਕਰੋ ਮਤਾਂ ਕੋਈ ਹੋਰ ਆ ਜਾਏ ਮਾਰੋ ਖਿਚਕੇ ਝਬ ਤਲਵਾਰ ਗੁਰ ਜੀ
ਹੋਵੇ ਦਫਲਾ ਜਨਮ ਕਰਤਾਰ ਸਿੰਘਾ ਕਿਤੇ ਰਹਿ ਨ ਜਾਂ ਬੇਕਾਰ ਗੁਰ ਜੀ

ਸ੍ਰੀ ਦਸਮੇਸ਼ ਜੀ ਨੇ ਪਹਿਲੇ ਸਿਖ ਨੂੰ ਬਾਹੋਂ ਫੜਕੇ ਤੰਬੂ ਵਿਚ ਲੈ ਜਾਣਾ

ਝਟ ਤਖਤ ਉਤੋਂ ਉਤਰ ਸ਼ੇਰ ਵਾਂਗੂ ਬਾਂਹੋਂ ਫੜਕੇ ਤੰਬੂ ਦੇ ਵਿਚ ਲੈ ਗਏ
ਏਹ ਕੌਤਕ ਵੇਖਕੇ ਗੁਰੂ ਜੀ ਦਾ ਲੋਕ ਸਾਰੇ ਹੀ ਸੰਸਿਆਂ ਵਿਚ ਪੈ ਗਏ
ਥੋੜੇ ਚਿਰ ਨੂੰ ਫੇਰ ਆ ਬਾਹਰ ਖਲੋ ਚਿਤ ਕਾਇਰਾਂ ਦੇ ਵੇਖ ਬੁਰੇ ਢੈਹ ਗਏ
ਭਿਜੀ ਖੂਨ ਦੇ ਨਾਲ ਕਰਤਾਰ ਸਿੰਘਾ ਤੇਗ ਵੇਖਕੇ ਲੋਕ ਹੈਰਾਨ ਰੈਹ ਗਏ

ਗੁਰੂ ਜੀ ਨੇ ਦੂਸਰਾ ਸਿਰ ਮੰਗਣਾ

ਭਰੀ ਖੂਨ ਦੀ ਹਥ ਤਲਵਾਰ ਨੰਗੀ, ਦੂਜੀ ਵਾਰ ਫਿਰ ਇਉਂ ਪੁਕਾਰਦੇ ਨੇ
ਸਿਰ ਦੇਣ ਨੂੰ ਹੈ ਤਯਾਰ ਕੋਈ, ਸਾਨੂੰ ਲੋੜ ਡਾਢੀ ਏਹ ਉਚਾਰਦੇ ਨੇ
ਗੁਰੂ ਘਰ ਦਾ ਕੋਈ ਪ੍ਰੇਮ ਵਾਲਾ, ਅਗਾਂਹ ਨਿਤਰੇ ਇਉਂ ਲਲਕਾਰਦੇ ਨੇ
ਕੌਤਕ ਵੇਖ ਅਚਰਜ ਕਰਤਾਰ ਸਿੰਘਾ, ਸੋਚਾਂ ਕਰਦੇ ਲੋਕ ਵਿਚਾਰਦੇ ਨੇ

ਹਸਤਨਾ ਪੁਰ ਦੇ ਧਰਮੇ ਜਟ ਸਿਖ ਨੇ ਹਾਜ਼ਰ ਹੋਣਾ

ਜਿਹੜੇ ਧੰਦੇ ਦੀ ਸਿਖੀ ਦੇ ਸਿਖ ਹੈਸਨ, ਮੂੰਹਾਂ ਵਲ ਤਕਣ ਫਿਰ ਫਿਰ ਲਗੇ
ਕਈ ਹੋ ਖਿਸਕੂ ਵਿਚੋਂ ਚਲ ਪਏ, ਦਸਤ ਓਹਨਾਂ ਤਾਈਂ ਦਿਲ ਘਿਰ ਲਗੇ
ਭਾਈ ਧਰਮਾ ਜਾ ਕੇ ਖੜਾ ਅਗੇ, ਕਾਹਲੀ ਪਈ ਮਤਾ ਕੁਝ ਚਿਰ ਲਗੇ
ਝਟ ਪਟ ਜਾ ਕਹੇ ਕਰਤਾਰ ਸਿੰਘਾ, ਦੂਜਾ ਸਤਿਗੁਰ ਜੀ ਮੇਰਾ ਸਿਰ ਲਗੇ

ਦੂਜੇ ਸਿਖ ਨੂੰ ਭੀ ਤੰਬੂ ਵਿਚ ਲੈ ਜਾਣਾ

ਓਹੋ ਸ਼ੇਰ ਵਾਲਾ ਝਟ ਫੇਰ ਕਰਕੇ, ਫੜ ਤੰਬੂ ਦੇ ਵਿਚ ਲੈ ਗਏ ਓਵੇਂ
ਇਹ ਵੇਖ ਕੇ ਕਾਇਰਾਂ ਦਿਲ ਦਹਿਲੇ, ਜੇਹੜੇ ਸਿਦਕ ਵਾਲੇ ਬੈਠੇ ਰਹੇ ਓਵੇਂ
ਕਟੇ ਪਿਲੇ ਤਾਂ ਉਠਕੇ ਖਿਸਕ ਚਲੇ, ਆਪੋ ਆਪਣੇ ਰਾਹਾਂ ਨੂੰ ਪਏ ਓਵੇਂ
ਡਾਢੀ ਲਾ ਕਸੌਟੀ ਕਰਤਾਰ ਸਿੰਘਾ, ਸਚੇ ਸਿਖ ਗੁਰਾਂ ਪਰਖ ਲਏ ਓਵੇਂ

ਸ੍ਰੀ ਦਸਮੇਸ਼ ਜੀ ਨੇ ਤੀਸਰਾ ਸਿਰ ਮੰਗਣਾ

ਓਸੇ ਤਰ੍ਹਾਂ ਖੂਨੋਂ ਤਲਵਾਰ ਭਿਜੀ, ਫੇਰ ਲੈ ਸਤਿਗੁਰੂ ਜੀ ਬਾਹਰ ਆਏ
ਓਹੋ ਤੀਸਰੀ ਵਾਰ ਅਵਾਜ਼ ਹੋਯਾ, ਸਿਰ ਦੇ ਕੋਈ ਹੇਠ ਤਲਵਾਰ ਆਏ
ਚੇਹਰੇ ਓਹਨਾਂ ਦੇ ਸੁਣਕੇ ਖੁਸ਼ਕ ਹੋਏ, ਜਿਹੜੇ ਮੇਲੇ ਤੇ ਸੀ ਨਰ ਨਾਰ ਆਏ
ਓਹ ਬੇਸਿਦਕੇ ਹੋ ਪਛਤਾਉਣ ਲਗੇ, ਅਸੀਂ ਛਡ ਕਾਹਨੂੰ ਘਰ ਬਾਰ ਆਏ
ਏਥੇ ਗੁਰੂ ਤਾਂ ਸਿਖ ਮੁਕਾਉਨ ਲਗਾ, ਸਿਰ ਮੰਗੀ ਜਾਂਦਾ ਬਾਰ ਬਾਰ ਆਏ
ਹੋਲੀ ਹੋਲੀ ਪਿਛਾਂ ਪਿਛਾਂ ਹਟਨ ਲਗੇ, ਵੇਖਨ ਰੋਣਕਾਂ ਜੋ ਦਿਲੋਂ ਧਾਰ ਆਏ
ਜਿਹੜੇ ਸਿਦਕ ਵਾਲੇ ਪ੍ਰੇਮੀ ਸਿਖ ਸੀਗੇ, ਦੂਰਾਂ ਦੂਰਾਂ ਤੋਂ ਕਈ ਹਜ਼ਾਰ ਆਏ
ਤਨ ਮਨ ਸਤਿਗੁਰਾਂ ਦਾ ਸਮਝਦੇ ਸਨ ਓਹਤਾਂ ਪ੍ਰੇਮ ਦੇ ਵਿਚ ਉਲਾਰ ਆਏ
ਸਿਰ ਦੇਣ ਦੀ ਸਭ ਨੂੰ ਪਈ ਕਾਹਲੀ, ਸੁਖਾਂ ਸੁਖਦੇ ਸਾਡੀ ਭੀ ਵਾਰ ਆਏ
ਏਸ ਵਣਜ ਤੋਂ ਵਧ ਕਰਤਾਰ ਸਿੰਘਾ, ਅਸਾਂ ਖਟਣਾ ਕੀਹ ਸੰਸਾਰ ਆਏ

ਦਵਾਰਕਾ ਵਾਸੀ ਹਿੰਦੁਸਤਾਨੀ ਸਿਖ ਮੁਹਕਮ ਛੀਂਬੇ ਨੇ ਹਾਜ਼ਰ ਹੋਣਾ

ਤੀਜੀ ਵਾਰ ਜਦ ਏਹ ਅਵਾਜ਼ ਹੋਈ, ਛੀਂਬਾ ਸਿਖ ਜਾ ਖੜਾ ਹਜ਼ੂਰ ਗੁਰ ਜੀ
ਹਥ ਜੋੜਕੇ ਬੇਨਤੀ ਕਰੇ ਮੂੰਹੋਂ, ਅਸੀਂ ਜੀਵ ਪਾਪੀ ਹਾਂ ਜ਼ਰੂਰ ਗੁਰ ਜੀ
ਪਾਪਾਂ ਭਰੀ ਏਹ ਦੇਹ ਅਪਵਿਤ੍ਰ ਸਾਡੀ, ਤੇ ਪਵਿਤ੍ਰ ਤੁਸੀਂ ਭਰਪੂਰ ਗੁਰ ਜੀ
ਮੇਰਾ ਪਾਪੀ ਦਾ ਸਿਰ ਕਰਤਾਰ ਸਿੰਘਾ, ਲੈ ਲਵੋ ਜੇ ਹੋਵੇ ਮਨਜ਼ੂਰ ਗੁਰ ਜੀ

ਤੀਸਰੇ ਸਿਖ ਨੂੰ ਭੀ ਤੰਬੂ ਵਿਚ ਲੈ ਜਾਣਾ

ਤੀਜੇ ਸਿਖ ਨੂੰ ਫੜ ਲੈਗਏ ਅੰਦਰ, ਇਉਂ ਜਾਪਿਆ ਜਿਵੇਂ ਤਲਵਾਰ ਚਲੀ
ਰਿਹਾ ਸ਼ਕ ਨ ਉਨ੍ਹਾਂ ਦੇ ਮਾਰਨੇ ਦਾ, ਬਾਹਰ ਤੰਬੂਓਂ ਖੂਨ ਦੀ ਧਾਰ ਚਲੀ
ਬਸਫੇਰ ਕੀਹ ਸੀ ਦਬੜੂ ਘੁਸੜੂਆਂ ਦੀ, ਜਿੰਦ ਮਾਰੇ ਬਿਨਾਂ ਹੀ ਉਛਾਰ ਚਲੀ
ਕਹਿੰਦੇ ਸਤਿਗੁਰਾਂ ਨੂੰ ਕੀਹ ਹੋ ਗਯਾਏ, ਇਹਤਾਂ ਪੁਠੀ ਗੁਰਯਾਈ ਦੀ ਕਾਰ ਚਲੀ
ਐਵੇਂ ਸਿਖਾਂ ਨੂੰ ਮਾਰ ਮੁਕਾਈ ਜਾਂਦੇ, ਛਡ *ਸੰਗਤ ਸਿਦਕ ਨੂੰ ਹਾਰ ਚਲੀ

*ਓਹ ਸੰਗਤ ਜਿਹੜੀ ਘਰੋਂ ਮੇਲਾ ਵੇਖਣ ਤੇ ਲੰਗਰਾਂ ਦੇ ਪ੍ਰਸਾਦੇ ਛਕਣ ਆਈ ਸੀ ਸਿਦਕ ਹਾਰੀ ਤੇ ਜਿਹੜੇ ਤਨ, ਮਨ ਧਨ ਗੁਰੂ ਦਾ ਸਮਝਦੇ ਸਨ, ਓਹ ਤਾਂ ਸ਼ੁਕਰ ਕਰਦੇ ਸਨ, ਕਿ ਕਿਵੇਂ ਅਸੀਂ ਗੁਰਾਂ ਦੇ ਲੇਖੇ ਲਗ ਜਾਵੀਏ॥

ਅਗੇ ਪਿਛੇ ਉਠ ਉਠਕੇ ਖਿਸਕ ਚਲੇ, ਭੀੜ ਆਪੇ ਹੀ ਛਡ ਦਰਬਾਰ ਚਲੀ
ਅੰਤ ਵੇਖਣੇ ਨੂੰ ਬਹੁਤੇ ਰਹੇ ਬੈਠੇ, ਕੁਝ ਭੀੜ ਲੈ ਕੇ ਸਿਰ ਭਾਰ ਚਲੀ
ਝਲੀ ਗਈ ਨ ਝਾਲ ਕਰਤਾਰ ਸਿੰਘਾ ਆ ਦ੍ਰਿੜਤਾ ਹੈ ਖਵਾਰ ਚਲੀ

### ਸ੍ਰੀ ਦਸਮੇਸ਼ ਜੀ ਨੇ ਚੰਡੀ ਸਿਰ ਮੰਗਣਾ

ਲੋਕ ਅਗੇ ਹੀ ਵਿਚ ਵਿਚਾਰਾਂ ਦੇ ਸਨ ਨਵੀਂ ਖੇਲ ਕੀਹ ਗੁਰਾਂ ਰਚਾਈ ਹੈ ਜੀ
ਚੰਗਾ ਹਵਨ ਕੀਤਾ ਅਸਰ ਪਿਆ ਉਲਟਾ, ਪੁਠੀ ਪੈ ਗਈ ਮਹਾਂਮਾਈ ਹੈ ਜੀ
ਗੁਰਾਂ ਪਹਿਲਿਆਂ ਨੇ ਹੀਲੇ ਬਹੁਤ ਕਰਕੇ, ਸਿਖੀ ਦੇਸ ਪ੍ਰਦੇਸ ਵਧਾਈ ਹੈ ਜੀ
ਪੁਤਾਂ ਵਾਂਗ ਪਿਆਰ ਸੀ ਨਾਲ ਸਿਖਾਂ, ਗੁਰ ਰਹੇ ਕਰਦੇ ਰੀਤ ਆਈ ਹੈ ਜੀ
ਏਹਤਾਂ ਆਪਣੀ ਹਥੀਂ ਮੁਕਾਨ ਲਗੇ, ਭਾਵੇਂ ਏਹ ਕੀ ਇਨ੍ਹਾਂ ਨੂੰ ਭਾਈ ਹੈ ਜੀ
ਜੰਗ ਵਿਚ ਮਰਦੇ ਸਿਖ ਕੰਮ ਆਉਂਦੇ, ਏਹ ਨਿਕੰਮੀ ਹੀ ਮੌਤ ਬੁਲਾਈ ਹੈ ਜੀ
ਲੋਕ ਖਿਸਕਦੇ ਜਾਨਤੇ ਕਰਨ ਗਲਾਂ, ਚੰਗੀ ਕਰਨ ਲਗੇ ਏਹ ਸਫਾਈ ਹੈ ਜੀ
ਇਕ ਦੂਸਰੇ ਦੇ ਪਿਛੇ ਉਠ ਟੁਰੇ, ਸੌ ਹਜ਼ਾਰਾਂ ਦਲੀਲ ਉਲਟਾਈ ਹੈ ਜੀ
ਔਖਾ ਪਿਆ ਇਮਤਿਹਾਨ ਏਹ ਸੰਗਤਾਂ ਨੂੰ ਝਲੀ ਦਿਲਾਂ ਤੋਂ ਬਹੁਤ ਲੁਕਾਈ ਹੈ ਜੀ
ਤੋਕਣ ਸਿਦਕ ਵਾਲੇ ਸਿਖ ਸੰਗਤਾਂ ਨੂੰ, ਕਿਉਂ ਦਲੀਲ ਤੁਸਾਂ ਭਰਮਾਈ ਹੈ ਜੀ
ਸਤਿਗੁਰੂ ਤਾਂ ਵੇਖਦੇ ਸਿਦਕ ਤੁਹਾਡਾ, ਕਿਥੋਂ ਤਕ ਤੁਹਾਡੀ ਦ੍ਰਿੜਤਾਈ ਹੈ ਜੀ
ਵਿਚ ਪਲਕ ਦੇ ਰਚਨ ਤੇ ਖੇ ਕਰਨ, ਸ਼ਕਤੀ ਏਤਨੀ ਗੁਰਾਂ ਛੁਪਾਈ ਹੈ ਜੀ
ਹੁਣੇ ਜੀਉਂਦੇ ਕਰ ਦਿਖਾਲ ਦੇਣੇ, ਏਹ ਮੌਜ ਦੀ ਖੇਲ ਦਿਖਾਈ ਹੈ ਜੀ
ਸਾਡੇ ਪ੍ਰਖਣੇ ਨੂੰ ਗੁਰਾਂ ਖੇਲ ਰਚਿਆ, ਬਾਜ਼ੀ ਸਿਦਕ ਤੇ ਸਿਰਦੀ ਲਾਈ ਹੈ ਜੀ
ਸਿਰ ਸਿਖ ਦਾ ਗੁਰਾਂ ਦੇ ਲੇਖੇ ਲਗੇ, ਵਡੀ ਹੋਰ ਕਿਹੜੀ ਭਲਿਆਈ ਹੈ ਜੀ
ਲੋਕਾਂ ਵਿਚ ਗਲਾਂ ਹੋ ਰਹੀਆਂ ਹੈਸਨ, 'ਚੋਬੀਦਾਰ' ਆ ਗੁਰਾਂ ਸੁਣਾਈ ਹੈ ਜੀ
ਕੋਈ ਹੋਰ ਪ੍ਰੇਮੀ ਆ ਸਿਰ ਦੇਵੇ, ਹਥ ਵਿਚ ਚੰਡੀ ਲਿਸ਼ਕਾਈ ਹੈ ਜੀ
ਏਹ ਸੁਣ ਕੇ ਬਚਨ ਕਰਤਾਰ ਸਿੰਘਾ, ਪੈ ਸਾਰੇ ਪੈ ਗਈ ਦੁਹਾਈ ਹੈ ਜੀ

ਪਿਆ ਲਗਣਾ ਔਖੀ ਘਸੌਟੀ ਉਤੇ ਵੇਖੋ ਵੇਖੀ ਸਿਖੀ ਵਾਲੇ ਜਰੇ ਨਾਹੀਂ
ਜਿਹੜੇ ਧੰਦੇ ਦੀ ਸਿਖੀਦੇ ਸਿਖ ਆਹੇ ਪਰਖ ਕੀਤਿਆਂ ਨਿਕਲੇ ਖਰੇ ਨਾਹੀਂ
ਜਿਹੜੇ ਭਾਵਤੇ ਸਿਦਕ ਦੇ ਸਿਖ ਆਹੇ, ਉਹ ਰਹੇ ਸਾਬਤ ਜ਼ਰਾ ਡਰੇ ਨਾਹੀਂ
ਜਿਹੜੇ ਸਭਾ ਵਿਚੋਂ ਉਠ ਚਲੇ ਗਏ, ਜੀ ਉਨ੍ਹਾਂ ਦਾ ਜਾਨ ਨੂੰ ਕਰੇ ਨਾਹੀਂ
ਓਹ ਸੰਸਿਆਂ ਦੇ ਵਿਚ ਪੈ ਗਏ, ਧੀਰਜ ਉਨ੍ਹਾਂ ਦਾ ਚਿਤ ਭੀ ਧਰੇ ਨਾਹੀਂ
ਨੇੜੇ ਤੇੜੇ ਲਗ ਰਹੇ-ਕਰਤਾਰ ਸਿੰਘਾ, ਸਿਟਾ ਵੇਖਣੇ ਨੂੰ ਗਏ ਪਰੇ ਨਾਹੀਂ

ਬਿਦਰ ਪੁਰੀ ਦੇ ਵਾਸੀ ਨਾਈ ਸਿਖ ਭਾਈ ਸਾਹਿਬ ਨੇ ਹਾਜ਼ਰ ਹੋਣਾ

ਚੌਥੀ ਵਾਰ ਆਵਾਜ਼ ਏਹ ਹੋਈ ਜਦੋਂ, ਭਾਈ ਸਾਹਿਬਾ ਗੁਰਾਂਦੇ ਚਰਨ ਫੜਦਾ
ਧੰਨਯ ਭਾਗ ਸਾਡੇ ਧੰਨ ਭਾਗ ਸਾਡੇ, ਬਾਰਬਾਰ ਕਹਿ ਬੇਨਤੀ ਇਉਂ ਕਰਦਾ
ਮੇਰਾ ਸਿਰ ਪਾਪੀ ਯੋਗ ਆਪਦੇ ਨਾ, ਨਾਲ ਸ਼ਰਮ ਕਰਦਾ ਮੋੜ ਦੇਣੇ ਡਰਦਾ
ਕਿਰਪਾ ਕਰ ਲੌ ਕਟ ਕੁਤਾਰ ਸਿੰਘਾ, ਏਹ ਆਖ ਚਰਨਾਂ ਉਨੇ ਸੀਸ ਧਰਦਾ

ਚੌਥੇ ਸਿਖ ਨੂੰ ਭੀ ਫੜਕੇ ਤੰਬੂ ਵਿਚ ਲੈ ਜਾਣਾ

ਚੌਥੇ ਸਿਖ ਨੂੰ ਭੀ ਜਦੋਂ ਲੈ ਗਏ, ਬਾਹਰ ਸੰਗਤਾਂ ਵਿਚ ਤਰਥਲ ਮਚੀ
ਬਾਹਰ ਵਗ ਆਯਾ ਖੂਨ ਦੂਰ ਤੇੜੀ, ਲੋਕਾਂ ਸਮਝ ਲਈ ਇਹ ਹੈ ਗਲ ਸਚੀ
ਗੁਰੂ ਸਿਖਾਂ ਤਾਈਂ ਵੱਢੀ ਜਾਂਦਾ ਹੈ ਜੀ, ਖਿਸਕ ਟੁਰੀਜੇਹੜੀ ਸੰਗਤਸੀ ਕਚੀ
ਰੌਲਾ ਪੈ ਗਿਆਂ ਆਨ ਕਰਤਾਰ ਸਿੰਘਾ, ਮੌਤ ਸਿਖਾਂ ਦੇ ਸਿਰਤੇ ਆਣ ਨਚੀ

ਸੰਗਤਾਂ ਵਿਚ ਰੌਲਾ

ਆਣ ਸੰਗਤਾਂ ਦੇ ਵਿਚ ਪਿਆ ਰੌਲਾ, ਲੋਕ ਡਰਦੇ ਰਿਦੇ ਡੁਲਾਈ ਜਾਂਦੇ
ਕਚੇ ਸਿਦਕ ਵਾਲੇ ਮੌਤੋਂ ਡਰ ਖਾਕੇ, ਨੀਵੇਂ ਨੀਵੇਂ ਹੋ ਪੈਰ ਖਿਸਕਾਈ ਜਾਂਦੇ
ਕਈ ਵੇਖੋ ਵੇਖੀ ਵਿਚ ਫਸੀ ਬੈਠੇ, ਪੈ ਦਲੀਲੀਂ ਦਿਲ ਭਰਮਾਈ ਜਾਂਦੇ
ਕਈ ਸਿਖ ਮਸੰਦ ਹੋ ਰਲ ਕਠੇ, ਭਜ ਵਿਚ ਮਹਿਲਾਂ ਪਾਸ ਮਾਈ ਜਾਂਦੇ
ਚਲੋ ਮਾਤਾ ਜੀ ਗੁਰਾਂ ਨੂੰ ਤੁਸੀਂ ਮੋੜੋ, ਓਹ ਤਾਂ ਸਿਖਾਂਨੂੰ ਮਾਰ ਮੁਕਾਈ ਜਾਂਦੇ
ਅਸੀਂ ਵੇਖਕੇ ਆਏ ਕਰਤਾਰ ਸਿੰਘਾ, ਫੜ ਸਿਖਾਂ ਤਾਈਂ ਕਤਲਾਈ ਜਾਂਦੇ

ਸ੍ਰੀ ਦਸਮੇਸ਼ ਜੀ ਨੇ ਪੰਜਵਾਂ ਸਿਰ ਮੰਗਣਾ

ਏਧਰ ਸੰਗਤਾਂ ਵਿਚ ਏਹ ਪਿਆਰੌਲਾ, ਓਧਰ ਸਤਿਗੁਰਾਂ ਪੰਜਵੀਂ ਵਾਰ ਆਕੇ
ਜਿਨ੍ਹੂੰ ਚਾਉ ਪ੍ਰੇਮ ਦੇ ਖੇਲਨੇ ਦਾ, ਦੇਵੇ ਸਿਰ ਓਹ ਹੇਠ ਤਲਵਾਰ ਆਕੇ

ਕਿਹਾ ਗਜਕੇ ਵਿਚ ਦਰਬਾਰ ਉਚੀ, ਸਿਰ ਦੇ ਲਏ ਜਨਮ ਸਵਾਰ ਆਕੇ
ਐਸਾ ਰਚਿਆ ਖੇਲ ਕਰਤਾਰ ਸਿੰਘਾ, ਲੋਕ ਦਹਿਲ ਗਏ ਇਕੋ ਵਾਰ ਆਕੇ

ਜਗਨ ਨਾਥ ਦੇ ਵੱਸਨ ਵਾਲੇ ਹਿੰਮਤ ਰਾਇ ਝੀਉਰ ਨੇ ਹਾਜ਼ਰ ਹੋਣਾ

ਧਨ ਸਿਦਕ ਤੇਰਾ ਕੋਈ ਨ ਹੱਦ ਬੰਨਾਂ, ਉਚਾ ਹੈ ਭਰੋਸਿਆਂ ਸ਼ਾਨ ਤੇਰਾ
ਸਿਖਾਂ ਵਿਚ ਵਸੇਂ ਬਹੁਤ ਸਭ ਨਾਲੋਂ, ਸੋਥੋਂ ਜਿੰਨਾਂ ਪੁਜੇ ਕਰਾਂ ਮਾਨ ਤੇਰਾ
ਤੇਰੇ ਆਸਰੇ ਚਾਰ ਕੁਰਬਾਨ ਹੋਏ, ਪੰਜਵਾਂ ਉਠਿਆ ਰਖ ਕੇ ਤਾਨ ਤੇਰਾ
ਝੱਟ ਗੁਰਾਂ ਦੇ ਜਾ ਹਜ਼ੂਰ ਕਹਿੰਦਾ, ਹਾਜ਼ਰ ਖੜਾ ਗੁਰ ਜੀ ਦਾਸ ਆਨ ਤੇਰਾ
ਮੈਂ ਕੀਹ ਦੇਵਾਂ ਮੇਰਾ ਕੁਝ ਨਾਹੀਂ, ਜਾਨ ਮਾਲ ਪਰਵਾਰ ਪਛਾਨ ਤੇਰਾ
ਤੂੰ ਗੁਰ ਮੈਂ ਸਿਖ ਕਰਤਾਰ ਸਿੰਘਾ, ਸਿਰ ਦੇ ਨਾ ਲਹੇ ਅਹਿਸਾਨ ਤੇਰਾ

ਸ੍ਰੀ ਦਸਮੇਸ਼ ਜੀ ਨੇ ਪੰਜਵੇਂ ਸਿੱਖ ਨੂੰ ਭੀ ਤੰਬੂ ਵਿਚ ਲੈ ਜਾਣਾ

ਫੜ ਪੰਜਵੇਂ ਸਿਖ ਨੂੰ ਝਟ ਬਾਹੋਂ, ਵਿਚ ਤੰਬੂ ਦੇ ਜਾ ਖਲਾਇਆ ਜੀ
ਬਾਹਰ ਸੁਣੀ ਅਵਾਜ਼ਇਉਂ ਸਾਰਿਆਂ ਨੇ, ਜਿਵੇ ਨਾਲਤਲਵਾਰਦੇ ਮਾਰਯਾ ਜੀ
ਖ਼ੂਨ ਤੰਬੂਓਂ ਵਗਕੇ ਬਾਹਰ ਆਯਾ, ਆਨ ਸੰਗਤਾਂ ਹੋਸਲਾਂ ਹਾਰਿਆ ਜੀ
ਕੰਬ ਸੰਗਤਾਂ ਗਈਆਂ ਕਰਤਾਰ ਸਿੰਘਾ, ਗੁਰਾਂ ਖੇਲ ਅਚਰਜ ਦਿਖਾਰਿਆ ਜੀ

ਵਾਕ ਕਵੀ

ਤਾਵੀ ਐਸੀ ਕਸੌਟੀ ਤੇ ਲਾ ਕਰਕੇ, ਸਤਿਗੁਰਾਂ ਨਿਤਾਰ ਲਏ ਪੰਜ ਪਯਾਰੇ
ਪਹਿਲੇ ਗੁਰਾਂ ਵੇਲੇ ਇਕੋ ਨਿਕਲਯਾ ਸੀ, ਦਸਲੋਂ ਚਣਨਿਕਾਰ ਲਏ ਪੰਜ ਪਯਾਰੇ
ਦਦੇ ਪਾਤਸ਼ਾਹ ਨੇ ਆਪ ਚੁਣ ਕਰਕੇ, ਏਹ ਵਜ਼ੀਰ ਸਵਾਰ ਲਏ ਪੰਜ ਪਯਾਰੇ
ਬਾਦਸ਼ਾਹੀ ਦੀ ਨੀਂਹ ਦੇ ਰਖਣੇ ਨੂੰ ਨਾਲ ਮੈਂਬਰ ਖਲਾਰ ਲਏ ਪੰਜ ਪਯਾਰੇ
ਚਾਰ ਯਾਰੀ ਦੀ ਰੀਤ ਨੂੰ ਤੋੜ ਕਰਕੇ, ਪੰਜ ਯਾਰੀ ਦੇਯਾਰ ਲਏ ਪੰਜ ਪਯਾਰੇ
ਸਦਾਂ ਪੰਥ ਦੇ ਤਈਂ ਅਟਲ ਰਖਨ, ਪੰਜ ਕੌਂਸਲੀ ਧਾਰ ਲਏ ਪੰਜ ਪਯਾਰੇ
ਅਗੋਂ ਲੜੀ ਗੁਰਆਈ ਦੀ ਬੰਦ ਕਰਨੀ, ਗੁਰੂ ਰੂਪ ਵਿਚਾਰ ਲਏ ਪੰਜ ਪਯਾਰੇ
ਸ਼ਖ਼ਸੀ ਤੋੜ ਹਕੂਮਤ ਜਮਹੂਰੀਕੂਨੀ, ਕਰ ਤਾਹੀਏ ਤਯਾਰ ਲਏ ਪੰਜ ਪਯਾਰੇ
ਗੁਰਾਂ ਦੂਰ ਦੀਆਂ ਸੋਚ ਲੰਮੀਆਂ ਜੀ ਕਣ ਨਾਲ ਤਲਵਾਰ ਲਏ ਪੰਜ ਪਯਾਰੇ
ਚੰਗੀ ਤਰਾਂ ਕਰ ਪਰਖ ਕਰਤਾਰ ਸਿੰਘਾ, ਤੰਬੂ ਵਿਚ ਬਠਾਰ ਲਏ ਪੰਜ ਪਯਾਰੇ

### ਸ੍ਰੀ ਦਸਮੇਸ਼ ਜੀ ਨੇ ਪੰਜਾਂ ਸਿਖਾਂ ਨੂੰ ਤੰਬੂਓਂ ਬਾਹਰ ਲੈ ਆਉਣਾ

ਏਸੇ ਤਰਾਂ ਜਾਂ ਪੰਜਾਂ ਦੀ ਚੋਣ ਹੋ ਗਈ, ਸਤਿਗੁਰੂ ਜੀ ਖ਼ੁਸ਼ੀ ਮਨਾਂਵਦੇ ਨੇ
ਆਖ ਧੰਨਯ ਸਿੱਖੀ,ਧੰਨਯ ਧੰਨਯ ਸਿੱਖੀ,ਵਾਰੋ ਵਾਰੀ ਪੰਜੇ ਗਲ ਲਾਂਵਦੇ ਨੇ
ਪੰਜਾਂ ਤਾਂਈ ਪਹਿਨਾ ਪੁਸ਼ਾਕ ਚਿੱਟੀ,ਪੰਜੇ ਸੋਹਣੇ ਹੱਥਆਰ ਪਹਿਨਾਂਵਦੇ ਨੇ
ਪੰਜੇ ਆਪਣੇ ਜਹੇ ਬਨਾ ਕਰਕੇ, ਬਾਹਰ ਤੰਬੂਓਂ ਝਟ ਲਿਆਂਵਦੇ ਨੇ
ਵੇਖ ਸੰਗਤਾਂ ਸਭ ਹੈਰਾਨ ਹੋਈਆਂ, ਹੋਰ ਲੋਕ ਅਚਰਜ ਹੋ ਜਾਂਵਦੇ ਨੇ
ਧੰਨਯ ਗੁਰੂ ਹੋ ਜੀ, ਧੰਨਯ ਗੁਰੂ ਹੋ ਜੀ, ਨਰ ਨਾਰੀਆਂ ਸਾਰੇ ਸੁਨਾਂਵਦੇ ਨੇ
ਗੁਰਾਂ ਸਿੱਖਾਂ ਨੂੰ ਮਾਰ ਜਵਾਲਿਆ ਫਿਰ,ਏਹ ਸਮਝ ਕੇ ਨਿਸਚਾ ਵਧਾਂਵਦੇ ਨੇ
ਭੁੱਲ ਆਪਨੀ ਵੇਖਕੇ ਬੜੀ ਭਾਰੀ ਆਪੋ ਆਪਣੀਆਂ ਦਿਲੀਂ ਸ਼ਰਮਾਂਵਦੇ ਨੇ
ਏਸ ਭੁੱਲ ਨੂੰ ਖਟਿਆ ਅਸਾਂ ਨਾਹੀਂ, ਗਏ ਵਕਤ ਤਾਈਂ ਪਛੋਤਾਂਵਦੇ ਨੇ
ਏਹ ਪੰਜ ਸਾਡੇ ਵਿਚੋਂ ਧੰਨਯ ਹੋਗੇ, ਜੇਹੜੇ ਸਿੱਖੀ ਦਾ ਬੀਜ ਰਖਾਂਵਦੇ ਨੇ
ਸਤਿਗੁਰੂ ਜੀ ਤਖਤ ਤੇ ਬੈਠ ਗਏ, ਪੰਜੇ ਸਾਮ੍ਹਣੇ ਚਾ ਬਿਠਾਂਵਦੇ ਨੇ
ਤਿੰਨ ਵਾਰ ਫਿਰ ਆਖਯਾ ਧੰਨਯ ਸਿੱਖੀ,ਖ਼ੁਸ਼ੀ ਗੁਰੂ ਜੀ ਬਹੁਤ ਜਤਾਂਵਦੇ ਨੇ
ਇਹ ਛੇਰ ਸਾਰੇ ਖਬਰ ਪਸਰ ਗਈ, ਭਜੇ ਹੋਏ ਸਾਰੇ ਪਰਤ ਆਂਵਦੇ ਨੇ
ਏਹ ਭੀ ਖੇਲ ਅਸਚਰਜ ਕਰਤਾਰ ਸਿੰਘਾ, ਸਤਿਗੁਰੂ ਜੀ ਕਰ ਦਿਖਾਂਵਦੇ ਨੇ

### ਸੰਗਤਾਂ ਦਾ ਪੱਛੋਤਾਉ

ਅਸਾਂ ਕਿਉਂ ਨ ਸਿਰ ਦੇ ਖ਼ੁਸ਼ੀ ਲਈ, ਵੇਲੇ ਬੀਤ ਗਏ ਨੂੰ ਪਛਤਾਏ ਰਹੇ
ਅੱਖਾਂ ਸਾਮਣੇ ਹੋਣ ਨ ਗੁਰੂ ਜੀ ਦੇ, ਸ਼ਰਮ ਖਾ ਸਾਰੇ ਸ਼ਰਮਾਏ ਰਹੇ
ਚਾਰੋਂ ਤਰਫ ਸੱਨਾਟਾ ਹੀ ਛਾਏ ਗਿਆ, ਪਾ ਨੀਵੀਆਂ ਸਿਰ ਝੁਕਾਏ ਰਹੇ
ਹੁਣ ਕਹਿਣਾ ਤੇ ਸਿਰ ਕਰਤਾਰ ਸਿੰਘਾ,ਖ਼ੁਸ਼ੀ ਨਾਲ ਦਈਦੇ ਇਹ ਪਕਾਏ ਰਹੇ

### ਸ੍ਰੀ ਦਸਮੇਸ਼ ਜੀ ਨੇ ਸੰਗਤਾਂ ਨੂੰ ਧੀਰਜ ਦੇਣੀ

ਜਾਣੀਜਾਨ ਸਤਿਗੁਰੂ ਜੀ ਜਾਣ ਗਏ, ਹੋ ਰਹੇ ਸਿੱਖ ਬੇਹਾਲ ਸਾਰੇ
ਉੱਚੀ ਬੋਲਕੇ ਕਹਿਆ ਨ ਫਿਕਰ ਕਰੋ,ਤੁਸੀਂ ਪਯਾਰੇ ਹੋ ਗੁਰੂ ਕੇ ਲਾਲ ਸਾਰੇ
ਲੋੜ ਪੰਜਾਂ ਦੀ ਅਸੀਂ ਚੁਣ ਲਏ, ਤੁਸੀਂ ਕਰੋ ਨ ਕੁਝ ਖਿਆਲ ਸਾਰੇ
ਅਜੇ ਬਹੁਤ ਵੇਲਾ ਸਿਰ ਦੇਵਨੇ ਦਾ ਸਫਲ ਹੋ ਲਿਓ ਘਾਲਨਾ ਘਾਲ ਸਾਰੇ
ਤੁਸਾਂ ਬੜੇ ਬੜੇ ਜੰਗ ਮਾਰਨੇ ਨੇ, ਏਸ ਦੇਸ ਦੇ ਹੋ ਰਖਵਾਲ ਸਾਰੇ

ਏਸ ਬੀਜ ਨੂੰ ਤੁਸਾਂ ਵਧਾਵਣਾ ਏਂ, 'ਕਸ਼ਟ ਝਲ ਕੇ' ਧਰਤ ਪਤਾਲ ਸਾਰੇ
ਤੁਹਾਡੇ ਸਿਰਾਂ ਉਤੇ ਰਖੇ ਕੰਮ ਭਾਰੇ, ਓਹ ਨਿਬਾਹੁਣੇ ਤੁਸਾਂ ਸੰਭਾਲ ਸਾਰੇ
ਸਿਖੀ ਤਦੀਂ ਵਧਾ ਕਰਤਾਰ ਸਿੰਘਾ, ਬਣੇ ਛਤ੍ਰੀ ਪੁਤ ਅਕਾਲ ਸਾਰੇ

ਤਥਾ

ਆਦਿ ਗੁਰਾਂ ਜਾਂ ਸਿਖੀ ਦੀਪ੍ਰਖ ਕੀਤੀ, ਧਾਨਕਰੂਪ ਡਰਾਉਣਾ ਧਾਰ ਪਯਾਰੇ
ਤਦੋਂ ਇਕੋ ਲਹਿਣਾ ਸਾਹਿਬ ਨਿਤਰੇ ਸੀ, ਬੀਜਮਾਤ੍ਰਹੀ ਕਰੋ ਵਿਚਾਰ ਪਯਾਰੇ
ਉਸ ਬੀਜ ਉਤੋਂ ਹੁਣ ਤਕ ਦੇਖੋ, ਹੋਯਾ ਕੇਤਨਾ ਹੈ ਵਿਸਤਾਰ ਪਯਾਰੇ
ਸਾਡੀ ਪਰਖ ਵਿਚੋਂ ਪੰਜ ਨਿਕਲੇ ਨੇ, ਸਾਨੂੰ ਖੁਸ਼ੀ ਹੈ ਬੇਸੁਮਾਰ ਪਯਾਰੇ
ਸਿਖੀ ਵਧੇਗੀ ਸਾਨੂੰ ਇਹ ਹੋਈ ਨਿਸਚਾ, ਪੰਥ ਫੈਲੇਗਾ ਵਿਚਸੰਸਾਰ ਪਯਾਰੇ
ਹੋਈਆਂ ਸੰਗਤਾਂ ਖ਼ੁਸ਼ ਕ੍ਰਤਾਰਸਿੰਘਾ,ਕੀਤੀ ਸਤਿਗੁਰਾਂ ਨੇ ਖੁਸ਼ੀਜ਼ਾਹਰ ਪਯਾਰੇ

ਵਾਕ ਕਵੀ

ਏਸ ਖੇਲ ਤੋਂ ਲੋਕ ਅਚੰਭਾ ਹੋਏ ਭੇਦ ਕਿਸੇ ਨੂੰ ਹਥ ਨ ਆਯਾ ਜੀ
ਏਹ ਗੁਰੂ ਵਡੇ ਕਰਾਮਾਤ ਵਾਲੇ, ਹਰ ਇਕ ਦੇ ਚਿਤ ਸਮਾਯਾ ਜੀ
ਤਨੋ, ਮਨੋਂ ਸਾਰੇ ਲੋਕ ਵਿਕ ਗਏ, ਦਿਲੋਂ ਭਰਮ ਭਰਮਾ ਉਠਾਯਾ ਜੀ
ਏਹਦੇ ਪਿਛੋਂ ਹੁਣ ਵੇਖ ਕਰਤਾਰ ਸਿੰਘਾ, ਸਤਿਗੁਰਾਂ ਕੀਹ ਖੇਲ ਰਚਾਯਾ ਜੀ

ਸ੍ਰੀ ਦਸਮੇਸ਼ ਜੀ ਨੇ ਅੰਮ੍ਰਿਤ ਤਯਾਰ ਕਰਨਾ-

ਯਾਰਾਂ ਸੌ ਦਾ ਸੀ ਪ੍ਰਸਾਦ ਬਣਿਆਂ, ਹੁਕਮ ਦੇ ਕੇ ਝਟ ਮੰਗਾਂਵਦੇ ਨੇ
ਸਰਬ ਲੋਹ ਦੇ ਬਾਟੇ ਦੇ ਵਿਚ ਖੰਡਾ, ਸਤਿਗੁਰੂ ਜੀ ਆਪ ਰਖਾਂਵਦੇ ਨੇ
ਤਾਯਾ ਨਦੀ ਸਤਲੁਜ ਦਾ ਜਲ ਸੋਹਣਾ, ਬਾਟੇ ਵਿਚ ਮੰਗਵਾਕੇ ਪਾਂਵਦੇ ਨੇ
ਪੰਜਾਂਸਿੰਘਾਂ ਤਾਈਂ ਅਗੇ ਖੜਾ ਕਰਕੇ,ਓਹਨਾਂ ਤਹੀਂ ਏਹ ਗੀਤ ਸਿਖਾਂਵਦੇ ਨੇ
ਏਸ ਤਰ੍ਹਾਂ ਅਗੋਂ ਤੁਸਾਂ ਕਾਰ ਕਰਨੀ, ਨਿਗਾਹਾਂ ਵਿਚ ਰਖੋ ਫਰਮਾਂਵਦੇ ਨੇ
ਕਰੋ ਵਾਹਿਗੁਰੂ ਜਾਪ ਕਰਤਾਰ ਸਿੰਘਾ, ਆਪ ਬੀਰ ਆਸਨ ਬੈਠ ਜਾਂਵਦੇ ਨੇ

ਤਥਾ

ਸਜੇ ਹਥ ਲਿਆ ਗੁਰਾਂ ਫੜ ਖੰਡਾ, ਸਿਧਾ ਧਾਰਦੇ ਰੁਖ ਫਿਰਾਨ ਲਗੇ
ਇਕ ਚਿਤ ਹੋਕੇ ਬਾਣੀ ਪੜ੍ਹਨ ਲਗੇ, ਬੈਠ ਅੰਮ੍ਰਿਤ ਇਉਂ ਬਨਾਨ ਲਗੇ
ਮੁਰਦੇ ਰੂਹਾਂ ਨੂੰ ਜ਼ਿੰਦਿਆਂ ਕਰਨ ਵਾਲੀ,ਤਯਾਰ ਔਖਦੀਨਵੀਂ ਕਰਾਨ ਲਗੇ

ਸ਼ੇਰ ਗਿਦੜਾਂ ਤਈਂ ਬਨਾਣ ਵਾਲੀ, ਬੀਰ ਰਸ ਦੀ ਜਾਗ ਜਮਾਨ ਲਗੇ
ਗੋਤੇ ਮੂਤ ਗੰਦੀ ਚੀਜ਼ਾਂ ਪੀਣ ਹਥੋਂ, ਸਿਖਾਂ ਸੇਵਕਾਂ ਤਈਂ ਛੁਡਾਣ ਲਗੇ
ਜ਼ਾਤ ਪਾਤ ਦੇ ਤੋੜ ਕੇ ਬੰਧਨਾਂ ਨੂੰ, ਵਰਨ ਆਸ਼੍ਰਮ ਕਾਨ ਮਿਟਾਨ ਲਗੇ
ਕਾਇਰਪੁਣੇ ਦੀ ਗੁੜ੍ਹਤੀ ਬੰਦ ਕਰਕੇ, ਸੂਰਬੀਰਤਾ ਵਾਲੀ ਪਿਲਾਨ ਲਗੇ
ਬੁਝੀ ਅਗ ਕੌਮੀ ਕਰਤਾਰ ਸਿੰਘਾ, ਨਵੇਂ ਸਿਰੇ ਮੁੜ ਫੇਰ ਜਗਾਨ ਲਗੇ

ਮਾਤਾ ਜੀਤੋ ਜੀ ਨੇ ਆ ਕੇ ਬਾਟੇ ਵਿਚ ਪਤਾਸੇ ਪਾ ਦੇਣ

ਸਤਿਗੁਰੂ ਜੀ ਦੇਗ ਤਯਾਰ ਕਰ ਰਹੇ,ਮਾਤਾ ਜੀਤੋ ਜੀ ਮਹਿਲਾਂ ਤੋਂ ਆਂਵਦੇ ਨੇ
ਝੋਲੀ ਵਿਚ ਪ੍ਰਸਾਦ ਪਤਾਸਿਆਂ ਦਾ, ਬਾਟੇ ਵਿਚ ਆਕੇ ਝਟ ਪਾਂਵਦੇ ਨੇ
ਮਥਾ ਟੇਕ ਖਬੇ ਪਾਸੇ ਬੈਠ ਗਏ ਮਾਤਾ ਜੀ ਉਪਕਾਰ ਕਮਾਂਵਦੇ ਨੇ
ਬੀਰ ਰਸ ਦੇ ਵਿਚ ਕਰਤਾਰ ਸਿੰਘਾ ਕੁਝ ਪ੍ਰੇਮ ਮਿਠਾਸ ਰਲਾਂਵਦੇ ਨੇ

ਅੰਮ੍ਰਿਤ ਤਯਾਰ ਕਰਕੇ ਅਰਦਾਸਾ ਸੋਧਣਾ ਤੇ ਆਪ ਪਹਿਲਾ ਛਕਣਾ

ਪੜ੍ਹ ਬਾਣੀਆਂ ਪਿਛੋਂ ਅਨੰਦ ਪੜ੍ਹਕੇ ਅਗੇ ਵਾਹਿਗੁਰੂ ਸੀਸ ਝੁਕਾਯਾ ਜੀ
ਫੇਰ ਸੋਧ ਅਰਦਾਸ ਬੁਲਾ ਫਤੇ ਬਾਟੇ ਉਤੋਂ ਰੁਮਾਲ ਉਠਾਯਾ ਜੀ
ਮਾਤਾ ਜੀਤੋ ਜੀ ਤੇ ਬੜੇ ਖੁਸ਼ ਹੋਏ ਕਹਿੰਦੇ ਬੜਾ ਉਪਕਾਰ ਕਮਾਯਾ ਜੀ
ਪੰਥ ਵਿਚ ਅਸਾਂ ਬੀਰ ਰਸ ਭਰਿਆ ਤੂੰ ਪ੍ਰੇਮ ਆ ਵਿਚ ਰਲਾਯਾ ਜੀ
ਅੰਮ੍ਰਿਤ ਛਕ ਕੇ ਪੰਥ ਜੋਸ਼ੀਲਾ ਹੁੰਦਾ ਤੂੰ ਪਿਆਰ ਦਾ ਰਾਹ ਚਲਾਯਾ ਜੀ
ਤੁਸੀਂ ਮਿਲਨਾ ਨਾਲ ਜ਼ਰੂਰ ਹੈਸੀ ਤੁਹਾਥੋਂ ਵਾਹਿਗੁਰੂ ਏਹ ਕਰਵਾਯਾ ਜੀ
ਜਦ ਪੁਰਖ ਅਕਾਲ ਸ੍ਰਿਸ਼ਟ ਰਚੀ ਓਹਦੇ ਨਾਲ ਓਹਦੀ ਜਿਵੇਂ ਮਾਯਾ ਜੀ
ਤਿਵੇਂ ਤੁਸੀਂ ਸਾਡੇ ਨਾਲ ਮਿਲ ਕਰਕੇ ਨਵਾਂ ਤੀਸਰਾ ਪੰਥ ਰਚਾਯਾ ਜੀ
ਫੇਰ ਚਾੜ੍ਹ ਤਲਵਾਰ ਦੇ ਪਿਪਲੇ ਤੇ ਪੰਜ ਵਾਰ ਮੂੰਹ ਆਪਣੇ ਪਾਯਾ ਜੀ
ਪਹਿਲੇ ਛਕ ਕੇ ਆਪ ਕਰਤਾਰ ਸਿੰਘਾ, ਫੇਰ ਪੰਜਾਂ ਨੂੰ ਇਉਂ ਛਕਾਯਾ ਜੀ

ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਣਾ

ਪੰਜਾਂ ਵਿਚੋਂ ਇਕ ਇਕ ਨੂੰ ਲੈ ਕੇ ਜੀ, ਬੀਰਾਸਨ ਚਾਇ ਬਠਾਰ ਕਰਕੇ
ਪਹਿਲੇ ਪੰਜ ਪੰਜ ਚੁਲੇ ਛਕਾ ਹਥੀਂ, ਫੇਰ ਨੇਤ੍ਰਾਂ ਦੇ ਉਤੇ ਡਾਰ ਕਰਕੇ
ਪੰਜ ਪੰਜ ਹੀ ਕੇਸਾਂ ਦੇ ਵਿਚ ਛਿੜਕੇ, ਬੋਲੇ ਵਾਹਿਗੁਰੂ ਫਤੇ ਉਚਾਰ ਕਰਕੇ
ਚੁਲੇ ਚੁਲੇ ਨਾਲ ਅਖਵਾਂਦੇ ਗਏ, ਫਤੇ ਵਾਹਿਗੁਰੂ ਪੂਰੀ ਨਿਤਾਰ ਕਰਕੇ

ਫੇਰ ਪੰਜਾਂ ਨੂੰ ਇਕ ਹੀ ਪਾ ਬਾਟੇ, ਕਠਾ ਦੇਨ ਛਕਾ ਫੇਰ ਫਾਰ ਕਰਕੇ
ਲਾ ਛਾਤੀ ਦੇ ਨਾਲ ਕਰਤਾਰ ਸਿੰਘਾ, ਮੁੜ ਫਤੇ ਬੁਲਾਈ ਖਲਕ਼ ਕਰਕੇ

### ਪੰਜਾਂ ਪਿਆਰਿਆਂ ਨੂੰ ਉਪਦੇਸ਼

ਤੁਸੀਂ ਪੰਜੇ ਹੋਏ ਹੁਣ ਰੂਪ ਮੇਰਾ, ਵਿਚ ਭੇਦ ਨ ਮੂਲ ਰਖਾਵਨਾ ਜੀ
ਜਾਤ ਪਾਤ ਪਿਛਲੀ ਸਭ ਮਿਟ ਗਈ, ਵਰਨ ਖਾਲਸਾ ਹੁਣ ਅਖਾਵਨਾ ਜੀ
ਨਾਈ,ਛੀਂਬਾ ਤੇਝੀਊਰ ਨ ਰਿਹਾ ਕੋਈ, ਇਕ ਗੋਦ ਦੇ ਸਿੰਘ ਸਦਾਵਨਾ ਜੀ
ਰੋਟੀ ਬੇਟੀ ਦੀ ਰਖਨੀ ਸਾਂਝ ਤੁਸਾਂ, ਪਿਆਰ ਵਾਂਗ ਭਰਾਵਾਂ ਵਧਾਵਨਾ ਜੀ
ਜਨਮ ਮਰਨ ਪਿਛਲੇ ਸਭਮੇਟ ਕਰਕੇ, ਨਵਾਂ ਜਨਮ ਹੋਯਾ ਰਖੋ ਭਾਵਨਾ ਜੀ
ਅਨੰਦਪੁਰ ਵਾਸੀ ਜਨਮ ਕੇਸ ਗੜ੍ਹ ਦਾ ਕੋਈ ਪੁਛੇ ਏਹੋ ਬਤਾਵਨਾ ਜੀ
ਹੈ ਖੰਡੇ ਦਾ ਅੰਮ੍ਰਿਤ ਤੁਸਾਂ ਛਕਿਆ, ਬਣ ਸਿੰਘ ਹੋ ਸਿੰਘ ਦਿਖਾਵਨਾ ਜੀ
ਦਾਸ, ਮਲ ਤੇ ਰਾਮ ਨ ਨਾਮ ਲੈਣਾ, ਆਪੋ ਵਿਚ ਕਰ ਸਿੰਘ ਬੁਲਾਵਨਾ ਜੀ
''ਪੰਜਵਾਰੀ ਕਹਾਯਾ ਮੂਲ ਮੰਤ੍ਰ''; ਗੁਰਮੰਤ੍ਰ 'ਵਾਹਿਗੁਰੂ' ਧਿਆਵਨਾ ਜੀ
ਹਿੰਦੂ ਤੁਰਕ ਦੀ ਕਾਨ ਨੂੰ ਮੇਟ ਦੇਣਾ, ਪਿਛਾਂ ਬੇਦ ਕਤੇਬ ਹਟਾਵਨਾ ਜੀ
ਸਜੇ ਖਾਲਸਾ ਖਾਲਸਾ ਬਣੇ ਰਹਿਨ, ਭਰਮ ਜਾਲ ਨ ਪੈਰ ਫਸਾਵਨਾ ਜੀ
ਸਿਰ ਜਾਵੇ ਤੇ ਜਾਏ ਕਰਤਾਰ ਸਿੰਘਾ, ਸਿਖੀ ਸਿਦਕ ਨੂੰ ਤੋੜ ਨਿਭਾਵਨਾ ਜੀ

### ਪਹਿਲੇ ਦਿਨ ਦੀ ਕਾਰਵਾਈ ਦੀ ਸਮਾਪਤੀ

ਏਸ ਦਿਨ ਬੜਾ ਭਾਰਾ ਕੰਮ ਹੋਯਾ, ਸਾਰਾ ਦਿਨ ਹੀ ਇਉਂ ਬਿਤਾਯਾ ਜੀ
ਬੀਜ ਬੀਜਿਆ ਖਾਲਸੇ ਪੰਥ ਦਾ ਜੋ, ਵਡੇ ਗੁਰਾਂ ਨੇ ਸੀ ਹਥੀਂ ਲਾਯਾ ਜੀ
ਓਹ ਸ੍ਰੀ ਦਸਮੇਸ਼ ਨੇ ਪ੍ਰਗਟ ਕੀਤਾ, ਵਡਾ ਦਿਨ ਭਾਗਾਂ ਵਾਲਾ ਆਯਾ ਜੀ
ਅੰਤ ਕਾਰਵਾਈ ਸਾਰੀ ਬੰਦ ਕਰਕੇ, ਗੁਰੂ ਜੀ ਅਰਦਾਸਾ ਸੁਧਾਯਾ ਜੀ
ਕਲ ਏਸੇ ਤਰ੍ਹਾਂ ਹੀ ਦੀਵਾਨ ਲਗੂ, ਸਭ ਸੰਗਤਾਂ ਆਉਨ ਸੁਨਾਯਾ ਜੀ
ਯਾਰਾਂ ਸੌ ਦਾ ਸੀ ਕਰਤਾਰ ਸਿੰਘਾ, ਗੁਰਾਂ ਕੜਾਹ ਪ੍ਰਸਾਦਿ ਵਰਤਾਯਾ ਜੀ

### ਦੂਸਰੇ ਦਿਨ ਦਾ ਦੀਵਾਨ

ਦਿਨ ਚੜ੍ਹਦਿਆਂ ਗੁਰਾਂ ਨੇ ਹੁਕਮ ਦਿਤਾ, ਕਾਰਦਾਰ ਮਸੰਦ ਬੁਲਾ ਜਲਦੀ
ਝਟ ਪਟ ਤਯਾਰੀਆਂ ਕਰ ਦਿਹੋ, ਦਿਹੋ ਲੰਗਰ ਸਭ ਵਰਤਾ ਜਲਦੀ

ਨ੍ਹਾ ਧੋ ਕੇ ਸੰਗਤਾਂ ਤਯਾਰ ਹੋਈਆਂ, ਖੁਲ ਗਏ ਲੰਗਰ ਗਏ ਖਾ ਜਲਦੀ
ਮਾਈ ਭਾਈ ਜਾਕੇ ਥਾਂ ਮੱਲ ਬੈਠੇ, ਦਿਲੋਂ ਖੁਸ਼ੀਆਂ ਬਹੁਤ ਮਨਾ ਜਲਦੀ
ਏਧਰ ਗੁਰੂ ਜੀ ਪਹਿਨ ਪੁਸ਼ਾਕ ਚਿੱਟੀ, ਹੋ ਤਯਾਰ ਹੱਥਯਾਰ ਸਜਾ ਜਲਦੀ
ਸਣੇ ਯੋਧਿਆਂ ਦੇ ਕਰਤਾਰ ਸਿੰਘਾ, ਉਤੇ ਤਖਤ ਦੇ ਗਏ ਆ ਜਲਦੀ

### ਸ੍ਰੀ ਦਸਮੇਸ਼ ਜੀ ਨੇ ਸਾਰੀ ਸੰਗਤ ਨੂੰ ਉਪਦੇਸ਼ ਕਰਨਾ

ਸਿਖੋ ਸੇਵਕੋ ਪਯਾਰਿਓ ਗੁਰੂ ਘਰਦਿਓ, ਵੇਖੋ ਕਿਸਤਰਾਂ ਦੇ ਸਮੇਂ ਆਏ ਰਹੇ
ਜ਼ਾਲਮ ਬਾਦਸ਼ਾਹ ਤੁਸਾਂ ਦੇ ਸਿਰ ਉਤੇ, ਡੰਨ ਜੇਜ਼ੀਏ ਨਿਤ ਵਧਾਏ ਰਹੇ
ਹਾਕਮ ਬੇ ਇਨਸਾਫੀਆਂ ਕਰ ਰਹੇ, ਤੇ ਕਾਨੂੰਨ ਇਨਸਾਫ ਭੁਲਾਏ ਰਹੇ
ਵਾੜ ਖੇਤ ਨੂੰ ਖਾਂਵਦੀ ਜਾਂਵਦੀ ਏ, ਹਾਕਮ ਹੋ ਪਰਜਾ ਤਾਈਂ ਖਾਏ ਰਹੇ
ਤੇਗ ਸ਼ਰਾ ਦੀ ਕਾਜ਼ੀਆਂ ਹੱਥ ਫੜੀ, ਓਹ ਰਿਆਇਆ ਦੇ ਉਤੇ ਚਲਾਏ ਰਹੇ
ਸ਼ਾਹ ਮਜ਼ਬੀ ਧੜੇ ਤੇ ਖੜਾ ਹੋਯਾ, ਜ਼ੁਲਮ ਹਿੰਦੂਆਂ ਦੇ ਉਤੇ ਛਾਏ ਰਹੇ
ਲੱਖਾਂ ਹਿੰਦੂ ਵਾਸੀ ਹੁੰਦੇ ਤੁਰਕ ਜਾਂਦੇ, ਲਖਾਂ ਧਰਮ ਤੇ ਜਿੰਦਾਂ ਗਵਾਏ ਰਹੇ
ਆਲੀਸ਼ਾਨ ਮੰਦਰ ਢਾਹਕੇ ਸਾਫ ਕੀਤੇ,ਓਹਨੀਂ ਥਾਈਂ ਮਸੀਤਾਂ ਬਨਾਏ ਰਹੇ
ਹਿੰਦੂ ਮਾਰ ਉਜਾੜ ਬਰਬਾਦ ਕਰਕੇ, ਮੁਸਲਮਾਨ ਸੌ ਮੌਜ ਉੜਾਏ ਰਹੇ
ਹੈਣ ਤੁਰਕ ਸਰਦਾਰ ਬਹਾਰ ਕਰਦੇ, ਹਿੰਦੂ ਨਿਰੀ ਗੁਲਾਮੀ ਕਮਾਏ ਰਹੇ
ਜ਼ੁਲਮ ਵਰਤ ਰਿਹਾ ਸਾਰੇ ਦੇਸ ਉਤੇ, ਅੱਖੀਂ ਦੇਖਦੇ ਸਮੇਂ ਵਿਹਾਏ ਰਹੇ
ਪਾਏ ਵੱਜਨਾ ਸੰਖ ਘੜਿਆਲ ਨਾਹੀਂ, ਅੱਲਾ ਹੂ ਦੇ ਨਾਰੇ ਸੁਨਾਏ ਰਹੇ
ਮੇਲੇ ਹਿੰਦੂਆਂ ਦੇ ਸਾਰੇ ਬੰਦ, ਜ਼ਾਲਮ ਥਾਂ ਥਾਂ ਜੱਲੀਆਂ ਪਾਏ ਰਹੇ
ਸਾਰੇ ਤੀਰਥਾਂ ਦੇ ਥਾਨ ਭ੍ਰਿਸ਼ਟ ਕੀਤੇ, ਹਿੰਦ ਧਰਮ ਨੂੰ ਖਾਕ ਮਿਲਾਏ ਰਹੇ
ਬਹੂ ਬੇਟੀਆਂ ਹਿੰਦਨਾ ਖੋਹ ਕਰਕੇ, ਜ਼ੋਰੀ ਆਪਨੀ ਘਰੀਂ ਵਸਾਏ ਰਹੇ
ਰਹੀ ਪਤ ਅਬਰੋ ਨ ਕਿਸੇ ਦੀ ਏ, ਸਭ ਸ਼ਰਮ ਹਯਾ ਉਡਾਏ ਰਹੇ
ਭੇਡ ਬਕਰੀ ਦੇ ਵਾਂਗ ਬਣੇ ਤੁਸੀਂ ਤੁਰਕ ਹੋ ਬਘਿਆੜ ਡਰਾਏ ਰਹੇ
ਦੂਰੋਂ ਤੁਰਕ ਮੁਛਾਂ ਵਾਲਾ ਨਜ਼ਰ ਪਏ, ਵਾਂਗ ਗਿਦੜਾਂ ਜਾਨ ਕੰਬਾਏ ਰਹੇ
ਰਾਗ ਰੰਗ ਹਾਸੇ ਖੁਸ਼ੀਆਂ ਬੰਦ ਹੋਏ, ਮੁਰਦੇ ਹੋਕੇ ਝਟ ਲੰਘਾਏ ਰਹੇ

ਏਸ ਜਿੰਦਗੀ ਦੇ ਨਾਲੋਂ ਮਰਨ ਚੰਗਾ, ਐਵੇਂ ਜ਼ਿੰਦਗੀ ਤੁਸੀਂ ਵੰਞਾਏ ਰਹੇ
ਜਿਵੇਂ ਬਕਰੀ ਸ਼ੇਰ ਦੇ ਪਾਸ ਬਧੀ, ਮਾਰੇ ਸਹਿਮ ਦੇ ਜਾਨ ਸੁਕਾਏ ਰਹੇ
ਗਦੋਂ ਵਾਂਗ ਬੇ ਲਜ ਬੇਸ਼ਰਮ ਹੋਕੇ, ਛਟ ਹਾਕਮਾਂ ਦੀ ਹੈ ਉਠਾਏ ਰਹੇ
ਹੀਲਾ ਕਰੋ ਕੁਝ ਆਪਣੇ ਬਚਣੇ ਦਾ, ਨਹੀਂ ਤਾਂ ਹਾਕਮ ਖੜੇ ਤਕਾਏ ਰਹੇ
ਮੇਟ ਦੇਣਗੇ ਨਾਮ ਨਿਸ਼ਾਨ ਸਾਰੇ, ਮੂੰਹ ਅੜ ਕੇ ਖਾਣ ਨੂੰ ਧਾਏ ਰਹੇ
ਦਿਨੋਂ ਦਿਨ ਘਾਟਾ ਪੈਂਦਾ ਧਰਮ ਤਾਈਂ, ਦੀਨ ਆਪਣਾ ਓਹ ਬੜ੍ਹਾਏ ਰਹੇ
ਧਜਾ ਧਰਮ ਦੀ ਕਿਤੇ ਨਾ ਨਜ਼ਰ ਆਵੇ, ਝੰਡੇ ਜ਼ੁਲਮ ਦੇ ਸਾਰੇ ਲਹਿਰਾਏ ਰਹੇ
ਝਟ ਅਖੀਆਂ ਮੀਟੀਆਂ ਲੰਘਨਾ ਨਹੀਂ, ਬਿਲੀ ਵਾਂਗ ਓਹ ਤਾਕ ਲਗਾਏ ਰਹੇ
ਦਿਨੋਂ ਦਿਨ ਬੇ ਤਰਸੀਆਂ ਵਧ ਰਹੀਆਂ, ਦੁਖੀ ਦੀਨ ਹੋ ਲੋਕ ਕੁਰਲਾਏ ਰਹੇ
ਜ਼ੁਲਮ ਹਦ ਤੋਂ ਬਾਹਰ ਟਪਾ ਦਿਤੇ, ਬਾਦਸ਼ਾਹੀ ਦੇ ਨਿਯਮ ਭੁਲਾਏ ਰਹੇ
ਕੋਈ ਦਾਦ ਫਰਯਾਦ ਨ ਸੁਣੇ ਕਿਧਰੇ, ਜ਼ੋਰਾਵਰ ਗਰੀਬ ਸਤਾਏ ਰਹੇ
ਉਠੋ ਆਪਣੀ ਮਦਦ ਆਪ ਕਰੋਂ, ਨੀਂਦ ਵਿਚ ਕਿਉਂ ਪੈਰ ਫੈਲਾਏ ਰਹੇ
ਪਾਲੋਂ ਛਤ੍ਰੀ ਧਰਮ ਕਰਤਾਰ ਸਿੰਘਾ, ਗੀਦੀ ਹੋ ਕਿਉਂ ਸਿਰ ਝੁਕਾਏ ਰਹੇ

### ਅੰਮ੍ਰਿਤ ਦੀ ਤਾਰੀਫ

ਏਹ ਅੰਮ੍ਰਿਤ ਅਸਾਂ ਤਯਾਰ ਕੀਤਾ, ਸ਼ੇਰ ਗਿਦੜਾਂ ਤਈਂ ਬਨਾਉਣ ਵਾਲਾ
ਮੁਰਦੇ ਰੂਹਾਂ ਨੂੰ ਜ਼ਿੰਦਗੀ ਦੇਣ ਵਾਲਾ, ਮਰ ਮੁਕਿਆਂ ਤਈਂ ਜਿਵਾਉਨ ਵਾਲਾ
ਹੈ ਬਟੇਰਿਆਂ ਨੂੰ ਬਾਜ ਕਰਨ ਵਾਲਾ, ਬਾਜ ਚਿੜੀਆਂ ਪਾਸੋਂ ਤੁੜਾਉਨ ਵਾਲਾ
ਪੂਨ ਛਤ੍ਰਤਾ ਦਾ ਪੈਦਾ ਕਰਨ ਵਾਲਾ, ਗੀਦੀਪੁਣੇ ਦਾ ਰੋਗ ਗਵਾਉਨ ਵਾਲਾ
ਯੋਧੇ ਕਾਇਰਾਂ ਤਾਈਂ ਬਨੌਣ ਵਾਲਾ, ਬੀਰ ਰਸ ਦੇ ਤਈਂ ਚਮਕਾਉਨ ਵਾਲਾ
ਕੌਮੀਯਤੀ ਸਬਕ ਪੜ੍ਹਾਉਨ ਵਾਲਾ, ਦੇਸ ਭਗਤੀ ਤਈਂ ਸਿਖਾਉਨ ਵਾਲਾ
ਜ਼ੁਲਮ ਜ਼ਾਲਮਾਂਸਣੇ ਮਿਟੌਣ ਵਾਲਾ, ਝੰਡੇ ਧਰਮ ਦੇ ਤਈਂ ਲਹ੍ਰਾਉਨ ਵਾਲਾ
ਇਹ ਧਰਮ ਉਤੇ ਮਰ ਮਿਟਨ ਵਾਲੇ, ਨਵੇਂ ਰੂਹ ਬਣਾ ਦਿਖਾਉਨ ਵਾਲਾ
ਇਹ ਪਾਰਸ ਵਾਂਗ ਕੁਧਾਂਤ ਤਾਈਂ, ਛੋਹ ਸ਼ੁਧ ਸੁਰਨ ਕਰਾਉਨ ਵਾਲਾ
ਪਰਸਵਾਰਥ ਦੀ ਪਟੀ ਪੜੌਨ ਵਾਲਾ, ਖੁਦਗਰਜ਼ੀ ਤਈਂ ਮਿਟਾਉਨ ਵਾਲਾ

ਬੀਰ ਛਤ੍ਰੀ ਏਹ ਪੈਦਾ ਕਰਨ ਵਾਲਾ, ਰੰਗ ਦੇਸ ਦੇ ਹੋਰ ਪਲਟਾਉਨ ਵਾਲਾ
ਨੀਚਾਂ ਤਾਈਂ ਕਰ ਉੱਚਯਾਦੇਨ ਮਾਲਾ 'ਜਾਤਪਾਤ ਦੀਸਫਾ ਉਠਾਉਨ ਵਾਲਾ
ਦਿਲੋਂ ਲਾਹ ਗੁਲਾਮੀ ਦੀ ਛੱਟ ਤਾਈਂ, ਸਰਦਾਰੀਆਂ ਹੈ ਭੁਗਤਾਉਨ ਵਾਲਾ
ਰੋਗੀ ਜੀਵਾਂ ਦੇ ਤਈਂ ਅਰੋਗ ਕਰਕੇ, ਦੁਖ ਮੇਟ ਕੇ ਸੁਖ ਵਿਖਾਉਨ ਵਾਲਾ
ਪਾਟੋਧਾੜ ਮਿਟਾਕੇ ਧੰਦਿਆਂ ਦੀ, ਲੜੀ ਪਰੇਮ ਪਿਆਰ ਵਧਾਉਨ ਵਾਲਾ
ਆਪੋ ਧਾਪ ਅੰਦਰਭੁਲੇ ਜਾਂਦਿਆਂ ਨੂੰ, ਇਕ ਰਾਸਤੇ ਸਿਧੇ ਲਿਆਉਨ ਵਾਲਾ
ਘਰ ਘਰ ਦਾ ਭਟਕਨਾ ਮੇਟ ਕਰਕੇ, ਇਕ ਬੂਹੇ ਤੇ ਲਿਆ ਬਿਠਾਉਨ ਵਾਲਾ
ਟੁਟੇ ਰਬ ਤੋਂ ਜਨਮ ਜਨਮਾਂਤ੍ਰਾਂ ਦੇ, ਓਹਨਾਂ ਤਈਂ ਲਿਆ ਮਿਲਾਉਨ ਵਾਲਾ
ਮੈਲਰਿਦੇਦੀ ਸਾਰੀ ਗਵਾਉਨ ਵਾਲਾ, ਦੀਵਾ ਪ੍ਰੇਮਗਯਾਨ ਜਗਾਉਨ ਵਾਲਾ
ਏਹ ਮੁਰਦਿਆਂ ਨੂੰ ਜਿੰਦੇ ਕਰਨ ਵਾਲਾ, ਗੁਣ ਦੇ ਕੇ ਗੁਨੀ ਸਮਾਉਨ ਵਾਲਾ
ਏਹ ਜੁਲਮ ਦਾ ਬੰਡਾਪੁਟੇਨਵਾਲਾ, ਧਵਜਾ ਸੁਖ ਇਨਸਾਫ ਝੁਲਾਉਨ ਵਾਲਾ
ਇਕ ਇਕ ਦੇ ਤਈਂ ਕਰਤਾਰ ਸਿੰਘਾ, ਸਵਾ ਲਖ ਦੇਨਾਲ ਲੜਾਉਨ ਵਾਲਾ

### ਸ੍ਰੀ ਦਸਮੇਸ਼ ਜੀ ਨੇ ਸੰਗਤ ਨੂੰ ਅੰਮ੍ਰਿਤ ਛਕਨ ਵਾਸਤੇ ਹੁਕਮ ਦੇਣਾ

ਖੁਸ਼ੀ ਨਾਲ ਛਕੇ ਧੰਨ ਭਾਗ ਓਹਦੇ, ਸਿਖੀ ਸਿਦਕ ਨੂੰ ਧਾਰ ਨਿਹਾਲ ਹੋਵੇ
ਹੁਕਨ ਪੁਰਖਅਕਾਲ ਦੇਨਾਲ ਬਨਯਾਂ, ਛਕਨ ਵਾਲੇਤੇ ਦਯਾਲ ਅਕਾਲ ਹੋਵੇ
ਗੁਰੂ ਘਰ ਦਾ ਜੋ ਸਿਖ ਪਰੇਮ ਵਾਲਾ, ਓਹ ਤਯਾਰ ਹੁਣੇ ਤਤਕਾਲ ਹੋਵੇ
ਪੰਥ ਸਾਜਣਾ ਹੁਕਮ ਅਕਾਲ ਦੇ ਥੀਂ, ਸਿੰਘ ਸਜੇ ਸੋ ਗੁਰੂ ਕਾ ਲਾਲ ਹੋਵੇ
ਚਰਨ ਪੌਹਲ ਦੇਨੀ ਅਗੋਂ ਬੰਦ ਹੋਈ, ਇਹ ਗੁਰੂ ਘਰ ਦੀ ਹੁਣ ਚਾਲ ਹੋਵੇ
ਪੁਰਸ਼ ਇਸਤ੍ਰੀ ਛਕਨ ਕਰਤਾਰ ਸਿੰਘਾ, ਵਧੇ ਪੰਥ ਤੇ ਤੇਜ ਵਸ਼ਾਲ ਹੋਵੇ

### ਅੰਮ੍ਰਿਤ ਤੇ ਪਹਿਲੀਆਂ ਰਸਮਾਂ ਦਾ ਟਾਕਰਾ

ਸ਼ੁਧ ਬਾਣੀ ਤੋਂ ਅੰਮ੍ਰਿਤ ਤਯਾਰ ਹੋਇਆ, ਜਿਹੜਾ ਛਕੇ ਹੋਵੇ ਭਵਪਾਰ ਸਿਖੋ
ਏਹਦੇ ਵਿਚ ਬੜੀ ਭਾਰੀ ਸ਼ਕਤ ਭਰੀ, ਵੇਖੋ ਕਰਕੇ ਜਰਾ ਵਿਚਾਰ ਸਿਖੋ
ਕਿਥੇ ਗੋਹੇ ਤੇ ਮੂਤ ਦਾ ਘੋਲ ਪੀਨਾ, ਕਿਥੇ ਏਹ ਅੰਮ੍ਰਿਤ ਕਰੋ ਸਾਰ ਸਿਖੋ
ਬਾਣੀ ਧੁਰ ਦਰਗਾਹ ਦੀ ਪੜੀ ਜਾਣੀ, ਤਯਾਰ ਕਰਨਾ ਖੰਡੇ ਦੀ ਧਾਰ ਸਿਖੋ

ਸੁਧਾ ਇਹੋ ਪਵਿਤਰ ਸੁਰਗ ਵਾਲਾ, ਕੀਤਾ ਤਯਾਰ ਪਾ ਹੁਕਮ ਕ੍ਰਤਾਰ ਸਿਖੋ
ਧਨਜ ਭਾਗ ਪ੍ਰਾਪਤ ਹੋਇ ਜਿਨ੍ਹੂੰ, ਛਕੋ ਆਪ ਛਕਾਓ ਪਰਵਾਰ ਸਿਖੋ
ਵੇਖੋ ਦੇਸ ਗਿਆ ਅਧੋਗਤੀ ਤਾਂਈ, ਗੌਹੇ ਮੂਤ ਦਾ ਪਾ ਵਿਹਾਰ ਸਿਖੋ
ਬਲ, ਬੀਰਤਾ, ਗੁਣ ਸਭ ਨਸ਼ਟ ਹੋਏ, ਗੌਹੇ ਮੂਤ ਲਈ ਮਤ ਮਾਰ ਸਿਖੋ
ਏਹ ਬ੍ਰਾਹਮਣਾਂ ਨੇ ਕੀਤਾ ਭੇੜ ਭਾਰਾ, ਹਿੰਦ ਡੋਬ ਦਿਤੀ ਮੰਝਧਾਰ ਸਿਖੋ
ਗੋਹਾ ਜਮਦਿਆਂ ਘੋਲ ਪਿਲਾਉਂਦੇ ਨੇ ਗੌਹਾ ਹੋ ਜਾਂਦੇ ਪੀਨਹਾਰ ਸਿਖੋ
ਜਿਨ੍ਹਾਂ ਮੂਤ ਪੀਤੇ ਕਿਥੋਂ ਸ਼ੇਰ ਬਣਨੇ, ਓਹਨਾਂ ਚੁਕਨੀ ਕਦ ਤਲਵਾਰ ਸਿਖੋ
ਬੁਧੂ ਦੇਸ ਨੂੰ ਰਖਣੇ ਵਾਸਤੇ ਜੀ, ਕੀਤੀ ਭੈੜੀ ਬ੍ਰਾਹਮਣਾਂ ਕਾਰ ਸਿਖੋ
ਜਦ ਤਕ ਨ ਏਸ ਨੂੰ ਦੇਸ ਛਡੇ, ਤਦ ਤਕ ਨਾ ਹੋਇ ਉਧਾਰ ਸਿਖੋ
ਜਹੀ ਖੁਰਾਕ ਤੇ ਤਹੀ ਮਤ ਹੋਵੇ, ਏਹ ਬੋਲਦਾ ਸਭ ਸੰਸਾਰ ਸਿਖੋ
ਫਰ ਘੋਲ ਗੌਹਾ ਮੂਤ ਪੀਣ ਵਾਲੇ, ਹੋਨ ਕਿਉਂ ਨਾ ਭੈੜੇ ਮੁਰਦਾਰ ਸਿਖੋ
ਤੁਸੀਂ ਅੰਮ੍ਰਿਤ ਛਕੋ ਕਰਤਾਰ ਸਿੰਘਾ, ਸਿੰਘ ਸੂਰਮੇ ਸਜੋ ਅਪਾਰ ਸਿਖੋ

ਚਾਲ ਕਵੀ

ਆਗੂ ਹੋਏ ਜਿੰਨੇ ਜਿੰਨੇ ਮਜ਼੍ਹਬਾਂ ਦੇ, ਆਪੋ ਆਪਣੀ ਤਰਜ਼ ਚਲਾਉਂਦੇ ਰਹੇ
ਕੋਈ ਮੂੰਹ ਵਿਚ ਥੁਕ ਕੋਈ ਜੂਠ ਦੇਕੇ, ਆਪੋ ਆਪਣੇ ਚੇਲੇ ਬਨਾਉਂਦੇ ਰਹੇ
ਕਈ ਧੋਕੇ ਪੈਰ ਚਰਨਾਂਮਤਾਂ ਦੇ, ਛਾਪਾ ਮੋਹਰ ਕਈ ਆਪਣੀ ਲਾਉਂਦੇ ਰਹੇ
ਗੁਰੂ ਘਰ ਦੇ ਵਿਚ ਨੌਂ ਗੁਰੂ ਪਹਿਲੇ, ਸਿਰਫ †ਪੈ ਅੰਗੂਠਾ ਪਿਲਾਉਂਦੇ ਰਹੇ
ਮੇਲ ਆਤਮਾ ਸੁਧ ਕਰਾਉਂਦੇ ਰਹੇ, ਭਗਤੀ ਪ੍ਰੇਮ ਗਰੀਬੀ ਸਿਖਾਉਂਦੇ ਰਹੇ
ਪੰਡੇ ਅੰਮ੍ਰਿਤ ਦੇ ਲਈ ਸਾਫ ਕਰਕੇ, ਭਾਂਡੇ ਤਿਆਰ ਕਰ ਮੇਲਗਵਾਉਂਦੇ ਰਹੇ
ਬਾਣੀ ਸ਼ਾਂਤ ਵੈਰਾਗ ਸੁਨਾ ਕਰਕੇ, ਮਾਨਸਕ ਸੁਧਾਰ, ਕਰਵਾਉਂਦੇ ਰਹੇ
ਏਸ ਜਾਗ ਦੇ ਲਈ ਕਰਤਾਰ, ਦੁਧ ਕਾੜਕੇ ਜਮਾਂ ਰਖਾਉਂਦੇ ਰਹੇ

---

†ਪੈਰ ਮਮਤਾਂ ਵਾਲੇ ਆਪਣੇ ਚੇਲਿਆਂ ਨੂੰ ਸਾਰੇ ਪੈਰ ਧੋ ਕੇ ਪਲਾਉਂਦੇ ਹਨ । ਪਰ ਸ੍ਰੀ ਗੁਰਾਂ ਨੇ ਏਸ ਨੂੰ ਨ ਪਸੰਦ ਕਰਕੇ ਕੇਵਲ ਅੰਗੂਠਾ ਪੈਰ ਦਾ ਛੁਹਾਏ ਚਰਨਾਮ੍ਰਿਤ ਦੇਣਾ ਸ਼ੁਰੂ ਕੀਤਾ। ਤੇ ਅੰਤ ਨੂੰ ਬਿਲਕੁਲ ਹਟਾ ਦਿਤਾ ਤੇ ਅਗੇ ਨੂੰ ਅੰਮ੍ਰਿਤ ਦੇ ਛਕਣ ਦਾ ਹੁਕਮ ਦਿਤਾ।

ਤਥਾ

ਪਹਿਲਾਂ ਲੋੜ ਸੀ ਨਿਰੀ ਹੀ ਭਗਤੀਦੀ, ਸ਼ਾਂਤ ਪਰੇਮ ਵਾਂਗ ਸਿਖਾਵਨੇ ਸਨ
ਦੇਸ ਪਾਪਾਂ ਦੇ ਨਾਲ ਸੀ ਹੋਯਾ ਮੈਲਾ, ਪਹਿਲਾਂ ਪਾਪ ਧੋ ਜੜ੍ਹੋਂ ਪੁਟਾਵਨੇ ਸਨ
ਲੋਕਾਂ ਵਿਚ ਸੀ ਈਰਖਾ ਵਧੀ ਬਹੁਤੀ, ਰੋਕ ਏਕਤਾ ਵਲ ਲਿਆਵਨੇ ਸਨ
ਭੋਗ, ਵਿਸ਼ੇ ਦੇ ਵਸ ਸਨ ਜੀਵ ਸਾਰੇ, ਭੋਗ ਰੋਗ ਦੇ ਘਰ ਛੁਡਾਵਨੇ ਸਨ
ਪਾਟੋਧਾੜ ਸੀ ਫਿਰਦਾ ਦੇਸ ਸਾਰਾ, ਕਠੇ ਪਾ ਪਰੇਮ ਕਰਾਵਨੇ ਸਨ
ਮੋਹ ਮਾਯਾ ਦੇ ਵਿਚ ਸਨ ਘੂਕ ਸੁੱਤੇ, ਭੈ ਕਾਲ ਦਾ ਦੇ ਜਗਾਵਨੇ ਸਨ
ਨਾਮ,ਦਾਨ,ਅਸ਼ਨਾਨ ਵਲ ਲਾਵਨੇ ਸਨ,ਬੁਰੇ ਕੰਮਾਂ ਤੋਂ ਠੀਕ ਹਟਾਵਨੇ ਸਨ
ਮਨਮੁਖਤਾ ਤੋੜ ਕਰਤਾਰ ਸਿੰਘਾ, ਸਤਿਸੰਗ ਵਾਲੇ ਰਾਹ ਪਾਵਨੇ ਸਨ

ਤਥਾ

ਸੋ ਨੌ ਗੁਰੂ ਏਸ ਕੰਮ ਤਾਈਂ, ਚੰਗੀ ਤਰਾਂ ਕਰ ਸਿਰੇ ਚੜ੍ਹਾ ਗਏ
ਏਸ ਖਾਲਸਾ ਪੰਥ ਦੇ ਸਾਜਨੇ ਨੂੰ, ਜਮਾਂ ਬਹੁਤ ਜ਼ਖੀਰਾ ਕਰਾ ਗਏ
ਜੇਹੜੀ ਲੋੜ ਸੀ ਸੋ ਪੂਰੀ ਕਰ ਗਏ; ਬਿਛ ਖਾਲਸਾ ਪੰਥ ਦਾ ਲਾ ਗਏ
ਵਧੇ ਫੁਲੇਗਾ ਬਹੁਤ ਕਰਤਾਰ ਸਿੰਘਾ, ਫਲ ਦੇਣ ਵਾਲੇ ਦਿਨ ਆ ਗਏ

ਚਰਨ ਪੌਹਲ ਬੰਦ ਕਰਕੇ ਸਿਖਾਂ ਵਾਸਤੇ ਖੰਡੇ ਦੇ ਅੰਮ੍ਰਿਤ ਦਾ ਹੁਕਮ ਦੇਣਾ

ਹੁਣ ਸਮੇਂ ਦੀ ਲੋੜ ਅਨੁਸਾਰ ਅਸੀਂ; ਚਰਨ ਪੌਹਲ ਦੀ ਰੀਤ ਹਟਾਵਨੇ ਹਾਂ
ਪਹਿਲਾਂ ਭਗਤੀ ਦੀ ਨਿਰੀ ਲੋੜ ਹੈਸੀ,ਰਾਜ ਜੋਗ ਅਸੀਂ ਹੁਣ ਚਾਹਵਨੇ ਹਾਂ
ਏਸ ਵਾਸਤੇ ਅੰਮ੍ਰਿਤ ਖੰਡੇ ਦਾ ਏਹ ਸਭੋ ਛਕ ਲੌ ਆਖ ਸੁਨਾਵਨੇ ਹਾਂ
ਰਾਜ ਯੋਗ ਦੋਵੇਂ ਪੰਥ ਵਿਚ ਵਰਤਨ; ਯੋਧਾ ਪੰਥ ਹੁਣ ਅਸੀਂ ਸਜਾਵਨੇ ਹਾਂ
ਹੁਣ ਖੰਡੇ ਦਾ ਵੇਲਾ ਕਰਤਾਰ ਸਿੰਘਾ, ਥਾਂ ਮਾਲਾ ਦੇ ਤੇਗ ਫੜਾਵਨੇ ਹਾਂ

ਸੰਗਤਾਂ ਨੇ ਅੰਮ੍ਰਿਤ ਛਕਨ ਨੂੰ ਤਿਆਰ ਹੋਣਾ

ਹਥ ਜੋੜਕੇ ਸੰਗਤਾਂ ਬੋਲ ਪਈਆਂ; ਭੁਲਾਂ ਸਾਡੀਆਂ ਖਿਮਾ ਕਰਾਓ ਗੁਰ ਜੀ
ਸਿਖੀ ਸੇਵਕੀ ਦੇ ਆਪ ਹੋ ਵਾਲੀ; ਜੇਹੜੇ ਚਾਹੋ ਸੋ ਬੇੜੇ ਚੜ੍ਹਾਓ ਗੁਰ ਜੀ

ਪੰਥ ਬਾਗ ਦੇ ਆਪ ਸੁਜਾਨ ਮਾਲੀ, ਕਰੋ ਪਾਲਨਾਂ ਜਿਸਤਰਾਂ ਚਾਹੋ ਗੁਰ ਜੀ
ਅਸੀਂ ਸਭ ਤਯਾਰ ਕਰਤਾਰ ਸਿੰਘਾ, ਸਾਨੂੰ ਅੰਮ੍ਰਿਤ ਆਪ ਛਕਾਓ ਗੁਰ ਜੀ

ਸਤਿਗੁਰਾਂ ਨੇ ਪੰਜਾਂ ਪਿਆਰਿਆਂ ਨੂੰ ਹੁਕਮ ਦੇਣਾ

ਹੁਕਮ ਪੰਜਾਂ ਪਿਆਰਿਆਂ ਤਈਂ ਹੋਯਾ, ਅੰਮ੍ਰਿਤ ਤੁਸੀਂ ਕਰਾਓ ਤਯਾਰ ਪਹਿਲੇ
ਰਹਿਤ ਬਹਿਤ ਵਾਲੇ ਵਿਚੋਂ ਵੇਖ ਪੰਥੀ, ਲੋ ਵਿਚ ਦੀਵਾਨ ਨਿਤਾਰ ਪਹਿਲੇ
ਪੰਜ ਉਨਾਂ ਦੇ ਜਥੇ ਤਯਾਰ ਕਰੋ, ਓਹਨਾਂ ਤਾਈਂ ਛਕਾ ਸੁਧਾਰ ਪਹਿਲੇ
ਫੇਰ ਸੰਗਤਾਂ ਤਈਂ ਕਰਤਾਰ ਸਿੰਘਾ, ਚੜੋ ਬੇੜੇ ਪਰ ਕਰ ਵਿਚਾਰ ਪਹਿਲੇ

ਪਿਆਰਿਆਂ ਨੇ ਅੰਮ੍ਰਿਤ ਤਿਆਰ ਕਰਕੇ ਸੰਗਤਾਂ ਨੂੰ ਛਕਾਣਾ

ਪੰਜ ਪਿਆਰੇ ਜੋ [illegible] ਦਾ ਰੂਪ ਬਣੇ, ਓਹਨਾਂ ਅੰਮ੍ਰਿਤ ਤਯਾਰ ਕਰਾਯਾ ਜੀ
ਪੇਹਲਾਂ ਪੰਥੀਆਂ [illegible] ਕਰਕੇ ਕਰ ਤਯਾਰਬਰ ਤਯਾਰ ਛਕਾਯਾ ਜੀ
ਫਰ ਇਕ ਸੌ ਪੰਜਾਂ ਨੇ ਉਨ੍ਹਾਂ ਪਾਸੋਂ, ਸੁਧਾ ਛਕਿਆ ਸ਼ੁਕਰ ਮਨਾਯਾ ਜੀ
ਏਹਨਾਂ ਤਈਂ ਸਤਿਗੁਰਾਂ ਨੇ ਖੁਸ਼ੀ ਹੋਕੇ, ਥਾ ਦੀਦਾਰੀ ਖਤਾਬ ਸੁਨਾਯਾ ਜੀ
ਬਸ ਫੇਰ ਤਾਂ ਸੰਗਤਾਂ ਉਲਟ ਪਈਆਂ, ਕੁਝ ਅੰਤ ਹਿਸਾਬ ਨ ਆਯਾ ਜੀ
ਜਥਦਾਰ ਸਤਿਗੁਰਾਂ ਨੇ ਕਾਇਮ ਕੀਤੇ, ਜੋ ਆਯਾ ਬੇੜੇ ਚੜ੍ਹਾਯਾ ਜੀ
ਸਾਰਾ ਦਿਨ ਛਕੋਂਦਿਆਂ ਲੰਘ ਗਿਆ, ਭਾਗਾਂ ਵਾਲਾ ਓਹ ਦਿਨ ਸੁਹਾਯਾ ਜੀ
ਬਾਕੀ ਖਾਲਸਾ ਅਪਰ ਅਪਾਰੀ ਹੋਯਾ, ਸਤਿਗੁਰਾਂ ਖਤਾਬ ਦਿਵਾਯਾ ਜੀ
ਕਲ ਲਗੇਗਾ ਫੇਰ ਦੀਵਾਨ ਏਥੇ, ਸਤਿਗੁਰਾਂ ਧੌਂਸਾ ਵਜਵਾਯਾ ਜੀ
ਰਹਿਤ ਦਸਣੀ ਅਸਾਂ ਕਰਤਾਰ ਸਿੰਘਾ, ਜਾਣਾ ਕਿਸੇ ਨ ਹੁਕਮ ਚੜ੍ਹਾਯਾ ਜੀ

ਸੰਗਤਾਂ ਨੇ ਰਾਤ ਜਸ਼ਨ ਮਨਾਉਣਾ

ਖਤਮ ਹੋਯਾ ਦੀਵਾਨ ਅਰਦਾਸ ਸੋਧੀ, ਅਜ ਗੁਰਾਂ ਨੇ ਖੁਸ਼ੀ ਮਨਾਈ ਵਡੀ

---

*ਰਾਮ ਸਿੰਘ, ਗੰਡਾ ਸਿੰਘ, ਵੀਰ ਸਿੰਘ, ਈਸਰ ਸਿੰਘ, ਦੇਵਾ ਸਿੰਘ, ਟਹਿਲ ਸਿੰਘ ਆਦਿਕ ਪੰਥੀਆਂ ਸਿੰਘਾਂ ਨੇ ਅੰਮ੍ਰਿਤ ਛਕਿਆ ਤਾਂ ਸਤਿਗੁਰਾਂ ਨੇ ਮੁਕਤੇ ਪਦਵੀ ਬਖਸ਼ੀ ਫੇਰ ਇਕ ਸੈ ਪੰਜਾਂ ਨੇ ਛਕਿਆ ਤਾਂ ਓਹਨਾਂ ਨੂੰ ਦੀਦਾਰੀ ਖਾਲਸਾ ਖਤਾਬ ਬਖਸ਼ਿਆ, ਓਹਨਾਂ ਤੋਂ ਫੇਰ ਬਾਕੀ ਬੇਅੰਤ ਸਿੰਘਾਂ ਨੇ ਛਕਿਆ ਤਾਂ ਫੇਰ ਸਤਿਗੁਰਾਂ ਨੇ ਖੁਲਾ ਅਪਰ ਅਪਾਰੀ ਪਦ ਬਖਸ਼ਿਆ। ਸੋ ਹੁਣ ਖਾਲਸਾ ਅਪਰ ਅਪਾਰੀ ਹੈ।

ਜੋੜੇ ਕੰਮਨੂੰ ਆਏ ਮਾਂ ਕਰ ਲਿਆ, ਕੀਤੀ ਵਾਹਿਗੁਰੂ ਦੀ ਵਡਿਆਈ ਵਡੀ
ਸਾਰੇ ਸ਼ਹਿਰ ਦੇ ਲੋਕਾਂ ਦੇ ਨਾਲ ਖੁਸ਼ੀ, ਦੀਪਮਾਲਾ ਥਾਂ ਥਾਂ ਜਗਾਈ ਵਡੀ
ਧੌਂਸੇ ਵਜਦੇ ਗੁਰਾਂ ਦੇ ਦਰਬਾਰ ਉਤੇ, ਗੜਗਜ ਰਣਜੀਤ ਨੇ ਪਾਈ ਵਡੀ
ਦਾਸਾਂ ਦਾਸੀਆਂ ਤਈਂ ਰਜਾ ਦਿਤਾ, ਖੁਸ਼ੀ ਵੇਖ ਪ੍ਰਤਾਪ ਹੋਈ ਮਾਈ ਵਡੀ
ਪੰਥ ਖਾਲਸਾ ਸਾਜ ਕਰਤਾਰ ਸਿੰਘਾ, ਗੁਰਾਂ ਯਾਦ ਅਟੱਲ ਚਲਾਈ ਵਡੀ

ਤੀਸਰੇ ਦਿਨ ਦਾ ਦੀਵਾਨ

ਕੇਸਗੜ੍ਹ ਤੇ ਫੇਰ ਦੀਵਾਨ ਲਗਾ, ਨਰ ਨਾਰੀਆਂ ਕੱਠੇ ਹੋ ਆਏ ਸਾਰੇ
ਅੰਮ੍ਰਿਤ ਧਾਰੀਆਂ ਨੂੰ ਹੁਕਮ ਦੇ ਕਰਕੇ, ਸਤਿਗੁਰਾਂ ਨੇ ਅਗੇ ਖੋਲਾਏ ਸਾਰੇ
ਖੜਾ ਕਰ ਲਿਆ ਪੰਜਾਂ ਪਿਆਰਿਆਂ ਨੂੰ, ਜਿਨ੍ਹਾਂ ਸ਼ਸਤ੍ਰ ਬਸਤ੍ਰ ਸਜਾਏ ਸਾਰੇ
ਗੁਰੂ ਆਖਦੇ ਸੁਨੋ ਕਰਤਾਰ ਸਿੰਘਾ, ਸਾਡੇ ਹੁਕਮ ਏਹ ਕੌਨ ਲਗਾਏ ਸਾਰੇ

ਸ੍ਰੀ ਦਸਮੇਸ਼ ਜੀ ਦਾ ਪਹਿਲਾ ਹੁਕਮ

ਗੁਰੂ ਘਰ ਦੇ ਨੇਮੀਓਂ ਪ੍ਰੇਮੀਓਂ ਏਹ, ਸੁਣੋ ਆਗਯਾ ਸਦਾ ਕਮਾਵਣ ਲਈ
ਏਹ ਪੰਜ ਪਿਆਰੇ ਸਾਡਾਂ ਰੂਪ ਹੋਏ, ਅਸਾਂ ਚੁਣ ਲਏ ਪੰਥ ਵਧਾਉਨ ਲਈ
ਸਾਡੇ ਵਿਚ ਏਹਨਾਂ ਵਿਚ ਭੇਦ ਨਾਹੀਂ, ਕੀਤੇ ਤਯਾਰ ਇਹ ਕੰਮ ਚਲਾਉਨ ਲਈ
ਗੁਰ ਗੱਦੀ ਦੇ ਏਹ ਵਜੀਰ ਬਣੇ, ਗੁਰੂ ਘਰ ਦੀ ਕਾਰ ਨਿਬਾਹੁਨ ਲਈ
ਸਾਡੇ ਜਿਹਾ ਹੀ ਪੰਜਾਂ ਪਿਆਰਿਆਂ ਨੂੰ, ਸਦਾ ਸਮਝਨਾ ਹੁਕਮ ਸੁਨਾਉਨ ਲਈ
ਜੋ ਆਗਯਾ ਦੇਨ ਮਨਜ਼ੂਰ ਕਰਨੀ, ਰਹਿਨਾ ਸਦਾ ਤਯਾਰ ਵਜਾਉਨ ਲਈ
ਕੀਤੇ ਵਿਚ ਦੀਵਾਨ ਪ੍ਰਵਾਨ ਸਦ, ਪੰਜ ਪਿਆਰੇ ਹੀ ਅੰਮ੍ਰਿਤ ਛਕਾਉਨ ਲਈ
ਪੰਜਾਂ ਪਿਆਰਿਆਂ ਨੂੰ ਅਧਿਕਾਰ ਦਿਤਾ, ਗੁਰੂ ਰੂਪ ਹੋ ਗੁਰੂ ਸਦਾਉਨ ਲਈ

---

*ਬਹੁਤੀ ਥਾਈਂ ਇਹ ਲਿਖਿਆ ਹੈ ਕਿ ਗੁਰੂ ਜੀ ਨੇ ਅੰਮ੍ਰਿਤ ਤਯਾਰ ਕਰਕੇ ਪਹਿਲਾ ਪੰਜ ਪਿਆਰਿਆਂ ਨੂੰ ਛਕਾਯਾ ਤੇ ਫੇਰ ਪੰਜਾਂ ਪਿਆਰਿਆਂ ਪਾਸੋਂ ਆਪ ਛਕਿਆ ਤੇ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ'' ਅਖਵਾਯਾ, ਜਿਸਦਾ ਨਹੀਂ ਏਹ ਦਿਸਾ ਕਿਵੇਂ ਠਕ ਠਾਕ ਹੈ ਤੇ ਇਸ ਵਿਚ ਕਿਹੜੀ ਫਲਾਸਫੀ ਲੁਕੀ ਹੋਈ ਹੈ, ਪ੍ਰੰਤੂ ਦਾਸ ਦੀ ਸਮਝ ਵਿਚ ਆਪੇ ਗੁਰ ਚੇਲਾ ਬਣਨਾ ਇਉਂ ਹੈ ਕਿ ਜਦ ਸਤਿਗੁਰਾਂ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਯਾ ਤੇ ਅਪਣਾ ਰੂਪ ਵਰਨਨ ਕੀਤਾ, ਤਦ ਉਹ ਜੋ ਚੇਲੇ ਸਨ ਓਹ ਗੁਰ ਰੂਪ ਹੋ ਗਏ ਤੇ ਜਦ ਇਉਂ ਘਟ ਗਿਆ ਕਿ ਗੁਰ ਤੇ ਚੇਲਾ ਅਭੇਦ ਹੋਕੇ ਇਕ ਸਰੂਪ ਹੋ ਗਏ ਓਹ ਆਪੇ ਗੁਰੂ ਤੇ ਆਪੇ ਚੇਲਾ ਸਰੂਪ ਹੋ ਵਰਤੇ ਤੇ ਓਹੀ ਪੰਜ ਪਿਆਰੇ ਗੁਰ ਸ਼ਕਤੀ ਸਕਤੀ ਪ੍ਰਾਪਤ ਕਰਕੇ ਸਿਲਸਿਲੇ ਵਾਰ ਗੁਰ ਚੇਲਾ ਹੁੰਦੇ ਚਲੇ ਗਏ, ਜੋ ਅਜ ਤਕ ਪੰਥ ਵਿਚ ਚਾਲ ਚਲੀ ਆਉਂਦੀ ਹੈ।

ਕੀਤੀ ਪੰਜਾਂ ਦੀ ਸਦਾ ਮੰਜੂਰ ਕਰਨੀ, ਹੀਲਾ ਸੋਚਨਾ ਨਹੀਂ ਉਲਟਾਉਣ ਲਈ
ਏਹ ਪੰਜਾਂ ਦੀ ਗੱਤ ਚਲਾਈ ਅਸਾਂ, ਸਡਾ ਪੰਥ ਅਟਲ ਰਖਾਉਣ ਲਈ
ਕਿਸੇ ੦ਜ਼ਾਤ ਦੇ ਤੇ ਕਿਤੇ ਹੋਨ ਭਾਵੇਂ, ਮਨਜ਼ੂਰ ਓਹ ਸਿੰਘ ਸਦਾਉਣ ਲਈ
ਏਹੋ ਢਾਲ ਸਦਾ ਪੰਥ ਵਿਚ ਰਹਿਸੀ, ਕੱਚੇ ਗੁਰਾਂ ਦੇ ਹਵੋਂ ਬਚਾਉਣ ਲਈ
ਗੁਰੂ ਨਾਨਕ ਭਰਭੂਰ ਭੰਡਾਰ ਸਦਾ, ਮੋਦੀ ਹੋਣਗੇ ਪੰਜ ਵਰਤਾਉਣ ਲਈ
ਪਿਉ ਦਾਦੇ ਦਾ ਜਮਾ ਖਜ਼ਾਨਾ ਭਾਰਾ, ਲੱਭ ਕਿਤੇ ਨ ਚਿਤ ਭਟਕਾਉਣ ਲਈ
ਜਿਵੇਂ ਖਰਚ ਹੋਸੀ ਤਿਵੇਂ ਜਾਊ ਵਧਦਾ, ਬੇਅੰਤ ਖਰਚਨ ਖਰਚਾਉਣ ਲਈ
ਸਾਡੇ ਪਿਛੋਂ ਗੁਰਯਾਈ ਦੀ ਬੰਦ*ਲੜੀ, ਕੋਈ ਗੁਰੂ ਨ ਹੋਵੇ ਪੁਜਾਉਣ ਲਈ
ਏਸੇ ਵਾਸਤੇ ਏਹ ਪੰਚਾਇਤ ਰਚੀ, ਭਟਕੇ ਪੰਥ ਨਾ ਗੁਰ ਬਨਾਉਣ ਲਈ
ਰਹਿਤ ਬਹਿਤ ਵਾਲੇ ਪੰਜ ਸਿੰਘ ਮੇਰੇ, ਮੇਰਾ ਰੂਪ ਗੁਰਮੰਤ੍ਰ ਸੁਨਾਉਣ ਲਈ
ਗੁਰੂ–ਗ੍ਰੰਥ ਗੁਰਬਾਣੀ ਸਰੂਪ ਸਾਡਾ ਸਮੁੰਦ ਹੋੜ੍ਹੇ ਪਾਰ ਵੰਘਾਉਣ ਲਈ
ਗੁਰਬਾਣੀ ? ਗੁਰ ਖਾਲਸਾ ਗੁਰ ਹੋਸੀ, ਹੋਰ ਗੁਰੂ ਨ ਸੀਸ ਝੁਕਾਉਣ ਲਈ

---

†ਪੰਜ ਪਿਆਰੇ ਹਰ ਥਾਂ ਓਹੋ ਹੀ ਮਿਥੇ ਜਾਣਗੇ ਜੋ ਗੁਰਬਾਣੀ ਭਰੋਸੇ ਵਾਲੇ ਤੇ ਰਹਿਤ ਦੇ ਪੱਕੇ ਹੋਣਗੇ, ਉਹਨਾਂ ਦਾ ਗੁਰਮਤਾ ਜੋ ਗੁਰਮਤ ਅਨੁਸਾਰ ਹੋਵੇ, ਉਸਨੂੰ ਰੱਦਨ ਵਾਲੇ ਜ਼ਰੂਰ ਤਨਖਾਹੀਏ ਹੋਣਗੇ।

੦ਏਥੇ ਜਾਤ ਦਾ ਨਾਮ ਲੈਣ ਦਾ ਸਿਰਫ ਏਹ ਮਤਲਬ ਹੈ ਕਿ ਬਹੁਤੇ ਮੂਰਖ ਏਹ ਨਾ ਉੱਚਰ ਜ਼ਾਹਰ ਕਰਨ ਕਿ ਏਹ ਸਾਥੋਂ ਛੋਟੀ ਜਾਤ ਦਾ ਹੈ ਤੇ ਫਲਾਣੇ ਗੋਤ ਦਾ ਹੈ, ਕਿਉਂਕਿ ਜਾਤ ਪਾਤ ਦੇ ਗੋਤਾਂ ਦਾ ਫੈਸਲਾ ਧਾਰਮਕ ਅਸੂਲਾਂ ਵਿਚ ਗੁਰੂ ਜੀ ਨੇ ਕਰ ਦਿਤਾ ਹੈ ਕਿ "ਚਾਰੇ ਵਰਨ ਕੇ ਏਕਾ ਭਾਈ" ਖਾਲਸਾ ਇਕ ਸਰੂਪ ਹੋਵੇਗਾ।

*ਗੁਰੂ ਜੀ ਨੇ ਸਾਫ ਦਸਿਆ ਕਿ ਸਾਡੇ ਪਿਛੋਂ ਕੋਈ ਗੁਰੂ ਰੂਪ ਅਵਤਾਰ ਨਹੀਂ ਹੋਵੇਗਾ ਅਸੀਂ ਗੁਰਿਆਈ ਗੁਰੂ ਗ੍ਰੰਥ, ਪੰਥ ਨੂੰ ਦੇ ਜਾਂਗੇ, ਗੁਰੂ ਗ੍ਰੰਥ, ਪੰਥ ਹੀ ਗੁਰੂ ਹੋਵੇਗਾ, ਹੋਰ ਕੋਈ ਦੇਹ ਧਾਰੀ ਵੱਖਰਾ ਗੁਰੂ, ਪੰਥ ਖਾਲਸੇ ਦਾ ਨਹੀਂ ਹੋਵੇਗਾ, ਸੋ ਹੁਣ ਜਿਹੜੇ ਮੂਰਖ ਸਾਧਾਂ ਤੇ ਪਖੰਡੀਆਂ ਦੇ ਪਿਛੇ ਫਿਰਦੇ ਤੇ ਗੁਰਮੰਤਰ ਪੁਛਦੇ ਹਨ, ਓਹ ਗੁਰ ਸਿਖ ਨਹੀਂ ਹਨ, ਗੁਰੂ ਜੀ ਦੇ ਹਿਦਾਇਤਾਂ ਨੂੰ ਛਡ ਕੇ ਓਅੰ, ਸੋਹੰ ਤੇ ਕੰਨਾਂ ਵਿਚ ਮੰਤਰ ਪੜ੍ਹਨ ਵਾਲੇ ਭੁਲੇ ਫਿਰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਬਚਲ ਨਗਰ ਦੇ ਵਿਚ ਗੁਰੂ ਜੀ ਨੇ ਆਤਮਕ ਗੁਰਿਆਈ ਬਖਸ਼ ਕੇ ਪੰਥ ਦੇ ਸਿਰ ਗੁਰ ਸਥਾਪਨ ਕੀਤੇ, ਜੋ ਏਸ ਗ੍ਰੰਥ ਦੇ ਅਖੀਰ ਵਿਚ ਜਾਕੇ ਆਪ ਪੜ੍ਹਕੇ ਦੇਖ ਲੈਣੇ।

?ਗੁਰੂ ਖਾਲਸੇ ਨੂੰ ਸਮਾਨ ਤੌਰ ਤੇ ਤਾਂ ਪੰਜ ਪਿਆਰੇ ਸਥਾਪ ਕੇ ਹੀ ਗੁਰਿਆਈ ਦੀ ਕਾਰ ਬਖਸ਼ ਦਿਤੀ, ਪਰ ਖਾਸ ਕਰਕੇ ਚਮਕੌਰ ਸਾਹਿਬ ਦੇ ਵਿਚੋਂ ਜਾਣ ਲਗਿਆਂ ਵਿਵਹਾਰਕ ਗੁਰਿਆਈ ਗੁਰੂ ਖਾਲਸੇ ਨੂੰ ਸਤਿਗੁਰਾਂ ਬਖਸ਼ ਦਿਤੀ ਜਿਸ ਦਾ ਪੂਰਾ ਸਰੂਪ ਏਸੇ ਗ੍ਰੰਥ ਦੇ ਵਿਚ ਅੱਗੇ ਚਲ ਕੇ ਚਮਕੌਰ ਦੀ ਜੰਗ ਵਿਚ ਪੜ੍ਹੋਗੇ।

॥ਕੱਚੇ ਗੁਰੂਦੀ ਸਿਖਯਾ ਤਾਰਦੀ ਨਹੀਂ, ਹੁੰਦੀ ਸਿਖਦਾ ਬੇੜਾ ਡੁਬਾਉਨ ਲਈ
ਏਹੋ ਵਾਸਤੇ ਅਸਾਂ ਏਹ ਰੀਤ ਤੋਰੀ, ਪਾਖੰਡੀਆਂ ਹਥੋਂ ਛੁਡਾਉਨ ਲਈ
ਜੇ ਏਹ ਨ ਤੋਰੀਏ ਰੀਤ ਅਸੀਂ, ਤਯਾਰ ਪੰਥ ਨੂੰ ਕਈ ਰੁੜਾਉਨ ਲਈ
ਹੋ ਪੈਣਗੇ ਥਾਂ ਥਾਂ ਗੁਰੂ ਬਣਕੇ, ਸਾਡੇ ਪੰਥ ਨੂੰ ਪਾੜ ਮੁਕਾਨ ਲਈ
ਏਸੇ ਵਾਸਤੇ ਪੰਜਾਂ ਪਿਆਰਿਆਂ ਨੂੰ, ਸਾਡੀ ਆਗਯਾ ਪੰਥ ਬਚਾਉਨ ਲਈ
ਹੋਏ ਪੰਚ ਪ੍ਰਵਾਨ ਕਰਤਾਰ ਸਿੰਘਾ, ਵਿਚ ਪੰਥ ਗੁਰਿਆਈ ਚਲਾਉਨ ਲਈ

ਦੂਸਰਾ ਹੁਕਮ .

ਜਿਨ੍ਹਾਂ ਖੰਡੇ ਦਾ ਅੰਮ੍ਰਿਤ ਛਕ ਲਿਆ, ਸਿੰਘ ਆਪਣਾ ਨਾਮ ਸਦੌਨ ਸਦਾ
ਦਾਸ ਮਲ ਤੇ ਰਾਮ ਨ ਰਹੇ ਨੇ ਓਹ, ਸਿੰਘ ਆਪਣੇ ਤਈਂ ਅਖਵੌਨ ਸਦਾ
ਜਾਤ ਪਾਤ ਦਾ*ਭੇਦ ਨ ਮੂਲ ਰਖਨ, ਊਚ ਨੀਚਦਾ ਫਰਕ ਨ ਲਿਔਨ ਸਦਾ

---

॥ਕੱਚੇ ਗੁਰੂ—ਜੋ ਆਪਣੇ ਸਵਾਰਥ ਦੇ ਬੱਧੇ ਲੋਕਾਂ ਨੂੰ ਜਾਲਾਂ ਵਿਚ ਫਸਾ ਕੇ ਲੁਟੀ ਜਾਂਦੇ ਹਨ ਤੇ ਉਹਨਾਂ ਵਿਚ ਕੋਈ ਗੁਰ ਸ਼ਕਤੀ ਨਹੀਂ ਹੁੰਦੀ ਸੋ ਉਹਨਾਂ ਦੀ ਸਿਖਿਆ ਸਿਖ ਨੂੰ ਨਹੀਂ ਤਾਰ ਸਕਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਇਉਂ ਫੁਰਮਾਇਆ ਹੈ:—

ਯਥਾ—ਮੁਸੈ ਆਪ ਮੁਹਾਇ ਸਾਥੈ ॥ ਨਾਨਕ ਐਸਾ ਆਗੂ ਜਾਪੈ ॥
ਪੁਨਾ—ਗੁਰੂ ਜਿਨਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥ ਵ: ੪ ਕਾ: ਰਾਮਕਲੀ ॥
ਪੁਨਾ—ਜੋ ਡੁਬੰਦੋ ਆਪ ਸੋ ਤਰਾਏ ਕਿਨ ਖੇ ॥
ਤਾਰੇਦੜੋ ਭੀ ਤਾਰਿ ਨਾਨਕ ਪਿਰ ਸਿਉ ਰਤਿਆ ॥ ਵ: ੫ ਵਾਰ ਮਾਰੂ
ਪੁਨਾ—ਕਾਚੇ ਗੁਰ ਤੇ ਮੁਕਤਿ ਨ ਹੂਆ ॥ ਦਖਣੀ ਓਅੰਕਾਰ ॥
ਪੁਨਾ—ਗੁਰੂ ਜਿਨ੍ਹਾਂ ਕਾ ਅੰਧੁਲਾ ਚੇਲੇ ਨਾਹੀ ਠਾਉ ॥ ਗੁਰ ੧ ਸ੍ਰੀ ਰਾਗ ॥
ਪੁਨਾ—ਅੰਧੇ ਗੁਰ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜਾ ਭਾਈ ॥
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥ ਗਉ: ੩ ਗਉੜੀ ॥

*ਜਾਤ ਪਾਤ ਦਾ ਭੇਦ ਮੇਟ ਕਰਕੇ ਸਭ ਨੂੰ ਇਕ ਖਾਲਸਾ ਸਰੂਪ ਬਣਾਯਾ ਹੈ, ਜੋ ਲੋਕ ਏਹ ਸਵਾਲ ਕਰਦੇ ਹਨ ਕਿ ਜੇਕਰ ਜਾਤਪਾਤ ਦਾ ਭੇਤ ਸਿੰਘਾਂ ਵਿਚ ਨਹੀਂ ਹੈ ਤਾਂ ਆਪੋ ਵਿਚ ਸਾਕਾਦਾਰੀਆਂ ਕਿਉਂ ਨਹੀਂ ਕਰ ਲੈਂਦੇ। ਇਸ ਦਾ ਪਹਿਲਾ ਉੱਤਰ ਤਾਂ ਏਹ ਹੈ ਕਿ ਹਿੰਦੂ ਵਾਸੀਆਂ ਨੇ ਆਪਣੇ ਆਪ ਨੂੰ ਹਿੰਦੂ ਜਾਤੀ ਵਿਚ ਮੰਨਿਆ ਹੋਇਆ ਹੈ ਤੇ ਸਭ ਵੇਦ ਭਗਵਾਨ ਦੇ ਮੰਨਣ ਵਾਲੇ ਅਖਵਾਂਦੇ ਹਨ ਪਰ ਖਤ੍ਰੀ ਬ੍ਰਾਹਮਣ ਨੂੰ ਤੇ ਬ੍ਰਾਹਮਣ ਖੱਤ੍ਰੀ ਨੂੰ ਝੀਵਰ ਨਾਈ ਨੂੰ ਨਾਈ ਝੀਵਰ ਨੂੰ ਜਾਂ ਬ੍ਰਾਹਮਣ, ਵੈਸ਼ ਨੂੰ ਤੇ ਵੈਸ਼ ਬ੍ਰਾਹਮਣ ਨੂੰ ਆਪਣੀਆਂ ਬੇਟੀਆਂ ਦੇ ਸਾਕ ਅਜੇ ਤਕ ਨਹੀਂ ਲੈਂਦੇ ਦੇਂਦੇ ਤੇ ਇਸ ਤਰ੍ਹਾਂ ਮੁਸਲਮਾਨ ਭਰਾ ਭੀ ਇਕ ਕੁਰਾਨ ਸ਼ਰੀਫ ਦੇ ਮੰਨਣ ਵਾਲੇ ਤੇ ਇਕ ਦੀਨ ਵਿਚ ਸਭ ਨੂੰ ਮੰਨਦੇ ਹਨ, ਪਰ ਓਹ ਭੀ

(ਬਾਕੀ ਦੇਖੋ ਸਫਾ ੨੩੨)

†ਕਰਮ, ਧਰਮ ਤੇ ਸ਼ਰਮ ਜੋ ਜਰਮ ਭਰਮ, ਪੰਜਾਂ ਭੇਦ ਨੂੰ ਨਾਸ ਕਰੇਨ ਸਦਾ
ਦਸਾਂ ਗੁਰਾਂ ਨੂੰ ਇਕ ਸਰੂਪ ਮੰਨਣ, ਗੁਰਬਾਣੀ ਗੁਰ ਰੂਪ ਜਨਾਉਨ ਸਦਾ
ਓਹ ਇਕ ਅਕਾਲ ਦੇ ਬਿਨਾਂ ਦੂਜਾ, ਚਰਮ ਵਲ ਦਾਤਾ ਨ ਠਹਿਰਾਉਨ ਸਦਾ
ਦੇਵੀ, ਦੇਉਤੇ, ਮੜੀ ਮਸਾਨ ਅਗੇ, ਵਿਸ਼ਤ ਮੰਨ ਨ ਸੀਸ ਨਿਵਾਉਨ ਸਦਾ
ਸਭੇ ਗੁਰੂ ਅਕਾਲ ਦੇ ਪੁਤ ਹੋ ਕੇ ਪਹਿਲੀ, ਜਾਤ ਤੇ ਪਾਤ ਮਿਟਾਉਨ ਸਦਾ
ਹਿੰਦੂ ਤੁਰਕ ਦੀ ਕਾਨ ਨੂੰ ਮੇਟ ਕਰਕੇ, ਗੁਰ ਰੀਤ ਦੇ ਤਈਂ ਚਲਾਉਨ ਸਦਾ
ਰਾਮ ਰਾਮ ਸਲਾਮ ਨੂੰ ਛਡ ਕਰਕੇ, ਫਤੇ ਵਾਹਿਗੁਰੂ ਮੂੰਹੋਂ ਬਲਾਉਨ ਸਦਾ
ਪੰਥ ਖਾਲਸਾ *ਤੀਸਰਾ ਮਜ਼ਬ ਸਾਡਾ, ਪਕਾ ਨਿਸਚਾ ਏਹ ਰਖਾਉਨ ਸਦਾ
ਛਡ ○ਵੇਦ ਕਤੇਬ ਦੀ ਰੀਤ ਤਾਈਂ, ਗੁਰ ਰੀਤ ਦੇ ਤਾਈਂ ਕਮਾਉਨ ਸਦਾ
ਅਲਾ ਰਾਮ ਤੇ ਓਅੰ ਛਡ ਸੋਹੰ, ਗੁਰ ਮੰਤ੍ਰ ਵਾਹਿਗੁਰੂ ਧਿਆਉਨ ਸਦਾ
ਗੁਰਬਾਣੀ ਬਿਨਾਂ ਹੋਰ ਸਭ ਤਾਈਂ –ਕਚੀ ਸਮਝਕੇ ਦਿਲੋਂ ਤਜਾਉਨ ਸਦਾ
ਗੁਰਧਾਮਾਂ ਨੂੰ ਆਪਣੇ ਸਮਝ ? ਤੀਰਥ ਹੋਰ ਤੀਰਥ ਦਿਲੋਂ ਭੁਲਾਉਨ ਸਦਾ

(੨੩੫ ਸਫਾ ਦੀ ਬਾਕੀ)

ਆਪਣੀਆਂ ਮਿਲਦੀਆਂ ਜਾਤਾਂ ਵਿਚ ਹੀ ਸਾਕ ਲੈਂਦੇ ਤੇ ਦੇਂਦੇ ਹਨ, ਪਰੰਤੂ ਸਿੰਘਾਂ ਵਿਚ ਬਹੁਤ ਥੋੜੀ ਤਾਦਾਦ ਦੇ ਹੁੰਦਿਆਂ ਭੀ ਕਈ ਮਸਾਲਾਂ ਹਨ ਜਿਨ੍ਹਾਂ ਨੇ ਜਾਤ ਪਾਤ ਨੂੰ ਤੋੜਕੇ ਰਿਸਤੇ ਕੀਤੇ ਹਨ ਤੇ ਜਦ ਖਾਲਸਾ ਆਪਣੀ ਪੂਰੀ ਜਵਾਨੀ ਵਿਚ ਹੋ ਜਾਵੇਗਾ ਫੇਰ ਇਹ ਕੰਮ ਸਹਿਜੇ ਪਏ ਹੋਣਗੇ।

†ਪਿਛਲੀ ਜਾਤ ਦੇ ਕਰਮ ਨਹੀਂ ਕਰਨੇ ਇਸ ਵਾਸਤੇ ਖਾਲਸਾ ਕਰਮ ਨਾਸ ਹੋਯਾ ਹਿੰਦੂ ਪੁਣੇ ਦੇ ਧਰਮਾਂ ਨੂੰ ਧਾਰਨ ਕਰਨਾ ਇਸ ਵਾਸਤੇ ਖਾਲਸਾ ਧਰਮ ਨਾਸ ਹੋਯਾ, ਪਿਛਲੀ ਕੁਲ ਦੀ ਲਾਜ, ਬਾਪ ਦਾਦੇ ਦੀ ਲਾਜ, ਲੋਕ ਲਾਜ ਨੂੰ ਛਡਕੇ ਗੁਰਮਤ ਵਿਚ ਪਕਿਆਂ ਹੋਣ ਇਸ ਵਾਸਤੇ ਖਾਲਸਾ ਸ਼ਰਮ ਨਾਸ ਹੋਯਾ, ਪਿਛਲਾ ਜਨਮ ਅਮ੍ਰਿਤ ਛਕ ਕੇ ਜਾਂਦਾ ਰਿਹਾ 'ਸਤਿਗੁਰ ਕੇ ਜਨਮੇ ਜਨਮ ਮਟਾਯਾ" ਇਸ ਵਾਸਤੇ ਖਾਲਸਾ ਜਨਮ ਨਾਸ ਹੋਯਾ। ਦੇਵੀ, ਦੇਉਤਾ, ਮੜੀ, ਮਸਾਨ ਆਦਿਕਾਂ ਦਾ ਭਰਮ ਤੋੜਨਾ ਇਸ ਵਾਸਤੇ ਖਾਲਸਾ ਭਰਮ ਨਾਸ ਹੋਯਾ।

*ਤੀਸਰਾ ਮਜ਼ਬ, ਨ ਹਮ ਹਿੰਦੂ ਨ ਮੁਸਲਮਾਨ ਗਉੜੀ ਕਬੀਰ ਜੀ ॥
ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥ ਭੈਰਉ ਕਬੀਰ ਜੀ ॥
○ਪੰਡਿਤ ਵੇਦ ਮੁਲਾਂ (ਕੁਰਾਨ, ਜੋ ਲਿਖ ਦੀਆ। ਛਾਡਿ ਚਲੇ ਹਮ ਕਛੂ ਨ ਲੀਆ। ਭੈਰਉ ਕਬੀਰ ਜੀ
–ਸਤਿਗੁਰੂ ਬਿਨਾਂ ਹੋਰ ਕਚੀ ਬਾਣੀ ॥ ਕਹਿਦੇ ਕਚੇ ਸੁਣਦੇ ਕਚੇ ਕਚੀ ਆਖ ਵਖਾਣੀ ॥
ਰਾਮਕਲੀ ਆਨੰਦ

?ਗੁਰੂ ਖਾਲਸੇ ਵਾਸਤੇ ਗੁਰ ਅਸਥਾਨ ਹੀ ਤੀਰਥ ਹਨ, ਯਥਾ–ਅੰਮ੍ਰਿਤਸਰ ਦਰਬਾਰ ਸਾਹਿਬ ਤਰਨ ਤਾਰਨ, ਮੁਕਤਸਰ ਆਦਿਕ, ਗੰਗਾ ਗਇਆ ਆਦਿਕ ਹਿੰਦੂਆਂ ਦੇ ਤੀਰਥ ਹਨ, ਇਹਨਾਂ ਅਸਥਾਨਾਂ ਤੇ ਸੈਰ ਦੇ ਤੌਰ ਤੇ ਜਾਣ ਦਾ ਕੋਈ ਪਾਪ ਨਹੀਂ ਹੈ, ਪਰ ਖਾਲਸੇ ਵਾਸਤੇ ਪੂਜਾ ਅਸਥਾਨ ਗੁਰਦਵਾਰੇ ਤੇ ਗੁਰੂ ਸਰ ਹੀ ਹਨ ਅਤੇ ਵਡਾ ਤੀਰਥ ਗੁਰੂ ਸਾਧ ਸੰਗਤ ਹੈ।

ਕੇਸ ਮੋਹਰ ਸਤਿਗੁਰਾਂ ਦੀ ਸਮਝ ਕਰਕੇ, ਰਖ ਅਦਬ ਦੇ ਨਾਲ ਸੁਹਾਵੁਨ ਸਦਾ
ਹੋਰ ਦਸੀਏ ਜੋ ਕਰਤਾਰ ਸਿੰਘਾ, ਰਹਿਤਾਂ ਪੂਰੀਆਂ ਓਹ ਨਿਬਾਹੁਨ ਸਦਾ

ਤੀਸਰਾ ਪ੍ਰਕਰਮ ਰਹਿਤ ਦਾ ਰਪਟਾ

ਕੇਸ ਸਿਰਾਂ ਦੇ ਰਖਣੇ ਸਦਾ ਸਾਬਤ, ਰੋਮ ਜਿਸਮ ਤੋਂ ਕਦੇ ਘਟਾਵਣਾ ਨਹੀਂ
ਕੰਘਾ ਦੋ ਵੇਲੇ ਕੇਸੀਂ ਹੈ ਕਰਨਾ, ਸੁਸਤ ਹੋ ਕੇ ਕਦੇ ਖੁੰਝਾਵਣਾ ਨਹੀਂ
ਕ੍ਰਿਪਾਨ ਨੂੰ ਰਖਣਾ ਸੰਗ ਸਦਾ, ਹੋ ਬੇ ਹਥਿਆਰਾ ਫਿਰਾਵਣਾ ਨਹੀਂ
ਕਛ ਬਾਣਾਂ ਦਹਾੜਰਾਂ ਯੋਧਿਆਂ ਦਾ, ਤੇੜੋਂ ਏਸਨੂੰ ਕਦੇ ਭੀ ਲਾਹਵਣਾ ਨਹੀਂ
ਏਹ ਸਿੰਘਾ ਦੇ ਹੈਨ ਨਿਸ਼ਾਨ ਸਾਰੇ, ਕੋਈ ਏਹਨਾਂ ਦੇ ਵਿਚੋਂ ਤਜਾਵਣਾ ਨਹੀਂ
ਨਾਮ ਜਪਣਾ ਤੇ ਵੰਡ ਖਾਂਵਣਾ ਜੀ, ਉਪਕਾਰ ਤੋਂ ਜੀ ਚੁਰਾਵਣਾ ਨਹੀਂ
ਕਰਨੀ ਕੇਸਾਂ ਦੀ ਕਦੇ ਬੇਅਦਬੀ ਨ ਕਿਸੇ ਅੰਗਤੇ ਉਸਤਰਾ ਲਾਵਣਾ ਨਹੀਂ
ਹਥੀ ਮਾਰਕੇ ਮਹਾਪ੍ਰਸਾਦਿ ਛਕਨਾ, ਬੁਰੀ ਵਸਤ ਸਮਝ ਕੁਠਾਂ ਖਾਂਵਣਾ ਨਹੀਂ
ਨਜ਼ੀਮਾਹ ਦੇ ਨਾਲ ਨਾ ਰਲਖਾਣਾ, ()ਜਗਤ ਜੂਠ ਨੂੰ ਹਥ ਛੁਹਾਵਣਾ ਨਹੀਂ
[]ਪਰ ਇਸਤ੍ਰੀ ਦਾ ਸੰਗ ਨਹੀਂ ਕਰਨਾ, ਏਨ੍ਹਾਂ ਗਲਾਂ ਨੂੰ ਕਦੇ ਭੁਲਾਵਣਾ ਨਹੀਂ
ਏਹਨਾਂ ‡ ਚੌਹਾਂ ਵਿਚੋਂ ਭੁਲ ਕੋਈ ਹੋਵੇ, ਫੇਰ ਓਸ ਦੇ ਤਈਂ ਛੁਪਾਵਣਾ ਨਹੀਂ
ਵਿਚ ਸੰਗਤ ਆ ਬਖਸ਼ਾ ਲੈਣਾ, ਕੋਈ ਸ਼ਰਮ ਗੁਮਾਨ ਰਖਾਵਣਾ ਨਹੀਂ
ਕੁੜੀ ਮਾਰ ਦਾ ਨਹੀਂ ਪ੍ਰਛਾਵਾਂ ਲੈਣਾ, ਵਰਤੋਂ ਕਰ ਵਿਹਾਰ ਕੋਈ ਪਾਵਣਾ ਨਹੀਂ
ਪ੍ਰਿਥੀ ਚੰਦੀਏ ਤੇ ਸਿਰ ਗੁੰਮ ਰੋੜੇ, ਧੀਰ ਮਲੀਆਂ ਦੇ ਪਿਛੇ ਜਾਵਣਾ ਨਹੀਂ
ਰਾਮਰਾਈਆਂ ਮਸੰਦ ਨੂੰ ਤਯਾਗ ਦੇਣਾ, ਏਹਨਾਂ ਨਾਲ ਸੰਬੰਧ ਰਖਾਵਣਾ ਨਹੀਂ

()ਜਗਤ ਜੂਠ—ਤਮਾਕੂ।

[]ਪਰ ਤ੍ਰਿਅ ਰੂਪ ਨ ਪੇਖੈ ਨੇਤ੍ਰ॥ ਸੁਖਮਨੀ ਸਾਹਿਬ।

ਪੁਨਾ—ਪਰ ਨਾਰੀ ਕੀ ਸੇਜ ਭੁਲਿ ਸੁਪਨੇ ਹੂੰ ਨ ਜਈਯਹੁ॥ — ਪਰ ਨਾਰੀ ਧੀ ਭੈਣ ਵਖਾਣੈ॥

ਪੁਨਾ—ਦੇਖ ਪਰਾਈਆਂ ਚੰਗੀਆਂ ਧੀਆਂ ਭੈਣਾਂ ਮਾਵਾਂ ਜਾਣੈ॥ ਭਾਈ ਗੁਰਦਾਸ ਜੀ।

ਪੁਨਾ—ਸੁਧ ਜਬ ਤੇ ਹਮ ਧਰੀ ਬਚਨ ਗੁਰਦਏ ਹਮਾਰੇ॥
ਪੂਤ ਇਹੈ ਪ੍ਰਣ ਤੋਹਿ ਪ੍ਰਾਣ ਜਬ ਲਗ ਘਟ ਥਾਰੇ॥
ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢੈਯਹੁ॥
ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜੈਯਹੁ॥ ਸ੍ਰੀ ਮੁਖਵਾਕ ਪਾ: ੧੦

‡ਇਹ ਚਾਰ ਵਡੀਆਂ ਕੁਰਹਿਤਾਂ ਹਨ—੧ ਕੇਸਾਂ ਦੀ ਬੇਅਦਬੀ, ੨ ਕੁਠਾ ਖਾਣਾ ਜਾਂ ਖਾਣ ਵਾਲੇ ਦਾ ਜੂਠਾ ਖਾਣਾ, ੩ ਤਮਾਕੂ ਛੋਹਣਾ ਜਾਂ ਪੀਣ ਵਾਲੇ ਦਾ ਜੂਠਾ ਖਾਣਾ, ੪ ਪਰ ਇਸਤਰੀ ਭੋਗਣੀ ਏਹ ਚਾਰ ਕੁਰਹਿਤਾਂ ਕਰਕੇ ਜਦ ਤਕ ਤਨਖਾਹ ਬਖਸ਼ਾ ਕੇ ਅੰਮ੍ਰਿਤ ਨ ਛਕੇ ਤਦ ਤਕ ਓਹ ਪੁਰਖ ਖਾਲਸਾ ਪਦਵੀ ਤੋਂ ਪਤਿਤ ਹੋਯਾ ਗਿਣਿਆ ਜਾਂਦਾ ਹੈ।

†ਅੰਮ੍ਰਿਤ ਛਕਨ ਅਭੇਦ ਵਰਤਾ ਲੈਨੇ, ਐਵੇਂ ਦਾਉ ਏਹਨਾਂ ਹੇਠ ਆਵਨਾ ਨਹੀਂ
ਰੋਖੀ, ਦੇਉਨੇ, ਕੁਰਾ ਤੇ ਸਖੀ ਸੁਵਰ, ਪੂਜ ਏਹਨਾਂ ਨੂੰ ਸੀਸ ਝੁਕਾਵਨਾ ਨਹੀਂ
ਪਰਸਾਦ ਜੋ ਇਨ੍ਹਾਂ ਦੀ ਸੁਖਨਾ ਦਾ, ਕਦੇ ਲੈਕੇ ਜੀਭ ਨੂੰ ਲਾਵਨਾ ਨਹੀਂ
ਦਸਾਂ ਨਹੁੰਆਂ ਦੀ ਨੇਕ ਕਮਾਈ ਕਰਨੀ, ਜੂਏ ਚੋਰੀ ਤੇ ਜੀ ਲਲਚਾਵਨਾ ਨਹੀਂ
ਖੇਤੀ, ਨੌਕਰੀ ਕਰ ਬਪਾਰ ਖਾਣਾ, ਭੇਖ ਕਰ ਕਦੇ ਮੰਗ ਪਾਵਨਾ ਨਹੀਂ
ਪਰ ਧਨ, ਪਰ ਤਨਦਾ ਤਯਾਗ ਕਰਨਾ, ਕਦੇ ਦਗਾ ਫਰੇਬ ਕਮਾਵਨਾ ਨਹੀਂ
ਨਿੰਦਾ, ਚੁਗਲੀ, ਝੂਠ ਤੇ ਈਰਖਾ ਤੋਂ, ਦੂਰ ਬਚਨੀ ਪੈਰ ਫਸਾਵਨਾ ਨਹੀਂ
ਦਯਾ ਧਰਮ ਨੂੰ ਹਥੋਂ ਨ ਜਾਣ ਦੇਣਾ, ਮੂੰਹ ਥੁਕਕੇ ਪਿਛਾਂਹ ਪ੍ਰਤਾਵਨਾ ਨਹੀਂ
ਯਾਦ ਰਖਣਾ ਕਰੇ ਅਹਿਸਾਨ ਜੇਹੜਾ, ਕ੍ਰਿਤਘਨ ਹੋ ਕੀਤਾ ਗਵਾਵਨਾ ਨਹੀਂ
ਜਦਾਮਾਲਕਦਾ ਨਿਮਕਹਲਾਲਰਹਿਨਾ, ਦਾਗਨਿਮਕਹਰਾਮ ਹੋਲਾਵਨਾ ਨਹੀਂ
ਵੇਖ ਸਦਾ ਗ੍ਰੀਬੀ ਤੇ ਰਹਿਮ ਕਰਨਾ, ਐਵੇਂ ਕਿਸੇ ਦਾ ਦਿਲ ਦੁਖਾਵਨਾ ਨਹੀਂ
ਤੇਗ ਹਥ ਲੈ ਵਿਚ ਮੈਦਾਨ ਜਾਕੇ; ਫੇਰ ਪਿਛਾਂ ਨੂੰ ਪੈਰ ਪਰਤਾਵਨਾ ਨਹੀਂ
ਸਦਾ ਜਗ ਤੋਂ ਚਿਤ ਉਦਾਸ ਰਹਿਨਾ, ਮੋਹਮਾਯਾ ਦਾਭਾਰ ਉਠਾਵਨਾ ਨਹੀਂ
ਸਭ ਬਾਗ ਪ੍ਰਵਾਰ ਹੈ ਵਾਹਿਗੁਰੂ ਦਾ, ਜਾਨ ਆਪਣਾ ਰਿਦਾ ਫਟਾਵਨਾ ਨਹੀਂ
ਦਿਨ ਕਟਨੇ ਵਾਂਗ ਮੁਸਾਫਰਾਂ ਦੇ, ਜਾਲ ਧੰਦਿਆਂ ਦਾ ਉਲਝਾਵਨਾ ਨਹੀਂ
ਸੇਵਾ ਗੁਰਅਸਥਾਨਾਂ ਦੀ ਸਦਾਕਰਨੀ, ਖਾਲੀ ਅਭਿਆਗਤ ਟੁਰਾਵਨਾ ਨਹੀਂ
ਦੁਖੀ ਦੀਨ ਦੀ ਰਖਯਾ ਸਦਾ ਕਰਨੀ, ਹਕ ਕਿਸੇ ਦਾ ਮਾਰ ਖਪਾਵਨਾ ਨਹੀਂ
ਪ੍ਰਾਰਬਧ ਅਨੁਸਾਰ ਸੰਤੋਖ ਕਰਨਾ, ਭਾਣਾ ਮੰਨਣਾ ਹੌਸਲਾ ਢਾਵਨਾ ਨਹੀਂ
ਔਖ, ਸੌਖ ਨੂੰ ਕਟਨਾ ਖੁਸ਼ੀ ਹੋਕੇ, ਭੀੜ ਬਣੀ ਦੇ ਵਿਚ ਘਬਰਾਵਨਾ ਨਹੀਂ

†੧–ਧੀਰਮੱਲੀਏ ਕਰਤਾਰਪੁਰੀਏ, ਦਰਬਾਰਾ ਸਿੰਘ ਜੀ ਡੇਰੇ ਵਾਲ, ੨–ਰਾਮਰਾਈਏ ਡੇਹਰੇ ਦੂਨ ਵਾਲੇ, ੩–ਮੀਣੇ ਪ੍ਰਿਥੀ ਚੰਦੀਏ, ੪–ਸਿਰ ਗੁੰਮ ਰੋੜ ਜਾਂ ਮੰਨੇ, ੫–ਮਸੰਦ ਜੋ ਗੁਰੂ ਘਰ ਦੀ ਕਾਰ ਭੇਟਾ ਉਗਰਾਉਂਦੇ ਹੁੰਦੇ ਸਨ ਤੇ ਹੁਣ ਕਈ ਥਾਵੀਂ ਉਦਾਸੀ ਸਾਧ ਡੇਰਿਆਂ ਵਾਲੇ ਜਾਂ ਕਈਆਂ ਪਿੰਡਾਂ ਵਿਚ ਜਠੇਰੇ ਬਾਬੇ ਹਨ ਏਹਨਾਂ ਸਭਨਾਂ ਨਾਲ ਗੁਰਸਿਖਾਂ ਨੂੰ ਵਰਤਣਾ ਮਨ੍ਹਾ ਹੈ ਕਿਉਂਕਿ ਇਹ ਗੁਰੂ ਘਰ ਦੇ ਦੋਖੀ ਹੋਣ ਕਰਕੇ ਤਿਆਗੇ ਹੋਏ ਹਨ, ਪਰ ਜੇ ਇਹ ਲੋਕ ਅੰਮ੍ਰਿਤ ਛਕ ਲੈਣ ਤਾਂ ਏਹਨਾਂ ਨਾਲ ਅਭੇਦ ਵਰਤ ਲੈਣਾ ਯੋਗ ਹੈ, ਪਰੰਤੂ ਇਹ ਕਿਸੇ ਅਸਥਾਨ ਵਾਲੇ ਜਾਂ ਗੱਦੀ ਵਾਲੇ ਗੁਰਸਿਖਾਂ ਦੇ ਗੁਰੂ ਨਹੀਂ ਬਣ ਸਕਦੇ ਜੋ ਲੋਕ ਇਹਨਾਂ ਨੂੰ ਆਪਣੇ ਗੁਰੂ ਮੰਨ ਕੇ ਤੇ ਫੇਰ ਗੁਰਸਿਖੀ ਵਿਚ ਲਤ ਅੜਾਉਂਦੇ ਹਨ, ਉਹ ਪਿਛਲੇ ਹੁਕਮ ਅਨੁਸਾਰ ਤਿਆਗਣ ਯੋਗ ਹਨ।

ਕੀਤੇ ਕਰਮ ਦਾ ਪਾਵਣਾ ਫਲ ਸਦਾ, ਕਿਸੇ ਓਸ ਤਾਂਈ ਉਲਟਾਵਣਾ ਨਹੀਂ
ਗੁਰ ਭਾਈਆਂ ਨਾਲ ਪ੍ਰੇਮ ਕਰਨਾ, ਕਿਸੇ ਹੋਰ ਦਾ ਦਿਲ ਸਤਾਵਣਾ ਨਹੀਂ
ਵੇਖ ਸਿੰਘ ਨੂੰ ਸਮਝਣਾ ਰੂਪ ਮੇਰਾ, ਓਹਦੀ ਸੇਵਾ ਤੋਂ ਜੀ ਚੁਰਾਵਣਾ ਨਹੀਂ
ਗੁਰਬਾਣੀ ਦਾ ਸਦਾ ਹੀ ਅਦਬ ਕਰਨਾ, ਬੇਅਦਬੀ ਲਫਜ਼ ਸੁਣਾਵਣਾ ਨਹੀਂ
ਬਖਸ਼ੀ ਖਾਲਸੇ ਨੂੰ ਸਿੰਘ ਪਦਵੀ ਮੈਂ, ਅਧਾ ਕਦੇ ਵੀ ਨਾਮ ਛੁਡਾਵਣਾ ਨਹੀਂ
ਗੁਰੂ ਗ੍ਰੰਥ ਅਕਾਲ ਦੇ ਨਾਮ ਬਿਨਾਂ, ਕਿਤੇ ਹੋਰ ਥਾਂ ਸਿਰ ਨਿਵਾਵਣਾ ਨਹੀਂ
ਗੁਰੂ ਅਰਥ ਦਸਵੰਧ ਕਮਾਈ ਵਿਚੋਂ, ਨਿਤ ਕਢਣਾ ਜੀ ਚੁਰਾਵਣਾ ਨਹੀਂ
ਗੁਰਦਵਾਰਿਆਂ ਦੀ ਸਦਾ ਟਹਿਲ ਕਰਨੀ, ਪਰ ਅੱਸ ਤੇਜੀ ਭਟਕਾਵਣਾ ਨਹੀਂ
ਪਰ ਬੇਟੀ ਨੂੰ ਬੇਟੀ ਹੀ ਸਮਝਣਾ ਏਂ, ਪਰ ਨਾਰ ਨੂੰ ਬੁਰਾ ਤਕਾਵਣਾ ਨਹੀਂ
ਬਿਨਾਂ ਇਕ ਬਿਹ ਤਾ ਇਸਤ੍ਰੀ ਦੇ, ਹੋਰ ਕਿਸੇ ਨੂੰ ਅੰਗ ਲਗਾਵਣਾ ਨਹੀਂ
ਨਾਲ ਸਿੰਘਦੇ ਸਿੰਘਨੇ ਸਾਕ ਕਰਨਾ, ਨਾਤਾ ਮੋਨਿਆਂ ਨਾਲ ਚਲਾਵਣਾ ਨਹੀਂ
ਬੇਟੀ ਦੇਵਣੀ ਸਿਖ ਨੂੰ ਸੋਧ ਕਰਕੇ, ਲੜ ਮੋਨੇ ਦਾ ਮੂਲ ਫੜਾਵਣਾ ਨਹੀਂ
ਧੀ ਭੈਣ ਨੂੰ ਵੇਚ ਨ ਟਕਾ ਲੈਣਾ, ਪੁੰਨ ਕਰਨਾ ਲੋਭ ਰਖਾਵਣਾ ਨਹੀਂ
ਦਾਤ ਰਬ ਦੀ ਲੈ ਕੇ ਸ਼ੁਕਰ ਕਰਨਾ, ਮਾਰ ਕੰਨਿਆਂ ਤਈਂ ਮੁਕਾਵਣਾ ਨਹੀਂ
ਬਾਲ ਬਚੇ ਨੂੰ ਗੁਰਮੁਖੀ ਪੜ੍ਹਨ ਲਾਨਾ, ਵੈਰ ਰਖਕੇ ਜਨਮ ਵੰਞਾਵਣਾ ਨਹੀਂ
ਮੇਰਾ ਸਿੰਘਾਂ ਸ਼ਰਾਬ ਨ ਪੀਏ ਕਦੇ; ਨਸ਼ਾ ਕੋਈ ਭੀ ਸਿਰ ਚੜ੍ਹਾਵਣਾ ਨਹੀਂ

---

ਜਿਹ ਕੋ ਸਿਖ ਪੁਤ੍ਰੀ ਦਈ ਸੁਧਾ ਸੁਧਾ ਮਿਲ ਜਾਇ ॥
ਦਈ ਭਾਦਨੀ ਕੋ ਸੁਤਾ ਅਹਿਮੁਖ ਅਮੀ ਦੁਖਦਾਇ ॥ (ਰਹਿਤ ਨਾਮਾ—ਭਾਈ ਦੇਸਾ ਸਿੰਘ)

ਇਸ ਸ਼ਬਦ ਨੂੰ ਪੜ੍ਹ ਕੇ ਜੋ ਜੋ ਸਿਖ ਬਿਨਾਂ ਵੀਚਾਰੇ ਧੀਆਂ ਭੈਣਾਂ ਦੇ ਸਾਕ ਮਨਮਤੀਆਂ ਨਾਲ ਕਰ ਦੇਂਦੇ ਹਨ, ਓਹ ਮਹਾਂ ਪਾਪ ਕਰਦੇ ਹਨ—ਇਸ ਦੋਹਰੇ ਦਾ ਏਹ ਅਰਥ ਹੈ ਕਿ ਸਿਖ ਦੀ ਪੁਤਰੀ ਸਿਖ ਨਾਲ ਵਿਆਹੀ ਗਈ ਤਾਂ ਤੇ ਅੰਮ੍ਰਿਤ ਨਾਲ ਅੰਮ੍ਰਿਤ ਮਿਲ ਗਿਆ, ਪਰ ਸਿਖ ਦੀ ਬੇਟੀ ਭਾਦਨੀ (ਮੋਨੇ) ਨਾਲ ਵਿਆਹੀ ਜਾਵੇ ਤਾਂ ਇਉਂ ਸਰੋਪ ਹੁੰਦਾ ਹੈ, ਜਿਵੇਂ ਸੱਪ ਦੇ ਮੂੰਹ ਵਿਚ ਅੰਮ੍ਰਿਤ ਪਾਇਆ ਜਾਏ ਅਰਥਾਤ ਉਹਨਾਂ ਦਾ ਮੇਲ ਨਹੀਂ ਨਿਭਦਾ।

ਸ਼ਰਾਬ ਪੀਣੀ ਗੁਰਸਿਖਾਂ ਨੂੰ ਅਤਿ ਮੰਦੀ ਹੈ ਤੇ ਇਸ ਦੇ ਪੀਣ ਵਾਲੇ ਨੂੰ ਗੁਰੂ ਜੀ ਏਹ ਦੂਖਨ ਲਾਂਦੇ ਹਨ:—

ਯਥਾ—ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥ ਆ: ਮ: ੫

ਇਸ ਸ਼ਬਦ ਵਿਚ ਸ਼ਰਾਬ ਦੇ ਪੀਣ ਵਾਲੇ ਨੂੰ ਗੁਰੂ ਜੀ ਬਿਖਲੀ ਪਤ ਸਦਦੇ ਹਨ ਅਰਥਾਤ ਬਿਖਲੀ ਨਾਮ ਪੰਜਾਬੀ ਦਾ ਹੈ ਤੇ ਉਸਦਾ ਪਤੀ ਜੋ ਹੋਇਆ ਸੋ ਤੁਸੀਂ ਪੜ੍ਹਨ ਵਾਲੇ ਆਪ ਵਿਚਾਰ ਲਵੋ।

ਪੋਸਤ ਭੰਗ ਅਫੀਮ ਕੋਈਹੋਰ ਨਸ਼ਾ,ਟਿਕ ਬਿਨਾਂ ਪ੍ਰਸਾਦੇ ਦੇ ਲਾਵਨਾ ਨਹੀਂ
ਉੱਚੀ ਮਤ ਤੋਂ ਮਨ ਤੋਂ ਸਦਾ ਨੀਵੇਂ, ਦੁਖਦਾਈ ਹੰਕਾਰ ਜਨਾਵਨਾ ਨਹੀਂ
ਖੋਟੇ ਆਦਮੀ ਤੋਂ ਸਦਾ ਦੂਰ ਰਹਿਨਾ, ਮਨ ਖੁਖ ਨੂੰ ਸਾਥ ਰਲਾਵਨਾ ਨਹੀਂ
ਕਾਮ ਕ੍ਰੋਧ ਤੇ ਵਿਸ਼ੇ ਵਿਕਾਰ ਤਾਈਂ, ਲੋਭ ਮੋਹ ਦਾ ਪਯਾਰ ਵਧਾਵਨਾ ਨਹੀਂ
ਵਢੀ ਲੈ ਨ ਝੂਠਾ ਨਿਆਉਂ ਕਰਨਾ, ਹਕ ਕਿਸੇ ਦਾ ਐਵੇ ਗਵਾਵਨਾ ਨਹੀਂ
ਸਿੰਘ ਸੋ ਸਦਾ ਸ਼ੁਭ ਕਰਮ ਕਰੇ, ਕੁਕਰਮੀ ਕਦੇ ਅਖਵਾਵਨਾ ਨਹੀਂ
ਮੇਰੇ ਨਾਮਦੇ ਤਈਂ ਕ੍ਰਤਾਰਸਿੰਘਾ,ਦੁਨੀਆਂ ਵਿਚ ਬਦਨਾਮ ਕਰਾਵਨਾ ਨਹੀਂ

ਛੇਵਾਂ ਹੁਕਮ

ਮੇਰਾ ਸਿਖ ਨਾਹੀਂ ਜਾਪਵਾਹਿਗੁਰੂਦਾ,ਸ੍ਵਾਸ ਸਾਸ ਬੀ ਦਿਲੋਂ ਭੁਲਾਏ ਜੇਹੜਾ
ਮੇਰਾ ਸਿਖ ਨਾਹੀਂ ਦੇਵੀ ਦੇਉਤਿਆਂ ਦੇ, ਅਗੇ ਜਾਕੇ ਸੀਸ ਨਿਵਾਏ ਜੇਹੜਾ
ਮੇਰਾ ਸਿਖ ਨਾਹੀਂ ਗੁਰ ਰੀਤ ਬਿਨਾਂ, ਰੀਤ ਬੇਦ ਕਤੇਬ ਕਮਾਏ ਜੇਹੜਾ
ਮੇਰਾ ਸਿਖ ਨਾਹੀਂ ਦਸਾਂ ਗੁਰਾਂ ਬਿਨਾਂ,*ਦੇਹਧਾਰੀ ਜਾ ਗੁਰੂ ਬਨਾਏ ਜੇਹੜਾ
ਮੇਰਾ ਸਿਖ ਨਾਹੀਂ ਗੁਰੂ ਖਾਲਸੇ ਨੂੰ, ਛਡ ਭੇਖੀਆਂ ਦੇ ਪਿਛੇ ਜਾਏ ਜੇਹੜਾ
ਮੇਰਾ ਸਿਖ ਨਾਹੀਂ ਮੇਰੀ ਰਹਿਤ ਬਿਨਾਂ,ਐਵੇਂ ਝੂਠ ਹੀਸਿਖ ਅਖਵਾਏ ਜੇਹੜਾ
ਮੇਰਾ ਸਿਖ ਨਾਹੀਂ†ਗੁਗਾ ਸਖੀ ਸਰਵਰ,ਹੋਰ ਮੜ੍ਹੀ ਮਸਾਨ ਮਨਾਏ ਜੇਹੜਾ
ਮੇਰਾ ਸਿਖ ਨਾਹੀਂ ਗੁਰ ਤੀਰਥਾਂ ਨੂੰ, ਛਡ ਗੰਗਾ ਗੁਦਾਵਰੀ ਧਾਏ ਜੇਹੜਾ
ਮੇਰਾ ਸਿਖ ਨਹੀਂ ਕੀਤੇ ਰਬਦਿਆਂ ਨੂੰ, ਰਬ ਥਾਪਕੇ ਪੂਜ ਚੜ੍ਹਾਏ ਜੇਹੜਾ
ਮੇਰਾ ਸਿਖ ਨਾਹੀਂ ਪੰਜਾਂ ਪਦਾਰਥਾਂ ਦੀ,ਕੀਤੀ ਰਾਇ ਦੇ ਤਈਂ ਪ੍ਰਤਾਏ ਜੇਹੜਾ
ਮੇਰਾ ਸਿਖ ਨਾਹੀਂ ਹੋ ਕੁਰਹਿਤ ਜਾਵੇ, ਨ ਵਿਚ ਦੀਵਾਨ ਬਖਸ਼ਾਏ ਜੇਹੜਾ
ਮੇਰਾ ਸਿਖ ਨਾਹੀਂ ਅੰਮ੍ਰਿਧਾਰੀਆਂ ਦਾ, ਅਧਾ ਨਾਮ ਹੀ ਲੈ ਬੁਲਾਏ ਜੇਹੜਾ

---

*ਦੇਹਧਾਰੀ ਗੁਰੂ, ਇਨ੍ਹਾਂ ਦਸਾਂ ਗੁਰਾਂ ਦੇ ਗੁਰਸਿਖਾਂ ਦਾ ਹੋਰ ਨਹੀਂ ਹੋ ਸਕਦਾ, ਗੁਰੂ ਖਾਲਸਾ ਸਾਰਾ ਹੀ ਗੁਰੂ ਸਰੂਪ ਹੈ। ਇਕ ਪਖੰਡੀ ਖਾਲਸੇ ਦਾ ਹੁਣ ਕੋਈ ਗੁਰੂ ਨਹੀਂ ਤੇ ਨਾ ਖਾਲਸੇ ਨੂੰ ਲੋੜ ਹੈ।

†ਸਰਵਰ ਗੁਗਾ ਪੀਰ ਜੋ ਪੈਗੀ ਗੂੜ ਨ ਸੇਵ ॥
ਗੁਰ ਪੂਜ ਸਭ ਕਾਜ ਮਹਿ ਪਹੁੰਚੇ ਮਮ ਘਰ ਦੇਵ ॥

ਪੁਨਾ–ਮੜੀ, ਮਸਾਨੀ, ਗੋਰ ਨ ਮਾਨੇ ॥ ਭੇਖੀ ਕੇ ਨਹਿ ਦੋਰੇ ਦਾਨੈ ॥
ਬਿਨ ਬੂਝੇ ਦੇਵਨ ਜੋ ਜਜੈ ॥ ਮੈਂ ਛੰਡਾ ਸੋ ਸਿਖ ਮਮ ਤਜੈ ॥ ਸੂਰਜ ਪ੍ਰ: ਰੁਤ ੫ ਅ: ੩੫

ਮੇਰਾ ਸਿਖ ਨਾਹੀਂ ਆਪ ਬੜਾ ਬਣਕੇ, ਗੁਰਸਿਖਾਂ ਤੋਂ ਪੈਰ ਪੁਜਾਏ ਜੇਹੜਾ
ਮੇਰਾ ਸਿਖ ਨਾਹੀਂ ਰਾਤ ਪਿਛਲੀਨ, ਉੱਠਨਾਮ ਇਸ਼ਨਾਨ ਦ੍ਰਿੜਾਏ ਜੇਹੜਾ
ਮੇਰਾ ਸਿਖ ਨਾਹੀਂ ਜੋ ਕਮਾਈ ਵਿਚੋਂ, ਕੁਝ ਗੁਰੂ ਲੇਖੇ ਨ ਕਢਾਏ ਜੇਹੜਾ
ਮੇਰਾ ਸਿਖ ਨਾਹੀਂ ਨਿਤਨੇਮ ਤਾਈਂ, ਕੰਠ ਕਰ ਨ ਰੋਜ਼ ਸੁਨਾਏ ਜੇਹੜਾ
ਮੇਰਾ ਸਿਖ ਨਾਹੀਂ ਜਿਨਾ ਹੋ ਸਕੇ, ਨਿਤਨੇਮ ਨ ਨੇਮ ਨਿਬਾਹੇ ਜੇਹੜਾ
ਮੇਰਾ ਸਿਖ ਨਾਹੀਂ ਗੁਰ ਸਾਧ ਸੰਗਤ, ਵਿਚ ਜਾਏ ਨ ਜੀ ਚੁਰਾਏ ਜੇਹੜਾ
ਮੇਰਾ ਸਿਖ ਨਾਹੀਂ ਗੁਰਭਾਈਆਂ ਦੀ, ਬੈਠ ਨਿੰਦਿਆ ਕਰੇ ਕਰਾਏ ਜੇਹੜਾ
ਮੇਰਾ ਸਿਖ ਨਾਹੀਂ ਆਏ ਸਿਖ ਤਾਈਂ, ਨ ਪ੍ਰੇਮ ਪ੍ਰਸਾਦਿ ਛਕਾਏ ਜੇਹੜਾ
ਮੇਰਾ ਸਿਖ ਨਾਹੀਂ ਗੁਰਭਾਈਆਂ ਦਾ, ਦੁਖ ਦਰਦ ਨ ਵੇਖ ਵੰਡਾਏ ਜੇਹੜਾ
ਮੇਰਾ ਸਿਖ ਨਾਹੀਂ ਨਾਲ ਗੁਰਸਿਖਾਂ, ਕੁਝ ਵੈਰ ਵਿਰੋਧ ਰਖਾਏ ਜੇਹੜਾ
ਮੇਰਾ ਸਿਖ ਨਾਹੀਂ ਵਿਚ ਗੁਰਸਿਖਾਂ, ਵੰਡਦੇਸਾਂ ਦਰਯਾਵਾਂ ਦੀ ਪਾਏ ਜੇਹੜਾ
ਮੇਰਾ ਸਿਖ ਨਾਹੀਂ ਅੰਮ੍ਰਿਤਧਾਰੀਤਾਈਂ, ਊਚਨੀਚ ਕਰ ਪਿਛਾਂ ਹਟਾਏ ਜੇਹੜਾ
ਮੇਰਾ ਸਿਖ ਨਾਹੀਂ ਛਡ ‡ਗੁਰਰੀਤ, ਹੋਰ ਰੀਤ ਰਿਵਾਜ ਚਲਾਏ ਜੇਹੜਾ
ਮੇਰਾ ਸਿਖ ਨਾਹੀਂ ਛਡ ਸਿੰਘ ਤਾਈਂ, ਮੋਨੇ ਲਾਲ ਸੁਬੰਧ ਗਵਾਏ ਜੇਹੜਾ
ਮੇਰਾ ਸਿਖ ਨਾਹੀਂ ਸੋ°ਅਨੰਦ ਬਿਨਾਂ, ਹੋਰ ਰੀਰ ਸਿਉਂਕਰੇ ਦਿਯਾਏ ਜੇਹੜਾ

---

*ਗੁਰੂ ਕੀ ਪਾਹੁਲ ਸਿਖ ਜੋ ਰਹਿਤ ਕਮਾਵੈ ਕੂੰਥ । ਜਿਸ ਬੰਡੇ ਚਸ਼ੂ ਸੰਦ ਸੇ ਸਰਬੇ ਅਦਰਨ ਪੰਥ ॥ ਸੂਰਜ ਪ੍ਰ: ਰੁਤ ੨ ਅ: ੫੦

†ਬਿਨਾਂ ਆਨੰਦ ਵਿਆਹ ਦੇ ਭੂਰਤੇ ਪਰ ਕੀ ਸੰਗਿ । (ਸਿਖਯਾ ਕਹੈ ਗੋਬਿੰਦ ਸਿੰਘ) ਨੰਦ ਜੀ ਮੇਰੇ ਸਿਖ ਨ ਸੰਗਿ ॥ (ਰਹਿਤਨਾਮਾ ਨੰਦ ਲਾਲ)

‡ਜੋ ਪੁਰਸ਼ ਆਨੰਦ ਵਿਵਾਹੁ ਦੇ ਬਗੈਰ ਅਰਥਾਤ ਜਿਸ ਇਸਤ੍ਰੀ ਦੇ ਨਾਲ ਗੁਰ ਰੀਤੀ ਆਨੰਦ ਅਨੁਸਾਰ ਵਿਵਾਹ ਨਹੀਂ ਹੋਯਾ ਉਸਨੂੰ ਭੋਗਦਾ ਹੈ ਪਰ ਇਸਤ੍ਰੀ ਗਾਮਨ ਕਰਨੇ ਵਾਲਾ ਮੇਰਾ ਸਿਖ ਨਹੀਂ ਹੈ, ਏਸ ਤੋਂ ਸਿਧ ਹੋਇਆ ਕਿ ਗੁਰਸਿਖਾਂ ਵਿਚ ਆਨੰਦ ਰੀਤੀ ਤੋਂ ਬਿਨਾਂ ਵਿਵਾਹ ਜਾਇਜ਼ ਨਹੀਂ ਹੈ ਅਤੇ ਪਰ ਇਸਤ੍ਰੀ ਦਾ ਸੰਗ ਹਰ ਸਮੇਂ ਲਈ ਗੁਰਸਿਖੀ ਵਿਚ ਵਿਵਰਜਿਤ ਹੈ।

°ਦਾੜ੍ਹੀ ਨੂੰ ਬਦਰੰਗ ਕਰਨਾ ਗੁਰਸਿਖਾਂ ਵਿਚ ਮਨ੍ਹਾਂ ਹੈ ਜੋ ਕੋਈ ਰੰਗ ਲਾਵੇ ਸੋ ਤਨਖਾਹੀਆ ਹੈ।
ਯਥਾ—ਸਿਖ ਕਲਫ ਨ ਲਗਾਵੇ ਜੋ ਲਗਾਏ ਸੋ ਲਗਾਏ ਸੋ ਤਨਖਾਹੀਆ ॥

(ਰਹਿਤਨਾਮਾ ਭਾਈ ਚੌਪਾ ਸਿੰਘ)

ਮੇਰਾ ਸਿੱਖ ਨਾਹੀਂ ਧੀ ਪੁਤ ਦਾ ਜੋ,ਬੇਦਰੀਤਸਿਉਂ ਵਿਆਹ ਕੁਵਾਏ ਜੇਹੜਾ
ਮੇਰਾ ਸਿੱਖ ਨਾਹੀਂ ਧੀ ਭੈਣ ਦਾ ਜੀ, ਪੈਸਾ ਇਕ ਭੀ ਲੈ ਕੇ ਖਾਏ ਜੇਹੜਾ
ਮੇਰਾ ਸਿੱਖ ਨਾਹੀਂ ਜੰਮੇ ਕੰਨਿਆ ਤੇ, ਉਹ ਬੇਦੋਸ਼ ਨੂੰ ਮਾਰ ਮੁਕਾਏ ਜੇਹੜਾ
ਮੇਰਾ ਸਿੱਖ ਨਾਹੀਂ ਚੋਰੀ ਜੂਆ ਖੇਲ੍ਹੇ, ਝੂਠ ਦਗਾ ਫਰੇਬ ਰਚਾਏ ਜੇਹੜਾ
ਮੇਰਾ ਸਿੱਖ ਨਾਹੀਂ ਪਰ ਨਾਰੀਆਂ ਤੇ, ਬੇਈਮਾਨ ਹੋ ਚਿੱਤ ਡੁਲਾਏ ਜੇਹੜਾ
ਮੇਰਾ ਸਿੱਖ ਨਾਹੀਂ ਨਾਰ ਛਡ ਘਰ ਦੀ,ਅੱਗ ਵੇਸਵਾ ਤਾਂਈ ਲਗਾਏ ਜੇਹੜਾ
ਮੇਰਾ ਸਿੱਖ ਨਾਹੀਂ ਕੰਮ ਬੁਰੇ ਜਿਨੇ, ਬੁਰਾ ਹੋ ਕੇ ਪੈਰ ਫਸਾਏ ਜੇਹੜਾ
ਮੇਰਾ ਸਿੱਖ ਨਾਹੀਂ ਜੋ ਸ਼ਰਾਬ ਪੀਵੇ,ਨਾਲੇ ਦਾੜ੍ਹੀ ਨੂੰ੦ਕਰਫ ਲਗਾਏ ਜੇਹੜਾ
ਮੇਰਾ ਸਿੱਖ ਨਾਹੀਂ ਜੋ ਸਰੀਰ ਉਤੋਂ, ਕੋਈ ਕੇਸ ਤੇ ਰੋਮ ਕਟਾਏ ਜੇਹੜਾ
ਮੇਰਾ ਸਿੱਖ ਨਾਹੀਂ ਪੋਸਤ ਭੰਗ ਪੀਏ, ਖਾ ਅਫੀਮ ਸਰੀਰ ਨੂੰ ਲਾਏ ਜੇਹੜਾ
ਮੇਰਾ ਸਿੱਖ ਨਾਹੀਂ ਪਰਸਾਦ ਬਿਨਾਂ, ਹੋਰ ਅਮਲ ਸਰੀਰ ਨੂੰ ਲਾਏ ਜੇਹੜਾ
ਮੇਰਾ ਸਿੱਖ ਨਾਹੀਂ ਠਗੀ ਕਰਨ ਲਈ, ਕਰ ਭੇਖ ਪਾਖੰਡ ਦਿਖਾਏ ਜੇਹੜਾ
ਮੇਰਾ ਸਿਖਨਾਹੀਂਛਡ ਗ੍ਰਿਸਤਤਾਈਂ, ਸੁਕਾ ਤਿਆਗ ਵੈਰਾਗਜਤਾਏ ਜੇਹੜਾ
ਮੇਰਾ ਸਿਖ ਨਾਹੀਂ ਛਡ ਕ੍ਰਿਤ ਤਾਈਂ, ਮੰਗਖਾਣ ਰੁਜਗਾਰਠੋਹ੍ਰਾਏ ਜੇਹੜਾ
ਮੇਰਾ ਸਿਖ ਨਾਹੀਂ ਪੋਹਲ ਛਕੇ ਬਿਨਾਂ†ਕੇਸ ਧਾਰੀਆਂ ਭੇਖੀ ਕਹਾਏ ਜੇਹੜਾ
ਮੇਰਾ ਸਿਖ ਨਾਹੀਂ ਜੰਞੂ ਗਲ ਪਾਵੇ, ਕਛ ਲਾਹ ਧੋਤੀ ਲਟਕਾਏ ਜੇਹੜਾ
ਮੇਰਾ ਸਿਖ ਨਾਹੀਂ੦ਕਾਜਰੀਤ ਵੇਲੇ, ਦੇਸੀਦੇਵਤਿਆਂਤਈਂ ਪੁਗਾਏ ਜੇਹੜਾ

---

੦ਭੇਖ ਕਰਕੇ ਰੋਜ਼ੀ ਕਮਾਣੀ ਗੁਰ ਸਿਖਾਂ ਨੂੰ ਨਹੀਂ ਚਾਹੀਦੀ ਤੇ ਨਾ ਲੋਕਾਂ ਨੂੰ ਠੱਗਣ ਵਾਸਤੇ ਭੇਖ ਕਰਨਾ ਚਾਹੀਦਾ ਹੈ ॥

ਯਥਾ—ਭੇਖ ਦਖਾਏ ਜਗਤ ਕੋ ਲੋਗਨ ਕੋ ਬਸ ਕੀਨ ॥
ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ ॥ (ਸ੍ਰੀ ਮੁਖਵਾ ਪਾ: ੧੦

*ਆਪਣੀ ਇਸਤ੍ਰੀ ਛਡਕੇ ਪਰਾਈਆਂ ਘਰੀਂ ਟਕਰਾਂ ਮਾਰਨ ਵਾਲਿਆਂ ਵਾਸਤੇ ਗੁਰੂ ਜੀ ਦਾ ਏਹ ਇਕ ਵਾਕ ਹੈ- ਘਰ ਕੀ ਨਾਰ ਤਿਆਗੈ ਅੰਧਾ ॥ ਪਰ ਨਾਰੀ ਸਿਉਂ ਘਾਲੈ ਧੰਧਾ ।

†ਕਿਸ ਧਰਕੇ ਜੋ ਅੰਮ੍ਰਿਤ ਨਹੀਂ ਛਕਦਾ ਤੇ ਰਹਿਤ ਤੋਂ ਮੂੰਹ ਵਟਦਾ ਹੈ ਪਾਪੀ ਦਗੇਬਾਜ਼ ਹੈ ਯਥਾ—ਧਰੇ ਕੇਸ ਪਾਹੁਲ ਬਿਨਾਂ ਭੇਖੀ ਮੂਰਖ ਸਿਖ ਮੇਰਾ ਦਰਸਨ ਨਾਹਿ ਤਿਸ ਪਾਪੀ ਤ੍ਰਿਆਗੇ ਭਿੱਖ ॥

੦ਐਸ ਤੌਸ ਤਰ ਆਨ ਸਿਖ ਪੂਜਤ ਤੁਰਕਨ ਦੇਵ । (ਰੁਤ ੫ ਅਧ: ੩੭)

ਮੇਰਾ ਸਿਖ ਨਾਹੀਂ ਬਚੀ ਬੱਚਿਆਂ ਨੂੰ, ਨ ਪਰਵਾਰ ਨੂੰਅੰਮ੍ਰਿਤਛਕਾਏ ਜੇਹੜਾ
ਮੇਰਾ ਸਿਖ ਨਾਹੀਂ ਕੇਸ ਧ੍ਰਸਿਰ ਤੇ ਬਿਨਾਂ ਪਾਹੁਲਦੇ ਉਮ੍ਰਵੰਞਾਏ ਜੇਹੜਾ
ਮੇਰਾ ਸਿਖ ਨਾਹੀਂ ਜੋ ਔਲਾਦ ਤਾਈਂ, ਗੁਰਮੁਖੀ ਭੀ ਨ ਪੜ੍ਹਾਏ ਜੇਹੜਾ
ਮੇਰਾ ਸਿਖ ਨਾਹੀਂ ਪਿਤ੍ਰਦੇਵ ਪੂਜੇ, ਫੁਲ ਮੋਇਆ ਦੇ ਗੰਗਾ ਸਟਾਏ ਜੇਹੜਾ
ਮੇਰਾ ਸਿਖ ਨਾਹੀਂ ਗੁਰ ਤੀਰਥਾਂ ਨੂੰ, ਛਡ ਹੋਰਨੀਂ ਤੀਰਥੀਂ ਧਾਏ ਜੇਹੜਾ
ਮੇਰਾ ਸਿਖ ਨਾਹੀਂ ?ਗ੍ਰਹਿ ਗ੍ਰਹੂ ਮੰਨੇ, ਪੰਜ ਪੀਰੀਆਂ ਭੋੜਾ ਕਹਾਏ ਜੇਹੜਾ
ਮੇਰਾ ਸਿਖ ਨਾਹੀਂ ਮਨ ਤਿਯਾਗ ਕ੍ਰਕੇ, ਰਖ()ਵਕਤ ਤੇ ਜਿਗ੍ਰਜਲਾਏ ਜੇਹੜਾ
ਮੇਰਾ ਸਿਖ ਨਾਹੀਂ ਤ੍ਰਪਨ ਸੰਧਾਯਾਕ੍ਰ,ਹੋਮ ਵਿਚ ਘਿਉਗਰੀ ਗਵਾਏ ਜੇਹੜਾ
ਮੇਰਾ ਸਿਖ ਨਾਹੀਂ ਵੇਖ ਦੀਨ ਦੁਖੀ, ਦਰਦ ਉਸਦਾ ਨ ਵੰਡਾਏ ਜੇਹੜਾ
ਮੇਰਾ ਸਿਖ ਨਾਹੀਂ ਜੀਵਾਂ ਰਬ ਦਿਆਂ ਨੂੰ, ਬੇਕ੍ਰਾਨਾ ਐਵੇਂ ਸਤਾਏ ਜੇਹੜਾ
ਮੇਰਾ ਸਿਖ ਨਾਹੀਂ ਜੋ ਵਿਰੋਧ ਰਖੇ, ਲੋਕਾਂ ਨਾਲ ਕ੍ਰਪਤ ਉਠਾਏ ਜੇਹੜਾ
ਮੇਰਾ ਸਿਖ ਨਾਹੀਂ ਧ੍ਰਮ ਆਪਣੇ ਤੇ, ਪਕੀ ਤਰ੍ਹਾਂ ਨਿਹਚਾ ਨ ਜਮਾਏ ਜੇਹੜਾ
ਮੇਰਾ ਸਿਖ ਨਾਹੀਂ ਰਣ ਵਿਚ ਜਾਕੇ, ਡਰ ਮੌਤ ਤੋਂ ਮੂੰਹ ਛਵਾਏ ਜੇਹੜਾ

---

ਤਾਹਿੰ ਨ ਪਾਣੀ ਦੀਜੀਏ ਮੇਰਾ ਸਿਖ ਸੋ ਜੋਵ। ਰੁਤ ੫ ਅਧ: ੩੭ ਸੂਰਜ ਪ੍ਰਕਾਸ਼

?ਗ੍ਰਿਹ, ਸਗਨ, ਆਦਿਕਾਂ ਬਾਬਤ ਭਾਈ ਗੁਰਦਾਸ ਜੀ ਲਿਖਦੇ ਸਨ ਕਿ ਗੁਰਸਿਖ ਏਹਨਾਂ ਗਲਾਂ ਤੇ ਨਿਸਚਾ ਨਹੀਂ ਰਖਦੇ।

ਯਥਾ—ਗੁਰ ਸੰਗਤ ਸਿੱਖ ਮਿਲਾਪ ਕੈ ਪ੍ਰਤਾਪ ਐਸੇ ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ।
ਪ੍ਰਿਛਤ ਨ ਜੋਤਕ ਔ ਬੇਦ ਥਿਤ ਵਾਰ ਕਛੂ ਗ੍ਰਹਿ ਔ ਨਛੱਤ੍ਰ ਕੀ ਨ ਸੰਕਾ ਉਰਧਾਰੀ ਹੈ।
ਜਾਨਤ ਨ ਸਗਨ ਲਗਨ ਆਨ ਦੇਵ ਸੇਵ ਸਬਦ ਸੁਰਤ ਲਿਵ ਨੇਹ ਨਿਰੰਕਾਰੀ ਹੈ।
ਸਿਖ ਸੰਤ ਬਾਲਕ ਸੁ ਗੁਰ ਪ੍ਰਤਿਪਾਲਕ ਹੈ ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ।੪੭੪।

ਪੁਨਾ—ਸੂਖ ਸਹਿਜ ਆਨੰਦ ਘਣਾ ਹਰਿ ਕੀਰਤਨ ਗਾਇ।
ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ ॥ ਆਸਾ ਮ: ੫ ॥

()ਵਰਤ ਬਾਬਤ ਸਤਿਗੁਰੂ ਇਉਂ ਆਗਯਾ ਕਰਦੇ ਹਨ, ਯਥਾ
ਅੰਨ ਨ ਖਾਹਿ ਦੇਹੀ ਦੁਖ ਦੀਜੈ। ਬਿਨੁ ਗੁਰ ਗਿਆਨ ਤ੍ਰਿਪਤਿ ਨਹਿ ਥੀਜੈ। ਰਾਮਕਲੀ ਮ: ੧।
ਅਸਲੀ ਵਰਤ ਏਹ ਹੈ-ਮਨ ਸੰਤੋਖ ਸਰਬ ਜੀਅ ਦਇਆ ॥ ਇਨ ਬਿਧਿ ਬ੍ਰਤ ਸੰਪੂਰਨ ਭਇਆ

ਮੇਰਾ ਸਿਖ ਨਾਹੀਂ ਤੇਗ ਰਣਜੰਗੀ, ਪੈਰ ਵੈਰੀ ਤੋਂ ਪਿਛਾਂ ਹਟਾਏ ਜੇਹੜਾ
ਮੇਰਾ ਸਿਖ ਨਾਹੀਂ ਉਤੇ ਧਰਮ ਦੇ ਜੀ, ਵੇਲਾ ਬਣੇ ਨ ਰਨ ਕਟਾਏ ਜੇਹੜਾ
ਮੇਰਾ ਸਿਖ ਨਾਹੀਂ ਨਿਮਖਖਾਏ ਕਰਕੇ, ਉਤੇ ਖਸਮਾਨ ਜਾਨ ਘੁਮਾਏ ਜੇਹੜਾ
ਮੇਰਾ ਸਿਖ ਨਾਹੀਂ ਜੇਗ ਜੁਧ ਵਿਚੋਂ, ਕਾਇਰ ਹੋ ਕੇ ਪਿਠ ਵਖਾਏ ਜੇਹੜਾ
ਮੇਰਾ ਸਿਖ ਨਾਹੀਂ ਸਿਖੀ ਧਰਮ ਤਾਈਂ, ਵਾਹ ਲਗਦੀ ਨ ਵਧਾਏ ਜੇਹੜਾ
ਮੇਰਾ ਸਿਖ ਨਾਹੀਂ ਜੇਹੜਾ ਸਿਖ ਬਣੇ, ਵੀਰ ਸਮਝਨ ਨਾਲ ਰਲਾਏ ਜੇਹੜਾ
ਮੇਰਾ ਸਿਖ ਨਾਹੀਂ ਉਹ ਕ੍ਰਤਾਰਸਿੰਘਾ, ਮੇਰੇ ਬਚਨਾਂ ਤਈਂ ਉਲਟਾਏ ਜੇਹੜਾ

ਪੰਜਵਾਂ ਹੁਕਮ

ਪੰਥ ਖਾਲਸਾ ਦੇ ਨਿਯਮ ਦਸ ਦਿਤੇ, ਏਹਨਾਂ ਤਈਂ ਨ ਕਦੇ ਭੁਲਾਯੋ ਸਭੇ
ਨਰ ਨਾਰੀਆਂ ਨੂੰ ਸਾਂਝੀ ਰਹਿਤ ਦਸੀ, ਧਾਰ ਸਿਦਕ ਭਰੋਸਾ ਕਮਾਯੋ ਸਭੇ
ਆਪ ਚਲਿਓ ਸਾਡਿਆਂ ਵਾਕਾਂ ਉਤੇ, ਬਚੇ ਬਚੀਆਂ ਤਈਂ ਚਲਾਯੋ ਸਭੇ
ਜਿਥੋਂ ਤਕ ਹੋਵੇ ਸਰਬੰਧੀਆਂ ਨੂੰ, ਪੰਥ ਖਾਲਸਾ ਵਿਚ ਲਿਆਯੋ ਸਭੇ
ਤੁਹਾਡਾ ਅਸਰ ਲੋਕਾਂ ਉਤੇ ਪਵੇ ਚੰਗਾ, ੦ਅਮਲ ਕਰਕੇ ਆਪ ਦਿਖਾਯੋ ਸਭੇ
ਪਿੰਡ, ਪਿੰਡ ਅੰਦਰ ਸਾਧ ਸੰਗ ਲਈ, ਗੁਰਦਵਾਰੇ ਜ਼ਰੂਰ ਬਨਾਯੋ ਸਭੇ
ਕਰਨਾ ਸ਼ਸਤ੍ਰਾਂ ਦਾ ਅਭਯਾਸ ਸਦਾ, ਤੇ ਔਲਾਦ ਨੂੰ ਏਹੋ ਸਿਖਾਯੋ ਸਭੇ
ਯੋਧੇ ਛਤ੍ਰੀ ਬੀਰ ਮਹਾਂਬਲੀ ਬਣਕੇ, ਮਥਾ ਜ਼ੁਲਮ ਦੇ ਸਾਹਮਣੇ ਡਾਹਿਯੋ ਸਭੇ
ਤੁਸੀਂ ਪੈਦਾ ਹੋਏ ਦੇਸ ਰਖਯਾ ਲਈ, ਧਰਮ ਯੁਧ ਤਾਈਂ ਸਦਾ ਚਾਹਿਯੋ ਸਭੇ
ਅਸਾਂ ਜੰਜ ਅਖਾੜੇ ਰਚਾਵਨੇ ਨੇ, ਵੇਲੇ ਸਿਰ ਸ਼ਸਤ੍ਰ ਧਾਰ ਆਇਯੋ ਸਭੇ
ਧਰਮਯੁਧ ਤੇ ਤਯਾਰ ਬਰਤਯਾਰ ਰਹਿਨਾ, ਡਰਮੌਤਦਾ ਦਿਲਾਂ ਤੋਂ ਲਾਹਯੋ ਸਭੇ
ਮੈਂ ਸ਼ੇਰ ਬਨਾਯਾ ਤੁਸਾਂ ਤਾਈਂ, ਰਲ ਗਿਦੜਾਂ ਵਿਚ ਨ ਜਾਯੋ ਸਭੇ

---

੦ਅਵਰ ਉਪਦੇਸੈ ਆਪ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥ (ਗਉੜੀ ਥਿਤੀ ਮ: ੫)
ਪੁਨਾ—ਅਵਰਨ ਕਉ ਉਪਦੇਸ ਤੇ ਮੁਖ ਮੈ ਪਰਿ ਹੈ ਰੇਤ ॥
ਦਾਸ ਬਿਰਾਨੀ ਰਾਖ ਤੇ ਖਾਇਆ ਘਰ ਕਾ ਖੇਤ ॥
ਗੁਰੂ ਜੀ ਦਾ ਹੁਕਮ ਹੈ ਕੇ ਸਿਖ ਕਹਿਨੀ ਤੇ ਕਰਨੀ ਦਾ ਪੂਰਾ ਹੋਣਾ ਚਾਹੀਦਾ ਹੈ, ਨਹੀਂ ਤਾਂ ਕੱਚੇ ਦੀ ਪਦਵੀ ਮਿਲੇਗੀ। ਯਥਾ—ਜਿਨ ਮਨ ਹੋਰ ਮੁਖ ਹੋਰ ਸਿ ਕਾਂਢੇ ਕਚਿਆ ॥ (ਫਰੀਦ ਜੀ)

ਮਹਾਂ ਕਾਲ ਦੀ ਤੁਸਾਂ ਨੂੰ ਗੋਦਪਾਯਾ, ਪੰਥ ਤੀਸਰਾ ਤੁਸੀਂ ਅਖਵਾਓ ਸਭੇ
ਸਿਰ ਜਾਏ ਤੇ ਕਰਤਾਰ ਸਿੰਘਾ, ਮੇਰੇ ਨਾਮ ਨੂੰ ਦਾਗ਼ ਨ ਲਾਓ ਸਭੇ

### ਚੌਦਾਂ ਹੁਕਮ ਤੇ ਅੰਮ੍ਰਿਤ ਤਿਆਰ ਕਰਨ ਦੀ ਵਿਧੀ ਦਸਣੀ

ਮਾਈ ਭਾਈ ਉਤੇ ਅਸੀਂ ਬੜੇ ਖ਼ੁਸ਼ੀ, ਸੁਣ ਵਿਦਾ ਹੋਕੇ ਤੁਸਾਂ ਜਾਵਣਾ ਜੇ
ਜਿਵੇਂ ਅਸਾਂ ਹੈ ਅੰਮ੍ਰਿਤਤਯਾਰ ਕੀਤਾ, ਤੁਸੀਂ ਸਿਖ ਲੌ ਇਉਂ ਬਨਾਵਨਾ ਜੇ
ਸਰਬਲੋਹ ਦਾ ਬਾਟਾ ਤੇ ਜਲ ਸੁੰਦਰ, ਲੈ ਪਤਾਸਿਆਂ ਨੂੰ ਵਿਚ ਪਾਵਨਾ ਜੇ
ਚੰਗੇ ਰਹਿਤ ਵਾਲੇ ਪੰਜਾਂ ਸਿੰਘਾਂ ਤਾਈਂ, ਏਸ ਕੰਮ ਦੇ ਲਈ ਬਿਠਾਵਨਾ ਜੇ
ਸਯਾਬ ਲੋਹੇ ਦਾ ਖੰਡਾ ਲੈ ਧਾਰ ਸਿਧੀ, ਸੱਜੇ ਹੱਥਦੇ ਨਾਲ ਫਿਰਾਵਨਾ ਜੇ
ਅਖਾਂ ਰਹਿਣ ਬਾਟੇਵਿਚ ਸਿਧੀਆਂਜੀ, ਆਸ ਪਾਸ ਨ ਧਯਾਨਉਠਾਵਨਾ ਜੇ
ਪਹਿਲਾਂ ਜਪੁਜੀ ਸਾਹਿਬਦਾਪਾਠਕਰਨਾ, ਜਾਪਸਾਹਿਬਨੂੰ ਫੇਰ ਸੁਨਾਵਨਾ ਜੇ
ਪੂਨਵੇਆਦ ਵਾਲੀ ਸੋ ਚੌਪਈ ਪੜ੍ਹਨੀ, ਤੇ ਸਵੈਯਾਂ ਨੂੰ ਨਾਲ ਰੁਲਾਵਨ ਜੇ
ਪਿਛੋਂ ਕਰ ਆਨੰਦ ਦਾ ਪਾਠ ਭਾਈ, ਖੜੇ ਹੋ ਅਰਦਾਸਾ ਸੁਧਾਵਨਾ ਜੇ
ਫੇਰ ਸਿਦਕ ਭਰੋਸਾ ਪਛਾਨ ਕਰਕੇ, ਜਿਵੇਂ ਅਸਾਂ ਛਕਾਯਾ ਛਕਾਵਨਾ ਜੇ
ਜਾਤ, ਪਾਤ ਦਾ ਭਰਮ ਮਿਟਾ ਕਰਕੇ, ਇਕ ਬਾਟੇ ਦੇ ਵਿਚਪਲਾਵਨਾ ਜੇ
ਇਕੋ ਖੰਡੇ ਦਾ ਅੰਮ੍ਰਿਤ ਸਭ ਤਾਈਂ, ਨਰ ਨਾਰੀ ਦਾ ਭੇਦ ਮਿਟਾਵਨਾ ਜੇ
ਸਦਾ ਰਖਣਾ ਸਿੱਦਕ ਭਰੋਸਾ ਪੱਕਾ, ਔਖੀ ਬਣੀ ਨ ਚਿਤ ਭੁਲਾਵਨਾ ਜੇ
ਗੁਰੂ ਨਾਨਕ ਆਪ ਕ੍ਰਤਾਰ ਸਿੰਘਾ, ਤੁਹਾਡੇ ਵਿਘਨਾਂ ਤਈਂ ਗਵਾਵਨਾ ਜੇ

### ਵਾਰ ਕਵੀ

ਹੁਕਮ ਲਿਖੇ ਸਤਿਗੁਰਾਂ ਦੇ ਬੋਹਤ ਕਰੜੇ, ਸਿੱਖੀ ਔਖੀ ਹੈ ਕਿਵੇਂ ਨਿਬਾਹੀ ਜਾਵੇ
ਕਈਆਂ ਆਖਨਾ ਏਂ ਘਰੋਂ ਲਿਖ ਦਿਤੇ, ਹੱਥ ਕਲਮ ਜੋ ਚਾਹੇ ਬਨਾਈ ਜਾਵੇ
ਮੈਂ ਸੱਜਨੋਂ ਕੁਝ ਨਹੀਂ ਘਰੋਂ ਲਿਖਦਾ, ਮੈਥੋਂ ਕਿਵੇਂ ਵਧਾਈ ਘਟਾਈ ਜਾਵੇ
ਰਹਿਤ ਨਾਮਿਆ ਦੀ ਕਰਤਾਰ ਸਿੰਘਾ, ਦਿਲ ਚਾਹੁੰਦਾ ਵਣਗੀ ਦਿਖਾਈ ਜਾਵੇ

### ਵਾਰਤਕ

ਪਿੱਛੇ ਜੋ ਰਹਿਤਾਂ ਤੇ ਹੁਕਮ ਸਤਿਗੁਰੂ ਜੀ ਨੇ ਸੰਗਤਾਂ ਨੂੰ ਸੁਨਾਏ ਲਿਖੇ ਹਨ ਏਹਨਾਂ ਦਾ ਨਿਰਨਾ ਕਰਨ ਵਾਸਤੇ ਹੇਠ ਲਿਖੇ ਰਹਿਤਨਾਮੇ ਲਿਖੇ

ਜਾਂਦੇ ਹਨ ਕਿਉਂ ਕਿ ਕਈ ਸਜਨ ਕਹਿਨਗੇ ਕਿ ਇਹ ਗਲਾਂ ਸਤਿਗੁਰਾਂ ਨੇ ਨਹੀਂ ਆਖੀਆਂ ਹੋਣੀਆਂ ਪਰ ਕਵੀ ਨੇ ਆਪਣੇ ਪਾਸੋਂ ਮਨਘੜਤ ਲਿਖ ਦਿਤੀਆਂ ਹਨ ਸੋ ਸਜਨ ਜਨ ਵੇਖ ਲੈਣ ਕਿ ਪੁਰਾਤਨ ਰਹਿਤਨਾਮੇ ਕੀਹ ਹੁਕਮ ਸੁਨਾਂਦੇ ਹਨ:–

ਤਨਖਾਹ ਨਾਮ (ਭਾਈ ਨੰਦ ਲਾਲ)

ਨੰਦ ਲਾਲ ਤੁਮ ਬਚ ਸੁਨੋ ਸਿਖ ਕਰਮ ਹੈਂ ਏਹ॥
ਨਾਮ ਦਾਨ ਇਸ਼ਨਾਨ ਬਿਨ ਕਰੈਨ ਅੰਨ ਸਿਉਂ ਨੇਹ॥
ਪ੍ਰਾਤਕਾਲ ਸਤਿਸੰਗ ਨ ਜਾਵੇ। ਸੋ ਤਨਖਾਹੀਆ ਬਡੋ ਕਹਾਵੇ॥
ਸਤਿਸੰਗ ਜਾਇ ਕਰ ਚਿਤ ਡੁਲਾਵੈ। ਈਹਾਂ ਊਹਾਂ ਠੌਰ ਨ ਪਾਵੇ॥
ਹਰਿਜਸ ਸੁਨਤੇ ਬਾਤ ਚਲਾਵੇ। ਗੋਬਿੰਦ ਸਿੰਘ, ਵਹ ਯਮ ਪੁਰ ਜਾਵੈ॥
ਨਿਰਧਨ ਦੇਖ ਨ ਪਾਸ ਬਹਾਵੈ॥ ਸੋ ਤਨਖਾਹੀਆ ਮੂਲ ਕਹਾਵੈ॥
ਸ਼ਬਦ ਗਯਾਮ ਬਿਨ ਕਰੈ ਜੋ ਬਾਤ। ਤਾ ਕੋ ਕਛੂ ਨ ਆਵੇ ਹਾਥ॥
ਸ਼ਬਦ ਭੋਗ ਨ ਨਾਵੇ ਸੀਸ॥ ਤਾਂਹਿ ਨ ਮਿਲੇ ਪਰਮ ਜਖਦੀਸ॥
ਜੋ ਪਰਸਾਦ ਕੋ ਬਾਂਟ ਹੈ ਮਨ ਮੇਂ ਧਾਰੇ ਲੋਭ॥
ਕਿਸੇ ਥੋੜ੍ਹਾ ਕਿਸ ਅਗੁਲਾ ਸਦਾ ਰਹੇ ਤਿਸ ਸੋਗ॥
ਲਗੇ ਦੀਵਾਨ ਮੂਲ ਨਹਿ ਜਾਵੇ। ਰਹਿਤ ਬਿਨਾਂ ਪ੍ਰਸਾਦਿ ਬਰਤਾਵੈ॥
ਸੂਹਾ ਪਹਿਰ ਲਏ ਨਸਵਾਰ। ਗੋਬਿੰਦ ਸਿੰਘ ਯਮ ਕਰੇ ਖਵਾਰ॥
ਮਾਏ ਭੇਟ ਜੋ ਆਵੈ ਮੰਗਤ॥ ਦ੍ਰਿਸ਼ਟ ਬੁਰੀ ਦੇਖੇ ਤਿਸੁ ਪੰਗਤ॥
ਸਿਖ ਹੋਇ ਜੋ ਕਰੇ ਕ੍ਰੋਧ। ਕੰਨਯਾ ਮੂਲ ਨ ਦੇਵੇ ਸੋਧ॥
ਧੀਅ ਭੇਟ ਕਾ ਪੈਸਾ ਖਾਇ। ਗੋਬਿੰਦ ਸਿੰਘ ਧਕੇ ਯਮ ਲਾਇ॥
ਸਿਖ ਹੋਏ ਬਿਨ ਲੋਹ ਜੁ ਫਿਰੇ। ਆਵਤ ਜਾਵਤ ਜਨਮੇ ਮਰੇ॥
ਮਾਲ ਅਤਿਥ ਕਾ ਬਲ ਕਰ ਛਲੇ। ਜਪ ਤਪ ਤਾਂਕੇ ਕਛੂ ਨ ਫਲੇ
ਕੰਘਾ ਦੋਨੋ ਵਕਤ ਕਰ ਪਾਗ ਚੁਣੇ ਕਰ ਬਾਂਧਈ॥
ਦਾਤਨ ਦੀਨ ਚਰੇ ਨ ਦੁਖ ਪਾਵੈ ਲਾਲ ਜੀ॥
ਦਸਵੰਧ ਗੁਰੂ ਨਹੀਂ ਦੇਵ ਹੀ ਝੂਠ ਬੋਲ ਜੋ ਖਾਇ॥

ਕਹੇ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕਛੁ ਨ ਬਿਸਾਹਿ ॥
ਠੰਢੇ ਪਾਣੀ ਜੋ ਨਹਿ ਨ੍ਹਾਵੈ । ਬਿਨ ਜਪ ਪੜ੍ਹੇ ਪ੍ਰਸਾਦਿ ਜੋ ਪਾਵੈ ॥
ਬਿਨ ਰਹਿਰਾਸ ਸਮਾਂ ਜੋ ਖੋਵੈ ਕੀਰਤਨ ਪੜ੍ਹੇ ਬਿਨਾਂ ਜੋ ਸੋਵੈ ॥
ਚੁਗਲੀ ਕਰ ਜੋ ਕਾਜ ਬਿਗਾਰੈ । ਧ੍ਰਿਗ ਤਿਸ ਜਨਮ ਜੋ ਧਰਮ ਬਿਸਾਰੈ ॥
ਕਰੇ ਦਚਨ ਜੋ ਪਾਲੇ ਨਾਹੀਂ । ਗੋਬਿੰਦ ਸਿੰਘ ਤਿਸ ਠੌਰ ਨ ਆਹੀ ॥
ਲੈ ਕੇ ਤੁਰਕਨ ਤੇ ਮਾਸ ਜੋ ਖਾਵੈ । ਬਿਨ ਗੁਰ ਸ਼ਬਦ ਬਚਨ ਜੋ ਗਾਵੈ ॥
ਤ੍ਰਿਆ ਰਾਗ ਸੁਣੈ ਚਿਤ ਲਾਇ । ਨੰਦਲਾਲ ਸੋ ਜਮਪੁਰ ਜਾਇ ॥
ਅਰਦਾਸ ਬਿਨਾ ਜੋ ਕਾਜ ਸਿਧਾਵੈ । ਭੇਟ ਕੋਏ ਬਿਨ ਕਛੁ ਮੁਖ ਪਾਵੈ ॥
ਤਯਾਗੀ ਵਸਤ ਗ੍ਰਹਿਨ ਜੋ ਕਰੈ । ਬਿਨ ਤ੍ਰਿਯ ਅਪਨੀ ਸੇਜ ਜੁ ਧਰੈ ॥

---

ਨੋਟ—ਏਹ ਰਹਿਤ ਨਾਮਾ ਭਾਵੇਂ ਕਿਸੇ ਕਵੀ ਨੇ ਸ੍ਰੀ ਗੁਰੂ ਜੀ ਭਾਈ ਨੰਦ ਲਾਲ ਜੀ ਦੇ ਉੱਤਰ ਪ੍ਰਸ਼ਨ ਦੁਵਾਰਾ ਲਿਖਿਆ ਹੈ ਪਰ ਏਸ ਗਲ ਦੇ ਵਿਚ ਭੀ ਰਤੀ ਭਰਮ ਨਹੀਂ ਕਿ ਭਾਈ ਨੰਦ ਲਾਲ ਜੀ ਗੁਰੂ ਜੀ ਦੇ ਪਰਮ ਵਿਸ਼ਵਾਸੀ ਤੇ ਪੂਰਨ ਭਰੋਸੇ ਵਾਲੇ ਸਿਖ ਸੀਗੇ, ਪਰੰਤੂ ਕਈ ਗ੍ਰੰਥਕਾਰਾਂ ਨੇ ਲਿਖਿਆ ਹੈ ਕਿ ਨੰਦ ਲਾਲ ਨੇ ਅੰਮ੍ਰਿਤ ਨਹੀਂ ਸੀ ਛਕਿਆ ਤੇ ਉਹ ਸਹਿਜਧਾਰੀ ਸਿਖ ਹੀ ਰਿਹਾ ਸੀ, ਸੋ ਬਾਤ ਮੰਨਣ ਵਿਚ ਨਹੀਂ ਆਉਂਦੀ ਕਿ ਭਾਈ ਨੰਦ ਲਾਲ ਜੀ ਨੇ ਅੰਮ੍ਰਿਤ ਨ ਛਕਿਆ ਹੋਵੇ ਤਦ ਭਾਈ ਜੀ ਆਪਣੀ ਕਵਿਤਾ ਵਿਚ ਇਉਂ ਲਿਖਦੇ ਹਨ, ਯਥਾ:—

ਫਿਦਾਸ਼ਹ ਜਾਨੋ ਦਿਲੇ ਮਨ ਬਖਾਕੇ ਮੁਕਦਮੇ ਪਾਕ ॥
ਹਰਾਂ ਕਸੇ ਕਿ ਬਸੂਏ ਤੋ ਰਹਿ ਨਮੂਦ ਮਰਾ (ਦੀਵਾਨ ਗੋਯਾ)

ਉਸ ਗੁਰੂ ਜੀ ਪਵਿਤ੍ਰ ਚਰਨ ਰਜ ਪਰ ਮੇਰੇ ਪ੍ਰਾਣ ਤੇ ਮਨ ਕੁਰਬਾਨ ਹਨ ਕਿ ਜਿਸਨੇ ਮੈਨੂੰ ਤੇਰਾ ਰਸਤਾ ਦਿਖਾ ਦਿਤਾ । ਸੋ ਇਸ ਨਿਸਚੇ ਵਾਲੇ ਸਿਖ ਨੇ ਕਦੇ ਹੋ ਸਕਦਾ ਹੈ ਕਿ ਗੁਰ ਜੀ ਦਾ ੧੭੫੬ ਦੀ ਵਸਾਖੀ ਵਾਲਾ ਹੁਕਮ ਨ ਪਰਵਾਨ ਕੀਤਾ ਹੋਵੇ ਜਦ ਕਿ ਸਭ ਸਿਖਾਂ ਨੂੰ ਅੰਮ੍ਰਿਤ ਛਕਨ ਤੇ ਰਹਿਤ ਰਖਣ ਦਾ ਸਖਤ ਹੁਕਮ ਦਿਤਾ ਗਿਆ ਸੀ । ਪੱਕਾ ਨਿਸਚਾ ਹੈ ਕਿ ਅੰਮ੍ਰਿਤ ਨੰਦ ਲਾਲ ਜੀ ਨੇ ਛਕ ਲਿਆ ਸੀ ਤੇ ਨਾਮ ਭੀ ਨਦ ਸਿੰਘ ਜਰੂਰ ਹੋਇਆ ਹੋਵੇਗਾ, ਜੋ ਸਭ ਥਾਈਂ ਲਿਖਿਆਂ ਹੋਯਾ ਹੈ। ਪਰ ਭਾਈ ਜੀ ਦਾ ਕਵਿਤਾ ਕਰਨ ਕਰਕੇ ਜੋ ਨੰਦ ਲਾਲ ਨਾਮ ਬੜਾ ਮਸ਼ਹੂਰ ਹੋ ਗਿਆ ਹੋਇਆ ਸੀ ਸਭ ਦੀ ਜ਼ਬਾਨੀ ਯਾਦ ਰਿਹਾ, ਜਿਸ ਤਰ੍ਹਾਂ ਭਾਈ ਗੁਰਬਖਸ਼ ਸਿੰਘ ਜੀ ਦੇ ਨਾਮ ਨੂੰ ਹੁਣ ਤਕ ਸਾਰੇ ਸਾਹਿਬ ਰਾਮਕੌਰ ਕਰਕੇ ਹੀ ਸਦਦੇ ਹਨ।

ਅਤਿਥ ਦੇਖ ਨਹਿ ਦੇਵੈ ਦਾਨ। ਸੋ ਨਹਿ ਪਾਵੈ ਦਰਗਹਿ ਮਾਨ ॥
ਕਥਾ ਕੀਰਤਨ ਮਨ ਨਹਿ ਲਾਵੈ। ਸੰਤ ਸਿਖ ਕਉ ਬੁਰਾ ਅਲਾਵੈ ॥
ਨਿੰਦਾ ਜੂਆ ਹਿਰੈ ਜੁ ਮਾਲ। ਮਹਾਂ ਦੁਖਾਵੈ ਤਿਸ ਕੋ ਕਾਲ ॥
ਗੁਰ ਕੀ ਨਿੰਦਾ ਸੁਣੈ ਜੁ ਕਾਨ। ਭੇਟ ਨ ਕਰੇ ਸੰਗ ਕ੍ਰਿਪਾਨ ॥
ਗਲਕ ਰਾਖੇ ਨਾਹਿੰ ਜੋ ਛਲ ਕਾ ਕਰੇ ਬਾਪਾਰ।
ਕਹੈ ਗੋਬਿੰਦ ਸਿੰਘ ਲਾਲ ਜੀ ਭੋਗੈ ਨਰਕ ਹਜ਼ਾਰ ॥
ਵਾਹਿਗੁਰੂ ਬਿਨ ਕਹੇ ਜੁ ਖਾਵੈ। ਵੇਸਵਾ ਦਵਾਰੇ ਸਿਖ ਜੁ ਜਾਵੈ ॥
ਪਰ ਇਸਤ੍ਰੀ ਸਿਉਂ ਨੇਹੁ ਲਗਾਵੈ। ਗੋਬਿੰਦ ਸਿੰਘ ਵਹ ਸਿਖ ਨ ਭਾਵੈ।
ਗੁਰਤਲਪੀ ਕਪਟੀ ਹੈ ਜੋਇ। ਵਡ ਤਨਖਾਹੀਆਂ ਜਾਨੋ ਸੋਇ ॥
ਖਾਲਸਾ ਸੋਇ ਜੁ ਨਿੰਦਾ ਤਯਾਗੈ। ਖਾਲਸਾ ਸੋਇ ਲੜੈ ਹੈ ਆਗੈ ॥
ਖਾਲਸਾ ਸੋ ਪ੍ਰਦ੍ਰਿਸ਼ਟ ਤਿਆਗੈ। ਖਾਲਸਾ ਸੋਇ ਨਾਮ ਰਤਿ ਲਾਗੈ ॥
ਖਾਲਸਾ ਸੋਇ ਗੁਰੂ ਹਿਤ ਲਾਵੈ। ਖਾਲਸਾ ਸੋਇ ਸਾਰ ਮੁਹਿ ਖਾਵੈ ॥
ਖਾਲਸਾ ਸੋ ਨਿਰਧਨ ਕੋ ਪਾਲੈ। ਖਾਲਸਾ ਸੋਇ ਦੁਸ਼ਟ ਕਉ ਗਾਲੈ ॥
ਖਾਲਸਾ ਸੋਇ ਜੁ ਚੜੈ ਤੁਰੰਗ। ਖਾਲਸਾ ਸੋਇ ਕਰੈ ਨਿਤ ਜੰਗ ॥
ਖਲਕ ਖਾਲਕ ਕੀ ਜਾਨ ਕੇ ਖਵਚ ਦੁਖਾਵੈ ਨਾਂਹਿ ॥
ਖਲਕ ਦੁਖੇ ਨੰਦਲਾਲ ਜੀ ਖਾਲਕ ਕਪੈ ਤਾਹਿ ॥

(੨) ਪੁਨਾ—ਭਾਈ ਦੇਸਾ ਸਿੰਘ ਜੀ ਕ੍ਰਿਤ

ਪ੍ਰਿਥਮ ਰਹਿਤ ਯਹਿ ਜਾਨ, ਖੰਡੇ ਕੀ ਪਾਹੁਲ ਛਕੇ ॥
ਸੋਈ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਏ ॥
ਪਾਚ ਸਿੰਘ ਅੰਮ੍ਰਿਤ ਜੋ ਦੇਵੈਂ। ਤਾਂ ਕੋ ਸਿਰ ਧਰ ਛਕ ਪੁਨ ਲੇਵੈਂ ॥
ਪੁਨ ਮਿਲ ਪਾਚੋਂ ਰਹਿਤ ਜੋ ਭਾਖੈਂ। ਤਾ ਕੋ ਮਨ ਮੇਂ ਦ੍ਰਿੜ ਕਰ ਰਾਖੈਂ ॥
ਕੁੜੀ ਮਾਰ ਆਦਿਕ ਹੈਂ ਜੇਤੇ। ਮਨ ਤੇ ਦੂਰ ਤਿਆਗੈ ਤੇਤੇ।
ਬਾਣੀ ਮਾਹਿੰ ਨੇਹ ਨਿਤ ਕਰਨੇ। ਚੁਗਲੀ ਅਰ ਨਿੰਦਾਂ ਪਰਹਰਨੇ ॥
ਵਾਹਿਗੁਰੂ ਨਿਤ ਬਚਨ ਉਚਾਰੇ। ਵਾਹਿਗੁਰੂ ਕੋ ਰਿਦੇ ਧਾਰੇ।
ਆਗੇ ਆਵਤ ਸਿੰਘ ਜੋ ਪਾਵੈ। ਵਾਹਿਗੁਰੂ ਕੀ ਫਤੇ ਬਲਾਵੈ।

ਦਸ ਨਖ ਕਰ ਜੋ ਕਾਰ ਕਮਾਵੈ। ਤਾਂ ਕਰ ਜੋ ਧਨ ਘਰ ਮੇਂ ਆਵੈ॥
ਤਿਸ ਤੇ ਗੁਰ ਦਸੌਂਧ ਜੋ ਦੇਈ। ਸਿੰਘ ਸੁਜਸ ਬਹੁ ਜਗ ਮੇਂ ਲੇਈ॥
ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤ੍ਰੀ ਕੋ ਮਾਤ ਦਖਾਨੈ॥
ਆਪਨੀ ਇਸਤ੍ਰੀ ਸੋਂ ਰਤ ਹੋਈ। ਰਹਿਤਵਾਨ ਗੁਰ ਕਾ ਸਿੰਘ ਸੋਈ॥
ਕਛ ਕ੍ਰਿਪਾਨ ਨ ਕਬਹੂ ਤਯਾਗੈ। ਸਨਮੁਖ ਲੜੇ ਨ ਰਣ ਤੇ ਭਾਗੈ॥
ਗੁਰੂ ਸਰੂਪ ਖਾਲਸਾ ਹਈਏ। ਜਾਂ ਕਿ ਟਹਿਲ ਪਰਮ ਸੁਖ ਲਈਏ।
ਖੇਤੀ ਵਣਜ ਲ ਸਿਲਪ ਬਣਾਵੈ। ਔਰ ਟਹਿਲ ਜੋ ਮਨਮਹਿ ਭਾਵੈ।
ਦ੍ਰਿੜ ਹੈ ਸੋਈ ਕਾਰ ਕਮਾਵੈ। ਚੋਰੀ ਭਾਕੇ ਕਬਹੂੰ ਨ ਜਾਵੈ।
ਮਸਲੀ ਡੂਮਣ ਦੂਤੀ ਚੇਲੀ। ਬਿਭਚਾਰਨ ਜੋ ਫਿਰੈ ਅਕੇਲੀ।
ਅਵਰ ਏ ਆਨ ਵਰਨ ਕੀ। ਇਨ ਸੋ ਸਿੰਘ ਨ ਕਰੇਂ ਪਯਾਰ।
ਪਯਾਰ ਕਰੇ ਹੋਵ ਕੁਲ ਹਾਨੀ। ਤਾਂਤੇ ਇਨਕੋ ਤਜੇ ਗਯਾਨੀ।
ਕੁਠਾ, ਹੁਕਾ, ਚਰਸ, ਤਮਾਕੂ। ਗਾਜਾ, ਟੋਪੀ ਤਾੜੀ, ਖਕੂ।
ਇਨਕੀ ਓਰ ਨ ਕਬਹੂੰ ਦੇਖੈ। ਰਹਿਤਵੰਦ ਸੋ ਸਿੰਘ ਵਿਸੇਖੈ॥
ਸ਼ਸਤ੍ਰਹੀਨ ਜੋ ਕਬਹੂੰ ਨ ਹੋਈ। ਰਹਿਤਵੰਦ ਖਾਲਸਾ ਹੈ ਸੋਈ॥
ਸੰਨਯਾਸੀ ਬੈਰਾਗੀ ਜੇਵੇ। ਔਰ ਉਦਾਸੀ ਯੋਗ ਤੇਵੇ॥
ਜੰਗਮ, ਵਮੀ, ਅਵਰਜੁ ਕੋਈ। ਤ. ਕਾ ਜੂਠਾ ਕਮੀ ਨ ਲੇਈ॥
ਗੁਰਮੁਖੀ ਅਖਰ ਜੋ ਰੈ ਭਾਈ। ਸਿੰਘ ਸਿੰਘ ਤੇ ਸੀਸੇ ਜਾਈ।
ਔਰ ਜੋ ਵਿਦਯਾ ਜਹਿੰ ਤਹਿੰ ਹੋਈ। ਅਵਰਨ ਤੇ ਭੀ ਲੇਵੈ ਸੋਈ॥
ਹੈ ਗ੍ਰੰਥ ਨੌਂ ਬਾਣੀ ਜੋਈ। ਚੁਣ ਚੁਣ ਕੰਠ ਕਰੈ ਨਿਤ ਸੋਈ॥
ਦਸਮੀ ਆਦਿ ਗੁਰੂ ਦਿਨ ਜੇਤੇ। ਪਰਬ ਸਮਾਨ ਕਰੇਂ ਹੈਂ ਤੇਤੇ॥
ਤਿਨ ਮੇਂ ਕਖੂ ਪਰਸਾਦਿ ਬਨਾਵੈ। ਕਰ ਕੜਾਹ ਖਾਲਸੇ ਖੁਆਵੈ॥
ਆਪ ਸਿੰਘ ਜੋ ਰਾਜਾ ਹੋਈ। ਨਿਰਧਨ ਸਿਖ ਨ ਪਾਲੈ ਸੋਈ॥
ਪਰ ਦੇਈ ਸਿੰਘ ਨ ਜਬ ਦੇਖੈ। ਉਨ ਕੀ ਸੇਵਾ ਕਰੈ ਬਸੇਖੈ॥
ਮਧਰ ਬਚਨ ਸਭਹਿਨ ਸੋ ਭਾਖੈ। ਚਾਕਰ ਸਿੰਘ ਨ ਕੋ ਹੀ ਰਾਖੈ।
ਸਿੰਘ ਸਿੰਘ ਸੋ ਨੇਹੁੰ ਸੁ ਕਰਨੋ। ਬੈਰ ਭਾਵ ਮਨ ਪੇ ਪਰਹਰਨੋ।

ਪਰ ਨਾਰੀ, ਜੂਆ, ਅਸਤ, ਚੋਰੀ, ਮਧਰਾ, ਜਾਨ।
ਪਾਂਚ ਐਬ ਜੋ ਜਗਤ ਮੇਂ, ਤਜੇ ਸੁ ਸਿੰਘ ਸੁਜਾਨ।
ਰਣ ਮੇਂ ਜਾਇ ਨ ਕਬਹੂੰ ਭਾਜੇ। ਦ੍ਰਿੜ ਚਰ ਛਤ੍ਰੀ ਧਰਮ ਸੁ ਗਾਜੇ।
ਚਾਰ ਵਰਣ ਮੇ ਨਰ ਹੈਂ ਜੇਤੇ। ਕਹ ਉਪਦੇਸ਼ ਪਰੇਰੇ ਤੇਤੇ।
ਨਿਮਰ ਸੁਭਾਵ ਨ ਕਬਹੂੰ ਤਯਾਗੇ। ਦੁਰਜਨ ਦੇਖ ਦੂਰ ਤੇ ਭਾਗੇ।
ਦੁਰਜਨ ਕੀ ਸੰਗਤ ਸੁਖ ਨਾਹੀਂ। ਕਰ ਬਿਚਾਰ ਦੇਖੋ ਮਨ ਮਾਹੀਂ।
ਕਾਮ, ਕ੍ਰੋਧ, ਲੋਭ, ਮਧ ਮਾਨ। ਇਨ ਕੋ ਥੋਰੇ ਕਰੇ ਸਿਆਨ।
ਬਿਨਯ, ਬਿਬੇਕ, ਧ੍ਰਮ ਦ੍ਰਿੜ ਰਾਖੇ। ਮਿਥਯਾ ਬਚਨ ਨ ਕਬਹੂੰ ਭਾਖੇ।
ਧਨ ਕੀਰਤ ਸੁਖ ਰਾਜ ਬਡਾਈ। ਜੁਵਤੀ ਸੁਤ ਵਿਦਯਾ ਬਹੁ ਭਾਈ।
ਜੋ ਸਭ ਦਾਤ ਗੁਰੂ ਕੀ ਜਾਨੈ। ਤਾਂਤੇ ਨਹਿੰ ਅਭਿਮਾਨੈ ਠਾਨੈ।
ਜਗਤ ਮਾਹਿੰ ਹੈਂ ਪੰਥ ਸੁ ਜੇਤੇ। ਕਰੇ ਨਿੰਦ ਨਹਿ ਕਬਹੂੰ ਤੇਤੇ।
ਬਾਦੀ ਲੇਕਰ ਨਯਾਯ ਨ ਕਰੀਐ। ਝੂਠੀ ਸਾਖਾ ਕਬਹੂੰ ਨ ਭਰੀਏ।
ਜੋ ਪ੍ਰਸਾਦਿ ਛਕ ਨੇ ਲਗੇ ਹਾਥ ਸੁਚੇਤ ਕਰੇਇ।
ਏਕਾ ਕੀ ਗਹਿ ਖਾਇ ਨਹਿ ਅਵਰਨ ਕੋ ਭੀ ਦੇਇ।
ਰਹਿਤ ਵਾਨ ਗੁਰ ਸਿਖ ਹੋ ਜੋਈ। ਕਰ ਉਪਾਯ ਧਨ ਖਾਟੇ ਸੋਈ।
ਤਾਹੀਂ ਕਰ ਘਰ ਕੋ ਨਿਰਬਹੈ। ਪੂਜਾ ਭੂਲ ਨ ਕਬਹੂੰ ਗਹੈ।
ਜੇ ਕੋਊ ਸਿੰਘ ਪੁਜਾਰੀ ਅਹੈ। ਸੋ ਭੀ ਪੂਜਾ ਬਹੁਤ ਨ ਗਹੈ।
ਤਨ ਨਿਰਬਾਹ ਮਾਤਰ ਸੋ ਲੈਵੇ। ਅਧਕ ਹੋਇ ਤੋ ਜਹਿੰ ਤਹਿੰ ਦੇਵੇ।
ਜੋ ਪੂਜਾ ਕੋ ਆਪੇ ਥਾਂਈਂ ਧਰਮ ਅਰਥ ਜੜ ਦੇਵੇ ਨਾਹੀਂ।
ਤਿਨਹਿ ਕਲੇਸ਼ ਹੋਇੰਦੇ ਜੇਈ। ਤਾ ਦੁਖ ਕੋ ਜਾਨੇਂਗੇ ਸੇਈ।
ਜੋ ਕੁਰਹਿਤੀਏ ਜਗ ਦਰਸਾਵਤ। ਪਾਹੁਲ ਪੀਏ ਕੁਕਰਮ ਕਮਾਵਤ।
ਤਿਨ ਸੋ ਵਰਤਨ ਨਾਹਿ ਮਿਲਾਵੈ। ਨਹਿ ਨਿਰਲੇਪ ਪਰਮ ਸੁਖ ਪਾਵੈ।
ਰਹਿਤ ਵਾਨ ਜਗ ਸਿੰਘ ਸੁ ਕੋਈ। ਗੁਰ ਕੇ ਲੋਕ ਬਸੇਗੇ ਤੇਈ।
ਰਹਿਨੀ ਰਹੇ ਸੋਇ ਸਿੰਘ ਮੇਰਾ। ਓਹ ਠਾਕੁਰ ਮੈਂ ਉਸਕਾ ਚੇਰਾ।
ਰਹਿਤ ਬਿਨਾਂ ਨਹਿੰ ਸਿੰਘ ਕਹਾਵੈ। ਰਹਿਤ ਬਿਨਾਂ ਦਰ ਚੋਟਾਂ ਖਾਵੈ॥

ਰਹਿਤ ਬਿਨਾਂ ਜਗਮੇਂ ਭਰਮਾਈ। ਰਹਿਤ ਬਿਨਾਂ ਨਰ ਨਰਕੈ ਜਾਇ ॥
ਰਹਿਤ ਬਿਨਾਂ ਤਨਖਾਹੀ ਜਾਨੋ। ਰਹਿਤ ਬਿਨਾ ਜੜ ਭੂਤ ਬਖਾਨੋ ॥
ਰਹਿਤ ਬਿਨਾ ਮੁਖ ਕਬਹੂੰ ਨ ਲਹੈ। ਤਾਤੇ ਰਹਿਤ ਸੋ ਦ੍ਰਿੜ ਕਰ ਰਹੈ ॥

ਵਾਕ ਕਵੀ

ਏਹ ਮੇਲਾ ਅਨੰਦਪੁਰ ਹੋਯਾ ਭਾਰਾ, ਭਰ ਗੁਰਾਂ ਦੇ ਕਈ ਭੰਡਾਰ ਗਏ
ਕਈ ਦਿਨ ਰਿਹਾ ਕਠ ਸੰਗਤਾਂ ਦਾ, ਲੋਕ ਸ਼ਹਿਰ ਦੇ ਹੋ ਸ਼ਾਹੂਕਾਰ ਗਏ
ਫੇਰ ਵਿਦਿਆ ਹੋ ਕੇ ਗੁਰੂ ਜੀ ਤੋਂ, ਆਪੋ ਆਪਣੇ ਦੇਸ ਸਿਧਾਰ ਗਏ
ਕਈਹਜ਼ਾਰ ਦੀਗੋਣਤੀ ਵਿਚ ਸਮਝੋ, ਅੰਮ੍ਰਿਤ ਛਕ ਸਿੰਘ ਪਥ ਨੂੰ ਧਾਰ ਗਏ
ਕਈ ਵਿਚ ਆਨੰਦਪੁਰ ਰਹਿ ਪਏ, ਕਈ ਦੇਸ ਵਿਚ ਕਰਨ ਪ੍ਰਕਾਰ ਗਏ
ਜੰਗੀ ਸੂਰਮੇ ਤਯਾਰ ਕਰਤਾਰ ਸਿੰਘਾ, ਇਕ ਦਮ ਕਈ ਹੋ ਹਜਾਰ ਗਏ

ਸਤਿਗੁਰਾਂ ਨੇ ਆਪਣੇ ਪਰਵਾਰ ਤੇ ਹਜੂਰੀਆਂ ਨੂੰ ਅੰਮ੍ਰਿਤ ਛਕਾਣਾ

ਵਡੇ ਕੰਮ ਤੋਂ ਵੇਹਲਿਆਂ ਹੋ ਕਰਕੇ, ਘਰ ਵਲ ਧਿਆਨ ਪਰਤਾਯਾ ਜੀ
ਹੁਕਮ ਦੇ ਸਾਰੇ ਪਰਵਾਰ ਤਾਈਂ, ਸਤਿਗੁਰਾਂ ਅੰਮ੍ਰਿਤ ਛਕਵਾਯਾ ਜੀ
ਪਿਛੋਂ ਫੇਰ ਹਜ਼ੂਰਿਆਂ ਸਾਰਿਆਂ ਨੂੰ, ਬੰਡੇ ਚਾੜ੍ਹਕੇ ਨਾਲ ਰਲਾਯਾ ਜੀ
ਗੋਬਿੰਦਰਾਇ ਥੀਂ ਆਪ ਕਰਤਾਰ ਸਿੰਘਾ, 'ਗੋਬਿੰਦ ਸਿੰਘ' ਅਖਵਾਯਾ ਜੀ

ਅੰਮ੍ਰਿਤ ਦੇ ਅਸੂਲਾਂ ਤੇ ਵਿਚਾਰ (ਪਹਿਲੀ ਰਸਮ)

ਪੰਚਗਵਯ ਆਦਿਕ ਰਸਮ ਹਿੰਦੂਆਂ ਦੀ, ਉਚੇ ਦਰਜੇ ਥੋਂ ਹਿਠਾਗ੍ਰਾਂਵਦੀ ਸੀ
ਗੋਹਾ ਮੂਤ ਪਿਲਾਉਨ ਹੀ ਰਸਮ ਸੀ ਜੋ, ਬੁਧ ਜੀਵਨੀ ਭ੍ਰਸ਼ਟ ਕਰਾਂਵਦੀ ਸੀ
ਸੇਵਕ, ਦਾਸ, ਭੀਰੂ, ਰੱਬ ਦਾਬ ਬਿਨਾਂਮੁਰਦੇ ਲੋਕਾਂ ਦੇ ਤਈਂ ਬਨਾਂਵਦੀ ਸੀ
ਭਾਰਤ ਵਰਸ਼ ਦੇ ਤਈਂ ਕ੍ਰਤਾਰ ਸਿੰਘਾ, ਅਧੋਗਤੀ ਵਲੇ ਲਈ ਜਾਂਵਦੀ ਸੀ

(੧) ਖੰਡੇ ਦਾ ਅੰਮ੍ਰਿਤ

ਗੁਰਾਂ ਖੰਡੇ ਦਾ ਅੰਮ੍ਰਿਤ ਤਯਾਰ ਕੀਤਾ, ਪਹਿਲੀ ਰਸਮ ਨੂੰ ਦੂਰ ਹਟੋਨ ਲਈ
ਬੀਰ ਛਤ੍ਰੀ ਤੇ ਮਹਾਂਬਬੀ ਯੋਧੇ, ਧਰਮੀ ਸੂਰਮੇ ਪੈਦਾ ਕਰੋਨ ਲਈ
ਜੋ ਪੰਥ ਉਤਪਤ ਹਥਯਾਰੋਂ ਹੋਵੇ, ਓਹ ਤਯਾਰ ਹਥਯਾਰ ਉਠੋਨ ਲਈ
ਗੋਹੇ ਮੂਤੋਂ ਜਿਦੀ ਉਤਪਤੀ ਹੋਵੇ, ਕਦੋਂ ਤਯਾਰ ਕਹ ਤੇਗ਼ ਚਲਾਨ ਲਈ

ਏਸੇ ਵਾਸਤੇ ਗੁਰਾਂ ਏਹ ਚਲ ਕਢੀ, ਸੀ ਖੰਡੇ ਦਾ ਅੰਮ੍ਰਿਤ ਛਕੌਨ ਲਈ
ਜੋ ਲੋਕ ਏਹ ਧ੍ਰਮ ਗ੍ਰਹਿਨ ਕ੍ਰਸਨ, ਤਯਾਰ ਰਹਿਨਗੇ ਮਰਨ ਮਰੌਨ ਲਈ
ਸੋ ਏਸਦਾ ਜੋ ਸਿਟਾ ਨਿਕਲਣਾ ਏਂ ਨਹੀਂ ਲੋੜ ਵਿਸਤਾਰ ਸੁਨੌਨ ਲਈ
ਦੁਨੀਆਂ ਵੇਖਦੀ ਪਈ ਕਰਤਾਰ ਸਿੰਘਾ, ਮੌਕੇ ਮਿਲੇ ਨੇ ਕਈਅਜ਼ਮੌਨ ਲਈ

ਵਾਕ ਕਵੀ

ਪਹਿਲੇ ਸਮੇਂ ਦੇ ਛਤ੍ਰੀ ਬੀਰ ਸਾਰੇ, ਰਸਮ ਏਹੋ ਹੀ ਸਨ ਕਰਾਂਵਦੇ ਜੀ
ਝਚ ਜੰਮਦੇ ਦੀ ਏਹੋ ਗੁੜ੍ਹਤੀ ਸੀ, ਪਾਣੀ ਨਾਲ ਤਲਵਾਰ ਪਿਲਾਂਵਦੇ ਜੀ
ਅਸਰ ਓਹੀ ਓਹਨਾਂ ਵਿਚ ਹੋਂਵਦਾ ਸੀ, ਮਹਾਂਬੀਰ ਯੋਧੇ ਅਖਵਾਂਵਦੇ ਜੀ
ਗੋਹੇ ਮੂਤ ਦੀ ਜਦ ਤੋਂ ਰਸਮ ਚਲੀ, ਜੌਹਰ ਸਾਰੇ ਹੀ ਗਰਕ ਹੋ ਭਾਂਵਦੇ ਜੀ
ਓਹ ਪੂਤ ਰਾਜਪੂਤਾਂ ਦੇ ਕਾਇਰ ਹੋਏ, ਸਾਰਾ ਖਤ੍ਰਤਾ ਖੂਨ ਗਵਾਂਵਦੇ ਜੀ
ਅਜਕਲ ਜੋ ਕੌਮ ਬਲੋਚ ਅਸਲੀ ਓਹ ਇਹੋ ਹੀ ਆਮਲ ਕਰਾਂਵਦੇ ਜੀ
ਗੁੜ੍ਹੀ ਦੇਨ ਤਲਵਾਰ ਦੇ ਪਿਪਲੇ ਦੀ, ਸੋ ਜੀਊਂਦੇ ਨਜ਼ਰ ਓਹ ਆਂਵਦੇ ਜੀ
ਸਭੇ ਅੰਮ੍ਰਿਤ ਛਕੋ ਕਰਤਾਰ ਸਿੰਘਾ, ਗੋਹੇ ਮੂਤ ਪੀਣੇ ਕਾਹਨੂੰ ਭਾਂਵਦੇ ਜੀ

(੨) ਕੇਸਾਂ ਤੇ ਵਿਚਾਰ

ਰਚਨਾਂ ਵਾਹਿਗੁਰੂਨੇ ਰਚੀ ਨਾਲ ਕੁਦਰਤ, ਸੱਚਸਮਝਕੇ ਅੰਗਬਨਾਏ ਉਸਨੇ
ਜਿਵੇਂ ਸੀ ਮਨਜ਼ੂਰ ਤੇ ਫਬਦੇ ਸਨ, ਓਸੇ ਤਰਾਂ ਦੇ ਢਾਲ ਦਿਖਾਏ ਉਸਨੇ
ਪਲਕਾਂ, ਭਵਾਂ,ਮੁਛਾਂ,ਦਾੜ੍ਹੀ, ਕੇਸਸਿਰ ਦੇ, ਹੋਰ ਰੋਮ ਬੇਅੰਤ ਲਗਾਏ ਉਸਨੇ
ਖੂਬ ਸੂਰਤੀ ਅਤੇ ਅਰੋਗਤਾ ਦੇ ਵਿਚ ਜਿਸਮ ਦੇ ਸਾਜ ਸਜਾਏ ਉਸਨੇ
ਕਿਤੇ ਛੋਟੇ ਕਿਤੇ ਕੁਝ ਓਦੂੰ ਵਡੇ, ਕਿਤੇ ਸਭ ਤੋਂ ਬਹੁਤ ਵਧਾਏ ਉਸਨੇ
ਜਿਥੇ ਲੋੜ ਸੀ ਓਥੇ ਹੀ ਕਰ ਪੈਦਾਂ ਮੱਥਾ ਤਲੀਆਂ ਖ਼ਾਬੀ ਰਖਾਏ ਉਸਨੇ
ਕਾਦਰ ਮੁਤਲਕ ਓਹ ਸਕੀਵਾਨ ਭਾਰਾ, ਜਿਣੇਰਚਨਾਸੇ ਠੀਕ ਰਚਾਏ ਉਸਨੇ
ਦਾੜ੍ਹੀ ਕੇਸਪਛਾਨਇਨਸਾਨ ਦੀਏ, ਮਖਲੂ ਕਾਤਅਸ਼ਰਫ ਹੋ ਜਤਾਏ ਉਸਨੇ
ਵਡੇ ਕੇਸ ਹਿਫ਼ਾਜ਼ਤ ਸਿਰ ਦੀ ਲਈ, ਕਰ ਕੁਦਰਤੀ ਮੇਂਹਰ ਦਵਾਏ ਉਸਨੇ
ਏਹ ਦਮਾਗ਼ ਦੇ ਲਈ ਕਰਤਾਰ ਸਿੰਘਾ, ਰਚੇ, ਨਹੀਂ ਬੇਫੈਦਾ ਉਚਾਏ ਉਸਨੇ

ਤਥਾ

ਪਹਿਲੇ ਸਮੇਂ ਵਲੇ ਨਿਗ੍ਹਾ ਮਾਰਦੇ ਦੇਖੋ, ਸਭੋ ਹੀ ਵਲੇ ਸਨ ਲੋਕ ਕੇਸਾ ਧਾਰੀ
ਪੜ੍ਹ ਦੇਖੋ ਪੁਰਾਣ ਰਾਮਾਇਣ ਆਦਿ, ਓਥੋਂ ਪ੍ਰਗਟ ਹੋ ਜਾਇਗੀ ਗਲ ਸਾਰੀ
ਬ੍ਰਹਮਾ ਵਿਸ਼ਨ ਮਹਾਂਦੇਵ ਦੇ*ਚਿਤ੍ਰ ਦੇਖੋ, ਜੂੜੇ ਸਿਰਾਂ ਉਤੇ ਸੋਹਨੀ ਛਬ ਨਯਾਰੀ
ਰਾਮ ਕ੍ਰਿਸ਼ਨ ਦੀਆਂ ਤਸਵੀਰਾਂ ਦੇਖੋ, ਜਿਨ੍ਹਾਂ ਬਣਿਆਂ ਬੀਤ ਗਏ ਸਮੇਂ ਭਾਰੀ
ਰਿਖੀ ਮੁਨੀ ਅਵਤਾਰ ਹੋਏ ਕੇਸਧਾਰੀ, ਦੇ ਰਹੇ *ਗ੍ਰੰਥ ਗਵਾਹੀ ਜ਼ਾਰੀ
ਬੀਤੇ ਜੁਗ ਪਿਛੇ ਕਰਤਾਰ ਸਿੰਘਾ, ਨ ਮਨਾਉਂਦਾ ਸੀ ਕੋਈ ਕੇਸ ਦਾੜ੍ਹੀ

ਤਥਾ

ਬਲ ਸ਼ਕਤੀਆਂ ਉਨ੍ਹਾਂ ਦੇ ਵਿਚ ਸਨ, ਓਹ ਗੁਝੀਆਂ ਨਹੀਂ ਜਹਾਨ ਅੰਦਰ
ਧਰਮ ਵਿਦਯਾ ਗੁਣ ਭਰਪੂਰ ਸਾਰੇ, ਲਿਖੇ ਪਏ ਨੇ ਦੇਖੋ ਪੁਰਾਨ ਅੰਦਰ
ਦੇਖੋ ਕੇਡੇ ਕੇਡੇ ਯੋਧੇ ਹੋ ਗੁਜ਼ਰੇ, ਪਿਛੇ ਬੀਤੇ ਸਮੇਂ ਹਿੰਦੁਸਤਾਨ ਅੰਦਰ
ਹੁਣ ਆਪਣਾ ਵਲ ਕਰਤਾਰ ਸਿੰਘਾ, ਸੋਚੋ ਕਰਕੇ ਜਰਾ ਧਿਆਨ ਅੰਦਰ

ਤਥਾ

ਸਭ ਸ਼ਕਤੀਆਂ ਉਨਾਂ ਦੇ ਵਿਚ ਹੈਸਨ, ਜਟਾਜੂਤ ਓਹ ਉਮਰ ਬਿਤਾਂਵਦੇ ਸਨ
ਬ੍ਰਹਮ ਚਰਯ ਤੇ ਧਰਮ ਦੇ ਸੀ ਪਕੇ, ਐਵੇ ਨਹੀਂ ਗਵਾਂਵਦੇ ਸਨ

---

*ਚਿਤ੍ਰ (ਤਸਵੀਰਾਂ) ਪੁਰਾਣਿਆਂ ਮੰਦਿਰਾਂ ਵਿਚ ਜਦ ਅਸੀਂ ਵਿਸ਼ਨੂੰ, ਬ੍ਰਹਮਾ, ਸ਼ਿਵ ਦੀਆਂ ਮੂਰਤਾਂ ਦੇਖਦੇ ਹਾਂ ਤਾਂ ਸਭ ਦੇ ਸਿਰਾਂ ਤੇ ਕੇਸਾਂ ਦੇ ਜੂੜੇ ਕੀਤੇ ਨਜ਼ਰ ਆਉਂਦੇ ਹਨ, ਕਿਤੇ ਕੋਈ ਐਸੀ ਮੂਰਤੀ ਵਿਖਲਾ ਦੇਵੇ ਕਿ ਜਿਸਦਾ ਸਿਰ ਮੁੰਨਿਆ ਹੋਯਾ ਹੋਵੇ ਜੇ ਮੰਡਨ ਸੰਸਕਾਰ ਮੁਢ ਤੋਂ ਹਿੰਦੂਆਂ ਵਿਚ ਹੁੰਦਾ ਤਾਂ ਜ਼ਰੂਰ ਰਾਮਚੰਦ੍ਰ ਜੀ, ਕ੍ਰਿਸ਼ਨ ਜੀ, ਸ਼ਿਵ ਜੀ ਆਦਿਕਾਂ ਦੇ ਸਿਰ ਮੁੰਨੇ ਹੁੰਦੇ ਪਰ ਸਭ ਸਿਰਾਂ ਪਰ ਜੂੜੇ ਨਜ਼ਰ ਆ ਰਹੇ ਹਨ।

†ਏਥੇ ਰਾਮਾਯਣ ਅਜੁਧਿਆ ਕਾਂਡ ਵਿਚ ਲਿਖਿਆ ਹੈ ਕਿ ਰਾਮਚੰਦਰ ਜੀ ਜਦ ਬਨਵਾਸ ਗਏ ਤਾਂ ਪਹਿਲੀ ਰਾਤ ਹੀ ਓਹ ਇਕ ਮਲਾਹ ਦੇ ਪਿੰਡ ਰਹੇ ਤੇ ਸਵੇਰੇ ਗੁਹ 'ਮਲਾਹ' ਪਾਸੋਂ ਬ੍ਰਹੜ ਦਾ ਦੁਧ ਮੰਗਵਾਯਾ ਤਾਂ ਸ੍ਰੀ ਰਾਮਚੰਦ੍ਰ ਜੀ ਤੇ ਲਛਮਨ ਜੀ ਨੇ ਸਿਰਾਂ ਤੇ ਜਟਾਵਾਂ ਬਨਾਈਆਂ॥

ਯਥਾ—ਸਕਲ ਸੌਚ ਕਰ ਰਾਮ ਅਨ੍ਹਾਏ। ਸ਼ੁਚ ਸੁਜਾਨ ਬਟ ਖੀਰ ਮੰਗਾਏ।
ਅਨੁਜ ਸਹਿਤ ਸਿਰ ਜਟਾਂ ਬਨਾਏ। ਦੇਖ ਸੁਮੰਤ੍ਰ ਨੈਨ ਜਲ ਛਾਏ। (ਤੁਲਸੀ ਦਾਸ)

ਭਾਵੇਂ ਮੌਤ ਕਬੂਲ ਕਰ ਲੈਣੀ ਪਏ, ਕੇਸ ਸਿਰ ਦੇ ਨਹੀਂ ਮੁਨਾਂਵਦੇ ਸਨ
ਸਿਰ ਮੁਨਣਾ ਭਾਰੀ ਸਜ਼ਾ ਸਮਝਣ, ਇਕ ਵਾਲ ਨ ਸਿਰੋਂ ਲੁਹਾਂਵਦੇ ਸਨ
ਦਾੜ੍ਹੀਸਿਰਓਹਦਾਜਾਂਦਾ ਮੁਨਯਾਸੀ, ਹਾਕਮ ਤੰਡਨ ਭਾਰਾਜਿਨ ਲਾਂਵਦੇ ਸਨ
ਓਹਲੌਕਮੁੜ ਫੇਰਕ੍ਰਤਾਰ ਸਿੰਘਾ, ਬਾਹਰ ਨਿਕਲ ਨ ਸ਼ਕਲ ਦਿਖਾਂਵਦੇ ਸਨ

ਤਥਾ

ਮੁਸਲਮਾਨਾਂ ਦਾ ਪੈਰ ਪਿਆ ਜਦੋਂ, ਹਿੰਦੂ ਜ਼ੁਲਮ ਦੇ ਨਾਲ ਦੁਖਾਏ ਓਹਨਾਂ
ਹੀਲੇ ਹਿੰਦੂਆਂ ਦੇ ਬਲ ਤੋੜਨੇ ਦੇ, ਸਮੇ ਸਮੇ ਸਿਰ ਕਈ ਬਨਾਏ ਓਹਨਾਂ
ਹਰ ਸ਼ਹਾ ਦਾ ਪਾ ਕੇ ਹਿੰਦੂਆਂ ਤੇ, ਡਨ ਦੀਜੀਏ ਕਈ ਲਗਾਏ ਓਹਨਾਂ
ਹਿੰਦੂ ਸਾਰੇ ਬੇ-ਇਜ਼ਤ ਖਵਾਰ ਕਰਕੇ, ਬੁਰੇ ਕਰ ਹਕੀਰ ਰੁਲਾਏ ਓਹਨਾਂ
ਤਦੋਂ ਇਹ ਬੇਇਜ਼ਤੀ ਕਰੀ ਭਾਰੀ, ਹੁਕਮ ਨਾਲ ਬਦਸ਼ਕਲ ਕਰਾਏ ਓਹਨਾਂ
ਫਤਾਯਾਬੀਦਾ ਹਿੰਦ ਤੇ ਡਨ ਲਾਯਾ, ਫੜ. ਫੜ ਮੂੰ ਸਿਰ ਮੁਨਾਏ ਓਹਨਾਂ
ਦਾੜ੍ਹੀ ਕੋਈ ਸ਼ਰਈ ਮੁਨਾਂਵਦਾ ਨਹੀਂ, ਛਤੇ ਸਿਰਾਂ ਤੇ ਆਪ ਰਖਾਏ ਓਹਨਾਂ
ਹਿੰਦੂ ਕਾਫਰ ਆਖ ਕਰਤਾਰ ਸਿੰਘਾ, ਏਸ ਦਰਜੇ ਉਤੇ ਪੁਚਾਏ ਓਹਨਾਂ

ਤਥਾ

ਤਦੋਂ ਜ਼ੁਲਮ ਦੀ ਇਹਨਿਸ਼ਾਨੀਹੈਸੀ, ਕਈ ਥਾਉਂ ਮਿਲ ਰਹੀ ਗਵਾਹੀ ਹੈਜੀ
ਮੁਸਲਮਾਨਾਂ ਨੇ ਜ਼ੋਰ ਤੇ ਜਬਰ ਛੇਤੀ, ਸ਼ਕਲ ਹਿੰਦੂਆਂਦੀ ਏਹ ਬਨਾਈ ਹੈਜੀ
ਹੌਲੀ ਹੌਲੀ ਗਏ ਲੋਕ ਹੋ ਆਦੀ, ਆ ਦਿਲ ਨੂੰ ਬਹੁਤ ਸੁਖਾਈ ਹੈਜੀ
ਫੇਰ ਖੁਸ਼ੀ ਦੇ ਨਾਲ ਮੁਨਾਉਨ ਲਗੇ, ਭਾਵੀ ਆਈ ਪਸੰਦ ਸਫਾਈ ਹੈਜੀ

---

†ਪੁਰਾਤਨ ਗ੍ਰੰਥ ਪੜ੍ਹਨ ਤੋਂ ਏਹ ਠੀਕ ਪਤਾ ਲਗਦਾ ਹੈ ਕਿ ਜਿਸ ਨੂੰ ਬੜੀ ਭਾਰੀ ਸਜ਼ਾ ਦੇਣੀ ਹੁੰਦੀ ਸੀ, ਹਾਕਮ ਉਸਦਾ ਸਿਰ ਮੁੰਨ ਦੇਂਦੇ ਸਨ ਤੇ ਓਹ ਆਦਮੀ ਆਪਣੇ ਆਪ ਨੂੰ ਮਰ ਗਿਆ ਸਮਝਦਾ ਸੀ। ਜਿਥੇ ਜਦ ਰਾਮਚੰਦ੍ਰ ਜੀ ਤੇ ਪਰਸਰਾਮ ਦਾ ਝਗੜਾ ਹੋਯਾ ਹੈ ਤਾਂ ਲਛਮਣ ਜੀ ਕ੍ਰੋਧ ਨਾਲ ਇਉਂ ਆਖਦਾ ਹੈ। ਯਥਾ—ਕਹੋ ਬਾਧ ਡਾਰੋ ਕਹੋ ਬਾਰਧ ਉਤਾਰੋਂ, ਕਹੋ ਦਿਸੋ ਫਾੜ ਮਾਰੋਂ, ਕਹੋ ਜੂੜਾ ਕਾਟ ਲੀਜੀਏ॥ (ਹਨੂੰਮਾਨ ਨਾਟਕ ਕ੍ਰਿਤ ਹਿਰਦਾਯਰਾਮ ਦੇ ਪਖਾ—ਬੰਨ੍ਹ ਲੈਆ। ਦੇਸ ਨਿਕਾਲਾ ਦੇ ਦੇਣਾ। ਜਾਨੋਂ ਮਾਰ ਦੇਣਾ। ਤੇ ਸਿਰ ਮੁੰਨ ਦੇਣਾ ਇਹ ਸਭ ਇਕ ਬਰਾਬਰੀ ਗਿਣੇ ਜਾਂਦੇ ਸਨ।

ਅੰਤ ਲਿਖਾਂ†ਮੁੰਡਨ ਸੰਸਕਾਰ ਵਿਧੀ, ਧਾਰਮਕ ਏਹ ਰੀਤ ਚਲਾਈ ਹੈਜੀ
ਹੁਨ ਚਲੀ ਏਹ ਰੀਤ ਕਰਤਾਰ ਸਿੰਘਾ, ਜਿਦਾ ਅੰਤ ਹਿਸਾ ਨਾ ਕਾਈ ਹੈਜੀ

ਤਥਾ

ਭਾਰਤ ਵਰਸ਼ ਦੀ ਜੋ ਪਹਿਲੀ ਸ਼ਕਲ ਹੈਸੀ, ਸਤਿਗੁਰਾਂ ਬਨਾ ਦਿਖਾਈ ਓਹੋ
ਰਾਮ ਕ੍ਰਿਸ਼ਨ ਦੇ ਵਕਤ ਜੋ ਰੀਤ ਹੈਸੀ, ਨਵੇਂ ਸਿਰੇਂ ਮੁੜ ਫੇਰ ਚਲਾਈ ਓਹੋ
ਸਿਰ ਮੁੰਨਿਆਂ ਮੁਣੀ ਗਈ ਬੀਰ ਤਾਈ, ਗੁਰਾਂ ਵਾਪਿਸ ਫੇਰ ਕਰਾਈ ਓਹੋ
ਸਾਬਤ ਸੂਰਤ ਰਖ ਕੇ ਖਾਲਸੇ ਦੀ, ਮੁੜ ਭਰ ਦਿਤੀ ਸੁਰਮਤਾਈ ਓਹੋ
ਬੀਰ ਰਸ ਭਰੇ ਚੇਹਰੇ ਤ੍ਰਯਾਰ ਕੀਤੇ, ਚਾ ਪੁਰਾਰਨੀ ਸੰਥਾ ਪੜ੍ਹਾਈ ਓਹੋ
ਨਾਲੇ ਰਬੋਂ ਸਚੇ ਨਾਲ ਬਲ ਪ੍ਰਾਪਤ ਕੀਤੀ ਜੋ, ਸ਼ਕਲ ਰਖਾਈ ਓਹੋ
ਸਭੇ ਅੰਮ੍ਰਿਤ ਛਕ ਕੇ ਸਿੰਘ ਸਜੇ, ਮਿਲੇ ਵਥਿਆਂ ਦੀ ਵਡਿਆਈ ਓਹੋ
ਨਹੀਂ ਜ਼ੁਲਮ ਦਾ ਰਾਜ ਕਰਤਾਰ ਸਿੰਘਾ, ਕਿਉਂ ਫਿਰਦੇ ਛਤ ਉਠਾਈ ਓਹੋ

(੩)

ਕਘ ਕੁਦਰਤੀ ਸ਼ਾਨ ਇਨਸਾਨ ਦਾ ਏ, ਸਿੰਘ ਰਖੇ ਸਬੂਤ ਸੁਨਾਯਾ ਏ
ਸਾਫ ਕੀਤਿਆਂ ਬਿਨਾਂ ਨ ਜਾਣ ਰਖੇ, ਐਵੇਂ ਬੁਰੇ ਲਗਨਾ ਅਜਮਾਯਾ ਏ
ਸਾਫ ਰਖਨੇ ਨੂੰ ਕੰਘਾ ਸਤਿਗੁਰਾਂ ਨੇ, ਚਾ ਧਾਰਮਕ ਅੰਗ ਬਨਾਯਾ ਏ
ਸਿੰਘ ਦੇ ਵਲੋਂ ਕਰਤਾਰ ਸਿੰਘਾ, ਕੇਸਾਂ ਵਿਚ ਫੇਰੇ ਫਰਮਾਯਾ ਏ

(੪) ਕਿਰਪਾਨ—ਤਲਵਾਰ

ਏਹ ਭੀ ਧਾਰਮਕ ਨਿਯਮਾਂ ਵਿਚ ਰਖੀ, ਸਤਿਗੁਰਾਂ ਨੇ ਸਮਝਵਿਚਾਰ ਭਾਈ
ਬਹੁਤ ਚਿਰ ਨ ਪਾਸ ਤੋਂ ਦੂਰ ਕਰਨੀ, ਇਹ ਤਾਕੀਦ ਲਿਖੀਬਾਰਬਾਰ ਭਾਈ
ਏਹ ਭੀ ਮਤਲਬੋਂ ਬਿਨਾਂ ਹੈ ਨਹੀਂ ਖਾਲੀ, ਡੂੰਘੀ ਨਿਗਾਵੇਖੋਜਰਾਮਾਰ ਭਾਈ
ਜੰਗੀ ਖਾਲਸੇ ਪੰਥ ਦੀ ਨੀਉਂ ਰਖੀ, ਬਖਸ਼ੀ ਜੰਗ ਦੀ ਸਦਾ ਹੀ ਕਾਰ ਭਾਈ

---

†ਵੇਦਾਂ ਵਿਚ ਮੁੰਡਨ ਸੰਸਕਾਰ ਨਾਮ ਤਕ ਭੀ ਨਹੀਂ, ਜੇ ਪੁਰਾਤਨ ਰੀਤੀ ਹੁੰਦੀ ਤਾਂ ਵੇਦ ਜੋ ਹਿੰਦੂਆਂ ਦੇ ਪੁਰਾਤਨ ਤੇ ਧਾਰਮਕ ਪੁਸਤਕ ਹਨ ਓਹਨਾਂ ਵਿਚ ਜ਼ਰੂਰ ਏਸ ਗਲ ਦਾ ਹੁਕਮ ਹੁੰਦਾ ਪਰ ਕਿਤੇ ਨਹੀਂ ਏਹ ਜੋ ਅਜ ਮੁੰਡਨ ਸੰਸਕਾਰ ਵਿਧੀ ਬਣੀ ਹੋਈ ਹੈ ਤੇ ਜਿਸ ਹੁਕਮ ਦੇ ਅਨੁਸਾਰ ਹਿੰਦੂ ਸੀਸ ਮੁੰਡਨ ਕਰਵਾਂਦੇ ਹਨ ਏਹ ਮੁਸਲਮਾਨਾਂ ਦੀ ਹਕੂਮਤ ਦੇ ਵੇਲੇ ਬਣੀ ਹੈ।

ਅੰਗ ਸੰਗ ਜੋ ਸਦਾ ਹਥਯਾਰ ਰਖੇ, ਓਹ ਹੋਏ ਦਲੇਰ ਹੁਸ਼ਿਆਰ ਭਾਈ
ਅਸਰ ਦਿਲਉੱਤੇ ਓਹਦਾ ਪਿਆ ਰਹਿੰਦਾ, ਜਿਸ ਚੀਜਦਾ ਹੋਵੇ ਪਿਆਰ ਭਾਈ
ਏਸੇ ਵਾਸਤੇ ਸਿੰਘ ਨਰਭੋ ਹੋਵੇ, ਪਯਾਰ ਰਖਿਆ ਨਾਲ ਤਲਵਾਰ ਭਾਈ
ਡਰ ਚੁਕਗਿਆ ਸਾਰਾ ਦਿਲ ਵਿਚੋਂ, ਲੜਨ ਮਰਨ ਨੂੰ ਸਦਾ ਤਯਾਰ ਭਾਈ
ਉਸੇ ਤਰਾਂ ਦਾ ਹੋ ਸੁਭਾ ਜਾਂਦਾ, ਕੀਤਾ ਜਾਏ ਜੋ ਸਦਾ ਵਿਹਾਰ ਭਾਈ
ਪੁਤਰ ਜੰਮਦੇ ਜਟਾਂ ਤੇ ਬਾਣੀਆ ਦੇ, ਵੱਖੋ ਵੱਖਰੀ ਰਖਦੇ ਚਾਹ ਭਾਈ
ਓਹ ਖੇਲਣੂ ਲੈ ਹਦਵਾਣਿਆਂ ਦੇ, ਬਹਿਣ ਤਕੜੀ ਚਾ ਸਵਾਲ ਭਾਈ
ਕੋਹੜੇ ਦਿਲ ਵਾਲੇ ਭੈੜੇ ਮਾੜੂਏ ਹੋ, ਖਿਲੀ ਸਕਦੇ ਨ ਇਫਕਾਰ ਭਾਈ
ਪੁਤਰ ਜੱਟਾਂ ਦੇ ਜੰਮਦੇ ਫੜ ਡੰਡੇ, ਪਿਛੇ ਡੰਗਰਾ ਹੋ ਖਬਰਦਾਰ ਭਾਈ
ਵਗ ਬਾਹਰ ਅੰਦਰ ਲੈ ਜਾਂਵਦੇ, ਡਰ ਖਤਰਾ ਮੂਲ ਵਿਸਾਰ ਭਾਈ
ਡਰ ਪਸ਼ੂ ਤੋਂ ਪਿਛਾ ਨ ਨਠਦੇ ਓਹ, ਵੌਂਹ ਮਾਰਦੇ ਡੰਡਾ ਉਲਾਰ ਭਾਈ
ਪੁਤਰ ਬਾਣੀਆਂ ਦੇ ਮੈਂਹ ਗਾਂ ਆਈ, ਪਿਟਨ ਲਗਦੇ ਦੇਂਦ ਨਿਕਾਰ ਭਾਈ
ਏਸੇ ਵਾਸਤੇ ਜੋ ਹਥਯਾਰ ਸਦਾ, ਕਰ ਰਖਦੇ ਗਲ ਦਾ ਹਾਰ ਭਾਈ
ਓਹ ਹੋਂਵਦੇ ਬਲੀ ਨਿਰਭੋ ਯੋਧੇ, ਦਿਲੋਂ ਕਰੜੇ ਹਿੰਮਤ ਵਾਰ ਭਾਈ
ਸਤਿਗੁਰਾਂ ਨੇ ਸਿੰਘ ਸਦੀਵ ਯੋਧੇ, ਰਖਨ ਵਾਸਤੇ ਤਯਾਰ ਬਰਤਯਾਰ ਭਾਈ
ਤੇਗ ਰਖਨੀ ਸਦਾ ਕਰਤਾਰ ਸਿੰਘਾ, ਕੀਤੀ ਆਗਯਾ ਪੰਥ ਸਵਾਤ ਭਾਈ

ਵਾਕ ਕਵੀ

ਏਸ ਅਮਨ ਦੇ ਸਮੇਂ ਦੇ ਵਿਚ ਦੇਖੋ, ਸਿੰਘ ਓਹੋ ਹੀ ਜੌਹਰ ਦਿਖਾਂਵਦੇ ਨੇ
ਗਵਰਮਿੰਟ ਦੇ ਨਿਮਕ ਹਲਲਾ ਨੌਕਰ, ਅਤੇ ਖੈਰਖਾਹੀ ਸਦਾ ਚਾਂਹਵਦੇ ਨੇ
ਫੌਜਾਂ ਵਿਚ ਭਰਤੀ ਹੋ ਕੇ ਬਹੁਤ ਸਾਰੇ, ਬਾਦਸ਼ਾਹ ਨੂੰ ਸਦਾ ਦਬਾਂਵਦੇ ਨੇ
ਗਵਰਮਿੰਟ ਦੇ ਵੈਰੀਆਂ ਪਾਜ਼ੀਆਂ ਨੂੰ, ਮਾਰ ਖਾਕ ਦੇ ਨਾਲ ਰਲਾਂਵਦੇ ਨੇ
ਚੰਗੇ ਚੰਗੇ ਔਹਦੇ ਅਜ ਪਾਂਵਦੇ ਨੇ, ਇਜਤ ਆਪਣੀ ਤਈਂ ਵਧਾਂਵਦੇ ਨੇ
ਬਰਕਤ ਤੇਗਦੀ ਅਜ ਕਰਤਾਰ ਸਿੰਘਾ, ਗਿਣੇ ਜੰਗੀ ਫਿਰਕੇ ਵਿਚ ਜਾਂਵਦੇ ਨੇ

ਏਹ ਭੀ ਅੰਗਹੈ ਸਿਖੀ ਨਿਯਮਾਂ ਦਾ, ਏਹਦੇ ਵਲ ਜ਼ਰਾ ਨਿਗਾ ਮਾਰ ਦੇਖੋ
ਹੁਕਮ ਸਿੰਘਾਂ ਨੂੰ ਨਿਤ ਹੀ ਪਹਿਨਣੇ ਦਾ, ਗੁਣ ਏਸ ਦੇ ਕਈ ਵਿਚਾਰ ਦੇਖੋ
ਮੁਢੋਂ ਯੋਧਿਆਂ ਦਾ ਬਾਣਾ ਚਲਾ ਆਯਾ, ਨਿਗਾ ਵਲ ਤਸਵੀਰਾਂ ਪਸਾਰ ਦੇਖੋ
ਹਨੂੰਮਾਨ ਮਹਾਂ ਬਲੀ ਦੀ ਮੂਰਤੀ ਜੋ, ਤੇੜ ਪਿਆ ਕਛਹਿਰਾਂ ਸਵਾਰ ਦੇਖੋ
ਸਾਡੇ ਪਿੰਡਾਂ ਦੇ ਵਿਚ ਨਟ ਆਉਂਦੇ, ਬੀਕਾਨੇਰੀਏ ਲੋਕ ਅਪਾਰ ਦੇਖੋ
ਚੜ੍ਹ ਬਾਂਸ ਉਤੇ ਬਾਜ਼ੀ ਪਾਂਵਦੇ ਨ, ਜਾਂਦੇ ਹੋਂਵਦੇ ਤੇਜ ਤਰਾਰ ਦੇਖੋ
ਸਦਾ ਉਹ ਭੀ ਕਛਹਿਰਾ ਹੀ ਪਹਿਨਦੇ ਨੇ, ਦੌੜ ਭਜ ਵਾਲੀ ਕਰਦੇ ਕਾਰ ਦੇਖੋ
ਫੇਰ ਪਹਿਲਵਾਨਾਂ ਵਲ ਨਜ਼ਰ ਕਰੋ, ਤੇੜ ਜਾਂਘੀਏ ਤਯਾਰ ਬਰਤਯਾਰ ਦੇਖੋ
ਇਹ ਤਾਂ ਆਪਣੇ ਦੇਸ ਦੀ ਗਲ ਦਸੀ, ਹੁਣ ਯੋਰਪ ਦੇਸ ਦੀ ਧਾਰ ਦੇਖੋ
ਅੰਗਰੇਜ਼ ਫਰਾਂਸ ਤੇ ਹੋਰ ਕੌਮਾਂ; ਕਰ ਸਾਰਾ ਓਹ ਦੇਸ ਸੁਮਾਰ ਦੇਖੋ
ਵਿਚ ਕਈ ਕਰੋੜ ਦੀ ਗੇਨਤੀ ਦੇ; ਬਚੇ ਬਚੀਆਂ ਪੁਰਸ਼ ਤੇ ਨਾਰ ਦੇਖੋ
ਇਕ ਦਮ ਕਛਹਿਰਾ ਨ ਲਾਂਹਵਦੇ ਨੇ, ਨਿਤ ਪਹਿਨਦੇ ਕਰ ਪਿਆਰ ਦੇਖੋ
ਅਸੀਂ *ਕਛ ਓਹ ਹਾਫ ਪਤਲੂਨ ਕਹਿੰਦੇ, ਸਭੇ ਪਹਿਨਦੇ ਨੇ ਬੁਢੇ ਬਾਰ ਦੇਖੋ
ਕੰਮਾਂ ਵਿਚ ਫੁਰਤੀਲੇ ਓਹ ਜੰਗੀ ਯੋਧੇ, ਹਰ ਕੰਮ ਦੇ ਵਿਚ ਹੁਸ਼ਿਆਰ ਦੇਖੋ
ਗੁਰਾਂਸਿੰਘ ਦੇ ਤਈਂ ਪਹਿਨਾਯਾ ਚਾਹੀਏ, ਸਦਾ ਰਹਿਨ ਚੰਗੇ ਖਬਰਦਾਰ ਦੇਖੋ
ਘਰਾਂ ਵਿਚ ਸਭਨੀਂ ਥਾਈਂ ਚੰਗਾ, ਕੰਮ ਦੇਂਵਦਾ ਸਮਝ ਉਦਾਰ ਦੇਖੋ
ਚੰਗਾ ਪੜਦਾ ਪੁਰਸ਼ ਤੇ ਇਸਤ੍ਰੀ ਦਾ, ਨਾਉਣ ਧੋਣ ਦੇ ਸੌਣ ਨੂੰ ਧਾਰ ਦੇਖੋ
ਛੋਟੇ ਬਚਿਆਂ ਨੂੰ ਸੋਹਣਾ ਬਹੁਤ ਲਗੇ, ਬੁਰਾ ਫਿਰਨ ਨੰਗੇ ਘਰ ਬਾਰ ਦੇਖੋ
ਜਿਹੜਾ ਪਹਿਨਦਾ ਓਸਨੂੰ ਰਸ ਆਉਂਦਾ; ਫੇਰ ਦੇਣ ਨ ਮੂਲ ਵਿਸਾਰ ਦੇਖੋ
ਇਜ਼ਤਦਾਰ ਪੜਦਾ ਕ੍ਰਤਾਰ ਸਿੰਘਾ, ਹਿੰਦ ਵਾਸੀਓ ਤਹਿਨ ਇਕ ਵਾਰ ਦੇਖੋ

ਤਥਾ

ਜਿਸ ਚੀਜ਼ ਦੇ ਦਸਣੇ ਗੁਣ ਹੋਹਣ, ਓਹਨੂੰ ਦੂਜਿਆਂ ਨਾਲ ਮਿਲਾਨਾ ਪੈਂਦਾ
ਜਿਹੜੇ ਲੋਕ ਕਛਹਿਰਾ ਨ ਪਹਿਨਦੇ ਨੇ, ਓਨਾਂ ਕੁਝ ਨ ਕੁਝ ਬਨਾਨਾ ਪੈਂਦਾ
ਧੋਤੀ ਬੰਨਦੇ ਦੇ ਮਰੋੜੀਆਂ ਨੇ; ਪੰਜਾਂ ਗਜਾਂ ਤਈਂ ਲਟਕਾਨਾ ਪੈਂਦਾ

*ਸਾਡੇ ਤੇ ਯੂਰਪ ਵਾਲਿਆਂ ਦੇ ਕਿਊਨ ਵਿਚ ਫ਼ਰਕ ਹੈ, ਉਹ ਜਵਾਰ ਕੇ ਕਪੜਾ ਪਹਿਨਦੇ ਹਨ, ਬਾਜ਼ੇ ਤਾਂ ਪਾਟੀ ਹੋਈ ਤੇਬੀ ਦੇ ਤੋਂਦੇ, ਲਾਹ ਕੇ ਅੜ੍ਹੋਂਦੀ ਫਿਰਦੇ ਹਨ ਜੋ ਵੇਖਣ ਵਿਚ ਜ਼ਰੂਰ ਬੁਰੇ ਜਹੇ ਲਗਦੇ ਹਨ।

ਆਪੇ ਖੁਲ੍ਹ ਪੈਂਦੀ ਕੰਮਾਂ ਵਿਚ ਅੜਦੀ, ਭਜ ਦੌੜ ਦੇ ਵੇਲੇ ਵਲਾਣਾ ਪੈਂਦਾ
ਹੁੰਦਾ ਖਰਚ ਕਛਹਿਰੇ ਤੋਂ ਚਾਰ ਹਿਸੇ, ਪਰਨੇ ਢੂੰਡਦੇ ਫੇਰ ਜਾਂ ਨ੍ਹਾਣਾ ਪੈਂਦਾ
ਚਾਦਰ ਵਾਲਿਆਂ ਨੂੰ ਪੁਛੋ ਕੀਹ ਫੈਦਾ, ਛੇ ਗਜ ਹੈ ਕਪੜਾ ਲਾਣਾ ਪੈਂਦਾ
ਹਲਵਾਹੰਦਿਆਂ, ਭਜਦਿਆਂਪਸ਼ੂ ਪਿਛੇ,ਵਾਢੀ ਕਰਦਿਆਂਵਖਤਕਮਾਨਾ ਪੈਂਦਾ
ਅੜ ਅੜ ਕੇ ਪਾਟਦੀ ਭੋਗਦੀ ਜਾਂ, ਜੂਜਾ ਹਥ ਜਾਂ ਲਾ ਉਠਾਣਾ ਪੈਂਦਾ
ਛਿਆਂ ਗਜ਼ਾਂ ਦੇ ਚਾਰ ਕਛਹਿਰੇ ਬਣਦੇ, ਕਈ ਚਿਰਾਂ ਦੇ ਤਕ ਹਢਾਣਾ ਪੈਂਦਾ
ਓਦੂੰ ਲੰਘਕੇ ਪੂਛੋ ਲੰਗੋਟ ਬਾਜਾਂ, ਭਾਈ ਤੁਹਾਨੂੰ ਜ਼ਰੂਰ ਸਲਾਹਣਾ ਪੈਂਦਾ
ਵਾਹ ਤੁਹਾਡੀ ਲੰਗੋਟੀ ਏਹ ਬਹੁਤ ਸੋਹਣੀ, ਮੈਨੂੰ ਸਚ ਜ਼ਰੂਰ ਸੁਨਾਨਾ ਪੈਂਦਾ
ਚੁਤੜ ਕਢੀ ਫਿਰੋਧੀਆਂਭੈਣਾ ਵਿਚੋਂ, ਕਿਉਂ ਨਹੀਂ ਤੁਹਾਨੂੰ ਸ਼ਰਮਾਣਾ ਪੈਂਦਾ
ਨੂੰਹਾਂ ਧੀਆਂ ਦੇ ਵਿਚ ਜਾ ਬੈਠਦੇ ਹੋ, ਖਿਚ ਕੁੜਤਾ ਹਿਠਾਂ ਕਰਾਣਾ ਪੈਂਦਾ
ਤੁਹਾਡੀ ਸ਼ਕਲ ਦਾ ਫੋਟੋ ਮੈਂ ਕੀ ਖਿਚਾਂ, ਏਥੋਂ ਚੁਪ ਹੋ ਪੈਰ ਲੰਘਾਣਾ ਪੈਂਦਾ
ਏਦੂੰ ਵਧ ਮਰੋੜੀ ਦੇ ਸਾਫੇ ਵਾਲੇ, ਪੜਦਾ ਉਨ੍ਹਾਂ ਦਾ ਹੈ ਖੁਲਾਣਾ ਪੈਂਦਾ
ਰਾਤੀਂ ਸੁਤਿਆਂ ਦੇ ਜਾਂਦੇ ਖੁਲ ਸਦਾ, ਧੀਆਂ ਭੈਣਾਂ ਨੂੰ ਮੂੰਹ ਛੁਪਾਣਾ ਪੈਂਦਾ
ਅਪੇ ਹੋ ਨੰਗੇ ਅਗੋਂ ਬੈਠ ਰਹਿੰਦੇ, ਭਲੇ ਲੋਕਾਂ ਦੇ ਤਈਂ ਸਮਝਾਣਾ ਪੈਂਦਾ
ਭਾਈ ਕੀਹ ਪੜਦਾ ਤੁਹਾਡਾ ਖੋਲ ਦਸਾਂ,ਕੀ ਦੁਖ ਕਛਹਿਰਾ ਜੇ ਪਾਣਾ ਪੈਂਦਾ
ਭੈਣੋਂ ਬੀਬੀਓ ਤੁਸੀਂ ਤਾਂ ਸੋਚ ਵੇਖੋ ਤੁਹਾਨੂੰ ਜ਼ਰੂਰ ਨੰਗੇਜ ਲੁਕਾਣਾ ਪੈਂਦਾ
ਵਿਚ ਗਰਮੀਆਂ ਖਾਸ ਤਕਲੀਫ ਹੁੰਦੀ, ਭਾਰਾ ਕਪੜਾ ਰਾਤ ਵਲਾਣਾ ਪੈਂਦਾ
ਤੁਹਾਡਾ ਪੜਦਾ ਰਬ ਬਨਾਇਆ ਏ, ਸੋ ਪੜਦਾ ਜਖਾ ਰਖਾਣਾ ਪੈਂਦਾ
ਨ੍ਹਾਉਣ ਧੋਣਦੀ ਖਾਸਤਕਲੀਫ ਤੁਹਾਨੂੰ,ਕੋਈ ਵਖਰਾਓਹਲਾ ਤਕਾਣਾ ਪੈਂਦਾ
ਸੋ ਤੁਸੀਂ ਜਰੂਰ ਕਛਹਿਰਾ ਪਹਿਨੋਂ, ਫੇਰ ਸੁਤਿਆਂ ਫਿਕਰ ਨ ਲਾਣਾ ਪੈਂਦਾ
ਜੇ ਸਮਝਦੇ ਆਪ ਕਰਤਾਰ ਸਿੰਘਾ, ਮੈਨੂੰ ਸਿਰ ਨ ਫੇਰ ਖਪਾਣਾ ਪੈਂਦਾ

ਵਾਕ ਕਵੀ

ਏਹ ਅਸੂਲ ਬਧੇ ਜਿਹੜੇ ਗੁਰੂ ਜੀ ਨੇ, ਪੰਥ ਖਾਲਸਾ ਲਈ ਜ਼ਰੂਰ ਰਖੇ
ਡੂੰਘੀਂ ਨਜ਼ਰ ਦੇ ਨਾਲ ਵਿਚਾਰੀਏ ਜਾਂ, ਗੁਣ ਇਨ੍ਹਾਂ ਅੰਦਰ ਭਰਪੂਰ ਰਖੇ
ਸਾਰੇ ਜ਼ਾਹਰ ਕਰਕੇ ਮੈਂ ਥੋਂ ਦਸੀਦੇ ਨਹੀਂ, ਮੇਰੀ ਬੁਧ ਨ ਏਡ ਮਕਦੂਰ ਰਖੇ
ਮੇਰੀ ਮੋਟੀ ਵਿਚਾਰ ਕਰਤਾਰ ਸਿੰਘਾ, ਦਯਾ ਧਾਰ ਕੇ ਪੰਥ ਮੰਜ਼ੂਰ ਰਖੇ

ਤਥਾ

ਉਤਸਵ ਏਹ ਵਿਚ ਆਨੰਦਪੁਰ ਦੇ, ਹੋਯਾ ਬੜਾ ਨ ਆਵੇ ਗਿਆਨ ਦੇ ਵਿਚ
ਨਵਾਂ ਪੰਥ ਰਚਾਯਾ ਗੁਰੂ ਦਸਵੇਂ, ਗਲ ਹੋਏ ਮਸ਼ਹੂਰ ਜਹਾਨ ਦੇ ਵਿਚ
ਇਹ ਗੁਰੂ ਦਿਖਲਾਏਗਾ ਕਰਕੇ ਕੁਝ, ਗਲ ਚੜ੍ਹੀ ਹਰ ਇਕ ਜਬਾਨ ਦੇ ਵਿਚ
ਬਲੀ ਪੰਥ ਰਚਾਯਾ ਖਾਲਸਾ ਹੈ ਡਕਾ ਪਾਵੇਗਾ ਜ਼ੁਲਮ ਤੁਫਾਨ ਦੇ ਵਿਚ
ਘਰ ਹਿੰਦੂਆਂ ਸ਼ਾਦੀਆਂ ਬਹੁਤ ਹੋਈਆਂ, ਹਿੰਦੂ ਖੁਸ਼ੀ ਹੋਏ ਹਿੰਦੁਸਤਾਨਦੇ ਵਿਚ
ਕੰਬ ਗਏ ਰਾਜੇ ਕਰਤਾਰ ਸਿੰਘਾ, ਖਬਰਾਂ ਪਹੁੰਚੀਆਂ ਦਿਲੀ ਦੀਵਾਨਦੇ ਵਿਚ

ਸ੍ਰੀ ਦਸਮੇਸ਼ ਜੀ ਨੇ ਜਥੇਦਾਰ ਬਾਹਰ ਪਰਚਾਰ ਵਾਸਤੇ ਭੇਜਣੇ

ਪੰਜਾਂ ਪਿਆਰਿਆਂਦੇ ਨਾਲਹੋਰਪ੍ਰੇਮੀ, ਕਹਿਆ ਸਤਿਗੁਰਾਂਨੇਤੁਸੀਂਜਾਓ ਪਯਾਰੇ
ਵਿਚ ਦੇਸ ਪ੍ਰਦੇਸ ਦੇ ਜਾ ਕਰਕੇ; ਪੰਥ ਖਾਲਸਾ ਤਈਂ ਵਧਾਓ ਪਯਾਰੇ
ਜੋ ਨਾਲ ਪ੍ਰੇਮ ਦੇ ਛਕੇ ਅੰਮ੍ਰਿਤ, ਵੇਖ ਵੇਖ ਅਧਿਕਾਰੀ ਛਕਾਓ ਪਯਾਰੇ
ਸਾਨੂੰ ਲੋੜਜਲਦੀਬਲੀ ਜੋਧਿਆਂਦੀ, ਸਿੰਘ ਸੂਰਮੇਨਵੇਂ ਸਜਾਓਛਕਾਓ ਪਯਾਰੇ
ਜਿਹੜਾ ਸਿੰਘ ਸਜੇ ਧਾਰੇ ਸ਼ਸਤ੍ਰਾਂ ਨੂੰ, ਸਾਡੀ ਪਕੀ ਤਾਕੀਦ ਕਰਾਓ ਪਯਾਰੇ
ਉਤੇ ਧਰਮ ਦੇ ਹੋਨ ਸ਼ਹੀਦ ਜਿਹੜੇ, ਓਹ ਮਰਦ ਮੈਦਾਨ ਬਨਾਓ ਪਯਾਰੇ
ਬੀਰ ਰਸ ਭਰੋ ਮੋਏ ਦਿਲਾਂ ਅੰਦਰ, ਸ਼ੇਰ ਗਿਦੜੋਂ ਕਰ ਦਿਖਾਓ ਪਯਾਰੇ
ਜਾਗ ਲਾ ਕੇ ਏਹ ਕਰਤਾਰ ਸਿੰਘਾ, ਫੇਰ ਪਰਤ ਸਾਡੇ ਪਾਸ ਆਓ ਪਯਾਰੇ

ਵਾਕ ਕਵੀ

ਜਥੇਦਾਰ ਪ੍ਰਦੇਸ਼ਾਂ ਨੂੰ ਉਠ ਟੁਰੇ, ਥਾਂ ਥਾਂ ਉਪਦੇਸ਼ ਸੁਨਾਉਣ ਲਗੇ
ਬਲੀ ਪੰਥ ਰਚਿਆਂ ਦਸਮੇਸ਼ ਗੁਰੂ, ਤੇਗ ਧਰਮ ਦੇ ਲਈ ਉਠਾਣ ਲਗੇ
ਸਿਖ ਸਹਿਜ ਧਾਰੀ ਸਭੇ ਛਕੋ ਅੰਮ੍ਰਿਤ, ਗੁਰ ਜ਼ੁਲਮ ਅਗੇ ਹਿਕ ਡਾਨ ਲਗੇ
ਪਕੇ ਹਾਕਮਾਂ ਦੇ ਜ਼ੁਲਮ ਬਾਦਸ਼ਾਹੀ, ਦਸ ਲੋਕਾਂ ਨੂੰ ਦੋਸ਼ ਚੜ੍ਹਾਉਨ ਲਗੇ
ਲੋਕ ਅਗੇ ਹੀ ਦੇਖੇ ਪਏ ਹਾਕਮਾਂ ਤੋਂ, ਸਿੰਘ ਸਜ ਹਥਯਾਰ ਉਠਾਉਣ ਲਗੇ
ਵਾਧਾ ਹੋਣ ਲਗਾ ਕਰਤਾਰ ਸਿੰਘਾ, ਹੋ ਖੁਸ਼ੀ ਗੁਰੂ ਸ਼ਰਨ ਆਉਣ ਲਗੇ

ਤਥਾ

ਪਿੰਡ, ਪਿੰਡ ਤੇ ਦੇਸ ਪ੍ਰਦੇਸ ਅੰਦਰ, ਪੰਥ ਖਾਲਸਾ ਵਧਦਾ ਜਾਨ ਲਗਾ
ਫੌਜਾਂ ਆਪੇ ਹੀ ਬਣਦੀਆਂ ਜਾਨ ਭਾਈ, ਦੇਸ ਵੇਖਕੇ ਹੋਣ ਹੈਰਾਨ ਲਗਾ
ਸ਼ਸਤ੍ਰਧਾਰੀ ਯੋਧੇ ਨਿਤ ਸਜ ਰਹੇ, ਭਰਮ ਜੋਰ ਦਾ ਜੁੜਣ ਸਾਨਾਨ ਲਗਾ

ਦਿਨੋਂ ਦਿਨ ਆਨੰਦਪੁਰ ਯੋਧਿਆਂ ਦਾ, ਕਥ ਵਿਚ ਵਾਧੇ ਹੋਣ ਆਣ ਲਗਾ
ਵੇਖ ਸਿੰਘਾਂ ਦੀ ਸ਼ਕਲ ਤੇਤਰਚ ਨਵੀਂ, ਹਰ ਇਕ ਹਾਕਮ ਗੁਸਾ ਖਾਨ ਲਗਾ
ਮੁਸਲਮਾਨਾਂ ਤੋਂ ਵਥ ਕ੍ਰਤਾਰ ਸਿੰਘਾ, ਛਾਤੀ ਪੱਪਾਂਦੀ ਵਿਚ ਏਹ ਬਾਨ ਲਗਾ

ਦੇਸ ਦੇ ਬ੍ਰਾਹਮਣਾਂ ਤੇ ਪਹਾੜੀ ਰਾਜਿਆਂ ਦੀ ਈਰਖਾ

ਵਾਧੇ ਵਿਚ ਪ੍ਰਤਾਪ ਸਤਿਗੁਰੂ ਜੀ ਦਾ, ਵੇਖ ਵੇਖ ਦੋਖੀ ਲੋਕ ਸੜਨ ਲਗੇ
ਪੰਥ ਖਾਲਸੇ ਦੀ ਸਚੀ ਸਿਖਯਾ ਨੂੰ, ਪਹਿਲਾਂ ਵੇਖ ਬਾਹਮਣ ਦੁਖਕਰਨ ਲਗੇ
ਏਹ ਪੰਥ ਸਾਡੀ ਫਾਹਿਓ ਨਿਓਲ ਗਿਆ, ਏਸ ਈਹਖਾ ਦਾ ਸਾੜਾ ਜਰਨ ਲਗੇ
ਉਲਟਪੁਲਟ ਲੋਕਾਂ ਦਿਲੀਂ ਸ਼ੁਭੇ ਪਾਕੇ, ਗੁਰੂ ਮਤ ਚਲਦੀ ਅਗੇ ਅੜਨ ਲਗੇ
ਓਧਰ ਰਾਜਿਆਂ ਦੀ ਮਤ ਗਈ ਮਾਰੀ, ਓਹ ਗੁਰੂ ਪ੍ਰਤਾਪ ਤੋਂ ਡਰਨ ਲਗੇ
ਕਿਤੇ ਰਾਜ ਸਾਡੇ ਗੁਰੂ ਖੋਹ ਨ ਲਏ, ਓਹ ਹੋਰ ਮਨਸੂਬੇ ਹੀ ਘੜਨ ਲਗੇ
ਏਧਰ ਬਾਹਮਣਾਂ ਦਾ ਜਦੋਂ ਦਾਉਦਲੇ, ਜਾ ਰਾਜਿਆਂ ਦੇ ਕੰਨ ਭਰਨ ਲਗੇ
ਗੁਰੂ ਵੈਰੀ ਤੁਹਾਡੇ ਹੈ ਪਾਸ ਵਸਦਾ, ਤੁਸੀਂ ਕਿਉਂ ਬੇ ਖਤਰੇ ਹੋ ਹੜਨ ਲਗੇ
ਜਬੂ ਬੇੜੀਆਂ ਓਹ ਲੁਹਾਈ ਜਾਂਦਾ, ਸਿਖ ਉਲਟੇ ਹੀ ਚਾਲੇ ਫੜ ਲਗੇ
ਹੀਲਾ ਕਰੋ ਨਹੀਂ ਧਰਮਤੇ ਰਾਜ ਦੇਵੇਂ, ਗਏ ਸਮਝਿਓ ਲੂਤੀਆਂ ਜੜਨ ਲਗੇ
ਏਸ ਤਰ੍ਹਾਂ ਓਹ ਅਕਲ ਦੇ ਧੂਤੇ ਰਾਜੇ, ਪੌੜੀ ਈਰਖਾ ਦੀ ਡੰਡੇ ਚੜ੍ਹਨ ਲਗੇ
ਗੁਰੂ ਕਢੀਏ ਏਥੋਂ ਕਰਤਾਰ ਸਿੰਘਾ, ਪਾਪੀ ਵੈਰ ਦੀਆਂ ਨੀਹਾਂ ਧਰਨ ਲਗੇ

ਦੀਪਮਾਲਾ ਤੇ ਪਹਾੜੀ ਰਾਜਿਆਂ ਨੇ ਆਨੰਦਪੁਰ ਆਉਣਾ

ਪੰਥ ਰਚਿਆ ਗੁਰੂ ਗੋਬਿੰਦ ਸਿੰਘ ਨੇ ਬਾਦਸ਼ਾਹੀ ਦੇ ਠਾਟ ਬਨਾਂਵਦਾ ਏ
ਫੌਜਾਂ ਕਿਲ ਵਧਾਂਵਦਾ ਨਿੱਤ ਜਾਂਵਦਾ, ਸਚਾ ਪਾਤਸ਼ਾਹ ਅਖਵਾਂਵਦਾ ਏ
ਜਰ ਸਕਿਆ ਨ‡ ਬਿਲਾਸ ਪੁਰੀਆਂ, ਦਿਲ ਵਿਚ ਡਾਢੇ ਵਟ ਖਾਂਵਦਾ ਏ
ਰਾਮ ਸਰਨ ਹੰਡੂਰੀ, ਗੁਪਾਲ ਦੂਜਾ, ਜਸਵਾਲੀਏ ਤਈਂ ਰਲਾਂਵਦਾ ਏ
ਧਰਮ ਪਾਲ ਰਾਜਾ ਕੁਟ ਲਹਿਰ ਵਾਲਾ, ਕਾਠਗੜ੍ਹੀਆ ਭੀ ਨਾਲ ਆਂਵਦਾ ਏ
ਆਏ ਕਰ ਸਲਾਹ ਆਨੰਦਪੁਰ ਵਿਹ, ਲੈਣਾ ਭੇਦ ਏਨਾ ਮਨ ਭਾਂਵਦਾ ਏ
ਸਤਿਗੁਰਾਂ ਨੇ ਬਾਹਰ ਲਵਾਏ ਡੇਰੇ, ਨੰਦ ਚੰਦ ਸੋ ਰਸਦ ਪੁਚਾਂਵਦਾ ਏ
ਨੌਲਾ ਵੇਖਣੇ ਦਾ ਸੀ ਬਹਾਨਾ ਐਵੇਂ, ਖੋਟ ਦਿਲਾਂ ਦੇ ਵਿਚ ਸਮਾਂਵਦਾ ਏ
ਆਈਆਂ ਸੰਗਤਾਂ ਤੇ ਸੀ ਬੜੀ ਭਾਰ, ਵੇਖ ਰਾਜਿਆਂ ਨੂੰ ਭੈ ਛਾਂਵਦਾ ਏ

‡ਬਿਲਾਸ ਪੁਰੀਆ ਅਜਮੇਰ ਚੰਦ ਦਾ ਪੁਤ੍ਰ ॥

ਸਾਡੇ ਖੋਹੇਗਾ ਰਾਜ ਕਰਤਾਰ ਸਿੰਘਾ, ਡਰ ਸਭ ਦਾ ਦਿਲ ਦੁਖਾਂਵਦਾ ਏ

### ਸ੍ਰੀ ਦਸਮੇਸ਼ ਜੀ ਦਾ ਦੀਵਾਨ

ਦੀਪਮਾਲਾ ਦੇ ਦਿਨ ਦੀਵਾਨ ਲਗਾ, ਵਡਾ ਤੰਬੂ ਲਗਾ ਸਾਇਬਾਨ ਸੋਹਣੇ
ਫਰਸ਼ ਵਿਛ ਗਏ ਆ ਮਖਮਲ ਦੇ, ਬੈਠੇ ਤਖਤ ਸਤਿਗੁਰ ਸੁਹਾਨ ਸੋਹਣੇ
ਕੰਧੇ ਧਨਖ ਤੇ ਗਾਤਰੇ ਸ੍ਰੀ ਸਾਹਿਬ, ਲਕ ਨਾਲ ਭੱਥਾ ਵਿਚ ਬਾਣ ਸੋਹਣੇ
ਕਲਗੀ ਜਿਗਾ ਤੋੜੇ ਮੋਤੀ ਝਲਕ ਰਹੇ, ਮਥਾ ਨੂਰ ਭਰਯਾ ਤੇਜਵਾਨ ਸੋਹਣੇ
ਖੜੇ ਭਟ ਨਕੀਬ ਪੁਕਾਰ ਰਹੇ, ਕਵੀ ਸੁੰਦਰ ਛੰਦ ਸੁਨਾਨ ਸੋਹਣੇ
ਵਡੇ ਗੋਹੜਾਂ ਵਾਲੇ ਮਸੰਦ ਬਹੁਤੇ; ਇਕ ਤਰਫ ਬੈਠੇ ਸ਼ੋਭਾ ਪਾਣ ਸੋਹਣੇ
ਦੂਜੀ ਤਰਫ ਬਾਂਕੇ ਸੂਰਬੀਰ ਯੋਧੇ, ਕਰ ਬੀਰ ਆਸਨ ਬੈਠੇ,ਜਵਾਨ ਸੋਹਣੇ
ਗਹਿਵਾਂ ਗਹਮ ਹੋ ਰਹੀ ਦ੍ਰਬਾਰ ਅੰਦ੍ਰ, ਵਧ ਇੰਦ੍ਰੋਂ* ਗੁਰਾਂ ਦੇ ਸ਼ਾਨ ਸੋਹਣੇ

### ਰਾਜਿਆ ਨੇ ਦਰਬਾਰ ਵਿਚ ਆਉਣਾ

ਸਤਿਗੁਰਾਂ ਦੀ ਆਗਯਾ ਪਾ ਕਰਕੇ; ਲੈਕੇ ਨਜ਼ਰ ਭੇਟਾ ਰਾਜੇ ਆਏ ਸਭੇ
ਵੇਖ ਸ਼ਾਨ ਪ੍ਰਤਾਪ ਸਤਿਗੁਰੂ ਜੀ ਦਾ, ਹਕੇ ਬਕੇ ਰਹਿ ਗਏ ਬਿਸਮਾਏ ਸਭੇ
ਅਗੋਂ ਹੋ ਮਾਮੇ ਕ੍ਰਿਪਾਲ ਜੀ ਨੇ; ਕਰਣੀ ਗੁਰਾਂ ਦੀ ਲਿਆ ਝੁਕਾਏ ਸਭੇ
ਵਖੋ ਵਖ ਨਜ਼ਰ ਭੇਟ ਧਰੀ ਗਏ; ਫੇਰ ਯੋਗ ਅਸਥਾਨ ਬੈਠਾਏ ਸਭੇ
ਸੁਖ ਨੰਦ ਪੁਛੀ ਗੁਰਾਂ ਸਾਰਿਆਂ ਨੂੰ; ਕਿਰਪਾ ਆਪ ਦੀ ਆਖ ਹੁਖਾਏ ਸਭੇ
ਵੇਖ ਸੁੰਦਰ ਰੂਪ ਕਰਤਾਰ ਸਿੰਘਾ, ਇਕ ਵਾਰ ਤਾਂ ਰਾਜੇ ਲਜਾਏ ਸਭੇ

### ਰਾਜਿਆਂ ਨਾਲ ਬਚਨ ਬਿਲਾਸ

ਵੇਖੋ ਰਾਜਿਉ ਤੁਸੀਂ ਰਾਜਪੂਤ ਬਚੇ; ਭਾਰਤਵਰਸ਼ ਵਿਚੋਂ ਖਾਨਦਾਨ ਵਡੇ
ਤੁਹਾਡੇ ਹੋਏ ਬਜ਼ੁਰਗ ਨੇ ਬਲੀ ਯੋਧੇ, ਦਾਤੇਭਗਤ ਮਹਾਂਬਲੀ ਬਲਵਾਨ ਵਡੇ
ਛਤਰ ਜਿਨਾਂ ਦੇ ਝਲਦੇ ਹੋਂਵਦੇ ਸੀ; ਚਕਰਵਰਤੀ ਹੋਏ ਅਤੇ ਸ਼ਾਨ ਵਡੇ
ਅਜ ਤਕ ਮਸ਼ਹੂਰ ਕਰਤਾਰ ਸਿੰਘਾ, ਨਾਮ ਉਨਾਂ ਦੇ ਵਿਚ ਜਹਾਨ ਵਡੇ

### ਤਥਾ

ਅਜ ਉਨ੍ਹਾਂ ਦੀ ਤੁਸੀਂ ਔਲਾਦ ਸਭੇ; ਦਾਗ ਛਤਰਤਾ ਤਈਂ ਲਵਾ ਰਹੇ
ਪਾਟੋ ਧਾੜ ਦੇ ਵਿਚ ਪੈ ਸਵਾਰਥੀ ਹੋ; ਖੂਨ ਛਤ੍ਰਤਾ ਮੂਲੋਂ ਗਵਾ ਰਹੇ
ਖੁਦਗਰਜੀਆਂ ਨਾਲ ਬੀਮਾਰ ਹੋਵੇ; ਬਲ ਬੀਰਤਾ ਸਾਰੀ ਉਡਾ ਰਹੇ
ਡੋਲੇ ਲੈ,ਲੈ ਮਿਲੋਗੇ ਇਨ੍ਹਾਂ ਤਾਈਂ, ਤਾਕਤ ਇਨ੍ਹਾਂ ਦੀ ਏਡੀ ਵਧਾਵਾਂਗਾ ਮੈਂ

ਦੇਸ ਭਗਤੀ ਕੌਮੀ ਪਿਆਰ ਨਾਹੀਂ, ਆਪੋ ਵਿਚ ਭੀ ਭਿੜ ਭਿੜਾ ਰਹੇ
ਖਾਲੀ ਰਹਿ ਗਏ ਨਾਮ ਰਾਜਪੂਤ ਬਚੇ, ਜੌਹਰ ਰਾਜਪੂਤੀ ਹੋ ਹਵਾ ਰਹੇ
ਇਕ ਰਾਹ ਨ ਇਕ ਸਲਾਹ ਰਹੀ, ਆਪੋ ਆਪਨੀ ਢਡ ਵਜਾ ਰਹੇ
ਪਾਟੋ ਧਾੜ ਤੁਹਾਡੀ ਕਮਜ਼ੋਰੀ ਦਾ ਫਲ, ਤੁਸੀਂ ਚੰਗੀ ਤਰ੍ਹਾਂ ਹੁਣ ਪਾ ਰਹੇ
ਵਖੋ ਤੁਰਕ ਆ ਕੇ ਕਿਤੋਂ ਦੂਰ ਦੇਸੋਂ, ਤੁਹਾਡੇ ਸਿਰਾਂ ਤੇ ਜ਼ੁਲਮ ਕਮਾ ਰਹੇ
ਧਨ ਇਜ਼ਤ, ਆਬਰੂ ਰਹੀ ਨਾਹੀਂ, ਹੋ ਬੇਇਜ਼ਤੀ ਸਦਾ ਕਰਵਾ ਰਹੇ
ਅਸੀਂ ਦਸੀਏ ਕੀਹ ਤੁਸੀਂ ਵੇਖ ਰਹੇ ਓ, ਜਿਵੇਂ ਪਰਜਾ ਤੁਰਕ ਸਤਾ ਰਹੇ
ਉੱਠੋ ਹਿੰਮਤ ਕਰੋ ਕਰਤਾਰ ਸਿੰਘਾ, ਹੜ੍ਹ ਜ਼ੁਲਮ ਦੇ ਧਰਮ ਰੁੜ੍ਹਾ ਰਹੇ

### ਰਾਜਿਆਂ ਨੂੰ ਅੰਮ੍ਰਿਤ ਛਕਣ ਵਾਸਤੇ ਸਤਿਗੁਰਾਂ ਕਹਿਣਾ

ਅਸਾਂ ਪੰਥ ਰਚਿਆ ਧਰਮ ਵਾਸਤੇ ਹੈ, ਪੰਥ ਵਿਚ ਤੁਸੀਂ ਰਲ ਜਾਓ ਜੇਕਰ
ਏਹ ਦੁਖ ਸਭੇ ਝਟ ਦੂਰ ਹੋਵਨ, ਛਕੋ ਅੰਮ੍ਰਿਤ ਰੂਪ ਵਟਾਓ ਜੇਕਰ
ਸਿੰਘ ਸਜੋ ਤੇ ਛਤ੍ਰੀ ਬਣੋ ਸਚੇ, ਹਲ ਮੁਸ਼ਕਲਾਂ ਹੋਣ ਦਿਲ ਲਾਓ ਜੇਕਰ
ਧਕ ਜ਼ੁਲਮ ਨੂੰ ਦੇਸ ਤੋਂ ਪਾਰ ਕਰੀਏ, ਕਰ ਹੌਸਲਾ ਤੇਗ ਉਠਾਓ ਜੇਕਰ
ਤੁਹਾਡੇ ਰਾਜ ਤੁਹਾਨੂੰ ਦਿਵਾ ਦਈਏ, ਸਾਡੀ ਆਖੀ ਨੂੰ ਤੁਸੀਂ ਕਮਾਓ ਜੇਕਰ
ਰਾਜ ਜ਼ੁਲਮ ਦਾ ਏਹ ਦੇਸੋਂ ਦੂਰ ਹੋਵੇ, ਥੋੜਾ ਹੌਸਲਾ ਮਿਲ ਦਖਾਓ ਜੇਕਰ
ਹੋਵੇ ਧਰਮ ਦਾ ਰਾਜ ਤੇ ਕਰੋ ਮੌਜਾਂ, ਅਗੇ ਅਸੀਂ ਪਿਛੇ ਲਗੇ ਆਓ ਜੇਕਰ
ਤੁਹਾਡੇ ਭਲੇ ਦੀ ਗਲ ਕਰਤਾਰ ਸਿੰਘਾ, ਸੁਖ ਪਾਓਗੇ ਕਰੋ ਕਰਾਓ ਜੇਕਰ

### ਰਾਜਿਆਂ ਵਲੋਂ ਜਵਾਬ

ਰਾਜੇ ਆਖਦੇ ਗੁਰੂ ਜੀ ਸਚ ਆਖੋ, ਪਰ ਆਪ ਦੀ ਸਿਖੀ ਕਮਾਈਏ ਕੀਕੂੰ
ਤੁਸਾਂ ਭਵਨ ਚਾਰੇ ਕਠੇ ਕਰ ਦਿਤੇ, ਰਲ ਸੂਦਰਾਂ ਦੇ ਨਾਲ ਖਾਈਏ ਕੀਕੂ
ਬੋਦੀ ਜਞੂ ਨਿਸ਼ਾਨ ਜੋ ਹਿੰਦੂ ਦਾ ਏ, ਹਿੰਦੂ ਹੋ ਕੇ ਅਸੀਂ ਤਜਾਈਏ ਕੀਕੂੰ
ਦਵੀ ਦੇ ਉਤੇ ਤੁਸੀਂ ਨਪੂਰਦੇ ਹੋ, ਅਸੀਂ ਠਾਕਰਾਂ ਤੋਂ ਮੂੰਹ ਭਵਾਈਏ ਕੀਕੂ
ਅਸੀਂ ਕਿਸਤਰ੍ਹਾਂ ਸਜੀਏ ਸਿੰਘ ਤੁਹਾਡੇ, ਹਿੰਦੂ ਧਰਮ ਦੇ ਨੇਮ ਤੁੜਾਈਏ ਕੀਕੂ
ਦੂਜਾ ਬਾਦਸ਼ਾਹ ਦੇ ਬਰਖਲਾਫ ਹੋਕੇ, ਰਖ ਹੌਸਲਾ ਤੇਗ ਉਠਾਈਏ ਕੀਕੂ
ਵਿਚ ਪਲਾ ਓਹ ਖਾਕ ਮਿਲਾ ਦੇਵੇ, ਜਾਨ ਬੁਝਕੇ ਰਾਜ ਗਵਾਈਏ ਕੀਕੂ
ਮੁਸਲਮਾਨਾਂ ਦੇ ਸਾਮਣੇ ਅਖ ਕਰਨੀ, ਏਡਾ ਹੌਸਲਾ ਅਸੀਂ ਰਖਾਈਏ ਕੀਕੂ
ਬੈਠੇ ਦਬੀ ਰਾਜੇ ਮਹਾਰਾਜੇ ਸਾਰੇ, ਅਸੀਂ ਅਗੇ ਹੋ ਟੰਗ ਫਸਾਈਏ ਕੀਕੂ

ਨਾਮ ਤੁਰਕ ਦਾ ਸੁਣਕੇ ਅਸੀਂ ਡਰਦੇ, ਹੋ ਕੇ ਸਾਮਣੇ ਜੰਗ ਮਚਾਈਏ ਕੀਕੂੰ
ਅਸੀਂ ਏਸੇ ਤਰਾਂ ਚੰਗੇ ਹਾਂ ਰਾਜ਼ੀ, ਮੌਜ ਬਣੀ ਐਵੇਂ ਰੌਲਾ ਪਾਈਏ ਕੀਕੂੰ
ਬਾਦਸ਼ਾਹ ਨੂੰ ਛੇੜ ਕਰਤਾਰ ਸਿੰਘਾ, ਮੁੜ ਆਪਣਾ ਆਪ ਬਚਾਈਏ ਕੀਕੂੰ

ਤਥਾ

ਤੁਸੀਂ ਕਰੋ ਜਿਵੇਂ ਜੀ ਕਰੇ, ਸ਼ਕਤ ਵਾਲੇ ਹੋ ਤੋੜ ਨਿਭਾ ਲੌ ਗੇ
ਤੁਹਾਡਾ ਥੋਹ ਕਿਹੜਾ ਕਿਸੇ ਦੇਸ ਲੈਣਾ, ਏਥੋਂ ਉੱਜੜੇ ਹੋਰ ਥਾਂ ਜਾ ਰਹੋ ਗੇ
ਜਿਥੇ ਬੈਠੋਂਗੇ ਓਥੇ ਹੀ ਹੇਨ ਮੌਜਾਂ, ਸਿਖੀ ਸੇਵਕੀ ਹੋਰ ਬਨਾ ਲੌਂ ਗੇ
ਘਾਟਾ ਸਾਨੂੰ ਹੀ ਹੈ ਕਰਤਾਰ ਸਿੰਘਾ, ਤੁਸੀਂ ਪੈਰ ਵਿਚੋਂ ਖਿਸਕਾ ਲੌਂ ਗੇ

ਸ੍ਰੀ ਦਸਮੇਸ਼ ਜੀ

ਸੁਣੋ ਰਾਜਿਓ ਸਚ ਏਹ ਆਖਦੇ ਹਾਂ, ਅਸੀਂ ਭਲਾ ਤੁਹਾਡਾ ਕਰਾਨਾ ਚਾਹਦੇ
ਤੁਹਾਡਾ ਕਿਰ ਮਦਦ ਨਾਲ ਹੋ ਸਾਥੀ, ਭਾਰਤ ਵਰਸ਼ ਦਾ ਰਾਜ ਦਿਵਾਨਾ ਚਾਹਦੇ
ਬੀਰਤਾਈ ਤੇ ਛਤ੍ਰਤਾ ਮਰ ਗਈ, ਨਵੇਂ ਸਿਰੇ ਹਾਂ ਅਸੀਂ ਜਿਵਾਨਾ ਚਾਹਦੇ
ਸਭ ਸੁਖ ਪ੍ਰਤਾਪ ਹੋ ਨਸ਼ਟ ਗਏ, ਮੋੜ ਉਨਾਂ ਨੂੰ ਏਥੇ ਲਿਆਨਾ ਚਾਹਦੇ
ਹਿੰਦ ਬੱਕਰੀ ਜ਼ਾਲਮਾਂ ਪੱਕੜੀ ਹੈ, ਜਾਨ ਵਾਰਕੇ ਅਸੀ ਛੁਡਾਨਾ ਚਾਹਦੇ
ਰੁੜੀ ਜਾਂਦੀ ਹੈ ਇਹ ਹਿੰਦ ਵਾਇਨਸਾਰੀ, ਬੰਨੇ ਸੁਖਾਂ ਦੇ ਏਸ ਨੂੰ ਲਾਨ ਚਾਹਦੇ
ਬਦਲ ਚੜ੍ਹਦੇ ਜ਼ੁਲਮ ਦੇ ਦਿਲੀ ਵਿਚੋਂ ਅਸੀਂ ਓਨਾਂਨੂੰ ਦੇਸੋਂ ਉਡਾਨਾ ਚਾਹਦੇ
ਰੋਜ਼ ਲਖਾਂ ਹਿੰਦੂ ਪਏ ਕਤਲ ਹੁੰਦੇ, ਛਾਤੀ ਡਾਹਕੇ ਅਸੀਂ ਬਚਾਨਾ ਚਾਹਦੇ
ਛਟ ਜ਼ੁਲਮ ਦੀ ਲੋਕ ਦਬਾ ਲਏ, ਭਾਰ ਹਿੰਦ ਦੇ ਸਿਰੋਂ ਓਹ ਲਾਹਨਾ ਚਾਹਦੇ
ਹੋਕੇ ਛਤ੍ਰੀ ਤੁਸੀਂ ਗੁਲਾਮ ਬਣੇ, ਅਸੀਂ ਰਾਜੇ ਸਤੰਤ੍ਰ ਬਨਾਨਾ ਚਾਹਦੇ
ਲੋਕ ਮਾਰੀਦੇ ਗਿਦੜੋਂ ਹੋਏ ਭੈੜੇ, ਅਸੀਂ ਸ਼ੇਰ ਬਨਾ ਲੜਾਨਾ ਚਾਹਦੇ
ਤੁਹਾਡੇ ਭਾਗ ਸਾਡੇ ਵਸ ਕੁਝ ਨਾਹੀਂ, ਤੁਸੀਂ ਦੁਖ ਨ ਸਿਰੋਂ ਗਵਾਨਾ ਚਾਹਦੇ
ਤੁਸੀਂ ਭੌਂ ਗੁਲਾਮੀ ਦੇ ਖੂਹ ਡਿਗੇ, ਅਸੀਂ ਕਰਕੇ ਦਰਦ ਕਢਾਨਾ ਚਾਹਦੇ
ਸਾਨੂੰ ਕਸਮ ਹੈ ਰਾਜ ਨ ਅਸੀਂ ਚਾਹਦੇ ਹਾਂ, ਪਰ ਉਪਕਾਰ ਕਮਾਨਾ ਚਾਹਦੇ
ਸਚਾ ਰਾਜ ਸਾਡੇ ਪਾਸ ਪ੍ਰਿਥਵੀ ਦਾ, ਝੂਠਾ ਰਾਜ ਨਾਹੀਂ ਗਲ ਪਾਨਾ ਚਾਹਦੇ
ਸਿਰਫ ਜਿਨਾਂ ਦੇ ਸਿਰ ਤੇ ਜ਼ੁਲਮ ਹੁੰਦਾ, ਦੁਖ ਉਨਾਂ ਦਾ ਹਾਂ ਵੰਡਾਨਾ ਚਾਹਦੇ
ਸੁਲ੍ਹਾ ਵੈਰ ਨ ਸਾਡਾ ਹੈ ਨਾਲ ਕਿਸੇ ਭਲਾ ਸਭ ਦਾ ਅਸੀਂ ਮਨਾਨਾ ਚਾਹਦੇ
ਮੁਸਲਮਾਨ ਮਜ਼ਬ ਸਾਡਾ ਨਹੀਂ ਵੈਰੀ, ਸਜਨ ਹਿੰਦੂ ਨਹੀਂ ਅਖਵਾਨਾ ਚਾਹਦੇ

ਫੁਲਮਾੜਿਆਂ ਦੀਆਸੀਂ ਮਦਦ ਆਏ, ਜਿਨਾਂ ਹੁਕਮਅਕਾਲ ਬਜਾਨਾ ਚਾਂਹਦੇ
ਹਿੰਦਵਾਇਣ ਦੁਖੀ ਅਸਾਂ ਮਦਦੀ ਹੋ, ਮਾਰ ਜ਼ਾਲਮਾਂ ਜ਼ੁਲਮ ਹਟਾਨਾ ਚਾਂਹਦੇ
ਤੁਸੀਂ ਮਿਲ ਜਾਂਦੇ ਚੰਗਾ ਕੰਮ ਹੁੰਦਾ, ਪਰ ਤੁਸੀਂ ਨਫਾਇਦਾ ਉਠਾਨਾ ਚਾਂਹਦੇ
ਦੇਸ ਪਰਜਾਰਨਤੁਸਾਂ ਦੇ ਵਿਚ ਰਤੀ, ਤੁਸੀਂ ਆਪਣਾ ਭਲਾ ਨਬਾਹਨਾ ਚਾਂਹਦੇ
ਚੰਗਾ ਸਾਨੂੰ ਸੀ ਹੁਕਮ ਅਕਾਲ ਦਾ ਏ, ਅਸੀਂ ਫੂਕੇ ਝਬਦੇ ਜਾਨਾ ਚਾਂਹਦੇ
ਏਹਤਾਂ ਕੰਮ ਜਿਵੇਂਓਸੇ ਹੈਨ ਕਰਨੇ, ਐਵੇਂ ਤੁਹਾਨੂੰ ਸਾਂ ਜਸ ਦਿਵਾਨਾ ਚਾਂਹਦੇ
ਜਿਹੜੇ ਕੰਮ ਨੂੰ ਆਏ ਕ੍ਰਤਾਰ ਸਿੰਘਾ, ਅਸੀਂ ਓਸਨੂੰ ਹੁਣ ਹਿਲਾਨਾ ਚਾਂਹਦੇ

ਰਾਜੇ

ਗਲਾਂ ਕਰਨੀਆਂ ਗੁਰੂ ਜੀ ਸੌਖੀਆਂ ਨੇ ਤੋੜ ਉਨਾਂ ਨੂੰ ਫੇਰ ਚੜਾਨਾ ਔਖਾ
ਬਾਦਸ਼ਾਹਾ ਹੈ ਭਾਰੀ ਜੁਗਤਿਆਂ ਦੀ ਓਹਦੇ ਨਾਲ ਹੈ ਜੇ ਮਥਾ ਲਾਨਾ ਔਖਾ
ਮੁਸਲਮਾਨ ਪਠਾਨਣੇ ਕੌਮ ਜੰਗੀ, ਓਹਨਾਂ ਸਾਮਣੇ ਜੰਗ ਮਚਾਨਾ ਔਖਾ
ਨਾਈ, ਝੀਊਰ ਛੀਂਬੇ ਜਟ ਸਿਖ ਤੁਹਾਡੇ ਹੈ ਮੁਕਾਬਲੇ ਉਨਾਂ ਦੇ ਡਾਨਾ ਔਖਾ
ਓਹ ਬਘਯਾੜ ਤੇ ਭੇਡਾਂ ਸਿਖ ਤੁਹਾਡੇ, ਓਹਨਾਂ ਸਾਮਣੇ ਚੁਕ ਕਰਾਣਾ ਔਖਾ
ਸਿਖਚਿੜੀਆਂਬਾਜ਼ ਓਹ ਬਲੀ ਭਾਰੇ, ਬਾਜ ਚਿੜੀ ਤੋਂ ਹੈ ਮਰਵਾਨਾ ਔਖਾ
ਬਾਦਸ਼ਾਹੀ ਫੌਜਾਂ ਕਹਿਰ ਰਬ ਦਾ ਨੇ, ਸਿਖ ਥੋੜੇ ਜਹੇ ਜੰਗ ਪਾਨਾ ਔਖਾ
ਭਾਵੇਂ ਕੁਝ ਹੋਵੇ ਪਰ ਅਸਾਂ ਤਾਂਈਂ, ਰਲ ਸੂਦਰਾਂ ਦੇ ਨਾਲ ਖਾਨਾ ਔਖਾ
ਰਲ ਛੋਟੀਆਂ ਜਾਤਾਂ ਦੇ ਨਾਲ ਛੋਟੇ, ਬਣ ਵਿਚ ਸ਼ਰੀਕਾਂ ਅਖਵਾਨਾ ਔਖਾ
ਬੀੜਾ ਚੁਕਿਆ ਵਡਾ ਕਰਤਾਰ ਸਿੰਘਾ, ਏਹ ਪਏਗਾ ਖਰਾਂ ਨਿਭਾਨਾ ਔਖਾ

ਸ੍ਰੀ ਦਸਮੇਸ਼ ਜੀ ਨੇ ਰਾਜਿਆਂ ਨੂੰ ਕੁਸੇ ਹੋ ਜਵਾਬ ਦੇਣਾ

ਜਾਓ ਕਚਿਓ ਕੋੜਿਓ ਕੋਹੀਓ ਓਏ, ਤੁਹਾਡੀ ਨਹੀਂ ਪ੍ਰਵਾਹ ਰਖਾਵਾਂਗਾ ਮੈਂ
ਪਥਰ ਪੂਜ ਤੁਹਾਡੀ ਮਤ ਹੋਈ ਪਥਰ, ਤੁਹਾਡਾ ਕਦੇ ਵਿਸਾਹ ਨ ਖਾਵਾਂਗਾਮੈਂ
ਜਟ, ਨਾਈ ਛੀਂਬਾ ਕਹੋ ਜਿਨਾ ਤਾਈ, ਰਾਜੇ ਇਨਾਂ ਦੇ ਤਾਈਂ ਬਨਾਵਾਂਗਾਮੈਂ
ਨੀਚ, ਵੈਸ਼ ਸ਼ੂਦਰ ਕਹੋ ਜਿਨਾਂ ਤਾਈਂ, ਤੁਹਾਥੋਂ ਕਰਕੇ ਉਚੇ ਦਿਖਾਵਾਂਗਾ ਮੈਂ
ਤੁਹਾਨੂੰ ਰਾਜ ਦੇ ਮੇਰੀ ਵਡਯਾਈ ਕੀਸੀ, ਚਾ ਗਰੀਬਾਂਨੂੰਰਾਜਦਿਖਾਵਾਂਗਾ ਮੈਂ
ਹਲਵਾਹਾਂ ਦੇ ਛਤਰ ਝੁਲਾ ਸਿਰ ਤੇ, ਸਚਾ ਗਰੀਬ ਨਿਵਾਜ ਅਖਵਾਂਗਾ ਮੈ
ਸ਼ੂਦਰ ਆਖਕੇ ਜਿਨ੍ਹਾਂ ਤੋਂ ਪਿਛਾਂਹ ਹਟੇ, ਏਡੇ ਇਨ੍ਹਾਂ ਤਾਈਂ ਵਡਿਆਵਾਂਗਾ ਮੈਂ

ਏਹਨਾਂ ਜਟਾਂ ਤਾਈਂ, ਸ੍ਰਦਾਰੀਆਂ ਦੇ,ਗੱਦੀ ਪੁਰਖ ਅਕਾਲ ਦੀ ਪਾਂਵਾਂਗਾ ਮੈਂ
ਯਾਦ ਮੇਰੇ ਅਹਿਸਾਨ ਨੂੰ ਏਹ ਰਖਣ, ਹਨੇ ਹਨੇ ਤੇ ਰਾਜ ਵਰਾਵਾਂਗਾ ਮੈਂ
ਤਸੀਂ ਜਾਪ ਅਭਿਮਾਨ ਚਿ ਰਹੋ ਡੁਬੇ,ਸਿਖੀ ਵਿਚਨ ਤੁਹਾਨੂੰ ਮਿਲਾਵਾਂਗਾ ਮੈਂ
ਦੂਜਾ ਡਰ ਜੇਹੜਾ ਦਿਓ ਬਾਦਸ਼ਾਹੀ, ਓਹ ਖੋਫ ਨ ਚਿਤ ਨੂੰ ਲਾਵਾਂਗਾ ਮੈਂ
ਏਹ ਗੋਬਿੰਦ ਸਿੰਘ ਨਾਮ ਅਖਾਂਵਾਤਦੋਂ,ਜਦੋਂ ਚਿੜਿਆਂ ਤੋਂ ਬਾਜ ਤੁੜਾਂਵਾ ਮੈਂ
ਤੁਰਕਾ ਸਣੇ ਤੁਹਾਡੀ ਮਿਟੀ ਖਵਾਰ ਕਰਕੇ ਸਿਰ,ਪੰਥ ਦੇ ਛਤਰਝੁਲਾਵਾਂਗਾ ਮੈਂ
ਕਹਿਆ ਪਰਭੂ ਦਾ ਕਰਾਂਗਾ ਵਜਕੇ ਹੁਣ,ਨਹੀਂ ਕਿਸੇ ਦੀ ਕਾਨਰਖਾਂਵਾਂਗਾ ਮੈਂ
ਗੀਦੀ, ਪਾਪੀਆਂ,ਪਾਮਰਾ ਤਾਂਈਂ ਮਾਰਾ,ਤੇ ਗ੍ਰੀਬੀ ਤਾਈਂ ਗਲਲਾਵਾਂਗਾ ਮੈਂ
ਪੁਟ ਜ਼ੁਲਮ ਦਾ ਝੰਡਾ ਕਰਤਾਰ ਸਿੰਘਾ,ਸਾਰੇ ਧਰਮ ਦਾ ਰਾਜ ਕਰਵਾਂਗਾ ਮੈਂ

ਤਥਾ

ਤੁਹਾਡਾ ਬਾਦਸ਼ਾਹ ਤੇ ਨਹੀਂ ਜ਼ੁਮੀਰ,ਹੋਗੇਸ਼ਕਲ ਹੋਰਹੀਸਮਾਪਲਟਾਏਗਾ ਜੀ
ਜ਼ਾਲਮ ਜ਼ੁਲਮ ਬਣ ਸਣੇ ਏਥੇ ਦੂਰ ਹੋਸਨ, ਧਰਮ ਆ ਕੋਈ ਕਮਾਏਗਾ ਜੀ
ਸਾਡੇ ਪਿਤਾ ਜੀ ਸਦ ਗਏ ਟੋਪੀ ਵਾਲਾ,ਥੋੜੇ ਚਿਰਾਂ ਨੂੰ ਓਹ ਜੋਰ ਪਾਏਗਾ ਜੀ
ਇਕ ਸਦੀ ਤੋੜੀ ਪਿਛੇ ਅਸਾਂ ਤੋਂਆ, ਓਹ ਧਰਮੀ ਝੰਡਾ ਝੁਲਾਏਗਾ ਜੀ
ਜੋਰ ਜ਼ੁਲਮ ਸਭੇ ਦੇਸ਼ੋਂ ਦੂਰ ਕਰਕੇ, ਭਾਰਤ ਵਰਸ਼ ਨੂੰ ਸੁਖ ਵਿਖਾਵੇਗਾ ਜੀ
ਮੇਰੇ ਖਾਲਸੇ ਦੇ ਨਾਲ ਮਿਲ ਕਰਕੇ, ਸਦਾ ਦੋਖੀਆਂ ਤਾਈ ਦਬਾਏਗਾ ਜੀ
ਜਿਹੜੇ ਸੁਖਾਂ ਅਸਾਂ ਹੈ ਮੁਢ ਬਧਾ, ਏਹਨਾਂ ਸੁਖਾਂ ਨੂੰ ਓਹ ਵਧਾਵੇਗਾ ਜੀ
ਤਦੀ, ਜੋਰ, ਧਕਾ ਦੇਸੋਂ ਦੂਰ ਕਰਕੇ, ਇਨਸਾਫ ਆਰਾਮ ਵਰਤਾਏਗਾ ਜੀ
ਪੰਥ ਵਧੇਗਾ ਓਹਦੇ ਸਾਏ ਤਲੇ, ਤੁਰਕ ਰਾਜ ਨ ਨਜ਼ਰੀਂ ਆਏਗਾ ਜੀ
ਰਖੇ ਕਾਇਮ ਰਬ ਕਰਤਾਰ ਸਿੰਘਾ,ਫਲਦਾ ਵਾਕ ਏਹ ਗੁਰਾਂਦਾ ਜਾਏਗਾ ਜੀ

ਵਾਰ ਤ੍ਰਵੀ

ਰਾਜੇ ਵਿਦਾ ਹੋ ਕੇ ਅੰਤ ਚਲੇ ਗਏ, ਮਨ ਵਿਚ ਪੇਚੋਤਾਬ ਖਾਂਦੇ ਰਹੇ
ਓਹ ਕਚੇ ਪਹਾੜੀਏ ਰਹੇ ਦੋਖੀ, ਸਤਿਗੁਰੂ ਜੀ ਮਿਲਨਾ ਚਾਹਦੇ ਰਹੇ
ਪੱਥਰ ਵਾਂਗ ਭਿਜੇ ਨ ਰਹੇ ਕੋਰੇ, ਪਾਣੀ ਪ੍ਰੇਮ ਸਤਿਗੁਰੂ ਜੀ ਪਾਂਦੇ ਰਹੇ
ਓਹ ਮੁਢੋਂ ਹੀ ਈਰਖਾ ਰਹੇ ਕਰਦੇ, ਸਤਿਗੁਰੂ ਜੀ ਭਲਾ ਮਨਾਂਦੇ ਰਹੇ
ਜਦੋਂ ਲਗਾ, ਦਾ ਰਾਜਿਆਂ ਦੁਖ ਦਿਤਾ, ਵੈਰ ਕਰਕੇ ਜੰਗ ਮਚਾਂਦੇ ਰਹੇ
ਕੀਤਾ ਜੰਗ ਭੰਗਾਣੀ ਤੇ ਹੋਰ ਛੇੜਾਂ, ਪਿੰਡੋਂ ਕੱਢਣੇ ਵਿਓਂਤ ਬਨਾਂਦੇ ਰਹੇ

ਪਰ ਗੁਰੂ ਜੀ ਔਗੁਣ ਭੁਲਾ ਕਰਕੇ; ਗੁਣ ਓਹਨਾਂ ਦੇ ਨਾਲ ਕਮਾਂਦੇ ਰਹੇ
ਸ਼ਾਹੀਅਰਸਰਾ ਦੇ ਨਾਲ ਏਹਨਾਂ ਬਦਲੇ, ਕਈ ਵਾਰ ਜਾ ਤੇਗਾਂ ਚਲਾਂਦੇ ਰਹੇ
ਭੀੜ ਇਹਨਾਂ ਪਿਛੇ ਨਾਲ ਹਾਕਮਾਂ ਦੇ, ਪਾ ਆਪ ਨੁਕਸਾਨ ਉਠਾਂਦੇ ਰਹੇ
ਨ ਫੇਰ ਪਹਾੜੀਏ ਮਿਤ ਬਣੇ, ਵੈਰ ਵਿਚ ਹੀ ਵਿਚ ਵਧਾਂਦੇ ਰਹੇ
ਨਾਲ ਭਲੇ ਦੇ ਬੁਰਾ ਕਰਤਾਰ ਸਿੰਘਾ, ਕਰ ਕੁਲ ਕਲੰਕ ਲਵਾਂਦੇ ਰਹੇ

### ਰਾਜਿਆਂ ਦੀ ਖੋਟ

ਗਲਾਂ ਰਾਜਯਾਂ ਦੇਨਾਲ ਕੀਤੀਆਂਜੋ,ਉਨਾਂ ਲਿਖ ਓਹ ਦਿਲੀ ਪੁਚਾਈਆਂ ਜੀ
ਲੂਤੀਆਂ ਸਤਿਗੁਰਾਂ ਦੇਉਤੇ ਪੁਜੀਆਂ ਜੋ, ਘੜ ਹੋਰ ਵਧੇਰੀਆਂ ਲਾਈਆਂ ਜੀ
ਬਾਦਸ਼ਾਹ ਨੂੰ ਬਦ ਗੁਮਾਨ ਕੀਤਾ, ਧਰਮ ਅਗੇ ਰੁਕਾਵਟਾਂ ਪਾਈਆਂ ਜੀ
ਏਸੇ ਤਰਾਂ ਹੋਨੀ ਸੀ ਕਰਤਾਰ ਸਿੰਘਾ, ਖੋਟੇ ਦੇਸ ਦੇ ਭਾਗਾਂ ਕਰਾਈਆਂ ਜੀ

### ਚੇਤੂ ਮਸੰਦ ਦਾ ਪਾਜ

ਸਤਿਗੁਰਾਂ ਦੇ ਹੁਣ ਪ੍ਰਸੰਗ ਹੁਣੋ, ਲੀਲ੍ਹਾ ਕੀ ਕੀ ਉਹਨਾਂ ਰਚਾਈ ਸੀ ਜੀ
ਉਸ ਸਮੇਂ ਮੁਲਤਾਨ ਦੇ ਪ੍ਰਗਣੇ ਦੀ, ਕਠੀ ਹੋ, ਬਹੁਤੀ ਸੰਗਤ ਆਈ ਸੀ ਜੀ
ਬਹੁਤੇ ਸਿੰਘ ਸਜੇ ਹੋਏ ਰਹਿਤ ਵਾਲੇ, ਮਾਈ ਭਾਈ ਨੇ ਮਾਯਾ ਚੜ੍ਹਾਸੀ ਸੀ ਜੀ
ਸ਼ੇਰ ਸਿੰਘ ਇਕ ਗੁਰੂ ਕਾ ਸਿਖ ਪ੍ਰੇਮੀ, ਥਾਨਬਾਦਲੇਦਾ ਕੀਮਾਤਾਈ ਸੀ ਜੀ
ਧਰ ਸ਼ਸਤ੍ਰ ਬਸਤਰ ਗੁਰਾਂ ਅਗੇ, ਓਸ ਬੇਨਤੀ ਏਹ ਸੁਨਾਈ ਸੀ ਜੀ
ਇਕ ਥਾਨ ਅਗੇ ਜੋੜੀ ਕੰਗਣਾਂ ਦੀ, ਕੰਠਾਂ ਮੋਤੀਆਂ ਦਾ ਛਬਦਾਈ ਸੀ ਜੀ
ਹਥ ਚੇਤੂ ਦੇ ਆਪ ਨੂੰ ਭੇਜਿਆ ਸੀ;ਕੀਮਤ ਉਨਾਂ ਤੇ ਬਹੁਤ ਖਰਚਾਈ ਸੀ ਜੀ
ਗੁਰਾਂ ਆਖਿਆ ਸਾਨੂੰ ਤਾਂਨਹੀਂ ਪਹੁੰਚੇ,ਚੇਤੂ ਜਾਪਦਾ ਗਿਆ ਪਚਾਈ ਸੀ ਜੀ
ਏਹ ਸੁਣ ਕੇ ਚੇਤੂ ਦੇ ਚਿਹਰੇ ਉਤੇ, ਇਕ ਵਾਰ ਆ ਮੁਰਦਨੀ ਛਾਈ ਸੀ ਜੀ
ਕੀਤੀ ਪੁਛ ਨ ਗੁਰਾਂ ਕ੍ਰਤਾਰ ਸਿੰਘਾ, ਕਰਦੇ ਕੇਡੀ ਮਸੰਦ ਬੁਰਿਆਈ ਸੀ ਜੀ

### ਮਸੰਦਾ ਨੂੰ ਪੁਛਣਾ ਤੇ ਉਸ ਨੇ ਗੁਸਾ ਕਰਨਾ

ਕਿਉਂ ਚੇਤੂ ਇਹ ਸਿੰਘਣੀ ਆਖਦਾਏ, ਸਾਡੇ ਪਾਸ ਤੂੰ ਭੇਟਾ ਪੁਚਾਈ ਕੋਈ ਨ
ਕਿਥੇ ਥਾਨ ਕੜੇ ਕੰਠਾ ਹਈ ਕਿਥੇ, ਬੇਈਮਾਨੀ ਹੈ ਤੇਰੀ ਸਫਾਈ ਕੋਈ ਨ
ਨਕ ਚਾੜ ਮਸੰਦ ਕਹੇ ਗੁਰੂ ਜੀ ਨੂੰ; ਭੁਖੇ ਸਿਖ ਨੇ ਭੇਟਾ ਚੜ੍ਹਾਈ ਕੋਈ ਨ
ਐਵੇਂ ਸੁਣ ਝੂਠੀ ਵਿਚ ਸਭਾ ਦੇ ਜੀ, ਮੇਰੀ ਇਜ਼ਤ ਤੁਸਾਂ ਰਖਾਈ ਕੋਈ ਨ
ਇਕ ਸਿਖ ਪਾਸੋਂ ਹੋਰ ਬੋਲ ਪਿਆ, ਬੋਲੇ ਝੂਠ ਮਸੰਦ ਦਨਾਈ ਕੋਈ ਨ

ਏਹਦੇ ਘਰ ਚੀਜਾਂ ਅਖੀਂ ਡਿਠੀਆਂ ਮੈਂ ਹੁਨ ਗਿਆ ਮੁਕਰ ਭਲਯਾਈ ਕੋਈ ਨ
ਸਤਿਗੁਰਾਂ ਸਭ ਘਰੋਂ ਕਢਾ ਲਈਆਂ, ਰਹੀ ਝੂਠੇ ਦੀ ਫੇਰ ਭੜਿਆਈ ਕੋਈ ਨ
ਵੱਡ ਚੰਗੀ ਕਰਵਾਈ ਕਰਤਾਰ ਸਿੰਘਾ, ਅਗੋਂ ਫੇਰ ਕਰੇ ਬੁਰਿਆਈ ਕੋਈ ਨ

ਮਸੰਦਾਂ ਦੀ ਇਤਬਾਰੀ ਵੇਖ ਕੇ ਸਭ ਕੰਮ ਸਿੰਘਾਂ ਨੂੰ ਸੌਂਪਨੇ

ਏਸੇ ਤਰਾਂ ਸਕਾਇਤਾਂ ਕਈ ਹੋਈਆਂ, ਭੇਦ ਗੁਰੂ ਜੀ ਜਾਨਣਹਾਰ ਸਾਰੇ
ਹੋਈ ਬੇਇਤ੍ਬਾਰੀ ਮਸੰਦਾਂ ਉਤੇ, ਡਿਠੇ ਇਨ੍ਹਾਂ ਤੋਂ ਸਿਖ ਲਾਚਾਰ ਸਾਰੇ
ਹੌਲੀ ਹੌਲੀ ਸਤਿਗੁਰਾਂ ਹਟਾਏ ਪਿਛੇ, ਸਿੰਘ ਕਰਨ ਲਗੇ ਅਗੇ ਕਾਰਦਾਰ ਸਾਰੇ
ਹਥਾਂ ਇਨਾਂ ਦਿਆਂ ਵਿਚੋਂ ਕਢ ਕਰਕੇ, ਸੌਂਪੇ ਖਾਲਸੇ ਨੂੰ ਕਾਰਬਾਰ ਸਾਰੇ
ਘਟਿਆ ਕਦਰ ਮਸੰਦਾਂ ਨੇ ਵੇਖਿਆ ਜਾਂ, ਖਾਣ ਲਗ ਪਏ ਦਿਲੋਂ ਖਾਰ ਸਾਰੇ
ਰਹੇ ਥੋੜੇ ਹੀ ਸਿਦਕ ਭਰੋਸੇ ਵਾਲੇ, ਬਾਕੀ ਉਲਟ ਹੋ ਗਏ ਬੁਰਿਆਰ ਸਾਰੇ
ਸਤਿਗੁਰੂ ਭੀ ਚਾਹਦੇ ਸੀ ਇਨਾਂ ਹਥੋਂ, ਖੋਹ ਲਈਏ ਅਸੀਂ ਅਖਤਯਾਰ ਸਾਰੇ
ਏਹ ਲੋਕ ਹੋਏ ਮਗਰੂਰ ਬਹੁਤੇ, ਕਰਦੇ ਕੰਮ ਹੋ ਖੁਦ ਮੁਖਤਯਾਰ ਸਾਰੇ
ਜਿਨੂੰ ਚਾਹੀਏ ਗੁਰੂ ਬਣਾ ਲਈਏ, ਮਨ ਰਖਦੇ ਸਨ ਦਿਲ ਧਾਰ ਸਾਰੇ
ਏਸੇ ਵਾਸਤੇ ਅਦਬ ਸੀ ਘਟ ਕਰਦੇ, ਮਨ ਭਾਈ ਕਮਾਉਂਦੇ ਕਾਰ ਸਾਰੇ
ਗੁਰ ਗਦੀ ਨੂੰ ਤਾਬਿਆ ਰਖਣੇ ਦੀ, ਚਾਲ ਚਲਦੇ ਸਨ ਕੂੜਿਹਾਰ ਸਾਰੇ
ਚਲੇ ਗੁਰ ਸਾਡੇ ਅਨੁਸਾਰ ਖਦਾ, ਫੜੀ ਰਖਦੇ ਸਨ ਏਹੋ ਢਾਰ ਸਾਰੇ
ਇਹ ਬੜਾ ਘਾਟਾ ਗੁਰਗਦੀ ਨੂੰ ਸੀ; ਭੇਦ ਗੁਰੂ ਸੀ ਜਾਨਣੇਹਾਰ ਸਾਰੇ
ਲਗੇ ਜੋਰ ਘਟਾਉਣ ਕਰਤਾਰ ਸਿੰਘਾ, ਗੁਰ ਨਵੇ ਨੁਕਸਾਨ ਵਿਚਾਰ ਸਾਰੇ

ਸ਼ੇਰ ਦਾ ਦ੍ਰਿਸ਼ਟਾਂਤ

ਇਕ ਦਿਨ ਸ਼ਿਕਾਰ ਵਿਚ ਉਦੇ ਸਿੰਘ ਨੇ, ਸ਼ੇਰ ਮਾਰਿਆ ਗੋਲੀ ਚਲਾ ਕਰਕੇ
ਸਤਿਗੁਰਾਂ ਨੇ ਕਿਸੇ ਨੂੰ ਦਸਿਆ ਨ; ਪੂਰੀ ਓਸਦੀ ਖਲ ਲੁਹਾ ਕਰਕੇ
ਇਕ ਖੋਤੇ ਦੇ ਉਤੇ ਪਵਾ ਦਿਤੀ; ਚੁਪ ਕੀਤਿਆਂ ਬਾਹਰ ਮੰਗਾ ਕਰਕੇ
ਵਿਚ ਖੇਤਾਂ ਦੇ ਉਸਨੂੰ ਖੜ ਦਿਤਾ, ਲਗਾ ਫਿਰਨ ਉਹ ਵੇਸ ਵਟਾ ਕਰਕੇ
ਲੋਕ ਵੇਖ ਕੇ ਓਸ ਨੂੰ ਨਠ ਗਏ; ਸ਼ੇਰ ਸਮਝ ਕੇ ਚਿਤ ਡੁਲਾ ਕਰਕੇ
ਉਸ ਪਾਸੇ ਆਉਨਾ ਜਾਣਾ ਬੰਦ ਹੋਯਾ; ਸ਼ੇਰ ਫਿਰਦਾ ਕਹਿਣ ਸੁਣਾ ਕਰਕੇ
ਜਿਧਰ ਮੌਜ ਆਵੇ ਫਿਰੇ ਚੁਗਦਾ ਉਹ, ਮੋਟਾ ਹੋ ਗਿਆ ਖੇਤੀ ਖਾ ਕਰਕੇ
ਇਕ ਸ਼ੇਰ ਪਹਾੜ ਤੋਂ ਆ ਗਿਆ, ਰੋਜ ਲੋਕ ਕਹਿੰਦੇ ਆ ਆ ਕਰਕੇ

ਓਹ ਕਰਰੇ ਜ਼ਰੂਰ ਨੁਕਸਾਨ ਕਦੇ, ਮਾਰੇ ਓਰ ਨੂੰ ਗੁਰੂ ਜੀ ਜਾ ਕਰਕੇ
ਟਾਰਾ ਵਾਲਾ ਸਤਿਗੁਰੂ ਜੀ ਕੂ ਛੱਡਣ, ਗੱਲਾਂ ਦੇ ਵਿਚ ਪਾ ਕਰਕੇ
ਜਦ ਬਹੁਤ ਵਾਰੀ ਲੋਕਾਂ ਅਰਜ਼ ਕੀਤੀ, ਗਏ ਗੁਰੂ ਜੀ ਜੱਥਾ ਬਨਾ ਕਰਕੇ
ਘੇਰਾ ਵਲ ਪਹਾੜ ਦੇ ਪਾ ਲਿਆ, ਛੱਡੀ ਫੋਕੀ ਬੰਦੂਕ ਉਠਾ ਕਰਕੇ
ਗਧਾ ਡਰਦਾ ਮਾਰਿਆ ਉਥ ਨੱਠਾ, ਪੂਛ ਲਤਾਂ ਦੇ ਵਿਚ ਦਬਾ ਕਰਕੇ
ਆਯਾ ਪਿੰਡ ਨੂੰ ਡ੍ਰ ਗਏ ਲੋਕ ਸਾਰੇ, ਕੋਠੀਂ ਚੜ ਗਏ ਜਿੰਦਾਂ ਬਚਾ ਕਰਕੇ
ਓਹਸਿੱਧਾ ਘੁਮਿਆਰਾਂ ਦੇਘਰ ਗਿਆ, ਵੜਿਆ ਖੋਤਿਆਂ ਦੇ ਵਿਚ ਜਾ ਕਰਕੇ
ਚਿਰਾਂ ਪਿਛੋਂ ਭਰਾਵਾਂ ਨੂੰ ਵੇਖ ਕੂਕੇ, ਉੱਚੀ ਹੀਂ ਗਿਆ ਸੁਰਾਂ ਮਿਲਾ ਕਰਕੇ
ਜਦ ਬੋਲਿਆ ਤੇ ਪਾਜ ਗਿਆ ਉਘੜ, ਫੜਲਿਆ ਘੁਮਿਆਰਾਂ ਨੇਚਾ ਕਰਕੇ
ਭਾਈ ਸ਼ੇਰ ਨਹੀਂ ਜੇਏਹ ਤਾਂ ਗਧਾ ਹੈ, ਖਲ ਪਰਾਂ ਮਾਰੀ ਉੱਤੋਂ ਲਾਹ ਕਰਕੇ
ਬੋਰਾ ਗੰਦਗੀ ਦਾ ਉਤੇ ਲੱਦ ਲਿਆ, ਦੋ ਭੌੜੀਆਂ ਢੂੰਗੇ ਤੇ ਲਾ ਕਰਕੇ
ਲੋਕੀਂ ਹੋਏ ਹੈਰਾਨ ਕਰਤਾਰ ਸਿੰਘਾ, ਏਹ ਕੌਤਕ ਵੇਖ ਕੇ ਵਿਖਾ ਕਰਕੇ

ਸਤਿਗੁਰਾਂ ਨੇ ਏਸ ਕੌਤਕ ਦਾ ਨਿਰਨਾ ਦੱਸਨਾ

ਸਭ ਸਿੰਘਾ ਨੂੰ ਕਠਿਆਂ ਕਰਕੇ ਤੇ, ਫੇਰ ਗੁਰੂ ਜੀ ਮੁਖੋਂ ਸੁਨਾਯਾ ਏ
ਵੇਖੋ ਖਾਲਸਾ ਜੀ ਸ਼ੇਰ ਦਾ ਜੋ, ਤੁਸਾਂ ਤਾਂਈ ਕੌਤਕ ਦਿਖਲਾਯਾ ਏ
ਕੇਵਲ ਤੁਹਾਡੇ ਹੀ ਸਮਝਾਵਨੇ ਨੂੰ, ਗਧਾ ਸ਼ੇਰ ਬਨਾ ਚਰਾਯਾ ਏ
ਖਲ ਸ਼ੇਰ ਦੀ ਪਹਿਨ ਓਹ ਸ਼ੇਰ ਬਣਿਆਂ, ਡ੍ਰ ਓਸ ਤੋਂ ਸਭ ਨੂੰ ਆਯਾ ਏ
ਫਿਰਦਾ ਰਿਹਾ ਨ ਰੋਕਿਆ ਕਿਸੇ ਨੇ ਜਾ, ਭੈ ਸਭ ਦੇ ਚਿਤ ਤੇ ਛਾਯਾ ਏ
ਜਦ ਤਓ ਓਹ ਬਣਿਆ ਸ਼ੇਰ ਰਿਹਾ, ਸਮਾਂ ਮੌਜ ਦੇ ਨਾਲ ਲੰਘਾਇਆ ਏ
ਪਰ ਜਦੋਂ ਦਾ ਖੋਤਿਆ ਵਿਚ ਰਵਿਆ, ਖੋਤਾ ਬਣਕੇ ਬੋਰਾਂ ਉਠਾਯਾ ਏ
ਏਸੇ ਤਰਾਂ ਤੁਹਾਨੂੰ ਬੁਰਕਾਂ ਸ਼ੇਰ ਦਾ ਏ ਅਸਾਂ ਗਿਦੜੋਂ ਸ਼ੇਰ ਬਨਾਯਾ ਏ
ਏਹ ਬਾਣਾ ਅਕਾਲ ਦਾ ਬਖਸ਼ ਕਰਕੇ, ਗੋਦੀ ਸ੍ਰੀ ਅਸਕੇਤ ਦੀ ਪਾਯਾ ਏ
ਸਾਬਤ ਸੂਰਤ ਸਿੰਘ ਦਾ ਰੂਪ ਸੋਹਨਾ, ਵਡਾ ਤੇਜ ਇਸ ਵਿਚ ਸਮਾਯਾ ਏ
ਫਾਹੀਆਂ ਕਟ ਸੁਤੰਤਰ ਕਰ ਦਿਤੇ, ਜਾਤ ਪਾਤ ਦੀ ਕੈਦੋਂ ਛੁਡਾਇਆ ਏ
ਏਹ ਸ਼ੇਰ ਦਾ ਰੂਪ ਕਰਤਾਰ ਸਿੰਘਾ, ਪੰਥ ਖਾਲਸਾ ਅਸਾਂ ਰਚਾਯਾ ਏ

ਤਥਾ

ਜਦ ਤਕ ਤੁਸੀਂ ਸ਼ੇਰ ਬਣੇ ਰਹੋਗੇ, ਪੂਰੀ ਬਾਨੇ ਦੀ ਲਾਜ ਨਿਭਾਓਗੇ ਜੀ

ਵਰਨ ਆਸ਼੍ਰਮਾ ਦੀ ਛਟ ਹੇਠ ਆਕੇ, ਭਾੜੇ ਬ੍ਰਾਹਮਣਾਂ ਦੇ ਅਗੇ ਵਾਹੋਗੇ ਜੀ
ਜਿਥੋਂ ਕਢੇ ਅਸਾਂ ਮੁੜ ਫਸ ਓਥੇ, ਗੇੜ ਵਿਚ ਚੁਰਾਸੀਆਂ ਲਾਵੋਗੇ ਜੀ
ਓਸ ਗਧੇ ਵਾਂਗੂ ਮੌਜ ਖੇਤਾਂ ਦੀ ਨੂੰ, ਕਰ, ਕਰਕੇ ਯਾਦ ਪਛਤਾਓਗੇ ਜੀ
ਖੋਹ ਬੈਠੋਂਗੇ ਤੇਜ ਕਰਤਾਰ ਸਿੰਘਾ, ਸਾਡੀ ਰਹਿਤ ਨੂੰ ਜੇ ਭੁਲਾਓਗੇ ਜੀ

ਮਸੰਦਾਂ ਦਾ ਖੋਟ

ਸਤਿਗੁਰੂ ਜੀ ਜਾਨ ਮਸੰਦ ਖੋਟੇ, ਕਦਰ, ਉਨ੍ਹਾਂ ਦਾ ਰੋਜ਼ ਘਟਾਉਨ ਲਗੇ
ਘਰਬਾਰ ਵਿਚ ਸਿੰਘ ਮੁਖਤਾਰ ਕੀਤੇਬਾਹਰੋਂ ਕਾਰ ਭੇਟਾਂਭੀ ਲਿਆਉਨ ਲਗੇ
ਜਿਥੇ ਜਿਥੇ ਪੰਜ ਭੁਜੰਗੀ ਰਲਕੇ, ਅੰਮ੍ਰਿਤ ਸੰਗਤਾਂ ਤਾਈਂ ਛਕਾਉਨ ਲਗੇ
ਕਾਰ ਵਣੀ ਮਸੰਦਾਂ ਦੀ ਪੈ ਢਿਲੀ, ਵਿਚੋ ਵਿਚ ਤੈੜੇ ਖੁਨਸਾਉਨ ਲਗੇ
ਸਤਿਗੁਰਾਂ ਨੂੰ ਹੋ ਸੋਦਾ ਗਿਆ, ਇਕ ਦੂਸਰੇ ਤਈਂ ਸੁਨਾਉਨ ਲਗੇ
ਮਹਿਲਾਂ ਵਿਚ ਮਾਤਾ ਪਾਸ ਜਾਕੇ ਜੀ, ਚਿਤ ਉਨ੍ਹਾਂ ਦੇ ਤਈਂ ਡਰਾਉਨ ਲਗੇ
ਤੁਸੀਂ ਮਾਤਾ ਜੀ ਗੁਰਾਂ ਨੂੰ ਵਰਜ ਲਵੋ, ਬਣੀ ਮੌਜ ਨੂੰ ਹੈਨ ਉਡਾਉਨ ਲਗੇ
ਵੇਖੋ ਭੂਹੇ ਕੀਤੇ ਜਟ ਬੂਟ ਸਾਰੇ ਓਹ ਨਿਤ ਫਸਾਦ ਖਿੰਡਾਉਨ ਲਗੇ
ਜਾ ਰਾਜਿਆਂ ਦੇ ਨਿਤ ਵਿਚ ਪਿੰਡਾਂ, ਲੁਟ ਮਾਰ ਅੜਬੰਗੇ ਕਰਾਉਨ ਲਗੇ
ਏਹ ਲੋਕ ਗਵਾਰ ਮੁਖਤਾਰ ਕਰਕੇ, ਸ਼ੋਰ ਦੇਸ਼ ਦੇ ਵਿਚ ਉਠਾਉਨ ਲਗੇ
ਬਾਦਸ਼ਾਹ ਸੁਣੇ ਬੰਨ੍ਹ ਖੜੇ ਸਾਰੇ ਵਿਚ ਸ਼ਾਹੀ ਦੇ ਗਦਰ ਮਚਾਉਣ ਲਗੇ
ਏਹਨਾਂ ਭੂਤਾਂ ਦਾ ਵਿਗੜਨਾ ਕੀਹ ਪਿਛੋਂ, ਏਹ ਐਵੇਂ ਫਸਾਦ ਪਵਾਉਨ ਲਗੇ
ਨਾਲੇ ਗੁਰਾਂਤਾਈਂ ਚੰਡੀ ਪਈ ਪੁਠੀ, ਤਾਹੀਏਂ ਪੁਠੇ ਇਹਕੰਮ ਕਰਾਉਨ ਲਗੇ
ਤੁਸੀਂ ਸਯਾਣੇ ਹੁਣੇ ਬੰਦੋਬਸਤ ਕਰੋ, ਨਹੀਂ ਤਾਂ ਗੁਰੂਜੀ ਗੱਦੀ ਗਵਾਉਨ ਲਗੇ
*ਸਾਹਬਜ਼ਾਦੇ ਜੀਨੂੰ ਗੱਦੀ ਦੇ ਦਈਏ, ਏਹ ਰਮਜ਼ਾਂ ਨਾਲ ਸਮਝਾਉਣ ਲਗੇ
ਮੰਦੀ ਮਤ ਮਸੰਦ ਕਰਤਾਰ ਸਿੰਘਾ; ਜੜ੍ਹ ਆਪਣੀ ਆਪ ਪੁਟਾਉਨ ਲਗੇ

---

*ਦੇਖੋ ਪੰਥ ਪ੍ਰਕਾਸ਼ ਭਾਈ ਰਤਨ ਸਿੰਘ ਜੀ;--ਜਿਸ ਦਿਨ ਤੇ ਚੰਡੀ ਜਗਵਾਈ। ਚੰਡੀ ਕੋਪ ਕਰ, ਉਲਟੀ ਆਈ॥ ਪਾਤਸਾਹ ਸੌਂ ਕੀਨੋ ਰਖਿਓ ਬੈਰ। ਸੋ ਮਾਰਹਿੰਗੇ ਸਭ ਹੈਨ ਘੇਰ। ਅਬ ਮਿਤ੍ਰ ਸਭ ਹਨ ਕੋਇ ਉਪਾਇਓ। ਜੁਝਾਰ ਸਿੰਘ ਕੋਇ ਟਿੱਕ ਬਹਾਇਓ॥

ਮਾਤਾ ਜੀ ਨੇ ਸਤਿਗੁਰਾਂ ਨੂੰ ਸਮਝਾਣਾ

ਮਾਤਾ ਸੁਨ ਮਸੰਦਾਂ ਤੋਂ ਕੰਬ ਗਈ, ਕਹਿੰਦੀ ਗੁਰਾਂ ਨੂੰ ਸ਼ੋਰ ਉਠਾਏ ਕਾਹਨੂੰ
ਕਾਰ ਬਾਰ ਫਕੀਰੀ ਦੇ ਦੂਰ ਕਰਕੇ, ਏਡੇ ਤੁਸੀਂ ਵਧਾ ਵਧਾਏ ਕਾਹਨੂੰ
ਪਹਿਲੀ ਚਾਲ ਦੇ ਵਿਚ ਆਰਾਮ ਬੜਾ, ਏਹ ਹੋਰ ਪਾਖੰਡ ਖਿਡਾਏ ਕਾਹਨੂੰ
ਹਿਤ ਬਾਹਰ ਫਸਾਦ ਖਿਲਾਰਦੇ ਨੇ, ਏਡੇ ਭੂਹੇ ਇਹ ਸਿਖ ਕਰਾਏ ਕਾਹਨੂੰ
ਰਾਜੇ ਛੇੜ ਸਾਡੇ ਗਲ ਪਾਉਨਗੇ ਏਹ, ਏਥੇ ਏਤਨੇ ਜੰਮ੍ਹਾਂ ਰਖਾਏ ਕਾਹਨੂੰ
ਭੀੜ ਬਣੀ ਨੂੰ ਕੰਮ ਨ ਆਵਨੇ ਨੇ, ਬਣੇ ਆਪਣੇ ਪੁਤ ਪਰਾਏ ਕਾਹਨੂੰ
ਗੁਰੂ ਘਰ ਦੇ ਮੁਢੋਂ ਮਸੰਦ ਆਗੂ, ਬੇਕਦਰੇ ਕਰ ਹਟਾਏ ਕਾਹਨੂੰ
ਕਾਰ ਬਾਰ ਸੰਭਾਲਨਾ ਕੀਹ ਜਟਾ, ਹਰ ਥਾਂ ਮੁਖਤਾਰ ਬਨਾਏ ਕਾਹਨੂੰ
ਅਸੀਂ ਬਿਨਾਂ ਮਸੰਦਾਂ ਦੇ ਕੰਮ ਕਿਹੜੇ, ਝਿੜਕ ਝੰਬਕੇ ਓਹ ਰੁਸਾਏ ਕਾਹਨੂੰ
ਸਾਰੇ ਸਮਝ ਗਏ ਕਰਤਾਰ ਸਿੰਘਾ, ਛਪੀ ਗੁਰਾਂ ਤੋਂ ਭਲਾ ਰਹਿ ਜਾਏ ਕਾਹਨੂੰ

ਸਤਿਗੁਰਾਂ ਨੇ ਮਾਤਾ ਜੀ ਨੂੰ ਧੀਰਜ ਦੇਣੀ

ਸਤਿਗੁਰੂ ਜੀ ਹਸਕੇ ਕਹਿਣ ਲਗੇ, ਜਾਪੇ ਤੁਹਾਨੂੰ ਮਸੰਦਾਂ ਡਰਾਯਾ ਏ
ਤੁਸੀਂ ਇਨ੍ਹਾਂ ਦੀ ਗਲ ਨ ਸੁਣਿਆ ਕਰੋ, ਸਮਾਂ ਏਹਨਾਂ ਉਤੇ ਬੁਰਾ ਆਯਾ ਏ
ਗੁਰੂਧਾਨ ਖਾ ਇਨ੍ਹਾਂ ਦੀ ਮਤ ਮਾਰੀ, ਸਾਡਾ ਖੌਫ ਖਤਰਾ ਦਿਲੋਂ ਲਾਹਯਾ ਏ
ਸਾਨੂੰ ਦਸਦੇ ਏਹ ਬਾ ਮਾਰ ਘਤੀ, ਗੱਦੀ ਖੋਹਨ ਦਾ ਮਤਾ ਪਕਾਯਾ ਏ
†ਦੂਜਾ ਪੰਥ ਦੀ ਕਦੇ ਨ ਨਿੰਦ ਕਰੀਓ, ਤੁਹਾਨੂੰ ਮਾਤਾ ਜੀ ਏਹ ਸਮਝਾਯਾ ਏ
ਮੈਂ ਤੇਜ ਸਾਰਾ ਦਿਖਾ ਪੰਥ ਤਾਈਂ, ਅਤੇ ਆਪਨਾ ਰੂਪ ਬਨਾਯਾ ਏ
ਨਾਲੇ ਡਰ ਨਾਹੀਂ ਸਾਨੂੰ ਰਾਜਿਆਂ ਦਾ, ਕਰਨਾ ਕੰਮ ਜੋ ਧੁਰੋਂ ਫੁਰਮਾਯਾ ਏ
ਪ੍ਰਗਟ ਹੋਣਾ ਏਂ ਕੁਲ ਜਹਾਨ ਅੰਦਰ, ਪੰਥ ਛਪੇਗਾ ਨਹੀਂ ...ਪਾਯਾ ਏ
ਤੁਸੀਂ ਵਿਚ ਭਾਣੇ ਸਦਾ ਰਹੋ ਰਾਜੀ, ਸਾਥੋਂ ਜਾਏ ਨ ਹੁਕਮ ਉਲਟਾਯਾ ਏ
ਚੋਡੀ ਖੜਕਨੀ ਹੁਣ ਕਰਤਾਰ ਸਿੰਘਾ, ਪੰਥ ਏਸੇ ਲਈ ਪ੍ਰਗਟਾਯਾ ਏ

---

†ਸਿੰਘਾਂ ਨੂੰ ਕਰਤਾਰ ਆਦਿਕ ਸਮਾਦ ਕਹੇ ਸੁਣਕੇ ਸਤਿਗੁਰੂ ਨੇ ਮਾਤਾ ਜੀ ਨੂੰ ਕਰੋਧ ਨਾਲ ਆਖਿਆ, ਸੁਣ ਕੁਜਾਤੀ ਸੁਣ ਮਾਤਾ ਲੋਕਨ ਉਜਾਗੋ, ਪੰਥ ਨਿੰਦ ਉਚਾਰੋ, ਸੋ ਘਰ ਪਈ ਬਾਰੇ, ਤੂੰ ਨਿੰਦਕਨ ਡਹਿਕਾਵੀ, ਨਿੰਦ ਪੰਥ ਤੂੰ ਸੁਣ ਨ ਕਾਵੀ।

### ਸੁਥਰਿਆਂ ਦੀ ਨਕਲ

ਸੋਹਣੀ ਵਿੰਦ੍ਰ ਅਖਾੜੇ ਤੋਂ ਬਣੀ ਸੋਭਾ, ਬੈਠੇ ਲਾ ਕੇ ਭਾਰਾ ਦੀਵਾਨ ਗੁਰ ਜੀ
ਬਾਣੀ ਪੜ੍ਹਦੇ ਟਪਦੇ ਆਏ ਸੁਥਰੇ, ਵੇਖ ਹੱਸ ਪਏ ਮਿਹਰਬਾਨ ਗੁਰ ਜੀ
ਮਹੰਤ ਉਨ੍ਹਾਂ ਦੇ ਕਾਲਾ ਸਰੀਰ ਕੀਤਾ, ਖੜਾ ਅਗੇ ਹੋਕੇ ਪਾਸ ਆਨ ਗੁਰ ਜੀ
ਓਹਨੂੰ ਵੇਖ ਸਾਰੇ ਲੋਕ ਹਸ ਪਏ, ਸਦ ਪੁਛਦੇ ਨਾਲ ਧਿਆਨ ਗੁਰ ਜੀ
ਤੂੰ ਕਿਉਂ ਏਡਾ ਕਾਲਾ ਰੂਪ ਕੀਤਾ, ਓਹ ਆਖਦਾ ਸੁਣੋ ਬਿਆਨ ਗੁਰ ਜੀ
ਪੰਥ ਖਾਲਸਾ ਆਪਨੇ ਰਚਿਆ ਜੋ, ਸੁੰਦਰ ਬੀਰ ਬਾਂਕਾ ਬਲਵਾਨ ਗੁਰ ਜੀ
ਲੋਕ ਵੇਖ ਈਰਖਾ ਬਹੁਤ ਕਰਦੇ, ਸਾਰੇ ਹਿੰਦੂ ਅਤੇ ਮੁਸਲਮਾਨ ਗੁਰ ਜੀ
ਭੈੜੀ ਨਿਗ੍ਹਾ ਕਰਕੇ ਨਿਤ ਦੇਖਦੇ ਨੇ, ਅਸਾਂ ਕੀਤੀ ਹੈ ਚੰਗੀਪਛਾਨ ਗੁਰ ਜੀ
ਕਾਲੀ ਹਾਂਡੀ ਜਿਵੇਂ ਲੋਕ ਟੰਗ ਦੇਂਦੇ, ਸੁੰਦਰ ਸੋਹਣਾ ਬਣਾਮਕਾਨ ਗੁਰ ਜੀ
ਪੰਥ ਵਿਚ ਤਿਵੇਂ ਅਸੀਂ ਨਜ਼ਰਬੱਟੂ, ਲਗੇ ਪੰਥ ਨੂੰ ਨਜ਼ਰ ਨਾ ਕਾਨ ਗੁਰ ਜੀ
ਏਹ ਯੁਕਤ ਸੁਣਕੇ ਡਾਢੇ ਖੁਸ਼ਹੋਏ, ਗਫਾ ਮਾਯਾ ਦਾ ਬਹੁਤ ਦੀਵਾਨ ਗੁਰ ਜੀ
ਏਸ ਤਰ੍ਹਾਂ ਦੇ ਚੋਜ ਕਰਤਾਰ ਸਿੰਘਾ, ਨਿਤ ਨਵੇਂ ਹੀ ਕਰ ਦਿਖਾਨ ਗੁਰ ਜੀ

### ਵਾਧ ਕਵੀ

ਆਉਨਾ ਜ਼ਮਾਂ ਨਜ਼ਦੀਕ ਹੁਣ ਜੰਗਾਂ ਵਾਲਾ, ਸਤਿਗੁਰੂ ਜੀਸਾਜ ਵਧਾਈ ਜਾਂਦੇ
ਦੋ ਸਾਲ ਏਹ ਅਮਨ ਦੇਲੰਘ ਗਏ, ਏਹਨਾਂ ਦਿਨਾਂ ਤੋਂ ਲਾਭ ਉਠਾਈ ਜਾਂਦੇ
ਦਾਰੂ ਸਿਕਾ ਹਥਯਾਰ ਤੇ ਘਾਸਦਾਨਾ, ਕੱਠਾ ਕਰਕੇ ਜਮ੍ਹਾਂ ਕਰਾਈ ਜਾਂਦੇ
ਚੰਗੇ ਚੋਣਵੇਂ ਸਿਦਕ ਭਰੋਸੇ ਵਾਲੇ, ਪਾਸ ਸਿੰਘ ਲੜਾਕੇ ਰਖਾਈ ਜਾਂਦੇ
ਜਥੇ ਭੇਜਕੇ ਦੇਸਾਂ ਪਰਦੇਸਾਂ ਅੰਦਰ, ਹੋਰ ਸਿੰਘ ਅਨੇਕ ਸਜਾਈ ਜਾਂਦੇ
ਜਿਹੜੇ ਕੰਮ ਨੂੰ ਧਰ ਅਵਤਾਰ ਆਏ, ਓਸ ਕੰਮ ਨੂੰ ਸਿਰੇ ਚੜ੍ਹਾਈ ਜਾਂਦੇ
ਗਯਾਨ ਭਗਤੀ ਬੀਰਤਾ ਪੰਥ ਅੰਦਰ, ਭਰਨ ਲਈ ਪੁਸਤਕ ਰਚਵਾਈ ਜਾਂਦੇ
[1]ਪੰਡਿਤ ਗੁਣੀ ਗਯਾਨੀ ਕਈ ਜਮ੍ਹਾਂ ਰਹਿੰਦੇ ਰਚਨਵੇਂ ਗ੍ਰੰਥ ਬਨਾਈ ਜਾਂਦੇ

---

[1]ਸ੍ਰੀ ਗੁਰੂ ਜੀ ਨੂੰ ਕਵਿਤਾ ਦਾ ਬਹੁਤ ਸ਼ੌਕ ਸੀ ਤੇ ਅਨੇਕ ਪੰਡਿਤ, ਕਵੀਸ਼ਰ ਪਾਸ ਰਖਦੇ ਸਨ ਤੇ ਜੋ ਵਿਦਵਾਨ ਆਉਂਦਾ ਸੀ ਉਸਦਾ ਚੰਗਾ ਕਦਰ ਮਾਨ ਕਰਦੇ ਸਨ। ਸੋ ਏਸ ਵਾਸਤੇ ਏਹ ਕਵੀਸ਼ਰ ਤਾਂ ਹਮੇਸ਼ਾਂ ਗੁਰਾਂ ਦੇ ਹਜ਼ੂਰ ਹੀ ਰਹਿੰਦੇ ਸਨ ਤੇ ਚੰਗੀਆਂ ਤਜ਼ਬੀ(ਬਾਕੀ ਅਗਲੇ ਸਫ਼ੇ ਤੇ)

ਜੰਗ ਵਿਦਯਾ ਦੇ ਦਾਉ ਘਾਉ ਚੰਗੇ, ਕਰੀ ਸ਼ਸਤ੍ਰਾਂ ਦੀ ਸਿਖਲਾਈ ਜਾਂਦੇ
ਦੇਸ਼ ਰਖਯਾਂ ਲਈ ਕਰਤਾਰ ਸਿੰਘਾ, ਮੋਹ ਜਗ ਦਾ ਦਿਲੋਂ ਘਟਾਈ ਜਾਂਦੇ

੧੯੫੮ ਬਿਕ੍ਰਮੀ ਵਿਸਾਖੀ ਦੇ ਮੇਲੇ ਤੇ ਮਸੰਦਾਂ ਦੀ ਸ਼ਿਕਾਇਤ

ਏਸ ਸਾਲ ਵਸਾਖੀ ਦੇ ਮੇਲੇ ਉੱਤੇ ਦੂਰ ਦੂਰ ਤੋਂ ਸੰਗਤਾਂ ਆਈਆਂ ਜੀ
ਮਾਈ ਭਾਈ ਪ੍ਰੇਮ ਦੇ ਆਏ ਬਧੇ, ਜ਼ਰ ਨਕਦੀਆਂ ਬਹੁਤ ਚੜ੍ਹਾਈਆਂ ਜੀ
ਬਸਤ੍ਰ ਕੀਮਤੀ ਅਤੇ ਜੜਾਊ ਜ਼ੇਵਰ, ਚੀਜ਼ਾਂ ਚੰਗੀਆਂ ਭੇਟ ਰਖਾਈਆਂ ਜੀ
ਘੋੜੇ ਸ਼ਸਤ੍ਰ ਕੀਮਤੀ ਚੜੇ ਬਹੁਤੇ, ਤੋਹਫੇ ਸੰਗਤਾਂ ਕਈ ਲਿਆਈਆਂ ਜੀ
ਕਈ ਪ੍ਰੇਮੀਆਂ ਗੁਰਾਂ ਤੋਂ ਪੁਛਿਆ ਆ, ਅਸਾਂ ਏਹ ਚੀਜ਼ਾਂ ਭਿਜਵਾਈਆਂ ਜੀ
ਗੁਰਾਂ ਪੁਛਿਆ ਸਦ ਖਜ਼ਾਨਚੀ ਨੂੰ, ਉਸ ਕਹਿਆ ਨ ਕਿਸੇ ਪੁਚਾਈਆਂ ਜੀ
ਅੰਤ ਪਤਾ ਲਗਾ ਓਹ ਮਸੰਦਾਂ ਨੇ ਹੀ ਘਰੀਂ ਆਪਣੀ ਰਖ ਛਿਪਾਈਆਂ ਜੀ
ਜਦ ਪੁਛ ਕੀਤੀ ਸਭ ਗਏ ਮੁਕਰ, ਸਾਨੂੰ ਕਿਸੇ ਨੇ ਨਹੀਂ ਦਿਵਾਈਆਂ ਜੀ

---

ਰਚਨਾਵਾਂ ਲੱਭੇ ਸਨ:—੧ ਅੰਮ੍ਰਿਤ ਰਾਇ, ੨—ਕਵਰੇਸ਼, ੩—ਮੰਗਲ, ੪—ਸੈਨਾਪਤ, ੫—ਸੁਖਦੇਵ ੬—ਚੰਦਨ, ੭—ਈਸ਼ਰ; ੮—ਆਲਮ, ੯—ਬ੍ਰਿੰਦਰਾਇ, ੧੦—ਹੰਸਰਾਜ, ੧੧—ਨਾਵਲ, ੧੨—ਰਾਮ ੧੩—ਅੱਣੂ, ੧੪—ਮਧੂ, ੧੫—ਚੰਦ, ੧੬—ਧੰਨੂ, ੧੭—ਲੱਖਾ, ੧੮—ਪਿਧੀਆ, ੧੯—ਨੰਦ ਲਾਲ, ੨੦—ਬ੍ਰਿਜ ਲਾਲ ੨੧—ਖਾਨ ਖਾਨਾ, ੨੨—ਪਿੰਡੀ ਲਾਲ, ੨੩—ਰਾਮਦਾਸ, ੨੪—ਹੁਸੈਨੀ, ੨੫—ਨਿਹਾਲ, ੨੬—ਮਦਨਗਿਰ, ੨੭—ਧਯਾਨ ਸਿੰਘ, ੨੮—ਧਰਮ ਸਿੰਘ, ੨੯—ਦੇਯਾ ਸਿੰਘ, ੩੦—ਰੌਸ਼ਨ ਸਿੰਘ, ੩੧—ਮਾਲਾ ਸਿੰਘ, ੩੨—ਆਲਮ ਸਿੰਘ ੩੩—ਫੰਦ ਸਿੰਘ ੩੪—ਸੁਖਾ ਸਿੰਘ, ੩੫—ਧੰਨਾ ਸਿੰਘ, ੩੬—ਟਹਿਕਨ, ੩੭—ਨੰਦ ਰਾਮ, ੩੮—ਨਾਨੂੰ, ੩੯—ਗੁਰਦਾਸ, ੪੦—ਅਚਲਦਾਸ, ੪੧—ਅਣੀਰਾਇ, ੪੨—ਸ਼ਾਮ (ਮਲੂਮ ਹੁੰਦਾ ਹੈ ਕਿ ਦਸਮ ਗ੍ਰੰਥ ਵਿਚ ਏਸ ਕਵੀ ਦੀ ਬਹੁਤ ਰਚਨਾ ਹੈ।

ਜਿਨ੍ਹਾਂ ਵਿਚ ਕਵੀ ਨਾਮ ਕਹੋਂ ਆਉਂਦਾ ਹੈ)

੪੩—ਸਨ, ੪੪—ਸੇਖਾ, ੪੫—ਰਾਮਚੰਦਰ, ੪੬—ਬਾਲ, ੪੭—ਮਾਣੀ, ੪੮—ਸੁੰਦਰ, ੪੯—ਸੋਹਣ, ੫੦—ਜਾਨ, ੫੧—ਹੀਰ, ੫੨ ਠਾਕੁਰ। ਇਹਨਾਂ ਕਵੀਸ਼ਰਾਂ ਦੀ ਰਚੀ ਹੋਈ ਬਾਣੀ ਇਕਠੀ ਕਰਕੇ ਇਕ ਵਿਦਯਾ ਧਰ ਗ੍ਰੰਥ ਬਣਿਆ ਸੀ ਜਿਸਦਾ ਆਕਾਰ ਬੜੀ ਮਨਤਾਰਾ ਸੁਣਿਆ ਹੈ, ਜੋ ਸਰਸੇ ਨਦੀ ਤੋਂ ਬੇਕਦਰਿਆਂ ਦੇ ਹਥ ਆਕੇ ਨਸ਼ਟ ਹੋ ਗਿਆ ਤੇ ਓਸ ਵਿਚੋਂ ਕੁਝ ਕੁ ਸੰਚਿਆਂ ਸਿਖਾਂ ਪਾਸ ਹੋਸਨ, ਸ੍ਰੀ ਸੰਚੀਆਂ ਤੇ ਕੁਝ ਬਾਣੀ ਸ੍ਰੀ ਮੁਖਵਾਕ ਤੋਂ ਲੈਕੇ ਭਾਈ ਜੋਧ ਸਿੰਘ, ਮਣੀ ਸਿੰਘ ਹੋਰਾਂ ਨੇ ਇਕ ਜਿਲਦ ਕਠੀ ਕਰ ਦਿਤੀ ਜੋ ਅਜ ਦਸਮ ਗ੍ਰੰਥ ਕਰਕੇ ਪ੍ਰਸਿਧ ਹੈ।

ਅੰਤਰਯਾਮੀ ਤੋਂ ਭਲਾ ਸੀ ਕਿ ਗੁਝਾ ਝਟ ਕਰ ਤਲਾਸ਼ੀ ਕਢਾਈਆਂ ਜੀ
ਏਹ ਮਸੰਦਾਂ ਦੀ ਕਾਰ ਕਰਤਾਰ ਸਿੰਘਾ, ਭੈੜੇ ਕਰਦੇ ਨਿਤ ਬੁਰਾਈਆਂ ਜੀ

ਨਕਲੀਆਂ ਨੇ ਮਸੰਦਾਂ ਦੀ ਨਕਲ ਕਰਨੀ

ਆਨ ਭਾਵੀ ਨੇ ਬਲਦੀ ਤੇ ਹੋਰਬਾਲੀ, ਆਏ ਨਕਲੀਏ ਵਿਚ ਦਰਬਾਰ ਦੇਖੋ
ਕੀਤੀ ਅਰਜ਼ ਅਸੀਂਨਕਲਕਰਨੀਚਾਹੁੰਦੇ; ਇਹੋ ਆਗਯਾ ਤੇ ਖੁਸ਼ੀ ਧਾਰ ਦੇਖੋ
ਅਖੀਂਵਾਰਤਾ ਡਿਠੀਦੀਨਕਲ ਕਰਨੀ,ਮਤਲਬ ਏਸਦਾ ਆਪ ਵਿਚਾਰ ਦੇਖੋ
ਨ ਸੀ ਨਕਲ ਏ, ਅਹਲ ਕ੍ਰਤਾਰ ਸਿੰਘਾ,ਸੀ ਮਸੰਦਾਂ ਦੀ ਰੋਜ਼ਦੀ ਕਾਰ ਦੇਖੋ

ਇਕ ਮਸੰਦ ਦੀ ਨਕਲ

ਇਕ ਨਕਲੀਆ ਬਣ ਮਸੰਦ ਆਯਾ, ਵਡਾ ਢਿਡ ਪੁਸ਼ਾਕ ਸੀ ਲਾਈ ਹੋਈ
ਦੋ ਘੋੜੀਆਂ ਦੇ ਵਛੇਰੇ ਪਿਛੇ, ਜੋੜੀ ਕੁਤਿਆਂ ਨਾਲ ਲਾਈ ਹੋਈ
ਦੋ ਤਿੰਨ ਨੌਕਰ ਨਾਲ ਲਏ ਹੋਏ, ਨਾਲ ਕੰਜਰੀ ਇਕ ਚੜ੍ਹਾਈ ਹੋਈ
ਇਕ ਘਰ ਵੜੇ ਜਾ ਕਰਤਾਰ ਸਿੰਘਾ, ਇਉਂ ਧਾੜ ਮੁਸ਼ਟੰਡੀ ਬਨਾਈ ਹੋਈ

ਗਰੀਬ ਸਿਖ ਦਾ ਘਰ

ਡਾਢਾ ਸਿਖ ਗਰੀਬ ਘਰ ਨ ਸੀ, ਵਿਹੜੇ ਵਿਚ ਜਾ ਨਫਰ ਨੇ ਵਾਜ ਮਾਰੀ
ਓਹਦੀ ਤੀਵੀਂ ਨੇ ਆਖਯਾਘਰ ਨਹੀਂ ਜੀ;ਬਾਹਰਗਏ ਹੋਏ ਨੇਕਿਤੇਕੰਮ ਕਾਰੀ
ਅਗੋਂ ਬੋਲੇ ਤੁਹਾਡੇ ਘਰ ਗੁਰੂ ਕੇ ਆਏ, ਬੋਲੀ ਸਿਖਣੀ ਸਦਕੇ ਲਖ ਵਾਰੀ
ਆਨ ਧੀਆਂ ਸਣੇ ਚਰਨੀਂ ਡਿਗ ਪਈ,ਚੰਦ ਚੜ੍ਹ ਗਿਆ ਖੁਸ਼ੀ ਬਹੁਤ ਧਾਰੀ
ਝਟ ਪਟ ਥਾਂ ਸਾਫ਼ ਕਰ ਡਾਹੇ ਮੰਜੇ, ਆਓ ਬੈਠੋ ਮੈਂ ਜਾਂਵਦੀ ਬਲਿਹਾਰੀ
ਧੰਨ ਭਾਗ ਸਾਡੇ ਗੁਰੂਕੇ ਘਰ ਆਏ, ਕੀਤੀ ਅਸਾਂ ਗਰੀਬ ਤੇ ਦਯਾ ਭਾਰੀ
ਉਤਰ ਵੇਸਵਾ ਸਣੇ ਮਸੰਦ ਸਾਹਿਬ, ਵੇਖ ਹੋਈ ਵਿਛਾਈ ਹੈ ਬਹੁਤ ਮਾੜੀ
ਚੁਕ ਖੇਸ ਦੋਤਹੀ ਵਗਾਹ ਮਾਰੇ; ਅਤੇ ਸਿਖਣੀ ਨੂੰ ਦੇਨ ਗਾਰੀ
ਗੁਰੂ ਮਾਰੀਏ ਮੈਲੇ ਜਹੇ ਕਪੜੇ ਇਹ, ਸਾਡੇ ਲੈਕ ਨਾਹੀਂ ਆਖ ਬਹੁਤ ਤਾੜੀ
ਲਿਆਈ ਮੰਜਗਾਂਢੋਂ ਕ੍ਰਤਾਰ ਸਿੰਘਾ, ਉਹ ਵਿਛਾ ਕੀਤੀ ਬਹੁਤ ਮਿਨਤ ਦਾਰੀ

ਸਿਖ ਦੀ ਸੇਵਾ ਤੋਂ ਮਸੰਦ ਦਾ ਸੂਚਾਪੁਣਾ

ਅੰਤ ਨਕ ਮੂੰਹ ਵਟਕੇ ਬੈਠ ਗਏ, ਕਹਿਆ ਸਿਖਣੀ ਤਈਂ ਸੁਨਾ ਜਲਦੀ

ਭਰ ਮੁਠੀਆਂ ਬੇਗਮ ਸਾਹਿਬਾਂ ਨੂੰ, ਨਾਲੇ ਸਿਖ ਦੇ ਤਈਂ ਬੁਲਾ ਜਲਦੀ
ਵਡੀ ਬੇਟੀ ਨੂੰ ਮੁਠੀਆਂ ਭਰਨ ਲਾਯਾ, ਛੋਟੀ ਖੇਤਾਂ ਨੂੰ ਭੇਜੀ ਦੁੜਾ ਜਲਦੀ
ਓਧਰ ਨੌਕਰਾਂ ਬੰਨ੍ਹਕੇ ਘੋੜਾ ਟਟੂ, ਕਢ ਦਾਨਾਂ ਤੂੜੀ ਦਿਤਾ ਪਾ ਜਲਦੀ
ਫੇਰ ਘੁਰਦੇ ਘੋੜਿਆਂ ਵਾਸਤੇ ਜੀ, ਸਾਨੂੰ ਪਕੀ ਨਿਹਾਰੀ ਦਿਵਾ ਜਲਦੀ
ਕਹਿਆ ਸਿਖਨੀ ਨੇ ਘਿਓ ਘਰਹੈਨਹੀਂ, ਸਿਖ ਲਿਆਏਗਾ ਹੁਣੇਆ ਜਲਦੀ
ਇਨੇ ਚਿਰ ਨੂੰ ਸਿਖ ਭੀ ਆ ਗਿਆ, ਡਿਗਾ ਚਰਨੀ ਸੀਸ ਝੁਕਾ ਜਲਦੀ
ਵੇਖ ਲਤ ਮਸੰਦ ਨੇ ਕਢ ਮਾਰੀ, ਪਿਛਾ ਡੇਗਿਆ ਸਿਖ ਉਲਟਾ ਜਲਦੀ
ਕਦੇ ਖਾਲੀ ਹਥੀਂ ਮਥਾ ਟੇਕੀਦਾ ਏ, ਜਾਹ ਦਰਸ਼ਨੀ ਭੇਟਾ ਲਿਆ ਜਲਦੀ
ਪਲੇ ਕੁਝ ਨਹੀਂ ਸੀ ਗਹਿਣਾ ਸਿਖਨੀ ਦਾ, ਗਹਿਣੇ ਪਾ ਰੁਪਏ ਕਢਾ ਜਲਦੀ
ਖੰਡ, ਘਿਓ, ਚਾਵਲ ਮੁਲ ਲੈ ਆਯਾ; ਲਾਈ ਸਿਖਨੀ ਰੋਟੀ ਬਨਾ ਜਲਦੀ
ਆਪ ਦਰਸ਼ਨੀ ਭੇਟਾ ਲਿਆ ਰਖੀ, ਦੋ ਰੁਪਏ ਤੇ ਦੁਧ ਚਵਾ ਜਲਦੀ
ਓਹ ਚੁਕ ਮਸੰਦ ਨੇ ਪਰੇ ਸੁਟੇ, ਪਹਿਲਾਂ ਮਖਨੀ ਸੇਰ ਰਖਾ ਜਲਦੀ
ਪਾਉ ਮਰਚਾਂ ਪਾ ਵਛੇਰਿਆਂ ਨੂੰ ਬਕੇ ਆਏ ਨੇ ਪਹਿਲਾਂ ਖਵਾ ਜਲਦੀ
ਕੁਤੇ ਕੁਤੇ ਰਜਾ ਕਰਤਾਰ ਸਿੰਘਾ, ਹੋਯਾ ਹੁਕਮ ਪ੍ਰਸਾਦਿ ਛਕਾ ਜਲਦੀ

ਤਥਾ

ਖ਼ੀਰ ਫੁਲਕੇ; ਦਾਲ ਤਯਾਰ ਕਰਕੇ, ਛਕਨ ਵਾਸਤੇ ਫੇਰ ਬੁਲਾਯਾ ਏ
ਹਥ ਵੇਸਵਾ ਦਾ ਹਥ ਨਾਲ ਫੜਿਆ, ਆਕੜ ਨਾਲ ਚੌਂਕੇ ਵਿਚ ਆਯਾ ਏ
ਥਾਲਾਂ ਵਿਚ ਪ੍ਰਸਾਦਿ ਪਰੋਸ ਕਰਕੇ, ਜਾਂ ਸਿਖ ਨੇ ਅਗੇ ਟਿਕਾਯਾ ਏ
ਵੇਖ ਅਗ ਮਸੰਦ ਨੂੰ ਲਗ ਗਈ, ਗੁਸੇ ਵਿਚ ਚਿਹਰਾ ਬਦਲਾਯਾ ਏ
ਗਾਲਾਂ ਕਢਦਾ ਸਿਖ ਨੂੰ ਰੋਹ ਭਰਿਆ, ਗੁਰੂ ਮਾਰਿਆ ਕੀਹ ਬਨਾਯਾ ਏ
ਨ ਸ਼ਰਾਬ ਨ ਮਹਾਂ ਪ੍ਰਸਾਦਿ ਕੀਤਾ, ਇਹ ਬੀਮਾਰਾਂ ਦਾ ਖਾਜ ਪਕਾਯਾ ਏ
ਦੇਂਦਾ ਬਦ ਦੁਆਈਆਂ ਉੱਠ ਟੁਰਿਆ, ਸਿਖ ਡਿਗ ਚਰਨੀ ਘਘਿਆਯਾ ਏ
ਉਸੇ ਵੇਲੇ ਕੁਕੜ ਤੇ ਸ਼ਰਾਬ ਆਦਾ, ਉਸ ਪਾਪੀ ਦੇ ਤਈਂ ਰਿਝਾਯਾ ਏ
ਮੁੜ ਫੇਰ ਅਰਦਾਸ ਤੋਂ ਅੜ ਬੈਠਾ; ਪੰਜ ਲੈ ਅਰਦਾਸਾ ਸੁਨਾਯਾ ਏ
ਦਿਨੇ ਉਠ ਕੇ ਆਖਿਆ ਤੋਰ ਸਾਨੂੰ, ਪੂਜਾਂ ਦੇਹ ਹੁਣ ਜਲਦ ਸੁਨਾਯਾ ਏ

ਦੋ ਆਪ ਲਏ ਇਕ ਕੰਜਰੀ ਨੂੰ, ਨਾਲੇ ਨੌਕਰਾਂ ਤਾਈਂ ਦਿਵਾਯਾ ਏ
ਫੇਰ ਟੁਰਦਿਆਂ ਸਬਰ ਨ ਮੂਲ ਕੀਤਾ, ਖੇਸ ਚੁਕ ਘੋੜੀ ਉਤੋਂ ਆਯਾ ਏ
ਕਹਿਆ ਸਿਖਣੀ ਜੀ ਏਹ ਤਾਂ ਕਿਸੇ ਦਾਏ, ਬਸ ਚੁਪਕਰ ਝਿੜਕ ਹਟਾਯਾ ਏ
ਖਾਹ, ਘੂਰ ਕੇ ਫੇਰ ਕਰਤਾਰ ਸਿੰਘਾ, ਲਾਂਗਾ ਟੇਰ ਲੈ ਕੂਚ ਬੁਲਾਯਾ ਏ

ਮਸੰਦ ਦੀ ਹੋਰ ਵਧੀਕੀ

ਬਾਹਰ ਟੋਰਨੇ ਨੂੰ ਫੇਰ ਨਾਲ ਗਏ, ਕਹਿੰਦੇ ਸਿਖ ਸਵਾਲ ਇਕ ਪਾਂਦੇ ਅਸੀਂ
ਸਾਡੇ ਟਹਿਲੂਏ ਨੂੰ ਸਾਕ ਬੇਟੀ ਦਾ ਦੇਹ, ਬੜੇ ਖੁਸ਼ੀ ਤੇਰੇ ਉਤੇ ਜਾਂਦੇ ਅਸੀਂ
ਓਸ ਆਖਯਾ ਮੰਗੀਆਂ ਹੋਈਆਂ ਨੇ,ਨਹੀਂ ਤਾਂਕਦੇ ਨ ਗਲ ਪਰਤਾਂਦੇ ਅਸੀਂ
ਬਸ ਫੇਰ ਗਾਲਾਂ ਕਢ ਟੁਰ ਪਿਆ, ਤੁਸੀਂ ਵੇਖਯੋ ਜੜ੍ਹਾਂ ਪੁਟਾਂਦੇ ਅਸੀਂ
ਓਹ ਜੋੜਦੇ ਹਥ ਜੀ ਬਖਸ਼ ਲਵੋ, ਤੁਹਾਡੇ ਟਹਿਲੂਏ ਹਾਂ ਬਖਸ਼ਾਂਦੇ ਅਸੀਂ
ਸਾਡੇ ਵਸ ਨਾ ਕੁਝ ਨ ਕਰਤਾਰ ਸਿੰਘਾ;ਕਦੇ*ਗੁਰੂ ਕਿਉਂ ਨ ਰੁਸਾਂਦੇ ਅਸੀਂ

ਵਾਹ ਸਿਦਕ ਸਿਖ ਤੇ ਸਿਖਣੀ ਦਾ

ਓਹਤਾਂ ਬਦਕਾ ਅਗ੍ਹਾ ਨੂੰ ਚਲਾ ਗਿਆ, ਚਰਨ ਧੂੜ ਲੇ,ਲੈ ਮਥੇ ਲਾਨ ਦੋਵੇਂ
ਧੰਨ ਧੰਨ ਗੁਰੂ; ਧੰਨ ਧੰਨ ਗੁਰੂ, ਬਾਰ ਬਾਰ ਹੋ ਖੜੇ ਸੁਨਾਨ ਦੋਵੇਂ
ਸਾਥੋਂ ਸੇਵਾ ਪੁਜੀ ਗੁਰੂਕਿਆਂ ਦੀ ਨਹੀਂ, ਓਹ ਗਰੀਬੀ ਉਤੇ ਪਛਤਾਨ ਦੋਵੇਂ
ਲੈਕੇ ਹਉਕੇ ਪਿਛਾਂ ਨੂੰ ਮੁੜ ਆਏ, ਸ਼ੁਕਰ ਦਾ ਕਰਨ ਬਿਆਨ ਦੋਵੇਂ
ਸੁਣ ਸੁਣਕੇ ਇਹ ਪ੍ਰਸੰਗ ਸਾਰਾ ਬਾਜ਼ੂ ਗੁਰਾਂ ਦੇ ਫਰਕ ਪਏ ਆਨ ਦੋਵੇਂ
ਇਹ ਸੁਣ ਅਨੀਤ ਕਰਤਾਰ ਸਿੰਘਾ, ਨੇਤਰ ਹੋ ਗਏ ਲਹੂ ਲੁਹਾਨ ਦੋਵੇਂ

ਸ੍ਰੀ ਦਸਮੇਸ਼ ਜੀ ਦੀ ਵਿਚਾਰ

ਦੇਖ ਸੁਣ ਮਸੰਦਾਂ ਦੇ ਕਾਰਨਾਮੇ; ਕੋਪ ਵਿਚ ਸਤਿਗੁਰੂ ਜੀ ਆਂਵਦੇ ਨੇ
ਇਹ ਮਸੰਦ ਅੰਨੇ ਹੋਏ ਧਾਨ ਖਾ ਕੇ, ਪਾਪੀ ਬੜੇ ਕੁਕਰਮ ਕਮਾਂਵਦੇ ਨੇ

---

*ਜਦ ਮਸੰਦ ਜਾ ਹੋਰ ਕੋਈ ਸਿਖਾਂ ਪਾਸੋਂ ਕਾਰ ਭੇਟਾ ਲੈਣ ਜਾਂਦਾ ਸੀ ਤਾਂ ਲੋਕ ਓਹਨਾਂ ਨੂੰ ਗੁਰੂ ਕੇ ਆਏ ਹਨ, ਅਰਥਾਤ ਗੁਰੂ ਜੀ ਦੇ ਆਦਮੀ ਆਏ ਹਨ, ਆਖਦੇ ਹੁੰਦੇ ਸਨ। ਓਸ ਵਲ ਦੇ ਸਿਖਾਂ ਦੀ ਧੰਨ ਸਿਖੀ ਸੀ, ਏਡੇ ਪਕੇ ਨਿਸਚੇ ਰਖਦੇ ਸਨ ਤੇ ਪਰਖ ਦੇ ਵੇਲੇ ਭੀ ਡੋਲਦੇ ਨਹੀਂ ਸਨ।

ਸਿਖ ਇਹੋ ਜਿਹੇ ਸਿਦਕ ਨੂੰ ਪਾਲਦੇ ਨੇ, ਇਹ ਇਉਂ ਕਰਤੂਤ ਖਿੰਡਾਂਵਦੇ ਨੇ
ਹੈ ਮਾਲੂਮ ਹੁੰਦਾ ਬਾਹਰ ਜਾ ਕਰਕੇ; ਗੁਰ ਸਿਖਾਂ ਨੂੰ ਬੜਾ ਸਤਾਂਵਦੇ ਨੇ
ਇਹ ਤਾਂ ਪੰਥ ਨੂੰ ਹੈ ਭਾਰਾ ਘੁਣ ਲਗਾ, ਵਾਧਾ ਕਰਨ ਦੇ ਥਾਂ ਘਟਾਂਵਦੇ ਨੇ
ਇਹ ਭੀ ਰੋਗ ਹੈਸਮਝਕਰਤਾਰਸਿੰਘਾ, ਪਰ ਇਲਾਜ ਦਾ ਫਿਕਰ ਦੁੜਾਂਵਦੇ ਨੇ

ਮਸੰਦਾਂ ਦੀ ਸੋਧਨਾ

ਜਿਸ ਘਰ ਦੇ ਖੋਟੇ ਵਜੀਰ ਹੋਵਨ, ਸਦਾ ਉਹ ਨੁਕਸਾਨ ਉਠਾਏ ਬਹੁਤੇ
ਗੁਰੂ ਘਰ ਮਸੰਦ ਮੁਖਤਾਰ ਮੁਢੋਂ, ਮਾਲਦਾਰ ਹੋਏ ਧਨ ਕਮਾਏ ਬਹੁਤੇ
ਸ਼ਰਧਾ, ਪ੍ਰੇਮ ਤੇ ਖੌਫ ਨ ਬਹੁਤਿਆਂ ਨੂੰ; ਰਹੇ ਆਪ ਨੂੰ ਗੁਰੂ ਕਹਾਏ ਬਹੁਤੇ
ਅਗੋ ਇਸੇ ਤਰਾਂ ਜਾਂਦੀ ਨਿਭਦੀ ਸੀ, ਇਸੇ ਲਈ ਹੰਕਾਰ ਵਿਚ ਆਏ ਬਹੁਤੇ
ਇਹ ਸਤਿਗੁਰੂ ਜੀ‡ਰਾਜਨੀਤ ਗਯਾਤਾ, ਇਨਾਂ ਨਵੇਂ ਪ੍ਰਸੰਗ ਰਚਾਏ ਬਹੁਤੇ
ਵੇਖ ਸੁਣ ਮਸੰਦਾਂ ਦੇ ਕੰਮ ਭੈੜੇ, ਦੂਤ ਦੇਸੀਂ ਪਰਦੇਸੀਂ ਦੁੜਾਏ ਬਹੁਤੇ
ਕਠੇ ਕਰ ਲਏ ਸਾਰੇ ਨਾਲ ਯੁਕਤੀਦੇ, ਬੰਦੋਬਸਤ ਮੁੜ ਇਉਂ ਕਰਾਏ ਬਹੁਤੇ
ਕਈ ਤੇਲ ਪਾ ਪਾ ਕੇ ਸਾੜ ਦਿਤੇ, ਫੜਉਂ ਹੀ ਮਾਰ ਖਪਾਏ ਬਹੁਤੇ
ਕਈ ਕਢੇ ਮਸੰਦੀਓਂ ਕਰ ਖਾਰਜ, ਬੰਨ੍ਹ ਮੁਸ਼ਕਾਂ ਮਾਰ ਕੁਟਾਏ ਬਹੁਤੇ
ਕਈ ਮੰਗ ਮੁਆਫੀਆਂ ਛੁਟ ਗਏ, ਅਗੋਂ ਵਾਸਤੇ ਖੂਬ ਧਮਕਾਏ ਬਹੁਤੇ
ਜਿਹੜੇ ਬੇ ਕਸੂਰ ਸਬੂਤ ਹੋਏ, ਸਿਹੋ ਪਾਓ ਅਨਾਮ ਦਵਾਏ ਬਹੁਤੇ
ਇਸ ਤਰਾਂ ਕੀਤੀ ਸੋਧ ਸਾਰਿਆਂ ਦੀ ਦਬਦਬੇ ਪਾ ਗੁਰਾਂ ਡਰਾਏ ਬਹੁਤੇ
ਚੂੰ ਕਰਨ ਜੋਗਾ ਕੋਈ ਛਡਿਆ ਨ ਕਾਰਦਾਰ ਹੀ ਸਿੰਘ ਬਨਾਏ ਬਹੁਤੇ
ਮਹਾਂਬਲੀ ਸਤਿਗੁਰੂ ਕਰਤਾਰ ਸਿੰਘਾ, ਰੰਗ ਹੋਰ ਦੇ ਹੋਰ ਪਲਟਾਏ ਬਹੁਤੇ

ਮਸੰਦਾਂ ਵਾਸਤੇ ਹੁਕਮ

ਗੁਰਾਂ ਸੋਧ ਮਸੰਦਾਂ ਦੀ ਖੂਬ ਕੀਤੀ, ਅਗੋਂ ਖੋਟ ਨ ਫੇਰ ਕਮਾਏ ਕੋਈ
ਨਾਲੇ ਸੰਗਤਾਂ ਨੂੰ ਪਕਾ ਹੁਕਮ ਦਿਤਾ ਇਹਨਾਂ ਨਾਲ ਨ ਮੇਲ ਰਖਾਏ ਕੋਈ

---

‡ਸਭੇ ਸਤਿਗੁਰੂ ਜੀ ਸੰਪੂਰਨ ਸ਼ਕਤੀਵਾਨ ਇਕੋ ਸਰੂਪ ਹੀ ਹੋਏ ਸਨ, ਪਰੰਤੂ ਸਮੇਂ ਦੀ ਲੋੜ ਅਨੁਸਾਰ ਦਸਮੇਸ਼ ਜੀ ਨੇ ਸ਼ਾਂਤਿ ਸੁਭਾਵ ਦੇ ਨਾਲ ਰਾਜਨੀਤ ਨੂੰ ਮੁਖ ਰਖਿਆ ਤੇ ਦੁਸ਼ਟਾਂ ਦੋਖੀਆਂ ਨੂੰ ਡੰਡ ਦੇਣ ਨੂੰ ਤਿਆਰ ਹੋ ਗਏ

ਕਾਰ ਭੇਟਾ ਨ ਦੇਨੀ ਮਸੰਦ ਤਾਈਂ ਜੇ ਆਉਨ ਤਾਂ ਮੂੰਹ ਨ ਲਾਏ ਕੋਈ
ਗੋਲਕ ਗੁਰਾਂ ਦੀ ਘਰਾਂ ਦੇ ਵਿਚ ਰਖੋ ਜਿੰਨਾ ਪੁਜੇ ਗੁਰਹਿਸਾ ਕਢਾਏ ਕੋਈ
ਜਦ ਦਰਸ਼ਨਾਂ ਨੂੰ ਆਵੇ ਲੈ ਆਵੇ ਪਹੁੰਚੇ ਜਿਸਤਰ੍ਹਾਂ ਆਪ ਪੁਚਾਏ ਕੋਈ
ਪਰ ਮੀਣੇ ਮਸੰਦ ਕਰਤਾਰ ਸਿੰਘਾ, ਵੇਖ ਮੂਲ ਨ ਸੀਸ ਝੁਕਾਏ ਕੋਈ

ਰਾਜੇ ਗੋਪੀ ਚੰਦ ਦਾ ਗੀਤ

ਇਕ ਦਿਨ ਦਰਬਾਰ ਦੇ ਵਿਚ ਆਕੇ ਇਕਤਾਰਾ ਲੈ ਜੋਗੀ ਵਜਾਉਨ ਲਗਾ
ਸੋਹਣੀ ਸੁਰ ਮਿਲਾਕੇ ਪ੍ਰੇਮ ਸੇਤੀ ਗੋਪੀ ਚੰਦ ਦਾ ਗੀਤ ਸੁਨਾਉਨ ਲਗਾ
ਝਟ ਸਿੰਘਾਂ ਨੇ ਉਸਨੂੰ ਰੋਕ ਦਿਤਾ ਇਉਂ ਵਿਚ ਦਰਬਾਰ ਦੇ ਗਾਉਨ ਲਗਾ
ਗੁਰਬਾਣੀ ਬਿਨਾਂ ਹੋਰ ਬਾਨੀ ਕਚੀ ਕੀਹ ਰਾਜਿਆਂ ਦਾ ਝੇੜਾ ਪਾਉਨ ਲਗਾ
ਜੋਗੀ ਗੁਰਾਂ ਅਗੇ ਫਰਯਾਦੀ ਹੋਯਾ ਮੇਰਾ ਕੀਤਾ ਅਪਮਾਨ ਜਤਾਉਨ ਲਗਾ
ਮੈਂ ਸੁਨਾਯਾ ਵਰਾਗ ਕਰਤਾਰ ਸਿੰਘਾ, ਏਨ੍ਹਾਂ ਸਿੰਘਾਂ ਨੂੰ ਕਿਉਂ ਗੁਸਾਐਨ ਲਗਾ

ਸਿੰਘਾਂ ਨੂੰ ਇਸ ਵਿਸ਼ੇ ਪ੍ਰਤੀ ਉਪਦੇਸ਼

ਗੁਰਾਂ ਆਖਿਆ ਨੇ ਨਹੀਂ ਸੁਨਣੀ, ਜਿਸ ਬਾਣੀ ਅੰਦਰ ਮੰਦੀ ਲਾਗ ਹੋਵੇ
ਗੰਦੇ ਗੀਤ ਕਿਸੇ ਹੋਣ ਔਰਤਾਂ ਦੇ, ਇਸ਼ਕ ਮੁਸ਼ਕ ਦੀ ਜਿਦੇ ਵਿਚ ਜਾਗ ਹੋਵੇ

---

ਨੋਟ—ਜਦ ਮਸੰਦਾਂ ਨੂੰ ਕੀੜਿਆਂ ਦੇ ਫਲ ਮਿਲਨ ਲਗੇ ਤਾਂ ਤਖਤ ਮਲ ਲਮੇਂ ਦੇਸ ਦਾ ਮਸੰਦ ਡਰਦਾ ਮਾਰਿਆ ਜਨਾਨੇ ਕਪੜੇ ਪਹਿਣ ਮਾਤਾ ਜੀ ਪਾਸ ਜਾ ਹੋਯਾ ਤੇ ਬੜੇ ਤਰਲੇ ਕਰੇ ਮਾਤਾ ਜੀ ਨੇ ਸਪਾਰਸ ਕਰਕੇ ਉਸਨੂੰ ਛੁਡਵਾ ਦਿਤਾ। ਸਤਿਗੁਰਾਂ ਨੇ ਉਸਨੂੰ ਵੇਖਕੇ ਹੁਕਮ ਦਿਤਾ ਕਿ ਤੁਸੀਂ ਹਮੇਸ਼ ਔਰਤਾਂ ਦਾ ਬਾਨਾ ਹੀ ਰਖਯਾ ਕਰਨਾ, ਸੋ ਹੁਣ ਤਕ ਉਸਦੀ ਗੱਦੀ ਦੇ ਮਹੰਤ ਚੂੜੀਆਂ ਤੇ ਲਾਲ ਕਪੜੇ ਜਨਾਨੀਆਂ ਵਾਂਗੂੰ ਹੀ ਪਹਿਨਦੇ ਹਨ:—

ਦੂਸਰਾ—ਭਾਈ ਫੇਰੂ ਨਕੇ ਦੇਸ ਦੇ ਮਸੰਦ ਨੂੰ ਜਦ ਸਿਖ ਫੜਨ ਗਏ ਤਾਂ ਉਸਨੇ ਪੁਛਿਆ, 'ਸਤਿਗੁਰਾਂ ਨੇ ਕਿਵੇਂ ਹੁਕਮ ਦਿਤਾ?' ਤਾਂ ਸਿੰਘਾਂ ਨੇ ਆਖਿਆ ਕਿ ਮੁਸਕਾਂ ਬੰਨ੍ਹਕੇ ਦਾੜ੍ਹੀਓਂ ਫੜਕੇ ਲਿਆਉਣਾ। ਭਾਈ ਫੇਰੂ ਸੁਣਕੇ ਬੜਾ ਖੁਸ਼ ਹੋਯਾ ਕਿ ਧੰਨ ਗੁਰਾਂ ਦਾ ਹੁਕਮ ਹੈ ਸੋ ਤੁਸੀਂ ਉਸੇ ਤਰਾਂ ਕਰੋ ਪਰ ਸਿੰਘ ਉਸਦਾ ਪ੍ਰੇਮ ਵੇਖਕੇ ਇਸ ਤਰ੍ਹਾਂ ਨ ਕਰ ਸਕੇ ਤਾਂ ਉਹ ਆਪੇ ਆਪਣੇ ਹਥ ਬੰਨ੍ਹ ਦਾੜ੍ਹੀ ਹਥ ਸਤਿਗੁਰਾਂ ਦੇ ਹਜ਼ੂਰ ਹਾਜ਼ਰ ਹੋਯਾ ਤੇ ਬੜੀ ਅਧੀਨਗੀ ਜ਼ਾਹਰ ਕੀਤੀ। ਸਤਿਗੁਰੂ ਜੀ ਉਸਦੀ ਸਰਧਾ ਵੇਖਕੇ ਬੜਾ ਪ੍ਰਸੰਨ ਹੋਏ ਤੇ ਖੁਸ਼ ਹੋ ਕੇ ਵਰ ਦਿਤਾ ਕਿ ਭਾਈ ਫੇਰੂ ਤੇਰੀ ਦਾੜ੍ਹੀ ਸਚੀ ਹੈ ਸਿਰੋ ਪਾਓ ਦੇ ਕੇ ਉਸੇ ਦੇਸ ਦਾ ਮਹੰਤ ਕਰ ਦਿਤਾ (ਅਗੇ ਦੇਖੋ ੨੮੯ ਸਫੇ ਤੇ ਨੋਟ ੩)

ਪਰ ਉਸਦੇ ਸੁਨਣ ਦਾ ਦੋਸ਼ ਕੋਈ ਨ, ਭਗਤੀ ਪ੍ਰੇਮ ਜਿਸ ਵਿਚ ਵੈਰਾਗ ਹੋਵੇ
ਧਰਮ ਬੀਰਤਾ ਦਾ ਕਰਤਾਰ ਸਿੰਘਾ, ਸਬਕ ਦੇਵੇ ਤੇ ਵਿਸ਼ੇ ਦਾ ਤਯਾਗ ਹੋਵੇ

ਤਥਾ

ਗੋਪੀ ਚੰਦ ਤੇ ਭਰਥਰੀ ਧੰਨ ਹੋਏ, ਓਹਨਾਂ ਵਲ ਜ਼ਰਾ ਨਿਗ੍ਹਾ ਮਾਰ ਦੇਖੋ
ਰਾਜ ਭਾਗ ਛਡੇ ਓਹਨਾਂ ਖਿਨ ਅੰਦਰ, ਜ਼ਰ ਦੌਲਤਾਂ ਬੇਸ਼ੁਮਾਰ ਦੇਖੋ
ਪਰੀ ਵਰਗੀਆ ਨਾਰਾਂ ਨੂੰ ਛਡ ਗਏ, ਤੇ ਸਵਰਗ ਦੀ ਐਸ਼ ਬਹਾਰ ਦੇਖੋ
ਮੂਢ ਰੋਗਾਂ ਦਾ ਜਾਣਕੇ ਛਡ ਦਿਤੇ, ਏਸ ਜਗ ਦੇ ਵਿਸ਼ੇ ਵਿਕਾਰ ਦੇਖੋ
ਸ਼ੀਸ਼ ਮਹਿਲ ਤਯਾਗ ਵੈਰਾਗ ਫੜਿਆ, ਚਿਤ ਸਬਰ ਸੰਤੋਖ ਨੂੰ ਧਾਰ ਦੇਖੋ
ਤੁਸੀਂ ਕਚੀ ਕੁਲੀ ਡਿਗੀ ਢਠੀ ਹੋਈ, ਭੈੜੀ ਭੌਂ ਕਲਰ ਬਿਘੇਚਾਰ ਦੇਖੋ
ਅਤੇ ਕਾਲੀ ਕੁਰੂਪ ਕੁਲਹਿਨੀ ਭੈੜੀ, ਦੁਖ ਦੇਣ ਵਾਲੀ ਬੁਰੀ ਨਾਰ ਦੇਖੋ
ਛਡ ਸਕਦੇ ਨਹੀਂ ਕਰਤਾਰ ਸਿੰਘਾ, ਗਲਾਂ ਕਰਨੀਆਂ ਹੈਨ ਸੁਖਾਰ ਦੇਖੋ

ਚੌਰਾਂ ਰਾਗੀਆਂ ਦੀ ਸਾਖੀ

ਇਕਦਿਨ ਹਜ਼ੂਰਸੀ ਰਾਗੀਆਂਨੇ, ਸੋਹਣੀ ਆਸਾਦੀ ਵਾਰ ਅਲਾਈ ਵਾਹਵਾਹ
ਸੁਰਤਾਲ ਸੁਣਕੇ ਸਭ ਖੁਸ਼ੀ ਹੋਏ, ਗੁਰਾਂ ਪਾਸ ਕਰਦੇ ਵਡਿਆਈ ਵਾਹਵਾਹ
ਮਹਾਰਾਜ ਰਾਗੀ ਬੜੇ ਪ੍ਰੇਮ ਵਾਲੇ, ਪ੍ਰੀਤਨਾਲ ਏਨ੍ਹਾਂ ਬਾਣੀ ਗਾਈ ਵਾਹਵਾਹ
ਗੁਰਾਂ ਆਖਯਾ ਸਚ ਕਰਤਾਰ ਸਿੰਘਾ, ਕਹੀ ਏਥੇ ਗਾਇਬ ਸੁਨਾਈ ਵਾਹਵਾਹ

ਪੂਰਾ ਭੇਤ

ਸਿਖਾਂ ਪੁਛਿਆ ਗਲ ਦਾ ਅੰਤਰਾ ਕੀਹ, ਸਤਿਗੁਰਾਂ ਨੇ ਫੋਲ ਸੁਨਾਯਾ ਜੀ

---

ਤੀਸਰਾ—ਭਾਈ ਗਾਊ ਕਟੋਆਂ ਵਾਲਾ ਦਿਆਲਪੁਰੋਂ ਤੋਂ ਫੜਿਆ ਆਯਾ ਤਾਂ ਸਤਿਗੁਰਾਂ ਪੁਛਿਆ ਤੂੰ ਕੌਣ ਹੈ ? ਤਾਂ ਉਸ ਆਖਯਾ ਜੀ ਮਸੰਦਾਂ ਦਾ ਪਖ ਮਸੰਦ ਤੇ ਸਿਖਾਂ ਦਾ ਸੇਵਕ ਗੁਰੂ ਕਾ ਲਾਗਣੀ ਹਾਂ, ਤੇ ਸਿੰਘਾਂ ਵੀ ਉਸ ਦੀ ਬੜੀ ਸਫਾਰਸ਼ ਕੀਤੀ ਕਿ ਸੱਚੇ ਪਾਤਸ਼ਾਹ, ਇਹ ਜੋ ਕੁਝ ਆਂਵਦਾ ਹੈ ਗੁਰੂ ਕੇ ਲੰਗਰ ਵਿਚ ਪਾ ਕੇ ਗਰੀਬ ਗੁਰਬੇ ਨੂੰ ਖਵਾ ਛਡਦਾ ਹੈ, ਕਿਸੇ ਨੂੰ ਨੰਗਾ ਭੁਖਾ ਨਹੀਂ ਜਾਣ ਦੇਂਦਾ ਤਾਂ ਉਸ ਨੂੰ ਸਿਰੋਪਾ ਦੇਕੇ ਛਡ ਦਿਤਾ।

ਏਸੇ ਤਰਾਂ ਇਸ ਲਾਇਕ ਜੋ ਮਸੰਦ ਸੀ, ਸਭ ਦੀ ਸੰਧਣਾ ਕੀਤੀ ਤੇ ਅਗੇਂ ਵਾਸਤੇ ਹੁਕਮ ਕੀਤਾ ਕਿ ਸਿੰਘ ਸਜੇ ਤਾਂ ਰਹੇ, ਨਹੀਂ ਤਾਂ ਗੁਰੂ ਘਰੋਂ ਵਖ ਕੀਤੇ ਜਾਵਿਗੇ।

ਇਕ ਪੈਂਚ ਦੀ ਕਹੀ ਗਵਾਚ ਗਈ, ਓਸ ਝਟ [1]ਭਿਰਾਈ ਬੁਲਾਯਾ ਜੀ
ਸਾਰੇ ਪਿੰਡਾਂ ਦੇ ਵਿਚ ਢੰਡੋਰਾ ਦੇ ਦਿਹ, ਮੇਰੀ ਕਹੀ ਨੂੰ ਕਿਸੇ ਚੁਰਾਯਾ ਜੀ
ਓਹ ਸਾਰੇ ਹੀ ਢੋਲ ਵਜਾਂਦਾ ਫਿਰਿਆ, ਸਾਰੇ ਪੈਂਚ ਦਾ ਹੁਕਮ ਜਤਾਯਾ ਜੀ
ਕਹੀ ਪੈਂਚ ਦੀ ਦੇ ਦਿਹੋ ਜਿਸ ਵੇਖੀ, ਨਹੀਂ ਤਾਂ ਪੈਂਚ ਗੁਸੇ ਵਿਚ ਆਯਾ ਜੀ
ਮਾਰ ਕੁਟਕੇ ਪਿੰਡ ਉਜਾੜ ਛਡੂ, ਕੰਨੀਂ ਸਭ ਦੀ ਸ਼ਬਦ ਏਹ ਪਾਯਾ ਜੀ
ਲਭੀ ਕਹੀ ਨ ਪੈਂਚ ਨੇ ਹੋ ਗੁਸੇ, ਸਾਰੇ ਘਰਾਂ ਨੂੰ ਢੋਲ ਢੁਲਾਯਾ ਜੀ
ਕਹੀ ਓਸੇ ਭਿਰਾਈ ਦੇ ਘਰੋਂ ਨਿਕਲੀ, ਡਨ ਚੌਗੁਨਾ ਓਸ ਨੂੰ ਲਾਯਾ ਜੀ
ਕਹੀ ਓਸੇ ਤਰ੍ਹਾਂ ਏਥੇ ਦਬੀ ਹੈ ਜੀ, ਸਤਿਗੁਰਾਂ ਨੇ ਹਸ ਫਰਮਾਯਾ ਜੀ
ਐਬ ਰਾਗੀਆਂ ਦਾ ਕ੍ਰਤਾਰ ਸਿੰਘਾ, ਓਸੇ ਵਕਤ ਇਉਂ ਜ਼ਾਹਰ ਕਰਾਯਾ ਜੀ

ਤਥਾ

ਓਸੇ ਰਾਤ ਇਕ ਘਰਸੀ ਸੰਨ੍ਹ ਲਗੀ, ਲੋਕ ਤਾੜ ਗਏ ਰਮਜ ਸੁਨਾਈ ਜਦੋਂ
ਏਨ੍ਹਾਂ ਰਾਗੀਆਂ ਨੇ ਘਰਪਾੜਿਆ ਏ, ਸਚੀ ਜਾਣ ਲਈ ਗੁਰਾਂਸਮਝਾਈ ਜਦੋਂ
ਸਾਰਾ ਮਾਨ ਓਸੇ ਤਰਾਂ ਨਿਕਲ ਆਯਾ, ਫੜ ਕਰ ਤਲਾਸ਼ੀ ਕਰਾਈ ਜਦੋਂ
ਮਿਲੀ ਬਹੁਤ ਸਜਾ ਕ੍ਰਤਾਰ ਸਿੰਘਾ, ਏਹ ਕਰਤੂਤ ਭੈੜੀ ਉੱਗੜ ਆਈ ਜਦੋਂ

ਅਜ ਕਲ ਦੇ ਰਾਗੀ

ਅਜ ਕਲ ਭੀ ਜੇ ਨਿਗ੍ਹਾ ਮਾਰ ਦੇਖੋਂ, ਰਾਗੀ ਓਸੇ ਤਰ੍ਹਾਂ ਨਿਗ੍ਹਾ ਆਂਵਦੇ ਨੇ
ਜਣੇ ਖਣੇ ਬਨਾ ਰੁਜਗਾਰ ਲਿਆ, ਭੋਲੇ ਸਿੰਘਾਂ ਤਾਈਂ ਲੁਟ ਖਾਂਵਦੇ ਨੇ
ਗਈ ਗਲ ਰਬਾਬ ਸ਼ਰੰਦੇ ਵਾਲੀ, ਹਾਰਮੋਨੀਅਮ ਮੁਲ ਮੰਗਾਂਵਦੇ ਨੇ
ਤਾੜ ਫਾੜ ਦੀਆਂ ਚਾਰ ਧਾਰਨਾ ਸਿਖ, ਹਾ ਹੂ ਕਰਕੇ ਰੌਲਾ ਪਾਂਵਦੇ ਨੇ
ਜੜੀਦਾਰ ਬਣਾ ਕੇ ਉੱਠ ਟੁਰਦੇ, ਚੰਗੇ ਸਿੰਘਾਂ ਤੋਂ ਟਕੇ ਉਗਾਂਵਦੇ ਨੇ
ਨਿਤਨੇਮ ਨ ਸ਼ਰਧਾ ਪ੍ਰੇਮ ਕੋਈ, ਇਹ ਸੁਖੱਲਾ ਰੁਜ਼ਗਾਰ ਠਹਿਰਾਂਵਦੇ ਨੇ
ਪੱਗਾਂ ਟੇਢੀਆਂ ਕਰ ਸਲਵਾਰ ਪਾ ਕੇ, ਬਾਂਕਪਨ ਅਜੀਦ ਦਿਖਾਂਵਦੇ ਨੇ
ਧਯਾਨ ਕਿਤੇ ਹੁੰਦਾ ਸ਼ਬਦ ਕਿਤੇ ਪੜਦੇ,ਚੰਚਲਪੁਣੇ ਦੇ ਤਾਲ ਉਠਾਂਵਦੇ ਨੇ
ਕਦੇ ਨਾਲ ਹਥਾਂ ਕਦੇ ਨਾਲ ਅਖਾਂ, ਤਾਨਾ ਦੇਂਵਦੇ ਸਿਰ ਹਿਲਾਂਵਦੇ ਨੇ

[1]ਭਿਰਾਈ ਢੋਲ ਵਾਲਾ।

ਗਲਾਂ ਮੂੰਹ ਤੋਂ ਕਰਨ ਵੈਰਾਗ ਦੀਆਂ, ਨਾਸਵੰਤ ਹੈ ਮਾਯਾ ਸੁਨਾਂਵਦੇ ਨੇ
ਪਰ ਜਿਥੇ ਬੁਲਾਓ ਤੇ ਵੇਖ ਲਵੋ, ਓਥੋਂ ਗੁਸੇ ਬਿਨਾਂ ਨਹੀਂ ਜਾਂਵਦੇ ਨੇ
ਭਾਵੇਂ ਕਿੰਨਾ ਦਿਹੋਂ ਵਾਦੀ ਪਈ ਭੇੜੀ, ਲੁਟ ਖੜੀਏ ਏਹੋ ਤਕਾਂਵਦੇ ਨੇ
ਨ ਰੇਹਤ ਨ ਬੇਹਤ ਨ ਅਮਲ ਕੋਈ, ਤੋਤੇ ਵਾਂਗ ਓਹ ਗਲਾਂ ਅਲਾਂਵਦੇ ਨੇ
ਦੇਣ ਲਗੇ ਭੀ ਪ੍ਰੇਮੀ ਨ ਫਰਕ ਕਰਦੇ, ਕਢ ਝਟ ਰੁਪਏ ਛਣਕਾਂਵਦੇ ਨੇ
ਗੁਰੂ ਗਰੀਬ ਸਾਹਿਬ ਭਾਈ ਪੜੇ ਸਾਰਾ, ਦਮੜੇ ਦੋ ਅਰਦਾਸ ਕਰਾਂਵਦੇ ਨੇ
ਛਢ ਆਨਾ ਦਿਹਾੜੀ ਦਾ ਮੂਲ ਪਾਂਦੇ, ਨਾਲ ਸੋ ਨਿਹੋਰਾ ਕੜ੍ਹਾਂਵਦੇ ਨੇ
ਤਾਲ ਰਾਗੀਆਂ ਦੇ ਉੱਤੇ ਮਸਤ ਹੋ ਕੇ, ਝਟ ਪਟ ਜੇਬਾਂ ਉਲਟਾਂਵਦੇ ਨੇ
ਵਿਚ ਘੜੀ ਦੇ ਓਹ ਪੰਜ ਦਸ ਲੇ ਕੇ, ਐਸ਼ ਇਸਤਰਾਂ ਵਿਚ ਉਡਾਂਵਦੇ ਨੇ
ਮਾਯਾ ਖਰਚ ਓਹ ਕਰਨ ਕੁਥਾਂ ਜਾ ਕੇ, ਅਧਾ ਦਾਤੇ ਨੂੰ ਫਲ ਪੁਚਾਂਵਦੇ ਨੇ
ਪੁਨ, ਪਾਪ ਦੇ ਭਾਗੀ ਕਰਤਾਰ ਸਿੰਘਾ, ਜੋ ਕੁਪਾਤਰਾਂ ਪਾਸ ਲੁਟਾਂਵਦੇ ਨੇ

### ਵਾਕ ਕਵੀ

**ਬੇਸ਼ਕ ਏਹ ਪੰਥ ਦਾ ਫਰਜ਼ ਹੈ ਜੀ, ਗੁਣਵਾਨਾਂ ਦੀ ਪਾਲਨਾ ਕਰੀ ਚਾਹੀਏ**

---

*ਅਸੀਂ ਪੰਥ ਦੀ ਏਸ ਹਾਲਤ ਨੂੰ ਦੇਖ ਕੇ ਸਖਤ ਹੈਰਾਨ ਹਾਂ ਕਿ ਜੋ ਮਿਰਾਸੀਆਂ ਨੂੰ ਆਪਣੀ ਕਮਾਈ ਹੋਈ ਮਾਯਾ ਮੁਫਤ ਵਿਚ ਲੁਟਾਏ ਹਨ, ਸਾਫ ਪੰਥ ਦੇਖਦਾ ਹੈ ਕਿ ਕਈ ਰਾਗੀਆਂ ਰਬਾਬੀਆਂ ਦਾ ਗੁਰੂ ਘਰ ਤੇ ਕੋਈ ਨਿਸਚਾ ਨਹੀਂ ਹੁੰਦਾ, ਕੇਵਲ ਪੇਟ ਦੀ ਖਾਤਰ ਦੁਕਾਨਦਾਰ ਬਨਾਈ ਫਿਰਦੇ ਹਨ। ਓਹੋ ਰਾਗੀ ਸਿਖਾਂ ਵਿਚ ਬੈਠ ਕੇ ਗੁਰਬਾਣੀ ਦਾ ਉਚਾਰ ਕਰਦੇ ਤੇ ਮੂੰਹੋਂ ਆਖਦੇ ਗੁਰੂ ਜਿਨਾਂ ਕਚੀ ਬਾਣੀ ਹੈ ਓਥੋਂ ਉਠਕੇ ਦੂਸਰੇ ਪਾਸੇ ਸਾਰੰਗੀ ਫੜਕੇ ਤਾਨਾ ਮਾਰਦੇ ਦੇਖੀਏ ਹਨ, ਸਿਖਾਂ ਨੂੰ ਲੁਟਕੇ ਘਰ ਜਾਕੇ ਏਹ ਭੀ ਆਖਦੇ ਸੁਣੀਦੇ ਹਨ ਕਿ ਲਿਆਓ ਲੋਟਾ ਚਾਰ ਕੁਰਲੇ ਕਰ ਲਈਏ ਕਾਫਰਾਂ ਦੀ ਬਾਣੀ ਪੜ੍ਹਦੇ ਹਾਂ, ਕੁਠਾ ਖਾਂਦੇ ਤਮਾਕੂ ਪੀਂਦੇ ਤੇ ਮੁਸਲਮਾਨਾਂ ਨਾਲ ਵਰਤਦੇ, ਬਸ ਓਹ ਸਾਡੇ ਪੰਥ ਦੇ ਰਾਗੀ ਰਬਾਬੀ ਸਦਾਂਦੇ ਹਨ, ਬੇਸ਼ਕ ਵਿਚ ਵਿਚ ਕਈ ਪ੍ਰੇਮ ਵਾਲੇ ਭੀ ਹਨ, ਜੈਸਾ ਕਿ ਰੌਂਦਕਿਆਂ ਵਾਲੇ ਭਾਈ ਨਥਾ ਸਿੰਘ ਕਥਾ ਸਿੰਘ ਹੋਰੀ, ਪਰ ਬਹੁਤ ਉਰਲੀ ਕਾਰ ਵਾਲੇ ਹੀ ਹਨ।

ਖਾਲਸਾ ਜੀ, ਜੇ ਆਪਣੇ ਬੱਚਿਆਂ ਨੂੰ ਰਾਗ ਵਿਦਿਆ ਸਿਖਲਾਓ ਤੇ ਓਹੋ ਪੈਸਾ ਜੋ ਗੈਰ ਮਜ਼੍ਹਬ ਵਾਲਿਆਂ ਪਾਸ ਲੁਟਾਂਦੇ ਹੋ ਆਪਣੇ ਪੰਥ ਵਿਚ ਖਰਚ ਕਰੋ, ਤਾਕਿ ਪਥ ਪਕਿਆਂ ਨੀਹਾਂ ਤੇ ਖੜਾ ਹੋਜਾਵੇ

ਪੰਥ ਵਿਚ ਰਾਗੀਉਪਦੇਸ਼ਕਾਂਦੀ,ਗੁਨੀ ਗਯਾਨੀਆਂ ਦੀ ਇਜ਼ਤਬੜੀ ਚਾਹੀਏ
ਪਰਪਾਤ੍ਰ੦ਕੁਪਾਤ੍ਰ ਦੀ ਭਾਲ ਕਰਨੀ, ਪੰਥ ਤਾਈਂ ਵਿਚਾਰ ਏਹਖਰੀ ਚਾਹੀਏ
ਜਿਥੋਂ ਪੰਥਨੂੰ ਲਾਭ ਕਰਤਾਰਸਿੰਘਾ, ਲਾਣੀ ਓਸ ਥਾਂ ਮਾਯਾਦੀਭੜੀ ਚਾਹੀਏ

ਉਦਾਸੀਆਂ ਦਾ ਟੋਲਾ ਤੇ ਦੀਵਾਨ ਨੰਦ ਚੰਦ ਦਾ ਝਗੜਾ

ਓਸੇ ਸਮੇਂ ਉਦਾਸੀ ਆਏ ਮਾਲਵੇ ਤੋਂ, ਸਤਿਗੁਰਾਂ ਦੇ ਦਰਸ਼ਨ ਪਾਵਨੇ ਨੂੰ
ਇਕ ਲਿਖਤ ਦਾ ਪਾਸ ਗਰੰਥ ਸਾਹਿਬ, ਦਸਤਖਤ ਲਿਆਏ ਕਰਵਾਵਨੇ ਨੂੰ
ਨੰਦ ਚੰਦ ਦੇ ਪਾਸ ਆ ਰਖਯੇ ਨੇ, ਓਹ ਪਯਾਰ ਹੋ ਗਿਆ ਦਬਾਵਨੇ ਨੂੰ
ਮੁੜ ਮੰਗ ਰਹੇ ਉਹ ਦੇ ਨਾਹੀਂ, ਸਗੋਂ ਖੜਾ ਹੋ ਪਿਆ ਦਬਕਾਵਨੇ ਨੂੰ
ਓਹਨਾਂ ਗੁਰਾਂ ਦੇ ਪਾਸ ਫਰਯਾਦ ਕੀਤੀ, ਗੁਰਾਂ ਭੇਜਿਆ ਸਿਖ ਬੁਲਾਵਨੇ ਨੂੰ

ਨੰਦ ਚੰਦ ਨੂੰ ਸਰਾਪ

ਏਹ ਸੁਣਕੇ ਗੁਰਾਂ ਸਰਾਪ ਦਿਤਾ, ਨੰਦ ਚੰਦ †ਕਮੌਤੇ ਹੀ ਮਰੇਗਾ ਜੀ
ਜਿਨਾਂ ਕਾਰਣੋਂ ਹੈ ਬੇਈਮਾਨ ਹੋਯਾ ਕੀਤੀ ਆਪਣੀ ਦਾ ਫਲ ਭਰੇਗਾ ਜੀ
ਅੰਨ੍ਹਾ ਹੋ ਕੇ ਮਰੇਗਾ ਦੁਖ ਪਾ ਕੇ, ਏਹਦੀ ਗੋਤ ਦਾ ਗ੍ਰੰਥ ਜੋ ਪੜੇਗਾ ਜੀ
ਗਲਾਂ ਹੋਈਆਂਏਹ ਸਚ ਕ੍ਰਤਾਰ ਸਿੰਘਾ ਗੁਰਵਾਕ ਕੇਹੜਾ ਉਲਟ ਧਰੇਗਾ ਜੀ

ਬਾਣੀ ਅਰਥ ਸਹਿਤ ਸਮਝ ਨਾਲ ਪੜ੍ਹਨੀ ਚਾਹੀਦੀ ਹੈ

ਇਕ ਦਿਨ ਦੀਵਾਨ ਦੇ ਕੁਝ ਨੇੜੇ ਇਕ ਸਿੰਘ ਬਾਣੀ ਪੜੇ ਪ੍ਰੇਮ ਪੂਰਾ
ਓਅੰਕਾਰ ਦੀ ਉਸਨੇ ਤੁਕ ਪੜ੍ਹੀ ਹੈਸੀ ਵਿਦਯਾ ਵਿਚ ਓਹ ਬਹੁਤ ਊਰਾ

---

†ਨੰਦ ਚੰਦ ਅਨੰਦ ਪੁਰੋਂ ਭਜਕੇ ਗ੍ਰੰਥ ਸਾਹਿਬ ਫੜੋਲੀ ਛਡਕੇ ਕਰਤਾਰਪੁਰ ਧੀਰਮਲ ਪਾਸ ਜਾ ਰਿਹਾ ਤੇ ਓਥੇ ਜਾ ਕੇ ਭੀ ਓਹੋ ਦੀਵਾਨ ਪੁਣਾ ਭਾਲਨ ਲਗਾ ਤਾਂ ਧੀਰ ਮਲ ਦੀਆਂ ਮਸੰਦਾਂ ਨੇ ਚੀਰਖਾ ਕਰਕੇ ਧੀਰ ਮਲ ਨੂੰ ਸਿਖਲਾਯਾ ਕਿ ਇਹ ਗੁਰੂ ਗੋਬਿੰਦ ਸਿੰਘ ਦਾ ਜਾਨਣੀ ਦਾ ਜੰਦਾ ਹੈ, ਤੇਰਾ ਭੇਤ ਲੈਣ ਆਇਆ ਹੈ, ਵੇਖੀਂ ਕਿਤੇ ਹੋਰ ਹੀ ਚੰਨ ਨ ਚੜ੍ਹ ਜਾਵੇ ਧੀਰ ਮਲ ਨੇ ਭੀ ਏਸ ਗਲ ਨੂੰ ਸਚੀ ਸਮਝਕੇ ਖੂਹੇ ਵਿਚੋਂ ਲੰਘਦੇ ਨੂੰ ਹੀ ਗੋਲੀ ਨਾਲ ਮਰਵਾ ਦਿਤਾ ਤੇ ਓਹ ਗ੍ਰੰਥ ਸਾਹਿਬ ਹੁਣ ਤਕ ਭਾਈ ਕੀ ਡਰੋਲੀ ਮਾਲਵੇ ਵਿਚ ਹੈ ਪਰ ਸਿੰਘੋ ਡਰ ਦੇ ਉਸ ਨੂੰ ਨਹੀਂ ਪੜ੍ਹਦੇ, ਜੋ ਪੜ੍ਹੇ ਸੋ ਅੰਨ੍ਹਾ ਹੋ ਜਾਂਦਾ ਹੈ, ਭਾਈ ਨੱਥਾ ਸਿੰਘ ਸੂਰਜ ਮੁਖੀ ਰਣਜੀਤ ਸਿੰਘ ਦੀ ਪਲਟਨ ਸੀ, ਉਸ ਪਲਟਨ ਦਾ ਗ੍ਰੰਥੀ ਕਹਿੰਦਾ ਹੁੰਦਾ ਸੀ ਕਿ ਮੈਂ ਗ੍ਰੰਥ ਸਾਹਿਬ ਪੜ੍ਹਕੇ ਅੰਨ੍ਹਾ ਹੋਯਾ ਸਾਂ।

"ਕਰਤੇ ਕੀ ਮਿਤ ਕਰਤਾ ਜਾਣੈ, ਕਿਹ ਜਾਣੈ ਗੁਰ ਪੂਰਾ"
ਗੁਰੂ ਜੀ ਨੇ ਸਦ ਕਰਤਾਰ ਸਿੰਘਾ, ਧਪੇ ਪੰਜ ਮਰਵਾਏ ਤੇ ਬਹੁਤ ਘੂਰਾ

ਤਥਾ

ਏਹ ਵੇਖ ਪ੍ਰੇਮੀਆਂ ਅਰਜ਼ ਕੀਤੀ, ਏਸ ਕੀ ਅਪਰਾਧ ਕਮਾਯਾ ਏ
ਗੁਰਬਾਣੀ ਸੀ ਨਾਲ ਪ੍ਰੇਮ ਪੜਦਾ, ਏਹਨੂੰ ਕਾਸ ਉੱਤੋਂ ਮਰਵਾਯਾ ਏ
ਗੁਰਬਾਣੀ ਨੂੰ ਪੜਦਾ ਸਮਝਕੇ ਨ, ਸੀ ਮੁਖ ਤੋਂ ਗੁਰਾਂ ਫਰਮਾਯਾ ਏ
ਏਹਦੇ ਪੜਨ ਤੋਂ ਹੋਂਵਦੇਅਰਥਉਲਟੇ,ਫਰਕ ਜ਼ਿਮੀਂ ਅਸਮਾਨਦਾ ਪਾਯਾ ਏ
ਓਅੰਕਾਰ ਦੇ ਵਿਚ ਇਉਂ ਲਿਖਯਾ ਏ, ਗੁਰੂ ਨਾਨਕ ਸਾਹਿਬ ਸੁਨਾਯਾ ਏ
ਮਿਤ ਕਰਤੇ ਕੀ ਜਾਣਦਾ ਆਪ ਕਰਤਾ, ਭੇਦ ਹੋਰ ਨ ਕਿਸੇ ਨੇ ਪਾਯਾ ਏ
ਜਾਂ ਗੁਰੂ ਪੂਰਾ ਕੋਈ ਜਾਣਦਾ ਹੈ, 'ਗੁਰ ਪਰਮੇਸਰ ਇਕ ਰੂਪ ਲਿਖਾਯਾ ਏ
'ਕੈ, ਅਖਰ ਦੇ ਥਾਂ 'ਕਿਹ' ਲਾ ਕੇ ਜੀ, ਹੈ ਏਸ ਨੇ ਅਰਥ ਉਲਟਾਯਾ ਏ
ਮਿਤ ਕਰਤੇ ਕੀਜਾਣਦਾ ਆਪ ਕਰਤਾ, ਗੁਰੂ ਪੂਰਾ ਕੋਹ ਜਾਣੈ ਬਣਾਯਾ ਏ
ਥਾਂ ਭਲੇ ਦੇ ਬੁਰਾ ਕਰਤਾਰ ਸਿੰਘਾ, ਏਸ ਆਪਣੇ ਸਿਰ ਤੇ ਚਾਯਾ ਏ

ਵਾਕ ਕਵੀ

'ਬਾਣੀ ਗੁਰੂ, ਗੁਰੂ ਨੂੰ ਬਾਣੀ' ਬਾਣੀ ਨਾਲ ਗੁਰਸਿਖਾਂ ਦਾ ਪਯਾਰ ਚਾਹੀਏ
ਅੰਗ ਤੋੜਨੇ ਗੁਰਾਂ ਦੇ ਪੜ ਖੰਡਤ, ਬਾਣੀਗੁਰਾਂ ਦੀ ਦੇਹ ਵਿਚਾਰ ਚਾਹੀਏ
ਅਰਥ ਸਮਝੇ ਬਿਨਾਂਅਨਰਥਹੁੰਦਾ, ਇਸਲਈ ਕੁਝਅਰਥਾਂ ਦੀ ਸਾਰ ਚਾਹੀਏ
ਹੈ ਬਾਣੀ ਦੇ ਪਾਠ ਦਾ ਫਲ ਬਹੁਤਾ, ਪਰ ਪੜਨੀ ਸਦਾ ਸੁਧਾਰ ਚਾਹੀਏ
ਅਨੇ ਵਾਹ ਔਂਵੇ ਕਰਤਾਰ ਸਿੰਘਾ, ਹਥ ਮਾਰ ਨ ਹੋਣਾ ਖਵਾਰ ਚਾਹੀਏ

ਬਾਣੀ ਪੜ੍ਹ ਛਡਿਆਂ ਹੀ ਫਲ ਨਹੀਂ ਦੇਂਦੀ

ਇਕ ਦਿਨਆ ਸਿਖਾਂ ਨੇਂਅਰਜ਼ਕੀਤੀ, ਅਸੀਂ ਰੋਜ਼ ਗੁਰਬਾਣੀ ਉਚਾਰਦੇ ਹਾਂ
ਨਿਤਨੇਮ ਭੀ ਕਦੇ ਖੁੰਜਾਵਦੇ ਨਹੀ, ਪਰ ਬੈਠਕੇ ਜਦ ਵਿਚਾਰਦੇ ਹਾਂ
ਕੁਝ ਅਸਰ ਤਾਂ ਦਿਲ ਨੂੰ ਹੋਂਵਦਾ ਨਹੀਂ, ਐਵੇਂ ਜਾਪਦੇ ਟਕਰਾਂ ਮਾਰਦੇ ਹਾਂ
ਦਸੋ ਕੀਹ ਸਬੰਬ ਕਰਤਾਰ ਸਿੰਘਾ, ਹਥ ਬੰਨ ਕੇ ਅਰਜ਼ ਗੁਜ਼ਾਰਦੇ ਹਾਂ

ਡਵਾ

ਕੁਝ ਦਿਨ ਪਾ ਕੇ ਗੁਰਾਂ ਭੰਗ ਦਾ ਜੀ, ਇਕ ਘੜਾ ਘੁਟਾ ਭਰਾਯਾ ਜੀ
ਓਹਨਾਂ ਸਿਖਾਂ ਨੂੰ ਸਦ ਕੇ ਗੁਰੂ ਜੀ ਨੇ ਖੜੇ ਹੋ ਇਉਂ ਹੁਕਮ ਸੁਨਾਯਾ ਜੀ
ਏਸ ਭੰਗ ਦੀਆਂ ਚੁਲੀਆਂ ਕਰੀਜਾਂ ਹੋ ਨ ਅਗਹਾਂ ਲੰਘਾਓ ਫਰਮਾਯਾ ਜੀ
ਓਹ ਸਿਖ ਕੁਰਲੇ ਕਰ ਸੁਟੀ ਗਏ, ਇਕ ਘੁਟ ਨ ਅਗੂੰ ਲੰਘਾਯਾ ਜੀ
ਜਿਸ ਵਕਤ ਸਾਰਾ ਘੜਾ ਮੁਕ ਗਿਆ, ਲਿਆ ਵਿਚ ਦੀਵਾਨ ਬੈਠਾਯਾ ਜੀ
ਥੋੜੇ ਚਿਰ ਪਿੱਛੋਂ ਫੇਰ ਪੁਛ ਕੀਤੀ, ਕੁਝ ਅਮਲ ਤੁਹਾਨੂੰ ਹੈ ਆਯਾ ਜੀ
ਓਹਨਾਂ ਆਖਯਾਪੀਂਵਦੇਅਮਲ ਔਂਦਾ, ਓਹਤਾਂ ਚੁਲੀਆਂ ਕਰ ਡੁਲ੍ਹਾਯਾ ਜੀ
ਸਿੰਘੋਂ ਰਤੀ ਹਿਠਾਂ ਨ ਭੰਗ ਲੰਘੀ,ਕਾਹਦਾ ਅਮਲ ਆਵੇ ਇਉਂ ਜਤਾਯਾ ਜੀ
ਹਸ ਗੁਰਾਂ ਨੇ ਆਖਯਾ 'ਇਸਤਰਾਂ, ਤੁਹਾਨੂੰ ਬਾਣੀ ਨ ਅਸਰ ਪੁਚਾਯਾ ਜੀ
ਤੁਸੀਂ ਬੁਲਾਂ ਵਿਚੋ ਪੜ ਛਡਦੇ ਓ, ਅਖਰ ਇਕ ਨਾ ਰਿਦੇ ਵਸਾਯਾ ਜੀ
ਚਿਤੋਂ ਪੜ੍ਹਦੇ ਅਸਰ ਨ ਕਿਵੇਂ ਹੁਵਾ, ਗੀਤ ਬਾਣੀ ਨੂੰ ਤੁਸਾਂ ਬਨਾਯਾ ਜੀ
ਮੂੰਹੋਂ ਬਾਣੀ ਪੜਦੇ ਅਸਰ ਧਿਆਨ ਕਿਤੇਦੌੜੇ,ਹੈਦਿਲਪਰਚਾਵਾਰਖਾਯਾ ਜੀ
ਜੇ ਪੜ੍ਹਦੇ ਬਾਣੀ ਦਿਲੋਂ ਹੋ ਕੇ, ਵਡੇ ਸਤਿਗੁਰਾਂ ਹੈ ਲਿਖਾਯਾ ਜੀ
ਸਹਿਜੇ ਮੁਕਤ ਹੋ ਜਾਏ ਕਰਤਾਰ ਸਿੰਘਾ,ਜਨਮ ਮਰਨ ਦਾ ਫੰਦ ਕਟਾਯਾ ਜੀ

ਔਰਤ ਕਦੇ ਮਰਦ ਦਾ ਮੂੰਹ ਨ ਫਿਟਕਾਰੇ

ਲੋਹਗੜ੍ਹ ਕਿਲੇ ਅਗੇ ਬੋਹੜ ਹੈਸੀ, ਸੰਗਤ ਹੇਠ ਅਰਾਮ ਸੋ ਆਨ ਕਰੇ
ਹੁਕਮ ਰਬ ਦੇ ਨਾਲ ਉਹ ਸੁਕਰਿਆ, ਅਰਜ਼ਸਿੰਘ ਇਕਵਿਚ ਦੀਵਾਨ ਕਰੇ
ਏਹ ਬੋਹੜ ਸਤਿਗੁਰੂ ਜੀ ਹਰਾ ਹੋਵੇ, ਜੇ ਦੋਯਾ ਇਸ ਤੇ ਭਗਵਾਨ ਕਰੇ
ਕਹਿੰਦੇ ਹਸ ਕੇ ਸ੍ਰੀ ਦਸ਼ਮੇਸ਼ ਸਾਹਿਬ, ਏਹਨੂੰ ਈਸ਼ਰ ਹਰਾ ਆਸਾਨ ਕਰੇ
ਜਿਸ ਤੀਵੀਂ ਨ ਮਰਦ ਦਾ ਮੂੰਹ ਕਦੇ ਫਿਟਕਾਰਿਆ ਹੋਵੇ ਬਿਆਨ ਕਰੇ
ਹਰਾ ਹੋਵੇ, ਜੇ ਉਹ ਕਰਤਾਰ ਸਿੰਘਾ, ਹੇਠ ਏਹਦੇ ਬੈਠ ਇਸ਼ਨਾਨ ਕਰੇ

ਇਕ ਪਾਥਰੇ ਦੀ ਖਤਰਾਣੀ ਨੇ ਨਿਤਰਨਾ

ਤ੍ਰਿੰਨ ਵਾਰੀ ਹੋਕਾ ਦਿਤਾ ਮੇਵੜੇ ਨੇ, ਕਿਸੇ ਤੀਂਵੀਂ ਨੇ ਹੌਂਸਲਾ ਧਾਰਿਆ ਨ
ਗੱਲ ਗਲ ਤੇ ਪੁਤ ਭਿਰਾ ਤਾਈਂ ਫਿਟਕ ਦੇਈ ਦੀ ਪਾਪ ਵਿਚਾਰਿਆ ਨ

ਅੰਤ ਆਗਰੇ ਦੀ ਇਕ ਸਿਖਣੀ ਨੇ, ਕਹਿਆ ਮੈਂ ਏਹ ਪ੍ਰਣ ਵਿਸਾਰਿਆਂ ਨ
ਸਾਰੀ ਉਮਰ ਦੇ ਵਿਚ ਕਰਤਾਰਸਿੰਘਾ, ਮੈਂ ਮਰਦ ਦਾ ਮੂੰਹ ਫਿਟਕਾਰਿਆ ਨ

ਸਤਿਗੁਰਾਂ ਨੇ ਉਸ ਤੋਂ ਸਾਰਾ ਭੇਦ ਪੁਛਣਾ

ਗੁਰਾਂ ਆਖਯਾ ਪੁਤ੍ਰੀ ਦਸ ਸਾਨੂੰ ਇਹ ਕਿਥੋਂ ਉਪਦੇਸ਼ ਤੂੰ ਪਾਯਾ ਜੀ
ਬੋਲੀ ਸਿਖਨੀ ਗੁਰੂ ਜੀ ਸੁਨੋਂ ਸਾਰੀ, ਸਾਰਾ ਖੋਹਲਕੇ ਹਾਲ ਸੁਨਾਯਾ ਜੀ
ਮੇਰਾ ਪਿਤਾ ਦੀਵਾਨ ਸੀ ਆਗਰੇ ਦਾ, ਉਸ ਬਹੁਤ ਹੀ ਧਨ ਕਮਾਯਾ ਜੀ
ਘਰ ਬਾਪ ਦੇ ਅਸੀਂ ਸਾਂ ਨੌਂ ਧੀਆਂ, ਬੇਟਾ ਅੰਬੜੀ ਕੋਈ ਨ ਜਾਯਾ ਜੀ
ਬਾਪ ਮਰ ਗਿਆ ਜਿਸ ਵਕਤ ਸਾਡਾ, ਪਹਿਰਾ ਬਾਦਸ਼ਾਹ ਬੂਹੇ ਬੈਠਾਯਾ ਜੀ
ਸਾਰਾ ਧਨ ਸਾਡਾ ਉਸ ਖੋਹ ਕਰਕੇ, ਜਮ੍ਹਾਂ ਇਕ ਥਾਂ ਚਾ ਕਰਾਯਾ ਜੀ
ਰੋਟੀ ਕਪੜੇ ਬਿਨਾਂ ਨ ਕੁਝ ਮਿਲੇ ਸਾਨੂੰ ਸਭ ਨੂੰ ਘਰੋਂ ਕਢਾਯਾ ਜੀ
ਮਾਈ ਮੇਰੀ ਨੂੰ ਹੈ ਸੀ ਗਰਭ ਤਦੋਂ ਅਸਾਂ ਬੜਾ ਹੀ ਦੁਖ ਉਠਾਯਾ ਜੀ
ਰਬ ਸੁਣੀ ਸਾਡੀ ਹੋ ਪਿਆ ਲੜਕਾ; ਅਸਾਂ ਬਹੁਤ ਹੀ ਸ਼ੁਕਰ ਮਨਾਯਾ ਜੀ
ਉਧਰ ਬਾਦਸ਼ਾਹ ਹੈ ਜਦੋਂ ਖਬਰ ਹੋਈ, ਸਾਰਾ ਵਾਪਸ ਧਨ ਦਿਵਾਯਾ ਜੀ
ਉਸ ਦਿਨ ਤੋਂ ਮੈਂ ਯਕੀਨ ਕਰਕੇ ਏਹ ਦਿਲ ਦੇ ਵਿਚ ਠਹਿਰਾਯਾ ਜੀ
ਅਸੀਂ ਤੀਵੀਆਂ ਨੌਂ ਨ ਕੰਮ ਕਿਸੇ, ਅਸਾਂ ਜੰਮ ਨ ਕੁਝ ਬਨਾਯਾ ਜੀ
ਚੈਨ ਮਰਦ ਦਰਜਾ ਇਸਦਾ ਬਹੁਤ ਉੱਚਾ, ਉਸ ਦਿਨ ਤੋਂ ਪਕ ਪਕਾਯਾ ਜੀ
ਦਿਤੀ ਫਿਟਕ ਨ ਕਦੇ ਕਰਤਾਰ ਸਿੰਘਾ, ਹੁਣ ਤਕ ਏਹ ਪ੍ਰਣ ਨਬਾਹਯਾ ਜੀ

ਵਾਕ ਕਵੀ

ਗੁਰਾਂ ਏਸ ਦ੍ਰਿਸ਼ਟਾਂਤ ਤੋਂ ਤੀਵੀਆਂ ਨੂੰ, ਸਾਫ਼ ਕਰਕੇ ਏਹ ਜਤਾ ਦਿਤਾ
ਏਨੀ ਪੁਤ ਬਰਾਂ ਨੂੰ ਫਿਟਕ ਭੈੜੀ, ਬੁਰਾ ਬੋਲਨਾ ਨਹੀਂ ਹਟਾ ਦਿਤਾ
ਦਰਜਾ ਪਤੀ ਦਾ ਸਮਝਨਾ ਬਹੁਤ ਉੱਚਾ, ਰਹਿਨਾ ਆਗਯਾਕਾਰ ਸਿਖਾ ਦਿਤਾ
ਏਹ ਤੀਵੀਂ ਦਾ ਧਰਮ ਕਰਤਾਰ ਸਿੰਘਾ, ਪਤੀਬ੍ਰਤ ਦਾ ਸਬਕ ਪੜ੍ਹਾ ਦਿਤਾ

ਬੋਹੜ ਹਰਾ ਹੋ ਗਿਆ

ਨ੍ਹਾਤੀ ਸਿਖਨੀ ਤੇ ਬੋਹੜ ਹਰਾ ਹੋਯਾ, ਧਨ ਧਨ ਕਰ ਖਲਕ ਉਚਾਰਦੀ ਏ
ਧਨਯ ਧਨਯ ਸਿਖੀ ਲੋਕ ਕਹਿਨ ਲਗੇ ਏਸ ਮਾਈ ਤੇ ਦਯਾ ਕਰਤਾਰਦੀ ਏ

ਬੋਲੇ ਗੁਰੂ ਜੀ ਸੰਗਤ ਸੁਣੇ ਸਾਰੀ, ਏਹ ਸਿਖੀ ਭੀ ਪੰਚ ਪ੍ਰਕਾਰਦੀ ਏ
ਸਿਖੀ ਸਿਦਕ ਦੀ ਹੋਏ ਕ੍ਰਤਾਰ ਸਿੰਘਾ, ਬੇੜਾ ਸਿਖ ਦਾ ਭਵਜਲੋਂ ਤਾਰਦੀ ਏ

## ਸਿੱਖੀ ਪੰਚ ਪ੍ਰਕਾਰ ਦੀ

(੧) ਦੇਖਾ ਦੇਖੀ

ਪਹਿਲੀ ਸਿਖੀ ਦੇਖਾਦੇਖੀ ਜਾਨ ਲਵੋ ਏਸ ਸਿਖ ਨੂੰ ਪਾਰ ਲੰਘਾਵਨਾ ਕਿਉਂ
ਦੇਖ ਭਾਈ ਭਿਰਾਵਾਂ ਨੂੰ ਸਿਖ ਹੁੰਦੇ, ਦਿਲੋਂ ਠਾਂਨਨੀ ਪਿਛੇ ਰਹਾਵਨਾ ਕਿਉਂ
ਸਿਖ ਗੁਰੂ ਦੇ ਹੋਏ ਕੁਟਬੀ ਸਾਰੇ, ਮੈਂ ਨਿਗੁਰਾ ਵਿਚੋਂ ਸਦਾਵਨਾ ਕਿਉਂ
ਇਹ ਸਿਖੀ ਕਾਦ੍ਰੀ ਕਰਤਾਰ ਸਿੰਘਾ, ਬਿਨਾਂ ਪ੍ਰੇਮਦੇ ਮੁਕਤ ਨੂੰ ਪਾਵਨਾ ਕਿਉਂ

(੨) ਧੰਦੇ ਦੀ ਸਿਖੀ

ਕੋਈ ਕੰਮ ਪਿਆ ਬਣਿਆ ਔਖ ਭਾਰਾ, ਕਿਸੇ ਹੋਰ ਨੇ ਮੂਲ ਨ ਸਾਰ ਲਈ
ਤਕ ਧਾਰ ਸਿਖੀ ਸਿਖਾਂ ਵਿਚ ਰਲਿਆ, ਧੰਦੇ ਆਪਣੇ ਦੀ ਰਾਸ ਆਣ ਲਈ
ਸਿਖ ਬਣ ਗਿਆ ਕਾਰਜ ਆਪਣੇ ਨੂੰ, ਮਿਲੇ ਨੌਕਰੀ ਜਾਂ ਰੁਜ਼ਗਾਰ ਲਈ
ਦਿਲੋਂ ਬਿਨਾਂ ਪਰੇਮ ਕਰਤਾਰ ਸਿੰਘਾ, ਸਿਖੀ ਧੰਦੇ ਦੇ ਵਾਸਤੇ ਧਾਰ ਲਈ

(੩) ਰਿਸ਼ਕ ਦੀ ਸਿਖੀ

ਕਿਸੇ ਸਿਖ ਦਾ ਵੇਖ ਪ੍ਰਤਾਪ ਭਾਰਾ, ਧਾਰੀ ਅਸੀ ਭੀ ਸਿਖ ਬਣ ਜਾਈਏ ਜੀ

---

**ਸਿਦਕ ਖਾਲਸਾ**—ਬੀਰ ਰਸ ਦਾ ਅਤਯੰਤ ਹੀ ਸੁਹਾਵਣਾ ਗ੍ਰੰਥ ਹੈ। ਜਿਸਦੇ ਪੜ੍ਹਨ ਤੋਂ ਕ ਇਕ ਤ ਮੁਰਦਾ ਰੂਹਾਂ ਅੰਦਰ ਭੀ ਸੁਰਮਤਾਈ ਦੀ ਲਹਿਰ ਪੈਦਾ ਹੋ ਜਾਂਦੀ ਹੈ, ਅਜ ਹੀ ਮੰਗਵਾਕੇ ਆਪਣੇ ਕੁੰਟੰਬ ਨੂੰ ਬੀਰ ਬਹਾਦਰਾਂ ਦੇ ਕਾਰਨਾਮੇ ਤੇ ਸ਼ਹੀਦੀਆਂ ਦੇ ਚੰਗੇ ਦਰਸਾਉ। ਪੁਸਤਕਾਂ ਖਰੀਦਨ ਵੇਲੇ 'ਚਤਰ ਸਿੰਘ ਜੀਵਨ ਸਿੰਘ ਦਾ ਨਾਮ ਪੜ੍ਹਕੇ ਖ੍ਰੀਦੋ ਅਤੇ ਦੇਖ ਤੋਂ' ਖਬੋ। (ਦੇਖਾ ੬੦)

[ਇਹਨਾਂ ਰਿਸ਼ਕ ਦੀ ਸਿਖੀ ਧਾਰਿਆਂ ਹੀ ਮਹਾਰਾਜੇ ਰਣਜੀਤ ਸਿੰਘ ਦੇ ਘਰ ਦਾ ਬੇੜਾ ਗਰਕ ਕੀਤਾ ਸੀ ਜਦ ਵੇਖਿਆ ਕਿ ਰਣਜੀਤ ਸਿੰਘ ਜੀ ਦਾ ਬੜਾ ਪ੍ਰਤਾਪ ਵਧਦਾ ਜਾਂਦਾ ਹੈ ਤਾਂ ਬ੍ਰਾਹਮਣ ਮਿਸਰਾ ਸਿੰਘ ਤੇ ਸਿਆਣੀ ਮੀਰ ਸਿੰਘ ਤੇ ਡੋਗਰੇ ਸਭ ਨਾਮ ਮਾਤ੍ਰ ਸਿੰਘ ਬਣ ਗਏ, ਜਿਸ ਦਾ ਫਲ ਏਹ ਹੋਯਾ ਕਿ ਧਿਆਨ ਸਿੰਘ ਜਿਹਾਂ ਤੇ ਮਿਸਰ ਲਾਲ ਸਿੰਘ ਤੇਜਾ ਸਿੰਘ ਜਿਹਾਂ ਨੇ ਉਸ ਘਰ ਦੀ ਤਰੱਕੀ ਚੌੜ ਕਰ ਦਿਤੀ।

ਦੁਧ, ਪੁਤ, ਦੌਲਤ ਮਿਲ ਜਾਏ ਸਾਨੂੰ, ਸਿਖਾਂ ਵਿਚਰਲ ਇਜਤ ਪਾਈਏ ਜੀ
ਬੜੇ ਬਲੀ ਏਹ ਰਾਜ ਪ੍ਰਤਾਪ ਵਾਲੇ, ਝੱਟ ਇਨ੍ਹਾਂ ਦੇ ਨਾਲ ਲੰਘਾਈਏ ਜੀ
ਏਹ ਹਿਰਸ ਦੀ ਸਿਖੀ ਕਰਤਾਰ ਸਿੰਘਾ, ਐਸੇ ਪਾਂਪੀ ਦਾਉਨ ਖਾਈਏ ਜੀ

(੪) ਭਾਵ ਦੀ ਸਿੱਖੀ

ਚੌਥੀ ਸਿਖੀ ਹੈ ਭਾਲਨਾ ਪ੍ਰੇਮ ਦੀ ਜੋ, ਗੁਰ ਰੂਪ ਪਰਮੇਸ਼ਰ ਜਾਣ ਲੈਣਾ
ਗੁਰ ਸਮਝਣਾ ਕੇਵਲ ਮੁਕਤਦਾਤਾ, ਸਚਾ ਸਿਦਕ ਭਰੋਸਾ ਇਹ ਠਾਨ ਲੈਣਾ
ਗੁਰਵਾਕਾਂ ਤੇ ਦਿਲੋਂ ਭਰੋਸਾ ਕਰਕੇ, ਦੂਰ ਹਿਰਦਿਓਂ ਕਰ ਅਗਯਾਨ ਲੈਣਾ
ਏਹ ਭਾਵ ਦੀ ਸਿਖੀ ਕਰਤਾਰ ਸਿੰਘਾ, ਧਾਰੀ ਜਿਨਾਂ ਨੇ ਪਾ ਭਗਵਾਨ ਲੈਣਾ

(੫) ਸਿਦਕ ਦੀ ਸਿੱਖੀ

ਸਿਖੀ ਸਿਦਕ ਦੀ ਪੰਜਵੀਂ ਅਤਿ ਉਤਮ, ਜੋ ਧਾਰੇ ਸੋ ਚਿਤ ਡੁਲਾਏ ਨਾਹੀਂ
ਦੁਖ, ਸੁਖ ਤੇ ਨਫੇ, ਨੁਕਸਾਨ ਅੰਦ੍ਰ, ਭਾਣਾ ਮੰਨਨਾ ਚਿਤ ਭਰਮਾਏ ਨਾਹੀਂ
ਦੇਵੀ, ਦੇਉਤਾ, ਮੜੀ,ਮਸਾਨ ਆਦਿ, ਆਸ ਕਿਸੇ ਦੀ ਭੂਲ ਰਖਾਏ ਨਾਹੀਂ
ਹਰ ਕੰਮ ਅੰਤਰ ਇਕ ਗੁਰੂ ਬਿਨਾਂ, ਹੋਰ ਕਿਸੇ ਨੂੰ ਮਨ ਮਨਾਈ ਨਾਹੀਂ
ਤਨ, ਮਨ ਤੇ ਧਨ ਹੈ ਗੁਰੂ ਜੀ ਦਾ, ਰਹੇ ਕਵਲ ਵਾਂਗੂ ਮੋਹ ਲਾਏ ਨਾਹੀਂ
ਜਾਏ ਸਿਰ ਕੁਟੰਬ ਤੇ ਚਲਾ ਜਾਏ, ਪਰ ਸਿਖੀਓਂ ਪੈਰ ਖਿਸਕਾਏ ਨਾਹੀਂ
ਸਿਖੀ ਕਰੇ ਪ੍ਰਾਣਾਂ ਤੋਂ ਸਦਾ ਪਿਆਰੀ, ਭੀੜ ਬਣੇ ਭਰੋਸਿਓਂ ਜਾਏ ਨਾਹੀਂ
ਐਸਾ ਸਿਦਕ ਸਿਖ ਕਰਤਾਰ ਸਿੰਘਾ,ਮੁੜ ਜਨਮ ਨਰਨ ਵਿਚ ਆਏ ਨਾਹੀਂ

ਨੰਦ ਸਿੰਘ ਦੀ ਸਾਖੀ

ਇਕਦਿਨ ਇਕ ਸਿੰਘ ਤੇ ਸਿੰਘਨੀਆਕਰਦੇ ਅਰਜ਼ਬੇੜਾਬੰਨੇ ਲਾਓ ਗੁਰ ਜੀ
ਸਾਡਾ ਇਕੋ ਪੁਤ੍ਰ ਅਸੀ ਦੇਖ ਜੀਉਂਦੇ, ਦੋਯਾ ਸੇਵਕਾਂ ਉਤੇ ਕਮਾਓ ਗੁਰ ਜੀ
ਓਹਛਡਗ੍ਰਿਸਤ ਫਕੀਰ ਹੁੰਦਾ, ਮੁੜੇ ਜਿਸ ਤਰ੍ਹਾਂ, ਓਹਨੂੰ ਸਮਝਾਓ ਗੁਰ ਜੀ
ਸਾਡੇ ਆਖੇ ਨ ਲਗੇ ਕਰਤਾਰਸਿੰਘਾ,ਤੁਸੀਂ ਓਸਨੂੰ ਗਯਾਨਦ੍ਰਿੜਾਓ ਗੁਰ ਜੀ

ਸ੍ਰੀ ਦਸਮੇਸ਼ ਜੀ ਨੇ ਨੰਦ ਸਿੰਘ ਨੂੰ ਬੁਲਾ ਕੇ ਪੁਛਣਾ

ਸਦ ਪੁਛਿਆ ਗੁਰ ਜੀ ਨੇ ਨੀਂਗਰਾਂ ਕਹੁ,ਕੇਹੜੀਗਲੋਂ ਵੈਰਾਗਨੂੰਧਾਰਿਆ ਏ
ਕਿਉਂ ਛਡ ਗ੍ਰਿਸਤ ਅਲਗ ਹੋਵੇਂ, ਕੀਹ ਨਫਾ ਨੁਕਸਾਨ ਵਿਚਾਰਿਆ ਏ

ਹਥ ਜੋੜ ਕੇ ਉਸ ਨੇ ਅਰਜ਼ ਕੀਤੀ, ਤੁਸਾਂ ਸਤਿਗੁਰੋ ਆਪ ਉਚਾਰਿਆ ਏ
"ਏਹ ਕੁਟੰਬ ਤੂ ਜਿ ਦੇਖਦਾ ਚਲੈ ਨਾਹੀ ਤੇਰੇ ਨਾਲੇ"
ਅੰਤ ਕਿਸੇ ਕੁਟੰਬੀਨੀਹੀਂ ਨਾਲ ਜਾਨਾ, ਝੂਠਾਮਾਯਾ ਨੇ ਜਾਲ ਪਸਾਰਿਆ ਏ
ਫੇਰ ਐਵੇਂ ਕਿਉਂ ਮੋਹ ਦੇ ਵਿਚ ਫਸੀਏ, ਏਹੋ ਸਮਝ ਕੁਟੰਬ ਵਿਸਾਰਿਆ ਏ
ਭਜਨ ਕਰ ਲਈਏਕਰਤਾਰ ਸਿੰਘਾ, ਵੇਲਾ ਬੀਤਿਆ ਜੂਏ ਵਿਚ ਹਾਰਿਆ ਏ

ਗੁਰੂ ਜੀ ਨੇ ਉਪਦੇਸ਼ ਕਰਨਾ

ਗੁਰਾਂ ਆਖਯਾ ਸੁਣ ਭਾਈ ਨੰਦ ਸਿੰਘਾ, ਗੱਲਾਂ ਦੋ ਤੈਨੂੰ ਸਮਝਾਂਵਦੇ ਹਾਂ
ਇਕ ਸੰਤ ਦੀ ਇਕ ਗ੍ਰਿਸਤੀਆਂ ਦੀ, ਵਖੋ ਵਖਰੀ ਕਰ ਸੁਨਾਂਵਦੇ ਹਾਂ
ਜਿਹੜੀ ਚੰਗੀ ਲਗੂਸੋਈ ਧਾਰ ਲਵੀਂ, ਤੇਰੇ ਉਤੇ ਹੀ ਮੁਨਸਬੀ ਪਾਂਲਦੇ ਹਾਂ
ਲੈ ਸੁਨ ਤੂੰ ਹੁਣ ਕਰਤਾਰ ਸਿੰਘਾ, ਪਹਿਲੇ ਸਾਧ ਦਾ ਰੂਪ ਦਿਖਾਂਵਦੇ ਹਾਂ

(੧) ਸੰਤ ਦੀ ਕਥਾ

ਇਕ ਸੰਤ ਕਿਸੇ ਨਗਰ ਰਿਹਾ ਕਰਦਾ, ਚਿਤ ਵਿਚ ਜਿਦੇ ਮੋਹ ਮਾਯਾ ਨ
ਜੋ ਕੋਈ ਦੇ ਜਾਵੇ ਓਹੋ ਖਾ ਛਡੇ, ਕਦੇ ਕਿਤੇ ਸਵਾਲ ਕੋਈ ਪਾਯਾ ਨ
ਇਕ ਵਾਰ ਭਾਣਾ ਏਹਾ, ਵਰਤਿਆ ਆ, ਭੋਜਨ ਉਸਨੂੰ ਕਿਸੇ ਪੁਚਾਯਾ ਨ
ਦਿਨ ਸੱਤ ਏਸੇ ਤਰ੍ਹਾਂ ਬੀਤ ਗਏ, ਉਸ ਭੋਜਨ ਤੋਂ ਚਿਤ ਡੁਲਾਯਾ ਨ
ਪਾਣੀ ਪੀ ਤਲਾਬ ਤੋਂ ਬੈਠ ਰਹੇ, ਹਰਖ ਸੋਗ ਕੁਝ ਚਿਤ ਨੂੰ ਲਾਯਾ ਨ
ਇਕ ਦਿਨ ਨਗਰ ਵਿਚ ਚਲਾ ਗਿਆ, ਕਿਸੇ ਦੇ ਆਦਰ ਬਿਠਲਾਯਾ ਨ
ਸ਼ਾਹੂਕਾਰ ਦੇ ਘਰ ਵਿਆਹ ਰਚਿਆ, ਲੋਕ ਖਾਣ ਹਿਸਾਬ ਕੁਝ ਆਯਾ ਨ
ਓਥੇ ਜਾ ਖਲਾ ਇਕ ਪਾਸੇ ਹੋ ਕੇ, ਭੋਜਨ ਉਸ ਨੂੰ ਕਿਸੇ ਦਿਵਾਯਾ ਨ
ਖਾ, ਖਾ ਕੇ ਸਾਕ ਕੁਟੰਬ ਗਏ, ਭੋਜਨ ਉਸ ਨੂੰ ਕਿਸੇ ਖੁਲਾਯਾ ਨ
ਅੰਤ ਮੁੜ ਆ ਕੇ ਝਗੀ ਵਿਚ ਬੈਠਾ, ਭਲਾ ਹੋਵੇ, ਕੁਝ ਬੁਰਾ ਸੁਨਾਯਾ ਨ
ਵੇਖ ਸਬਰ ਸੰਤੋਖ ਅਡੋਲ ਉਸਦਾ, ਮਹਾਰਾਜ ਨੂੰ ਹਾਲ ਸੁਖਾਯਾ ਨ
ਭੇਜੇ ਦੂਤ ਦੋ ਝਟ ਕਰਤਾਰ ਸਿੰਘਾ, ਹਿਰਖ ਸੰਤ ਨੇ ਕੁਝ ਉਠਾਯਾ ਨ

ਸੰਤ ਤੇ ਮਹਾਰਾਜ ਦੇ ਦੂਤ

ਪਿੰਡ ਸਾੜਨਾ ਦੂਤਾਂ ਨੂੰ ਹੁਕਮ ਹੋਯਾ, ਮੇਰੇ ਸਾਧ ਦਾ ਏਹਨਾਂ ਅਪਮਾਨ ਨ

ਕੁਟੀਆ ਸਾਧ ਦੀ, ਪਾਸ ਓਹ ਹੋਏ ਹਾਜ਼ਰ ਡਿਠੇ ਸੰਤਨੇ ਜਦੋਂ ਧਿਆਨ ਕੀਤਾ
ਤੁਸੀਂ ਕੌਣ ਹੋ ਪੁਛਿਆ ਨਾਲ ਨਰਮੀ, ਓਹਨਾਂ ਦੂਤਾਂ ਨੇ ਇਉਂ ਬਿਆਨ ਕੀਤਾ
ਏਹ ਪਿੰਡ ਪਾਪੀ ਆਏ ਫੂਕਨੇ ਨੂੰ, ਸਾਨੂੰ ਆਪ ਅਕਾਲ ਫਰਮਾਨ ਕੀਤਾ
ਆਪ ਦੋ ਵੇਲੇ ਖਾ ਕੇ ਸੌਂ ਰਹੇ, ਤੁਹਾਡਾ ਧਯਾਨ ਨ ਕਿਸੇ ਆਨ ਕੀਤਾ
ਵੇਖ ਸੰਤ ਦੁਖੀ ਕਰਤਾਰ ਸਿੰਘਾ, ਗੁਸਾ ਬੜਾ ਭਾਰੀ ਭਗਵਾਨ ਕੀਤਾ

ਤਥਾ

ਜਾਹੁ ਚਲੇ ਜਾਹੁ ਪਿੰਡ ਕਿਉਂ ਫੂਕਨਾਏ, ਏਨ੍ਹਾਂ ਲੋਕਾਂ ਨੇ ਸਾਡਾ ਕੀ ਵੇੜਿਆ ਏ
ਪਰਾਰ ਬਧ ਸਾਡੀ ਵਿਚ ਅਨ ਨ ਸੀ, ਕੀਤੇ ਕਰਮਾਂ ਨੇ ਆਨ ਕੇ ਘੇਰਿਆ ਏ
ਅਸਲ ਸਮਝੀਏ ਦੋਸ਼ ਭਗਵਾਨ ਦਾ ਏ, ਓਹਦੇ ਹੁਕਮ ਨੂੰ ਕਿਸਨੇ ਫੇਰਿਆ ਏ
ਕੀਹ ਲੋਕਾਂ ਦੇ ਵਸ ਕਰਤਾਰ ਸਿੰਘਾ, ਕੀਤਾ ਓਵੇਂ ਜਿਉਂ ਓਸ ਪ੍ਰੇਰਿਆ ਏ

ਤਥਾ

ਦੇਖ ਸਬਰ ਅਕਾਲ ਦੀ ਖੁਸ਼ੀ ਹੋਈ, ਸਚਖੰਡ ਵਿਚ ਝਟ ਬੁਲਾ ਲਿਆ
ਜਿਵੇਂ ਜਲਦੇ ਵਿਚ ਜਾ ਜਲ ਮਿਲਦਾ, ਤਿਵੇਂ ਜੋਤ ਵਿਚ ਜੋਤ ਮਿਲਾ ਲਿਆ
ਵਖ ਪੂਰਨ ਗਯਾਨ ਦਾ ਫਲ ਉਸਨੇ, ਇਕ ਛਿਨ ਅੰਦਰ ਈਸ਼ਰ ਪਾ ਲਿਆ
ਗੇੜ ਮਿਟ ਗਿਆ ਕਰਤਾਰ ਸਿੰਘਾ, ਜਦੋਂ ਦੂਈ ਦਾ ਪੜਦਾ ਉਠਾ ਲਿਆ

(੨) ਗ੍ਰਿਸਤੀਆਂ ਦੀ ਕਥਾ

ਜੰਗਲ ਵਿਚ ਆਹਾ ਇਕ ਬੋੜ੍ਹ ਵਡਾ, ਲੰਮੇ ਟਾਲ੍ਹ ਬੜਾ ਵਿਸਤਾਰ ਸੀ ਜੀ
ਵਸੇ ਓਸਤੇ ਜੋੜਾ ਕਬੂਤਰਾਂ ਦਾ, ਨਰ ਮਾਦਾ ਦਾ ਬੜਾ ਪਿਆਰ ਸੀ ਜੀ
ਇਕ ਦਿਨ ਇਕ ਫਾਂਧਕੀ ਵਿਚ ਜੰਗਲ, ਆਯਾ ਢੂੰਡਦਾ ਕਿਤੋਂ ਸ਼ਿਕਾਰ ਸੀ ਜੀ
ਦਿਨ ਗੁਜ਼ਰ ਗਿਆ ਲਭਾ ਕੁਝ ਨਾਹੀਂ, ਘਤੀ ਬਦਲਾਂ ਨੇ ਘੁਮਘਾਰ ਸੀ ਜੀ
ਰਾਹੋਂ ਭੁਲ ਗਿਆ ਤੇ ਹਨੇਰ ਛਾਯਾ, ਪਾਪੀ ਹੋਯਾ ਓਹ ਬੜਾ ਦੁਖਯਾਰ ਸੀ ਜੀ
ਓਸੇ ਬੋੜ੍ਹ ਦੇ ਥਲੇ ਓਹ ਆ ਬੈਠਾ, ਕੀਤਾ ਭੁਖ ਨੇ ਬੜਾ ਲਾਚਾਰ ਸੀ ਜੀ
ਬੈਠਾ ਵੇਖਿਆ ਜਦੋਂ ਕਬੂਤਰੀ ਨੇ, ਕਹਿਆ ਪਤੀ ਦੇ ਤਈਂ ਉਚਾਰ ਸੀ ਜੀ
ਸਾਡੇ ਘਰ ਸਵਾਮੀ ਅਧਯਾਗਤ ਆਯਾ ਏਹਦੀ ਸੇਵਾ ਕਰਨੀ ਦ੍ਰਕਾਰ ਸੀ ਜੀ
ਨਹੀਂ ਤਾਂ ਪਾਪ ਲੱਗੂ ਸਾਨੂੰ ਗ੍ਰਿਧਤੀਆਂ ਨੂੰ, ਦੋਵੇਂ ਕਰਨ ਲਗ ਵਿਚਾਰ ਸੀ ਜੀ

ਜੋ ਪੁਜੇ ਸੋ ਕਰੋ ਕਰਤਾਰ ਸਿੰਘਾ, ਹੋ ਪਿਆ ਕਬੂਤਰ ਤਯਾਰ ਸੀ ਜੀ

### ਕਬੂਤਰ ਨੇ ਅਗ ਲਿਆ ਦੇਣੀ

ਪਾਲੇ ਸੀਤ ਦਾ ਫੰਡਿਆ ਮਾਰਿਆ ਏਹ,ਏਹਨੂੰ ਅੱਗ ਸਿਕਾਵਾਂ ਲਿਆ ਕਰਕੇ
ਉੱਡ ਗਿਆ ਕਬੂਤ੍ਰ ਵਿਚ ਵਸਤੀ, ਧੁਖਦੀ ਲਕੜ ਲਿਆਯਾ ਉਠਾ ਕਰਕੇ
ਅਗੇ ਰਖਕੇ ਫਾਧਕੀ ਫੇਰ ਦੋਂਹਾਂ, ਹਿਠਾਂ ਸੁਟਿਆ ਆਹਲਣਾ ਢਾ ਕਰਕੇ
ਓਸ ਸ਼ੁਕਰ ਕੀਤਾ ਝਟ ਬਾਲ ਲਈ, ਓਹਨਾਂ ਸੁਕਿਆਂ ਕਖਾਂ ਨੂੰ ਲਾ ਕਰਕੇ
ਚੁਗ ਨੇੜਿਓਂ ਤੇੜਿਓਂ ਕਖ ਕੰਡਾ, ਬੈਠ ਗਿਆ ਉਹ ਭਾਂਬੜ ਮਚਾ ਕਰਕੇ
ਪਾਲ ਹੋ ਗਿਆ ਦੂਰ ਕ੍ਰਤਾਰ ਸਿੰਘਾ, ਬੈਠ ਸੀਤ ਦਾ ਦੁਖ ਭੁਲਾ ਕਰਕੇ

### ਕਬੂਤਰ ਨੇ ਕਬੂਤਰੀ ਨੂੰ ਆਖਣਾ

ਪਯਾਰੀ ਦਸ ਹੁਣਹੋਰ ਕੀਹ ਹੈ ਕਰਨਾ,ਹੋਯਾ ਪਾਲੇ ਤੋਂ ਏਹਦਾ ਛੁਟਕਾਰਾ ਹੈ ਜੀ
ਪਰ ਭੁਖ ਲਗੀ ਏਹਨੂੰ ਜਾਪਦੀ ਏ, ਸਾਡੇ ਪਾਸ ਨ ਕੁਝ ਤਯਾਰ ਹੈ ਜੀ
ਅਸੀਂ ਹਾਂ ਪੰਛੀ ਘਰ ਕੁਝ ਨਹੀਂ, ਦਾਣੇ ਚੁਗ ਖਾਣ ਸਾਡੀ ਕਾਰ ਹੈ ਜੀ
ਇਕ ਜੀਵ ਨਹੀਂ ਪਾਲਨੇ ਜੋਗ ਅਸੀਂ, ਸਾਡੇ ਗ੍ਰਿਸਤ ਤਾਈ ਧ੍ਰਿਕਾਰ ਹੈ ਜੀ
ਕੋਈ ਹਜ਼ਾਰਾਂ ਦੀ ਪਾਲਨਾ ਕਰ ਸਕਦੇ, ਕੋਈ ਸੌ ਕੋਈ ਇਕ ਦੋ ਚਾਰ ਹੈ ਜੀ
ਅਸੀਂ ਇਕ ਨੂੰ ਭੋਜਨ ਨਾ ਦੇਣ ਜੋਗੇ, ਸਾਡਾ ਜੀਵਨਾ ਧ੍ਰਿਗ ਖਵਾਰ ਹੈ ਜੀ
ਆਯਾ ਇਕ ਅਰਥੀ ਜਿਥੋਂ ਨਹੀਂ ਪਲਦਾ,ਓਸ ਘਰ ਤੋਂ ਭਲੀ ਉਜਾਰ ਹੈ ਜੀ
ਏਸ ਵਾਸਤੇ ਮੈਂ ਇਹਦਾ ਬਨਾਂ ਭੋਜਨ, ਹੁਣ ਮਿਲ ਲੈ ਤੂੰ ਜਾਂਦੀ ਵਾਰ ਹੈ ਜੀ
ਇਹ ਆਖ ਕਬੂਤਰ ਤਯਾਰ ਹੋਯਾ, ਮਾਦਾ ਬੇਨਤੀ ਕਰੇ ਉਚਾਰ ਹੈ ਜੀ
ਮੈਂ ਆਪਦੀ ਦਾਸੀ ਕਰਤਾਰ ਸਿੰਘਾ, ਸੇਵਾ ਕਰਨੀ ਮੈਨੂੰ ਦਰਕਾਰ ਹੈ ਜੀ

### ਕਬੂਤਰੀ

ਤੁਸੀਂ ਪਤੀ ਪ੍ਰਮੇਸ਼ਰ ਦਾ ਰੂਪ ਮੇਰੇ, ਲਗੇ ਤੁਸਾਂ ਨੂੰ ਨਾ ਤੱਤੀ ਵਾ ਸਾਈਂ
ਜੁਗਾਂ ਤੀਕ ਜੀਵੋ ਤੇ ਆਨੰਦ ਭੋਗੋ; ਲਗੇ ਦੁਖ ਨਾ ਕਦੇ ਭੀ ਆ ਸਾਈਂ
ਬਿਨਾਂ ਪਤੀ ਦੇ ਨਾਰ ਹੈ ਕੰਮ ਕਿਹੜੇ, ਜਿੰਦ ਜਾਨ ਮੈਂ ਦਿਆਂ ਘੁਮਾ ਸਾਈਂ
ਜਿਸ ਨਾਰ ਤੇ ਪਤੀ ਪਰਸੰਨ ਸਦਾ, ਵਡੇ ਭਾਗਾਂ ਵਾਲੀ ਹੈ ਲਿਖਾ ਸਾਈਂ
ਹੋਰ ਪਤੀ ਦੀ ਵਧ ਪ੍ਰਸੰਨਤਾ ਤੋਂ, ਨਾਰੀ ਵਾਸਤੇ ਧਨ ਨਾ ਕਾ ਸਾਈਂ

ਦੌਲਤ ਦੁਨੀਆ, ਸੁਖ ਸਰਗ ਸਾਰੇ, ਮਾਂ ਬਾਪ ਕੁਟੰਬ ਭਿਰਾ ਸਾਈਂ
ਨਾਰੀ ਵਾਸਤੇ ਜਪ ਤੇ ਤਪ ਏਹੋ, ਖੁਸ਼ੀ ਪਤੀ ਨੂੰ ਸਦਾ ਰਖਾ ਸਾਈਂ
ਨਹੀਂ ਤਾ ਪਤੀ ਬਾਝੋਂ ਰੂਪਵੰਤ ਨਾਰੀ, ਧਕੇ ਵਿਚ ਕੁਟੰਬ ਦੇ ਖਾ ਸਾਈਂ
ਨਾਲ ਪਤੀ ਦੇ ਦੁਖ ਤੇ ਭੁਖ ਆਦਿਕ, ਨਾਰੀ ਸੁਖ ਦੇ ਨਾਲ ਲੰਘਾ ਸਾਈਂ
ਬਿਨਾਂ ਪਤੀ ਤੋਂ ਰਾਜ ਤੇ ਚਰ ਚੇਵਰ, ਨਾਰੀ ਵਾਸਤੇ ਦੋ ਜਖਾਂ ਭਾ ਸਾਈਂ
ਏਸੇ ਵਾਸਤੇ ਆਗਯਾ ਕਰੋ ਮੈਨੂੰ, ਪਵਾਂ ਵਿਚ ਬਲਦੀ ਅੱਗ ਜਾ ਸਾਈਂ
ਲੇਖੇ ਧਰਮ ਲਗ ਜਾਏ ਕਰਤਾਰ ਸਿੰਘਾ, ਏਹ ਸਰੀਰ ਪਾਪੀ ਸੁਖ ਪਾ ਸਾਈਂ

ਕਬੂਤਰ

ਪਯਾਰੀ ਸਚ ਹੈ ਜੋ ਤੂੰ ਆਖਦੀ ਹੈਂ, ਨਾਰੀ ਬਾਝ ਭੀ ਨਰ ਖਵਾਰ ਹੋਵੇ
ਓਹ ਘਰ ਕਾਦਾ, ਪਕਾ ਜੇਹਲਖਾਨਾ, ਜਿਸ ਘਰ ਸੁਸ਼ੀਲ ਨਾ ਨਾਰ ਹੋਵੇ
ਧੰਨ ਭਾਗਊਸ ਪੁਰਸ਼ ਦੇ ਸਵਰਗ ਭੋਗੇ, ਜਿਸ ਘਰਨਾਰੀ ਆਗਯਾਕਾਰ ਹੋਵੇ
ਪਤੀ ਪ੍ਰੇਮ ਵਾਲੀ, ਮਿਠੇ ਬੋਲ ਵਾਲੀ, ਰੂਪਵੰਤ ਸੋਹਣੀ ਤਾਬੇਦਾਰ ਹੋਵੇ
ਆਏ ਗਏ ਦਾ ਆਦਰ ਭਾਵ ਕਰੇ, ਗ੍ਰਿਸਤ ਧਰਮ ਦੇ ਵਿਚ ਹੁਸ਼ਿਆਰ ਹੋਵੇ
ਓਹ ਗਰੀਬੀ ਭੀ ਰਾਜ ਤੋਂ ਹੋਇ ਚੰਗੀ, ਪਤੀ ਨਾਰ ਦਾ ਜਿਥੇ ਪਿਆਰ ਹੋਵੇ
ਮਹਿਲ ਮਾੜੀਆਂ ਘਰ ਨ ਸਮਝੀਏ ਜੀ, ਘਰ ਨਾਰੀਦੇ ਨਾਲ ਉਚਾਰ ਹੋਵੇ
ਨਾਰੀ ਬਿਨਾਂ ਮਹਲ ਉਜਾੜ ਸਾਰੇ, ਧਨ ਲਖ ਕ੍ਰੋੜ ਹਜ਼ਾਰ ਹੋਵੇ
ਬਿਨਾਂ ਨਾਰ ਦੇ ਹੈ ਗ੍ਰਿਸਤ ਕਾਹਦਾ, ਕੱਲਾ ਪੁਰਸ਼ ਅਤਯੰਤ ਲਾਚਾਰ ਹੋਵੇ
ਆਏ ਗਏ ਦੀ ਸੇਵਾ ਨ ਕਰ ਸਕੇ, ਵੇਲੇ ਦੁਖ ਦੇ ਕੋਈ ਨ ਯਾਰ ਹੋਵੇ
ਦੁਖ ਮਰਦ ਦੇ ਸੁਖ ਹੋ ਜਾਂਵਦੇ ਨੇ, ਜੇ ਨਾਰ ਚੰਗੀ ਖਿਦਮਤਗਾਰ ਹੋਵੇ
ਸਾਰੇ ਸੁਖ ਇਕ ਘੜੀ ਵਿਚ ਦੂਰ ਹੁੰਦੇ, ਜੇ ਤੀਵੀਂ ਭੈੜੀ ਬਦਕਾਰ ਹੋਵੇ
ਬਸ ਤੂੰ ਮੈਨੂੰ ਪਯਾਰੀ ਪ੍ਰਾਣਾਂ ਤੋਂ ਹਾਂ, ਮੈਥੋਂ ਨਹੀਂ ਵਿਛੋੜਾ ਸਹਾਰ ਹੋਵੇ
ਤਯਾਗ ਦਿਆਂ ਸਰੀਰ ਕਰਤਾਰ ਸਿੰਘਾ, ਖਾ ਏਹ ਪ੍ਰਸੰਨ ਇਕ ਵਾਰ ਹੋਵੇ

ਕਬੂਤਰ ਕਬੂਤਰੀ ਦੋਹਾਂ ਨੇ ਅਗ ਵਿਚ ਪੈ ਜਾਣਾ

ਏਹ ਆਖ ਕਬੂਤਰ ਝਠ ਦੇ ਕੇ, ਵਿਚ ਅਗ ਦੇ ਪੈ ਕੇ ਸੜ ਗਿਆ
ਦੁਖੀ ਹੋਈ ਕਬੂਤਰੀ ਦੇਖ ਕਰਕੇ, ਬ੍ਰਿਹੋਂ ਕਾਲਜੇ ਨੂੰ ਛੇਕ ਕਰ ਗਿਅ

ਘਟ ਓਹ ਭੀ ਪਤੀ ਪਿਛੇ ਡਿਗ ਮੋਈ, ਵੇਖ ਢਾਂਧਕੀ ਦਾ ਦਿਲ ਭਰ ਗਿਆ
ਜੀਵ ਹਤਿਆ ਛਡ ਕ੍ਰਤਾਰ ਸਿੰਘਾ, ਹੋ ਵਿਰਕਤ ਤੇ ਭਵਜਲੋਂ ਤਰ ਗਿਆ

### ਨੰਦ ਸਿੰਘ ਨੇ ਗ੍ਰਿਸਤੀ ਬਣਨਾ ਮਨਜ਼ੂਰ ਕਰਨਾ

ਦੋਵੇਂ ਕਥਾ ਸੁਣਲਈਆਂ ਨੇ ਨੀਂਗ੍ਰਾ ਤੂੰ, ਜੇੜ੍ਹੀ ਪੁਜਦੀਆ ਇਕ ਧਾਰ ਲਈਂ
ਜੇ ਸਾਧ ਹੋਣਾ ਹੋਵੀਂ ਏਸ ਤਰ੍ਹਾਂ ਵਿਚੋਂ, ਕਾਮ ਕ੍ਰੋਧ ਨੂੰ ਮਾਰ ਲਈਂ
ਜੇ ਗ੍ਰਿਹਸਤ ਕ੍ਰਨੀ, ਕਰੀਂ ਇਨ੍ਹਾਂ ਵ੍ਰਗੀ, ਰਖ ਵਿਚ ਹਿਰਦੇ ਉਪਕਾਰ ਲਈਂ
ਮੈਂ ਗ੍ਰਿਸਤੀ ਬਣਾਂ ਕ੍ਰਤਾਰ ਸਿੰਘਾ, ਮੈਨੂੰ ਸਤਿਗੁਰੂ ਜੀ ਤੂਹੇ ਤਾਰ ਲਈਂ

### ਵਾਰ ਕਵੀ

ਏਨ੍ਹਾਂ ਸਾਖੀਆਂ ਤੋਂ ਉਪਦੇਸ਼ ਨੂੰ, ਸਾਧਾਂ ਗ੍ਰਿਸਤੀਆਂ ਨੂੰ ਮੰਨ ਲਾਨਾ ਚਾਹੀਏ
ਸਾਧ ਹੋ ਕੇ ਧਾਰਕੇ ਭੇਖ ਕੋਈ, ਸਿਦਕ ਸਬਰ, ਸੰਤੋਖ ਨਿਭਾਨਾ ਚਾਹੀਏ
ਛਡ ਵਿਸ਼ੇ ਵਿਕਾਰ ਤਯਾਗ ਮਾਯਾ, ਲਾਂਭੇ ਝੇੜਿਆਂ ਤੋਂ ਹੋਇ ਜਾਨਾ ਚਾਹੀਏ
ਹਰ ਵਕਤ ਭਗਵਾਨਦਾ ਭਜਨ ਕਰਨਾ, ਹਰ ਇਕਦਾ ਭਲਾਮਨਾਨਾ ਚਾਹੀਏ
ਏਸੇ ਤਰ੍ਹਾਂ ਉਪਦੇਸ਼ ਗ੍ਰਿਸਤੀਆਂ ਨੂੰ ਧਰਮ ਕਿਰਤ ਕਰ ਝਟਲੰਘਾਨਾ ਚਾਹੀਏ
ਨਾਮ, ਦਾਨ ਅਸਨਾਨ ਤੇ ਸੰਤ ਸੇਵਾ, ਨਹੀਂ ਪ੍ਰਉਪਕਾਰ ਭੁਲਾਨਾ ਚਾਹੀਏ
ਘਰ ਆਏ ਅਰਥੀਏ ਦੀ ਸੇਵਾ ਕਰਨੀ, ਨੰਗੇ ਕਪੜਾ ਭੁਖੇ ਖੁਲਾਨਾ ਚਾਹੀਏ
ਜੀਵ ਮਾਤ੍ਰ ਮਾਲ ਪਿਆਰ ਕਰਨਾ, ਵੇਖ ਦੁਖੀਆਂ ਦੁਖ ਵੰਡਾਨਾ ਚਾਹੀਏ
ਹਕ ਆਪਣਾ ਸਦਾ ਪਛਾਣ ਕਰਨੀ, ਪਰ ਅੰਸ਼ ਤੋਂ ਪੈਰ ਹਟਾਨਾ ਚਾਹੀਏ
ਘਰ ਬਾਰ ਪ੍ਰਵਾਰ ਸਭ ਗੁਰੂ ਦਾ ਹੈ, ਰਿਦਾ ਆਪਣਾ ਨਹੀਂ ਫਟਾਨਾ ਚਾਹੀਏ
ਗ੍ਰਿਸਤ ਧਰਮ ਦੀ ਪਾਲਨਾਸਦਾ ਕਰਨੀ, ਹਰ ਕੰਮ ਤੇ ਧਰਮਪਛਾਨਾਚਾਹੀਏ
ਪਤੀ ਨਾਰ ਦਾ ਸਦਾ ਪ੍ਰੇਮ ਹੋਵੇ, ਆਪੇ ਵਿਚ ਭਰੋਸਾ ਰਖਾਨਾ ਚਾਹੀਏ
ਸਦਾ ਭਾਣੇ ਦੇ ਵਿਚ ਅਨੰਦ ਰਹਿਨਾ, ਸਵਾਸਣ ਅਕਾਲ ਧਿਆਨਾ ਚਾਹੀਏ
ਹੈ ਗ੍ਰਿਸਤ ਦਾ ਮੂਲ ਕਰਤਾਰ ਸਿੰਘਾ, ਜਿੰਨਾ ਪੁਜੇ ਉਪਕਾਰ ਕਮਾਨਾ ਚਾਹੀਏ

### ਸ਼ਹੀਦ ਕਿਸ ਨੂੰ ਆਖਦੇ ਹਨ

ਸਿੰਘਾਂ ਪੁਛਿਆ ਵਿਚ ਦੀਵਾਨ ਇਕ ਦਿਨ, ਸਤਿਗੁਰੂ ਜੀ ਦਸੋ ਸ਼ਹੀਦ ਕੇੜ੍ਹੇ
ਹੋਯਾ ਹੁਕਮ ਜੋ ਸਿਦਕੀ ਸਿਖ ਸਾਡੇ, ਆਵੇ ਕਾਮ ਕ੍ਰੋਧ ਨ ਜਿਨ੍ਹਾਂ ਨੇੜੇ

ਤਨ ਮਨ ਉਪਕਾਰ ਦੇ ਵਿਚ ਲਗਾ, ਮਾਲਾ ਨਾਮ ਦੀ ਜਿਨ੍ਹਾਂ ਦਾ ਨਨ ਫੇਰੇ
ਧਰਮ ਰਖਯਾ ਦੇਸ਼ ਦੇ ਭਲੇ ਲਈ, ਮਰਨ ਸਿਧੇ ਮਥੇ ਰਣ ਵਿਚ ਜੇੜੇ
ਓਹਨਾਂ ਲੋਕਾਂ ਨੂੰ ਜਗ ਸ਼ਹੀਦ ਆਖੇ, ਹੁਣ ਭਵਜਲੋਂ ਉਨ੍ਹਾਂ ਦੇ ਪਾਰ ਬੇੜੇ
ਧਨ ਉਨ੍ਹਾਂ ਦੇ ਜਨਮ ਕਰਤਾਰ ਸਿੰਘਾ, ਨ ਪੈਨ ਚੁਰਾਸੀ ਦੇ ਵਿਚ ਗੇੜੇ

ਸਾਖੀ ਸੁਨਿਆਰੇ ਦੀ

ਇਕ ਦਿਨ ਜਵਾਨ ਸੁਨਿਆਰ ਲੜਕਾ, ਪਖਾ ਸਤਿਗੁਰਾਂ ਤਈ ਝੁਲਾਏ ਰਿਹਾ
ਗੁਰਾਂ ਪੁਛਿਆ ਨੀਂਗਰਾ ਕੌਣ ਹੈ ਤੂੰ, ਏਥੇ ਕਦ ਤੋਂ ਹੈਂ ਤੂੰ ਆਏ ਰਿਹਾ
ਉਸ ਆਖਯਾ ਜਾਤ ਸੁਨਿਆਰ ਮੇਰੀ, ਸੁਘੜ ਸਿੰਘ ਹਾਂ ਨਾਮ ਸਦਾਏ ਰਿਹਾ
ਰਹਿਨ ਵਾਲਾ ਸਤਿਗੁਰੋ ਸਰਹੰਦ ਦਾ ਹਾਂ, ਥੋੜੇ ਦਿਨਾਂ ਦਾ ਦ੍ਰਸ ਆਪਾਏ ਰਿਹਾ
ਗੁਰਾਂ ਕਹਿਆ ਸਰੰਦ ਓਹ ਵਸਦੀ ਹੈ ? ਸੁਣ ਕਰ ਓਹ ਸੀਸ ਝੁਕਾਏ ਰਿਹਾ
ਹਥ ਆਪ, ਉਜਾੜ ਵਸਾ ਹੈ ਜੀ, ਤੂੰ ਸਤਿਗੁਰ ਖੇਲ ਰਚਾਏ ਰਿਹਾ
ਭਾਈ ਏਥੇ ਹੀ ਟੱਬਰ ਲੈ ਆ ਤੂ, ਓਹਦੇ ਉਜੜਨ ਦਾ ਸਮਾਂ ਆਏ ਰਿਹਾ
ਗਹਿਣੇ ਘੜਿਆ ਕਰੀਂ ਕਰਤਾਰ ਸਿੰਘਾ, ਏਥੇ ਵਗ ਦੌਲਤ ਪਰਵਾਹੇ ਰਿਹਾ

ਸੁਘੜ ਸਿੰਘ ਨੇ ਇਤਬਾਰ ਜਮਾਨਾ

ਪਾ ਆਗਯਾ ਜਾ ਸਰਹੰਦ ਵਿਚੋਂ, ਟੱਬਰ ਆਪਣੇ ਨੂੰ ਲੈ ਆਯਾ ਜੀ
ਗੁਰਾਂ ਦਸ ਮੋਹਰਾਂ ਦਾ ਘੜਾਯਾ ਗਹਿਨਾ, ਪੂਰਾ ਨਿਕਲਿਆ ਜਦੋਂ ਤੁਲਾਯਾ ਜੀ
ਹੋਯਾ ਹੁਕਮ ਕਹੁ ਲੜਕਿਆ ਸੋਨੇ ਵਿਚੋਂ, ਤੂੰ ਕਿਉਂ ਨਾ ਕੁਝ ਚੁਰਾਯਾ ਜੀ
ਚੋਰ ਦਿਨ ਦੇ ਸਦਾ ਸੁਨਿਆਰੇ ਹੁੰਦੇ, ਤੂੰ ਪੂਰਾ ਕਿਉਂ ਲਿਆ ਫੜਾਯਾ ਜੀ
ਮੈਂ ਸਤਿਗੁਰੋਂ ਆਤਦਾ ਸਿੱਖ ਸਚਾ, ਕੁਝ ਗਿਆ ਭੀ ਆਪ ਤੋਂ ਪਾਯਾ ਜੀ
ਮਾਲਾ ਚੋਰੀ ਦੇ ਵਿਚ ਨਾ ਹੋਏ ਬਰਕਤ, ਦਿਲ ਵਿਚ ਮੈਂ ਪਕ ਠਹਿਰਾਯਾ ਜੀ
'ਚੋਰ ਯਾਰ ਜੁਆਰ ਪੀੜੇ ਘਾਣੀਐ' ਏਹ ਆਪ ਗੁਰਾਂ ਫਰਮਾਯਾ ਜੀ

**ਸਿਦਕ ਖਾਲਸਾ**—ਸਿੰਘਾਂ ਦੀਆਂ ਸ਼ਹੀਦੀਆਂ ਦੇ ਪ੍ਰਤੱਖ ਨਜ਼ਾਰ, ਹਾਕਮਾਂ ਦੀ ਬੇਇਨਸਾਫੀ ਪਰਜਾ ਦੇ ਸਿਰ ਤੇ ਜ਼ੁਲਮ ਦੇ ਝੱਖੜ, ਸਿੰਘਾਂ ਦੇ ਸਿਰਮੁਲ ਵਿਕਣੇ, ਖਾਲਸੇ ਨੇ ਆਪਣੇ ਸਿਦਕ ਤੇ ਸੂਰਮਤਾਈ ਨਾਲ ਹਿੱਕਾਂ ਡਾਹਕੇ ਜ਼ੁਲਮ ਤੇ ਜ਼ੋਰ ਦਾ ਮੁਕਾਬਲਾ ਕਰਕੇ ਕਿਸ ਤਰ੍ਹਾਂ ਪਾਰ ਦੀ ਅਗਨ ਨੂੰ ਸੀਤਲ ਕੀਤਾ। ਅਜ ਹੀ ਮੰਗਵਾਕੇ ਪੜ੍ਹੋ; ਭੇਟਾ ੬੦)

ਬੜਾ ਸਿਦਕ ਸੁਨਿਆਰੇ ਨੇ ਜ਼ਾਹਰ ਕੀਤਾ, ਚੰਗੀ ਤਰ੍ਹਾਂ ਇਤਬਾਰ ਜਮਾਇਆ ਜੀ
ਬਸ ਫੇਰ ਤਾਂ ਉਸ ਤੋਂ ਸਿੰਘ ਬਹੁਤੇ, ਲਗ ਪਏ ਬਨਵਾਉਨ ਸੁਨਾਇਆ ਜੀ
ਚੰਗੀ ਹੋਈ ਮਸ਼ਹੂਰ ਕਰਤਾਰ ਸਿੰਘਾ, ਪੈਸਾ ਉਸਨੇ ਬੜਾ ਕਮਾਇਆ ਜੀ

ਸੁਨਿਆਰੇ ਦਾ ਪਾਜ ਉਘਾੜਨਾ

ਜਾਣੀ ਜਾਣ ਸਤਿਗੁਰਜੀ ਜਾਣਦੇ ਸਨ, ਸਚ ਇਹ ਸੁਨਿਆਰ ਨ ਬੋਲਿਆ ਜੀ
ਗੁਰਾਂ ਪਕੀ ਖਜ਼ਾਨਚੀ ਤਾਈਂ ਕੀਤੀ, ਲਈ ਦਈਂ ਨ ਕਦੇ ਅਨਤੋਲਿਆਂ ਜੀ
ਸੁਘੜ ਸਿੰਘ ਇਤਬਾਰ ਜਮਾ ਕਰਕੇ ਫੇਰ ਚੰਗੀ ਤਰਾਂ ਸੋਨਾ ਰੋਲਿਆ ਜੀ
ਚਿਰ ਪਿਛੋਂ ਸਤਿਗੁਰਾਂ ਪੜਤਾਲ ਕੀਤੀ, ਸੋਨਾ ਬਹੁਤ ਘਟ ਪਾਜ ਦੇ ਤੋਲਿਆ ਜੀ
ਗੁਰਾਂ ਪੁਛਿਆ ਸਦਕੇ ਵਿਚ ਸਭਾ, ਤਿੜ੍ਹ ਘਿਰ੍ਹੀਆ ਲਾ ਕੇ ਬੋਲਿਆ ਜੀ
ਇਸ ਤਰ੍ਹਾਂ ਦੇਖੋ ਕਰਤਾਰ ਸਿੰਘਾ, ਪਾਜ ਉਸਦਾ ਗੁਰਾਂ ਨੇ ਖੋਹਲਿਆ ਜੀ

ਤਥਾ

*ਰਾਜਨੀਤ ਦਾ ਗੁਰਾਂ ਨੇ ਬਚਨ ਕੀਤਾ, ਚੰਗਾ ਸਮਝਨਾ ਦਿਲੋਂ ਭੁਲਾਵਣਾ ਨਾਹੀਂ
ਸੋਂਕਣ, ਸਪ ਤੇ ਸ਼ੀਂਹ, ਸੁਨਾਰ ਭਾਈ, ਛਹੂੰਆਂ ਸਸਿਆ ਦਾ ਵਾਿਖਾਨਾ ਨਾਹੀਂ
ਕਸਬੀ, ਕਨ੍ਹੂਨਗੋ, ਕਾਜ਼ੀ, ਕਲਾਲ ਚਾਰੇ ਮਿਤ੍ਰ ਪੁਨਾ ਏਨ੍ਹਾਂ ਨਾਲ ਪਾਨਾ ਨਾਹੀਂ
ਬਾਮ੍ਹਣ, ਬਾਣੀਆ, ਬਿਲਾ, ਬਾਚਾਲ ਜੋੜਾ ਇਨ੍ਹਾਂ ਕਿਸੇ ਦਾ ਭਲਾ ਮਾਨਾ ਨਹੀਂ
ਸਿੰਘੋਂ ਵਿਚ ਸੰਸਾਰ ਦੇ ਸਮਝ ਟੁਰਨਾ, ਿਾਦਾ ਸੋਚਦਾ ਹਥੋਂ ਗਵਾਨਾ ਨਾਹੀਂ
ਘਰ ਆਪਣਾ ਰਖ ਕਰਤਾਰ ਸਿੰਘਾ, ਚੋਰ ਕਿਸੇ ਦੇ ਤਈਂ ਬਨਾਨਾ ਨਾਹੀਂ

ਸਿੰਘਾਂ ਦੀ ਬੇਨਤੀ

ਕੁਝ ਸਿੰਘਾਨੇ ਆਣਕੇ ਅਰਜ਼ ਕੀਤੀ, ਸਾਨੂੰ ਗ੍ਰਿਸਤੀਆਂ ਨੂੰ ਬੰਨੇ ਲਾਉ ਗੁਰਜ਼ੀ
ਜਪ, ਤਪ ਤੇ ਯੋਗ ਨ ਹੋਇ ਸਾਥੋਂ, ਕੋਈ ਸੁਖਲਾ ਤ੍ਰੀਕਾ ਬਤਾਉ ਗੁਰਜੀ
ਕੰਮਾਂ ਵਿਚ ਸਾਥੋਂ ਨਹੀਂ ਹੋਇ ਫਾਰਗ਼ਤੀ, ਸਾਨੂੰ ਜਮਾਂ ਤੋਂ ਕਿਵੇਂ ਛੁਡਾਉ ਗੁਰਜੀ
ਅਸੀਂ ਲੋਕ ਵਿਹਾਰੀ ਕਰਤਾਰ ਸਿੰਘਾ, ਸਾਨੂੰ ਦਸੋ ਸੁਖਲਾ ਉਪਾਉ ਗੁਰਜੀ

ਸਧਾ ਉਪਦੇਸ਼

ਕਰੋ ਬਾਰ ਵਿਹਾਰ ਸੰਸਾਰ ਵਾਲੇ, ਦੁਨੀਆਂ ਦਾਰੀ ਦਾ ਨੇਮ ਨਿਬਾਹੋ ਸਦਾ

*ਦੇਖੋ ਰਾਮ ਕੌਰ ਦੀਆਂ ਸਾਖੀਆਂ

ਸਚੇ ਪ੍ਰਭੂ ਦਾ ਹਿਦੇ ਧਿਆਨ ਧਰੋ ਸਾਸ ਸਾਸ ਨਾ ਯਾਦ ਭੁਲਾਉ ਸਦਾ
ਦੇਵੀ ਦੇਉਤਿਆਂ ਦੀ ਆਸ ਛਡ ਕੇ ਜੀ; ਇਕ ਓਟ ਅਕਾਲ ਰਖਾਓ ਸਦਾ
ਪਰਾਏ ਹਕ ਤੋਂ ਡਰ ਕੇ ਦੂਰ ਰਹਿਣਾ; ਕਿਰਤ ਧਰਮ ਦੀ ਕਰਕੇ ਖਾਓ ਸਦਾ
ਛਲ; ਕਪਟ ਫਰੇਬ ਨੂੰ ਦੂਰ ਕਰਨਾ; ਸਚਾ ਸਾਫ ਵਿਹਾਰ ਚਲਾਓ ਸਦਾ
ਤਲ ਬੋਲ ਦੇ ਵਿਚ ਨਾ ਫਰਕ ਆਵੇ ਜੋ ਕਹੇ ਸੋ ਆਪ ਕਮਾਓ ਸਦਾ
ਜਿਵੇਂ ਅੰਦਰੋਂ ਤਿਵੇਂ ਹੀ ਰਹੋ ਬਾਹਰੋਂ; ਸ਼ੀਸ਼ੇ ਵਾਂਗ ਹੋ ਸਾਫ ਦਿਖਾਓ ਸਦਾ
ਪਰ ਬੇਟੀ ਨੂੰ ਬੇਟੀ ਹੀ ਸਮਝਣਾ ਏ, ਪਰ ਨਾਰ ਨੂੰ ਸਮਝਣਾ ਮਾਓ ਸਦਾ
ਪਰ; ਤਨ ਪਰ ਧਨ ਪਰ ਔਸ ਉਤੋਂ ਨਾਹੀਂ ਡੋਲਣਾ ਸਿਦਕ ਜਮਾਓ ਸਦਾ
ਸਵਾਸ ਸਵਾਸ ਅਕਾਲਦਾ ਜਾਪ ਕਰਨਾ ਅਤੇ ਸੰਗੀਆਂ ਤਈਂ ਜਪਾਓ ਸਦਾ
ਕਾਮ ਕ੍ਰੋਧ ਇਹ ਵਿਸ਼ੇ ਵਿਕਾਰ ਜਿੰਨੇ ਦੁਖਦਾਈ ਨੇ ਸਮਜ ਤਜਾਓ ਸਦਾ
ਪੈਰ ਵਿਚ ਕੁਸੰਗ ਫਸਾਵਣਾ ਨਹੀਂ ਸਤਿਸੰਗ ਦਾ ਸੰਗ ਬਨਾਓ ਸਦਾ
ਪਿੰਡ ਪਿੰਡ ਅੰਦਰ ਰਖੋ ਗੁਰਦਵਾਰੇ ਚੰਗਾ ਨਾਮ ਪਰਵਾਹ ਵਜਾਓ ਸਦਾ
ਦਯਾ ਧਰਮ ਦਾ ਸਦਾ ਖਿਆਲ ਕਰਨਾ; ਦੁਖ ਦੁਖੀਆਂ ਵੇਖ ਵੰਡਾਓ ਸਦਾ
ਕਰਨੀ ਆਏ ਗਰੀਬ ਦੀ ਪਾਲਨਾ ਜੀ ਵੰਡ ਖਾਵਨਾਂ ਨੇਮ ਠਹਿਰਾਓ ਸਦਾ
ਨਾਮ ਦਾਨ ਅਸ਼ਨਾਨ ਤੇ ਦ੍ਰਿੜ੍ਹ ਨਿਸਚਾ;ਚਿਤ ਰਖ ਅਕਾਲ ਧਿਆਓ ਸਦਾ
ਕਿਸੇ ਨਾਲ ਨ ਵੈਰ ਵਿਰੋਧ ਕਰਨਾ, ਦਵੇਖ ਈਰਖਾ ਤਈਂ ਮਿਟਾਓ ਸਦਾ
ਖਿਮਾ ਧੀਰਜ ਸਬਰ ਸੰਤੋਖ ਚਾਰੇ; ਇਹ ਦਿਲ ਤੋਂ ਨ ਗਵਾਉ ਸਦਾ
ਸਰਬ ਜੀਆਂ ਨੂੰ ਰਬ ਦਾ ਰੂਪ ਜਾਣੋ; ਸਮਝੋ ਸਿਖਾਂ ਨੂੰ ਸਕੇ ਭਿਰਾਓ ਸਦਾ
ਮੁਕਤ ਵਿਚ ਗ੍ਰਿਸਤ ਕ੍ਰਤਾਰ ਸਿੰਘਾ: ਸਹਿਜੇ ਪਾਉ ਜੇ ਕਹਿਆ ਕਮਾਉ ਸਦਾ

### ਨਾਮ ਅਟਲ ਕਿਸ ਦਾ ਰਹਿੰਦਾ ਹੈ

ਇਕ ਦਿਨ ਹਜ਼ੂਰ ਵਿਚਾਰ ਚਲੀ, ਸਦਾ ਕਿਵੇਂ ਰਹੇ ਨਾਮ ਬਤਾਏ ਕੋਈ
ਕਿਸੇ ਆਖਯਾ ਰਸਤੇ ਖੁਹਲਾਇਆ, ਕਿਸੇ ਆਖਯਾ ਸਰਾਏਂ ਪਵਾਏ ਕੋਈ
ਕਿਸੇ ਕਹਿਆ ਤਾਲਾਬ ਬਣਾ ਮੰਦਰ, ਯਾ ਬਾਗ ਔਲਾਦ ਸੁਨਾਏ ਕੋਈ
ਹੋਵੇ ਸੂਰਮਾਂ ਹਾਜਾ ਕਰਤਾਰ ਸਿੰਘਾ, ਯਾਦਗਾਰ ਜਾਂ ਪਕੀ ਬਨਾਏ ਕੋਈ

ਗਲਾਂ ਸਾਰੀਆਂ ਸੁਣਕੇ ਕਹਿਆ ਗੁਰਾਂ ਦਸ ਸਕਦਾ ਹੈ ਨਿਤਾਰ ਕੇਹੜਾ
ਜਿਸ ਵਕਤ ਸੀ ਭਗਤ ਕਬੀਰ, ਹੋਯਾ ਦਸੋ ਵਿਚ ਕਾਂਸ਼ੀ ਸ਼ਾਹੂਕਾਰ ਕੇਹੜਾ
ਕੌਣ ਵਿਚ ਕਾਂਸ਼ੀ ਕਰਦਾ ਰਾਜ ਹੈਸੀ ਹੋਯਾ ਸੂਰਮਾ ਵਿਚ ਬਲਕਾਰ ਕੇਹੜਾ
ਵਡੇ ਵਡੇ ਗੁਜਰੇ ਕਰਤਾਰ ਸਿੰਘਾ, ਅਜ ਜਾਣਦਾ ਵਿਚ ਸੰਸਾਰ ਕੇਹੜਾ

ਤਥਾ

ਭਲਾ ਕੌਣ ਦਸੇ ਪਤਾ ਕਿਨ੍ਹੂੰ ਹੈਸੀ, ਸਭੇ ਚੁਪ ਕਰ ਊਂਧੀਆਂ ਪਾਏ ਗਏ
ਸੁਣੋ ਖਾਲਸਾ ਜੀ ਗੁਰਾਂ ਬਚਨ ਕੀਤਾ ਏਸ ਜਗ ਤੇ ਲਖਾਂ ਹੀ ਆਏ ਗਏ
ਖੂਹ, ਤਾਲ; ਸਰਾਂ ਤੇ ਬਾਗ ਮੰਦਰ ਯਾਦਗਾਰਾਂ ਬੇਅੰਤ ਉਸਰਾਏ ਗਏ
ਅਜ ਯਾਦ ਨ ਉਹਨਾਂ ਦੇ ਨਾਮ ਸਾਨੂੰ; ਕਦੋਂ ਆਏ ਤੇ ਕਿਧਰ ਵਿਹਾਏ ਗਏ
ਸ਼ਾਹੂਕਾਰ, ਰਾਜੇ ਸੇਠ ਮਹਾਂ ਬਲੀ ਰੁੜ੍ਹ ਕਾਲ ਦੇ ਸਭ ਪਰਵਾਹ ਗਏ
ਕੌਣ ਜਾਣਦਾ ਕਿਨ੍ਹੂੰ ਪਛਾਣ ਰਹੀ, ਵਾਂਗ ਪੰਛੀਆਂ ਰਾਤ ਬਿਤਾਏ ਗਏ
ਧਨ, ਦੌਲਤਾਂ ਤੇ ਪੁਤਾਂ ਵਾਲਿਆਂ ਦੇ ਸਫਾ ਹਸਤਊਂ ਨਾਮ ਉਠਾਏ ਗਏ
ਕੋਈ ਸਦੀ; ਦੋ ਸਦਿਆਂ ਯਾਦ ਰਿਹਾਂ ਲਖਾਂ ਮਰੇ ਅਜ ਕਲ ਭੁਲਾਏ ਗਏ
ਨਾਮ ਤਿਨ੍ਹਾਂ ਦਾ ਰਹੇ ਅਟਲ ਸਦਾ; ਹੋਰ ਆਏ ਲਖਾਂ ਲਖਾਂ ਧਾਏ ਗਏ
ਪਹਿਲੇ ਰਬ ਦੀ ਭਗਤੀ ਜਿਨ੍ਹਾਂ ਕੀਤੀ; ਸ਼ੁਭ ਰਸਤੇ ਆਨ ਚਲਾਏ ਗਏ
ਦੂਜੇ ਧਰਮ ਤੇ ਦੇਸ ਦੀ ਰਖਯਾ ਲਈ; ਤੇਗ ਫੜ ਕੇ ਜ਼ੁਲਮ ਮਿਟਾਏ ਗਏ
ਤੀਜੇ ਰਹਿਨ ਕਵੀਸ਼ਰ ਯਾਦ ਸਦਾ ਧਰਮ ਪੁਸਤਕਾਂ ਜੇਹੜੇ ਬਨਾਏ ਗਏ
ਇਹਨਾਂ ਤਿੰਨਾਂ ਦੇ ਨਾਮਨਾ ਕਦੇ ਭੁਲਨ, ਯਾਦ ਰਹਿਨਉਪਕਾਰਕਮਾਏ ਗਏ
ਹੋਰ ਯਾਦ ਕੀਰਹਿਨੇ ਕਰਤਾਰ ਸਿੰਘਾ;ਸਗੋਂ ਮਾਈਆਂ ਦੇਜੋਬਨ ਗਵਾਏ ਗਏ

ਗੁਰਬਾਣੀ ਤੋਂ ਨਿਸਚਾ ਰਖਣ ਵਾਲੇ ਸਿਖ ਦੀ ਸਾਖੀ

ਉਸ ਵੇਲੇ ਇਕੀਸਿੰਘਨੇਅਰਜ਼ ਕੀਤੀ;ਗਯਾਨਧਯਾਨ ਮੈਨੂੰਮੂਲਆਂਵਦੇ ਨਹੀਂ
ਪਰ ਜਗ ਦੇ ਵਿਸ਼ੇ ਵਿਕਾਰ ਆਦਿ, ਮਾਯਾ ਮੋਹ ਪਦਾਰਥ ਭਾਂਵਦੇ ਨਹੀਂ
ਬੋਲੇ ਗੁਰੂ ਜੀ ਸਿੰਘਾ ਤੂੰ ਧੰਨ ਹੋਯੋਂ, ਜਿਦੇ ਚਿਤ ਨੂੰ ਵਿਸ਼ੇ ਭੁਲਾਂਵਦੇ ਨਹੀਂ
ਨਹੀਂ ਤਾਂ ਬੜੇ ਬੜੇਗਯਾਨੀ ਰਿਖੀਮੁਨੀ; ਏਹ ਵਿਸ਼ੇ ਵਿਕਾਰਤ ਜਾਂਵਦੇ ਨਹੀਂ

ਭੂਤ ਕਾਮ ਆਦੀ ਮਹਾਂਬਲੀ ਭਾਰੇ, ਕੌਣ ਬਲੀ ਜਿਨ੍ਹੂੰ ਭਰਮਾਂਵਦੇ ਨਹੀਂ
ਹਨ ਧੰਨ ਉਹ ਪੁਰਸ਼ ਕ੍ਰਤਾਰ ਸਿੰਘਾ, ਵਿਸ਼ੇ ਵਿਚ ਜੋ ਪੈਰ ਰਮਾਂਵਦੇ ਨਹੀਂ

ਗੁਰੂ ਜੀ ਨੇ ਵਿਦਿਆ ਪੜ੍ਹਨ ਵਾਸਤੇ ਉਸ ਸਿਖ ਨੂੰ ਹੁਕਮ ਦੇਣਾ

ਨਹੀਂ ਪਦਪਦਾਰਥ ਦਾ ਬੋਧ ਹੁੰਦਾ, ਕੁਝ ਅਖਰਾਂ ਦੀ ਸੋ ਪਛਾਨ ਚਾਹੀਏ
ਤਿਸ ਮਨ ਦੇ ਤਈਂ ਸਮਝਾਵਣੇ ਨੂੰ; ਕੁਝ ਪੜ੍ਹਨਾ ਥੋੜਾ ਗਯਾਨ ਚਾਹੀਏ
ਜਿਨ੍ਹਾਂ ਵਿਦਯਾ ਸਮਝਨਾ ਪਏ ਬਾਨੀ, ਇਸੇ ਲਈ ਹੋਨਾ ਵਿਦਾਨ ਚਾਹੀਏ
ਕੰਮ ਚਲਦੇ ਨਹੀਂ ਕਰਤਾਰ ਸਿੰਘਾ, ਵਿਦਾਨ ਹਰ ਇਕ ਇਨਸਾਨ ਚਾਹੀਏ

ਸਿਖ ਨੇ ਆਨੰਦ ਸਾਹਿਬ ਦੀ ਪਹਿਲੀ ਹੀ ਤੁਕ ਪੜ ਕੇ ਅਗੋਂ ਬਸ ਕਰਨਾ

ਹੁਕਮ ਗੁਰਾਂ ਦੇ ਨਾਲ ਉਹ ਪੜ੍ਹਨ ਲਗਾ, ਸ਼ੌਕ ਵਿਦਯਾਚਿਤ ਬਲੰਦ ਹੋਯਾ
ਇਕ ਦਿਨ ਆਨੰਦ ਦਾ ਪਾਠ ਕੀਤਾ, ਪਹਿਲੇ ਸ਼ਬਦ ਨੂੰ ਮੋਹ ਅਨੰਦ ਹੋਯਾ
'ਅਨੰਦ ਭਇਆ ਮੇਰੀ ਮਾਏ, ਸਤਿਗੁਰੂ ਮੈਂ ਪਾਯਾ, ਅਤੀ ਪਸੰਦ ਹੋਯਾ
ਇਹੋ ਪੜ੍ਹਦਾ ਰਹੇ ਕਰਤਾਰ ਸਿੰਘਾ, ਅਗੋਂ ਹੋਰ ਕੁਝ ਪੜ੍ਹਨ ਤੋਂ ਬੰਦ ਹੋਯਾ

ਕੁੰਜੀ ਨੂੰ ਸਕਾਇਤ ਕਰਨੀ ਤੇ ਸਤਿਗੁਰਾਂ ਨੇ ਉਸ ਸਿਖ ਨੂੰ ਪੁਛਣਾ

ਸਦੇ ਸਤਿਗੁਰੇ ਆਪਦਾ ਸਿੰਘ ਨਵਾਂ, ਹੁਣ ਪਾਸ ਮੇਰੇ ਪੜ੍ਹਨ ਆਂਵਦਾ ਨਹੀਂ
ਗੁਰਾਂ ਸਦ ਕੇ ਪੁਛਿਆ ਕਹੋ ਸਿੰਘਾ, ਤੂੰ ਪੜਨ ਲਈ ਕਿਉਂ ਜਾਂਵਦਾ ਨਹੀਂ
ਉਸ ਅਰਜ਼ਕੀਤੀ ਪੜ੍ਹਾਂਹੋਰਕੀ ਮੈਂ, ਮੇਰਾ ਚਿਤ ਪੜ੍ਹਨਾਹੋਰ ਚਾਂਹਵਦਾ ਨਹੀਂ
'ਸਤਿਗੁਰਮਿਲ ਪਿਆ ਆਨੰਦ ਹੋਯਾ', ਏਦੂੰ ਵਧ ਮੈਨੂੰ ਕੁਝ ਭਾਂਵਦਾ ਨਹੀਂ
ਇਹੋ ਤੁਕ ਸਤਿਗੁਰੂ ਜੀ ਬਹੁਤ ਮੈਨੂੰ, ਹੁਕਮ ਆਪਣਾ ਮੈਂ ਪ੍ਰਤਾਂਵਦਾ ਨਹੀਂ
ਤੇਰਾ ਨਿਸਚਾ ਧੰਨ ਕਰਤਾਰ ਸਿੰਘਾ, ਤੂੰ ਜਨਮ ਮਰਨ ਮੁੜ ਪਾਂਵਦਾ ਨਹੀਂ

ਸਤਿਗੁਰਾਂ ਨੇ ਸਗਤਾਂ ਨੂੰ ਉਪਦੇਸ਼ ਕਰਨਾ

ਦੇਖੋ ਖਾਲਸਾ ਸੀ ਪੰਨਥ ਪੁਰਸ਼ਹੰਦੇਹ ਇਹਦੇ ਜਿਹਾ ਨਿਹਚਾਭੀ ਰਖਾਏ ਕੋਈ
ਬਹੁਤੇ ਸਿੰਘ; ਸੇਵਕ ਬਾਣੀ ਰੋਜ਼ ਪੜ੍ਹਦੇ ਤਾਤ ਪਰਯ ਨੂੰ ਚਿਤ ਵਸਾਏ ਕੋਈ
'ਗੀਤ ਸਮਝਕੇ ਬਹੁਤ ਨੇਰੋਣ ਵਾਲੇ' 'ਇਹ ਤੋਂ' ਬ੍ਰਮਵਿਚਾਰ'ਕਰਗਾਏ ਕੋਈ
ਮਹਾਂਵਾਕ ਆਖੇ ਵਡੇ ਸਤਿਗੁਰਾਂ ਨੇ, ਹੁਕਮ ਵਾਹਿਗੁਰੂ ਸਮਝ ਬਜਾਏ ਕੋਈ
'ਬਾਣੀ ਧੁਰ ਕੀ ਆਈ' ਹਜ਼ੂਰ ਵਲੋਂ' ਏਹ ਅੰਮ੍ਰਿਤ ਪੀ ਤ੍ਰਿਪਤਾਏ ਕੋਈ

ਬਾਣੀ ਗੁਰੂ ਗੁਰੂ ਹੈ ਬਾਣੀ, ਏਸ ਆਸ਼ਾ ਨੂੰ ਚਿੱਤ ਟਿਕਾਏ ਕੋਈ
ਏਕ,ਇਕ ਸ਼ਬਦ ਦਾਤਾ ਮੁਕਤ ਦਾ ਹੈ, ਸਚਾ ਸਮਝ ਉਪਦੇਸ਼ ਕਮਾਈ ਕੋਈ
ਬਾਣੀ ਕਹੇ ਜੋ ਮੰਨੇ ਕ੍ਰਤਾਰ ਸਿੰਘਾ, ਓਹ ਦੁਖ ਸੰਤਾਪ ਨਾ ਪਾਏ ਕੋਈ

ਗੁਰਬਾਣੀ ਦੀ ਮਹਿਮਾ

ਗੁਰਬਾਣੀ ਹੈ ਸੁਖਾਂ ਦੀ ਸਦਾ ਦਾਤੀ, ਜੋ ਜਪੇ ਸੋ ਭਵਜਲੋਂ ਪਾਰ ਹੋਵੇ
ਪਰਸਮਝ ਵਿਚਾਰਕੇ ਪੜੇ ਜੇਹੜਾ, ਜਨਮ ਮਰਨ ਤੋਂ ਉਹਦਾ ਛੁਟਕਾਰ ਹੋਵੇ
ਜਿਨ੍ਹਾਂਪੜ੍ਹ ਛਡੀ ਤੇ ਵਿਚਾਰੀ ਨਾਹੀਂ, ਦੂਰ ਨਹੀਂ ਅਗਯਾਨ ਅੰਧਕਾਰ ਹੋਵੇ
ਵੇਖ ਛਡਿਆ ਕੋਈ ਨ ਰਜ ਜਾਂਦਾ, ਭੋਜਨ ਖਾਂਦਿਆਂ ਚਿਤ ਅਧਾਰ ਹੋਵੇ
ਮਿਠਾ ਆਖਿਆ ਮੂੰਹ ਨ ਹੋਇ ਮਿਠਾ, ਅਗ ਅਗ ਕਰੀਸਤ ਨ ਠਾਰ ਹੋਵੇ
ਘਰ ਪਰ ਦਵਾਈ ਨ ਦੇ ਫੈਦਾ, ਘੋਟ ਪੀਤਿਆਂ ਦੂਰ ਵਿਕਾਰ ਹੋਵੇ
'ਪੜਿਐ ਨਾਹੀ' ਭੇਦ, ਬੁਝਿਐ ਪਾਵਨਾ,ਏਸ ਸ਼ਬਦ ਦਾ ਜਦੋਂ ਵਿਚਾਰ ਹੋਵੇ
ਸਚੇ ਅਮਲ ਕਮਾ ਕਰਤਾਰ ਸਿੰਘਾ, ਮੇਟੇ ਦੁਬਿਧਾ ਮੇਲ ਕ੍ਰਤਾਰ ਹੋਵੇ

ਸਾਖੀ ਦੀਪ ਕੌਰ ਦੀ

ਏਸ ਸਾਲ ਹੀਸਾਂਬਿਚੋਂ ਆਈ ਸੰਗਤ, ਮਾਯਾ ਭੇਟ ਆ ਬਹੁਤ ਚੜ੍ਹਾਈ ਹੈਸੀ
ਸਤਿਗੁਰਾਂ ਦੇ ਪਾਸ ਹਜ਼ੂਰ ਉਹਨਾਂ, ਬੀਤੀ ਰਾਹ ਦੀ ਗਲ ਸੁਨਾਈ ਹੈਸੀ
ਆਸੀਂ ਗੁਰੂ ਜੀ ਤਲਵਨੋਂ ਜਦੋਂ ਲੰਘੇ, ਇਕ ਖੂਹ ਤੇ ਖੁਚ ਨਿਵਾਈ ਹੈਸੀ
ਪਾਣੀ ਪੀ ਅਪੀ ਸੰਗਤ ਅਗ੍ਹਾਂ ਟੁਰੀ, ਅਸਾਂ ਕਰਨੀ ਚੁਪੀਨੀ ਚਾਹੀ ਹੈਸੀ
ਦੀਪਕੌਰ ਬੀਬੀ ਵਿਚੋਂ ਉੱਠ ਉਵੇਂ, ਸੰਗਤ ਅਗਲੀ ਦੇ ਪਿਛੇ ਧਾਈ ਹੈਸੀ
ਵਿਚ ਰਾਹ ਦੇ ਧਾਪੀਆਂ ਛਹੁੰ ਤੁਰਕਾਂ, ਕਲੀ ਵੇਖ ਬੀਬੀ ਅਟਕਾਈ ਹੈਸੀ
ਖੋਟੀ ਨਿਯਤ ਉਨ੍ਹਾਂ ਦੀ ਵੇਖ ਕਰਕੇ, ਦੀਪ ਕੌਰ ਕੀਤੀ ਚਤੁਰਾਈ ਹੈਸੀ
ਹਥੋਂ ਲਾਹ ਕੰਗਣ ਇਕ ਸੁਟ ਦਿਤਾ, ਇਕ ਦੁਸ਼ਟ ਨੇ ਧੋਣ ਨਿਵਾਈ ਹੈਸੀ
ਉਹਦੀ ਤੇਗ ਬੀਬੀ ਝਟ ਖਿਚ ਲਈ, ਮੁੜ ਉਸਦੇ ਉਤੇ ਚਲਾਈ ਹੈਸੀ
ਮੁੰਡੀ ਲਾਹ ਕੇ ਉਸ ਦੀ ਸਟ ਘਤੀ, ਵਾਂਗ ਸ਼ੇਰਨੀ ਦੇ ਗਰਜਾਈ ਹੈਸੀ
ਭਾਵੇਂ ਉਹਨਾਂ ਦੇ ਪਾਸ ਭੀ ਸੀ ਤੇਗਾਂ, ਦੀਤ ਕੌਰ ਨੇ ਰਖ ਦਿਖਾਈ ਹੈਸੀ
ਦੋ ਉਨ੍ਹਾਂ ਵਿਚੋਂ ਝਟਕਾ ਕਰੇ, ਵਾਂਗ ਸ਼ੇਰਨੀ ਰੋਹ ਵਿਚ ਆਈ ਹੈਸੀ

ਏਨੇ ਚਿਰ ਨੂੰ ਅਸੀਂ ਭੀ ਪੁਜ ਗਏ, ਛਾਤੀ ਚੋਬੇ ਦੀ ਤੇਣ ਧਮਾਈ ਹੈਸੀ
ਅਸੀਂ ਗੁਰ ਜੀ ਵੇਖ ਹੈਰਾਨ ਹੋਏ, ਏਸ ਬੀਬੀ ਦੀ ਧੰਨ ਕਮਾਈ ਹੈਸੀ
ਏਹ ਸੁਣਕੇ ਪ੍ਰਸੰਨ ਕਰਤਾਰ ਸਿੰਘਾ, ਖੁਸ਼ੀ ਸਤਿਗੁਰਾਂ ਬਹੁਤ ਮਨਾਈ ਹੈਸੀ

ਸ੍ਰੀ ਦਸ਼ਮੇਸ਼ ਜੀ ਨੇ ਸੰਗਤ ਨੂੰ ਉਪਦੇਸ਼ ਕਰਨਾ

ਬੇਟੀ ਧੰਨਯ ਤੂੰ ਧੰਨ ਹੈ ਮਾਈ ਤੇਰੀ, ਏਸ ਤਰਾਂ ਦੀ ਕਰਨੀ ਕਾਰ ਚਾਹੀਏ
ਤੇਰੇ ਵਰਗੀਆ ਦੇਵੀਆਂ ਪੰਥ ਅੰਦਰ ਸਿਦਕਬੀਰਤਾ ਦੀਆਂ ਭੰਡਾਰ ਚਾਹੀਏ
ਬਿਨਾਂ ਬੀਬੀਆਂ ਅੰਮ੍ਰਿਤ ਛਕਾਯਾ ਹੈਏਸੇਤਰਾਂ ਸਭ ਤਯਾਰ ਬਰਯਾਰ ਚਾਹੀਏ
ਚਾਹੇ ਸਿੰਘ ਹੋਵੇ ਚਾਹੇ ਸਿੰਘਣੀ ਹੈ, ਵਡਾ ਨਾਲ ਹਥਯਾਰ ਪਿਆਰ ਚਾਹੀਏ
ਵੈਰੀ ਮਾਰਕੇ ਪਾਲਨਾ ਧਰਮ ਕਰਨੀ, ਏਹੋ ਪੰਥ ਦਾ ਸਦਾ ਵਿਹਾਰ ਚਾਹੀਏ
ਭਗਤੀ ਬੀਰਤਾ ਵਿਚ ਕਰਤਾਰ ਸਿੰਘਾ, ਪਕੇ ਪੰਥ ਅੰਦਰ ਨਰ ਨਾਰ ਚਾਹੀਏ

ਵਾਕ ਕਵੀ

ਚੰਗਾ ਮੌਕਾ ਏਹ ਮਿਲ ਗਿਆ ਗੁਰੂਜੀਨੂੰ, ਫਰਜਆਪਣੇਬਹੁਤ ਅਦਾਕਰ ਲਏ
ਆਉਨ ਵਾਲਿਆਂ ਦਿਨਾਂ ਦੇ ਵਾਸਤੇ ਭੀ, ਜਮਾਂ ਬਹੁਤਹੱਥਯਾਰਬਨਾਕਰ ਲਏ
ਪੰਜ ਵਤ ਹਜ਼ਾਰ ਨੇ ਬੀਰ ਥੱਪੇ, ਤਯਾਰ ਵਿਦਯਾ ਯੁਧ ਸਿਖਾ ਕਰ ਲਏ
ਰਸਦ ਬਸਦ ਵੀ ਜਿੰਨੀ ਕੁ ਪੁਜ ਸਕੀ, ਜਮਾਂ ਕਈ ਜ਼ਖੀਰੇ ਮੰਗਾ ਕਰ ਲਏ
ਥੋੜੇ ਸਮੇਂ ਦੇ ਵਿਚ ਜੋ ਹੋ ਆਏ ਚੰਗੀ ਤਯਾਰੀਆਂ ਲਈ ਉਪਾ ਕਰ ਲਏ
ਛੋਟੇ ਛੋਟੇ ਕਿਲੇ ਕਰਤਾਰ ਸਿੰਘਾ, ਚਾਰ ਪੰਜ ਗੁਣਾ ਤਯਾਰ ਕਰ ਲਏ

ਚੋ ਪਿੰਡ ਵਿਚ ਸਿੰਘਾ ਦਾ ਟਾਕਰਾ

ਸਿੰਘ ਤੀਹ ਕੁ ਟੋਲਾ ਬਨਾ ਕਰਕੇ, ਸਤਿਗੁਰਾਂ ਦੇ ਦਰਸ ਨੂੰ ਆਏ ਰਹੇ
ਚੋ ਪਿੰਡ ਜਦ ਆ ਕੇ ਲਾਯਾ ਡੇਰਾ ਵਖੇ ਲੋਕ ਪਾਖੰਡ ਖਿਡਾ ਰਹੇ
ਇਕ ਗੁਗੇ ਦੀ ਕਬਰ ਬਨਾਈ ਹੋਈ, ਸੇਵੀਂ, ਪੂਰੀਆਂ, ਦੁਧ ਚੜ੍ਹਾ ਰਹੇ
ਗੀਤ ਗਾਉਂਦੇ ਜ਼ਾਹਰਾ ਪੀਰ ਕਹਿ ਕੇ, ਸੁਖ ਸੁਖਨਾ ਸੁਖ ਮਨਾ ਰਹੇ
ਵੇਖ ਸਿੰਘਾਂ ਨੇ ਆਖਯਾ ਸੁਨੋ ਲੋਕੋ, ਏਹ ਕੀਹ ਪਖੰਡ ਬਨਾ ਰਹੇ
ਸਰਬ ਸ਼ਕਤੀਮਾਨ ਨੂੰ ਛਡ ਕਰਕੇ, ਅਗੇ ਮੜ੍ਹੀਆਂ ਨਕ ਘਸਾ ਰਹੇ
ਏਹਦੇ ਵਿਚ ਗੁਗਾ ਕਿਥੇ ਹੈ ਬੈਠਾ, ਜਿਨੂੰ ਕੂਕ ਕੇ ਤੁਸੀਂ ਸੁਨਾ ਰਹੇ

ਦਸੋ ਕੌਣ ਸੀ ਤੇ ਕਿਹੜੇ ਥਾਂ ਦਾ ਸੀ, ਜਿਥੇ ਛੰਦ ਬਨਾ ਕੇ ਗਾ ਰਹੇ
ਇਟਾਂ ਖੜੀਆਂ ਕਰ ਬਨਾ ਮਾੜੀ, ਭੇਡ ਚਾਲ ਦੀ ਚਾਲ ਨਿਭਾ ਰਹੇ
ਨਾ ਡਿਠਾ ਨਾ ਭਾਲਿਆ ਪਤਾ ਕੋਈ, ਵੇਖੋ ਵੇਖੀ ਸਭੇ ਭੁਲੇ ਜਾ ਰਹੇ
ਆਓ ਭੋਲਿਓ ਰਬ ਦੀਸ਼ਰਨ ਲਵੋ, ਕਿਉਂ ਜੂਨ ਮਾਨੁਖ ਗਵਾ ਰਹੇ
ਮਰ ਗਿਆਂ ਦੇ ਪਾਸੋਂ ਮੁਰਾਦਾਂ ਭਾਲੋ, ਐਵੇਂ ਭੁਲਿਓਂ ਠਗੀਆਂ ਖਾ ਰਹੇ
ਏਹਨਾਂ ਮੜ੍ਹੀਆਂ ਵਿਚ ਨਾ ਕੁਝ ਪਿਆ, ਅਗੇ ਜਿਨ੍ਹਾਂ ਦੇ ਵਾਸਤੇ ਪਾ ਰਹੇ
ਬਾਝ ਭਜਨ ਭਗਵੰਤ ਕਰਤਾਰ ਸਿੰਘਾ, ਕੌਡੀ ਬਦਲੇ ਲਾਲ ਵੰਵਾ ਰਹ

ਮੂਰਖਾਂ ਨੂੰ ਉਪਦੇਸ਼ ਕੌੜਾ ਲਗਣਾ

ਚੰਗੀ ਗਲ ਨ ਮੂਰਖਾਂ ਭਲੀ ਲਗੇ, ਜਿਵੇਂ ਗਧੇ ਨੂੰ ਮਿਸ਼ਰੀ ਜਾਨ ਭਾਈ
ਘੌਲ ਕੁਤਿਆਂ ਮੂਲ ਨ ਹਜ਼ਮ ਹੁੰਦੇ, ਖਾਣੇ ਜਿਨ੍ਹਾਂ ਮੁਰਦਾਰ ਪਖਾਨ ਭਾਈ
ਤਿਵੇਂ ਉਹਨਾਂਲੋਕਾਂਤਾਈਂ ਬੁਰਾ ਲਗਾ, ਸਚਾ ਸਿੰਘਾ ਦਾਉਹ ਗਿਆਨ ਭਾਈ
ਨਾਲ ਸਿੰਘਾ ਦੇ ਲੜਨ ਨੂੰ ਉਠ ਪਏ, ਪੂਜੇ ਡਾਂਗ ਸੋਟੇ ਤੁਕ ਆਨੁ ਭਾਈ
ਅਗੇ ਸਿੰਘ ਸਾਰੇ ਹਥਯਾਰਾਂ ਵਾਲੇ, ਫੰਡੇ ਚੰਗੇ ਉਹਨਾਂ ਬਲ ਠਾਨ ਭਾਈ
ਪਿੰਡ ਲੁਟਿਆ ਫੇਰ ਕਰਤਾਰ ਸਿੰਘਾ, ਮਾਰ ਖਾ ਔਧੂ ਪਛਤਾਨ ਭਾਈ

ਵਾਕ ਕਵੀ

ਨਵੀਂ ਸ਼ਕਲਹਰ ਇਕਦੇ ਚਿਤਰਣਕੇ, ਹਿੰਦੂ ਤੁਰਕ ਦੋਏਂ ਵੈਰ ਰਖਾਂਵਦੇ ਸਨ
ਤੁਰਕ ਵੇਖਕੇ ਸਿੰਘਾ ਦੀ ਬਲ ਸ਼ਕਤੀ, ਉਹ ਤਾਂ ਉਂਞਕਚੀਚੀਆਂ ਖਾਂਵਦੇ ਸਨ
ਬਾਹਮਣਧਰਮ ਅਸੂਲਾਂ ਤੋਂ ਬਣੇ ਵੈਰੀ, ਹਿੰਦੂ ਲੋਕਾਂ ਤਾਈ ਭੜਕਾਂਵਦੇ ਸਨ
ਚਰਚਾ ਸਿੰਘਾ ਦੀ ਹੀ ਸਾਰੇ ਦੇਸ਼ ਅੰਦਰ, ਜਿਥੇ ਬੈਠਦੇ ਲੋਕ ਸੁਨਾਂਵਦੇ ਸਨ
ਤੀਜਾ ਰਚਿਆ ਪੰਥਾਂ ਗੋਬਿੰਦ ਸਿੰਘ ਨੇ, ਕੋਈਭਲੀ ਕੋਈ ਬੁਰੀ ਮਨਾਂਵਦੇ ਸਨ
ਮਾਰਖੋਰ ਬਹਾਦਰ ਲੋਕ ਜਹਿੜੇ, ਜਮ੍ਹਾਂ ਪਾਸ ਗੁਰਾਂ ਹੁੰਦੇ ਜਾਂਵਦੇ ਸਨ
ਹਾਕਮ ਜਿਨ੍ਹਾਂ ਨੂੰ ਪਿੰਡੀਨ ਰਹਿਨ ਦੇਂਦੇ, ਓਹ ਡੇਰੇ ਆਨੰਦਪੁਰ ਲਾਂਵਦੇ ਸਨ
ਖਾਸੀ ਭੀੜ ਸਤਿਗੁਰਾਂ ਹਜ਼ੂਰ ਰਹੇ, ਜੈਗੀਕਾਰ ਹਰ ਦਮ ਕਮਾਂਵਦੇ ਸਨ
ਵੇਖ ਵੇਖ ਪਹਾੜੀਏ ਰਾਜੇ ਰਾਣੇ, ਦਿਲੀ ਆਪਣੀ ਡਰ ਵਧਾਂਵਦੇ ਸਨ

ਜਿਥੇ ਕਿਤੇ ਸਤਿਗੁਰਾਂ ਦਾ ਨਾਮ ਸਾਦਾ ਲਿਖਿਆ ਹੋਯਾ ਹੋਵੇ ਦਾਸ ਵਲੋਂ ਨ ਸਮਝਣਾ।

ਮਤਾ ਖੋਹ ਲਵੇ ਸਾਡੇ ਰਾਜ ਗੁਰੂ, ਨਿਤ ਉਲਟ ਸਲਾਹਾਂ ਪਕਾਂਵਦੇ ਸਨ
ਕਿਸੇ ਹੀਲੇ ਅਸੀਂ ਏਥੋਂ ਕਢ ਦੇਈਏ, ਹੋਂਦਾ ਬੈਠਕੇ ਨਿਤ ਗੁੰਦਾਂਵਦੇ ਸਨ
ਪਾਸ ਹਾਕਮਾਂ ਦੇ ਉਲਟ ਗੁਰ ਜੀ ਦੇ, ਓਹ ਨਿਤ ਰਪੋਟਾਂ ਪੁਚਾਂਵਦੇ ਸਨ
ਰਾਤ ਦਿਨੇ ਲਗੇ ਏਸੇ ਖਿਆਲ ਅੰਦਰ, ਅਗ ਵੈਰ ਦੀ ਨਿਤ ਧੁਖਾਂਵਦੇ ਸਨ
ਓਹ ਲੋੜਦੇ ਬੁਰਾ ਕਰਤਾਰ ਸਿੰਘਾ, ਗੁਰ ਸਦਾ ਹੀ ਭਲਾ ਮਨਾਂਵਦੇ ਸਨ

ਰਾਜੇ ਬਣਾਇਆ ਕੈਦ ਤੇ ਆਲਮ ਚੰਦ ਨਾਲ ਮੁਠ ਭੇੜ

ਸਤਾਰਾਂ ਸੌ ਸਤਵੰਜਾ ਦੇ ਹੋਲੇ ਪਿਛੋਂ, ਇਕ ਦਿਨ ਗੁਰ ਗਏ ਸ਼ਿਕਾਰ ਨੂੰ ਜੀ
ਨਿਕਲ ਗਏ ਕੁਝ ਦੂਰ ਅਨੰਦਪੁਰੋਂ, ਸੈਰ ਕਰਦੇ, ਦੂਰ ਪਹਾੜ ਨੂੰ ਜੀ
ਅਗੋਂ ਏਹ ਦੋਵੇਂ ਰਾਜੇ ਸੈਰ ਕਰਦੇ, ਵੇਖ ਬੈਠ ਗਏ ਲੈ ਕੇ ਆੜ ਨੂੰ ਜੀ
ਸਤਿਗੁਰੂ ਜੀ ਛਡੀ ਸਵਾਰੀ ਡਿਠੇ, ਭੇਡਾਂ ਉੱਠੀਆਂ ਫੜਨ ਬਘਿਆੜ ਨੂੰ ਜੀ
ਮੌਕਾ ਮਾਰ ਦਾ ਵੇਖ ਗਲ ਆ ਪਏ, ਗੁਰਾਂ ਤਾੜਿਆ ਏਹ ਰਿਹਾੜ ਨੂੰ ਜੀ
ਨਾਲ ਸਿੰਘ ਸੰਗੀ ਭਾਵੇਂ ਬਹੁਤ ਥੋੜੇ, ਚੰਗਾ ਵਾਹਿਆ ਤੀਰ ਤਲਵਾਰ ਨੂੰ ਜੀ
ਥੋੜਾ ਚਿਰ ਪਹਾੜੀਏ ਖੂਬ ਅੜੇ, ਅੰਤ ਨਠ ਗਏ ਖਾ ਕੇ ਮਾਰ ਨੂੰ ਜੀ
ਛੇੜਾਂ ਛੇੜਦੇ ਆਪ ਕਰਤਾਰ ਸਿੰਘਾ, ਏਥੇ ਭਾਂਵਦੀ ਸੀ ਕੂਤਾਰ ਨੂੰ ਜੀ

ਪਹਾੜੀ ਰਾਜਿਆਂ ਨੇ ਅਕੱਠੇ ਹੋ ਕੇ ਸਲਾਹ ਕਰਨੀ

ਰਾਜੇ ਫੇਰ ਬਿਲਾਸਪੁਰ ਹੋਏ ਕਠੇ, ਸੋਚਾਂ ਸੋਚਦੇ ਗੁਰਾਂ ਨੂੰ ਕਢ ਦਈਏ
ਬੂਟਾ ਜ਼ਹਿਰ ਦਾ ਅਜੇ ਹੈ ਬਹੁਤ ਛੋਟਾ, ਏਹਨੂੰ ਜੰਮਦੇ ਨੂੰ ਜੜੋਂ ਵਢ ਦਈਏ
ਨਹੀਂ ਤਾਂ ਸਾਡਾ ਏਹ ਫੈਸਲਾ ਕਰਦੇਗਾ, ਥੋੜਾ ਚਿਰ ਜੇ ਵੇਸਲਾ ਛਡ ਦਈਏ
ਵੈਰੀ ਸਿਰ ਤੇ ਪਲੇ ਕਰਤਾਰ ਸਿੰਘਾ, ਫੜ ਮਾਰ ਕਿਵੇਂ ਸੁਟ ਖਢ ਦਈਏ

ਤਥਾ

ਸ਼ਾਖ ਜੰਮਦੀ ਪੁਟੀਦੀ ਨਾਲ ਪੋਟੇ, ਵਡੀ ਹੋਈ ਮੂੰਹ ਤੋੜੇ ਕੁਹਾੜੀਆਂ ਦੇ
ਪਾਣੀ ਆਦ ਦਾ ਬੰਨ੍ਹ ਲਏ ਕਹੀ ਇਕੋ, ਵੈਹਣ ਬਝਦੇ ਨਾਲ ਪਵਾੜਿਆਂ ਦੇ
ਚਿਨਗ ਅਗ ਦੀ ਥੁਕਿਆਂ ਬੁਝ ਜਾਂਦੀ, ਬਲੀ ਸਾੜਦੀ ਸੈ ਖਲਵਾੜਿਆਂ ਦੇ
ਇਸੇ ਤੀਸਰਾ ਪੰਥ ਏ ਜੰਮਿਆਂ ਏ, ਝਟ ਦਬ ਲਵੋ ਨਾਲ ਚਾਰਿਆਂ ਦੇ
ਹੋਨ ਸ਼ੇਰ ਅਨੰਦਪੁਰ ਪਏ ਪਲਦੇ, ਬਿਨਾਂ ਰਹਿਣਗੇ ਨ ਸਾਨੂੰ ਪਾੜਿਆਂ ਦੇ

ਅਜੇ ਥੋੜ੍ਹੇ ਜਹੇ ਹੈਨ ਕਰਤਾਰ ਸਿੰਘਾ, ਗਏ ਜਿਤੇ ਨ ਵਿਚ ਅਖਾੜਿਆਂ ਦੇ

ਤਥਾ

ਗੁਰੂ ਆਪ ਲੜਾਕਾ ਤੇ ਪੰਥ ਕਰੜਾ, ਸਾਡੀ ਪੇਸ਼ ਨ ਇਸ ਤੇ ਜਾਏ ਭਾਈ
ਕਈ ਵਾਰ ਅਸਾਂ ਧਾਵੇ ਕਰ ਡਿਠੇ ਵਾਰੀ ਵਾਰੀ ਨੁਕਸਾਨ ਉਠਾਏ ਭਾਈ
ਪੰਜ ਸਤ ਹਜ਼ਾਰ ਨੇ ਸਿੰਘ ਅਜੇ, ਅਸੀਂ ਛਡੇ ਹਾਂ ਖਾਕ ਰੁਲਾਏ ਭਾਈ
ਜਦੋਂ ਬਹੁਤ ਹੋ ਗਏ ਤੇ ਕੀਹ ਬਣੂੰ, ਕਢ ਦੇਣਗੇ ਸਾਨੂੰ ਧਕਾਏ ਭਾਈ
ਸਾਡੋਂ ਜੰਗ ਨ ਗੁਰੂ ਦੇ ਨਾਲ ਸਰਨਾ ਕੋਈ ਅਕਲ ਦਾ ਫੰਦ ਲੈ ਲਾਏ ਭਾਈ
ਖੁਦ ਸੂਬੇ ਸਰਹੰਦ ਨੂੰ ਡਾਹ ਦਾਈਏ, ਆਪ ਨਾਲ ਹੋ ਜੰਗ ਮਚਾਏ ਭਾਈ
ਕਢ ਛਡੀਏ ਧਕ ਅਨੰਦ ਪੁਰੋਂ, ਇਕ ਵਾਰ ਤਕਲੀਫ ਉਠਾਏ ਭਾਈ
ਮੁਕੇ ਰੋਜ਼ ਦਾ ਫਿਕਰ ਕਰਤਾਰ ਸਿੰਘਾ, ਪਕੀ ਲਈ ਸਲਾਹ ਪਕਾਏ ਭਾਈ

ਰਾਜਿਆਂ ਨੇ ਸੂਬੇ ਸਰਹੰਦ ਪਾਸ ਅਰਜ਼ੀ ਭੇਜਣੀ

ਇਹ ਰਯਾਸਤਾਂ ਤਾਬੇ ਸਰਹੰਦ ਦੀ ਸਨ, ਅਰਜੀ ਲਿਖਦੇ ਸੁਨੀ ਦਿਲਲਾਏ ਸੂਬੇ
ਬਾਈ ਧਾਰ ਦੇ ਅਸੀਂ ਪਹਾੜੀ ਰਾਜੇ ਸਾਰੇ ਰਯਤ ਹਾਂ ਬਾਦਸ਼ਾਹੇ ਸੂਬੇ
ਅਸੀਂ ਬਾਦਸ਼ਾਹ ਦੀ ਦਿਲੋਂ ਜਾਨਬੀਂਲੇ, ਸਦਾ ਰਹਿੰਦੇ ਹਾਂ ਮੁਖਮਨਾਏ ਸੂਬੇ
ਤਖਤ ਤਾਜ ਇਹ ਸਦਾ ਸਲਾਮਤੀ ਰਹੇ ਜਿਦੇ ਸਾਏ ਰਹੇ ਸੁਖ ਪਾਏ ਸੂਬੇ
ਜੋ ਬਾਦਸ਼ਾਹ ਦਾ ਵੈਰੀ ਸਾਡਾ ਵੈਰੀ, ਅਸੀਂ ਦੇਂਦੇ ਹਾਂ ਖਬਰ ਪੁਚਾਏ ਸੂਬੇ
ਗੁਰੂ ਤੇਗ ਬਹਾਦਰ ਹੈ ਯਾਦ ਤੁਹਾਨੂੰ, ਜਿਹੜਾ ਦਿਲੀ ਦਿਤਾ ਮਰਵਾਏ ਸੂਬੇ
ਪੁਤ ਓਸਦਾ ਗੁਰੂ ਗੋਬਿੰਦ ਸਿੰਘ ਹੈ, ਉਮਰ ਕੜ੍ਹਦੀ ਬੇ ਪਰਵਾਹੇ ਸੂਬੇ
ਬੜਾ ਬਲੀ ਲੜਾਕਾ ਤੇ ਜੋਸ਼ ਭਰਿਆ, ਲੈਣਾ ਪਿਓ ਦਾ ਵੈਰ ਓਹਚਾਹੇ ਸੂਬੇ
ਫੌਜਾਂ ਓਸ ਅਨੰਦਪੁਰ ਰਖੀਆਂ ਨੇ, ਕਿਦੇਂ ਕੋਟ ਹਥਯਾਰ ਬਨਵਾਏ ਸੂਬੇ
ਪੰਥ ਖਾਲਸਾ ਓਸ ਨੇ ਨਵਾਂ ਰਖਿਆ, ਸਾਰੇ ਦੇਸ ਦੇ ਜਟ ਰਲਾਏ ਸੂਬੇ
ਚੋਰ ਧਾੜਵੀ, ਡਾਕੂ ਹੋਏ ਸਭ ਕਠੇ, ਰਾਤ ਦਿਨੇ ਰਹੇ ਸੋਰ ਮਚਾਏ ਸੂਬੇ
ਸਬਕ ਦੀਨ ਇਸਲਾਮ ਦੇ ਉਲਟ ਸਦਾ, ਗੁਰੂ ਉਨ੍ਹਾਂ ਨੂੰ ਰਿਹਾ ਪੜ੍ਹਾਏ ਸੂਬੇ
ਕੁਝ ਉਨ੍ਹਾਂ ਨੂੰ ਘੋਲ ਪਿਲਾਂਵਦਾ ਏ ਸਾਡੀ ਸਮਝ ਦੇ ਵਿਚ ਨ ਆਏ ਸੂਬੇ
ਫੇਰ ਗਿਦੜਾਂ ਤੋਂ ਸ਼ੇਰ ਬਣੀਂ ਜਾਂਦੇ; ਰਹੇ ਆਪਨੂੰ ਸਿੰਘ ਸਦਾਏ ਸੂਬੇ

ਰਾਤ ਦਿਨੇ ਤਿਆਰੀਆਂ ਜੰਗ ਦੀਆਂ, ਅਸੀਂ ਵੇਖਦੇ ਰਿਹਾ ਕਰਬਾਏ ਸੂਬੇ
ਬਸ ਜਿਸ ਵੇਲੇ ਕਾਫ਼ੀ ਜਮਾਂ ਹੋ ਗਏ, ਇਕ ਦਮ ਹੀ ਗ਼ਦਰ ਉਠਾਏ ਸੂਬੇ
ਦਿਲੀ ਖੋਹ ਲੈਣੀ ਤੁਰਕ ਕਢ ਦੇਵੇ, ਹਰ ਇਕ ਇਹ ਰਿਹਾ ਸੁਨਾਏ ਸੂਬੇ
ਅਸੀਂ ਰਲ ਸਾਂਰੇ ਕਈ ਵਾਰ ਲੜੇ, ਸਾਡੀ ਪੇਸ਼ ਨਾ ਓਸ ਤੇ ਜਾਓ ਸੂਬੇ
ਲੜਨ ਮਰਨ ਤੋਂ ਸਿੰਘ ਨ ਡਰਨ ਓਹਦੇ, ਗੁਰੂ ਸਬਕ ਅਜੇਹੇ ਸਿਖਾਏ ਸੂਬੇ
ਸਾਡੇ ਲੁਟ ਕੇ ਦੇਸ ਬਰਬਾਦ ਕੀਤੇ, ਨਕ ਵਿਚ ਸਾਡੇ ਦਮ ਲਿਆਏ ਸੂਬੇ
ਕਰੋ ਮੇਹਰਬਾਨੀ ਕੁਝ ਸਾਡੇ ਉਤੇ, ਕੁਝ ਆਪਣੀ ਸੋਚ ਦੁੜਾਏ ਸੂਬੇ
ਚਾੜ ਬਾਦਸ਼ਾਹੀ ਫੌਜਾਂ ਕਰੋ ਕਾਬੂ, ਨਹੀਂ ਰਹੋਗੇ ਫੇਰ ਪਛਤਾਏ ਸੂਬੇ
ਅਜੇ ਵੇਲਾ ਜੇ ਪੈ ਦਬਾ ਲਵੇ, ਜਦੋਂ ਤਾਕਤ ਲਈ ਵਧਾਏ ਸੂਬੇ
ਫੇਰ ਕਾਬੂ ਕਰਨਾ ਔਖਾ ਬਹੁਤ ਹੋਸੀ, ਮੁੜ ਛਡੇਗਾ ਚਣੇ ਚਲਾਏ ਸੂਬੇ
ਤੁਸੀਂ ਫੌਜ ਚਾੜੋ ਖਰਚ ਅਸੀਂ ਦਦੀਏ,ਨਾਲਨਾਲਆਪਣੀ ਫੌਜਮਿਲਾਏ ਸੂਬੇ
ਦੇਸੋਂ ਕਢੀਏ ਜਾਂ ਫੜ ਮਾਰ ਦਈਏ, ਸੁਖੀ ਵਸੀਏ ਡਰ ਚੁਕਾਏ ਸੂਬੇ
ਲਿਖ ਅਰਜ਼ੀ ਹਸ ਵਕੀਲ ਦਿਤੀ, ਪਹੁੰਚੀ, ਸੁਣ ਲਈ ਸਭ ਪੜਾਏ ਸੂਬੇ
ਅਗੇ ਬਾਦਸ਼ਾਹ ਵਲ ਕਰਤਾਰ ਸਿੰਘਾ, ਦਿਤੀ ਭੇਜ ਅਸਵਾਰ ਦੁੜਾਏ ਸੂਬੇ

ਵਾਕ ਕਵੀ

ਵਾਹ, ਵਾਹ ਏਹ ਭਾਣਾ ਕਰਤਾਰ ਤੇਰਾ,ਭਾਨੇਚਿਤ ਤੂੰ ਹਵਾ ਚਲਾਈ ਉਲਟੀ
ਵਾਹਰਾਜਿਓ ਅਕਰਦੇ ਧਨੀ ਤੁਸੀਂ, ਤੁਹਾਨੂੰ ਸਮਝ ਪਹਾੜੀਓਆਈ ਉਲਟੀ
ਤੁਸੀਂ ਕਰਨੀ ਸਗੋਂ ਇਮਦਾਦ ਹੈਸੀ, ਮੱਤ ਮਾਰਿਓ ਕਲਾ ਉਠਾਈ ਉਲਟੀ
ਤੁਹਾਡੇ ਵਾਸਤੇ ਇਹਸਾਰੀ ਕਾਰ ਚੁਕੀ,ਤੁਸਾਂ ਹੋਰਹੀ ਚਾਲ ਬਦਲਾਈ ਉਲਟੀ
ਨਾਂਲ ਹਾਕਮਾਂ ਤੁਹਾਡੇ ਲਈ ਵੈਰ ਪਾਯ;ਤੁਸੀਂਕਰਨ ਲਗੇ ਬਦਖਾਹੀ ਉਲਟੀ
ਗੁਰ ਦੇਸ਼ ਤੋਂ ਜੁਲਮ ਹਟੋਨਾ ਚਾਹਦੇ, ਤੁਸਾਂ ਅਗੇ ਆ ਟੰਗ ਆਈ ਉਲਟੀ
ਜਹੜੀ ਤਾਕਤ ਜੁਲਮ ਤੇ ਖਰਚਨੀ ਸੀ, ਤੁਸਾਂ ਆਪਣੇ ਤੇ ਖਰਚਾਈ ਉਲਟੀ
ਜਿਸ ਜ਼ੁਲਮ ਦੇ ਬੇੜੇ ਨੂੰ ਰੋੜਨਾ ਸੀ,ਓਹ ਤੂਫਾਨ ਦੀਲੈਹਰਵਗਾਈ ਉਲਟੀ
ਡਕਾ ਪਾਇਓ ਜੋ ਭਲੇ ਦੇਸ ਦੇ ਵਿਚ,ਤੁਹਾਨੂੰ ਪੰਜਿਆਂ ਮੱਤਸਿਖਾਈ ਉਲਟੀ
ਹਿਤੂ ਦੇਸ ਦੇ ਨਾਲ ਕਰਤਾਰ ਸਿੰਘਾ,ਤੁਸਾਂ ਆਪ ਕੀਤੀ ਬੁਰਿਆਈ ਉਲਟੀ

ਤਥਾ

ਤੁਹਾਡੀ ਭੁਲ ਦਾ ਏਹ ਨਤੀਜਾ ਹੋਯਾ, ਫਲ ਜਿਸਦਾ ਤੁਹਾਨੂੰ ਭੀ ਖਾਣਾ ਪਿਆ
ਜਿਸ ਜ਼ੁਲਮ ਨੇਂਝਬ ਸੀ ਦੂਰਹੋਣਾ, ਸਿਹਜੇ ਸਿਹਜੇ ਮੁੜ ਓਹਨੂੰ ਧਕਾਣਾ ਪਿਆ
ਜਿਸ ਜੋਰ ਨੇ ਲਗਨਾ ਜ਼ੁਲਮ ਤੇ ਸੀ, ਓਹ ਤੁਹਾਡੇ ਅੜੇਕੇ ਤੇ ਲਾਣਾ ਪਿਆ

ਕਾਜ਼ੀ ਸਲਾਰ ਦੀਨ

ਅਰਜ਼ੀ ਰਾਜਿਆਂ ਦੀ ਗਦੀਸ਼ਾਹ ਵਲੋਂ, ਓਹਦਾ ਫੇਰ ਸੁਨਾਂਵਾਗੇ ਹਾਲ ਪਯਾਰੇ
ਏਦਰ ਗੁਰਾਂ ਦੇ ਸੁਨੋ ਚਰਿਤਰ ਸੋਹਣੇ, ਦਿਲੋਂ ਕਹਿ ਪ੍ਰੇਮ ਖਿਆਲ ਪਯਾਰੇ
ਭੀੜ ਰਹੇ ਆਨੰਦਪੁਰ ਸੰਗਤਾਂ ਦੀ, ਗੁਰ ਕਰਨ ਉਪਦੇਸ਼ ਬਿਸਾਵ ਪਯਾਰੇ
ਮਾਯਾ ਦੌਲਤਾਂ ਚੜ੍ਹਨ ਬੇਅੰਤਸਦਾ, ਲਯਾਉਨ ਸੰਗਤਾਂ ਪ੍ਰੇਮ ਦੇ ਨਾਲ ਪਯਾਰੇ
ਏਹ ਕਾਜ਼ੀ ਵੀ ਆਯਾ ਦੀਦਾਰ ਨੂੰ ਸੀ, ਹੋਯਾ ਦੇਖ ਹੈਰਾਨ ਜਮਾਲ ਪਯਾਰੇ
ਝੁਕ ਕਰ ਸਲਾਮ ਕਰ ਕਰਤਾਰ ਸਿੰਘਾ, ਅਗੇ ਗੁਰਾਂ ਦੇ ਕਰੇ ਸੁਆਲ ਪਯਾਰੇ

ਮਲਾਰ ਦੀਨ ਨੇ ਸਵਾਲ ਕਰਨਾ

ਮੇਰੀ ਅਰਜ ਮੇਰੇ ਚਿਤ ਭਰਮ ਭਾਰਾ, ਮਿਹਰ ਕਰਕੇ ਤੁਸੀਂ ਮਿਟਾਓ ਗੁਰਜੀ
'ਜੋ ਕਿਛੁ ਪਾਇਆ ਸੁਏਕਾਵਾਰ', ਨਿਤ ਤੁਸੀਂ ਏਹ ਸ਼ਬਦ ਸੁਣਾਓ ਗੁਰਜੀ
'ਲੇਖ ਨ ਮਿਟਈ ਹੇ ਸਖੀ' ਜੋ ਕਰਤਾਰ ਲਿਖਿਆ ਹੈ ਜਤਾਓ ਗੁਰਜੀ
ਏਹ ਲੋਕ ਜੋ ਤੁਸਾਂ ਨੂੰ ਪੂਜਦੇ ਨੇ, ਕੀਹ ਉਨ੍ਹਾਂ ਨੂੰ ਫਾਇਦਾ ਪੁਚਾਓ ਗੁਰਜੀ
ਕਰਮ ਲਿਖੇ ਕਰ ਇਕ ਨੇ ਪਾ ਲੈਨੇ, ਤੁਸੀਂ ਜਿਵੇਂ ਵਧਾਓ ਘਟਾਓ ਗੁਰਜੀ
ਜੋ ਹੁਕਮ ਕਰਤਾਰ ਕਰਤਾਰ ਸਿੰਘਾ, ਕਿਵੇਂ ਓਸਨੂੰ ਤੁਸੀਂ ਪਤਾਓ ਗੁਰਜੀ

ਸਤਿਗੁਰਾਂ ਨੇ ਕਾਜ਼ੀ ਦਾ ਭਰਮ ਦੂਰ ਕਰਨਾ

ਗੁਰ ਸਮਝਕੇ ਓਸਦੀ ਰਮਝ ਉਚੀ, ਓਹਨੂੰ ਯੁਕਤੀ ਨਾਵ ਸਮਝਾਂਵਦੇ ਨੇ
ਅੱਖਰ ਮੋਹਰ ਦੇ ਪੁਠੇ ਜੋ ਲਿਖੇ ਹੋਸਨ, ਓਹ ਕਾਜ਼ੀ ਤਾਈਂ ਦਿਖਲਾਂਵਦੇ ਨੇ
ਦਸ ਅਖਰ ਏਹ ਕੁਝ ਸਵਾਰ ਸਕਦੇ, 'ਕੁਝ ਨਹੀਂ' ਉਸ ਤੋਂ ਅਖਵਾਂਵਦੇ ਨੇ
ਓਹੋ ਮੋਹਰ ਵੇ ਟੋਂਬੂ ਦੀ ਪਿਠ ਉਤੇ, ਸਿਧੀ ਕਰਕੇ ਸਤਿਗੁਰੂ ਲਾਂਵਦੇ ਨੇ
ਟੋਂਬੂ ਭੇਜ ਖਜਾਨਚੀ ਵਲ ਜਲਦੀ, ਬਹੁਤ ਸਾਰੇ ਰੁਪਏ ਮੰਗਵਾਂਵਦੇ ਨੇ
"ਕਾਜ਼ੀ ਵੇਖ ਓਹੋ ਇਹ ਪੁਠੇ ਅਖਰ' ਝਟ ਜਾ ਰੁਪਏ ਲੈ ਆਵਦੇ ਨੇਂ"

ਏਸੇ ਤਰ੍ਹਾਂ ਹਰ ਇਕ ਦੇ ਲੇਖ ਪੁਠੇ, ਫਲ ਝਬਦੇ ਨਹੀਂ ਦਿਵਾਂਵਦੇ ਨੇ
ਪਰ ਜਿਹੜੇ ਪ੍ਰੇਮ ਤੇ ਸਿਦਕ ਧਰ ਕੇ, ਗੁਰ ਚਰਨ ਤੇ ਮਥਾ ਝੁਕਾਵਦੇ ਨੇ
ਅਖਰ ਉਨ੍ਹਾਂ ਦੇ ਲੇਖ ਦੇ ਹੋ ਸਿਧੇ, ਫਲ ਝਬਦੇ ਖੂਬ ਪੁਗਾਂਵਦੇ ਨੇ
ਗੁਰ, ਪੀਰਾਂ ਤੋਂ ਮਿਲਦੀ ਸਿਖਯਾ ਜੋ, ਜਿਹੜੇ ਸਿਦਕ ਦੇਨਾਲ ਕਮਾਂਵਦੇ ਨੇ
ਪਾਪ ਉਨ੍ਹਾਂ ਦੇ ਬੰਦਗੀ ਕਟ ਦੇਂਦੀ, ਪੁਨ ਦਿਨੋਂ ਦਿਨ ਵਧਦੇ ਜਾਂਵਦੇ ਨੇ
ਫਲ ਪੁਨ ਦਾ ਸੁਖ ਕਰਤਾਰ ਸਿੰਘਾ, ਗੁਰ ਸੇਵਾ ਤੋਂ ਲਾਭ ਏਹ ਪਾਂਵਦੇ ਨੇ

ਭਾਗੂ ਵਣਜਾਰੇ ਦੀ ਸਾਖੀ

ਇਕ ਦਿਨ ਆ ਸੇਵਕਾਂ ਅਰਜ਼ ਕੀਤੀ, ਹੁਣ ਰੁਤ ਸਿਆਲ ਦੀ ਆਈ ਹੈ ਜੀ
ਪਾਲੇ ਵਾਸਤੇ ਲੋੜ ਹੈ ਕਪੜੇ ਦੀ, ਨਾਲੇ ਦਾਹੀਦੀ ਲੋਵ ਤੁਲਾਈ ਹੈ ਜੀ
ਗੁਰਾਂ ਆਖਯਾ ਵਾਸਤੇ ਬਸਤ੍ਰਾਂ ਦੇ, ਇਕ ਸਿਖ ਆਉਂਦਾ ਕਰ ਧਾਈ ਹੈ ਜੀ
ਲਈ ਆਉਂਦਾ ਪੰਜ ਰੁਪਯਾਂ ਦੀ ਉਹ, ਹਜ਼ ਸਭਾ ਦੇ ਵਿਚ ਸੁਨਾਈ ਹੈ ਜੀ
ਏਨੇ ਚਿਰ ਨੂੰ ਭਾਗੂ ਨੇ ਆਨ ਕਰਕੇ, ਦੋ ਹਜ਼ਾਰ ਦੀ ਥੈਲੀ ਟਿਕਾਈ ਹੈ ਜੀ
ਏਹ ਵੇਖ ਚਰਿਤ੍ਰ ਕਰਤਾਰ ਸਿੰਘਾ, ਉੱਤੇ ਸਭਾ ਹੈਰਾਨਗੀ ਛਾਈ ਹੈ ਜੀ

ਸ੍ਰੀ ਦਸਮੇਸ਼ ਜੀ ਨੇ ਭਾਗੂ ਨੂੰ ਪੁਛਣਾ

ਗੁਰਾਂ ਆਖਯਾ ਦਸ ਭਾਈ ਕੌਣ ਹੈਂ ਤੂੰ, ਅਤੇ ਕਹੋ ਰੁਪਏ ਲਿਆਯਾ ਹੈਂ
ਕਿਹਾ ਸਿਖ ਕਹੁ ਮੰਨਦਾ ਕਿਸ ਨੂੰ ਤੂ, ਸਾਡੀ ਤਰਫ ਕਿਉਂ ਦੂਰੋਂ ਧਾਯਾ ਹੈਂ
ਬਿਰਥਾ ਆਪਣੀ ਫੋਲਕੇ ਦਸ ਸਾਰੀ, ਕੀਹ ਸਮਝ ਸਾਡੇ ਪਾਸ ਆਯਾ ਹੈਂ
ਦਿਲੋਂ ਨਿਸਚਾ ਹੋਯਾ ਕਰਤਾਰ ਸਿੰਘਾ, ਜਾਂ ਸਿਖ ਕਿਸੇ ਭਰਮਾਯਾ ਹੈਂ

ਭਾਗੂ

ਮੈਂ ਮੁਢ ਤੋਂ ਸਾਂ ਮੁਲਤਾਨੀਆਂ ਜੀ, ਕਈ ਵਾਰ ਨਿਗਾਹੇ ਭੀ ਜਾਇ ਰਿਹਾ
ਮੇਰਾ ਕੰਮ ਸੌਦਾਗਰੀ ਨਿਤ ਕਰਨੀ, ਬਹੁਤ ਖਟਿਆ ਤੇ ਬਹੁਤ ਖਾਇ ਰਿਹਾ
ਏਸ ਸਾਲ ਮੇਵਾ ਮੈਂ ਖਰੀਦਿਆ ਸੀ, ਘਾਟਾ ਬਹੁਤ ਹੀ ਸਾਂ ਉਠਾਇ ਰਿਹਾ
ਹੁੰਦਾ ਜਾਪਦਾ ਨਹੀਂ ਸੀ ਕੁਝ ਫਾਇਦਾ, ਬਹੁਤੇ ਪੀਰ ਫਕੀਰ ਮਨਾਇ ਰਿਹਾ
ਫਾਇਦਾ ਵੀਹ ਹਜ਼ਾਰ ਦਾ ਹੋ ਗਿਆ,ਜਦੋਂ ਤੁਸਾਂ ਦੀਸ਼ਰਨ ਮੈਂ ਆਇ ਰਿਹਾ
ਏਹ ਹੈ ਦਸਵੰਧ ਕਰਤਾਰ ਸਿੰਘਾ, ਮੈਂ ਸਚ ਦੀ' ਗੁਰੋ ਸੁਨਾਈ ਰਿਹਾ

ਸ੍ਰੀ ਦਸਮੇਸ਼ ਜੀ

ਝਾੜਕੇ ਮਾਰਨੇ ਸਾਡਾ ਨਹੀਂ ਕੰਮ ਭਾਈ, ਜਿਦ੍ਹਾ ਚੇਲਾ ਹੈਂ ਓਥੇ ਚੜ੍ਹਾ ਜਾਕੇ
ਜੇ ਤਾਂ ਸਿਖ ਹੈਂ ਸੂਵਰ ਪੀਰ ਦਾ ਤੂੰ, ਓਹਦੀ ਖਾਨਗਾਹ ਓਤੇ ਪੁਚਾ ਜਾਕੇ
ਅਸੀਂ ਕਿਸੇ ਦਾ ਹਕ ਨ ਖਾਣਾ ਚਾਹਦੇ; ਤੂ ਪੀਰ ਸੁਲਤਾਨ ਮਨਾ ਜਾਕੇ
ਸਾਡਾ ਸਿਖਜੇ ਹੁੰਦੋਂ ਕਰਤਾਰ ਸਿੰਘਾ, ਅਸੀਂ ਲੈਂਦੇ ਤੂੰ ਚਾੜ੍ਹਦੋਂ ਜਦੋਂ ਜਾਕੇ

ਭਾਗੂ

ਮੈਂ ਛਡੇ ਨੇ ਪੀਰ ਫਕੀਰ ਸਾਰੇ, ਚੰਗੀ ਤਰਾਂ ਲਏ ਅਜ਼ਮਾ ਗੁਰ ਜੀ
ਸਿਖ ਆਪਦਾ ਹਾਂ ਮੈਨੂੰ ਬਖਸ਼ ਲਵੋ, ਲਵੋ ਚ੍ਰਨ ਕਮਲਾਂ ਉੱਤੇ ਲਾ ਗੁਰ ਜੀ
ਮੈਨੂੰ ਸਿਖੀ ਦੇ ਵਿਚ ਰਲਾ ਲਵੋ, ਭੁਲ ਪਿਛਲੀ ਲਾਂ ਬਖਸ਼ਾ ਗੁਰ ਜੀ
ਖੁਸ਼ੀ ਹੋ ਕੇ ਸਿੰਘ ਸਜਾ ਦਿਤਾ, ਭਾਗੂ ਸਿੰਘ ਭਾਗੂ ਤੋਂ ਬਨਾ ਗੁਰ ਜੀ
ਏਸੇ ਤਰ੍ਹਾਂ ਕਈਸਿਦਕੀਹਿਸਨ ਔਂਦੇ, ਜਾਪ 'ਵਾਹਿਗੁਰੂ' ਨਾਮ ਜਪਾ ਗੁਰ ਜੀ
ਕਰਨ ਭਵਜਲੋਂ ਪਾਰ ਕ੍ਰਤਾਰ ਸਿੰਘਾ, ਸਿਧੇ ਰਸਤੇ ਸਭ ਨੂੰ ਪਾ ਗੁਰ ਜੀ

ਇਕ ਲੜਕੇ ਦੀ ਸਾਖੀ

ਇਕ ਦਿਨਸਤਿਗੁਰਾਂ ਨੂੰ ਪਯਾਸਲਗੀ, ਜਲ ਲਿਆਓ ਸੇਵਕ ਨੂੰ ਬੁਲਾਯਾ ਜਾਂ
ਜ਼ਾਲਮ ਸਿੰਘ ਗਫ਼ਲਈ ਨ ਸੀ ਹਾਜ਼ਰ, ਬੋਲ ਮਾਰਿਆ ਵੀ ਨ ਆਯਾ ਜਾਂ
ਇਕ ਲੜਕਾ ਸੀ ਪਾਸ ਖੜਾ ਓਥੇ, ਓਹ ਭਰ ਕਟੋਰਾ ਲਿਆਯਾ ਜਾਂ
ਪੀਤਾ ਮੂਲ ਨ ਗੁਰਾਂ ਕਰਤਾਰ ਸਿੰਘਾ ਓਹਦੇ ਹਥਾਂ ਵਲੇ ਧਯਾਨ ਪਾਯਾ ਜਾਂ

ਸ੍ਰੀ ਦਸਮੇਸ਼ ਜੀ ਨੇ ਲੜਕੇ ਨੂੰ ਪੁਛਣਾ

ਕਹੁ ਲੜਕਿਆ ਹਥ ਕਿਉਂ ਨਰਮ ਤੇਰੇ, ਕਦੇ ਜਾਪ ਦੀ ਕੀਤੀਨ ਕਾਰ ਹੈ ਤੂ
ਸਾਧ ਸੰਤ ਦੀ ਸੇਵਾ ਨ ਕੀਤੀਆਂ ਈ, ਰਿਹਾ ਜਾਪਦਾ ਮੁਢੋਂ ਬੇਕਾਰ ਹੈ ਤੂ
ਪਾਣੀ ਢੋਇਆ ਪਖਾ ਨ ਫੇਰਿਆ ਈ ਲੰਗਰ ਕਰਨ ਦੀ ਤਾਈਨਕਾਰ ਹੈ ਤੂੰ
ਸਚ ਦਸ ਸਾਨੂੰ ਕਰਤਾਰ ਸਿੰਘਾ, ਕਾਦੇ ਵਾਸਤੇ ਆਯਾ ਸੰਸਾਰ ਹੈ ਤੂੰ

ਲਾਵਨੀ

ਹਥ ਜੋੜ ਦੋਵੇਂ ਅਰਜ਼ ਕੀਤੀ, ਬੜਾ ਮਾਪਿਆਂ ਲਾਡ ਲਡਾਯਾ ਮੈਂ
ਕੰਮ ਕਦੇ ਹਥੀਂ ਕੋਈ ਨਹੀਂ ਕੀਤਾ, ਛਿੰਦਾ ਘਰ ਦੇ ਵਿਚ ਰਖਾਯਾ ਮੈਂ
ਸਾਧ ਸੰਤ ਦੀ ਸੇਵਾ ਕੀਹ ਸੀ ਕਰਨੀ, ਕਦੇ ਕੰਮ ਨੂੰ ਹਥ ਨ ਲਾਯਾ ਮੈਂ
ਅਜ ਪਹਿਲੇ ਹੀ ਦਿਨ ਕਰਤਾਰ ਸਿੰਘਾ, ਤੁਹਾਡੇ ਵਾਸਤੇ ਪਾਣੀ ਲਿਆਯਾ ਮੈਂ

ਸ੍ਰੀ ਦਸਮੇਸ਼ ਜੀ ਨੇ ਲੜਕੇ ਪ੍ਰਤੀ ਉਪਦੇਸ਼ ਕਰਨਾ

ਪਾਣੀ ਡੋਲ੍ਹ ਦਿਤਾ ਸਤਿਗੁਰੂ ਜੀ ਨੇ, ਕਹਿਆ ਜੀਵਨਾ ਧ੍ਰਿਗ ਸੰਸਾਰ ਤੇਰਾ
ਦੇਹ ਪਾ ਮਨੁਖ ਦੀ ਖੋਈ ਐਵੇਂ, ਕਿਸ ਕੰਮ ਸਰੀਰ ਬੇਕਾਰ ਤੇਰਾ
ਸਿਖ ਸਾਧਦੀ ਸੇਵਾ ਦੇ ਬਿਨਾਂ ਭਾਈ, ਏਹ ਜਿਸਮ ਹੈ ਸਮਝ ਮੁਰਦਾਰ ਤੇਰਾ
ਸੇਵਾ, ਭਗਤਿ ਬਿਨਾਂ ਕਰਤਾਰ ਸਿੰਘਾ, ਦਸ ਹੋਵੇਗਾ ਕਿਵੇਂ ਉਧਾਰ ਤੇਰਾ

ਭਾਈ ਗੁਰਦਾਸ ਜੀ ਨੇ ਬੜਾ ਹੀ ਸੁੰਦਰ ਕਹਿਆ ਹੈ

ਧ੍ਰਿਗ ਸਿਰ ਜੋ ਗੁਰ ਨ ਕਿਵੇਂ ਗੁਰ ਲਗੇ ਨ ਚਰਨੀ॥
ਧ੍ਰਿਗ ਲੋਇ ਗੁਰ ਦਰਸ ਬਿਨ ਪੇਖੇ ਪਰ ਤਰਨੀ॥
ਧ੍ਰਿਗ ਸਰਵਨ ਉਪਦੇਸ਼ ਬਿਨ ਸੁਣ ਸੁਰਤ ਨ ਧਰਨੀ॥
ਧ੍ਰਿਗ ਜਿਹਵਾ ਗੁਰ ਸ਼ਬਦ ਬਿਨ ਹੋਰ ਮੰਤ੍ਰ ਸਿਮਰਨੀ॥
ਧ੍ਰਿਗ ਸੇਵਾ ਬਿਨ ਹਥ ਪੈਰ ਹੋਰ ਨਿਸਫਲ ਕਰਨੀ॥
ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸ਼ਰਨੀ॥

ਦੀਨਾ ਬੇਗ ਨੂੰ ਰਾਜਿਆਂ ਨੇ ਚੜ੍ਹਾ ਕੇ ਲਿਆਉਣਾ

ਪਿਛੇ ਅਰ੍ਜ਼ੀ ਦਾ ਜ਼ਿਕ੍ਰ ਕਰ ਆਯਾ, ਜਿਹੜੀ ਰਾਜਿਆਂ ਰਲ ਖੁਟਾਈ ਕੀਤੀ
ਬਾਦਸ਼ਾਹ ਵਲੋਂ ਹੁਕਮ ਆ ਗਿਆ, ਝਟ ਸੂਬੇ ਸਰਹੰਦ ਸੁਨਾਈ ਕੀਤੀ
ਦੀਨਾ ਬੇਗ ਤੇ ਪੈਂਦੇ ਖਾਂ ਦੋ ਅਫਸਰ, ਸਦ ਉਨ੍ਹਾਂ ਤਾਈਂ ਤਕੜਾਈ ਕੀਤੀ
ਫਤ੍ਹਾ ਕਰੋ ਅਨੰਦਪੁਰ ਜਾ ਤੁਸੀਂ, ਨਾਲ ਰਾਜਿਆਂ ਮਿਲ ਮਿਲਾਈ ਕੀਤੀ
ਕਢੋ ਦੂਣ ਤੋਂ ਬਾਹ੍ਰ †ਗੋਬਿੰਦ ਸਿੰਘ ਨੂੰ, ਯਾਂ ਫੜ ਲਿਆਵੋ ਪੁਖਤਾਈ ਕੀਤੀ
ਫੌਜ ਸੂਬੇ ਦੀ ਦਸ ਹਜਾਰ ਲੈ ਕੇ, ਮਾਰੋ ਮਾਰ ਸਰੰਦ ਤੋਂ ਧਾਈ ਕੀਤੀ

---

†ਜਿਥੇ ਏਸ ਤਰ੍ਹਾਂ ਦਾ ਸਾਦਾ ਨਾਮ ਆਵੇ ਓਥੇ ਰਾਜਿਆਂ ਯਾ ਤੁਰਕਾਂ ਵਲੋਂ ਸਮਝਣਾ ।

ਬਾਦਸ਼ਾਹੀ ਫੌਜਾਂ ਰੋਪੜ ਆ ਗਈਆਂ,ਨਾਲ੦ਰਾਜਿਆਂ ਰਲ ਚੜ੍ਹਾਈ ਕੀਤੀ
ਖ਼ਬਰ ਗੁਰਾਂ ਨੂੰ ਹੋਈ ਕਰਤਾਰ ਸਿੰਘਾ, ਸ਼ੁਕ੍ਰ ਆਖਕੇ ਧੌਂਸਾ ਵਜਾਈ ਕੀਤੀ

### ਸ੍ਰੀ ਦਸਮੇਸ਼ ਜੀ ਨੇ ਜੰਗ ਦੀ ਤਯਾਰੀ ਕਰਨੀ

ਆਉਣਾ ਵੈਰੀਆਂ ਦਾ ਸੁਣ ਗੁਰੂ ਜੀ ਨੇ, ਬੰਦੋਬਸਤਰ ਕਰ ਲਏਤਯਾਰ ਸਾਰੇ
ਦੋਹਰੀ ਚੋਬ ਰਣਜੀਤ ਤੇ ਲਾ ਦਿਤੀ, ਗੂੰਜ ਪਈ ਤੇ ਕੰਬੇ ਪਹਾੜ ਸਾਰੇ
ਸੁਣ ਗੂੰਜ ਰਣਜੀਤ ਦੀ ਝਟਾ ਪਟੀ, ਹੋ ਪਏ ਤਯਾਰ ਸਰਦਾਰ ਸਾਰੇ
ਆਪੋ ਆਪਣੇ ਜਥੇ ਸੋ ਥਾਉਂ ਥਾਈਂ, ਲਏ ਸਭ ਨੇ ਝਟ ਸੰਭਾਰ ਸਾਰੇ
ਦਾਰੂ, ਸਿਕਾ ਝਟਾ ਪਟ ਵੰਡ ਦਿਤਾ, ਸਿੰਘ ਹੋ ਖਲੇ ਖਬਰਦਾਰ ਸਾਰੇ
ਹੋ ਤਯਾਰ ਬ੍ਰਤਯਾਰ ਕ੍ਰਤਾਰ ਸਿੰਘਾ, ਕੂਕੇ ਸਤਿਗੁਰਾਂ ਨੂੰ ਨਮਸ਼ਕਾਰ ਸਾਰੇ

### ਵੈਰੀਆਂ ਦੇ ਹਲਾ ਕਰਨ ਤੋਂ ਪਹਿਲਾਂ ਹੀ ਸਤਿਗੁਰਾਂ ਨੇ ਹਲਾ ਕਰ ਦੇਣਾ

ਓਧਰ ਵੈਰੀ ਅਜੇ ਨੇੜੇ ਪਹੁੰਚੇ ਹੀ ਸਨ, ਏਧਰ ਗੁਰਾਂ ਅਰਦਾਸਾ ਸੁਧਾ ਦਿਤਾ
ਵਖੋ ਵਖ ਪੈਦਲ ਅਸਵਾਰ ਕਰਕੇ, ਪਹਿਲਾਂ ਬੋਲ ਏਹ ਹੁਕਮ ਸੁਨਾ ਦਿਤਾ
ਜਿਸ ਭੀੜ ਪਈ ਪਿਛਾਂ ਭਜਣਾ ਪਿਆ ਏ, ਓਹ ਹੁਣੇ ਨ ਜਾਏ ਜਤਾ ਦਿਤਾ
ਧਰਮ ਛਤ੍ਰੀ ਪਾਲਕੇ ਮਰਨ ਚੰਗਾ, ਟੋਟੇ ਹੋ ਮਰਿਓ ਇਹ ਸਿਖਾ ਦਿਤਾ
ਆਪ ਤਯਾਰ ਹੋਨੀਲੇ ਅਸਵਾਰ ਹੋਕੇ, ਬਾਹਰ ਨਿਕਲ ਕੇ ਹਲਾ ਬੁਲਾ ਦਿਤਾ
ਲੈਣ ਮੋਰਚੇ ਵੈਰੀ ਨੂੰ ਨਹੀਂ ਦਿਤੇ, ਝਟਾ ਪਟ ਤਰਥਲ ਮਚਾ ਦਿਤਾ
ਸੀ ਪੰਜ ਹਜ਼ਾਰ ਅਸਵਾਰ ਪਿਆਦਾ, ਇਕ ਦਮ ਵੈਰੀ ਗਲ ਪਾ ਦਿਤਾ
ਵੈਰੀ ਤਿੰਨ ਹਿਸੇ ਭਾਵੇਂ ਬਹੁਤ ਸੀਗੇ, ਇਕ ਵਾਰ ਤਾਂ ਪੈਰੋਂ ਹਿਲਾ ਦਿਤਾ
ਪੈਂਦੇ ਖਾਂ ਅਗੇ ਵਧਿਆ ਆਂਵਦਾ ਸੀ, ਸਿੰਘ ਮਾਰ ਕੇ ਮੂੰਹ ਭਵਾ ਦਿਤਾ
ਫੌਜ ਬਾਦਸ਼ਾਹੀ ਘਬਰਾ ਗਈ, ਪੈਂਦੀ ਸਟੇ ਪੈਰੋਂ ਉਅੜਾ ਦਿਤਾ
ਪਹਿਲਾਤੀਰ, ਬੰਦੂਕ ਦੀ ਮਾਰ ਮਚੀ, ਵੈਰੀ ਜਵਾਰ ਦੇ ਵਾਂਗ ਵਿਛਾ ਦਿਤਾ

---

੦ਰਾਜਾ ਬੀਰ ਸਿੰਘ ਜਸਵਾਲੀਆ, ਅਜਮੇਰ ਚੰਦ ਕਹਿਲੂਰ ਆ, ਮਦਨਪਾਲ ਕੁਟਲਹਿਰ ਵਾਲਾ, ਹਿੰਮਤ ਸਿੰਘ ਹੈਡੂਰੀਆ, ਗੋਪਾਲ ਚੰਦ ਗੁਲੇਰੀਆਂ, ਧਰਮਪਾਲ ਧੜੋਲੀ ਵਾਲਾ ॥

ਫੇਰ ਨੰਗੇ ਤਲਵਾਰ ਤੇ ਹਥ ਆਏ, ਸਿੰਘਾ ਸ਼ੇਰ ਦਾ ਝੂਟ ਵਿਖਾ ਦਿਤਾ
ਖੜੀਆਂ ਮੁਸ਼ਕਲਾਂ ਦੇ ਨਾਲ ਸੰਭਲੇ ਓਹ, ਸਿੰਘਾਂ ਬਹੁਤ ਨੁਕਸਾਨ ਪੁਚਾ ਦਿਤਾ
ਫੇਰ ਕਟ ਕੇ ਹੋਣ ਲੜਾਈ ਲਗੀ, ਜੋਰ ਆਪਣਾ ਆਪਣਾ ਲਾ ਦਿਤਾ
ਭਾਵੇਂ ਸਿੰਘ ਤ੍ਰੀ ਹਟੇ ਤੇ ਗਏ ਮਾਰੇ, ਸ਼ਾਹੀ ਫੌਜ ਦਾ ਛਕਾ ਛੁਡਾ ਦਿਤਾ
ਇਕ ਵਾਰ ਤਾਂ ਲੰਬ ਤੇ ਲੰਬ ਚਾੜ੍ਹੀ, ਹਥ ਕੰਨਾਂ ਦੇ ਉਤੇ ਲਵਾ ਦਿਤੇ
ਸਤਿਗੁਰੂ ਜੀ ਦੇ ਤੀਰਾਂ ਤਿਖਿਆਂ ਨੇ ਮਾਰ ਹੌਸਲਾ ਸਭ ਉਡਾ ਦਿਤਾ
ਰੁਕ ਗਏ ਪਿਛਾਂਹ ਕਰਤਾਰ ਸਿੰਘਾ, ਅਗੇ ਵਧਣਾ ਉੱਕਾ ਭੁਲਾ ਦਿਤਾ

### ਪੈਂਡੇ ਖਾਂ ਤੇ ਸਤਿਗੁਰਾਂ ਦਾ ਟਾਕਰਾ

ਪੈਂਡੇ ਖਾਂ ਵੀ ਉਧਾ ਪਠਾਨ ਹੈਸੀ, ਗੁਸਾ ਖਾ ਕੇ ਵਧ ਲਲਕਾਰ ਆਯਾ
ਪੀਰ ਹਿੰਦ ਦਾ, ਹਿੰਦ ਕਰੀ ਆਉਂਦਾ, ਐਲੀ ਐਲੀ ਪੁਕਾਰ ਹੰਕਾਰ ਆਯਾ
ਸਤਿਗੁਰੂ ਜੀ ਏਧਰੋਂ ਛੇੜ ਘੋੜਾ, ਜਿਵੇਂ ਬਾਜ ਤਿਖਾ ਉਤੇ ਮਾਰ ਆਯਾ
ਗਜੇ ਸਾਹਮਣੇ ਜਾ ਪਠਾਨ ਦੇ ਜੀ, ਵੇਖ ਸੂਰਮਾਂ ਨਾਲ ਬਲਕਾਰ ਆਯਾ
ਕਹਿੰਦਾ ਪੀਰ ਜੀ ਆਪਦੇ ਦੇਖਣੇ ਨੂੰ, ਮੈਂ ਸ਼ੌਕ ਵਡਾ ਦਿਲੋਂ ਧਾਰ ਆਯਾ
ਮੈਂ ਸੁਣਿਆ ਬੜਾ ਤੂੰ ਸੂਰਮਾਂ ਹੈਂ, ਏਸੇ ਲਈ ਮੈਦਾਨ ਵਿਚਧਾਰ ਆਯਾ
ਵਾਰ ਕਰ ਲੈ ਨਹੀਂ ਅਫਸੋਸ ਰਹੂਗਾ, ਤੇਰੇ ਸਿਰ ਤੇ ਮੌਤ ਅਸਵਾਰ ਆਯਾ
ਨ ਸੰਭਾਲਿਆ ਜਾਊ ਕਰਤਾਰ ਸਿੰਘਾ, ਛੁਟ ਮੇਰੇ ਹਥੋਂ ਜਦੋਂ ਵਾਰ ਆਯਾ

### ਤਥਾ

ਵਾਰ ਕਰ ਖਾਨਾ ਚਿੰਤਾ ਰਹਿ ਜਾਊਗੀ, ਉੱਚੀ ਬੋਲਕੇ ਗੁਰਾਂ ਪੁਕਾਰਿਆ ਜੀ
ਪੈਂਡੇਖਾਂ ਕਹਿਆ ਪਾਜ਼ੀ ਨਹੀਂ ਹਾਂ ਮੈਂ, ਪਹਿਲਾਂਵਾਰਕਰਾਂਏਹਵਿਚਾਰਿਆ ਜੀ
ਗੁਰਾਂ ਆਖਯਾ ਕਰ ਤੂੰ ਵਾਰ ਪਹਿਲਾਂ, ਅੰਤ ਖਾਨ ਨੇ ਧਨਖ ਸੰਭਾਰਿਆ ਜੀ
ਹਥ ਹਿਲਾਗਿਆ ਵਾਰ ਗਿਆਖਾਲੀ, ਦੂਜੀਵਾਰ ਮੁੜ ਸ਼ਿਸਤਲੈ ਮਾਰਿਆ ਜੀ

ਹਰ ਪ੍ਰਕਾਰ ਦੀਆਂ ਪੁਸਤਕਾਂ ਭਾਈ ਚਤਰ ਸਿੰਘ ਜੀਵਨ ਸਿੰਘ, ਪੁਸਤਕਾਂ ਵਾਲੇ,
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਸਿਧਾ ਲਿਖਕੇ ਘਰ ਬੈਠੇ ਮੰਗਵਾਓ।

ਓਹ ਭੀ ਚੀਰ ਦਸਤਾਰਨੂੰ ਲੰਘ ਗਿਆ, ਵੇਖ ਖਾਨਦਾ ਹੌਸਲਾ ਹਾਰਿਆ ਜੀ
ਪਿਛਾਂ ਮੁੜਨ ਲਗਾਗੁਰਾਂ ਧਨਖਧਰਕੇ, ਵਾਂਗ ਸ਼ੇਰ ਦੇਗਜਲਲਕਾਰਿਆ ਜੀ
ਸਾਡਾ ਵਾਰ ਦੇ ਜਾ ਕਿਥੇ ਚਲਿਆ ਹੈਂ, ਏਹ ਆਖਚਿਲੇ ਤੀਰ ਚਾੜ੍ਹਿਆ ਜੀ
ਵਿੰਨ੍ਹ ਖਾਨ ਦੀ ਪੁੜਪੁੜੀ ਲੰਘ ਗਿਆ, ਢੁਕ ਘੋੜਿਓਂਹਾਏ ਉਤਾਰਿਆ ਜੀ
ਸਿਰ ਡਿਗਦੇ ਦਾ ਲਿਆ ਤੇਗ ਉਤੇ, ਹੋਈ ਜੈ. ਗੁਰ ਨਾਨਕ ਉਚਾਰਿਆ ਜੀ
ਮੋਹਰੀ ਦਲਾਂਦਾ ਮਾਰ ਕ੍ਰਤਾਰ ਸਿੰਘਾ, ਚਾਉ ਵੈਰੀਆ ਵਾਲਾ ਉਤਾਰਿਆ ਜੀ

### ਸ੍ਰੀ ਦਸਮੇਸ਼ ਜੀ ਦੀ ਜਿਤ, ਵੈਰੀਆਂ ਦੀ ਹਾਰ

ਪੈਂਡੇ ਖਾਂ ਦਾ ਸਿਰ ਤਲਵਾਰ ਉਤੇ ਵੇਖ ਤੁਰਕ ਪਠਾਨ ਆ ਕੁਦ ਪਏ
ਹਲਾ ਸਿੰਘਾਂ ਨੇ ਹੋ ਦਲੇਰ ਕੀਤਾ, ਖਟ ਖਟ ਤਲਵਾਰਾਂ ਦੀ ਮਾਰ ਡਹੇ
ਦੋਹਾਂ ਪਾਸਿਆਂ ਤੋਂ ਜ਼ੋਰ ਬਹੁਤ ਲਾਯਾ, ਪਲੋ ਪਲੀ ਦੇ ਵਿਚ ਆ ਘਾਨ ਲਹੇ
ਅੰਤ ਸਾਰੇ ਹੀ ਛਡ ਮੈਦਾਨ ਨਠੇ, ਬਹੁਤੇ ਵੜ ਪਹਾੜਾਂ ਦੇ ਵਿਚ ਗਏ
ਦੀਨਾ ਬੇਗ ਭੀ ਜ਼ਖਮੀ ਹੋ ਗਿਆ, ਡਿਠੇ ਹੌਂਸਲੇ ਸਭ ਦੇ ਜਦੋਂ ਢਹੇ
ਹਟ ਗਿਆ ਉਹ ਪਿਛ੍ਹਾਂ ਕਰਤਾਰ ਸਿੰਘਾ, ਐਵੇਂ ਕੌਣ ਆ ਮੌਤ ਸਹੇੜ ਲਏ

### ਤਥਾ

ਤੁਰਕੀ ਫੌਜ ਦਾ ਪਿਛਾਂ ਨੂੰ ਹਟਨਾ ਸੀ, ਸਤਿਗੁਰਾਂ ਹਲਾ ਕਰਵਾ ਦਿਤਾ
ਕੀਤੀ ਵਾਢ ਜਵਾਰ ਦੇ ਵਾਂਗ ਪੈ ਕੇ, ਯਾਦ ਵੈਰੀ ਨੂੰ ਅਲਾ ਕਰਾ ਦਿਤਾ
ਜ਼ੋਰ ਦੇ ਕੇ ਸਾਹਿਬ ਅਜੀਤ ਸਿੰਘ ਨੇ, ਵੈਰੀ ਸਰਸਿਓਂ ਪਾਰ ਟਪਾ ਦਿਤਾ
ਇਧਰ ਵੜੇ ਪਹਾੜੀਏ ਵਿਚ ਖੋਹਾਂ, ਸਿੰਘਾ ਮਾਰ ਕੇ ਫਕਾ ਉਡਾ ਦਿਤਾ
ਫਤੇ ਪਾ ਸਤਿਗੁਰੂ ਜੀ ਮੁੜ ਆਏ ਦਾਨ ਮਾਨ ਸਭ ਤਈਂ ਦਿਵਾ ਦਿਤਾ
ਕਾਰੀ ਜਖਮੀਆਂ ਦੀ ਕੀਤੀ ਚੰਗੀ ਤਰ੍ਹਾਂ ਅਤੇ ਮੁਰਦਿਆਂ ਤਾਈਂ ਜਲਾ ਦਿਤਾ
ਮਿਲਯਾ ਵੈਰੀਆਂ ਦਾ ਅਸਬਾਬ ਬਹੁਤਾ, ਘਾਟਾ ਅਪਨਾ ਸਾਰਾ ਭੁਲਾ ਦਿਤਾ
ਇਸ ਹ੍ਹਾਰ ਨੇ ਸਗੋਂ ਕਰਤਾਰ ਸਿੰਘਾ, ਫਿਕਰ ਰਾਜਿਆਂ ਦਿਲੀਂ ਵਧਾ ਦਿਤਾ

ਵਾਕ ਕਵੀ

ਤੁਰਕੀ ਫੌਜ ਸਨੇ ਰਾਜੇ ਹਾਰ ਗਏ, ਗਲ ਦੇਸ ਦੇ ਵਿਚ ਮਸ਼ਹੂਰ ਹੋਈ
ਸਿੰਘਾਂ ਮਾਰ ਤੇਗਾਂ ਮੂੰਹ ਭੰਨ ਦਿਤੇ, ਸਾਰੀ ਮਾਨ ਮਗਰੂਰਤਾ ਦੂਰ ਹੋਈ
ਮਿਲ, ਮਿਲ ਪਹਾੜੀਏ ਸੂਜਦੇ ਬਹਿ, ਚਿੰਤਾਂ ਚਿਤਾ ਦੇ ਵਿਚ ਭਰਪੂਰ ਹੋਈ
ਇਸ ਹਾਰ ਦੇ ਨਾਲ ਕਰਤਾਰ ਸਿੰਘਾ, ਅਗ ਵੈਰ ਦੀ ਦੂਣੀ ਜ਼ਰੂਰ ਹੋਈ

ਰਾਜਿਆਂ ਨੇ ਅਕਠੇ ਹੋ ਕੇ ਸਲਾਹ ਕਰਨੀ

ਰਾਜੇ ਫੇਰ ਬਲਾਸਪੁਰ ਹੋਏ ਕਠੇ, ਵੇਲਾ ਗਿਆ ਏਹ ਹਥ ਨ ਆਇਗਾ ਜੀ
ਸਾਰੇ ਰਲ ਕੇ ਸੋਚਦੇ ਗੁਰੂ ਸਾਨੂੰ, ਇਕ ਦਿਨ ਨੁਕਸਾਨ ਪੁਚਾਇਗਾ ਜੀ
ਅਜੇ ਵੇਲਾ ਹੈ ਕਰੋ ਕੁਝ ਹੋਰਹੀਲਾ, ਗੁਰ ਦਿਨੋ ਦਿਨ ਜੋਰਫੜ ਜਾਇਗਾ ਜੀ
ਥੋੜੇ ਸਿੰਘ ਤਾਂ ਹਾਲ ਇਹ ਹੋਯਾ ਸਾਡਾ, ਨਿਤਪ੍ਰਤਿ ਇਹ ਪੰਥਵਧਾਇਗਾ ਜੀ
ਫਰ ਜਾਪਦੀ ਖੋਹ ਏ ਰਾਜ ਸਾਡੇ, ਠੂਠੇ ਸਾਰਿਆਂ ਹਥ ਫੜਾਇਗਾ ਜੀ
ਜਦ ਹੋ ਦਸ, ਵੀਹ ਹਜ਼ਾਰ ਗਏ, ਕੌਣ ਵਤ੍ਰਾ ਫਿਰ ਇਨ੍ਹਾਂ ਤੇ ਪਾਇਗਾ ਜੀ
ਤਾਜੇ ਦਮ ਰਲ ਕੇ ਕਰੋ ਫੇਰ ਧਾਵਾ, ਹੁਣ ਭਾਂਜ ਜਰੂਰ ਓਹ ਖਾਇਗਾ ਜੀ
ਜੇ ਖਬਰ ਹੋ ਗਈ ਕਰਤਾਰ ਸਿੰਘਾ, ਕਠੇ ਸਿੰਘ ਕਰ ਪੈਰ ਜਮਾਇਗਾ ਜੀ

ਵਾਕ ਕਵੀ

ਪਾਪ ਆਪਣੇ ਚਿਤਾਂ ਦੇ ਪਏ ਕੰਬਣ, ਇਨਾਂ ਰਾਜਿਆਂ ਕਲਾ ਉਠਾਈ ਐਵੇਂ
ਸਤਿਗੁਰੂ ਜੀ ਇਨ੍ਹਾਂਦਾ ਚਾਹੁਨਭਲਾ, ਮੂੜ ਚਿਤਵਦੇ ਰਹਿਨਬੁਰਿਆਈ ਐਵੇਂ
ਪੂਰੀ ਤਯਾਰੀਤੋਂ ਪੈਹਲਾਂਹੀਕਾਹਲ ਕਰਕੇ, ਤੇਗ ਸਤਿਗੁਰਾਂਹਥ ਫੜਾਈ ਐਵੇਂ
ਜਿਹੜੀ ਤਾਕਤ ਜੁਲਮ ਤੇ ਖਰਚਨੀ ਸੀ, ਏਹਨਾਂ ਆਪਨੇ ਤੇ ਖਰਚਾਈ ਐਵੇਂ
ਸਿਰਫ ਵੇਖ ਪ੍ਰਤਾਪ ਨ ਜਰ ਸਕੇ, ਬਾਰ, ਬਾਰ ਆ ਕਰਨ ਲੜਾਈ ਐਵੇਂ
ਭਾਵੀ ਏਵੇਂ ਹੀ ਸੀ ਕਰਤਾਰ ਸਿੰਘਾ, ਤੂੰ ਕਰੇਂ ਕਾਹਨੂੰ ਚਤੁਰਾਈ ਐਵੇਂ

ਜਮਵਾਲੋਂ ਗੁਜਰਾਂ ਦੇ ਸਰਦਾਰ ਨੂੰ ਨਾਲ ਲੈ ਕੇ ਹੋਰ ਪਹਾੜੀਆਂ ਚੜਾਈ ਕਰਨੀ

ਫੇਰ ਤਤੀ ਵਟੀ ਰਾਜੇ ਹੋ ਕਠੇ, ਤਯਾਰ ਹੋ ਪਏ ਜੰਗ ਦੇ ਅਭਠੇ ਨੂੰ

ਜਮਤੁਲਾ ਸਰਦਾਰ ਸੀ ਗੁਜਰਾਂ ਦਾ, ਨਾਲ ਲਿਆ ਹੁਣ ਕਸਰ ਨ ਛਡਨੇ ਨੂੰ
ਚੀਏਂ ਮੀਏਂ ਪਹਾੜਾਂ ਦੇ ਹੋਏ ਕਠੇ, ਫਸਤਾ ਨਿਤ ਦਾ ਏਹ ਜੜੋਂ ਵਢਨੇ ਨੂੰ
ਮਘਰ ਠਾਰਾਂ ਸੌ ਠਵੰਜਾ ਕਰਤਾਰ ਸਿੰਘਾ, ਚੜ੍ਹੇ ਸਤਿਗੁਰਾ ਦੇ ਦੇਸੋਂ ਕਢਨੇ ਨੂੰ

### ਆਨੰਦਪੁਰ ਵਿਚ ਜੰਗ ਦੀਆਂ ਤਯਾਰੀਆਂ

ਪਹਿਲੇ ਜੰਗ ਦੀ ਸੁਣਕੇ ਖਬਰ ਸਾਰੀ, ਚਿਤ ਸੰਗਤਾਂ ਜੋਸ਼ ਸਮਾਏ ਬਹੁਤੇ
ਰਾਜੇ ਬਾਦਸ਼ਾਹੀ ਫੌਜ ਚੜ੍ਹਾ ਲਿਆਏ, ਨਾਲ ਰਲਕੇ ਜੰਗ ਮਚਾਏ ਬਹੁਤੇ
ਗੁਰਸਿਖਾਂ ਦੇ ਚਿਤਾਂ ਨੇ ਜੋਸ਼ ਖਾਧੇ, ਖਰਚ ਬੰਨ੍ਹ ਕੇ ਘਰਾਂ ਤੋਂ ਧਾਏ ਬਹੁਤੇ
ਹੋਯਾ ਖਰਚ ਖਜਾਨੇ ਦੇ ਪੂਰਨੇ ਨੂੰ, ਜਰ ਨਕਦੀ ਭੇਟ ਲਿਆਏ ਬਹੁਤੇ
ਚੰਗੇ ਘੋੜੇ, ਹਥਯਾਰ ਸਾਮਾਨ ਜੰਗੀ, ਲੈ; ਲੈ ਪ੍ਰੇਮੀ ਸਿਖ ਆਏ ਬਹੁਤੇ
ਹੋਕੇ ਦਰਸ਼ਨਾਂ ਨੂੰ ਮਾਈ ਭਾਈ ਰਲ ਕੇ, ਇਕੋ ਵਾਰ ਹੀ ਹੁਮ ਹੁਮਾਏ ਬਹੁਤੇ
ਚੰਗੀ ਭੀੜ ਸਤਿਗੁਰਾਂ ਦੇ ਪਾਸ ਹੋਈ, ਰਣਬੀਰ, ਹੁਣ ਜੋਰ ਰਖਾਏ ਬਹੁਤੇ
ਨਾਲੇ ਗੋਲੀ ਬਾਰੂਦ ਤਯਾਰ ਕਰਕੇ, ਝਟਪਟ ਹੀ ਜਮ੍ਹਾਂ ਕਰਾਏ ਬਹੁਤੇ
ਰਾਜੇ ਜੰਗ ਦੇ ਲਈ ਤਯਾਰ ਸੁਣਕੇ, ਪਕੇ ਮੋਰਚੇ ਹੋਰ ਬਨਾਏ ਬਹੁਤੇ
ਵੈਰੀ ਆਉਣ ਤੋਂ ਪਹਿਲਾਂ ਕਰਤਾਰ ਸਿੰਘਾ, ਚੁਣਥਾ, ਥਾਂ ਯੱਧੇ ਬੈਠਾਏ ਬਹੁਤੇ

### ਤਥਾ

ਲੋਹਗੜ੍ਹ ਦੇ ਕਿਲੇ ਮਝੈਲ ਵੰਡੇ, ਦੈਯਾ ਸਿੰਘ ਦੇ ਪਈਂ ਕਮਾਨ ਦੇਕੇ
ਫਤ੍ਹੇ ਗੜ੍ਹ ਮਲਵੀਆਂ ਨੂੰ ਸੌਂਪ ਦਿਤਾ, ਰਸਦ ਬਸਦ ਤੇ ਬਹੁਤ ਸਾਮਾਨ ਦੇਕੇ
ਜਥੇਦਾਰ ਕਰ ਸਾਹਿਬ ਅਜੀਤ ਸਿੰਘ ਨੂੰ, ਤਿੰਨ ਚਾਰ ਹਜਾਰ ਜਵਾਨ ਦੇਕੇ
ਓਧਰ ਗੁਜਰ, ਰੰਘੜ ਅਤੇ ਰਾਜੇ ਨੇੜੇ, ਆਨ ਢੁਕੇ ਬਹੁਤਾਂ ਤਾਨ ਦੇਕੇ
ਆਪ ਕਿਲ੍ਹਾ ਅਨੰਦਗੜ੍ਹ ਕਾਇਮ ਕੀਤਾ, ਕੰਮ ਕਰ ਲਏ ਸਭ ਧਯਾਨ ਦੇਕੇ
ਹਥੀਂ ਫੜ ਲੈਣੇ ਕਰਤਾਰ ਸਿੰਘਾ; ਧਸੀ ਆਉਂਦੇ ਚਿਤ ਗੁਮਾਨ ਦੇਕੇ

### ਜੰਗ

ਵੀਹ ਪੰਝੀ ਹਜ਼ਾਰ ਦੀ ਭੀੜ ਲੈ ਕੇ, ਰਾਜੇ ਸਿਧੇ ਆਨੰਦਪੁਰ ਵਲ ਆਏ

ਗੋਲੀ ਕਿਲ੍ਹਿਆਂ ਦੇ ਵਿਚ ਪੈਣ ਲਗੀ, ਤੀਰਾਂ ਸੈਂਕੜੇ ਨਾਲ ਜਵਾਨ ਗਾਏ
ਅਣੋ ਵਾਹ ਸਿਧੇ ਮਾਰੋ ਮਾਰ ਆਉਂਦੇ, ਨਹੀਂ ਮੋਰਚਾ ਨਹੀਂ ਕੋਈ ਦਾ ਲਾਏ
ਖਗੋਂ ਮੀਂਹ ਵਾਂਗੂੰਗੋਲੀ ਤੀਰ ਵਰ੍ਹਯਾ ਆਈ ਹੋਸ਼ ਜਦਬਹੁਤਨੁਕਸਾਨ ਪਾਏ
ਫੌਜਾਂ ਰਾਜਿਆਂ ਪਿਛਾਂ ਹਟਾ ਲਈਆਂ, ਕਿਲੇ ਤੋੜਨੇ ਦੇ ਫੇਰ ਫਿਕਰ ਛਾਏ
ਫਤੇ ਗੜ੍ਹ ਵਲ ਝੁਕੇ ਕਰਤਾਰ ਸਿੰਘਾ, ਸਾਰੇ ਜ਼ੋਰ ਓਹਦੇ ਉਤੇ ਜਾ ਤਾਏ

ਸਾਹਿਬ ਅਜੀਤ ਸਿੰਘ ਨੇ ਮੈਦਾਨ ਵਿਚ ਨਿਕਲ ਕੇ ਜੰਗ ਕਰਨਾ

ਕਿਲੇ ਤੋੜ ਤੋਪਾਂ ਕਿਸੇ ਪਾਸ ਨਹੀਂ ਸਨ, ਨ ਜੰਗਾਂ ਦੇ ਬੜੇ ਸਾਮਾਨ ਭਾਈ
ਗੋਲੀ ਤੀਰ ਤਲਵਾਰ ਦੀ ਖੇਡ ਹੈਸੀ ਯਾ ਜੰਜੈਲ, ਜੰਬੂਰੇ ਪਛਾਨ ਭਾਈ
ਕਹੋ ਲੈ ਰਾਜੇ ਵਧ ਕਿਲੇ ਵਲੇ, ਰੌਲਾ ਪਾਉਂਦੇ ਨਾਲ ਗੁਮਾਨ ਭਾਈ
ਵੈਰੀ ਵਧ ਕੇ ਵੇਖ ਅਜੀਤ ਸਿੰਘ ਜੀ, ਜੋਸ਼ ਵਿਚ ਆਕੇ ਬਲਵਾਨ ਭਾਈ
ਝਟ ਕਿਲੇ ਵਿਚੋਂ ਬਾਹਰ ਨਿਕਲ ਪਏ, ਨਾਲ ਚਾਰ ਹਜਾਰ ਜਵਾਨ ਭਾਈ
ਇਕੋ ਵਾਰ ਅਕਾਲ ਅਕਾਲ ਕਹਿੰਦੇ, ਪਏ ਵੈਰੀਆਂ ਦੇ ਉਤੇ ਆਨ ਭਾਈ
ਗੋਲੀ ਤੀਰ ਤਲਵਾਰ ਦੀ ਮਾਰ ਮਚੀ, ਲਥੇ ਪਲੰ ਪਲੀ ਵਿਚ ਘਾਣ ਭਾਈ
ਵੈਰੀ ਹੜ੍ਹ ਵਾਂਗੂ ਤਪੇ ਆਉਂਦੇ ਸਨ, ਸਿੰਘ ਪਰਬਤ ਹੋ ਅਟਕਾਨ ਭਾਈ
ਦੋਹਾਂ ਪਾਸਿਆਂ ਤੋਂ ਬੜਾ ਜ਼ੋਰ ਪਿਆ, ਹੋਏ ਸੂਰਮੇ ਲਹੂ ਲੁਹਾਨ ਭਾਈ
ਇਹ ਵੇਖ ਕਿਲੇ ਲੋਹਗੜ੍ਹ ਵਿਚੋਂ, ਗਜੇ ਆਨ ਮਝੈਲ ਮਦਾਨ ਭਾਈ
ਤਿੰਨ ਚਾਰ ਹਜਾਰ ਲੜਾਕੇ ਬਾਂਕੇ, ਲਥੇ ਵੈਰੀਆਂ ਦੇ ਤਈਂ ਖਾਣ ਭਾਈ
ਗਹਿ ਗਚ ਲੜਾਈ ਦਾ ਜ਼ੋਰ ਪਿਆ, ਜਥੇਦਾਰ ਹੋ ਅਗੇ ਲੜਾਨ ਭਾਈ
ਪੈਰ ਉਖੜੇ ਆਣ ਕੇ ਵੈਰੀਆਂ ਦੇ, ਡਿਗੇ ਸੈਂਕੜੇ ਦੇ ਪਰਾਨ ਭਾਈ
ਛਡ ਹੌਂਸਲੇ ਪਿਛਾਂ ਨੂੰ ਨਠ ਚਲੇ, ਸਿੰਘਾ ਸਾਮ੍ਹਣੇ ਮਥੇ ਨ ਡਾਹਨ ਭਾਈ
ਬੋਲੀ ਮਾਰੀ ਜਮਤੁਲੇ ਨੂੰ ਰਾਜਿਆਂ ਨੇ, ਸਿੰਘ ਪਏ ਨੁਕਸਾਨ ਪੁਚਾਨ ਭਾਈ
ਤੇਰੇ ਹੁੰਦਿਆਂ ਹਾਰਦੀ ਫੌਜ ਦਿਸੇ, ਤੈਨੂੰ ਦੇਵੇਗਾ ਸ਼ਰਮ ਜਹਾਨ ਭਾਈ
ਡੂਹੇ ਹੋਯਾ ਗੁਜਰ ਅਗੇ ਵਧਿਆ ਆ, ਹਥੋ ਹਥੀ ਪਿਆ ਘਮਸਾਨ ਭਾਈ

ਮੁੜ ਰਾਜੇ ਭੀ ਵਧੇ ਕਰਤਾਰ ਸਿੰਘਾ, ਸਰਫਾ ਮੌਤ ਦਾ ਰਿਹਾ ਨਾਜਾਨ ਭਾਈ।

### ਕੇਸਰੀ ਸਿੰਘ ਤੇ ਜਮਤੂਲੇ ਦਾ ਜ਼ੋਰ, ਸਿੰਘਾਂ ਦੀ ਤੇਗ

ਸਜੇ ਕੇਸਰੀ ਤੇ ਖਬੇ ਜਮਤੁਲਾ, ਦੋਵੇਂ ਫੌਜ ਨੂੰ ਅਗ੍ਹਾਂ ਵਧਾਂਵਦੇ ਨੇ
ਦੰਦ ਪੀਸ ਕੇ ਰੋਹ ਦੇ ਨਾਲ ਜੁਟੇ, ਰਾਜੇ ਹੋ ਕਠੇ ਜ਼ੋਰ ਪਾਂਵਦੇ ਨੇ
ਸਿੰਘ ਪੈਰਾਂ ਤੋਂ ਓਨ੍ਹਾਂ ਉਖੇੜ ਘਤੇ, ਆਨ ਸਾਰ ਦਾ ਮੀਂਹ ਬਰਸਾਂਵਦੇ ਨੇ
ਇਹ ਦੇਖਕੇ ਸਾਹਿਬ ਅਜੀਤ ਸਿੰਘ ਜੀ, ਸਫਾ ਤੇਜ਼ ਹਲਾ ਕਰਵਾਂਵਦੇ ਨੇ
ਸਾਹਿਬਜ਼ਾਦੇ ਦੇ ਸਿੰਘ ਵੰਗਾਰੇ ਹੋਏ, ਭੁਟ ਸ਼ੇਰਾਂ ਵਾਲੇ ਕਰ ਧਾਂਵਦੇ ਨੇ
ਜਿਵੇਂ ਵਧੇ ਪਾੜੀਏ ਆਂਵਦੇ ਸਨ, ਤਿਵੇਂ ਮਾਰ ਤੇਗਾਂ ਉਲਟਾਂਵਦੇ ਨੇ
ਦੋਹਾਂ ਪਾਸਿਆਂ ਦੇ ਬਹੁਤ ਮਰੇ ਯੋਧੇ, ਪਿਛਾਂ ਹਟਨਾ ਮੂਲ ਨਾ ਚਾਹਵਦੇ ਨੇ
ਲੋਥਾਂ ਰੁਲੀਆਂ ਬਹੁਤ ਕਰਤਾਰ ਸਿੰਘਾ, ਮੁਰਦੇ ਹੇਠ ਉਤੇ ਚੜ੍ਹ ਜਾਂਵਦੇ ਨੇ

### ਜਮਤੂਲੇ ਦਾ ਮਰਨਾ

ਘੜੀ ਘੜੀ ਵਧਾਉਂਦਾ ਮੋਰਚੇ ਨੂੰ, ਜਮਤੁਲਾ ਗੁਮਾਨ ਦੇ ਵਿਚ ਆਯਾ।
ਉਦੇ ਸਿੰਘ ਜੁਟਾ ਓਹਦੇ ਸਾਮ੍ਹਣੇ ਜਾ, ਦੋਹਾਂ ਧਿਰਾਂ ਨੇ ਬਹੁਤ ਹੀ ਜ਼ੋਰ ਲਾਯਾ।
ਅੰਤ ਸਿੰਘ ਜੀ ਨੇ ਵਢ ਜਮਤੁਲਾ, ਝਟ ਮਾਰ ਮੁਨਾਰੇ ਦੇ ਵਾਂਗ ਢਾਹਯਾ।
ਲੋਥ ਚੁਕਨੇ ਨੂੰ ਓਹਦੇ ਸਾਥੀਆਂ ਨੇ, ਗੁਸੇ ਖਾ ਕੇ ਅੰਤ ਦਾ ਸਾਰ ਵਾਹਯਾ।
ਪਰ ਕੁਝ ਨ ਉਨ੍ਹਾਂ ਦੀ ਪੇਸ਼ ਗਈ, ਸਗੋਂ ਮੁਫਤ ਦੇ ਵਿਚ ਨੁਕਸਾਨ ਪਾਯਾ।
ਝੰਡਾ ਲੋਥ ਤੇ ਮਾਨ ਸਿੰਘ ਗਡਿਆ ਜਾ, ਜਰ ਸਕਿਆ ਨ ਰਜਪੂਤ ਜਾਯਾ।
ਘੁਮੰਡ ਚੰਦ ਲਲਕਾਰਦਾ ਆ ਪਿਆ, ਫੌਜ ਹਾਰਦੀ ਨੂੰ ਮੁੜ ਰੋਕ ਡਾਹਯਾ।
ਡੁਬ ਗਿਆ ਸੂਰਜ ਕਰਤਾਰ ਸਿੰਘਾ, ਫੌਜਾਂ ਹਟੀਆਂ ਬਹੁਤ ਹਨੇਰ ਛਾਯਾ।

### ਵਾਕ ਕਵੀ

ਇਸ ਹਲੇ ਦੇ ਵਿਚ ਬਹੁ ਸਾਰ ਚਲੀ, ਬਹੁਤੇ ਸੂਰਮੇ ਮੌਤ ਨੇ ਖਾ ਲਏ
ਰਾਤ ਪਈ ਤੇ ਫੇਰ ਦੁਤਾਸਿਆਂ ਤੋਂ, ਆਪੋ ਆਪਣੇ ਦਲ ਹਟਾ ਲਏ
ਵਿਚ ਕਿਲ੍ਹਿਆਂ ਦੇ ਸਿੰਘ ਆ ਗਏ, ਉੱਚੀ ਗਜ ਜੈਕਾਰੇ ਗਜਾ ਲਏ

ਮੋਏ ਵੀਰ ਦਰਯਾ ਦੀ ਭੇਟ ਕੀਤੇ, ਟੋਲ ਜ਼ਖਮੀ ਸਭ ਉਥਵਾ ਲਏ
ਸਾਹਿਬਜ਼ਾਦੇ ਨੂੰ ਵੇਖ ਗੁਰੂ ਖੁਸ਼ੀ ਹੋਏ, ਘੁਟ ਛਾਤੀ ਦੇ ਨਾਲ ਲਗਾ ਲਏ
ਅਜ ਮੈਂ ਸਪੁਤ੍ਰਾਂ ਜਗ ਹੋਯਾ, ਬੜੇ ਪ੍ਰੇਮ ਦੇ ਬਚਨ ਸੁਨਾ ਲਏ
ਯਥਾ ਯੋਗ ਮੁੜ ਸਭ ਦੀ ਸਾਰ ਲੈ ਕੇ, ਕੰਮ ਦਿਨ ਲਈ ਵੰਡ ਵੰਡਾ ਲਏ
ਕੀਤਾ ਰਾਤ ਅਰਾਮ ਕਰਤਾਰ ਸਿੰਘਾ, ਪਹਿਰੇਦਾਰ ਥਾਂ, ਥਾਂ ਬੈਠਾ ਲਏ

### ਰਾਜਿਆਂ ਦੀ ਸਲਾਹ

ਓਧਰ ਰਾਜਿਆਂ ਬੈਠ ਸਲਾਹ ਕੀਤੀ, ਸਾਡਾ ਬਹੁਤ ਹੋਯਾ ਨੁਕਸਾਨ ਹੈ ਜੀ
ਸਿੰਘ ਚੰਬੜੇ ਬੁਰੀ ਬਲਾ ਸਾਨੂੰ, ਜਿਤੇ ਜਾਵਨੇ ਨਹੀਂ ਆਸਾਨ ਹੈ ਜੀ
ਘੇਰਾ ਘਤ ਆਨੰਦਪੁਰ ਵਿਚ ਲਵੋਂ, ਬੰਦ ਕਰ ਦਿਹੋ ਆਉਨ ਜਾਨ ਹੈ ਜੀ
ਤੰਗ ਰਸਦ ਤੋਂ ਹੋ ਕਰਤਾਰ ਸਿੰਘਾ, ਨਠ ਜਾਨ ਹੋ ਬੇਤਰਾਨ ਹੈ ਜੀ

### ਪਹਾੜੀਆਂ ਨੇ ਘੇਰਾ ਪਾ ਕੇ ਬੈਠ ਜਾਣਾ

ਏਹ ਕਰ ਸਲਾਹ ਦਿਨ ਚੜ੍ਹਦਿਆਂ ਜੀ, ਵੰਡ ਵੰਡ ਕੇ ਫੌਜਾਂ ਬੈਠਾਨ ਲਗੇ
ਚਾਰੋਂ ਤਰਫ ਲਿਆ ਘੇਰਾ ਪਾ ਵੈਰੀ, ਵੇਖ ਗੁਰੂ ਜੀ ਸੋਚ ਦੁੜਾਨ ਲਗੇ
ਸਮਝਲਈ ਸਭ ਉਨਾਂ ਦੀਕਾਰਸਾਜ਼ੀ, ਜਥੇਦਾਰਾਂ ਨੂੰ ਸਦ ਸਮਝਾਨ ਲਗੇ
ਵੈਰੀ ਪਾ ਘੇਰਾ ਬੈਠ ਗਏ ਹੈ ਏ, ਰਹਿਣਾ ਤਕੜਾ ਭੇਦ ਜਤਾਨ ਲਗੇ
ਗਲ ਪੈ ਕੇ ਲੜਨ ਤੋਂ ਡਰੇ ਗੀਦੀ, ਗਣਤਪਾਜੀਆਂ ਵਾਲੀ ਬਨਾਨ ਲਗੇ
ਸਿੰਘ ਮੋਰਚੇ ਤਕੜੇ ਕਰ ਬੈਠੇ, ਸਤਿਗੁਰਾਂ ਦੇ ਹੁਕਮ ਬਜਾਣ ਲਗੇ
ਜਦੋਂ ਦਾਉ ਲਗੇ ਛਾਪੇ ਮਾਰਦੇ ਜਾ, ਵੈਰੀ ਤਈਂ ਨੁਕਸਾ ਪੁਚਾਨ ਲਗੇ
ਦਿਨ ਗੁਜਰੇ ਵੀਹ ਕਰਤਾਰ ਸਿੰਘਾ, ਰਾਜੇ ਲੋਹਗੜ੍ਹ ਕਿਲਾ ਤੁੜਾਨ ਲਗੇ

### ਵਾਕ ਕਵੀ

ਬਹੁਤ ਦਿਨ ਬੀਤੇ ਸਰਯਾਕੰਮ ਕੋਈ ਨ, ਰਾਏ ਰਾਜਿਆਂ ਹੋਰ ਬਦਲਾਈਏ ਜੀ
ਆਖੇ ਲਗ ਕੇ ਕੇਸਰੀ ਸਿੰਘ ਦੇ ਤਾਂ, ਬੈਠ ਏਹ ਸਲਾਹ ਪਕਾਈਏ ਜੀ
ਹਾਥੀ ਮਸਤ ਪਾਸੋਂ ਮਰਵਾ ਟਕਰ, ਦਿਨੇ ਕਿਲੇ ਦਾ ਬੂਹਾ ਤੁੜਾਈਏ ਜੀ

ਘੇਰ ਮਾਰੀਏ ਅੰਦਰੇ ਵੈਰੀਆਂ ਨੂੰ, ਜੌਹਰ ਰਾਜਪੂਤੀ ਦਿਖਲਾਈਏ ਜੀ
ਏਹ ਸੁਣਕੇ ਸੂਹੇ ਨੇ ਖਬਰ ਸਾਰੀ, ਸਤਿਗੁਰਾਂ ਨੂੰ ਝਟ ਪੁਚਾਈਏ ਜੀ
ਰਾਜਨੀਤ ਜਾਣੂ ਕਰਤਾਰ ਸਿੰਘਾ, ਗੁਰਾਂ ਕਰ ਲਈ ਤਕੜਾਈਏ ਜੀ

### ਦੁਨੀ ਚੰਦ ਮਸੰਦ ਦੀ ਕਮਜ਼ੋਰੀ

ਸੁਣ ਲਿਆ ਏਹ ਗੁਰਾਂ ਭੇਦ ਸਾਰਾ, ਹਾਥੀ ਰਾਜਿਆਂ ਕਲ ਝੁਕਾਵਨਾਂ ਏਂ
ਹਸ ਆਖਦੇ ਵੇਖ ਕੇ ਵਲ ਸਿੰਘਾ, ਦਿਨੇ ਰਾਜਿਆਂ ਦਾ ਹਾਥੀ ਆਵਨਾਂ ਏਂ
ਦੁਨੀਚੰਦ ਹਾਥੀ ਗੁਰੂ ਘਰ ਦਾ ਹੈ, ਏਹਨੂੰ ਓਸਦੇ ਨਾਲ ਲੜਾਵਨਾਂ ਏਂ
ਭਾਈ ਸਾਲੋ ਦਾ ਪੋਤਰਾ ਬਲੀ ਭਾਰਾ, ਵਾਂਗ ਭੇਡ ਦੇ ਓਹਨੂੰ ਦਬਾਵਨਾਂ ਏਂ
ਏਹ ਆਖਕੇ ਮਹਿਲਾਂ ਨੂੰ ਚਲੇ ਗਏ, ਦਿਨੇ ਭਾਰੀ ਘਮਸਾਨ ਮਚਾਵਨਾਂ ਏਂ
ਦੁਨੀਚੰਦ ਦਾ ਕਾਲਜਾ ਕੰਬ ਗਿਆ, ਧਾਰ ਲਈ ਦਿਲੋਂ ਭੈੜੀ ਭਾਵਨਾ ਏਂ
ਹਾਥੀ ਮਸਤ ਮੈਨੂੰ ਫੜ ਮਾਰ ਦੇਵੇ, ਪਿਛੋਂ ਗੁਰੂ ਦਾ ਦਸੋ ਕੀਹ ਜਾਵਨਾਂ ਏਂ
ਦੈਯਾ ਸਿੰਘ ਜਹੇ ਹੌਸਲਾ ਦੇ ਰਹੇ, ਤੂੰ ਕਿਉਂ ਐਵੇਂ ਘਬਰਾਵਨਾਂ ਏਂ
ਕੰਮ ਸਤਿਗੁਰਾਂ ਆਪਨੇ ਆਪ ਕਰਨ, ਤੈਨੂੰ ਮੁਫਤ ਦਾ ਯਸ ਦਿਲਾਵਨਾਂ ਏਂ
ਹਾਥੀ ਕੀੜੀ ਪਾਸੋਂ ਮਰਵਾ ਸਕਨ, ਤੂੰ ਨਿਸਚਾ ਐਵੇਂ ਡੁਲਾਵਨਾਂ ਏਂ
ਜੇ ਮਰਨ ਦਾ ਹੈ ਤੈਨੂੰ ਡਰ ਆਯਾ, ਆਈ ਮੌਤ ਤੋਂ ਕਿਸ ਬਚਾਵਨਾਂ ਏਂ
ਬੇਈਮਾਨ ਨ ਹੋ ਕਰਤਾਰ ਸਿੰਘਾ, ਗੁਰੂ ਘਰੋਂ ਪਲਿਆ ਨਿਮਕ ਖਾਵਨਾਂ ਏਂ

### ਦੁਨੀ ਨੇ ਸਗੋਂ ਹੋਰ ਸਾਥੀਆਂ ਨੂੰ ਪੱਟਨ ਦੀ ਕਰਨੀ

ਨ ਸਮਝਿਆ ਬਹੁਤ ਸਮਝਾਉਨ ਤੋਂ ਭੀ, ਪਕੀ ਨਿਸਚਾ ਓਸ ਠਹਿਰਾ ਲਈਏ
ਪੰਜ ਸੌ ਮਜ਼ੈਲ ਸੀ ਨਾਲ ਓਹਦੇ, ਓਹਨਾਂ ਨਾਲ ਸਲਾਹ ਪਕਾ ਲਈਏ
ਏਥੇ ਕਿਉਂ ਮਰਦੇ ਪਏ ਬਿਨਾਂ ਆਈਂ ਚਲੋ ਭਜਕੇ ਜਾਨ ਬਚਾ ਲਈਏ
ਏਹ ਗੁਰੂ ਕੁਪਤ ਦੀ ਜੜ ਭਾਈ, ਪਲਾ ਏਸਦੇ ਪਾਸੋਂ ਛੁਡਾ ਲਈਏ
ਹੋਸ਼ ਸੰਭਾਲੀ ਪਿਛੋਂ ਤੇ ਪਹਿਲਾਂ ਇਸਨੇ, ਨਾਲ ਹਾਕਮਾਂ ਤੇਗ ਉਠਾ ਲਈਏ
ਏਥੇ ਰੋਜ਼ ਕੁਪਤ ਏਹ ਪਏ ਰਹਿਣੇ, ਕਿਉਂ ਆਪਣਾ ਆਪ ਗਵਾ ਲਈਏ

ਕਿਸੇ ਵੇਲੇ ਕੁਮੌਤੇ ਹੀ ਮਰਾਂਗੇ ਜੀ, ਚਲੋ ਪੈਰ ਇਥੋਂ ਖਿਸਕਾ ਲਈਏ
ਸਾਡੇ ਆਪਣੇ ਵਸ ਕਰਤਾਰ ਸਿੰਘਾ, ਧੀਰ ਮਲ ਨੂੰ ਗੁਰੂ ਬਣਾ ਲਈਏ

ਵਾਕ ਕਵੀ

ਮੁਫਤ ਖੋਰਿਆਂ ਦੀ ਮਤ ਮਾਰੀ ਹੋਈ ਸੀ, ਦੋਵੇਂ ਸਿਦਕ ਭਰੋਸਾ ਗਵਾ ਲਏ
ਗਲਾਂ ਕਰਕੇ ਪਾਜੀਆਂ ਵਾਲੀਆਂ ਜੀ, ਬਹੁਤੇ ਆਪਣੇ ਨਾਲ ਰਲਾ ਲਏ
ਪਕੇ ਸਿਦਕੀ ਲਗੇ ਨ ਕਹੇ ਓਹਦੇ, ਸਤਿਗੁਰਾਂ ਨੇ ਆਪ ਬਚਾ ਲਏ
ਅਧੀ ਰਾਤ ਨੂੰ ਉੱਠ ਕਰਤਾਰ ਸਿੰਘਾ; ਨਸ ਜਾਣ ਦੇ ਮਤੇ ਪਕਾ ਲਏ

ਦੁਨੀ ਚੰਦ ਦੀ ਲਤ ਟੁਟਣੀ ਤੇ ਦੁਖੀ ਹੋ ਕੇ ਘਰ ਪਹੁੰਚਣਾ

ਚੋਰੀ ਬਿਸਤਰੇ ਬੰਨ੍ਹ ਲਏ ਸਾਰਿਆਂ ਨੇ, ਵੇਖੋ ਇਹ ਵੀ ਭਾਣਾ ਕਰਤਾਰ ਹੋਯਾ
ਕੋਠੋਂ ਟਪਦੇ ਦੀ ਡਿਗ ਲਤ ਟੁਟੀ, ਸਟਾਂ ਲਗੀਆਂ ਬਹੁਤ ਲਾਚਾਰ ਹੋਯਾ
ਸਾਥੀ ਪਾ ਮੰਜੇ ਲੈ ਕੇ ਰਾਹ ਪਏ, ਗੁਰ ਘਰੋਂ ਬੇਮੁਖ ਬੁਰਯਾਰ ਹੋਯਾ
ਦੁਖੀ ਹੋ ਮਜੀਠੇ ਦੇ ਵਿਚ ਪਹੁੰਚਾ, ਆਨ ਦੁਖ ਸਿਰ ਤੇ ਅਸਵਾਰ ਹੋਯਾ
ਟਲੀ ਮੌਤ ਨ ਅੰਤ ਨੂੰ ਮਰ ਗਿਆ, ਨਾਮ ਸਦਾ ਦੇ ਲਈ ਖਵਾਰ ਹੋਯਾ
ਮੂਸਾ ਮੌਤ ਤੋਂ ਭਜਾ ਕਰਤਾਰ ਸਿੰਘਾ, ਓਸੇ ਮੌਤ ਦਾ ਅੰਤ ਸ਼ਿਕਾਰ ਹੋਯਾ

ਸਤਿਗੁਰਾਂ ਨੇ ਇਹੋ ਸੁਨਣਾ ਤੇ ਸਰਾਪ ਦੇਣਾ

ਔਖੇ ਵੇਲੇ ਪਾਪੀ ਮੁਖਮੋੜ ਗਿਆ, ਦੁਨੀ ਚੰਦ ਦੀ ਯਾਦ ਬੁਰਿਆਈ ਰਹੇਗੀ
ਜਿਸ ਮੌਤ ਤੋਂ ਡਰਦਾ ਭਜ ਗਿਆ ਖਾਵੇ ਜਾਂਦਿਆਂ ਨਹੀਂ ਹਟਾਈ ਰਹੇਗੀ
ਦੁਖ ਪਾ ਕਮੌਤ ਹੀ ਮਰੇਗਾ ਜੀ, ਯਾਦ ਪੰਥ ਦੇ ਵਿਚ ਗਵਾਹੀ ਰਹੇਗੀ
ਗੁਰ ਅੰਸ ਚੁਰਾ ਕੇ ਖਾਣ ਵਾਲੇ, ਰਿਦੇ ਇਹਨਾਂ ਦੇ ਸਦਾ ਖੁਟਾਈ ਰਹੇਗੀ
ਜੋ ਮਝੈਲ ਲੜਾਈਓਂ ਡਰ ਨਠੇ, ਗਲ ਉਹਨਾਂ ਦੇ ਪਈ ਲਵਾਈ ਰਹੇਗੀ
ਆਪੋ ਵਿਚਲੜ ਮਰਨਕ੍ਰਤਾਰ ਸਿੰਘਾ,ਇਹ ਮਝੈਲਾਂਘਰੀਂ ਕਾਰਵਾਈ ਰਹੇਗੀ

ਵਾਕ ਕਵੀ

ਸਤਿਗੁਰਾਂ ਦੇ ਵਾਕ ਨ ਗਏ ਖਾਲੀ, ਛੁਟਾ ਤੀਰ ਜਿਹੜਾ ਕਾਰੀ ਕਰ ਗਿਆ

ਪਹਿਲਾਂ ਲਤ ਟੁਟੀ ਦੁਖੀ ਬਹੁਤ ਹੋਯਾ ੦ਸਪ ਲੜਕੇ ਅੰਤ ਨੂੰ ਮਰ ਗਿਆ
ਮਰ ਗਿਆ ਨ ਮੌਤ ਨੇ ਛਡਿਆ ਜੀ, ਪਿਛੇ ਲੈ ਬਦਨਾਮੀ ਨੂੰ ਧਰ ਗਿਆ
ਜਿਸ ਰਖਯਾ ਸਿਦਕ ਕ੍ਰਤਾਰ ਸਿੰਘਾ, ਓਹ ਏਸ ਜਹਾਨ ਤੋਂ ਤਰ ਗਿਆ

ਸ੍ਰੀ ਦਸਮੇਸ਼ ਜੀ ਜੀ ਨੇ ਬਚਿਤ੍ਰ ਸਿੰਘ ਨੂੰ ਤਯਾਰ ਕਰਨਾ

ਬਚਿਤ੍ਰ ਸਿੰਘ ਰਠੌਰ ਨੂੰ ਵੇਖ ਗੁਰਾਂ, ਕਹਿਆ ਸ਼ੇਰ ਇਹ ਹਥ ਦਿਖਾਏਗਾ ਜੀ
ਹਾਥੀ ਰਾਜਿਆਂ ਦਾ ਮਸਤ ਆ ਲਵੇ, ਵਿਚ ਝਟ ਦੇ ਮਾਰ ਖਪਾਏਗਾ ਜੀ
ਏਹ ਸੁਣਕੇ ਉਸਨੇ ਹਥ ਜੋੜੇ, ਬੰਦਾ ਕਰੇ ਜੋ ਗੁਰੂ ਕਰਾਇਗਾ ਜੀ
ਸਾਨੂੰ ਮੁਫਤ ਦਾ ਜਸ ਕਰਤਾਰ ਸਿੰਘਾ, ਗੁਰੂ ਨਾਨਕ ਕਾਜ ਨਿਬਾਹੇਗਾ ਜੀ

ਰਾਜਿਆਂ ਨੇ ਹਾਥੀ ਨੂੰ ਅਗੇ ਕਰਕੇ ਕਿਲੇ ਲੋਹਗੜ੍ਹ ਤੇ ਧਾਵਾ ਕਰਨਾ

ਦਿਨ ਚੜ੍ਹਦਿਆਂ ਹੀ ਰਾਜੇ ਹੋਏ ਕਠੇ, ਜਿਨਾਂ ਦਿਲੀ ਗੁਮਾਨ ਸਮਾਯਾ ਹੋਯਾ
ਲੋਹੇ ਝੂਲ ਪਾ ਕੇ ਮਥੇ ਬੰਨ੍ਹ ਤਵੇ, ਹਾਥੀਂ ਤਈਂ ਸ਼ਰਾਬ ਪਿਲਾਯਾ ਹੋਯਾ
ਮਾਰੋ ਮਾਰ ਕਰਦੇ ਕਿਲੇ ਵਲ ਆਏ, ਅਗੇ ਸਾਰਿਆਂ ਤੋਂ ਹਾਥੀ ਲਾਯਾ ਹੋਯਾ
ਫਤੇ ਕਰ ਲੈਣਾ ਕਰਤਾਰ ਸਿੰਘਾ, ਦਿਲੀ ਓਹਨਾਂ ਏਹ ਪਕ ਪਕਾਯਾ ਹੋਯਾ

ਖਾਲਸੇ ਨੇ ਮੁਕਾਬਲਾ ਕਰਨਾ ਤੇ ਬਚਿੱਤ੍ਰ ਸਿੰਘ ਨੇ ਹਾਥੀ ਨੂੰ ਬਰਛਾ ਮਾਰਨਾ

ਫੌਜ ਵੈਰੀਆ ਕਿਲੇ ਤੇ ਆਣ ਢੁਕੀ, ਮਾਰੂ ਵਜਦੇ ਸ਼ੋਰ ਕਕਾਰ ਹੋਯਾਂ
ਏਧਰ ਸਿੰਘ ਭੀ ਮੋਰਚੀਂ ਜਮ ਬੈਠੇ, ਥਾਓਂ ਥਾਈਂ ਹਰ ਇਕ ਖਬ੍ਰਦਾਰ ਹੋਯਾ
ਬਰਛਾ ਲੈ ਬਚਿਤਰ ਸਿੰਘ ਬੋਲ ਫਤੇ ਬਲੀ ਘੋੜੇ ਉਤੇ ਅਸਵਾਰ ਹੋਯਾ
ਓਹਦੇ ਨਾਲ ਉਦੇ ਸਿੰਘ ਜਥਾ ਲੈ ਕੇ, ਵੈਰੀ ਰੋਕਨੇ ਨੂੰ ਬਾਹਰਵਾਰ ਹੋਯਾ
ਉੱਚੇ ਥਾਂ ਸਤਿਗੁਰ ਜੀ ਬੈਠ ਗਏ, ਦੋਹਾਂ ਪਾਸਿਆਂ ਤੋਂ ਕਾੜ ਕਾੜ ਹੋਯਾ
ਓਧਰ ਕੇਸਰੀ ਸਿੰਘ ਝੁਕਾ ਹਾਥੀ, ਬੂਹਾ ਤੋੜਨੇ ਲਈ ਤੈਯਾਰ ਹੋਯਾ
ਧੁਸ ਦਈ ਹਾਥੀ ਆਯਾ ਬੂਹੇ ਉਤੇ, ਸਿੰਘ ਸ਼ੇਰ ਸਾਹਵੇਂ ਲਲਕਾਰ ਹੋਯਾ

---

੦ਏਹ ਪ੍ਰਸੰਗ ਦੁਨੀਚੰਦ ਦੇ ਪੋਤਰੇ ਅਨੂਪ ਸਿੰਘ ਤੇ ਸਰੂਪ ਸਿੰਘ ਨੇ ਆ ਕੇ ਸੁਨਾਯਾ ਨਾਲ ਆਪਣੇ ਦਾਦੇ ਦਾ ਕਸੂਰ ਬਖਸ਼ਾਉਣ ਲਈ ਬੜੀਆਂ ਬੇਨਤੀਆਂ ਕੀਤੀਆਂ

ਬਰਛਾ ਮਾਰਿਆ ਹੋ ਕੇ ਪਬਾਂ ਪਰ ਨੇ, ਤਵੇ ਚੀਰ ਕੇ ਤਾਲਿਓਂ ਪਾਰ ਹੋਯਾ
ਹਾਥੀ ਮਾਰ ਚੀਕਾਂ ਪਿਛਾਂ ਉਠ ਨਠਾ, ਵੜਿਆ ਫੌਜ ਦੇ ਵਿਚ ਲਾਚਾਰ ਹੋਯਾ
ਦਲ ਮਲ ਪਹਾੜੀਏ ਕਈ ਮਾਰੇ, ਰੌਲਾ ਪੈ ਗਿਆ ਵੈਰੀ ਖਵਾਰ ਹੋਯਾ
ਏਹ ਵਖ ਰਾਜੇ ਪਛਤਾਏ ਬਹੁਤੇ, ਇਹ ਭੀ ਹਲਾ ਅਸਾਡਾ ਬੇਕਾਰ ਹੋਯਾ
ਏਸ ਹਿਲਜੁਲੀ ਵਿਚ ਕਰਤਾਰ ਸਿੰਘਾ, ਚੰਗਾ ਮੌਤ ਦਾ ਗਰਮ ਬਾਜ਼ਾਰ ਹੋਯਾ

ਕੇਸਰੀ ਸਿੰਘ ਦਾ ਮਰਨਾ, ਹਿੰਮਤ ਸਿੰਘ ਹੰਡੂਰੀਏ ਤੋਂ ਅਜਮੇਰ ਚੰਦ ਦਾ ਜ਼ਖਮੀ ਹੋਣਾ

ਉਧਰ ਵਿਚ ਪਹਾੜੀਆਂ ਪਿਆ ਰੌਲਾ, ਨਿਕਲ ਸਿੰਘਾ ਨੇ ਹਲਾ ਬੁਲਾ ਦਿਤਾ
ਬਾਂਜਾ ਵਾਂਗ ਦੇ ਕੇ ਝੁਟ ਜਾ ਪਏ, ਵੈਰੀ ਵਿਚ ਤਰਥਲਾ ਮਚਾ ਦਿਤਾ
ਭਾਵੇਂ ਕੇਸਰੀ ਸਿੰਘ ਜਹੇ ਬਹੁਤੇ ਲੜੇ, ਪਰ ਸਿੰਘਾਂ ਨੇ ਪੈਰੋਂ ਹਲਾ ਦਿਤਾ
ਵਾਢ ਪਈ ਤਲਵਾਰ ਦੀ ਦੂੰਹੀਂ ਪਾਸੀਂ, ਖੂਨ ਨਾਲ ਮੈਦਾਨ ਨੁਲਾ ਦਿਤਾ
ਪਵਾਂ ਵਿਚ ਆ ਲੋਥ ਤੇ ਲੋਥ ਚੜ੍ਹੀ, ਖੇਤ ਗੜਿਆਂ ਵਾਂਗ ਵਿਛਾ ਦਿਤਾ
ਉਦੇ ਸਿੰਘ ਨੇ ਕੇਸਰੀ ਸਿੰਘ ਢਾਇਆ, ਨਾਲ ਤੇਗ ਦੇ ਸੀਸ ਉਡਾ ਦਿਤਾ
ਬਾਦਲ ਸਿੰਘ ਹਥੋਂ ਹਿੰਮਤ ਸਿੰਘ ਜਖਮੀ, ਹੋ ਕੇ ਪਿਛੇ ਨੂੰ ਮੂੰਹ ਭਵਾ ਦਿਤਾ
ਕਾਰੀ ਜਖਮ ਲਗਾ, ਅਜਮੇਰ ਚੰਦ ਨੂੰ, ਦੁਖੀ ਹੋਯਾ ਤੇ ਹੌਸਲਾ ਢਾ ਦਿਤਾ
ਆਨ ਸਿੰਘਾ ਦੇ ਹੌਸਲੇ ਵਧ ਗਏ, ਹਲਾ ਕਰਕੇ ਵੈਰੀ ਦਬਾ ਦਿਤਾ
ਨਠੇ ਛਡ ਮੈਦਾਨ ਕਰਤਾਰ ਸਿੰਘਾ, ਸਿਰ ਵਿਚ ਪਹਾੜਾਂ ਦੇ ਜਾ ਦਿਤਾ

ਵਾਕ ਕਵੀ

ਭਾਵੇਂ੦ਸਿੰਘ ਭੀ ਬਹੁਤ ਸ਼ਹੀਦ ਹੋਏ, ਪਰ ਵੈਰੀ ਮੈਦਾਨ ਵਿਚ ਮਰੇ ਬਹੁਤੇ
ਛਡ ਗਏ ਓਹ ਸਾਰੇ ਸਮਾਨ ਪਏ, ਮਾਰ ਤੇਗ ਦੀ ਤੋਂ ਭੇੜੇ ਡਰੇ ਬਹੁਤੇ
ਸਿੰਘ ਜ਼ਖਮੀ ਸਭ ਚੁਕਾ ਲਏ, ਦਾਰੂ ਦਰਮਲ ਉਨਾਂ ਦੇ ਕਰੇ ਬਹੁਤੇ
ਹੋਏ ਭਵਜਲੋਂ ਪਾਰ ਕਰਤਾਰ ਸਿੰਘਾ, ਜਿਹੜੇ ਸਿੰਘ ਮੈਦਾਨ ਵਿਚ ਲੜੇ ਬਹੁਤੇ

---

੦ਏਸ ਹਲੇ ਵਿਚ—ਸਾਹਿਬ ਚੰਦ, ਦੀਵਾਨ ਸਿੰਘ, ਸਾਧੂ ਸਿੰਘ, ਦੇਵਾ ਸਿੰਘ ਆਦਿਕ ਸਤਿਗੁਰਾਂ ਦੇ ਜਾਂਨਿਸਾਰ ਸ਼ਹੀਦ ਹੋਏ।

ਚਾਰੋਂ ਤਰਫ ਸੀ ਮੁਰਦੇ ਆਨੰਦਪੁਰ ਦੇ, ਬੋ ਆਂਵਦੀ ਹਵਾ ਖਰਾਬ ਹੋਈ
ਗਿਧ, ਕਾਓਂ ਤੇ ਜਿਦੜ ਪਾਣ ਰੌਲਾ, ਰਣਭੂਮੀ ਉਹ ਸ਼ਕਲ ਅਜ਼ਾਬ ਹੋਈ
ਕੁਝ ਦਿਨ ਜਾਕੇ ਬਾਹਰ ਕਟ ਆਈਏ, ਮਰਜ਼ੀ ਗੁਰਾਂ ਦੀ ਇਹ ਸ਼ਤਾਬ ਹੋਈ
ਕੀਰਤਪੁਰੇ ਨੂੰ ਟੁਰੇ ਕਰਤਾਰ ਸਿੰਘਾ, ਕੁਝ ਫੌਜ ਭੀ ਹਮ ਰਕਾਬ ਹੋਈ

### ਸ੍ਰੀ ਦਸਮੇਸ਼ ਜੀ ਨੇ ਨਿਰਮੋਹ ਪਿੰਡ ਪਹੁੰਚਣਾ ਤੇ ਪਹਾੜੀਆਂ ਨੇ ਫੇਰ ਹਲਾ ਕਰ ਦੇਣਾ

ਸਤਿਗੁਰ ਜੀ ਸਣੇ ਪਰਵਾਰ ਚਲੇ, ਥੋੜਾ ਬਹੁਤਾ ਸਾਮਾਨ ਲਦਵਾ ਕੇ ਜੀ
ਬਹੁਤੀ ਫੌਜ ਨੂੰ ਆਪਣੇ ਨਾਲ ਲਿਆ, ਥੋੜੀ ਕਿਲ੍ਹਿਆਂ ਵਿਚ ਟਕਾਕੇ ਜੀ
ਓਧਰ ਖਬਰ ਪਹਾੜੀਆਂ ਤਈਂ ਹੋਈ, ਪਏ ਫੇਰ ਓਹ ਕਠ ਕਰਾ ਕੇ ਜੀ
ਥੋੜ੍ਹੀ ਦੂਰ ਸਤਿਗੁਰੂ ਜੀ ਗਏ ਹੈਸਨ, ਆ ਵਜੇ ਉਹ ਵੇਲਾ ਤਕਾ ਕੇ ਜੀ
ਜਾ ਪਿੰਡ ਨਿਰਮੋਹ ਦੇ ਥੇਹ ਉਤੇ, ਬੈਠੇ ਗੁਰੂ ਜੀ ਮੋਰਚਾ ਲਾ ਕੇ ਜੀ
ਗੁਰੂ ਵਿਚ ਮੈਦਾਨ ਦੇ ਆਯਾ ਕਾਬੂ, ਦਿਤੀ ਫੌਜ ਝੁਕਾ ਸੁਨਾ ਕੇ ਜੀ
ਹਥੀਂ ਫੜ ਲੌ ਭਜ ਨੇ ਜਾਨ ਕਿਤੇ, ਕੁਦ ਪਏ ਪਹਾੜੀਏ ਧਾ ਕੇ ਜੀ
ਤੋੜੇ ਭੰਨ ਕੇ ਸਿੰਘਾਂ ਨੇ ਭੁਨ ਸੁਟੇ, ਮਾਰਾਂ ਹੇਠ ਪਹੁੰਚੇ ਜਦੋਂ ਆ ਕੇ ਜੀ
ਬੇਮੁਹਾਰਿਆਂ ਊਠਾਂ ਦੇ ਵਾਂਗ ਆਉਂਦੇ,ਤੀਰਾਂ ਗੋਲੀਆਂ ਮਾਰੇ ਉਲਟਾ ਕੇ ਜੀ
ਆਈ ਹੋਸ਼ ਪਿਛਾਂਹ ਨੂੰ ਹਟਨ ਲਗੇ, ਬਹੁਤ ਸਾਰਾ ਨੁਕਸਾਨ ਕਰਾ ਕੇ ਜੀ
ਸਿੰਘ ਕਦਮ ਨ ਇਕ ਭੀ ਵਧਣ ਦੇਂਦੇ, ਥਕ ਗਏ ਪਾਜ਼ੀ ਜ਼ੋਰ ਲਾ ਕੇ ਜੀ
ਤਿਖੇ ਗੁਰਾਂ ਦੇ ਤੀਰ ਕਰਤਾਰ ਸਿੰਘਾ, ਦੂਰ ਤਕ ਜਾਂਦੇ ਜਾਨ ਖਾ ਕੇ ਜੀ

### ਸੁਧਰਸੈਨ ਮੰਡੀ ਵਾਲੇ ਨੇ ਰਾਜਿਆਂ ਨੂੰ ਤਾਹਨਾ ਮਾਰਨਾ

ਮੰਡੀ ਵਾਲਾ ਰਾਜਾ ਭਲਾ ਲੋਕ ਹੈਸੀ, ਪਕਾ ਨਿਸਚਾ ਹੈਸੀ ਉਹ ਠਾਨ ਬੈਠਾ
ਕਹਿੰਦਾ ਰਾਜਿਓ,ਰਾਣਿਓ ਕਢ ਲਵੋ, ਤੁਹਾਡੀ ਦਿਲੀ ਜੋਸੀ ਅਰਮਾਨ ਬੈਠਾ
ਅਗੇ ਆਖਦੇ ਸਾਓ ਗੁਰੂ ਵਿਚ ਕਿਲੇ, ਹੁਣ ਵਿਚ ਮੈਦਾਨ ਦੇ ਆਨ ਬੈਠਾ
ਅਗ੍ਹਾਂ ਹੋ ਕੇ ਹਥ ਦਿਖਾਓ ਜ਼ਰਾ ਓਹ ਸਾਹਮਣੇ ਜੋ ਲਾਂਹਦਾ ਘਾਨ ਬੈਠਾ

ਕੀਹ ਲੈਣਾ ਜੇ ਏਸ ਕੁਪੱਤ ਵਿਚੋਂ, ਦੂਰ ਕਰੋ ਜੋ ਦਿਲੀਂ ਗੁਮਾਨ ਬੈਠਾ
ਸੋਹਣੀ ਸਿਖਯਾ ਏਹ ਕ੍ਰਤਾਰ ਸਿੰਘਾ, ਛਾਤੀ ਰਾਜਿਆਂ ਦੀ ਵਿਚ ਬਾਨ ਬੈਠਾ

### ਸ੍ਰੀ ਦਸਮੇਸ਼ ਜੀ ਉਪਰ ਗੋਲੇ ਦਾ ਵਾਰ

ਉਚੀ ਥਾਂ ਤੇ ਸਾਮ੍ਹਣੇ ਨਜ਼ਰ ਆਉਂਦੇ, ਗੋਲੰਦਾਜ਼ ਚੰਗੇ ਹਸ਼ਿਆਰ ਨੇ ਜੀ
ਆਖੇ ਰਾਜਿਆਂ ਦੇ ਸ਼ਿਸਤਕਰ ਸਿਧੀ, ਗੋਲਾ ਮਾਰਿਆ ਚਾਖਬਰਦਾਰ ਨੇ ਜੀ
ਰਾਮ ਸਿੰਘ ਚੋਰੀ ਵਾਲਾ ਉੱਡ ਗਿਆ, ਰਖੇ ਸਤਿਗੁਰ ਆਪ ਕਰਤਾਰ ਨੇ ਜੀ
ਗੁਸਾ ਖਾ ਕੇ ਗੋਲੰਦਾਜ਼ ਉਤੇ, ਤੀਰ ਛਡਿਆ ਦਸਮ ਅਵਤਾਰ ਨੇ ਜੀ
ਤੋਪੋਂ ਪਰੇ ਉਲਟ ਕੇ ਸਟ ਦਿਤਾ, ਵਾਂਗ ਗੋਲੇ ਦੇ ਤੀਰ ਦੀ ਮਾਰ ਨੇ ਜੀ
ਹਲਾ ਐਵੇਂ ਇਹ ਗਿਆ ਕਰਤਾਰ ਸਿੰਘਾ, ਰਾਜੇ ਝੂਰਦੇ ਹੋ ਲਾਚਾਰ ਨੇ ਜੀ

### ਰਾਜਿਆਂ ਨੇ ਆਪੋ ਮੈਦਾਨ ਛਡ ਜਾਣਾ

ਮਾਰ ਖਾ ਨੁਕਸਾਨ ਉਠਾ ਕਰਕੇ; ਫੌਜ ਰਾਜਿਆਂ ਪਿਛੇ ਹਟਾਈਏ ਜੀ
ਬੈਠ ਰਲਕੇ ਕਰਨ ਸਲਾਹ ਲਗੇ; ਅਸੀਂ ਐਵੇਂ ਨੁਕਸਾਨ ਉਠਾਈਏ ਜੀ
ਬਾਦਸ਼ਾਹ ਦੇ ਪਾਸ ਫਰਯਾਦ ਕਰਕੇ; ਫੌਜਾਂ ਦਿਲੀਓਂ ਲਿਆ ਲੜਾਈਏ ਜੀ
ਸਾਥੋਂ ਜਿਤਿਆ ਗੁਰੂ ਨਾ ਜਾਨ ਲਗਾ; ਗਲ ਬਾਦਸ਼ਾਹ ਨੂੰ ਚੁਕ ਪਾਈਏ ਜੀ
ਥਾਓਂ ਥਾਈਂ ਹੁਨ ਪਿਛਾਂ ਨੂੰ ਹਟ ਚਲੋ; ਫੇਰ ਬੈਠ ਸਲਾਹ ਪਕਾਈਏ ਜੀ
ਜਿਵੇਂ ਹੋ ਸਕੇ ਕਰਤਾਰ ਸਿੰਘਾ, ਇਸ ਵੈਰੀ ਨੂੰ ਮਾਰ ਮੁਕਾਈਏ ਜੀ

### ਵਾਕ ਕਵੀ

ਤੀਜੀ ਵਾਰ ਭੀ ਰਾਜਿਆਂ ਹਾਰ ਖਾਧੀ, ਸਿੰਘਾਂ ਬੀਰਤਾ ਚੰਗੀ ਦਿਖਾਈ ਓਥੇ
ਸਤਿਗੁਰਾਂ ਨੇ ਰੂਪ ਕਰਤਾਰ ਅੰਦਰ; ਪੰਜ ਦਿਨ ਸਮਾਧ ਲਗਾਈ ਓਥੇ
ਇਕ ਰਸ ਅਡੋਲ ਹੋ ਰਹੇ ਬੈਠੇ; ਗਲ ਬਾਤ ਨ ਕੋਈ ਚਲਾਈ ਓਥੇ
ਦਯਾ ਸਿੰਘ ਦੇ ਮੁੜ ਕੇ ਪੁਛਨੇ ਤੋਂ; ਮੋਹ ਵਿਵੇਕ ਦੀ ਕਥਾ ਸੁਨਾਈ ਉਥੇ
ਲਿਖੀ ਦਸਮ ਗ੍ਰੰਥ ਦੇ ਵਿਚ ਸਾਰੀ, ਪਾਰਸਨਾਥ ਪ੍ਰਸੰਗ ਲਿਖਾਈ ਓਥੇ
ਓਹ ਨਿਰਮੋਹਗੜ੍ਹ ਹੁਣ ਕ੍ਰਤਾਰ ਸਿੰਘਾ, ਯਾਦਗਾਰ ਹੈ ਚੰਗੀ ਬਨਾਈ ਓਥੇ

### ਸ੍ਰੀ ਦਸਮੇਸ਼ ਜੀ ਨੇ ਫੇਰ ਅਨੰਦਪੁਰ ਆ ਜਾਣਾ

ਕੁਝ ਦਿਨ ਨਿਰਮੋਹਗੜ੍ਹ ਰਹਿ ਕਰਕੇ, ਸਤਿਗੁਰ ਅਨੰਦਪੁਰ ਆਏ ਮੁੜਕੇ
ਵਿਚ ਜੰਗ ਜੋ ਥਾਂ ਬਰਬਾਦ ਹੋਏ, ਓਹ ਸਾਰੇ ਦਰੁਸਤ ਕਰਾਏ ਮੁੜਕੇ
ਦਾਰੂ, ਸਿਕਾ ਹਥਯਾਰ ਜੋ ਖਰਚ ਹੋਏ, ਓਦੂੰ ਦੂਣੇ ਚੌਣੇ ਬਣਵਾਏ ਮੁੜਕੇ
ਖਾਣਾ, ਦਾਣਾ ਭੀ ਜਮ੍ਹਾਂ ਕਰਾਯਾ ਬਹੁਤਾ, ਘਾਟੇ ਕਰ ਪੂਰੇ ਰਖਵਾਏ ਮੁੜਕੇ
ਸੁਣ ਸੰਗਤਾਂ ਹੁਮ ਹੁਮਾ ਆਈਆਂ, ਏਨੇ ਆਨ ਚੜ੍ਹਾਵੇ ਚੜ੍ਹਾਏ ਮੁੜਕੇ
ਭਰ ਗਏ ਖਜ਼ਾਨੇ ਨਾ ਰਿਹਾ ਘਾਟਾ; ਸਿੰਘਾਂ ਹੌਸਲੇ ਬਹੁਤ ਵਧਾਏ ਮੁੜਕੇ
ਸਿਖ ਸੈਂਕੜੇ ਸਿਦਕੀ ਬੀਰ ਯੋਧੇ, ਆਨ ਡੇਰੇ ਅਨੰਦਪੁਰ ਲਾਏ ਮੁੜਕੇ
ਕਈ ਹੋਏ ਨਿਰਮੋਹ ਕ੍ਰਤਾਰ ਸਿੰਘਾ, ਜਿਨ੍ਹਾਂ ਘਰਾਂ ਦੇ ਮੋਹ ਨਚਾਏ ਮੁੜਕੇ

### ਉਸ ਵੇਲੇ ਦੇ ਸਿਖਾਂ ਦਾ ਪ੍ਰੇਮ

ਵਾਹ, ਸਿਦਕ ਸਨ ਉਨ੍ਹਾਂ ਪ੍ਰੇਮੀਆਂ ਦੇ, ਸਿਖੀ ਕਰ ਪੂਰੀ ਦਿਖਲਾਂਵਦੇ ਸਨ
ਬਾਦਸ਼ਾਹ ਹਾਕਮ ਵੈਰੀ ਸਿਰਉਪੇ, ਹਰ ਸਾਲ ਦੀਦਾਰ ਨੂੰ ਆਂਵਦੇ ਸਨ
ਤਨਮਨ ਤੇ ਧਨ ਕੁਰਬਾਨ ਕਰਕੇ, ਖੁਸ਼ੀ ਸਤਿਗੁਰਾਂ ਦੀ ਸਦਾ ਚਾਂਹਵਦੇ ਸਨ
ਨਾਲ ਵੈਰੀਆਂ ਦੇ ਜੰਗ ਕਰਨ ਲਈ, ਬਿਨਾਂ ਤਲਬੋਂ ਘਰਾਂ ਤੋਂ ਆਂਵਦੇ ਸਨ
ਧੰਨ ਭਾਗ ਸ਼ਹੀਦੀਆਂ ਮਿਲਨ ਸਾਨੂੰ, ਅਗੇ ਹੋ ਕੇ ਜੰਗ ਮਚਾਂਵਦੇ ਸਨ
ਸੇਵਾਸਤਿਗੁਰਾਂਦੀ ਕਰਨ ਆਉਂਦੇਸਨ, ਖੁਸ਼ ਘਰਾਂ ਤੋਂ ਬੰਨ੍ਹ ਲਿਆਂਵਦੇ ਸਨ
ਗੁਰੂ ਲੇਖੇ ਸਰੀਰ ਏਹ ਲਗ ਜਾਏ, ਵਡੀ ਖਾਹਿਸ਼ ਦਿਲੀਂ ਰਖਾਂਵਦੇ ਸਨ
ਘਰਬਾਰ ਪ੍ਰਵਾਰ ਸਤਿਗੁਰ ਜੀ ਦਾ, ਆਪਾ ਭਾਵ ਇਕ ਦਮ ਮਿਟਾਂਵਦੇ ਸਨ
ਓਹ ਸਿਖੀ ਪਰੇਮ ਦੀ ਧਾਰਦੇ ਸਨ, ਬਣ ਕਰ ਨਮੂਨੇ ਦਿਖਾਂਵਦੇ ਸਨ
ਏਸ ਦੇਹ ਤਾਈਂ ਕਰਤਾਰ ਸਿੰਘਾ, ਓਹ ਸਫਲੀ ਕਰਕੇ ਜਾਂਵਦੇ ਸਨ

### ਭਾਈ ਆਸਾ ਸਿੰਘ ਦੀ ਸਾਖੀ

ਰਾਜੇ ਖੁੰਬ ਠਪਾ ਕੇ ਬੈਠ ਗਏ ਸੁਣੋ ਸੋਹਣੀਆਂ ਸਾਖੀਆਂ ਹੋਰ ਭਾਈ
ਆਸਾ ਸਿੰਘ ਸੇਵਕ ਇਕ ਗੁਰੂਜੀ ਦਾ, ਰਖੇ ਵਾਹਿਗੁਰੂ ਤੇ ਸਦਾ ਜ਼ੋਰ ਭਾਈ
ਟੌਂਬੂ ਗੁਰੂਘਰਦੇ ਸਦਾ ਲਿਖਦਾ ਸੀ, ਚੰਗਾ ਸਿਦਕ ਵਾਲਾ ਨਾਸੀ ਚੋਰ ਭਾਈ
ਓਹਦੇ ਪਾਸ ਇਕ ਸਿਖ ਨੇ ਅਰਜ਼ ਕੀਤੀ, ਮੈਂ ਗਰੀਬ ਮੇਰਾ ਕੰਮ ਟੋਰ ਭਾਈ
ਬੇਟੀ ਵਿਆਹੁਨ ਜੋਗੀ ਮੈਂ ਗਰੀਬ ਬਹੁਤਾ, ਜਿਵੇਂ ਪੁਜੂ ਤਿਵੇਂ ਜੋੜਤੋੜ ਭਾਈ
ਪੰਜ ਸੌ ਦਾ ਟੌਂਬੂ ਖਜ਼ਾਨਚੀ ਤੇ, ਕਰ ਦਿਤਾ ਬਿਨ ਗੁਰਾਂ ਦੀ ਮੋਹਰ ਭਾਈ
ਓਹ ਲੈ ਕੇ ਘਰ ਨੂੰ ਚਲਾ ਗਿਆ, ਪੂਰੀ ਹੋ ਗਈ ਓਸ ਦੀ ਲੋੜ ਭਾਈ
ਜਦ ਹੋਯਾ ਹਿਸਾਬ ਤੇ ਪੁਛ ਹੋਈ, ਨਠਾ ਘਰ ਨੂੰ ਹੌਂਸਲਾ ਤੋੜ ਭਾਈ
ਦਿਲੋਂ ਡਰਦਾ ਗੁਰਾਂ ਦੇ ਕੋਪ ਪਾਸੋਂ, ਕਰ ਚਿਤ ਤਾਈਂ ਕਮਜ਼ੋਰ ਭਾਈ
ਦਾਸ ਜਾਣ ਲੌ ਬਖਸ਼ ਕਰਤਾਰ ਸਿੰਘਾ, ਮੇਰਾ ਹੋਰ ਨਾਹੀਂ ਕੁਝ ਜ਼ੋਰ ਭਾਈ

### ਸਤਿਗੁਰਾਂ ਦੇ ਪੁਛਣ ਤੇ ਆਸਾ ਸਿੰਘ ਨੇ ਜਵਾਬ ਲਿਖਣਾ

ਸਾਡੀ ਮੋਹਰ ਬਿਨਾਂ ਕਿਉਂ ਰੁਪਏ ਇਤਨੇ, ਲੇਖਜਾਨੇਵਿਚੋਂ ਕਿਸਕਾਰ ਬਦਲੇ
ਆਸਾਸਿੰਘ ਨੇ ਘਰੋਂ ਹੀਲਿਖੀ ਬਿਨੈ, ਮੈਂ ਕਢਾਏ ਨ ਕਿਸੇ ਰੁਜ਼ਗਾਰ ਬਦਲੇ
ਚੋਰੀ ਕੀਤੀ ਬੇਸ਼ਕ ਮੈਂ ਗੁਰੂ ਸਾਹਿਬ, ਪਰ ਨਿਰੀ ਪੁਰੀ ਉਪਕਾਰ ਬਦਲੇ
ਗੁਰਾਂ ਬਕਸ਼ ਦਿਤਾ ਕ੍ਰਤਾਰ ਸਿੰਘਾ, ਓਹਦੇ ਸੁਚੇ ਨਿਰਛਲ ਵਿਹਾਰ ਬਦਲੇ

### ਆਸਾ ਸਿੰਘ ਦਾ ਲਿਖਯਾ ਹੋਯਾ ਦੋਹਰਾ

ਫਟ ਛਾਤੀ ਦੋ ਟੂਕ 'ਭਈ' ਰੁਦਨ ਕਰਤ ਲਿਖ ਜਾਤ ॥
ਪਰਸਵਾਰਦ ਉਪਕਾਰ ਬਿਨ, ਮੋਹਿ ਨ ਉਪਜਤ ਸ਼ਾਂਤ ॥

### ਸਾਖੀ ਰਾਮ ਸਿੰਘ ਸਿਕਲੀਗਰ (ਤਲਵਾਰਾਂ ਮਾਂਜਣ ਵਾਲੇ ਦੀ)

ਰਾਮ ਸਿੰਘ ਸਿਕਲੀਗਰ ਮਾਰਵਾੜੀ, ਸੇਵਾ ਸ਼ਸਤ੍ਰਾਂ ਦੀ ਨਿਤ ਕਰੇ ਭਾਈ
ਪੈਰ ਹੇਠ ਦਬਾ ਕੇ ਸ੍ਰੀ ਸਾਹਿਬ, ਮਾਂਜ ਮਾਂਜ ਸੰਗਾਰ ਸਭ ਹਰੇ ਭਾਈ
ਵੇਖ ਸਿੰਘ ਉਸ ਨੂੰ ਹੋਏ ਬੜੇ ਗੁਸੇ, ਲਗੇ ਝੂਰਨੇ ਹੋ ਕੇ ਖੜੇ ਭਾਈ
'ਸੈਰ, ਸਰੋਹੀ, ਸੈਹਥੀ ਏਹੀ ਹਮਾਰੇ ਪੀਰ, ਸਤਿਗੁਰਾਂ ਨੇ ਵਾਕ ਉਕਰੇ ਭਾਈ
ਕਰੇ ਤੂੰ ਬੇ ਅਬਦੀ ਹੇਠ ਪੈਰਾਂ, ਸਾਡਾ ਚਿਤ ਨ ਵੇਖ ਕੇ ਜਰੇ ਭਾਈ
ਓਹ ਚਲੇ ਗਏ ਆਖ ਕਰਤਾਰ ਸਿੰਘਾ, ਓਸ ਚੁਕ ਸ਼ਸਤ੍ਰ ਸਿਰ ਧਰੇ ਭਾਈ

### ਸ੍ਰੀ ਦਸਮੇਸ਼ ਜੀ ਨੇ ਪੁਛਣਾ ਕਿ ਸ਼ਸਤ੍ਰ ਸਿਰ ਤੇ ਕਿਉਂ ਧਰ ਰਖੇ ਹਨ

ਥੋੜੇ ਚਿਰਾਂ ਨੂੰ ਗੁਰੂ ਜੀ ਆਏ ਓਧਰ, ਕੰਮ ਵੇਖਿਆ ਨਾਲ ਧਿਆਨ ਸਾਰਾ
ਸਿਕਲੀਗਰਾਂ ਨੇ ਸਿਰਾਂ ਤੇ ਧਰੇ ਸ਼ਸਤ੍ਰ, ਪਿਆ ਜਿਮੀਂ ਤੇ ਹੋਰ ਸਾਮਾਨ ਸਾਰਾ
ਗੁਰਾਂ ਪੁਛਿਆ ਹੋ ਹੈਰਾਨ ਉਸ ਤੋਂ, ਓਸ ਦਸਿਆ ਖੋਲ੍ਹ ਬਿਆਨ ਸਾਰਾ
ਹਸੇ ਗੁਰੂ ਜੀ ਬੜੇ ਕਰਤਾਰ ਸਿੰਘਾ, ਦੋਹਾਂ ਧਿਰਾਂ ਦਾ ਪ੍ਰੇਮ ਪਛਾਨ ਭਾਰਾ

### ਸ੍ਰੀ ਦਸਮੇਸ਼ ਜੀ ਦੀ ਆਗਿਆ

ਤੁਹਾਡਾ ਕੰਮ ਏਹੋ ਤੁਸੀਂ ਕਰੋ ਭਾਈ, ਦਿਲ ਵਿਚੋਂ ਹੈ ਸਚੀ ਪ੍ਰੀਤ ਤੁਹਾਡੀ
ਤੁਸੀਂ ਸੇਵਾ ਕਰ ਰਹੇ ਹੋ ਸ਼ਸਤ੍ਰਾਂ ਦੀ, ਨਹੀਂ ਬੇਅਦਬੀ ਦੀ ਕੁਝ ਨੀਤ ਤੁਹਾਡੀ
ਲਾਹ ਮੈਲ ਜੰਗਾਰ ਤੇ ਸਾਫ ਕਰੋ, ਸ਼ਸਤ੍ਰ ਮਾਂਜਣੇ ਮੁਢੋਂ ਹੈ ਰੀਤ ਤੁਹਾਡੀ
ਸ਼ਸਤ੍ਰਧਾਰੀ ਨ ਬਣੇ ਕਰਤਾਰ ਸਿੰਘਾ, ਉਮਰ ਮਾਂਜਦਿਆਂ ਗਈ ਹੈ ਬੀਤ ਤੁਹਾਡੀ

### ਸਾਖੀ ਪੂਰਨ ਸੈਣ ਦੀ

ਮਾਤਾ ਗੁਜਰੀ ਸਾਹਿਬ ਅਕੇਤ ਬੈਠੇ, ਪੜ੍ਹਨ ਸੁਖਮਨੀ ਸਾਹਿਬ ਸੁਰਾਗ ਗਉੜੀ
ਅਸ਼ਟਪਦੀ ਨਾਵੀਂ ਵਿਚ ਪਾਠ ਆਯਾ, ਪੜ੍ਹੀ ਧਯਾਨਲਾ ਸਤਵੀਜਦੋਂ ਪਉੜੀ

ਤਥਾ

ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤ ਸੋਊ ਕਹਾਵੈ ॥
ਤੈਸਾ, ਹਰਖ ਤੈਸਾ ਉਸੁ ਸੋਗੁ ॥ ਸਦਾ ਅਨੰਦ ਤਹ ਨਹੀਂ ਬਿਓਗੁ ॥
ਤੈਸਾ ਸੁਵਰਨ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤ ਤੈਸੀ ਬਿਖੁ ਖਾਟੀ ॥
ਤੈਸਾ ਮਾਨ ਤੈਸਾ ਅਭਿਮਾਂਨੁ ॥ ਤੈਸਾ ਰੰਕੁ ਤੈਸਾ ਰਾਜਾਨ ॥
ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹਿਐ ਜੀਵਨ ਮੁਕਤਿ ॥
ਅਜਕਲ ਕੋਈ ਐਸਾ ਸੰਤ ਹੋਸੀ, ਏਹ ਦਿਲਾਂ ਦੇ ਵਿਚ ਦਲੀਲ ਦਊੜੀ
ਪੁਛੇ ਗੁਰਾਂਤੋਂ ਮਾਤਾ ਕਰਤਾਰ ਸਿੰਘਾ, ਇਕ ਦਿਨ ਕਰਕੇ ਗਲ ਲੰਬੀ ਚਊੜੀ

ਮਾਤਾ ਜੀ ਨੇ ਸ੍ਰੀ ਦਸਮੇਸ਼ ਜੀ ਤੋਂ ਪੁਛਨਾ

ਵਿਚ ਸੁਖਮਨੀ ਸਾਸਿਬ ਦੇਵਡੇ ਗੁਰਾਂ, ਕੀਤੀ ਸੰਤਜੀ ਦੀ ਹੈ ਵਡਯਾਈ ਵਡੀ
ਓਹੇ ਜਿਹਾ ਕੋ ਅਜ ਭੀ ਸੰਤ ਹੈ ਜੀ, ਕੀਤੀ ਹੋਈ ਜਿਸ ਏਡ ਕਮਾਈ ਵਡੀ
ਸਾਨੂੰ ਲਿਆ ਕਰਾਓ ਜ਼ਰੂਰ ਦਰਸ਼ਨ, ਖਟੀ ਹੋਵੇ ਜਿਸ ਨੇ ਭਲਯਾਈ ਵਡੀ
ਪੂਰਨ ਸੰਤ ਨੂੰ ਅਸੀਂ ਕਰਤਾਰ ਸਿੰਘਾ, ਅਖੀਂ ਵੇਖੀਏ ਆਖਦੀ ਮਾਈ ਵਡੀ

ਸ੍ਰੀ ਦਸਮੇਸ਼ ਜੀ

ਸੰਤ ਬ੍ਰਹਮ ਗਯਾਨੀਦੇਜੋ ਲਿਖੇ ਲਛਨ, ਸਤਿਗੁਰਾ ਨੇ ਜਗਤ ਸੁਧਾਰ ਵਾਲੇ
ਓਹਨਾਂ ਥੋੜ੍ਹਿਆ ਦੇਉਤੇਘਟਨਗੇ ਜੀ, ਵਿਰਲੇ ਮਿਲਨਗੇ ਪੂਰੀਵਿਚਾਰ ਵਾਲੇ
ਜਗ ਭਿਰਆ ਪਿਆ ਹੈ ਭੇਖੀਆਂ ਦਾ, ਬੇਸ਼ੁਮਾਰ ਫਿਰਦੇ ਜਾਰੀਕਾਰ ਵਾਲੇ
ਟੁਕਰਬੋਚ ਬੇਅੰਤ ਕਰਤਾਰ ਸਿੰਘਾ, ਥੋੜੇ ਹੋਣਗੇ ਭਜਨ ਕਰਤਾਰ ਵਾਲੇ

ਪ੍ਰਸ਼ਨ ਮਾਤਾ ਜੀ

ਚੰਗੀ ਤਰ੍ਹਾਂ ਵਿਸਥਾਰ ਦੇਨਾਲ ਦਸੋ, ਸਾਨੂੰ ਲਛਨ ਵਾਹਿਗੁਰੂ ਪਯਾਰਿਆਂ ਦੇ

ਭੇਖਾਧਾਰੀ ਡਿਠੇ ਅਸਾਂ ਬਹੁਤ ਵਾਰੀ, ਲੋੜਵੰਦ ਜੋ ਨਿਰੇ ਗੁਜਾਰਿਆਂ ਦੇ
ਚਿਤ ਵੇਖ ਪਰਸੰਨ ਨ ਉਨ੍ਹਾਂ ਤਾਈਂ, ਰੰਗੇ ਕਪੜੇ ਜਿਨ੍ਹਾਂ ਨਕਾਰਿਆਂ ਦੇ
ਮਾਰੇ ਲੋਭ ਦੇ ਫਿਰਨ ਕਰਤਾਰਸਿੰਘਾ ਪਲੇ ਹੋਣਾ ਕੀਹਉਨ੍ਹਾਂ ਵਿਚ ਗਿਆਂ ਦੇ

ਸ੍ਰੀ ਦਸਮੇਸ਼ ਜੀ ਨੇ ਪੂਰੇ ਸੰਤ ਦੇ ਲਛਣ ਦਸਣੇ

ਲੁਕੀ ਆਪ ਤੋਂ ਮਾਤਾਜੀਗਲ ਕਿਹੜੀ, ਤੁਸੀਂ ਆਪਹੋ ਬ੍ਰਹਮ ਗਯਾਨ ਵਾਲੇ
ਤੁਹਾਡੇ ਘਰ ਦੇਵਿਚ ਕਈ ਹੋਏਸੇਵਕ,ਪਯਾਰੇ ਰਬ ਦੇ ਭਜਨ ਭਗਵਾਨ ਵਾਲੇ
ਕਈ ਸੈਂਕੜੇ ਜੀਵਨ ਮੁਕਤ ਹੋਏ, ਤਯਾਗੇ ਜਿਨ੍ਹਾਂ ਨੇ ਰਸ ਜਹਾਨ ਵਾਲੇ
ਵਡੇ ਗੁਰਾਂ ਨੇ ਲਿਖੇ ਕਰਤਾਰ ਸਿੰਘਾ, ਏਹ ਲਛਣ ਖਾਸ ਪਛਾਣ ਵਾਲੇ

ਤਥਾ

ਗੁਰਵਾਕ–ਮੰਤਰ ਰਾਮ ਰਾਮ ਨਾਮੰ ਧਯਾਨੰ ਸਰਬਤ ਪੂਰਨਹ ॥
ਗਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਤਹ ॥
ਭੋਜਨੰਗੋਪਾਲ ਕੀਰਤਨੰ ਅਲਪਮਾਯਾ ਜਲਕਮਲ੍ਰਹਿਤਹ ॥
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥
ਪ੍ਰਨਿੰਦਾ ਨਹਸਰੰਤਿਸ੍ਰਵਨੰਆ ਪਤਿਆਗ ਸਗਲਰੇਣਕਹ ॥
ਖਟ ਲਖਣ ਪੂਰਨੰ ਪੁਰਖਹ ਨਾਨਕ ਨਾਮਸਾਧ ਸਜਨਹ ॥

(ਮ: ੫ ਸਲੋਕ ਸਹਸਕ੍ਰਿਤੀ)

ਪੁਨਃ–ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ ॥
ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ ॥
ਦੁਖੁ ਸੁਖੁ ਏ ਬਾਧੇ ਜਿਹ ਨਾਹਿ ਨ ਤਿਹ ਤੁਮ ਜਾਨਉ ਗਿਆਨੀ ॥

ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿਕੋ ਜੋ ਪ੍ਰਾਨੀ ॥

(ਗਉੜੀ ਮ: ੯)

ਪੁਨਾ–ਦੂਖ ਰੋਗ ਬਿਨਸੇ ਭੈ ਭਰਮ ॥
ਸਾਧ ਨਾਮ ਨਿਰਮਲ ਤਾ ਕੇ ਕਰਮ ॥

(ਗਉੜੀ ਸੁਖਮਨੀ)

ਪੁਨਾ–ਆਠ ਪਹਰ ਨਿਕਟ ਕਰਿਜਾਨੈ ॥ ਪ੍ਰਭ ਕਾ ਕੀਆ ਮੀਠਾ ਮਾਨੈ ॥
ਏਕ ਨਾਮ ਸੰਤਨ ਆਧਾਰੁ ॥ ਹੋਇ ਰਹੇ ਸਭ ਕੀ ਪਗਛਾਰੁ ॥
ਸੰਤ ਰਹਿਤ ਸੁਨਹੁ ਮੇਰੇ ਭਾਈ॥ ਉਆ ਕੀ ਮਹਿਮਾ ਕਥਨ ਜ ਜਾਈ ॥
ਵਰਤਣਿ ਜਾਕੈ ਕੇਵਲ ਨਾਮ ॥ ਆਨਦ ਰੂਪ ਕੀਰਤਨੁ ਬਿਸਰਾਮ ॥
ਮਿਤ੍ਰ ਸਤ੍ਰ ਜਾਕੈ ਇਕ ਸਮਾਨੈ॥ ਪ੍ਰਭ ਅਪਨੇ ਬਿਨ ਅਵਰ ਨ ਜਾਨੈ ॥
ਕੋਟਿ ਕੋਟਿ ਅਘ ਕਾਟਨਹਾਰਾ॥ ਦੁਖ ਦੂਰਿ ਕਰਨਜੀਅਕੇ ਦਾਤਾਤਾ ॥
ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥
ਤਾਕਾ ਸੰਗੁ ਬਾਛਹਿ ਸੁਖਦੇਵ ॥ ਅਮੋਘ ਦਰਸੁ ਸਫਲ ਜਾਕੀ ਸੇਵ ॥
ਕਰਜੋੜ ਨਾਨਕ ਕਰੇ ਅਰਦਾਸਿ॥ਮੋਹ ਸੰਤ ਟਹਲਦੀ ਜੇ ਗੁਣਤਾਸ ॥

ਤਥਾ

ਸਾਧ ਸੋਇ ਜੋ ਸਾਧਨਾ ਕਰੇ ਮਨ ਦੀ, ਮਨ ਵਿਸ਼ੇ ਵਿਕਾਰ ਫਸਾਏ ਨਾਹੀਂ
ਬਾਹਰ ਜਾਂਦੇ ਮਨ ਨੂੰ ਅੰਦਰ ਰੋਕ ਰਖੇ,ਕਾਮ, ਕ੍ਰੋਧ, ਮੋਹ,ਲੋਭ ਵਧਾਏ ਨਾਹੀਂ
ਰਖੇ ਖਾਹਸ਼ ਨ ਮੂਲ ਪਦਾਰਥਾਂ ਦੀ, ਤੇ ਸੰਕਲਪ ਵਿਕਲਪ ਉਠਾਏ ਨਾਹੀਂ
ਚਿਤ ਬ੍ਰਿਤੀ ਨੂੰ ਰੋਕ ਕੇ ਸਦਾ ਰਖੇ, ਬਿਨ ਭਜਨ ਦੇ ਸਵਾਸ ਲੰਘਾਏ ਨਾਹੀਂ
ਕਾਕਵਿਸ਼ਟ ਜਿਉਂ ਸਮਝ ਪਦਾਰਥਾਂਨੂੰ,ਮੋਹ ਮਾਯਾ ਦਾ ਚਿਤ ਨੂੰ ਲਾਏ ਨਾਹੀਂ

ਯਥਾ ਲਾਭ ਸੰਤੁਸ਼ਟ ਹੋ ਰਹੇ ਸਦਾ, ਹਥੋਂ ਸ਼ਾਂਤ ਸੰਤੋਖ ਗਵਾਏ ਨਾਹੀਂ
ਭਾਣਾ ਮੰਨ ਅਕਾਲ ਦਾ ਰਹੇ ਰਾਜ਼ੀ, ਹੁਜਤ ਆਪਣੀ ਵਿਚ ਚਲਾਏ ਨਾਹੀਂ
ਦੁਖ ਭੁਖ ਅੰਦਰ ਇਕੋ ਰਸ ਰਹੇ, ਭੇਦ ਮਾਨ ਅਪਮਾਨ ਰਖਾਏ ਨਾਹੀਂ
ਉਸਤਤ ਨਿੰਦਯਾ ਨੂੰ ਦਿਲੋਂ ਦੂਰ ਕਰੇ, ਝੂਠੀ ਮਾਨ ਵਡਯਾਈ ਨੂੰ ਚਾਏ ਨਾਹੀਂ
ਧੀਆਂ, ਪੁਤ ਪ੍ਰਵਾਰ ਕ੍ਰਤਾਰ ਦੇ ਨੇ, ਏਨ੍ਹਾਂ ਵਿਚ ਅਪਣਿਤ ਲਿਆਏ ਨਾਹੀਂ
ਸਾਰਾ ਜਗ ਅਕਾਲ ਦਾ ਰੂਪ ਸਮਝੇ, ਬੁਰਾ ਕਿਸੇ ਦਾ ਮੂਲ ਮਨਾਏ ਨਾਹੀਂ
ਪਰ ਧਨ, ਪਰ ਤਨ ਦਾ ਤਯਾਗ ਕਰੇ, ਪਰ ਅੰਸ਼ ਤੇ ਚਿਤ ਡੁਲਾਏ ਨਾਹੀਂ
ਦਯਾ, ਖਿਮਾ ਤੇ ਸਤ ਸੰਤੋਖ ਅੰਦਰ, ਰਖੇ ਬ੍ਰਿਤੀ ਨੂੰ ਕਿਤੇ ਭਟਕਾਏ ਨਾਹੀਂ
ਆਪ ਜਪੇ ਜਪਾਏ ਸੋ ਹੋਰਨਾਂ ਨੂੰ, ਖਾ, ਸੌਂ ਦਿਨ ਰਾਤ ਬਿਤਾਏ ਨਾਹੀਂ
ਕੰਵਲ ਫੁਲ ਵਾਂਗੂੰ ਨਿਰਲੇਪ ਰਹੇ, ਆਸ਼ਾ ਤ੍ਰਿਸ਼ਨਾ ਜਿਨ੍ਹੂੰ ਰੁੜ੍ਹਾਏ ਨਾਹੀਂ
ਵੈਰ, ਈਰਖਾ ਕਿਸੇ ਨਾਲ ਕੋਈ ਨ, ਰਾਗ ਦ੍ਵੈਖ ਦੀ ਅਗ ਜਲਾਏ ਨਾਹੀਂ
ਜ਼ਾਹਿਰਾ ਦੁਨੀਆਂਦਾਰੀ ਦੇ ਵਿਚ ਦਿਸੇ, ਦਿਲੋਂ ਲੇਸਰਤੀ ਮੋਹ ਮਾਏ ਨਾਹੀਂ
ਜਿਵੇਂ ਰਹੇ ਮੁਰਗਾਈਆ ਆ ਵਿਚ ਪਾਣੀ, ਤਿਵੇਂ ਰਹੇ ਤੇ ਲੇਪ ਲਿਪਟਾਏ ਨਾਹੀਂ
ਪੂਰੀ ਰੂਪ ਸਰੂਪ ਦੀ ਲੱਖਤਾ ਹੋਏ, ਐਵੇਂ ਚੜ੍ਹ ਮੁਨਾਰੇ ਅੜਾਏ ਨਾਹੀਂ
ਬ੍ਰਹਮ ਗਯਾਨ ਦੀ ਪੂਰੀ ਪ੍ਰਾਪਤੀ ਹੋ, ਐਵੇਂ ਫੋਕੇ ਗਯਾਨ ਸੁਣਾਏ ਨਾਹੀਂ
ਖਟ, ਘਾਲ ਹਥੋਂ ਕੁਝ ਦੇ ਸਦਾ, ਮੰਗ, ਮੰਗ ਕੇ ਟੁਕੜੇ ਖਾਏ ਨਾਹੀਂ
ਤਨ ਧਨ ਉਪਕਾਰ ਤੇ ਲਾ ਦੇਵੇ; ਸਿਰ ਜਾਏ ਹਥੋਂ ਧਰਮ ਜਾਏ ਨਾਹੀਂ
ਐਸਾਂ ਕੋ ਇਕ ਪੁਰਖ ਕ੍ਰਤਾਰ ਸਿੰਘਾ, ਜਨਮ ਮਰਨ ਦੇ ਵਿਚ ਮੁੜ ਆਏ ਨਾਹੀਂ

ਤਥਾ

ਮਾਤਾ ਭੇਖ ਬਨਾਕੇ ਫਿਰਨ ਬਹੁਤੇ, ਕੋਈ ਇਕ ਅਧਾ ਪੂਰਾ ਸੰਤ ਹੋਵੇ

ਮਨ ਵਾਸ਼ਨਾ ਜਿਸ ਦੀ ਰੁਕੀ ਹੋਵੇ, ਹੋਈ ਹੰਗਤਾ ਜਿਸਦੀ ਹੰਤ ਹੋਵੇ
ਐਸਾਂ ਪੁਰਸ਼ ਦੁਰਲਭ ਸੰਸਾਰ ਅੰਦਰ, ਪ੍ਰੀਤ ਜਿਸਦੀ ਨਾਲ ਭਗਵੰਤ ਹੋਵੇ
ਮਨ ਸ਼ੇਰ ਨੂੰ ਹੋ ਦਲੇਰ ਥੰਮੇਂ, ਐਸਾ ਸੂਰਮਾ ਕੋਈ ਬਲਵੰਤ ਹੋਵੇ
ਬਹੁਤ ਦੁਧ 'ਮਲਾਈਆਂ ਖਾਣ ਵਾਲੇ, ਕੋਈ ਕਿਤੇ ਵਿਰਲਾ ਪੂਰਾ ਸੰਤ ਹੋਵੇ
ਜਿਹੜਾ ਆਪ ਤਰੇ, ਤਾਰੇ ਸੰਗੀਆਂ ਨੂੰ, ਓਹ ਲੀਨ ਭਗਵੰਤ ਵਿਚ ਅੰਤ ਹੋਵੇ
ਆਪ ਮੁਕਤਤੋਂ ਮੁਕਤ ਕਰਾਏ ਜਿਹੜਾ,ਸੋਭਾ ਬ੍ਰਹਮ ਗਯਾਨੀ ਦੀ ਬੇਅੰਤ ਹੋਵੇ
ਐਸੇ ਪੁਰਸ਼ਾਂ ਦੇ ਦਰਸ ਕਰਤਾਰ ਸਿੰਘਾ, ਭਾਗਾਂ ਬਾਝ ਨ ਐਵੇਂ ਕਦੰਤ ਹੋਵੇ

ਮਾਤਾ ਜੀ

ਐਸਾ ਸੰਤ ਤਿਆਗ ਵੈਰਾਗ ਵਾਲਾ; ਕਹਿਣ ਮਾਤਾ ਜੀ ਏਈ ਦਖਾਉ ਸਾਨੂੰ
ਵਿਚ ਭਜਨ ਭਗਵੰਤ ਦੇ ਲੀਨ ਹੋਯਾ, ਉਤਮ ਆਤਮਾ ਦਰਸ ਕਰਾਉ ਸਾਨੂੰ
ਪੂਰਨ ਪੁਰਖ ਦੀ ਕਰੀਏ ਸੇਵ ਹਥੀਂ, ਹੈਯਾ ਦੇਖਣੇ ਦਾ ਬੜਾ ਚਾਉ ਸਾਨੂੰ
ਪਯਾਰੇ ਰਬ ਦੇ ਧੰਨ ਕਰਤਾਰ ਸਿੰਘਾ, ਪਾਰ ਉਨ੍ਹਾਂ ਦੇ ਨਾਲ ਲੰਘਾਉ ਸਾਨੂੰ

ਸ੍ਰੀ ਦਸਮੇਸ਼ ਜੀ

ਕਰੋਂ ਆਪ ਤਯਾਰ ਪ੍ਰਸਾਦਿ ਹਥੀਂ, ਚੰਗੀ ਲਾ ਕੇ ਦਿਲੋਂ ਪ੍ਰੀਤ ਮਾਤਾ
ਐਸੇ ਸੰਤ ਦੀ ਸੇਵਾ ਦਾ ਲਾਭ ਵਡਾ, ਗੁਰਾਂ ਲਿਖਯਾ ਨਾਲ ਪ੍ਰਤੀਤ ਮਾਤਾ
ਆਪ ਕਰ,ਸਿਖਾਲਦੇ ਛੋਟਿਆਂ ਨੂੰ, ਬੜੇ ਪੁਰਖਾਂ ਦੀ ਮੁਢੋਂ ਇਹ ਰੀਤ ਮਾਤਾ
ਸੰਤ ਸੇਵ, ਅਭੇਵ ਕਰਤਾਰ ਸਿੰਘਾ, ਸਤਿਸੰਗ ਕਰੇ ਰਿਦਾ ਸੀਤ ਮਾਤਾ

ਮਾਤਾ ਜੀ ਨੇ ਪ੍ਰਸਾਦਿ ਤਿਆਰ ਕਰਨਾ ਤੇ ਸਤਿਗੁਰਾਂ ਨੇ ਸਾਹਿਬ ਰਾਮ ਕੌਰ ਜੀ ਨੂੰ ਭੇਜਣਾ

ਮਾਤਾ ਸਾਹਿਬ ਪ੍ਰਸਾਦਿ ਤਯਾਰ ਕੀਤਾ, ਕਈ ਭਾਂਤ, ਪ੍ਰੀਤ ਨੂੰ ਧਾਰ ਹੈ ਜੀ
ਰਾਮ ਕੌਰ ਤਾਈਂ ਕਿਹਾ ਸਤਿਗੁਰਾਂ ਨੇ,ਕੀਤਾ ਮਾਤਾ ਜੀਯਾਦ ਕਈ ਵਾਰ ਹੈ ਜੀ

ਜਾਵੇ ਮਾਤਾ ਜੀ ਨੂੰ ਮਥਾ ਟੇਕ ਆਵੇ, ਨਾਲੇ ਛਕੋ ਪ੍ਰਸਾਦਿ ਤਯਾਰ ਹੈ ਜੀ
ਗਏ ਭਾਈ ਜੀ ਬਹੁਤੀ ਧਾਰ ਖੁਸ਼ੀ, ਪੱਥੇ ਭਜਨ ਦਾ ਤੇਜ ਅਪਾਰ ਹੈ ਜੀ
ਵੇਖ ਮਾਤਾ ਜੀ ਬਹੁਤ ਪ੍ਰਸੰਨ ਹੋਏ, ਰਾਮਕੌਰ ਕੀਤੀ ਨਮਸ਼ਕਾਰ ਹੈ ਜੀ
ਪਾਸ ਦੇ ਅਸੀਸ ਬਿਠਾਲ ਕਰਕੇ, ਹਾਲ ਪੁਛਦੇ ਕਰ ਵਿਸਤਾਰ ਹੈ ਜੀ
ਕਿਥੇ ਰਹਿੰਦੇ ਤੇ ਕੰਮ ਕੀਹ ਹੋ ਕਰਦੇ, ਕਿਵੇਂ ਸਮਝਿਆ ਏਹ ਸੰਸਾਰ ਹੈ ਜੀ
ਹਥ ਜੋੜ ਕੇ ਏਹ ਜਵਾਬ ਦਿਤਾ, ਰਹਿੰਦੇ ਰਖਦਾ ਜਿਥੇ ਕਰਤਾਰ ਹੈ ਜੀ
ਡੋਰ ਪੁਤਲੀ ਦੀ ਨਟ ਹਥ ਮਾਤਾ, ਜੋ ਚਾਹੇ ਕਰਾਏ ਸੋ ਕਾਰ ਹੈ ਜੀ
ਆਪੇ ਕਰੇ ਤੇ ਆਪੇ ਕਰੌਣ ਵਾਲਾ, ਅਸਾਂ ਜੀਵਾਂ ਦੇ ਕੀ ਅਖਤਯਾਰ ਹੈ ਜੀ
'ਕਾਠ ਕੀ ਪੁਤ੍ਰੀ ਕਹਾਕਰੈ ਬਪੁਰੀ ਖਿਲਾਵਨ ਹਾਰੋ ਜਾਨੈ' ਏਹੋਵਿਚਾਰਹੈ ਜੀ
ਏਹੋ ਜਹੇ ਸੁਣ ਬਚਨ ਬਿਲਾਸ ਮਾਤਾ, ਮਥਾ ਚੁਮਦੀ ਹੋਈ ਬਲਿਹਾਰ ਹੈ ਜੀ
ਫੇਰ ਛਕ ਪ੍ਰਸ਼ਾਦ ਹੋ ਵਿਦਾ ਆਏ, ਮਹਿਮਾ ਭਗਤੀ ਕਥਨ ਤੋਂ ਬਾਹਰ ਹੈ ਜੀ
ਧੰਨ ਗੁਰੂ, ਧਨ ਸਿਖ ਕਰਤਾਰ ਸਿੰਘਾ, ਚਰਨੀਂ ਲਗਿਆਂਹੋਏ ਉਧਾਰ ਹੈ ਜੀ

## ਸਾਖੀ ਕੜਾਹ ਪ੍ਰਸ਼ਾਦਿ ਦੀ (ਸੰਤੋਖੀਆਂ ਦੀ ਪਰਖ)

ਇਕ ਦਿਨ ਸੰਗਤ ਆਈ ਬਹੁਤ ਸਾਰੀ, ਸਤਿਗੁਰਾਂ ਨੇ ਚੋਜ ਦਿਖਾਯਾ ਜੀ
ਬਹੁਤ ਸਾਰਾ ਪ੍ਰਸ਼ਾਦ ਤਯਾਰ ਕਰਕੇ, ਵਿਚ ਲਗੇ ਦੀਵਾਨ ਮੰਗਾਯਾ ਜੀ
ਉਠ ਸਾਰੀ ਸੰਗਤ ਲੁਟ ਪਾ ਦੇਵੇ, ਇਹ ਹਸ ਕੇ ਹੁਕਮ ਸੁਨਾਯਾ ਜੀ
ਝਟ ਖੋਹਾ ਖਾਹੀ ਸਿੰਘਾਂ ਪਾ ਦਿਤੀ; ਬੜਾ ਭਾਰਾ ਆ ਰੌਲਾ ਮਚਾਯਾ ਜੀ
ਬੈਠੇ ਥੋੜੇ ਹੀ ਰਹੇ ਸੰਤੋਖ ਵਾਲੇ, ਹੋਰ ਸਭਨਾਂ ਖੋਹ ਖਿੰਜ ਖਾਯਾ ਜੀ
ਫੇਰ ਹੋਰ ਪ੍ਰਸ਼ਾਦ ਮੰਗਵਾ ਕਰਕੇ, ਓਸੇ ਤਰ੍ਹਾਂ ਹੀ ਵਿਚ ਰਖਾਯਾ ਜੀ
ਜੋ ਗੁਰੂ ਕਾ ਸਿਖ ਸੋ ਲੁਟ ਲਵੇ; ਕਲਗੀਧਰ ਪਿਤਾ ਫੁਰਮਾਯਾ ਜੀ

ਬਸ ਫੇਰ ਤਾਂ ਥੋੜੇ ਹੀ ਰਹਿ ਗਏ, ਬਾਕੀ ਸਾਰਿਆਂ ਧਕਾ ਧਕਾਯਾ ਜੀ
ਤੀਜੀ ਵਾਰ ਏਸੇ ਤਰ੍ਹਾਂ ਫੇਰ ਕੀਤੀ, ਨਾਲੇ ਸਖਤਾ ਹੁਕਮ ਚੜ੍ਹਾਯਾ ਜੀ
ਜੇਹੜਾ ਲੁਟੇ ਨ ਸਿਖੀਓਂ ਹੋਇ ਖਾਰਜ, ਏਹ ਬੜਾ ਭਾਰਾ ਡਰ ਪਾਯਾ ਜੀ
ਬਸ ਫੇਰ ਤਾਂ ਤੇਰਾਂ ਕੁ ਰਹਿ ਗਏ, ਰਾਮਕੌਰ ਦੋ ਸਾਖੀ ਲਿਖਯਾ ਜੀ
ਬੈਠੇ ਧਾਰ ਸੰਤੋਖ ਕਰਤਾਰ ਸਿੰਘਾ, ਰਹੇ ਅਡੋਲ ਨ ਚਿਤ ਡੁਲਾਯਾ ਜੀ

### ਭਾਈ ਰਾਮ ਕੌਰ ਨੇ ਸਰਾਪ ਲੈਣਾ

ਜਿਸ ਵਕਤ ਪ੍ਰਸ਼ਾਦ ਦੀ ਲੁਟ ਪਈ, ਰਾਮ ਕੌਰ ਨੇ ਬਚਨ ਉਚੇਰੇ ਭਾਈ
ਸਤਿਗੁਰਾਂ ਨੇ ਘਰ ਪ੍ਰਸ਼ਾਦ ਵੇਲੇ, ਕਲਜੁਗ ਪ੍ਰਵੇਸ਼ ਨਿਤ ਕਰੇ ਭਾਈ
ਅਗੇ ਪਿਛੇ ਨਹੀਂ ਪਯ ਏਸ ਮੌਕੇ, ਆਵੇ ਕਰੇਗਾ ਰਹੇ ਨ ਪਰੇ ਭਾਈ
ਸੁਣ ਗੁਰਾਂ ਨੇ ਆਖਯਾ ਟਪ ਕੇਧਾਂ, ਇਹ ਤੁਹਾਡੇ ਹੀ ਘਰ ਜਾ ਵੜੇ ਭਾਈ
ਹੋ ਗਿਆ ਸਰਾਪ ਇਹ ਗੁਰਾਂ ਵਲੋਂ, ਕੰਬ ਗਏ ਭਾਈ ਹੋਰੀ ਡਰੇ ਭਾਈ
ਮੈਨੂੰ ਬਖਸ਼ ਲੈਣਾ ਕਰਤਾਰ ਸਿੰਘਾ, ਫੇਹ ਸਤਿਗੁਰਾਂ ਦੇ ਚਰਨ ਫੜੇ ਭਾਈ

### ਭਾਈ ਰਾਮਕੌਰ ਜੀ ਨੇ ਬਖਸ਼ਾਉਣਾ

ਮੇਰੇ ਜੀਉਂਦਿਆਂ ਤਕ ਤਾਂ ਬਖਸ਼ ਲੈਣਾ, ਕਲਯੁਗ ਨ ਆ ਘ੍ਰ ਵੜੇ ਗੁਰ ਜੀ
ਸਾਡੀ ਨਿਭ ਜਾਏ ਫਕੀ ਏਸੇ ਤਰ੍ਹਾਂ ਪਿਛੋਂ ਕਰੇ ਜੋ ਏਸ ਤੋਂ ਸਰੇ ਗੁਰ ਜੀ
ਚੰਗਾ ਭਾਈ ਜੀ ਹੋਵੇਗੀ ਏਸੇ ਤਰ੍ਹਾਂ, ਹਸ ਬਚਨ ਇਹ ਮੁਖੋਂ ਉਚਰੇ ਗੁਰ ਜੀ
ਅਜ ਹੈਨ ਪ੍ਰਤਖ ਕਰਤਾਰ ਸਿੰਘਾ, ਜੋ ਮੁਖ ਤੋਂ ਵਾਕ ਸਨ ਕਰੇ ਗੁਰ ਜੀ

---

ਭਾਈ ਰਾਮਕੌਰ, ਦਯਾ ਸਿੰਘ, ਧਰਮ ਸਿੰਘ, ਵੀਰ ਸਿੰਘ, ਕਰਮ ਸਿੰਘ, ਗੰਡਾ ਸਿੰਘ, ਧਣਾ ਸਿੰਘ, ਸੰਗਾ ਸਿੰਘ, ਰਾਮ ਸਿੰਘ ਆਦਿਕ।

### ਭਾਈ ਰਾਮ ਕੌਰ ਜੀ ਦਾ ਭਰਮ

ਇਕ ਦਿਨ ਸਤਿਗੁਰਾਂ ਹਜ਼ੂਰ ਡਿਠੀ, ਪਈ ਭਾਈ ਜੀ ਹੋਰਾਂ ਕਮਾਨ ਕੋਈ
ਪਾਓ, ਪਾਓ ਦੇ ਖਪਰੇ ਚੜ੍ਹੇ ਤੀਰੀਂ, ਕਾਰੀਗਰ ਚੜ੍ਹਾ ਆ ਗਿਆਨ ਕੋਈ
ਵੇਖ ਭਰਮ ਕੀਤਾ ਓਸ ਧਨਖ ਤਾਈਂ, ਚੁਕ ਸਕਦਾ ਨਾਹੀਂ ਬਲਵਾਨ ਕੋਈ
ਏਹ ਦਖੌਨ ਦੇ ਲਈ ਕਰਤਾਰ ਸਿੰਘਾ, ਰਖੇ ਨਹੀਂ ਚਲਾਉਨ ਦਾਤਾਨ ਕੋਈ

### ਸ੍ਰੀ ਦਸਮੇਸ਼ ਜੀ ਨੇ ਭਾਈ ਜੀ ਦਾ ਭਰਮ ਦੂਰ ਕਰਨਾ

ਜਾਣੀ ਜਾਨ ਸਤਿਗੁਰ ਜੀ ਜਾਣ ਗਏ,ਓਸੇ ਵਕਤ ਸ਼ਿਕਾਰ ਨੂੰ ਤਯਾਰ ਹੋਏ
ਹਾਥੀ ਉਤੇ ਬਿਠਾਲਿਆ ਭਾਈ ਜੀ ਨੂੰ, ਓਹ ਧਨਖ ਲੈ ਆਪ ਸਵਾਰ ਹੋਏ
ਬਾਹਰ ਜਾ ਕੇ ਗੁਰਾਂ ਨੇ ਤੀਰ ਛਡੇ, ਇਕ ਬਿਰਛ ਨੂੰ ਪਾੜਕੇ ਪਾਰ ਹੋਏ
ਭੇਖ ਭਰਮ ਸਾਰਾ ਦਿਲੋਂ ਦੂਰ ਹੋਯਾ, ਭੁਲ ਸਮਝ ਡਾਢੇ ਸ਼ਰਮਸਾਰ ਹੋਏ
ਫੇਰ ਇਕ ਥਾਂ ਉਤਰਕੇ ਫਿਰਨ ਲਗੇ, ਗਲਾਂ ਕਰਦਿਆਂ ਪਲ ਦੋ ਚਾਰ ਹੋਏ
ਪਿਛਾਂ ਮੁੜਨਾ ਚਾਹਿਆਂ ਸਤਿਗੁਰਾ ਨੇ, ਹਾਥੀ ਲੈ ਹਾਜਰ ਸੇਵਾਦਾਰ ਹੋਏ
ਮੇਰੇ ਮੋਢੇ ਤੇ ਪੈਰ ਧਰ ਚੜ੍ਹੋ ਗੁਰ ਜੀ, ਕੋਲੇ ਹੋ ਖੜੇ ਖਬਰਦਾਰ ਹੋਏ
ਪੈਰ ਧਰਦਿਆਂ ਧਰਤ ਦਾ ਭਾਰ ਪਿਆ, ਗਿਆ ਝਲਿਆ ਨ ਲਾਚਾਰ ਹੋਏ
ਕਰਾਮਾਰ ਦਾ ਬਲ ਭੀ ਲਾ ਦਿਤਾ, ਸਤਿਗੁਰ ਵੈਰਾਟ ਵਿਸਤਾਰ ਹੋਟੇ
ਰਖ ਲੌ ਗੁਰ ਜੀ ਰਖ ਲੌ ਜੀ, ਨਹੀਂ ਤਾਂ ਚਾਹੁੰਦੇ ਪਰਾਨ ਉਡਾਰ ਹੋਟੇ
ਹਸ ਪਏ ਸਤਿਗੁਰ ਕਰਤਾਰ ਸਿੰਘਾ, ਹਾਥੀ ਚੜ੍ਹ ਮੁੜਕੇ ਹੋਰੀ ਢਾਰ ਹੋਏ

### ਇਕ ਸਿਖ ਨੇ ਅਰਜ ਕਰਨੀ

ਟੁਰੇ ਆਉਂਦਿਆਂ ਸਿਖਨੇ ਅਰਜਕੀਤੀ,ਕਈਸਿੰਘ ਏਹਗਲ ਸਹਾਰਦੇ ਨਹੀਂ
ਬਾਬੇ ਬੁਚੇ ਕੇ ਗੁਰਾਂ ਦੇਸਿਖ ਵਡੇ, ਛਕਅੰਮ੍ਰਿਤ ਰਹਿਤ ਕਿਉਂ ਧਾਰਦੇ ਨਹੀਂ

ਰਾਮ ਕੌਰ ਜੀ ਰਹਿਨ ਹਜ਼ੂਰ ਸਦਾ, ਸਤਿਗੁਰ ਕਿਊਂ ਇਨ੍ਹਾਂ ਨੂੰ ਤਾੜਦੇ ਨਹੀਂ
ਕੀ ਭੇਦ ਹੈ ਵਿਚ ਕਰਤਾਰ ਸਿੰਘਾ, ਯਾਂ ਏਹ ਰਹਿਤ ਦੇ ਗੁਣ ਵਿਚਾਰਦੇ ਨਹੀਂ

ਭਾਈ ਰਾਮਕੌਰ ਜੀ ਨੇ ਅੰਮ੍ਰਿਤ ਛਕਕੇ ਸਿੰਘ ਸਜਨਾ

ਏਹ ਸਿੰਘ ਦੀ ਸੁਣਕੇ ਰਮਜ਼ ਸਚੀ, ਰਾਮਕੌਰ ਜੀ ਗਏ ਸ਼ਰਮਾ ਭਾਈ
ਸਤਿਗੁਰਾਂ ਨੇ ਏਹ ਜਵਾਬ ਦਿਤਾ, ਓਸ ਸਿੰਘ ਦੇ ਤਈਂ ਸੁਨਾ ਭਾਈ
ਸਾਡੇ ਪਿਛੋਂ ਏਹਨਾਂ ਬੜੇ ਕੰਮ ਕਰਨੇ, ਗੁਰਸਿਖੀ ਦਾ ਭਾਰ ਉਠਾ ਭਾਈ
ਇਨ੍ਹਾਂ ਸਿੰਘ ਹਜ਼ਾਰਾਂ ਸਜਾਵਨੇ ਨੇ, ਹਥੀਂ ਆਪਣੀ ਸੁਧਾ ਛਕਾ ਭਾਈ
ਏਕ ਵਾਕ ਸਤਿਗੁਰਾਂ ਦਾ ਸਮਝ ਕਰਕੇ, ਉਸੇ ਦਿਨ ਦੀਵਾਨ ਵਿਛਆ ਭਾਈ
ਅੰਮ੍ਰਿਤ ਛਕ ਤਯਾਰ ਬਰ ਤਯਾਰ ਹੋਏ, ਰਹਿਤ ਧਾਰ ਲਈ ਖੁਸ਼ੀ ਮਨਾ ਭਾਈ
†ਰਾਮ ਕੌਰੋਂ ਉਹ ਗੁਰਬਖਸ਼ਸਿੰਘ ਬਣੇ, ਬੁਰਕਾ ਸ਼ੇਰਦਾ ਲਿਆ ਬਨਾ ਭਾਈ
ਵਡੀ ਉਮਰ ਹੋਈ ਕਰਤਾਰ ਸਿੰਘਾ, ਵਿਚ ਭਜਨ ਦੇ ਗਏ ਲੰਘਾ ਭਾਈ

ਸਾਖੀ ਭਾਈ ਜ਼ੋਰਾ ਸਿੰਘ ਜੀ

ਇਕ ਵਾਰ ਪਸ਼ੌਰ ਦੀ ਆਈ ਸੰਗਤ, ਓਨ੍ਹਾਂ ਵਿਚ ਇਕ ਛੋਟਾ ਬਾਲ ਸੋਹਣਾ
ਭਜਾ ਫਿਰੇ ਦੀਵਾਨ ਦੇ ਵਿਚ ਸਾਰੇ, ਹੋਨਹਾਰ ਓਹ ਬਾਲ ਕਮਾਲ ਸੋਹਣਾ

---

†ਸਾਹਿਬ ਰਾਮਕੌਰ ਜੀ ਨੇ ਭਾਵੇਂ ਅੰਮ੍ਰਿਤ ਛਕ ਲਿਆ ਪਰ ਪੰਥ ਵਿਚ ਓਹਨਾਂ ਦਾ ਨਾਮ ਸਾਹਿਬ ਰਾਮਕੌਰ ਹੀ ਮਸ਼ਹੂਰ ਰਿਹਾ ਤੇ ਗੁਰਬਖਸ਼ ਸਿੰਘ ਕਿਤੇ ਘਟ ਹੀ ਲਿਖਣ ਤੇ ਬੋਲਣ ਵਿਚ ਆਇਆ, ਸਾਹਿਬ ਰਾਮਕੌਰ ਦੀਆਂ ਸਾਖੀਆਂ ਹੀ ਹੁਣ ਤਕ ਸਿਖ ਆਖਦੇ ਹਨ, ਏਸ ਤਰ੍ਹਾਂ ਭਾਈ ਨੰਦ ਲਾਲ ਜੀ ਨੇ ਭੀ ਅੰਮ੍ਰਿਤ ਛਕਕੇ ਨੰਦ ਸਿੰਘ ਪਦਵੀ ਹਾਸਲ ਕਰ ਭੀ ਲਈ ਹੋਸੀ ਪਰ ਅਜ ਰਹਿਤਨਾਮਾ ਨੰਦ ਲਾਲ ਵਾਲਾ ਹੀ ਸਿਖ ਆਖਦੇ ਹਨ ਤੇ ਏਸੇ ਵਾਸਤੇ ਕਈ ਲੋਕ ਕਹਿੰਦੇ ਹਨ ਕਿ ਨੰਦ ਲਾਲ ਨੇ ਅੰਮ੍ਰਿਤ ਨਹੀਂ ਸੀ ਛਕਿਆ ।

ਗੁਰ ਵੇਖਕੇ ਓਸ ਨੂੰ ਖੁਸ਼ ਹੋਏ, ਪਾਸ ਸਦਿਆ ਨਾਲ ਖਿਆਲ ਸੋਹਣੇ
ਦਸਨੀਂਗਰਾ ਭਾਈਤੇਰਾਨਾਮ ਕੀਹਏ, ਦਿਸੇਭਾਗ ਭਰਯਾ ਤੇਰਾ ਭਾਲ ਸੋਹਣੇ
ਓਸ ਆਖਯਾ ਸੀ ਮੇਰਾ ਨਾਮ ਜੋਗਾ, ਹੈ ਰਖਯਾ ਮਾਪਿਆਂ ਭਾਲ ਸੋਹਣਾ
ਗੁਰ ਆਖਦੇਭਾਈ ਤੂੰਕਿਦੇਜੋਗਾ, ਜੀਮੈਂ 'ਗੁਰਾਂ ਜੋਗਾ' ਕਹਿੰਦਾ ਲਾਲ ਸੋਹਣਾ
ਜੇ ਤੂੰ ਗੁਰਾਂ ਜੋਗਾ ਗੁਰ ਤੇਰੇ ਜੋਗੇ, ਹੋਯਾ ਵਾਹ ਜਵਾਬ ਸਵਾਲ ਸੋਹਣਾ
ਸਾਡੇ ਪਾਸ ਤੂੰ ਰਹੁ ਕਰਤਾਰ ਸਿੰਘਾ, ਖਾਹ, ਪੀ ਹੰਡਾ ਬਿਸਾਲ ਸੋਹਣਾ

ਜੋਗਾ ਸਿੰਘ ਨੇ ਆਨੰਦਪੁਰ ਰਹਿਣਾ

ਮਾਪੇ ਚਲੇ ਗਏਦਰਸ ਦੀਦਾਰਕਰਕੇ, ਰਿਹਾ ਸਤਿਗੁਰਾਂ ਪਾਸ ਹੀ ਆਏ ਜੋਗਾ
ਖਾਣ ਪੀਣ ਦੀ ਕੁਝ ਪਰਵਾਹ ਨ ਸੀ, ਚੰਗਾ ਖਾਏ ਤੇ ਚੰਗਾ ਹੰਡਾਏ ਜੋਗਾ
ਸਤਿਗੁਰ ਜੀ ਬੜਾ ਪਿਆਰ ਕਰਦੇ, ਦੇਂਦੇ ਸਿਖਯਾ ਪਾਸ ਬੈਠਾਏ ਜੋਗਾ
ਚੰਗਾ ਵਿਦਯਾ ਪੜ੍ਹਕੇ ਤਾਕ ਹੋਜਾ, ਜੰਗੀ ਕੰਮ ਵਲੇ ਪ੍ਰੀਤ ਲਾਏ ਜੋਗਾ
ਸਤਿਗੁਰਾਂ ਦੀ ਈਸ਼ਰ ਰੂਪ ਲਖਕੇ, ਤਨ ਮਨ ਸਿਊਂ ਸੇਵ ਕਮਾਏ ਜੋਗਾ
ਚੰਗੇ ਸੋਹਣੇ ਖਿਆਲਾਂ ਦਾ ਬਣ ਗਿਆ, ਸਿਖੀ ਸਿਦਕ ਪ੍ਰੇਮ ਨਿਬਾਏ ਜੋਗਾ
ਜਿਹਾ ਰੂਪ ਸੋਹਣਾ ਤੇਹੇ ਅਮਲ ਸੋਹਣੇ, ਹਰ ਇਕ ਦੇ ਚਿਤ ਨੂੰ ਭਾਏ ਜੋਗਾ
ਛਕਅੰਮ੍ਰਿਤ ਤਯਾਰ ਬਰਤਯਾਰ ਹੋਯਾ, ਜੋਗਾ ਸਿੰਘ ਅਖੀਰ ਬਣ ਜਾਏ ਜੋਗਾ
ਸਤਿਗੁਰਾਂ ਦੇ ਰਹੇ ਹਜ਼ੂਰ ਸਦਾ, ਜੋ ਕਹਿਨ ਬਜਾ ਲਿਆਏ ਜੋਗਾ
ਹੋ ਗਿਆ ਜਵਾਨ ਕਰਤਾਰ ਸਿੰਘਾ, ਭਗਤੀ, ਬੀਰਤਾ, ਗੁਣ ਰਖਾਏ ਜੋਗਾ

ਜੋਗਾ ਸਿੰਘ ਨੇ ਸ਼ਾਦੀ ਕਰਾਉਣ ਵਾਸਤੇ ਪਿਸ਼ੌਰ ਜਾਣਾ

ਪਾਸ ਰਹਿੰਦੀਆਂ ਗੁਰਾਂ ਦੇ ਚਿਰ ਹੋਯਾ, ਜੋਗਾ ਸਿੰਘ ਭਰਪੂਰ ਜਵਾਨ ਹੋਯਾ
ਓਹਦੇ ਮਾਪਿਆਂ ਆਣਕੇ ਅਰਜ਼ ਕੀਤੀ, ਹੁਣ ਪੂਰਾ ਜਵਾਨ ਏਹ ਆਨ ਹੋਯਾ

ਇਹਦਾ ਰਚਿਆ ਹੈ ਵਿਆਹ ਅਸਾਂ, ਹੋਰ ਸਭ ਤਯਾਰ ਸਾਮਾਨ ਹੋਯਾ
ਦੋਹੋ ਆਗਯਾ ਇਹ ਸਾਡੇ ਨਾਲ ਜਾਵੇ, ਖੁਸ਼ੀ ਪਾਕੇ ਤੁਰਤ ਰਵਾਨ ਹੋਯਾ
ਜਗਾ ਸਿੰਘ ਨੂੰ ਆਪਣੀ ਸਿਖੀ ਉਤੇ, ਸੀ ਦਿਲ ਦੇ ਵਿਚ ਗੁਮਾਨ ਹੋਯਾ
ਓਹਦੇ ਪਰਖਣੇ ਲਈ ਕਰਤਾਰਸਿੰਘਾ,ਡਾਢਾ ਸਮਾਂ ਇਹ ਵਿਚ ਪਛਾਨ ਹੋਯਾ

### ਸਤਿਗੁਰਾਂ ਨੇ ਇਕ ਸਿਖ ਨੂੰ ਹੁਕਮ ਦੇਣਾ

ਇਕ ਸਿੰਘ ਨੂੰ ਪਿਛੋਂ ਤਯਾਰ ਕਰਕੇ, ਕੀਤੀ ਆਗਯਾ ਪੂਰੀ ਬਜਾ ਦੇਵੀਂ
ਪਿਛੇ ਪਿਛੇ ਨੂੰ ਜਾਹ ਤੂੰ ਭੀ, ਨ ਆਪਣਾ ਆਪ ਲਖਾ ਦੇਵੀਂ
ਜੋਗਾ ਸਿੰਘ ਲਾਵਾਂ ਦੋ ਲੈ ਚੁਕੇ, ਸਾਡਾ ਖਤ ਇਹ ਹਥ ਫੜਾ ਦੇਵੀਂ
ਦੇਖੀਂ ਖੁੰਝ ਨ ਜਾਈਂ ਕਰਤਾਰ ਸਿੰਘਾ, ਤੀਰ ਵਿਚ ਤਕਦੀਰ ਚਲਾ ਦੇਵੀਂ

### ਜੋਗਾ ਸਿੰਘ ਨੂੰ ਸਤਿਗੁਰਾਂ ਦਾ ਹੁਕਮ ਮਿਲਨਾ

ਸਭ ਕਾਰ ਵਿਹਾਰ ਹੋ ਗਏ ਚੰਗੇ, ਫੇਰ ਹੋਣ, ਸਾਮਾਨ ਰਚਾ ਦਿਤਾ
ਪਤੀ ਪਤਨੀ ਨੂੰ ਯੋਗ ਥਾਂ ਉਤੇ, ਦੋਹਾਂ ਧਿਰਾਂ ਨੂੰ ਲਿਆ ਬੈਠਾ ਦਿਤਾ
ਲਾਵਾਂ ਦੋ ਹੋ ਖੁਸ਼ੀ ਦੇ ਨਾਲ ਗਈਆਂ, ਭਾਣਾ ਇਉਂ ਕਰਤਾਰ ਵਰਤਾ ਦਿਤਾ
ਝਟ ਪਾਸੋਂ ਹੀ ਉਠਕੇ ਸਿੰਘ ਨੇ ਜੀ, ਓਹ ਹੁਕਮਨਾਮਾ ਪਕੜਾ ਦਿਤਾ
ਮੋਹਰ ਸਤਗੁਰਾਂ ਦੀ ਵੇਖ ਖੋਲ੍ਹ ਪੜ੍ਹਿਆਂ, ਜਿਥੇ ਕਦਮ ਸੀ ਓਥੇ ਟਿਕਾ ਦਿਤਾ
ਅਗ੍ਹਾ ਚੁਕ.ਨ ਪੈਰ ਕਰਤਾਰ ਸਿੰਘਾ, ਸਿਦਕ, ਕੰਨ ਦੇ ਵਿਚ ਸੁਨਾ ਦਿਤਾ

### ਹੁਕਮਨਾਮਾ

ਹੁਕਮਨਾਮੇ ਦੇ ਵਿਚ ਇਹ ਲਿਖਯਾਸੀ, ਜਦੋਂ ਪੜ੍ਹਿਆ ਨਜ਼ਰ ਦੁੜਾ ਜਲਦੀ
ਜਿਸ ਵਕਤ ਤੇਨੂੰ ਮਿਲੇ ਹੁਕਮਨਾਮਾ, ਓਸੇ ਵਕਤ ਸਾਡੇ ਵਲ ਆ ਜਲਦੀ
ਜਿਹੜਾ ਕੰਮ ਕਰਦਾ ਹੋਵੇਂ ਛਡ ਵਿਚੇ, ਓਸੇ ਥਾਂਓ ਪੰਜਾਬ ਨੂੰ ਧਾ ਜਲਦੀ

ਇਹ ਪੜ੍ਹਦਿਆਂ ਸਾਰ ਕ੍ਰਤਾਰ ਸਿੰਘਾ, ਸਮਾਂ ਹੋਰ ਗਿਆ ਓਥੇ ਛਾ ਜਲਦੀ

### ਜੋਗਾ ਸਿੰਘ ਨੇ ਵਿਆਹ ਵਿਚੋਂ ਹੀ ਛਡ ਕੇ ਟੁਰ ਪੈਣਾ

ਇਕ ਸਿਦਕ ਤੇ ਦੂਸਰੀ ਦੁਨੀਦਾਰੀ, ਪਿਆ ਦੋਹਾਂ ਦਾ ਟਾਕਰਾ ਆ ਓਥੇ
ਹੁਕਮ ਗੁਰਾਂ ਦਾ ਉਸਦੇ ਪਰਖਣੇ ਨੂੰ, ਪਰਚੇ ਗਿਆ ਇਮਤਿਹਾਨ ਵਡਾ ਓਥੇ
ਹੁਣ ਵੇਖੀਏ ਕਿਧਰੋਂ ਫਿਹਲ ਹੋਵੇ, ਜ਼ਰਾ ਸੋਚੀਏ ਧਯਾਨ ਲਗਾ ਓਥੇ
ਖਤ ਪੜ੍ਹਦਿਆਂ ਤੀਸਰੀ ਲਾਂਵ ਲੈਣੋਂ, ਦਿਤੀ ਸਿੰਘ ਨੇ ਨਾਂਹ ਸੁਨਾ ਓਥੇ
ਪੈਰ ਪਿਛਲੇ ਤੋਂ ਪਿਛਾਂ ਪਰਤ ਪਿਆ, ਝਟ ਪਟ ਤਯਾਰੀ ਵਜਾ ਓਥੇ
ਸਭ ਸਾਕ ਸਰਬੰਧ ਹੈਰਾਨ ਹੋਏ, ਘਰ ਬਾਰ ਗਮੀ ਗਈ ਛਾ ਓਥੇ
ਇਹ ਕੀਪਿਆ ਲੋਹੜਾਛੇਤੀ ਦਸ ਸਾਨੂੰ, ਦਿਤਾ ਸਾਰਿਆਂ ਨੇ ਰੌਲਾ ਪਾ ਓਥੇ
'ਜਿਸ ਕੰਮ ਨੂੰ ਕਰਦਾ ਏਂ ਛਡ ਵਿਚੇ, ਦਿਤਾ ਗੁਰਾਂ ਦਾ ਹੁਕਮ ਦਿਖਾ ਓਥੇ
ਸਾਰੇ ਕਹਿਨ ਲਗੇਲਾਵਾਂ ਜੋ ਬਾਕੀ, ਜਿਹੜੇ ਸਾਕ ਸਰਬੰਧ ਭਿਰਾ ਓਥੇ
ਇਹ ਲੈ, ਲੈ ਝਟ ਕਰਤਾਰ ਸਿੰਘਾ, ਕਿਹੜਾ ਹੁਣੇ ਤੂੰ ਪਹੁੰਚਨਾ ਜਾ ਓਥੇ

### ਜੋਗਾ ਸਿੰਘ

ਜੋ ਗੁਰਾਂ ਦੀ ਆਗਯਾ ਓਹੋ ਕਰਨੀ, ਰਤੀ ਓਸ ਤਾਈਂ ਪਰਤਾਵਨਾ ਨਹੀਂ
ਝੂਠੀ ਦੁਨੀਆਂ ਵਾਸਤੇ ਦੀਨ ਛਡਾਂ,ਅੰਤ ਦੁਨੀਆਂ ਨੇ ਨਾਲ ਜਾਵਨਾ ਨਹੀਂ
ਸਿਖ ਹੋ ਕੇ ਗੁਰਾਂ ਦਾ ਹੁਕਮ ਮੋੜਾਂ, ਪੈਂਦੇ ਨਰਕ ਨੂੰ ਕਿਸੇ ਬਚਾਵਨਾ ਨਹੀਂ
ਸਚ ਦੇ ਕੇ ਕਚ ਕਰਤਾਰ ਸਿੰਘਾ, ਅਕਲਮੰਦ ਹੋ ਮੂਲ ਵਟਾਵਨਾ ਨਹੀਂ

### ਜੋਗਾ ਸਿੰਘ ਦੇ ਸਰਬੰਧੀ

ਅਸੀਂ ਆਖਦੇ ਕਦੋਂ ਤੂੰ ਨਾਹ ਜਾਵੀਂ,ਲਾਵਾਂ ਦੋ ਹੁਣ ਲੈਂਦਿਆ,ਘਟਦਾ ਕੀ
ਦਸ ਦਿਨ ਰਾਹ ਵਿਚ ਭੀ ਗੁਜਰ ਨੇ ਨੇ,ਇਕਦਿਨ ਸੌ ਰੈਂਦਿਆਂ,ਘਟਦਾ ਕੀ

ਘੜੀ ਵਿਚ ਕੀ ਹੋਂਵਣਾ ਗੁਰੂ ਗੁਸੇ, ਲਾਵਾਂ ਲੈ ਰਾਹ ਪੈਂਦਿਆਂ, ਘਟਦਾ ਕੀ
ਮੇਰਾ ਜਾਂਵਦਾ ਸਿਦਕ ਕ੍ਰਤਾਰ ਸਿੰਘਾ, ਤੁਹਾਡੀ ਗਲਾਂ ਹੀ ਕਹਿੰਦੀਆਂ ਘਟਦਾ ਕੀ

ਵਾਕ ਕਵੀ

ਜੋਰ ਲਾ ਕਬੀਲੇ ਦੇ ਲੋਕ ਥਕੇ, ਜੋਗਾ ਸਿੰਘ ਨਾ ਕਿਸੇ ਦੀ ਇਕ ਮੰਨੀ
ਮੂੰਹ ਆਈਆਂ ਕਰ ਰਹੇ ਸਭ ਗਲਾਂ, ਧਰੀ ਸਿੰਘ ਨੇ ਇਕ ਨ ਮੂਲ ਕੰਨੀ
ਛੋੜ ਘਰ ਨਾਲੋਂ ਜੋੜ ਨਾਲ ਗੁਰਾ, ਟੁਰ ਪਿਆ ਧਰ ਸਿਦਕ ਪੰਜਾਬ ਵੰਨੀ
ਪਰ ਥੋੜਾ ਹੀ ਚਲ ਕਰਤਾਰ ਸਿੰਘਾ, ਦਿਲ ਵਿਚ ਹੰਕਾਰ ਦੀ ਪੰਡ ਬੰਨ੍ਹੀ

ਜੋਗਾ ਸਿੰਘ ਨੂੰ ਹੰਕਾਰ ਹੋ ਜਾਣਾ

ਜਦ ਇਕ ਦੋ ਮਨਜ਼ਲਾਂ ਚਲ ਆਯਾ, ਓੜਾ ਦਿਲ ਵਿਚ ਆ ਹੰਕਾਰ ਗਡੇ
ਆਣ ਭਰਮਤਾ ਬੁਧ ਦੇ ਵਿਚ ਹੋਈ; ਬਾਹਰ ਮਾਰ ਗਿਆਨ ਵਿਚਾਰ ਕਢੇ
ਮੇਰੇ ਜਿਹਾ ਕੋਈ ਸਿਦਕੀ ਨਹੀਂ ਹੋਣਾ, ਲਾਵਾਂ ਲੈਂਦਿਆਂ ਜੋਸੋਹਣੀ ਨਾਰ ਛਡੇ
ਹੁਕਮ ਗੁਰਾਂ ਦਾ ਮੰਨ ਕਰਤਾਰ ਸਿੰਘਾ, ਕੌਣ ਮੇਰੇ ਵਾਂਗੂੰ ਘਰਬਾਰ ਛਡੇ

ਵਾਕ ਕਵੀ

ਧਰਮ, ਸੀਲ, ਸੰਤੋਖ ਸਭ ਦੂਰ ਹੁੰਦੇ, ਜਿਸ ਰਿਦੇ ਵਿਚ ਆਨ ਹੰਕਾਰ ਹੋਵੇ
ਦਯਾ, ਖਿਮਾ ਤੇ ਨਿਮ੍ਰਤਾ ਜਾਨ ਕੋਹਾਂ, ਜਿਥੇ ਪਾਪੀ ਹੰਕਾਰ ਸਰਦਾਰ ਹੋਵੇ
ਭਗਤੀ ਪ੍ਰੇਮ, ਮਿਲਾਪ ਨੂੰ ਕੌਣ ਪੁਛੇ; ਜਿਸ ਜਗ੍ਹਾ ਏਹ ਨੰਬਰਦਾਰ ਹੋਵੇ
ਵਾਸਾ ਕਲਾ, ਕੁਪਤ ਤੇ ਈਰਖਾ ਦਾ; ਸ਼ੁਭ ਗੁਣਾਂ ਦਾ ਨਸ਼ਟ ਭੰਡਾਰ ਹੋਵੇ
ਕਾਮ, ਕ੍ਰੋਧ, ਮੋਹ; ਲੋਭ ਨੂੰ ਸਦ ਲੈਂਦਾ; ਜਿਥੇ, ਇਸਦਾ ਪੈਰ ਖਲ੍ਹਾਰ ਹੋਵੇ
ਇਹ ਵਿਕਾਰਾਂ ਦਾ ਮੁਢ ਕਰਤਾਰ ਸਿੰਘਾ; ਜੋ ਧਾਰੇ, ਹੰਕਾਰ ਖਵਾਰ ਹੋਵੇ

### ਜੋਗਾ ਸਿੰਘ ਨੇ ਹੁਸਿਆਰਪੁਰ ਪਹੁੰਚ ਕੇ ਇਕ ਵੇਸਵਾ ਤੇ ਮੋਹਤ ਹੋ ਜਾਣਾ

ਜਿਵੇਂ ਪਿਤਾ ਨੂੰ ਪੁਤ ਪਿਆਰਾ ਹੁੰਦਾ, ਚਾਹੇ ਓਸਦਾ ਸਦਾ ਬਚਾ ਜਲਦੀ
ਰੋਗੀ ਵੇਖਕੇ ਬੇਟੇ ਨੂੰ ਬਾਪ ਸਿਆਣਾ, ਓਹਦੇ ਰੋਗ ਦੀ ਕਰੇ ਦਵਾ ਜਲਦੀ
ਓਸੇ ਤਰ੍ਹਾਂ ਅੰਤ੍ਰਯਾਮੀ ਗੁਰੂ ਸਚਾ, ਜੋਗਾ ਸਿੰਘ ਦਾ ਰੋਗ ਗਿਆ ਪਾ ਜਲਦੀ
ਓਹਦੇ ਦਿਲੋਂ ਹੰਕਾਰ ਦੇ ਪਟਣੇ ਨੂੰ, ਦਿਤਾ ਹੋਰ ਹੀ ਖੇਲ ਰਚਾ ਜਲਦੀ
ਚਲਾ ਚਲ ਤੇ ਵਡੀਆਂ ਮੰਜ਼ਲਾਂ ਕਰ, ਪਹੁੰਚਾ ਵਿਚ ਦੁਆਬੇ ਦੇ ਆ ਜਲਦੀ
ਜਦ ਆਨ ਵੜਿਆ ਹੁਸ਼ਿਆਰਪੁਰੇ, ਬੁਧ ਹਾਰ ਗਈ ਪਲਟਾ ਖਾ ਜਲਦੀ
ਸੋਹਣੀ ਵੇਸਵਾ ਵਿਚ ਬਾਜ਼ਾਰ ਡਿਠੀ, ਲਿਆ ਜੁਲਮ ਜੰਜੀਰ ਫਸਾ ਜਲਦੀ
ਓਹਦੇ ਰੂਪ ਨੂੰ ਵੇਖਕੇ ਮੋਹਤ ਹੋਯਾ, ਗਿਆ ਕਾਮ ਸਰੀਰ ਵਿਚ ਧਾ ਜਲਦੀ
ਅਗਾਂ ਪੁਟਣਾ ਪੈਰ ਮੁਹਾਲ ਹੋਯਾ, ਦਿਤਾ ਡੇਰਾ ਸਰਾਂ ਵਿਚ ਲਾ ਜਲਦੀ
ਹੋ ਗਿਆ ਬੇ ਸਬਰ ਕ੍ਰਤਾਰ ਸਿੰਘਾ, ਸਾਰਾ ਗਯਾਨ ਧਯਾਨ ਭੁਲਾ ਜਲਦੀ

### ਸਤਿਗੁਰ ਅੰਤਰਜਾਮੀ ਨੇ ਜੋਗਾ ਸਿੰਘ ਦੀ ਰਖਯਾ ਕਰਨੀ

ਸਿਖ ਚਲਿਆ ਵਿਸ਼ੇ ਦੀ ਨਦੀ ਰੁੜਨੇ, ਸਤਿਗੁਰੂ ਜੀ ਓਹਨੂੰ ਬਚਾਨ ਚਲੇ
ਪੈਰ ਪੌੜੀ ਚੁਰਾਸੀ ਤੇ ਧਰਨ ਲਗਾ, ਬਾਹੋਂ ਫੜ ਕੇ ਗੁਰ ਅਟਕਾਨ ਚਲੇ
ਚਿਖਾ ਕਾਮ ਦੀ ਵਿਚ ਪੈ ਸੜਨ ਲਗਾ, ਮਿਹਰ ਕਰਕੇ ਅਗ ਬੁਝਾਨ ਚਲੇ
ਨਰਕ ਪੈਣ ਨੂੰ ਦੌੜਿਆ ਹੋ ਅੰਨ੍ਹਾਂ, ਦਰ ਰੋਕ ਕੇ ਪਿਛਾਂ ਮੁੜਾਨ ਚਲੇ
ਖਟੀ ਜੂਏ ਦੇ ਵਿਚ ਹਰਾਨ ਲਗਾ, ਕਰ ਹੋਸ਼ ਵਿਚ ਕੰਨ ਸੁਨਾਨ ਚਲੇ
ਏਥੇ ਰੁੜ੍ਹਿਆ ਬੰਨੇ ਨਹੀਂ ਕੋਈ ਲਗਾ, ਧਰੀਂ ਪੈਰ ਨ ਆਖ ਸਮਝਾਨ ਚਲੇ
ਲਾਜ ਸਿਖ ਦੀ ਤਈਂ ਰਖਾਨ ਚਲੇ, ਬਿਰਬ ਆਪਣਾ ਤੋੜ ਨਿਭਾਨ ਚਲੇ
ਵੇਖ ਸਿਖ ਦੇ ਲਈ ਕਰਤਾਰ ਸਿੰਘਾ, ਹੋ ਕੇ ਸੰਤਰੀ ਰਾਤ ਲੰਘਾਨ ਚਲੇ

ਜੋਗਾ ਸਿੰਘ ਦੀ ਬੇਸਬਰੀ

ਜੋਗਾ ਸਿੰਘ ਨੂੰ ਮਸਾਂ ਜਹੇ ਰਾਤ ਪਈ, ਕਾਮ ਚੇਸ਼ਟਾ ਨੇ ਲਿਆ ਧਰ ਅਗੇ
ਉਠ ਡੇਰਿਓਂ ਵੇਸਵਾ ਵਲ ਆਯਾ, ਖਲਾ ਸੰਤਰੀ ਓਸਦੇ ਦਰ ਅਗੇ
ਉਸ ਝਿੜਕ ਅਖਯਾ ਕੌਣ ਹੈਂ ਤੂੰ, ਭਜਾ ਆਉਂਦਾ, ਨਹੀਂ ਤੈਨੂੰ ਡਰ ਅਗੇ
ਗਏ ਹੋਏ ਨੇ ਅੰਦਰ ਖਾਨ ਸਾਹਿਬ, ਖਾਲੀ ਨਹੀਂ ਮੂਰਖਾ ਘਰ ਅਗੇ
ਪਿਛਾਂ ਮੁੜ ਆਯਾ ਪਰ ਸਬਰ ਕਿਥੇ, ਬੈਠਾ ਰੋੜਸੀ ਕਾਮ ਦੇ ਹੜ ਅਗੇ
ਥੋੜੀ ਦੇਰ ਪਿਛੋਂ ਫੇਰ ਭੌਂ ਆਯਾ, ਖੜਾ ਸੰਤਰੀ ਓਹ ਡਾਂਗ ਫੜ ਅਗੇ
ਏਸੇ ਤਰਾਂ ਸਾਰੀ ਰਾਤ ਰਿਹਾ ਭੌਂਦਾ, ਨਾ ਸਕਿਆ ਪੌੜੀਆਂ ਚੜ ਅਗੇ
ਚੋਬਦਾਰ ਹੁਸ਼ਿਆਰ ਕਰਤਾਰ ਸਿੰਘਾ, ਤਿੰਨ ਪਹਿਰ ਰਿਹਾ ਓਵੇਂ ਖੜ ਅਗੇ

ਦਿਨ ਚੜੇ ਜੋਗਾ ਸਿੰਘ ਨੂੰ ਸੰਤਰੀ ਨੇ ਝਿੜਕਣਾ

ਓਸ ਲੋ ਅੰਦਰ ਬੀਤੀ ਰਾਤ ਸਾਰੀ, ਪੂਰੀ ਹੋਈ ਨ ਦਿਲ ਦੀ ਭਾਵਨਾ ਏਂ
ਪੋਹਰ ਪਿਛਲੇ ਫੇਰ ਜਾਂ ਉਠਆਯਾ, ਕਹਿਆ ਸੰਤਰੀਦਸ ਕੀ ਚਾਹਵਨਾ ਏਂ
ਜਾਹ ਮੂਰਖਾ ਕਰ ਅਸ਼ਨਾਨ ਜਾਕੇ, ਨਿਤਨੇਮ ਦਾ ਵੇਲਾ ਖੁੰਜਾਵਨਾ ਏਂ
ਭੌਂ, ਭੌਂ ਕਿਉਂ ਆਂਵਦਾ ਨਰਕਵਲੇ, ਜਾਨਬੁਝ ਕਿਉਂ ਬੇੜਾ ਰੁੜਾਵਨਾ ਏਂ
ਸਾਰੀ ਰਾਤ ਤੈਨੂੰ ਰੋਕ ਰਖਯਾ, ਮੁੜ ਮੁੜ ਕੇ ਫੇਰ ਤੂੰ ਆਵਨਾ ਏਂ
ਏਥੇ ਪਿਆ,ਗਲ ਗਿਆਕਰਤਾਰਸਿੰਘ, ਕਿਉਂ ਆਪਣਾਆਪਗਵਵਾਨਾ ਏਂ

ਜੋਗਾ ਸਿੰਘ ਨੇ ਪਛੋਤਾ ਕਰਨਾ

ਏਹ ਸੁਣਦਿਆਂ ਸਾਰ ਹੀ ਕੰਬ ਗਿਆ, ਜੋਗਾ ਸਿੰਘ ਦੇ ਤਈਂ ਗਿਆਨ ਹੋਯਾ
ਲੂੰ ਕੰਡੇ ਸਰੀਰ ਦੇ ਖੜੇ ਹੋਏ, ਆਈ ਹੋਸ਼ ਤੇ ਸਖਤ ਹੈਰਾਨ ਹੋਯਾ
ਕੀ ਕਰਨ ਲਗਾ ਮੈਂ ਕਾਰ ਹੈ ਸਾਂ, ਸੋਚ ਸੋਚ ਡਾਢਾ ਪਰੇਸ਼ਾਨ ਹੋਯਾ
ਭੁਬਾਂ ਮਾਰ ਰੁਸ਼ਾਂ ਕਰਤਾਰ ਸਿੰਘਾ, ਗਈ ਹੰਗਤਾ ਤੇ ਪਰੇਸ਼ਾਨ ਹੋਯਾ

ਤਥਾ

ਅੰਤਰਜਾਮ ਗੁਰੂ ਜਾਨਣਹਾਰ ਸਭੇ, ਕੀ ਜਾ ਕੇ ਮੂੰਹ ਦਿਖਾਵਾਂਗਾ ਮੈਂ

ਜਦ ਰਾਹ ਦਾ ਹਾਲ ਕੁਝ ਪੁਛਿਓ ਨੇ ਕਿਹੜੀ ਫੋਲ ਕਰਤੂਤ ਸੁਨਾਂਵਾਗਾ ਮੈਂ
ਟੁਰ ਪਿਆ ਤੇ ਪੈਰ ਨ ਅਗਾਂ ਚਲੇ, ਸੋਚੇ ਕਿਵੇਂ ਹਜ਼ੂਰ ਹੁਣ ਜਾਂਵਾਜਾ ਮੈਂ
ਗੁਰ ਬਖਸਨੇ ਹਾਰ ਕੈਰਤਾਰ ਸਿੰਘਾ, ਔਗੁਣ ਜੋੜਕੇ ਹਥ ਬਖਸ਼ਾਵਾਂਗਾ ਮੈਂ

ਜੋਗਾ ਸਿੰਘ ਨੇ ਆਨੰਦਪੁਰ ਸਤਿਗੁਰਾਂ ਦੇ ਹਜ਼ੂਰ ਪਹੁੰਚਨਾ

ਜਕੇ ਤਕੇ ਕਰਦਾ ਅੰਤ ਪਹੁੰਚ ਗਿਆ, ਮਨ 'ਮਾਰਿਆ ਹੌਸਲਾ ਦਾ ਭਾਈ
ਸਤਿਗੁਰਾਂ ਦੇ ਜਦੋਂ ਹਜੂਰ ਗਿਆ, ਗੁਰ ਵੇਖ ਪਏ ਮੁਸਕਰਾ ਭਾਈ
ਰਹੀ ਸੁਖ ਸਰੀਰ ਦੀ ਹੁਣ ਤੇਜ਼ੀਂ, ਆਯਾ ਹੈਂ ਵਿਆਹ ਕਰਾ ਭਾਈ
ਕਿਵੇਂ ਰਾਤ ਹੁਸ਼ਿਆਰਪੁਰ ਵਿਚ ਬੀਤੀ, ਜੋਗਾ ਸਿੰਘ ਡਾਢਾ ਸ਼ਰਮਾ ਭਾਈ
ਉਤੇ ਚਰਨਾਂ ਦੇ ਰੋ ਕੇ ਡਿਗ ਪਿਆ, ਜੋਗਾ ਸਿੰਘ ਡਾਢਾ ਘਬਰਾ ਭਾਈ
ਮੈਨੂੰ ਬਖਸ਼ ਲੋ ਤੁਸੀਂ ਕਰਤਾਰ ਸਿੰਘਾ, ਅਗੇ ਖੜਾ ਪਲਾ ਗਲ ਪਾ ਭਾਈ

ਜੋਗਾ ਸਿੰਘ ਦੀ ਬੇਨਤੀ

ਅੰਤਰਯਾਮੀ ਗੁਰੋ ਸਭੋ ਜਾਣਦੇ ਹੋ, ਕੀਤਾ ਸੋ ਜੋ ਤੁਸਾਂ ਕਰਾ ਲਿਆ ਏ
ਮੈਂ ਤਾਂ ਨਰਕ ਦੇ ਵਿਚ ਜਾ ਪਿਆ ਹੈਸਾਂ, ਦਾਸ ਜਾਣਕੇ ਤੁਸਾਂ ਬਚਾ ਲਿਆ ਏ
ਪੈਰ ਪੌੜੀ ਚੁਰਾਸੀ ਦੀ ਧਰ ਲਿਆ ਸੀ, ਬਾਹੋਂ ਫੜ ਤੁਸਾਂ ਉਲਟਾ ਲਿਆ ਏ
ਰੁੜ੍ਹਚਲਿਆ ਈ ਬੇੜਾ ਮੂਲ ਸਣੇ, ਹਥ ਦੇ ਕੇ ਤੁਸਾਂ ਕਢ ਲਿਆ ਏ
ਵਿਸ਼ੇ ਸ਼ੇਰ ਦੇ ਮੂੰਹਵਿਚ ਜਾਪਿਆਹੈਸਾਂ, ਪਹੁੰਚ ਵੇਲੇ ਸਿਰਤੁਸਾਂਛੁਡਾ ਲਿਆ ਏ
ਬਿਰਦ ਆਪਨਾ ਪਾਲ ਕਰਤਾਰ ਸਿੰਘਾ, ਪੈਂਦੇਨਰਕ ਨੂੰਪਿਛਾਂ ਭਵਾਲਿਆ ਏ

ਬੇਨਤੀ ਕਰਹੁ ਬਖਸਾਉਣਾ

ਮੈਨੂੰ ਭੁਲੇ ਨੂੰ ਸਤਿਗੁਰੋ ਬਖਸ਼ ਦੇਣਾ, ਮੇਰੇ ਔਗੁਨਾ ਤਈਂ ਭੁਲਾ ਦਿਓ
ਬਿਨਾਂ ਆਪਦੀ ਸ਼ਰਨ ਨਥਾਂ ਕੋਈ, ਔਗੁਨ ਬਖਸ਼ ਕੇ ਕੰਠ ਲਗਾ ਦਿਓ
ਖਿਮਾਂ. ਕਰਨੀ ਪਿਛਲੀ ਭੁਲ ਮੇਰੀ, ਅਗੋਂ ਵਾਸਤੇ ਰਸਤੇ ਪਾ ਦਿਓ
ਡਿਗਾ ਆਪ ਦੇ ਦਰ ਕਰਤਾਰ ਸਿੰਘਾ, ਮੈਨੂੰ ਭਵਜਲੋਂ ਪਾਰ ਲੰਘਾ ਦਿਓ
ਤਠਾ–ਹਉ ਅਪ੍ਰਾਧੀ ਗੁਨਹਗਾਰ ਹਉ ਬੇਮੁਖ ਮੰਦਾ ॥

# ਸਚਿਤ੍ਰ ਗੁਰ ਸਿਖ ਇਤਿਹਾਸ ਪੜ੍ਹੋ

ਸਜਣੋ ! ਜੇ ਆਪ ਆਪਣਾ ਤੇ ਆਪਣੀ ਸੰਤਾਨ ਦਾ ਚੰਗਾ ਜੀਵਨ ਬਨਾਉਣਾ ਲੋੜਦੇ ਹੋ, ਤਾਂ ਆਪ ਸਾਡੇ ਛਪੇ ਹੋਏ ਹੇਠ ਲਿਖੇ ਪੁਸਤਕ ਕਵਿਰਾਜ ਭਾਈ ਕਰਤਾਰ ਸਿੰਘ ਗਿਆਨੀ ਕਲਾਸ ਵਾਲੀਏ ਕ੍ਰਿਤੀ, ਗੁਰ ਸਿਖ ਦੇ ਮੰਗਵਾ ਕੇ ਪੜੋ । ਇਸ ਨਾਲ ਆਪ ਨੂੰ ਸੁਰਬੀਰਤਾ, ਸਿਦਕ ਭਰੋਸਾ ਤੇ ਗੁਰਸਿਖੀ ਦਾ ਜੋਸ਼ੀ ਹੋ ਜਾਵੇਗੀ ਤੇ ਆਪ ਆਪਣੇ ਜੀਵਨ ਵਿਚ ਇਕ ਖਾਸ ਆਨੰਦ ਮਾਣੋਗੇ । ਖਰੀਦਣ ਵੇਲੇ ਅਸਲੀ ਪੁਸਤਕ ਦੀ ਪਛਾਣ ਲਈ ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲੇ ਅੰਮ੍ਰਿਤਸਰ ਪ੍ਰਕਾਸ਼ਕ ਦਾ ਨਾਮ ਪੜ੍ਹ ਕੇ ਖਰੀਦ ਕਰਨਾ ਅਤੇ ਨਕਲੀ ਪੁਸਤਕਾਂ ਦੇ ਧੋਖੇ ਤੋਂ ਬਚਣਾ ।

## ਬਾਬਾ ਬੰਦਾ ਬਹਾਦਰ

ਇਸ ਗ੍ਰੰਥ ਦੀ ਰਚਨਾ ਬੜੀ ਸਵਾਦਲੀ ਤੇ ਰਸ ਭਰੀ ਹੈ । ਕਵੀ ਨੇ ਇਸ ਵਿਚ ਬੀਰ ਰਸ ਤੇ ਰਾਜਨੀਤੀ ਏਨੀ ਕੁਟ ਕੁਟ ਕੇ ਭਰੀ ਹੈ ਜੋ ਇਸ ਦੇ ਪੜ੍ਹਨ ਵਾਲਿਆਂ ਤੋਂ ਪਤਾ ਲਗਦਾ ਹੈ ਕਿ ਇਹ ਗ੍ਰੰਥ ਅਜ ਤਕ ਪਰੇਮੀ ਜਨ ਪੰਜਾਹ ਹਜ਼ਾਰ ਦੀ ਗਿਣਤੀ ਵਿਚ ਖਰੀਦ ਚੁਕੇ ਹਨ । ਇਸ ਦੀ ਤੇਈਵੀਂ ਐਡੀਸ਼ਨ ਤਿਆਰ ਹੈ । ਭੇਟਾ ਰੰਗੀਨ ਤਸਵੀਰਾਂ ਸਮੇਤ ਜਿਲਦ ਸਣੇ ੬੦)

## ਸਿਦਕ ਖਾਲਸਾ

ਬੰਦੇ ਬਹਾਦਰ ਦੇ ਮਗਰੋਂ ਤੁਰਕਾਂ ਦੇ ਬੁਰੇ ਵਰਤਾਰੇ ਤੇ ਸਿੰਘਾਂ ਦੇ ਸਾਕੇ ਦਾਸ, ਖਾਲਸੇ ਦਾ ਸਿਦਕ ਤੇ ਬਹਾਦਰੀ, ਸ਼ਹੀਦਾਂ ਦੇ ਅੱਡੋ ਅੱਡ ਦਰਦ ਭਰੇ ਸਾਕੇ ਤੇ ਪ੍ਰਸੰਗ ਵਰਨਣ ਹਨ ।
ਭੇਟਾ ਜਿਲਦ ਸਣੇ ੬੦)

## ਤੇਗ ਖਾਲਸਾ

ਪੰਜਾਬ ਤੇ ਤੁਰਕ ਹਾਕਮਾਂ ਦੀ ਬੇਇਨਸਾਫੀ ਹਿੰਦੂ ਪ੍ਰਜਾ ਤੇ ਸਖਤੀਆਂ, ਅਹਿਮਦਸ਼ਾਹ ਅਬਦਾਲੀ ਦੇ ਪੰਜਾਬ, ਹਿੰਦ ਤੇ ਧਾਵਾ ਧਾਵੇ ਅਰ ਬਾਰਾਂ ਮਿਸਲਾਂ ਦਾ ਵਿਰਤਾਂਤ ਤੇ ਹੋਰ ਕਈ ਵੱਡੇ ਪ੍ਰਸੰਗ ਤੇ ਜੋਸ਼ ਦਰਦ ਭਰੇ ਅਦੁਤੀ ਨਜ਼ਾਰੇ ਹਨ । ਭੇਟਾ ਜਿਲਦ ਸਣੇ ੬੦)

## ਰਾਜ ਖਾਲਸਾ

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਬਹਾਦਰ ਤੇ ਸਰਦਾਰ ਹਰੀ ਸਿੰਘ ਜੀ ਨਲੂਏ ਦੇ ਸੰਪੂਰਣ ਕਾਰਨਾਮੇ ਅਤੇ ਹੋਰ ਸੂਰਮਿਆਂ ਦੀਆਂ ਬਹਾਦਰੀਆਂ ਦੇ ਪ੍ਰਸੰਗ ਤੇ ਜੋਸ਼ ਲਿਖੇ ਹਨ ।
ਭੇਟਾ ਜਿਲਦ ਸਣੇ ੬੦)

## ਸ੍ਰੀ ਗੁਰੂ ਦਸਮੇਸ਼ ਪ੍ਰਕਾਸ਼

ਸ੍ਰੀ ਦਸਮੇਸ਼ ਪਿਤਾ ਜੀ ਦੇ ਜਨਮ ਤੋਂ ਲੈ ਕੇ ਜੋਤੀ ਜੋਤ ਸਮਾਉਣ ਤਕ ਦੇ ਪੂਰੇ ਹਾਲ ਦਰਜ ਹਨ । ਇਸ ਨੂੰ ਪੜ੍ਹਕੇ ਗੁਰੂ ਮਹਾਰਾਜ ਦੇ ਪੂਰਨ ਦਰਸ਼ਨ ਹੁੰਦੇ ਹਨ, ਵਧੇਰੇ ਉਪਮਾ ਕਰਨ ਦੀ ਲੋੜ ਨਹੀਂ ਕਿਉਂ ਜੋ ਪ੍ਰੇਮੀ ਹਨ ਆਪ ਹੀ ਜਸ ਕਰ ਰਹੇ ਹਨ । ਕਵਿਤਾ ਰਸ ਭਰੀ ਤੇ ਠੇਠ ਪੰਜਾਬੀ ਹੈ, ਮਾਨੋ ਬੀਰ ਰਸ ਤੇ ਵੈਰਾਗ ਦਾ ਠਾਠਾਂ ਮਾਰਦਾ ਸਮੁੰਦਰ ਹੈ । ਇਸ ਗ੍ਰੰਥ ਦੀ ਦਸਵੀਂ ਐਡੀਸ਼ਨ ਰੰਗੀਨ ਤਸਵੀਰਾਂ ਸਮੇਤ ਛਪ ਚੁਕੀ ਵਿਕ ਰਹੀ ਹੈ ਮੰਗਵਾਕੇ ਤੇ ਆਪ ਤੇ ਆਪਣਾ ਸੰਤਾਨ ਨੂੰ ਪੜ੍ਹਾ ਕੇ ਅਨੰਦ ਲਵੋ । ਭੇਟਾ ੨੦੦)

## ਬੀਰ ਸਪੁੱਤਰ

ਪਵਿੱਤਰ ਖੂਨ ਦੇ ਜੌਹਰ ਅਥਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਹੁੰ ਸਾਹਿਬਜ਼ਾਦਿਆਂ ਦਾ ਦਰਦ ਭਰਿਆ ਸਾਕਾ ਜੋ ਪੜ੍ਹਨ ਲਗਿਆਂ ਨੇਤਰਾਂ ਤੋਂ ਹੰਝੂ ਕਿਰਨ ਲਗ ਪੈਂਦੇ ਹਨ ।
ਭੇਟਾ ਤਸਵੀਰਾਂ ਸਣੇ ੧੫)

## ਪ੍ਰਹਿਲਾਦ ਭਗਤ

ਮੁਲਤਾਨ ਸਮੇਤ ਸ੍ਰੀ ਰਾਮ ਨਾਮ ਦਾ ਪਿਆਰਾ ਭਗਤ, ਧਰਮ ਦੀ ਪਾਲਣਾ ਕਰਨ ਵਾਲਾ ਪੰਜਾਬੀ ਮਹਾਤਮਾ, ਅਕਾਲ ਪੁਰਖ ਦਾ ਬੰਦਾ ਤੇ ਸੱਚੇ ਉਪਾਸ਼ਕ ਦਾ ਬੜਾ ਸਵਾਦਲਾ ਗ੍ਰੰਥ ਹੈ ।
ਭੇਟਾ ੧੫)

## ਭਾਈ ਚਤਰ ਸਿੰਘ ਜੀਵਨ ਸਿੰਘ

ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ ।

ਚੋਰ, ਯਾਰ, ਜੂਆਰ ਹਉਂ ਪਰ ਘਰ ਜੋਹੰਦਾ ॥
ਨਿੰਦਕ; ਦੁਸ਼ਟ, ਹਰਾਮ ਖੋਰ ਠਗ ਦੇਸ ਠਗੰਦਾ ॥
ਕਾਮ, ਕ੍ਰੋਧ, ਮਧ, ਲੋਭ, ਮੋਹ, ਹੰਕਾਰ ਕਰੰਦਾ ॥
ਵਿਸ਼ਵਾਸ ਦ੍ਰੋਹੀ ਅਕ੍ਰਿਤਘਨ ਮੋਹਿ ਨ ਰਖੰਦਾ ॥
ਸਿਮਰ ਮੁਰੀਦਾ ਢਾਢੀਆ ਸਤਿਗੁਰ ਬਖਸੰਦਾ ॥

(ਭਾਈ ਗੁਰਦਾਸ ਜੀ)

ਸੰਗਤਾਂ ਨੂੰ ਸ਼ੁਭ ਉਪਦੇਸ਼

ਇਕ ਦਿਨ ਸਤਿਗੁਰੂ ਜੀ ਸੰਗਤਾਂ ਨੂੰ, ਬੈਠ ਧਰਮ ਉਪਦੇਸ਼ ਸੁਨਾਨ ਲਗੇ
ਪੰਥ ਰਹੇ ਚਤਰ ਦਾਉ ਖਾਏ ਨਾਹੀਂ, ਰਾਜਨੀਤ ਭੀ ਨਾਲ ਸਮਝਾਉਨ ਲਗੇ
ਰਾਜ ਜੋਗ ਹੈ ਬਖਸ਼ਿਆ ਖਾਲਸੇ ਨੂੰ, ਧਰਮਨੀਤ ਦੀ ਵਿਧੀ ਸਿਖਾਨ ਲਗੇ
ਪੰਥ ਰਹੇ ਅਟਲ ਕਰਤਾਰ ਸਿੰਘਾ, ਸਮੇਂ ਸਮੇਂ ਦੇ ਭੇਦ ਜਿਤਾਨ ਲਗੇ

—o—

ਸਿੰਘ ਸੋ ਜੋ ਖੰਡੇ ਦੀ ਪਾਹੁਲ ਛਕੇ; ਰਖ ਰਹਿਤ ਨਿਸਚਾ ਨਿਬਾਹੇ ਸਦਾ
ਜਿੰਦ; ਜਾਨ ਜਹਾਨ ਤੋਂ ਧਰਮ ਪਿਆਰਾ, ਨਾਮ ਜਪੇ ਉਪਕਾਰ ਕਮਾਏ ਸਦਾ
ਸ਼ੁਭ ਕਰਮ ਕਰੇ ਡਰੇ ਬੁਰੇ ਕਰਮੋਂ, ਸੂਰਬੀਰਤਾ, ਚਿਤ ਰਖਾਏ ਸਦਾ
ਲੱਚੇ ਜੰਗ ਨਿਸ਼ੰਗ ਕਰਤਾਰ ਸਿੰਘਾ, ਧਰਮ ਵੈਰੀਆਂ ਤਾਈਂ ਖਪਾਏ ਸਦਾ

—o—

ਇਸ਼ਟ ਦੇਵ ਦੇ ਬਿਨਾਂ ਨਾ ਕਿਸੇ ਅਗੇ, ਹੋਕੇ ਖਾਲਸਾ ਸੀਸ ਝੁਕਾਵਨਾ ਏ
ਕਿਸੇ ਤਾਈਂ ਭੀ ਬੁਰਾ ਨ ਮੂਲ ਕਹਿਨਾ, ਦਿਲ ਕਿਸੇ ਦਾਨਹੀਂ ਦੁਖਾਵਨਾ ਏ
ਧਰਮ ਆਪਣਾ ਸਭ ਤੋਂ ਜਾਨ ਉਚਾ, ਕੇਸਾਂ ਸਾਸਾਂ ਦੇ ਨਾਲ ਨਿਭਾਵਨਾ ਏ
ਨਿਹਚਾ ਗੁਰਵਾਕਾਂ ਤੇ ਕਰਤਾਰ ਸਿੰਘਾ, ਗੁਰ ਮਤ ਨੂੰ ਸਦਾ ਕਮਾਵਨਾ ਏ

—o—

ਉਠ ਅੰਮ੍ਰਿਤ ਵੇਲੇ ਸ਼ਨਾਨ ਕਰਕੇ, ਗੁਰਬਾਣੀ ਦਾ ਜਪਨਾ ਜਾਪ ਸਿੰਘੋ
ਹਿਰਦੇ ਇਕ ਅਕਾਲ ਦਾ ਧਯਾਨ ਧਰਨਾ, ਮਿਟ ਜਾਨ ਸਰੀਰਦੇ ਤਾਪ ਸਿੰਘੋ
ਧਰਮਵਿਦਯਾ,ਗੁਰਮੁਖੀ ਸਦਾ ਪੜ੍ਹਨੀ,ਰਹਿਨਾਨਹੀਂ ਅਨਪੜ੍ਹ ਕਦਾਪ ਸਿੰਘੋ

ਕਰਨੀ ਧਰਮ ਦੀ ਕਿਰਤ ਕਰਤਾਰ ਸਿੰਘਾ, ਨਾ ਕਦੇ ਕਮਾਵਨਾ ਪਾਪ ਸਿੰਘੋ

–о–

ਦਸਾਂ ਨਹੁੰਆਂ ਦੀ ਨੇਕ ਕਮਾਈ ਕਰਨੀ, ਖੇਤੀ ਨੌਕਰੀ ਯਾ ਬਪਾਰ ਕੋਈ
ਸਦਾ ਆਪ ਕਮਾ ਨਿਰਬਾਹ ਕਰਨਾ, ਕਰਨਾ ਦੇਸ ਪਰਦੇਸ ਰੁਜ਼ਗਾਰ ਕੋਈ
ਪਾਪ ਸਿੰਘ ਤਾਈਂ ਰਹਿਣਾ ਮੁਫਤ ਖੋਰਾ, ਫੜੇ ਮੰਗਣੇ ਦੀ ਨਹੀਂ ਕਾਰ ਕੋਈ
ਸਿੰਘ ਹੋ ਮੰਗੇ ਕਰਤਾਰ ਸਿੰਘਾ, ਮੇਰਾ ਸਿਖ ਨਹੀਂ ਹੈ ਮੁਰਦਾਰ ਕੋਈ

–о–

ਚੋਰੀ, ਯਾਰੀ ਤੇ ਚੁਗਲੀ ਨਹੀਂ ਕਰਨੀ, ਝੂਠੀ ਦੇਵਨੀ ਨਹੀਂ ਗਵਾਹੀ ਕਦੇ
ਜੂਏ ਦਗੇ ਫਰੇਬ ਦੀ ਕੀਤੀ ਹੋਈ, ਨਹੀਂ ਸਫਲੀ ਹੋਨੀ ਕਮਾਈ ਕਦੇ
ਮਿੱਤਰ ਦਰੋਹ ਨ ਨਿਮਕ ਹਰਾਮ ਬਨਣਾ, ਨਾ ਖਪਾਵਨੀ ਅੰਸ ਪਰਾਈ ਕਦੇ
ਭਲਾ ਸਭ ਦਾ ਲੋਚ ਕਰਤਾਰ ਸਿੰਘਾ, ਨਾ ਭੁਲਾਨੀ ਕੀਤੀ ਭੁਲਿਆਈ ਕਦੇ

–о–

ਬਿਨਸ ਜਾਵਨਾ ਦੇਹਾਂ ਨ ਰਹਿਣ ਸਦਾ, ਜਿਥੋਂ ਤਕ ਹੋਵੇ ਉਪਕਾਰ ਕਰਨਾ
ਜੀਵਾਂ ਸਾਰਿਆਂ ਨੂੰ ਜਾਨ ਰਬ ਦੇਹੀ, ਪ੍ਰਾਣੀ ਮਾਤਰ ਨਾਲ ਪਿਆਰ ਕਰਨਾ
ਏਹ ਦੇਹ ਮਾਨੁਖ ਨਾਮਿਲੇ ਮੁੜਕੇ,ਸਵਾਸ ਸਵਾਸਹੀ ਭਜਨ ਕਰਤਾਰ ਕਰਨਾ
ਨਾਮ ਜਪਨਾ ਸਦਾ ਕਰਤਾਰ ਸਿੰਘਾ, ਬੇੜਾ ਭਵਜਲੋਂ ਜਿਸਨੇ ਪਾਰ ਕਰਨਾ

–о–

ਸੂਰਬੀਰ ਬਲੀ ਯੋਧੇ ਬਣੇ ਰਹਿਣਾ, ਪਹਿਲਾਂ ਮਾਰਨਾ ਸ਼ੇਰ ਹੰਕਾਰ ਤਾਈਂ
ਮਨ ਜਿਤ ਕੇ ਜੱਗ ਤੇ ਫਤੇ ਪਾਣੀ, ਦੂਰ ਤਯਾਗਨਾ ਵਿਸ਼ੇ ਵਿਕਾਰ ਤਾਈਂ
ਚਿਤ ਨਵਾ ਤੇ ਸਦਾ ਦਲੀਲ ਉਚੀ, ਚੇਤੇ ਰਖਨਾ ਕਾਲ ਕਰਤਾਰ ਤਾਈਂ
ਮੌਤ ਰਖਣੀ ਯਾਦ ਕਰਤਾਰ ਸਿੰਘਾ, ਨ ਭੁਲਣਾ ਪਰ ਉਪਕਾਰ ਤਾਈਂ

–о–

ਪਰ ਧਨ ਨੂੰ ਸਮਝਨਾ ਵਿਹੁ ਵਰਗਾ, ਪਰ ਨਾਰ ਨੂੰ ਸਮਝਨਾ ਮਾਤ ਸਦਾ

---

ਨੋਟ—ਇਹ ਸਾਰੇ ਉਪਦੇਸ਼ ਰੂਪ ਬੈਂਤ ਜੋ ਹਨ, ਸਾਖੀਆਂ ਸਾਹਿਬ ਰਾਮਕੌਰ ਵਾਲੀਆਂ ਵਿਚੋਂ ਗੁਰਵਾਕਾਂ ਦਾ ਹੀ ਤਰਜਮਾ ਹਨ ਕੋਈ ਪਾਸੋਂ ਮਨਘੜਤ ਨਹੀਂ ਬਣਾਏ ਗਏ।

ਪਰਾਈ ਅੰਸ ਪੈ ਬੰਸ ਦਾ ਨਾਸ ਕਰੇ, ਲੋਭ ਕਰਦਾ ਲੋਭੀ ਦਾ ਘਾਤ ਸਦਾ
ਦਿਨੇ ਕਾਰ ਦੇ ਵਿਚ ਕਰਤਾਰ ਜਪਨਾ, ਨਾਮ ਜਪਨਾ ਜਾਗਕੇ ਰਾਤ ਸਦਾ
ਬਚਨ ਪਾਲਨਾ ਨਿਤ ਕਰਤਾਰ ਸਿੰਘਾ, ਮੂੰਹੋਂ ਕਢਨੀ ਸਮਝਕੇ ਬਾਤ ਸਦਾ

—o—

ਜਟਾ ਜੂਟਸ ਕੇਸ ਅਨਵਿਧ ਰਹਿਣਾ, ਕੇਸਾ ਰੋਮਾ ਦਾ ਬੁਰਾ ਮਨਾਵਣਾ ਨਹੀਂ
ਮੜ੍ਹੀ ਮਠ ਤੇ ਕਬਰ ਸੁਲਤਾਨ ਗੁਗਾ ਪਥਰ ਪੀਰਨੂੰ ਇਸ਼ਟ ਬਨਾਵਣਾ ਨਹੀਂ
ਦੇਵੀ ਦਿਉ ਤੇ ਪੀਰ ਦੀ ਕਬਰ ਚੜਿਆ, ਚੜਾ ਚੂਰਮਾ ਲੈਕੇ ਖਾਵਣਾ ਨਹੀਂ
ਬਿਨਾਂ ਗੁਰੂ ਅਕਾਲ ਕਰਤਾਰ ਸਿੰਘਾ, ਅਗੇ ਹੋਰ ਦੇ ਸੀਸ ਨਿਵਾਵਣਾ ਨਹੀਂ

—o—

ਹਥੀਂ ਮਾਰ ਸ਼ਿਕਾਰ ਅਹਾਰ ਕਰਨਾ, ਕੁਚੇ ਤੁਰਕ ਦੇ ਹਥੋਂ ਨ ਮਾਸ ਲੈਣਾ
ਜਗਤ ਜੂਠ ਤਮਾਕੂ ਨੂੰ ਨਹੀਂ ਛੋਹਣਾ, ਭੰਗ ਅਫੀਮ ਸ਼ਰਾਬ ਤੋਂ ਦੂਰ ਰਹਿਣਾ
ਨਹੀਂ ਪਾਲਤੂ ਸ਼ੂਕਰ ਦਾ ਮਾਸ ਖਾਣਾ, ਨਹੀਂ ਚੋਰ ਉਚੱਕਿਆ ਪਾਸ ਬਹਿਨਾ
ਕਰਨੀ ਪੈਹਲਨਾ ਆਪ ਕਰਤਾਰਸਿੰਘਾ, ਪੈਹਲਾਂ ਸਭਤਾਈਂ ਆਪ ਭਲਾਕਹਿਨੀ

—o—

ਰਹਿਨਾ ਗ੍ਰਿਹਸਤ ਦੇ ਵਿਚ ਸੁਚੇਤ ਹੋਕੇ, ਨੇਕਨੀਤੀ ਦੇ ਨਾਲ ਕਮਾਈ ਕਰਨੀ
ਹਕਆਪਣੇ ਤੇ ਸਦਾ ਸ਼ੁਕਰ ਕਰਨਾ, ਕਿਸੇਨਾਲ ਨਾ ਕਦੇ ਬੁਰਿਆਈ ਕਰਨੀ
ਜਿਥੇ ਬਹਿਨਾ ਮੂੰਹੋਂ ਸਦਾ ਭਲਾ ਕਹਿਨਾ, ਚੰਗੇ ਬੁਰੇਦੇ ਨਾਲ ਭਲਯਾਈ ਕਰਨੀ
ਨੀਵੇਂ ਮਨਹੋਰਹਿਨਾ ਕਰਤਾਰਸਿੰਘਾ, ਨਹੀਂਆਪਣੀ ਆਪ ਵਡਿਯਾਈ ਕਰਨੀ

—o—

ਧੀਆਂ ਪੁਤ ਸਭ ਰੱਬਦੀ ਹੀ ਦਾਤ ਹੈ ਜ਼ੀ, ਜੈਸੀ ਬੇਟੀ ਸੋ ਸਮਝਨਾ ਪੁਤ ਵੈਸਾ
ਮਾਰੇ ਕੰਨਯਾ ਹੋਵੇ ਚੰਡਾਲ ਪਾਪੀ, ਓਹ ਕਸਾਈ ਜੋ ਧੀ ਦਾ ਲਵੇ ਪੈਸਾ
ਢਿੱਡੋ ਜਣ ਕੇ ਧੀ ਦਾ ਮਾਸ ਵੇਚੇ, ਉਹਨੂੰ ਸਮਝਨਾ ਵਡਾ ਕਸਾਈ ਜੈਸਾ
ਪੈਸਾ ਬੇਟੀ ਦਾ ਲਵੇ ਕਰਤਾਰ ਸਿੰਘਾ, ਉਹੋ ਪਾਪੀ ਬੁਚੜ ਸਿਖ ਕੈਸਾ

—o—

ਕੁੜੀ ਮਾਰ ਚੰਡਾਲ ਜੋ ਸਿਖ ਹੋਵੇ, ਓਸ ਦੁਸ਼ਟ ਨੂੰ ਸਦਾ ਤਯਾਗਨਾ ਜੀ

ਨ ਓਹ ਸਿਖ ਮੇਰਾ ਨ ਮੈਂ ਗੁਰੂ ਉਸਦਾ, ਸਾਥ ਛਡ ਉਸਤੋਂ ਦੂਰ ਭਾਗਨਾ ਜੀ
ਗੁਰੂ ਮਾਰਿਆ ਓਹਮਹਾਂਦੁਸ਼ਟ ਪਾਪੀ, ਚੂਹੜਾ ਸਮਝਕੇ ਨਾਲਨ ਲਾਗਨਾ ਜੀ
ਸੌ ਕਰੋੜ, ਨਰਕਾਂ ਦਾ ਕਰਤਾਰ ਸਿੰਘਾ, ਦੁਖ ਪਏਗਾ ਦੁਸ਼ਟ ਨੂੰ ਝਾਗਨਾ ਜੀ

—o—

ਵਾਕ ਕਵੀ

ਗਊ ਹਤਿਆ ਕਰੇ ਸੋ ਮਹਾਂ ਪਾਪੀ, ਹਿੰਦੂ ਸ਼ਾਸਤ੍ਰ ਏਹੋ ਪੁਕਾਰਦੇ ਨੇ
ਓਹਦੇ ਨਾਲ ਨ ਕਦੇ ਭੀ ਛੋਹੇ ਕੋਈ, ਆਖ ਦੁਸ਼ਟ ਚੰਡਾਲ ਦੁਰਕਾਰਦੇ ਨੇ
†ਕੁੜੀਆਂ ਮਾਰਦੇ ਵੇਚਦੇ ਲੋਕ ਜੇਹੜੇ, ਪਾਪ ਉਨ੍ਹਾਂ ਦਾ ਨਹੀਂ ਵਿਚਾਰਦੇ ਨੇ
ਪੁਛੋ ਬਾਹਮਣਾ ਤਈਂ ਕ੍ਰਤਾਰਸਿੰਘਾ, ਓਹਨਾਂ ਤਈਂ ਨ ਕਿਉਂ ਧਿਤਕਾਰਦੇ ਨੇ

—o—

ਸੋ ਗਊ ਦੇ ਤੁਲ ਹੈ ਕੰਨਯਾ ਜੀ, ਪੁਛੋ ਬਾਹਮਣਾਂ ਤਈਂ ਸੁਣਾਂਵਦੇ ਨੇ
ਮਾਰਨ ਬੇਟੀਆਂ ਸੋ ਦਸੋ ਕੌਣ ਹੋਸੇ, ਹੁੰਦੇ ਉਨ੍ਹਾਂ ਦੇ ਘਰਾਂ ਤੋਂ ਖਾਂਵਦੇ ਨੇ
ਡੁਬੇ ਆਪ ਤੇ ਨਾਲ ਜਜਮਾਨ ਗਾਲੇ, ਮਾਰੇ ਲੋਭ ਦੇ ਪਏ ਲੰਘਾਂਵਦੇ ਨੇ
ਸਾਰੇ ਚੁਪ ਕਰ ਰਹੇ ਕ੍ਰਤਾਰ ਸਿੰਘਾ, ਕਿਉਂ ਨ ਦੂਸ਼ਨਾਂ ਉਨ੍ਹਾਂ ਨੂੰ ਲਾਂਵਦੇ ਨੇ

—o—

ਸੁਣੋ ਖਾਲਸਾ ਰੈਹਤ ਵਿਚ ਤਯਾਰਰੈਹਨਾ, ਰਾਜਨੀਤਦਾ ਢੰਗਨਿਬਾਹਨਾ ਸਦਾ
ਜਹੀ ਵਾਉ ਵਗੇ ਤੇਹੀ ਓਟ ਕਰਨੀ ਸਮਾਂ ਸੋਚ ਕੇ ਸਿਰ ਲੰਘਾਨਾ ਸਦਾ
ਧਰਮ ਯੁਧ ਨੂੰ ਤਯਾਰ ਬਰਤਯਾਰਰਹਿਨਾਂ, ਪ੍ਰੇਮਸ਼ਸਤ੍ਰਾਂ ਦੇ ਨਾਲ ਪਾਨਾ ਸਦਾ
ਮਿਤ੍ਰ ਨਾਲ ਰਖ ਮੇਲ ਕਰਤਾਰ ਸਿੰਘਾ, ਮਾਰ ਵੈਰੀਆਂ ਤਈਂ ਦਬਾਨਾ ਸਦਾ
ਜਪੀ, ਤਪੀ, ਮਾਨੀ, ਦਾਨੀ ਭੂਪ ਬਲੀ, ਮਾਂ ਬਾਪ ਤੇ ਸੰਤ ਵਿਚਾਰੀਏ ਜੀ
ਰਾਜ ਮੰਤ੍ਰੀ ਮਿਤ੍ਰ ਪੁਤ੍ਰ ਗਵਾਂਗੀ, ਕੋਤਵਾਲ ਦੇ ਘਰ ਦੀ ਨਾਰੀਏ ਜੀ

---

†ਭਲਾ ਹੋਵੇ ਸਰਕਾਰ ਵਿਲਾਇਤੀਆਂ ਦਾ ਜਿਸਨੇ ਹੁਕਮ ਦੇ ਡੰਡੇ ਅਗੇ ਧਰਕੇ ਏਸ ਪਾਪ ਦੀਆਂ ਜੜ੍ਹਾਂ ਉਖੇੜੀਆਂ ਹਨ, ਪਰ ਸਾਡੇ ਦੇਸ ਦੇ ਧਰਮ ਦੇ ਠੇਕੇਦਾਰਾਂ ਨੇ ਕਦੇ ਭੀ ਏਸ ਪਾਪ ਦੇ ਦੂਰ ਕਰਨ ਦਾ ਯਤਨ ਨਾ ਕੀਤਾ, ਸਗੋਂ ਕੁੜੀ ਵੇਚਾਂ ਨਾਲ ਰਲਕੇ ਵਿਚੋਂ ਹਕ ਉਡਾਂਦੇ ਤੇ ਆਪਣੇ ਹਥ ਰੰਗਦੇ ਹਨ। ਅਫਸੋਸ ਹੈ ਐਸੇ ਆਗੂਆਂ ਤੇ ਜਿਨ੍ਹਾਂ ਨੇ ਆਪਣੇ ਹੀ ਸਵਾਰਥ ਨੂੰ ਮੁਖ ਰਖਕੇ ਦੇਸ ਦਾ ਸਤਯਾਨਾਸ ਕਰ ਦਿਤਾ।

ਭੇਤੀ ਮੁਦਦਾ, ਦਰਬਾਨ, ਬਲੀ, ਵਿਦਵਾਨ ਕਵੀਸ਼ਰ ਧਾਰੀਏ ਜੀ
ਹਾਕਮ, ਖਾਣਾ ਖੁਲਾਏ ਕਰਤਾਰ ਸਿੰਘਾ, ਏਨਾਂ ਨ ਕਦੇ ਵਿਗਾੜੀਏ ਜੀ

—o—

ਬ੍ਰਾਹਮਣ,ਬਾਣੀਆਂ,ਕਾਣਾਂਵਾ,ਚਾਲਬਾਂਦੂ,ਕੈਰਾ, ਭੈਂਗਾ,ਗੰਜਾਸੁਨਯਾਰ ਸਮਝੋ
ਸੌਂਕਣ, ਸ਼ੂਮਸੰਨਯਾਸੀ†ਕਰਾਲ, ਕੰਜਰ,ਜੂਏਬਾਜ,ਸ਼ਰਾਬੀ,ਬਦਕਾਰ ਸਮਝੋ
ਰੰਡੀ, ਵਿਭਚਾਰਨ, ਵੈਰੀ, ਚੋਰ,ਲੰਗੜਾ ਪਾਣੀ ਵਗਦਾ ਮੂਰਖ ਯਾਰ ਸਮਝੋ
ਸਪ,ਸ਼ੇਰ,ਬਘਿਆੜ ਕਰਤਾਰ ਸਿੰਘਾ ਏਨਾਂ,ਪਾਸੋਂ ਜਦ ਹੋਏ ਵਿਗਾੜ ਸਮਝੋ

—o—

ਪਰ ਨਾਇਕਾ ਨਗਨ ਨ ਸਿਖ ਵੇਖੇ, ਨੀਚ ਨਾਲ ਨ ਭੁਲ ਵਿਹਾਰ ਕਰਨਾ
ਭੇਖੀ ਵਖ ਤੇ ਐਵੇਂ ਨ ਰੀਝ ਜਾਨਾ, ਨ ਪਹਾੜੀਆਂ ਤੇ ਇਤਬਾਰ ਕਰਨਾ
ਮਲ ਮੂਤ ਰਸਤੇ ਵਿਚ ਕਰਨ ਮੰਦਾ, ਨੰਗੇ ਸਿਰ ਨ ਬੈਠ ਅਹਾਰ ਕਰਨਾ
ਕਰਜ਼ਾ ਚੁਕਣਾ ਨਹੀਂ ਕਰਤਾਰ ਸਿੰਘਾ,ਨ ਪਰਦੇਸੀਆਂ ਨਾਲ ਹੁਦਾਰ ਕਰਨਾ

—o—

ਟੁਟੀ ਮੰਜੀ ਚੁਰਸਤੇ ਨਹੀਂ ਬਹਿਨਾ, ਦੰਦਾਂ ਨਾਲ ਨਾ ਕਟਨੇ ਨਹੁੰ ਕਦੇ
ਰੋਟੀ ਆਕੇ ਪੇਟ ਵਜਾਵਨਾ ਨਹੀਂ, ਕਰਨੀ ਵਿਸ਼ੇ ਦੀ ਸਿਫਤ ਨ ਬਹੁੰ ਕਦੇ
ਬੁਰਾ ਰਾਤ ਉਡਾਵਨਾ ਪੰਛੀਆਂ ਨੂੰ ਨਹੀਂ ਖਾਵਨੀ ਗੁਰਾਂ ਦੀ ਸਹੁੰ ਕਦੇ
ਜਾਂਦੇ ਵਿਚ ਬਜਾਰ ਕਰਤਾਰ ਸਿੰਘਾ, ਪਿਛਾਂ ਵੇਖਣਾ ਨਹੀਂ ਭੌਂ, ਭੌਂ ਕਦੇ

—o—

ਕਦੇ ਬਿਨਾਂ ਬੁਲਾਇਆ ਬੋਲਨਾ ਨ, ਬਿਨਾਂ ਸਦਿਆਂ ਘਰ ਨ ਕਿਸੇ ਜਾਨਾ
ਬਿਨਾਂ ਕਾਰਨੋਂ ਹੱਸਨਾ ਰੋਵਨਾ ਨ, ਪਰਾਏ ਝਗੜੇ ਵਿਚ ਨ ਪੈਰ ਪਾਨਾ
ਗਲਾਂ ਕਰਦਿਆਂ ਪਾਸ ਖਲੋਵਨਾ ਨਹੀਂ ਐਰ, ਗੈਰ ਦੇ ਹਦੋਂ ਨ ਲੈ ਖਾਨਾ
ਘਰ ਆਪਣਾ ਰਖ ਕਰਤਾਰ ਸਿੰਘਾ, ਚੋਰ ਆਖ ਨ ਕਿਸੇ ਨੂੰ, ਵੈਰ ਚਾਨਾ

—o—

ਘੋੜਾ,ਨਾਰ,ਹਥਯਾਰ,ਬਪਾਰ, ਲਿਖਣ, ਹਥ ਆਪਣੇ ਵਿਚ ਹੀ ਰਹਿਨ ਚੰਗੇ

---

†ਬੁਰੇ ਚਿਤ ਬੁਰੀ ਜੀਵਕਾ ਵਾਲਾ ਆਦਮੀ

ਡੂਮੇ ਪਾਸ ਗਏ ਸਾਬਤ ਆਉਨ ਆਹੀਂ, ਅਜ਼ਮਾਈ ਹੋਈ ਲੋਕ ਕਹਿਨ ਚੰਗੇ
ਧੀਂ, ਪੁਤ ਨਾਰੀ ਦਾਬੇ ਹੇਠ ਰਹੇ, ਤਾਹੀਏਂ ਖਜ਼ਾਲ ਇਹਨਾਂ ਵਿਚ ਪੈਨ ਚੰਗੇ
ਓਹ ਕਾਦੀ ਪੰਚੈਤ ਕਰਤਾਰ ਸਿੰਘਾ ਜਿਥੇ ਰਲ ਨ ਆਦਮੀ ਬਹਿਨ ਚੰਗੇ

—o—

ਰੋੜੇ, ਕੰਨ ਪਾਟੇ, ਨਾਂਗੇ, ਭੇਖੀਆਂ ਤੋਂ, ਪਿਛਾਂ ਹਟਕੇ ਖੂਬ ਹੁਸ਼ਿਆਰ ਰਹਿਨਾ
ਭਾਈ ਸਿਖੇ ਹੋ ਸੋਚ ਵਿਚਾਰ ਬਿਨਾਂ, ਔਖਾ ਬਹੁਤ ਜੋ ਵਿਚ ਸੰਸਾਰ ਰਹਿਨਾ
ਬੁਰਕਾ ਸ਼ੇਰਦਾ ਪਹਿਨਸੁਚੇਤ ਹੋਕੇ, ਹਰਕੰਮ ਵਿਚ ਤਯਾਰ ਬਰਤਯਾਰ ਰਹਿਨਾ
ਮਾਯਾ ਵਿਚ ਉਦਾਸ ਕਰਤਾਰ ਸਿੰਘਾ, ਭਜਨ ਕਰਦੇ ਸਦਾ ਕਰਤਾਰ ਰਹਿਨਾ

—o—

ਇਹ ਬਾਣਾ ਸ੍ਰੀ ਅਸਕੇਤ ਜੀ ਦਾ, ਸਿੰਘੋਂ ਤੁਸਾਂ ਨੂੰ ਅਸਾਂ ਪਹਿਨਾਯਾ ਏ
ਜ਼ਾਤ ਪਾਤ, ਸੰਸਾਰ ਦੇ ਤੋੜ ਬੰਧਨ, ਬਲੀ ਪੰਥ ਅਜ਼ਾਦ ਰਲਾਯਾ ਏ
ਵਰਣ, ਆਸ਼੍ਰਮ ਦੀ ਛਟ ਲਾਹ ਸਿਰੋਂ ਚਾਏ ਗਿਦੜੋਂ ਸ਼ੇਰ ਬਣਾਯਾ ਏ
ਪੰਥ ਖਾਲਸਾ ਸਾਜ ਕਰਤਾਰ ਸਿੰਘਾ, ਗੋਦੀ ਸ੍ਰੀ ਅਸਕੇਤ ਦੀ ਪਾਯਾ ਏ

—o—

ਇਸ ਬਾਣੇ ਦੀ ਪਾਲੋਗੇ ਲਾਜ ਜੇਕਰ, ਵਧੇ ਵਿਚਰਹੇਗਾ ਪ੍ਰਤਾਪ ਦਿਨ ਦਿਨ
ਰਾਜ, ਭਾਗ ਤੇ ਸੁਖ ਬੇਅੰਤ ਹੋਸੀ, ਗੁਰੂ ਕਰੇ ਸਹਾਇਤਾ ਆਪ ਦਿਨ ਦਿਨ
ਜਦਤਕ ਰਹੋਗੇ ਨਯਾਰੇ ਖਾਲਸਾਜੀ, ਅਤੇਜਪੌਗੇ ਵਾਹਿਗੁਰੂ ਜਾਪ ਦਿਨ ਦਿਨ
ਦਬੇ ਰਹਿਨਗੇ ਵੈਰੀ ਕੁਤਾਰ ਸਿੰਘਾ, ਦੂਰ ਹੋਣਗੇ ਦੁਖ ਤੇ ਪਾਪ ਦਿਨ ਦਿਨ

### ਸ੍ਰੀ ਦਸਮੇਸ਼ ਜੀ ਨੇ †ਬਸੂਾਲੀ ਤੇ ਭੰਬੌਰ ਜਾਣਾ

ਧਰਮਪਾਲ ਸੀ ਰਾਜਾ ਬਸੂਾਲੀ ਵਾਲਾ; ਨੇਕ ਮਰਦ ਤੇ ਬੰਦਗੀ ਦਾਰ ਭਾਈ
ਸਤਿਗੁਰਾਂ ਦਾ ਦਿਲੋਂ ਸੀ ਬੜਾ ਸੇਵਕ ਹੋਯਾ ਹਾਜ਼ਰ ਵਿਚ ਦਰਬਾਰ ਭਾਈ
ਕੀਤੀ ਬੇਨਤੀ ਮੇਰੇ ਘਰ ਚਰਨ ਪਾਵੋ ਅਰਜ਼ਾਂ ਕੀਤੀਆਂ ਬਾਰੰਬਾਰ ਭਾਈ
ਸਤਿਗੁਰੂ ਜੀ ਸੈਰ ਨੂੰ ਚਾਹੁੰਦੇ ਸਨ, ਹੋਏ ਉਸਦੇ ਨਾਲ ਤਯਾਰ ਭਾਈ

---

†ਬਸਾਲੀ ਅਨੰਦਪੁਰ ਥੀਂ ਨੌਂ ਕੋਹ ਦਖਣ ਵਲ ਹੈ ਤੇ ਭੰਬੌਰ ਬਾਰਾਂ ਕੋਹ ਪਿਛੇ ਵੰਨੀ ਹੈ।

ਕੁਝ ਫੌਜ ਆਨੰਦਪੁਰ ਕਾਇਮ ਕੀਤੀ, ਕੁਝ ਨਾਲ ਕੀਤੀ ਅਸਵਾਰ ਭਾਈ
ਸੈਰ ਕਰਦੇ ਚਲੇ ਬਸਾਲ੍ਹੀ ਗਏ, ਸੇਵਾ ਰਾਜੇ ਕੀਤੀ ਨਿਹਚਾ ਧਾਰ ਭਾਈ
ਕਈ ਦਿਨ ਰਹਿ ਸੈਰ ਸ਼ਿਕਾਰ ਕੀਤੇ ਮਿਲਯਾ ਆਨ ਭੰਬੋਰੀਆਂ ਬਾਹਰ ਭਾਈ
ਵੇਖ ਸਤਿਗੁਰਾਂ ਨੂੰ ਓਹ ਤਾਂ ਮੋਹਤ ਹੋਯਾ;ਮਥਾ ਟੇਕਿਆ ਨਜ਼ਰ ਗੁਜ਼ਾਰ ਭਾਈ
ਰਾਜ ਆਪਣੇ ਵਿਚ ਉਹ ਲੈ ਗਿਆ ਕੀਤਾ ਬਹੁਤ ਪ੍ਰੇਮ ਸੀ ਜਾਹਰ ਭਾਈ
ਤਿੰਨ ਦਿਨ ਓਸੇ ਥਾਂ ਰਹੇ ਗੁਰ ਜੀ ਧਰਮਪਾਲ ਆਯਾ ਹੋ ਲਾਚਾਰ ਭਾਈ
ਲੈ ਜਾਣ ਤੇ ਬੇਨਤੀ ਬਹੁਤ ਕੀਤੀ ਸਤਿਗੁਰਾਂ ਨੇ ਕਹਿਆ ਉਚਾਰ ਭਾਈ
ਇਥੋਂ ਅਸਾਂ ਪਿਛਾਂਹ ਨੂੰ ਮੁੜ ਜਾਣਾ; ਸਾਨੂੰ ਕੰਮ ਨੇ ਬੇਸ਼ੁਮਾਰ ਭਾਈ
੦ਅੰਗ ਸੰਗ ਤੇਰੇ ਅਸੀਂ ਸਦਾ ਰਹਾਂਗੇ ਨਾਲ ਪੰਥ ਦੇ ਰੱਖੀਂ ਪਿਆਰ ਭਾਈ
ਗੁਰ ਰਹੇ ਭੰਬੋਰ ਕਰਤਾਰ ਸਿੰਘਾ, ਰਾਜਾ ਗਿਆ ਹੋ ਖੁਸ਼ ਅਧਾਰ ਭਾਈ

ਸੰਗਤ ਦੀ ਪੁਕਾਰ ਤੇ ਸਿੰਘਾਂ ਨੇ ਕਲਮੋਟ ਲੁਟਣਾ

ਰਹੇ ਗੁਰੂ ਜੀ ਰਾਜੇ ਭੰਬੋਰੀਏ ਦੇ, ਓਸੇ ਥਾਂ ਸੰਗਤ ਆਵਾਜਾਈ ਕੀਤੀ
ਇਕ ਦਿਨ ਦੀਵਾਨ ਦੇ ਵਿਚ ਆਕੇ, ਕੁਝ ਸੰਗਤ ਹਾਲ ਦੁਹਾਈ ਕੀਤੀ
ਸਾਨੂੰ ਪੇ ਕਲਮੋਟ ਦੇ ਰੰਘੜਾਂ ਨੇ ਦੰਗਾ ਕਰਕੇ ਖੋਹ ਖੁਹਾਈ ਕੀਤੀ
ਇਹ ਸੁਣਦਿਆਂ ਖਾਲਸੇ ਤਯਾਰ ਹੋਕੇ ਫਤੇ ਵਾਹਿਗੁਰੂ ਬੋਲ ਚੜ੍ਹਾਈ ਕੀਤੀ
ਜਾ ਘੇਰਿਆ ਕਿਲ੍ਹੇ ਵਿਚ ਰੰਘੜਾਂ ਨੂੰ ਥੋੜਾ ਚਿਰ ਤਾਂ ਖੂਬ ਲੜਾਈ ਕੀਤੀ
ਅੰਤ ਖਾਲਸਾ ਕਿਲ੍ਹੇ ਤੇ ਜਾ ਚੜ੍ਹਿਆ, ਤੇਗਾਂ ਸੂਤਕੇ ਖੂਬ ਸਫਾਈ ਕੀਤੀ
ਲੁਟ, ਪੁਟ ਬਚੇ ਜਿਹੜੇ ਫੜ ਆਂਦੇ ਗੁਰਾਂ ਉਨ੍ਹਾਂ ਦੀ ਜਾਨ ਛੁਡਾਈ ਕੀਤੀ
ਕੰਨੀਂ ਹਥ ਲਵਾ ਕਰਤਾਰ ਸਿੰਘਾ, ਅਗੋਂ ਵਾਸਤੇ ਤੋਬਾ ਕਰਾਈ ਕੀਤੀ

ਸ੍ਰੀ ਦਸਮੇਸ਼ ਜੀ ਨੇ ਭੰਬੋਰ ਤੋਂ ਆਨੰਦਪੁਰ ਆਉਣਾ

ਕੁਝ ਦਿਨ ਪਹਾੜਾਂ ਦੇ ਸੈਲ ਕੀਤੇ ਮੋੜਾ ਫੇਰ ਅਨੰਦਪੁਰ ਵਲ ਪਾਯਾ
ਸੇਵਾ ਬਹੁਤ ਕੀਤੀ ਰਾਜੇ ਖੁਸ਼ ਹੋ ਕੇ, ਅਗੋਂ ਵਾਸਤੇ ਗੂੜਾ ਪ੍ਰੇਮ ਲਾਯਾ

---

੦ਸਤਿਗੁਰਾਂ ਨੇ ਬਸਾਲ੍ਹੀ ਵਾਲੇ ਦਾ ਪ੍ਰੇਮ ਦੇਖਕੇ ਇਹ ਵਰ ਦਿਤਾ ਕਿ ਜਦ ਤੈਨੂੰ ਕੋਈ ਲੋੜ ਬਣੇ ਤੂੰ ਖਾਲਸੇ ਨੂੰ ਸਦ ਲੈਣਾ ਕਰਨਾ, ਖਾਲਸਾ ਤੇਰੀ ਮਦਦ ਤੇ ਕਹਿਲੂਰੀ, ਕਟੋਚੀ, ਹੰਡੂਰੀ ਦੀ ਸਦਾ ਹੀ ਹੌਂਦਤਾ ਕਰਦਾ ਰਹੇਗਾ।

ਸਤਿਗੁਰੂ ਜੀ ਆਏ ਅਨੰਦਪੁਰੀ, ਲੋਕਾਂ ਖੁਸ਼ੀ ਦਾ ਰਲਕੇ ਗੀਤ ਗਾਯਾ
ਆਈਆਂ ਸੰਗਤਾਂ ਬਹੁਤ ਕਰਤਾਰਸਿੰਘਾ, ਵਧੀਆਂਰੌਣਕਾਂਤੇਚੜ੍ਹੀ ਬਹੁਤ ਮਾਯਾ

### ਮਾਤਾ* ਜੀਤੋ ਜੀ ਦਾ ਚਲਾਣਾ

ਏਹਨੀਂ ਦਿਨੀਂ ਹੀ ਗੁਰਾਂ ਦੇ ਪਹਿਲ ਵਡੇ, ਛਡ ਦੇਹ ਨੂੰ ਜੋਤ ਸਮਾਏ ਭਾਈ
ਪਿਛੇ ਗੁਰ ਮਰਯਾਦਾ ਅਨੁਸਾਰ ਗੁਰਾਂ, ਸਭੇ ਮ੍ਰਿਤਕ ਕਰਮ ਕਰਵਾਏ ਭਾਈ
ਫੁਲ ਫਿਰ ਸਤਲੁਜ ਦੇ ਪਾ ਦਿਤੇ, ਦਾਨ ਸਦ ਗਰੀਬ ਦਿਵਾਏ ਭਾਈ
ਭਾਗਾਂ ਵਾਲੇ ਤੂੰ ਸਮਝ ਕਰਤਾਰ ਸਿੰਘਾ, ਮੇਲਾ ਭਰਿਆ ਛਡ ਸਿਧਾਏ ਭਾਈ

### ਸ੍ਰੀ ਦਸਮੇਸ਼ ਜੀ ਦੇ ਹਜ਼ੂਰ ਇਕ ਖੱਤ੍ਰੀ ਨੇ ਬੇਨਤੀ ਕਰਨੀ

ਥੋੜੇ ਦਿਨਾਂ ਪਿਛੋਂ ਪੁੰਠੋਹਾਰ ਵਿਚੋਂ, ਆਈ ਸੰਗਤ ਬਹੁਤ ਵਿਚਾਰ ਸੀ ਜੀ
ਜ਼ਿਲਾ ਜੇਹਮਲ, ਕੁਸਾਤ ਦੇ ਰਹਿਣ ਵਾਲਾ, ਨਾਰਖਤਰੀਇਕ ਹੁਸ਼ਯਾਰ ਸੀ ਜੀ
ਓਹਦੀ ਗੋਤ ਕੁਮਾਹਵਤੇ ਨਾਮ ਹਰਜਸ; ਬੇਟੀਤਿਸਦੀਨਾਲ ਮੁਟਿਯਾਰ ਸੀ ਜੀ
ਹਥ ਜੋੜ ਕੇ ਖਤਰੀ ਪਰੇਮ ਭਰਿਆ, ਅਰਜ਼ ਕਰਦਾ ਵਿਚ ਦਰਬਾਰ ਸੀ ਜੀ
ਮੇਰੀ ਕੰਨਯਾਂ ਆਪਣੀ ਕਰ ਦਾਸੀ, ਮੈਂ ਘਰੋਂ ਆਯਾ ਇਹ ਧਾਰ ਸੀ ਜੀ
ਗੁਰ ਚੁਪ ਹੋ ਗਏ ਕਰਤਾਰ ਸਿੰਘਾ; ਗਲ ਖਤਰੀ ਦੀ ਸੁਣਦੇ ਸਾਰ ਸੀ ਜੀ

### ਸ੍ਰੀ ਦਸਮੇਸ਼ ਜੀ

ਥੋੜਾ ਚਿਰ ਰਹਿ ਚੁਪ, ਗੁਰ ਬੋਲਦੇ ਜੀ; ਏਹ ਅਯੋਗ ਤੂੰ ਭਾਈਉਚਾਰਯਾ ਏ
ਸਾਨੂੰ ਲੋੜ ਨ ਸ਼ਾਦੀ ਦੀ ਹੈ ਕੋਈ; ਅਸਾਂ ਗ੍ਰਿਸਤ ਨੂੰ ਦਿਲੋਂ ਵਿਸਾਰਯਾ ਏ

---

*ਮਾਤਾ ਜੀਤੋ ਜੀ ਨੇ ਸਤਿਗੁਰਾਂ ਦੀ ਭਰਪੂਰ ਸੇਵਾ ਕੀਤੀ ਸੀ ਤੇ ਉਨ੍ਹਾਂ ਨੂੰ ਭਵਿਖਤ ਭੀ ਹੋਣ ਲਗ ਪਈ ਸੀ। ਇਕ ਦਿਨ ਜੀਤੋ ਜੀ ਨੇ ਸਤਿਗੁਰਾਂ ਨੂੰ ਕਿਹਾ ਕਿ ਜਦ ਮੈਂ ਧਿਆਨ ਵਿਚ ਬੈਠਦੀ ਹਾਂ ਤਾਂ ਸਾਹਿਬਜ਼ਾਦੇ ਭਾਂ ਜੰਗ ਵਿਚ ਸ਼ਹੀਦ ਹੁੰਦੇ ਦੇਖਦੀ ਹਾਂ ਤੇ ਰਾਜ ਖਾਲਸੇ ਨੂੰ ਪ੍ਰਾਪਤ ਹੁੰਦਾ ਦਿਸਦਾ ਹੈ ਤਾਂ ਸਤਿਗੁਰਾਂ ਨੇ ਆਖਯਾ ਕਿ ਤੁਹਾਡੇ ਚਿਤ ਵਿਚ ਸੰਸਾਰ ਦਾ ਮੋਹ ਹੈ, ਪੂਰਨ ਗਯਾਨ ਨਹੀਂ ਹੋਯਾ ਤੁਸਾਂ ਨਾਸਵੰਤ ਸੰਸਾਰ ਦਾ ਰਾਜ ਕੀ ਕਰਨਾ ਹੈ ਅਸਾਂ ਤੁਹਾਡੇ ਸਪੁਤ੍ਰਾਂ ਨੂੰ ਦਰਗਾਹ ਦੀ ਸਰਦਾਰੀ ਦਿਵਾਈ ਹੈ ਤੇ ਦੇਹਾਂ ਨੇ ਜ਼ਰੂਰ ਬਿਨਸਣਾ ਹੈ ਜੇ ਕਰ ਤੁਹਾਡੇ ਸਪੁਤ੍ਰ ਜੰਗਾਂ ਵਿਚ ਸ਼ਹੀਦ ਹੋਣ ਤਾਂ ਤੁਸਾਂ ਨੇ ਹੋਰ ਕੀ ਲੈਣਾ ਹੈ ਤਾਂ ਮਾਤਾ ਜੀ ਨੇ ਆਖਿਆ ਸਚੇ ਪਾਤਸ਼ਾਹ ਏਹ ਭਾਣਾ ਤਾਂ ਮੈਥੋਂ ਨਹੀਂ ਝਲਿਆ ਜਾਣਾ, ਮੈਂ ਸਚਖੰਡ ਨੂੰ ਚਲਦੀ ਹਾਂ ਤਾਂ ਬਚਨ ਹੋਇਆ, ਚਲੋ ਸਾਹਿਬਜ਼ਾਦੇ ਭੀ ਮਗਰੇ ਹੀ ਆਵਦੇ ਹਨ ਤੇ ਅਸੀਂ ਭੀ ਥੋੜੇ ਚਿਰ ਨੂੰ ਆਏ ਸਮਝਿਓ, ਏਹ ਸੁਣ ਸ੍ਰੀ ਜੀਤੋ ਜੀ ਨੇ ਤੁਰਤ ਪ੍ਰਾਣ ਤਯਾਗ ਦਿਤੇ।

ਅਗੇ ਗ੍ਰਿਸਤੀ ਘਰ ਓਲਾਦ ਸਾਡੇ, ਪੂਰਾ ਫਰਜ਼ ਸੰਸਾਰ ਦਾ ਸਾਹਿਆ ਏ
ਕੀਤਾ ਜਦ ਤੈਂ ਹੋਮ ਕਰਤਾਰ ਸਿੰਘਾ, ਅਸਾਂ ਬ੍ਰਹਮਚਰਜ ਪਕਾ ਧਾਰਿਆ ਏ

ਹਰ ਜਸ

ਹਰਜਸ ਚਰਨਾਂ ਉਤੇ ਢੈਹ ਪਿਆ, ਮੇਰੀ ਬੇਟੀ ਕਿਥੇ ਹੁਣ ਜਾਏਗੀ ਜੀ
ਮੈਂ ਤਾਂ ਆਪ ਨੂੰ ਅਰਪਨ ਕਰਚੁਕਾ, ਦੇਨੀ ਹੋਰ ਨੂੰ ਕਿਸ ਤਰ੍ਹਾਂ ਭਾਏਗੀ ਜੀ
ਹੁਣ ਆਪਣੇ ਚਰਨਾਂ ਦੇ ਵਿਚ ਰਖੋ, ਟਹਿਲਨ ਹੋ ਕੇ ਸੇਵਾ ਕਮਾਏਗੀ ਜੀ
ਹੋਰ ਥਾਂ ਨਹੀਂ ਹੁਣ ਕਰਤਾਰ ਸਿੰਘਾ, ਦਾਸੀ ਬਣਕੇ ਉਮਰ ਲੰਘਾਏਗੀ ਜੀ

ਦਾਸ ਕਵੀ

ਦ੍ਰਿੜ ਨਿਸਚਾ ਵੇਖਕੇ ਖਤ੍ਰੀ ਦਾ, ਸਤਿਗੁਰਾਂ ਦਾ ਬਚਨ ਸਵੀਕਾਰ ਕੀਤਾ
ਤੀਏ ਦਿਨ ਅਨੰਦ ਪੜ੍ਹਾ ਲਿਆ; ਹਰਜਸ ਨੇ ਸ਼ੁਕਰ ਹਜ਼ਾਰ ਕੀਤਾ
ਸਾਹਿਬ ਕੌਰ ਜੀ ਤੀਸਰੇ ਮਹਿਲ ਬਣੇ, ਮਾਤਾ ਵਡੀ ਆਨੰਦ ਅਪਾਰ ਕੀਤਾ
ਏਸੇ ਮਾਤਾ ਜੀ ਖਾਲਸਾ ਗੋਦ ਪਿਆ, ਗੁਰਾਂ ਨਾਮ ਅਟਕ ਸੰਸਾਰ ਕੀਤਾ
ਸਮਝਰੂਪ ਕ੍ਰਤਾਰ ਦਾ ਗੁਰੂ ਜੀਨੂੰ;ਪਹਿਲੇ ਦਿਨੋਂ ਏਹਕੰਮ ਅਖਤਯਾਰ ਕੀਤਾ
ਵਾਂਗ ਟਹਿਲਨਾ ਗੁਰਾਂ ਦੀ ਸੇਵ ਕਰਨੀ, ਹੋਰ ਮੋਹ ਨ ਕਿਸੇ ਪ੍ਰਕਾਰ ਕੀਤਾ
ਲਗੀ ਰਹੀ ਸਤਿਗੁਰਾਂ ਦੀ ਸਦਾ ਚਰਨੀ, ਨਹੀ ਮੂਲ ਗ੍ਰਸਤ ਵਿਹਾਰ ਕੀਤਾ
ਤਿਨਾ ਸੁਖ ਨ ਹੋਰ ਕਰਤਾਰ ਸਿੰਘਾ, ਸੇਵਾ ਕਰਕੇ ਜਨਮ ਸੁਧਾਰ ਕੀਤਾ

ਭਾਈ ਜੱਗਾ ਸਿੰਘ ਦੀ ਸਾਖੀ

ਜਗਾ ਸਿੰਘ ਸੇਵਕ ਇਕ ਗੁਰੂ ਜੀ ਦਾ, ਸੇਵਾ ਪ੍ਰੇਮ ਦੇ ਨਾਲ ਨਿਬਾਹੇ ਚੰਗੀ
ਸਤੋਗੁਣੀ ਸੰਤੋਖੀ ਤੇ ਧੀਰਜੀ ਸੀ, ਨਿਹਚਾ ਰਖਕੇ ਟਹਿਲ ਕਮਾਏ ਚੰਗੀ
ਸਤਿਗੁਰੂ ਜੀ ਓਸ ਤੇ ਖੁਸ਼ ਬਹੁਤੇ, ਓਹਨੂੰ ਬਖਸ਼ਦੇ ਚੀਜ਼ ਜੋ ਆਏ ਚੰਗੀ
ਦੂਜੇ ਸੇਵਕ ਸੜਨ ਕਰਤਾਰ ਸਿੰਘਾ, ਨ ਉਸਦੀ ਵਡਿਆਈ ਸੁਖਾਏ ਚੰਗੀ

ਦੂਸਰੇ ਸੇਵਕਾਂ ਨੇ ਭਾਈ ਜੱਗਾ ਸਿੰਘ ਨੂੰ ਮਾਰਨਾ

ਭੈੜੇ ਚੰਦਰੇ ਸੇਵਾ ਨ ਕਰਨ ਜੋਗੇ, ਮੁਫਤ ਗੁਰੂ ਘਰੋਂ ਖਾਣਾ ਧਾਰਿਆ ਜੀ
ਇਕ ਦਿਨ ਉਹਨਾਂ ਜਗਾ ਸਿੰਘ ਤਾਈਂ, ਹੋ ਕੱਠਿਆਂ ਫੜਕੇ ਮਾਰਿਆ ਜੀ
ਨਾਲੇ ਕਈ ਚੀਜ਼ਾਂ ਖੋਹਕੇ ਲੈ ਗਏ, ਡੇਰਾ ਓਸਦਾ ਚਾਇ ਉਜਾੜਿਆ ਜੀ

ਓਸ ਕਿਸੇ ਨੂੰ ਬੁਰਾ ਨ ਭਲਾ ਕਹਿਆ, ਵਡਾ ਜਿਗਰਾ ਕਰ ਸਹਾਰਿਆ ਜੀ
ਪਰ ਕਿਸੇ ਨੇ ਗੁਰਾਂ ਨੂੰ ਦਸਿਆ ਜਾ, ਗੁਰਾਂ ਵਿਚ ਦੀਵਾਨ ਹਕਾਰਿਆ ਜੀ
ਤੈਨੂੰ ਮਾਰਿਆ ਕਿਸ ਕਰਤਾਰ ਸਿੰਘਾ, ਦਈਏ ਅਸੀਂ ਸਜ਼ਾ ਉਚਾਰਿਆ ਜੀ

ਜੰਗਾ ਸਿੰਘ

ਮੈਨੂੰ ਕਿਸੇ ਨਾ ਲੁਟਿਆ ਮਾਰਿਆ ਜੀ, ਹਥ ਜੋੜ ਕੇ ਅਰਜ ਸੁਨਾਂਵਦਾ ਏ
ਮੇਰਾ ਕੋਈ ਵੈਰੀ, ਮਿਤ੍ਰ ਨਹੀਂ ਗੁਰ ਜੀ, ਤੇਰਾ ਰੂਪ ਸਾਰੇ ਨਿਗ੍ਹਾ ਆਂਵਦਾ ਏ
ਦੂਜਾ ਹੋਇ ਤੇ ਕਿਸੇ ਤੇ ਕਰਾਂ ਗੁਸਾ, ਕੌਣ ਆਪਣੇ ਆਪ ਨੂੰ ਖਾਂਵਦਾ ਏ
ਦੂਹੀਂ ਹਰਫੀਂ ਤੂੰਹੀਂ ਕਰਤਾਰ ਸਿੰਘਾ, ਜੀਵ ਕਰਦੇ ਜਿਉਂ ਤੈਨੂੰ ਭਾਂਵਦਾ ਏ

ਸ੍ਰੀ ਦਸਮੇਸ਼ ਜੀ

ਪੂਰਨ ਗਯਾਨ ਦੇ ਸੁਣਕੇ ਬਚਨ ਓਹਦੇ, ਸਤਿਗੁਰੂ ਜੀ ਬੜੇ ਪ੍ਰਸੰਨ ਹੋਏ
ਨਾਮ ਇਨ੍ਹਾਂ ਦਾ ਹੈ ਸਚੇ ਬ੍ਰਹਮ ਗਯਾਨੀ, ਐਸੇ ਪੁਰਸ਼ ਸੰਸਾਰਵਿਚ ਧੰਨ ਹੋਏ
ਹਰਖ ਸੋਗ ਮਿਟਾਯਾ ਦਿਲੋਂ ਜਿਨ੍ਹਾਂ, ਪਾਰ ਦੂਈ ਦੇ ਜੰਦਰੇ ਭੰਨ ਹੋਏ
ਇਹੋ ਜਿਹਾਂ ਨੂੰ ਜਿਹੜੇ ਸਤਾਂਵਦੇ ਨੇ, ਕੋੜ੍ਹੀ ਅੰਤ ਨੂੰ ਉਨ੍ਹਾਂ ਦੇ ਤਨ ਹੋਏ
ਸੰਤ ਦੋਖੀਆਂ ਨੂੰ ਜਮ ਮਾਰੀਅਨਗੇ, ਜਿਵੇਂ ਚੋਰ ਫੜਿਆ ਉਪਰ ਸੰਨ੍ਹ ਹੋਏ
ਸਿਖੋ ਦੂਰ ਹੈ ਸਿਖੀ ਕਰਤਾਰ ਸਿੰਘਾ, ਸਿਖ ਸੋ ਜਿਹਦਾ ਸਾਫ ਮਨ ਹੋਏ

ਤਿਨ ਪ੍ਰਕਾਰ ਦੇ ਸਿਖਾਂ ਦੀ ਗਤੀ

ਇਕ ਦਿਨ ਗੁਰਾਂ ਦਰਬਾਰ ਲਗੇ ਬਾਟਾ ਪਾਨੀ ਦਾ ਭਰ ਰਖਾਯਾ ਜੀ

---

ਨੋਟ—ਏਥੋਂ ਅਗੇ ਤਵਾਰੀਖ ਵਿਚ ਪੰਮੇ ਦੇ ਆਖੇ ਲਗਕੇ ਰਵਾਲਸਰ ਜਾਨਾ, ਰਾਜਿਆਂ ਨਾਲ ਮੁਲਾਕਾਤ, ਰਵਾਲ ਜਲ ਦਾ ਮਿਲਨਾ, ਓਸ ਨਾਲ ਭਵਿਖਤ ਬਚਨ ਕਰਨੇ, ਚੰਬੇ ਦੇ ਰਾਜ ਦੀ ਬੇਟੀ ਨਾਲ ਛੇੜ੍ਹ ਪ੍ਰਸ਼ਨ, ਰਾਜਿਆਂ ਨੂੰ ਉਪਦੇਸ਼, ਮੰਡੀ ਵਾਲੇ ਨੂੰ ਵਰ ਤੇ ਸਰਾਪ, ਸਿਖਾਂ ਦਾ ਬੰਦੂਕ ਦੇ ਪਰਖਨ ਵਿਚ ਸਿਦਕ, ਜਵਾਲਾ ਮੁਖੀ ਦੇਵੀ ਦੇ ਮਹੰਤਾਂ ਨਾਲ ਸਿੰਘਾਂ ਦਾ ਟਾਕਰਾ ਇਤਯਾਦਿਕ ਕਈ ਪ੍ਰਸੰਗ ਹਨ।

ਪਰ ਗਿਲਾ ਏਹ ਹੁੰਦੀ ਹੈ ਕਿ ਰਾਜਿਆਂ ਨਾਲ ਏਤਨਾ ਵਿਰੋਧ ਹੁੰਦਿਆਂ ਗੁਰੂ ਜੀ ਉਨ੍ਹਾਂ ਦੇ ਪ੍ਰੋਹਤ ਦੇ ਆਖੇ ਲਗ ਕੇ ਰਾਜਿਆਂ ਨੂੰ ਮਿਲਨ ਰਵਾਲਸਰ ਕਿਵੇਂ ਚਲੇ ਗਏ, ਜੋ ਏਨ ਰਾਜਿਆਂ ਦੇ ਘੇਰੇ ਵਿਚ ਹੈ ਤੇ ਨਾਲ ਹੀ ਲਿਖਿਆ ਹੈ ਕਿ ਪੰਮਾ ਪਰੋਹਤ ਰਾਜਿਆਂ ਵਲੋਂ ਗੁਰਾਂ ਦੇ ਪਾਸ ਰਹਿੰਦਾ ਸੀ, (ਜਿਸ ਤਰ੍ਹਾਂ ਅਜਕਲ ਬਾਦਸ਼ਾਹਾਂ ਦੇ ਸਫੀਰ ਦੂਸਰੇ ਦੇਸ਼ਾਂ ਵਿਚ ਰਹਿੰਦੇ ਹਨ) ਤੇ ਸਤਿਗੁਰਾਂ ਦੇ ਸਾਰੇ ਭੇਦ ਅਜਮੇਰ ਚੰਦ ਨੂੰ ਪੁਚਾਦਾ ਸੀ, ਇਸ ਤੋਂ ਹੈਰਾਨਗੀ ਹੁੰਦੀ ਹੈ ਕਿ ਜਦ ਗੁਰੂ ਜੀ ਇਹ ਲਿਖਦੇ ਸਨ ਕਿ ਪਹਾੜੀਆਂ ਦਾ ਵਿਸਾਹ ਨਹੀਂ ਖਾਣਾ ਤੇ ਓਹ ਫਰ ਕਿਸ ਤਰ੍ਹਾਂ ਵਿਰੋਧੀ ਪਖ ਦੇ ਆਦਮੀ ਨੂੰ ਆਪਣੇ ਪਾਸ ਜਾਣ੍ਹ ਨਹੀਂ ਸਨ।

ਇਕ ਮਿਟੀ ਦੀ ਢੀਮ ਤੇ ਇਕ ਪਥਰ, ਤੀਜਾ ਨਾਲ ਪਤਾਸਾ ਸੁਟਾਯਾ ਜੀ
ਥੋੜੇ ਚਿਰ ਲਈ ਢਕ ਕੇ ਰਖ ਦਿਤਾ, ਫੇਰ ਕਢ ਲੌ ਹੁਕਮ ਸੁਨਾਯਾ ਜੀ
ਮਿਟੀ ਗਾਰਾ ਹੋ ਗਈ ਪਰ ਖੁਰੀ ਨਾਹੀਂ; ਰਤੀ ਹਥ ਪਤਾਸਾ ਨਾ ਆਯਾ ਜੀ
ਪਥਰ ਓਸੇ ਤਰ੍ਹਾਂ ਦਾਹਰ ਕਢ ਲਿਆ, ਪਾਣੀ ਜਰਾ ਨ ਵਿਚ ਸਮਾਯਾ ਜੀ
ਸਾਰੀ ਸੰਗਤ ਤਈਂ ਕਰਤਾਰ ਸਿੰਘਾ, ਭੇਦ ਜਾਹਿਰਾ ਕਰ ਸੁਨਾਯਾ ਜੀ

(੧) ਪਹਿਲੇ ਦ੍ਰਿਸ਼ਟਾਂਤ (ਪਤਾਸੇ) ਦਾ ਨਿਰਨਾ

ਜੇਹੜੇ ਸਿਖ ਸ਼ਰਧਾਵਾਨ ਸਿਦਕ ਵਾਲੇ ਨਿਸ਼ਕਾਮ ਹੋ ਕਰਮ ਕਮਾਂਵਦੇ ਨੇ
ਗੁਰਬਾਣੀ ਤੇ ਰਖ ਪ੍ਰੀਤ ਸਚੀ, ਸੇਵਾ ਭਗਤੀ ਵਿਚ ਬਿਤਾਂਵਦੇ ਨੇ
ਅੰਤ ਗੁਰੂ ਸਰੂਪ ਦੇ ਵਿਚ ਜਾਕੇ, ਮਿਲ ਵਾਂਗ ਪਤਾਸੇ ਦੇ ਜਾਂਵਦੇ ਨੇ
ਹੋ ਕਰ ਅਭੇਦ ਕਰਤਾਰ ਸਿੰਘਾ ਜਨਮ ਮਰਨ ਦੇ ਵਿਚ ਨਾ ਆਂਵਦੇ ਨੇ

(੨) ਦੂਸਰੇ ਦ੍ਰਿਸ਼ਟਾਂਤ (ਮਿਟੀ) ਢੀਮ ਦਾ ਨਿਰਨਾ

ਜੇਹੜੇ ਕਾਮਨਾ ਕਰਕੇ ਕਰਨ ਭਗਤੀ, ਓਹ ਮੁਕਤ ਨ ਹੋਣ ਪਛਾਣ ਭਾਈ
ਨ ਤਾਂ ਰਹਿਨ ਕੋਰੇ ਨ ਅਭੇਦ ਹੋਵਨ ਏਸ ਢੀਮ ਵਾਂਗੂ ਹੋ ਜਾਨ ਭਾਈ
ਕ੍ਰਿਪਾ ਵਾਹਿਗੁਰੂ ਦੀ ਹੋਵੇ ਉਨ੍ਹਾਂ ਉਤੇ ਉਮਰ ਸੁਖਾਂ ਦੇ ਵਿਚ ਬਤਾਨ ਭਾਈ
ਇਕ ਮੁਕਤ ਦੇ ਬਿਨਾਂ ਕਰਤਾਰ ਸਿੰਘਾ, ਹੋਰ ਸਭ ਪਦਾਰਥਾਂ ਪਾਨ ਭਾਈ

(੩) ਤੀਸਰੇ ਦ੍ਰਿਸ਼ਟਾਂਤ (ਪੱਥਰ) ਦਾ ਨਿਰਨਾ

ਤੀਜੇ ਲੋਕ ਦਿਖਾਵੇ ਦੇ ਭਗਤ ਜਿਹੜੇ ਭੇਖ ਧਾਰਕੇ ਲੋਕਾਂ ਨੂੰ ਠਗਦੇ ਨੇ
ਜ਼ਾਹਰਾ ਦਿਸਦੇ ਬੜੇ ਪ੍ਰੇਮ ਵਾਲੇ ਵਿਚੋਂ ਵਿਸ਼ੇ ਵਿਕਾਰ ਨੂੰ ਵਗਦੇ ਨੇ
ਵਿਚੋਂ ਸੁਕੇ ਓਹ ਪਥਰ ਵਾਂਗ ਰਹਿੰਦੇ ਬਾਹਰੋਂ ਖੂਬ ਭਿਜੇ ਹੋਏ ਲਗਦੇ ਨੇ
ਖਾਨ ਲੋਕਾਂ ਨੂੰ ਠਗ ਕਰਤਾਰ ਸਿੰਘਾ ਅੰਤ ਵਿਚ ਪੈਂਦੇ ਨਰਕ ਅਗੰਦੇ ਨੇ

ਸ੍ਰੀ ਦਸਮੇਸ਼ ਜੀ ਨੇ ਬ੍ਰਾਹਮਣਾਂ ਦੀ ਪਰਖ ਵਾਸਤੇ ਦਾਨ ਕਰਨਾ

ਬ੍ਰਾਹਮਣ ਕਰਦੇ ਰੋਜ਼ ਬੋਹ ਇਹ ਗਲਾਂ ਸਾਡੇ ਵਲ ਨਹੀਂ ਧਯਾਨ ਦੇਂਦੇ
ਸਾਨੂੰ ਬ੍ਰਿਪਾਂ ਨੂੰ ਪਿਛੇ ਸਟਕੇ ਜੀ ਵੈਸ਼ਾਂ ਸ਼ੂਦਰਾਂ ਨੂੰ ਨਿਤ ਮਾਨ ਦੇਂਦੇ
ਸਿਖਾਂ ਸਾਧਾਂ ਨੂੰ ਦੇ ਦਿਵਾ ਛਡਣ ਸਾਨੂੰ ਕਦੇ ਭੀ ਕੁਝ ਨਹੀਂ ਦਾਨ ਦੇਂਦੇ
ਪੋਪ ਲੀਲਾ ਨੂੰ ਛਡੋ ਕਰਤਾਰ ਸਿੰਘਾ, ਇਹੋ ਸਿਖਯਾ ਵਿਚ ਦੀਵਾਨ ਦੇਂਦੇ

ਤਥਾ

ਜਾਣੀ ਜਾਣ ਸਤਿਗੁਰੂ ਜੀ ਜਾਣਦੇ ਸਨ, ਨ ਸੀ ਰਖਦੇ ਰਤੀ ਲੁਕਾਉ ਭਾਈ
ਇਕ ਦਿਨ ਸਿੰਘਾਂ ਤਾਈਂ ਹੁਕਮ ਦਿਤਾ, ਸਾਰੇ ਬਾਹਮਣਾਂ ਤਈ ਬੁਲਾਉ ਭਾਈ
ਲੋਹਾ, ਤੇਲ ਤੇ ਮਾਂਹ ਤ੍ਰੈਏ ਚੀਜ਼ਾਂ, ਕਹਿਆ ਪੰਡਿਤੋ ਏਹ ਲੈ ਜਾਓ ਭਾਈ
ਸਾਥੋਂ ਸਹੋ ਬਣੇ ਕਰਤਾਰ ਸਿੰਘਾ; ਲੈ ਜਾਹੁ ਤੇ ਘਰਾਂ ਵਿਚ ਖਾਉ ਭਾਈ

ਬ੍ਰਾਹਮਣਾਂ ਦੀ ਕਲਪਨ

ਜ਼ੇਵਰ ਨਕਦੀ ਜਾਂ ਪੁਸ਼ਾਕ ਹੁੰਦੀ, ਖੁਸ਼ੀ ਨਾਲ ਉਠਾ ਲੈ ਧਾਂਵਦੇ ਜੀ
ਲੋਹਾ ਤੇਲ ਤੇ ਮਾਂਹ ਮਾਮੂਲੀ ਚੀਜ਼ਾਂ, ਵੇਖ ਪੋਪ ਦਿਲੋਂ ਸੜ ਜਾਂਵਦੇ ਜੀ
ਕਹਿੰਦੇ ਅਸੀਂ ਨਹੀਂ ਗੁਰਾਂਦਾ ਦਾਨ ਲੈਣਾ; ਘੜ ਏਹ ਢਕਵੰਜ ਸੁਣਾਂਵਦੇ ਜੀ
ਸੋਢੀ ਖੱਤ੍ਰੀ ਗੁਰਾਂ ਕੇ ਨਹੀਂ ਰਹੇ, ਜੇਊ ਹਿੰਦੂਆਂ ਗਲੋਂ ਲੁਹਾਂਵਦੇ ਜੀ
ਧੋਤੀ ਲਾਹ ਕਛਾ ਤੇੜ ਪਾ ਲਇਆ, ਦੇਵੀ ਦੇਉਤੇ ਨਹੀਂ ਮਨਾਂਵਦੇ ਜੀ
ਏਹੋ ਜਹੇ ਅਨੇਕ ਕਰਤਾਰ ਸਿੰਘਾ, ਘੜ ਘੜ ਮਸਾਲੇ ਲਗਾਂਵਦੇ ਜੀ

ਸ੍ਰੀ ਦਸਮੇਸ਼ ਜੀ ਨੇ ਸੁਣਕੇ ਤੇ ਬ੍ਰਾਹਮਣਾਂ ਦੇ ਤਿਆਗ ਦਾ ਪਕਾ ਹੁਕਮ ਦੇਣਾ

ਏਹ ਖਬਰ ਹੋਈ ਸਾਰੀ ਗੁਰੂ ਜੀ ਨੂੰ, ਲੈਂਦੇ ਬਾਹਮਣ ਮਾਹ ਤੇ ਤੇਲ ਨਾਹੀਂ
ਅਗੋਂ ਹੋਰ ਹੀ ਹਿਕਤਾਂ ਛੋੜਦੇ ਨੇ, ਭਲਨ ਓਹਨਾਂ ਦੀ ਅੰਦ੍ਰੀਂ ਹੋਰ ਤ੍ਰਾਹੀਂ
ਹੁਣ ਸਤਿਗੁਰਾਂਆਖਯਾ ਬਹੁਤਚੰਗਾ, ਅਸਾਂਤਿਯਾਗਿਆ ਅਜਤੋਂ ਇਨ੍ਹਾਂ ਤਾਈਂ
ਅਸੀਂ ਇਨਾਂਤੋਛੁਟੇਇਹਫੱਟੇਇਹਛਡੇਆਸਾਂ, ਲੋੜਇਨ੍ਹਾਂਦੀਕੁਝਨਹੀ ਪੰਥ ਮਾਹੀਂ
ਕਾਜ ਆਪਣੇ ਖਾਲਸਾ ਆਪ ਸਾਧੇ, ਨਹੀਂ ਫਸਨਾ ਇਨ੍ਹਾਂ ਦੀ ਮੂਲ ਫਾਹੀਂ
ਦਾਨ ਪੰਥ ਨੂੰ ਦੇਣਾ ਕਰਤਾਰ ਸਿੰਘਾ, ਸਦਾ ਦੇਖ ਕਰਕੇ ਲੋੜਵੰਦ ਜਾਈਂ

ਲੋਹੇ ਤੇਲ ਮਾਹੀ ਨੂੰ ਵਰਤਾ ਦੇਣਾ

ਦੇ ਕੇ ਹੁਕਮ ਉਸ ਲੋਹੇ ਦੇ ਤੋੜੇ ਚਕਰ ਅਤੇ ਹਥਾਂ ਦੇ ਕੜੇ ਘੜਵਾਏ ਗੁਰਜੀ
ਤੇਲ ਮਾਂਹ ਦੇ ਵੜੇ ਬਣਵਾ ਕਰਕੇ; ਭਰੇ ਵਿਚ ਦੀਵਾਨ ਮੰਗਵਾਏ ਗੁਰਜੀ
ਸਾਰੇ ਖਾਲਸੇ ਤਾਈਂ ਵਰਤਾ ਦਿਤੇ, ਸਭ ਭਰਮ ਭਰਮਾ ਉਠਾਏ ਗੁਰਜੀ
ਕੱਕਾ ਪੰਜਵਾਂ ਕੜਾ ਕਰਤਾਰ ਸਿੰਘਾ, ਸਦ ਪਹਿਨਣਾ ਹੁਕਮ ਸੁਨਾਏ ਗੁਰਜੀ

ਬੇਦੀਆਂ ਸੋਢੀਆਂ ਆਦਿਕਾਂ ਨੂੰ ਸਰਾਪ

ਬੇਦੀ; ਸੋਢੀ ਜੋ ਖਤ੍ਰੀ ਤ੍ਰਿਹੁਣ ਭਲੇ ਰਖਨ ਈਰਖਾ ਦਿਲ ਤੋਂ ਬਹੁਤ ਭਾਰੀ

ਸਾਰੇ ਵੇਖ ਪ੍ਰਤਾਪ ਨੂੰ ਸੜਨ ਦਿਲੋਂ, ਵਿਚੋਂ ਖੋਟ ਉਤੋਂ ਰਖਣ ਜ਼ਾਹਰ ਦਾਰੀ
ਇਕ ਦਿਨ ਸਤਿਗੁਰਾਂ ਦੀਵਾਨ ਬੈਠੇ, ਕਹੀ ਸਭ ਦੇ ਤਈਂ ਸੁਨਾ ਜ਼ਾਹਰੀ
ਜਿਨ੍ਹਾਂ ਮੇਰੀ ਗੁਰਿਆਈ ਸੁਖਾਂਵਦੀ ਨਹੀਂ, ਉਨ੍ਹਾਂ ਸਾਰਯਾ ਦੀਜਾਵੇ ਜੱਦ ਮਾਰੀ
ਮੇਰੇ ਪੰਥ ਨੂੰ ਵੇਖਕੇ ਸੜਨ ਜੇਹੜੇ, ਪੂਰੀ ਉਨ੍ਹਾਂ ਦੀ ਪਏ ਨ ਕਦੇ ਵਾਰੀ

ਬਚਨ–ਮੇਰੀ ਗੁਰਿਆਈ। ਜਿਨ੍ਹਾਂ ਨੂੰ ਨਹੀਂ ਭਾਈ॥
ਓਹਨਾਂ ਦੀ ਜ਼ਾਤ ਪਾਤ ਅਸਾਂ ਤਜਾਈ॥
ਓਹਨਾਂ ਦੀ ਪੂਰੀ ਨ ਪਵੇ ਕਾਈ॥

ਸਾਰੇ ਸੁਣ ਸਰਾਪ ਇਹ ਕੰਬ ਗਏ, ਹਥ ਜੋੜ ਕੇ ਨਿਮ੍ਰਤਾ ਬਹੁਤ ਧਾਰੀ
ਸਾਨੂੰ ਬਖਸ਼ਿਓ ਗੁਰੂ ਜੀ ਦਯਾ ਕਰਿਓ, ਕੀਤਾ ਬਚਨ ਇਹਗੁਰਾਂਨੇਦੂਈ ਵਾਰੀ

ਬਚਨ–ਮੇਰੀ ਗੁਰਿਆਈ ਜਿਨਕੇ ਮਨ ਭਾਈ।
ਵਧਹੁ ਕੁਲ ਤਾਹਿੰਕਾ॥ ਮਨ ਪੰਥ ਨਾਹਿੰਕਾ।

ਜਿਨ੍ਹਾਂ ਤਾਈਂ ਮੇਰੀ ਗੁਰਿਆਈ ਭਾਈ, ਫੁਲੂ ਫਲੇਗੀ ਉਨ੍ਹਾਂ ਦੀ ਫੁਲਵਾੜੀ
ਜਿਹੜੇ ਈਰਖਾ ਕਰਨ ਕਰਤਾਰ ਸਿੰਘਾ, ਵਿਚ ਜੂਏ ਦੇ ਜਾਨਗੇ ਜਨਮ ਹਾਰੀ

### ਦੋਹ ਸਿੰਘਾਂ ਨੇ ਪ੍ਰਸ਼ਨ ਕਰਨਾ

ਇਕ ਦਿਨ ਦੋਹ ਸਿੰਘਾਂ ਨੇ ਅਰਜ਼ ਕੀਤੀ, ਸਾਡਾ ਦੇਵਨਾ ਭ੍ਰਮ ਨਿਵਾਰ ਗੁਰਜੀ
ਇਕ ਮੂਰਤੀ ਬੈਠਕੇ ਪੂਜਦਾ ਹੈਏ, ਰੂਪ ਰਬ ਦਾ ਖਾਸ ਵਿਚਾਰ ਗੁਰਜੀ
ਦੂਜਾ ਹਿਰਦੇ ਵਿਚ ਧਿਆਨ ਧਰਦਾ, ਸਾਰੇ ਰਮਿਆਂਸਮਝ ਕਰਤਾਰ ਗੁਰਜੀ
ਏਹਨਾਂ ਦੋਹਾਂ ਵਿਚੋਂ ਕਰਤਾਰ ਸਿੰਘਾ, ਚੰਗਾ ਕੌਣ ਹੈ ਦਸੋ ਨਿਤਾਰ ਗੁਰਜੀ

### ਉਤ੍ਰ ਸ੍ਰੀ ਦਸਮੇਸ਼ ਜੀ ਵਲੋਂ

ਸਰਬ ਸ਼ਕਤੀਵਾਨ ਅਕਾਲ ਪੂਰਨ, ਵਿਚ ਪਲਕ ਦੇ ਜਗਤਰਚਾਏ ਜਿਹੜਾ
ਜਿਦੇ ਚਾਨਣੇ ਸਭ ਨੇ ਕੀਤੇ ਚਾਨਣ, ਪੈਦਾ ਕਰੇ ਤੇ ਰਿਜਕ ਪੁਚਾਏ ਜਿਹੜਾ
ਹਾਥੀ ਕੀੜੀ ਦੇ ਬਰਾਬਰ ਵਯਾਪਕ, ਧਰਤ ਥੰਮਾਂ ਦੇ ਬਿਨਾਂਟਿਕਾਏ ਜਿਹੜਾ

ਓਹ ਮਹਾਂ ਪਾਪੀ ਅਗਯਾਨ ਭਰਿਆ, ਓਹਨੂੰ †ਪਥਰ ਕਰ ਬਿਠਾਏ ਜੇਹੜਾ
ਓਹਨੂੰ ਪੁਨ ਕਾਦ੍ਹਾ ਓਹ ਤਾਂ ਹੋਸਾ ਪਾਪੀ ਜੜ੍ਹ ਵਸਤੂ ਰਬ ਬਨਾਏ ਜੇਹੜਾ
ਡੁਬ ਮਰੇਗਾ ਓਹ ਮੰਝਧਾਰ ਅੰਦਰ, ਬੇੜਾ ਪਥਰ ਪੈਰ ਅੜਾਏ ਜੇਹੜਾ
ਰਬ ਪਥਰਾਂ ਦੇ ਵਿਚ ਨਹੀਂ ਬੈਠਾ, ਪਾ ਲਏ ਪ੍ਰੇਮ ਰਖਾਏ ਜੇਹੜਾ
ਚੰਗਾ ਓਹੋ ਹੈ ਦਿਲ ਨੂੰ ਵਸ ਕਰਕੇ, ਕਰੇ ਭਗਤੀ ਨਾਮ ਧਿਆਏ ਜੇਹੜਾ
ਖਾਲਕ ਖਲਕ ਵਿਚੋਂ ਕਿਤੇ ਬਾਹਿਰ ਨਾਹੀਂ ਫਲਵਾਸ਼ਨਾ ਵਿਚ ਸਮਾਏ ਜੇਹੜਾ
ਮੁਕਤ ਹੋਵੇਗਾ ਓਹ ਕਰਤਾਰ ਸਿੰਘਾ, ਲਭੇ ਅੰਦਰੂੰ ਬਾਹਿਰ ਨ ਜਾਏ ਜੇਹੜਾ

ਲਾਲ ਸਿੰਘ ਦੀ ਸਾਖੀ

ਲਾਲ ਸਿੰਘ ਲਜਾਯਾ ਬਹੁਤ ਸੋਹਣੀ, ਇਕ ਦਿਨ ਦਰਬਾਰ ਵਿਚ ਢਾਲ ਚੰਗੀ
ਸਾਰੇ ਸਿੰਘਾ ਨੇ ਬੜੀ ਸਲਾਹਤਾ ਕੀਤੀ, ਡਿਠੀ ਕਰਕੇ ਜਦੋਂ ਖ਼ਯਾਲ ਚੰਗੀ
ਸਤਿਗੁਰ ਬੋਲੇ ਐਵੇਂ ਕੀ ਪਤਾ, ਪਰਖ ਹੋਏ ਇਹਦੀ ਗੋਲੀ ਨਾਲ ਚੰਗੀ
ਗੋਲੀ ਲੰਘੇ ਨ ਪਾਰ ਕਰਤਾਰ ਸਿੰਘਾ, ਤਦ ਸਮਝੀਏ ਢਾਲ ਬਸਾਲ ਚੰਗੀ

ਲਾਲ ਸਿੰਘ ਦਾ ਹਠ

---

ਮੂਰਤੀ ਪੂਜਾ ਦੀ ਬਾਬਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਸਤਿਗੁਰਾਂ ਨੇ ਇਹ ਆਗਯਾ ਕੀਤੀ ਹੈ—ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ। ਨਾਰਦ ਕਹਿਆ ਸਿ ਪੂਜ ਕਰਾਂਹੀ॥
ਅੰਧੇ ਗੁੰਗੇ ਅੰਧ ਅੰਧਾਰ॥ ਪਾਥਰ ਲੇ ਪੂਜਹਿ ਮੁਗਧ ਗਵਾਰ॥
ਓਹਿ ਜਾ ਆਪ ਡੁਬੇ ਤੁਮ ਕਹਾਂ ਤਾਰਣਹਾਰ (ਵਾਰ ਬਿਹ: ਮ: ੧)

---

†ਜੋ ਪਾਥਰ ਕੋ ਕਹਿਤੇ ਦੇਵ॥ ਤਾ ਕੀ ਬਿਰਥਾ ਹੋਵੈ ਸੇਵ॥
ਜੋ ਪਾਥਰ ਕੀ ਪਾਈ ਪਾਇ॥ ਤਿਸਕੀ ਘਾਲ ਅਜਾਈ ਜਾਇ॥
ਠਾਕੁਰ ਹਮਰਾ ਸਦਾ ਬੋਲੰਤਾ। ਸਰਬ ਜੀਆ ਕਉ ਪ੍ਰਭੁ ਦਾਨ ਦੇਤਾ॥
ਨ ਪਾਥਰ ਬੋਲੇ ਨ ਕਿਛ ਦੇਇ॥ ਫੋਕਟ ਧਰਮ ਨਿਹਫਲ ਹੈ ਸੇਵ॥ (ਭੈਰਉ ਮ: ੫)
ਕਹਾ ਭਯੋ ਜੌ ਅਤ ਹਿਤ ਚਿਤ ਕਰ ਬਹੁ ਬਿਧ ਸਿਲਾ ਪੁਜਾਈ॥
ਪਾਨ ਥਕਿਓ ਪਾਹਿਨ ਕਹ ਪਰਸਤ ਕਛ ਕਰ ਸਿਧ ਨ ਆਈ॥
ਅਛਤ ਧੂਪ ਦੀਪ ਅਰਪਤ ਹੈ ਪਾਹਿਨ ਕਛੂ ਨ ਖੈ ਹੈ॥
ਤਾ ਮੈ ਕਹਾਂ ਸਿਧ ਹੈ ਰੇ ਜੜ ਤੋਹਿ ਕਛੂ ਬਰ ਦੇ ਹੈ॥
ਜੋ ਜਿਯ ਹੋਤ ਤੌ ਦੇਤ ਕਛ ਤੁਹਿ ਮਨ ਬਚ ਕਰਮ ਬਿਚਾਰ॥
ਕੇਵਲ ਏਕ ਸਰਨ ਸੁਆਮੀ ਬਿਨ ਯੌ ਨਹਿ ਕਤਹਿ ਉਧਾਰ॥

(ਹਜ਼ਾਰੇ ਦੇ ਸ਼ਬਦ ਪਾਤਸ਼ਾਹੀ ੧੦)

ਬੜਾ ਮੁਲ ਮੈਂ ਖਚਿਆ ਏਸ ਉੱਤੇਂ, ਗੋਲੀ ਏਸ ਤੋਂ ਕਿਸ ਤਰ੍ਹਾਂ ਪਾਰ ਹੋਵੇ
ਏਹ ਗੈਂਡੇ ਦੇ ਚੰਮਦੀ ਬਣੀ ਹੋਈ, ਗੋਲੀ ਤੀਰ ਦੀ ਨਹੀਂ ਏਹਨੂੰ ਮਾਰ ਹੋਵੇ
ਸਤਿਗੁਰਾਂ ਕਹਿਆ ਬੁਰਾ ਤੀਰ ਗੋਲੀ, ਭਾਈ ਰੋਕਨਾ ਖਰਾ ਦੁਸ਼ਵਾਰ ਹੋਵੇ
ਸਿਖ ਬੋਲਿਆ ਹੁਣੇ ਚਲਾ ਵੇਖੋ ਏਹਨਾਂ ਲੋਕਾਂ ਨੂੰ ਭੀ ਇਤਬਾਰ ਹੋਵੇ
ਵਿੰਨ੍ਹ ਸਕੇ ਨ ਏਹਨੂੰ ਹਥਯਾਰ ਕੋਈ, ਕਿਡਾ ਮਾਰਿਆ ਨਾਲ ਬਲਕਾਰ ਹੋਵੇ
ਸਿਖ ਹਠ ਬਧਾ ਕਰਤਾਰ ਸਿੰਘਾ, ਜਿਦ ਛਡੇ ਨ ਸ਼ਰਮਸਾਰ ਹੋਵੇ

ਸ੍ਰੀ ਦਸ਼ਮੇਸ਼ ਜੀ

ਅਛਾ ਅਜ ਨਾਹੀਂ ਮਾਈਕਲ ਲਿਆਵੀਂ, ਅਸੀਂ ਗੋਲੀਚਲਾ ਅਜਮਾਵਾਂਗੇ ਜੀ
ਸਾਡਾ ਤੀਰ ਯਾ ਗੋਲੀ ਨ ਤਾਰ ਹੋਈ, ਤਦ ਏਸ ਚੰਗੀ ਸੁਨਾਵਾਂਗੇ ਜੀ
ਘਰਆਵੀਂ ਵਿਚ ਦੀਵਾਨ ਸਵੇਰ ਦੇ ਤੂੰ, ਗੋਲੀ ਮਾਰਕੇ ਪਾਰ ਲੰਘਾਵਾਂਗੇ ਜੀ
ਹੁਣ ਛਡ ਦੇਹ ਹਠ ਕਰਤਾਰ ਸਿੰਘਾ, ਗੁਰਾਂ ਨਾਲ ਕਿਉਂ ਸੰਮਤਾ ਪਾਵਾਂਗੇ ਜੀ

ਲਾਲ ਸਿੰਘ ਨੇ ਘਰ ਜਾਕੇ ਪਛੌਤਾ ਕਰਨਾ ਤੇ ਸੰਗਤ ਪਾਸੋਂ ਅਰਦਾਸ ਕਰਾਨੀ

ਘਰ ਗਿਆਂ ਤੇ ਮੁੜਕੇ ਸਮਝ ਆਈ, ਕਹਿੰਦਾ ਬੁਧ ਕਿਥੇ ਗਈ ਭਜ ਮੇਰੀ
ਸਤਿਗੁਰਾਂ ਦੀ ਕਰੀ ਬਰਾਬਰੀ ਮੈਂ, ਪਰਖ ਹੋ ਗਈ ਢਾਲ ਦੇ ਪਜ ਮੇਰੀ
ਉਸੇ ਵਕਤ ਪ੍ਰਸਾਦਕਰ ਅ੍ਰਜ ਕੀਤੀ, ਸੰਗਤ ਕਰੇ ਅਰਦਾਸ ਇਉਂ ਅਜ ਮੇਰੀ
ਕਲ ਵਿਚ ਦੀਵਾਨ ਕਰਤਾਰ ਸਿੰਘਾ, ਰਖ ਲੈਣਾ ਸਤਿਗੁਰੂ ਜੀ ਲਜ ਮੇਰੀ

ਦਰਬਾਰ ਵਿਚ ਆਲਮ ਸਿੰਘ ਨੇ ਢਾਲ ਤੇ ਗੋਲੀ ਚਲਾਨੀ ਤੇ ਨ ਲਗਨੀ

ਸਤਿਗੁਰਾਂ ਦਾ ਦਿਨੇ ਦੀਵਾਨ ਲਗਾ, ਲਾਲ ਸਿੰਘ ਭੀ ਲੈਕੇ ਢਾਲ ਆਯਾ
ਆਲਮ ਸਿੰਘ ਨੇ ਗੁਰਾਂ ਦੀ ਆਗਯਾ ਪਾ, ਹਥ ਲੈ ਬੰਦੂਕ ਬਾਰੂਦ ਪਾਯਾ
ਤਿੰਨ ਫੈਰ ਕੀਤੇ ਤਿੰਨੇ ਗਏ ਖਾਲੀ, ਵਜਾ ਇਕ ਨਿਸ਼ਾਨ ਨ ਜੋਰ ਲਾਯਾ
ਹਸ ਪਏ ਸਤਿਗੁਰ ਕਰਤਾਰ ਸਿੰਘਾ, ਸਾਧ ਸੰਗਤ ਅੜੇਕਾ ਹੈ ਆਣ ਛਾਹਯਾ

ਸ੍ਰੀ ਦਸਮੇਸ਼ ਜੀ ਨੇ ਆਪ ਬੰਦੂਕ ਫੜਨੀ ਤੇ ਲਾਲ ਸਿੰਘ ਨੇ ਮੁਆਫੀ ਮੰਗਨੀ।

ਸਤਿਗੁਰਾਂ ਨੇ ਆਪ ਬੰਦੂਕ ਫੜ ਲਈ, ਕਹਿਆ ਰਖੋ- ਖਾ ਢਾਲ ਟਿਕਾ ਅਗੇ
ਕਹਿੰਦੇ ਲਾਲ ਸਿੰਘਾ ਸਦ ਸਾਧ ਸੰਗਤ, ਹਥ ਜੋੜ ਡਾਹੇ ਬੰਦੂਕ ਦੇ ਆ ਅਗੇ
ਨਾਲੇ ਸੁਖਨਾ ਹੋਰ ਭੀ ਸੁਖ ਲੇ ਤੂੰ, ਜਿਹੜਾ ਮਰਦੀ ਹੋਈ ਬੁਲਾ ਅਗੇ

ਏਹ ਸੁਣਦਿਆ ਸਾਰ ਓਹ ਕੰਬ ਗਿਆ, ਹਥ ਜੋੜ ਡਿਗਾ ਚਰਨੀ ਧਾ ਅਗੇ
ਮੈਨੂੰ ਬਖਸ਼ਲੌ ਗੁਰੂ ਜੀ ਬਖਸ਼ ਲੌ ਜੀ, ਭੁਲ ਹੋ ਬਖਸ਼ ਦਿਹੋ ਰਸਤੇ ਪਾ ਅਗੇ
ਮੇਰੀ ਬੇਵਕੂਫੀ ਹੈ ਮੈਂ ਹਠ ਕੀਤਾ, ਬਾਲ ਜਾਣ ਦਿਹੋ ਸਮਝਾ ਅਗੇ
ਤੁਹਾਡੀ ਸਾਧ ਸੰਗਤ ਤੁਸੀਂ ਕਰਨ ਕਾਰਨ, ਕੌਣ ਅੜੇ ਆ ਹਠ ਰਖਾ ਅਗੇ
ਇਕ ਤੀਰ ਦੇ ਨਾਲ ਕਰਤਾਰ ਸਿੰਘਾ, ਬ੍ਰਹਿਮੰਡ ਨੂੰ ਇਹੋ ਉਡਾ ਅਗੇ

ਸ੍ਰੀ ਦਸਮੇਸ਼ ਜੀ

ਹਸ ਆਖਦੇ ਸਤਿਗੁਰੂ, ਖਾਲਸਾ ਜੀ, ਹਠ ਸ਼ਸਤ੍ਰਾਂ ਦੇ ਅਗੇ ਨਹੀਂ ਕਰਨਾ
ਵਿਚ ਸ਼ਸਤ੍ਰਾਂ ਬਰਕਤਾਂ ਵਡੀਆਂ ਨੇ, ਕਦੇ ਨਹੀਂ ਅਪਮਾਨ ਦਾ ਦੰਮ ਭਰਨਾ
ਜੂਠਾ ਹਠ ਕਰਨਾ ਏਹ ਭੀ ਯੋਗ ਨਾਹੀਂ, ਰਿਦੇ ਵਿਚ ਨ ਬੰਨ੍ਹ ਹੰਕਾਰ ਧਰਨਾ
ਗੁਰ ਪੀਰ ਦੇ ਅਗੇ ਕਰਤਾਰ ਸਿੰਘਾ, ਜਿਦੀ ਹੋਕੇ ਕਦੇ ਨਹੀਂ ਮੂਲ ਅੜਨਾ

ਸਾਖੀ ਗੋਪਾਲ ਦਾਸ ਉਜੈਨ ਵਾਲੇ

ਦਖਣ ਦੇਸ ਦੀ ਸੰਗਤ ਹੋ ਕਠੀ, ਕਰਨ ਸਤਿਗੁਰਾਂ ਦਾ ਦੀਦਾਰ ਭਾਈ
ਆਈ ਚਲ ਅਨੰਦਪੁਰ ਬਹੁਤ ਸਾਰੀ, ਲੰਮੇ ਸਫਰ ਕਰਕੇ ਪੰਧ ਮਾਰ ਭਾਈ
ਓਸੇ ਰਸਤੇ ਵਿਚ ਸਨ ਕਰ ਰਹੇ, ਸਤਿਗੁਰ ਜੀ ਖੇਲ ਸ਼ਿਕਾਰ ਭਾਈ
ਛਾਂਵੇ ਬੈਠੇ ਦਰਖਤ ਦੀ ਬਾਜ ਤਾਈਂ, ਦੇ ਰਹੇ ਸੀ ਓਹਦਾ ਅਹਾਰ ਭਾਈ
ਪੰਛੀ ਜੀਉਂਦਾ ਓਸਦੇ ਧਰ ਅਗੇ, ਖੁਆ ਰਹੇ ਹੈਸਨ ਹਠ ਧਾਰ ਭਾਈ
ਓਸੇ ਵੇਲੇ ਸੰਗਤ ਓਥੇ ਪਹੁੰਚ ਪਈ, ਖੁਸ਼ੀ ਨਾਲ ਕੀਤੀ ਨਮਸਕਾਰ ਭਾਈ
ਓਹਨਾਂ ਵਿਚ ਗੋਪਾਲ ਸ਼ਾਹ ਸੇਠ ਹੈ ਸੀ, ਓਹ ਉਜੈਨ ਦਾ ਵਸਨੇ ਹਾਰ ਭਾਈ
ਕੁਝ ਰਖਦਾ ਮਤ ਓਹ ਵੈਸ਼ਨੋ ਸੀ, ਡਿਠੀ ਓਸ ਇਹ ਗੁਰਾਂ ਦੀ ਕਾਰ ਭਾਈ
ਡਾਢੀ ਉਸਨੇ ਮਨੋਂ ਗਿਲਾਨ ਕੀਤੀ, ਸਰਧਾ ਦੂਰ ਹੋਈ ਇਕੋ ਵਾਰ ਭਾਈ
ਜਾਨੀਜਾਨ ਸਤਿਗੁਰੂ ਕ੍ਰਤਾਰਸਿੰਘਾ, ਓਹਦੇ ਦਿਲਦੀ ਸਮਝਗਏ ਤਾਰ ਭਾਈ

ਸ੍ਰੀ ਦਸਮੇਸ਼ ਜੀ ਨੇ ਸੰਗਤ ਨੂੰ ਪੰਛੀ ਦਾ ਹਾਲ ਦਸਣਾ

ਪੰਛੀ ਪਿਛਲੇ ਜਨਮ ਦਾ ਚੋਰ ਹੈਸੀ, ਬਾਜ਼ ਰਾਜਾ ਸੀ ਏਹ ਦਾਨਾ ਸਿਖੋ
ਏਹ ਚੋਰ ਫੜਿਆ ਆਯਾ ਪਾਸ ਰਾਜੇ, ਲਗੇ ਏਸ ਨੂੰ ਦੇਣ ਸਜਾ ਸਿਖੋ
ਤਦ ਏਸ ਕੇ ਗੁਰਾਂ ਦੀ ਸਹੁੰ ਖਾਧੀ, ਗੁਰੂ ਜਾਮਨ ਵਿਚ ਦਿਵਾ ਸਿਖੋ

ਅਗੋਂ ਵਾਸਤੇ ਚੋਰੀ ਨ ਕਰਾਂਗਾ ਮੈਂ, ਕਹੀ ਰਾਜੇ ਨੂੰ ਏਸ ਸੁਨਾ ਸਿਖੋ
ਰਾਜਾ, ਬਾਜ਼ ਗੁਰ ਘਰ ਦਾ ਸਿਖ ਹੈਸੀ, ਦਿਤਾ ਇਸਨੂੰ ਤੁਰਤ ਛੁਡਾ ਸਿਖੋ
ਟਲਿਆ ਇਹ ਨਾ ਆਪਣੇ ਬੁਰੇ ਕੰਮੋਂ, ਸਤਿਗੁਰਾਂ ਦੀ ਭੀ ਸਹੁੰ ਖਾ ਸਿਖੋ
ਚੋਰ ਮਰ ਕੇ ਪੰਛੀ ਦੀ ਜੂਨ ਪਿਆ, ਰਾਜਾ ਬਾਜ਼ ਹੋਇਆ ਹੁਣ ਆ ਸਿਖੋ
ਪੂਰੀ ਆਪਣੀ ਜਾਮਨੀ ਕਰ ਰਹੇ ਹਾਂ, ਮਾਸ ਇਸਦਾ ਇਹਨੂੰ ਖੁਆ ਸਿਖੋ
ਸਗੋਂ ਮੇਟਦੇ ਇਹਨਾਂ ਦਾ ਜਨਮ ਮਰਨਾ, ਲੇਖਾ ਪਿਛਲਾ ਸਭ ਚੁਕਾ ਸਿਖੋ
ਇਸੇ ਤਰ੍ਹਾਂ ਜੋ ਗੁਰਾਂ ਦੀ ਸਹੁੰ ਝੂਠੀ ਖਾਵੇ ਇਹ ਸਜਾ ਲਏ ਪਾ ਸਿਖੋ
ਭਾਰਾ ਪਾਪ ਹੈ ਗੁਰਾਂ ਨੂੰ ਦੇ ਜਾਮਨ ਕਰਨਾ ਫੇਰ ਨਾ ਤੋੜ ਨਿਭਾ ਸਿਖੋ
ਯਾਦ ਰਖਣਾ ਸਦਾ ਕਰਤਾਰ ਸਿੰਘਾ, ਨਹੀਂ ਦੇਵਨਾ ਬਚਨ ਭੁਲਾ ਸਿਖੋ

### ਗੁਰ ਲੰਗਰ ਵਿਚ ਮਹਾਂ ਪ੍ਰਸ਼ਾਦ ਵਰਤਦਾ ਦੇਖ ਕੇ ਗੋਪਾਲ ਨੇ ਫੇਰ ਅਸ਼ਰਧਕ ਹੋ ਜਾਣਾ

ਇਹ ਸੁਣ ਦ੍ਰਿਸ਼ਟਾਂਤ ਗੋਪਾਲ ਤਾਈਂ ਚਿਤ ਕੁਝ ਭਰੋਸਾ ਤਾਂ ਆਯਾ ਜੀ
ਵਿਚ ਲੰਗਰ ਮਹਾਂ ਪ੍ਰਸ਼ਾਦ ਵਰਤੇ, ਸੁਣ ਚਿਤ ਨੂੰ ਫੇਰ ਡੁਬਾਯਾ ਜੀ
ਪਰ ਸਤਿਗੁਰਾਂ ਆਖਕੇ ਲਾਂਗਰੀ ਨੂੰ, ਓਹਨੂੰ ਵਖਰਾ ਭੋਜਨ ਦਿਵਾਯਾ ਜੀ
ਖਾ, ਪੀ ਛੇਰੇ ਜਦ ਪਿਆ ਲੰਮਾਂ, ਵਹਿਮਾਂ, ਭਰਮਾਂ ਆਣ ਦਬਾਯਾ ਜੀ
ਦਿਲੋਂ ਪਿਤਾ ਤੇ ਬਹੁਤ ਨਰਾਜ ਹੋਯਾ, ਐਵੇਂ ਏਤਨਾ ਪੰਧ ਮਰਵਾਯਾ ਜੀ
ਇਹ ਮਾਸ ਖਾਣਾ ਨਿਰਦਈ ਭਾਰਾ, ਕਿਥੇ ਆਣ ਕੇ ਗੁਰੂ ਬਨਾਯਾ ਜੀ
ਲਭਾ ਵੈਸ਼ਣੋ ਗੁਰ ਨ ਕਿਤੇ ਓਹਨੂੰ, ਐਵੇਂ ਮੈਨੂੰ ਭੀ ਖਰਾਬ ਕਰਾਯਾ ਜੀ
ਪੰਜ ਸੌ ਲਿਆਯਾ ਜੋ, ਚਾੜ੍ਹਨਾ ਨਹੀਂ ਏਹ ਮਨ ਦੇ ਵਿਚ ਠਹਿਰਾਯਾ ਜੀ
ਮੈਂ ਪਿਓ ਵਾਂਗੂੰ ਕੁਝ ਨਹੀਂ ਝਲਾ, ਸੋ ਓਸ ਨੇ ਅਗੇ ਗਵਾਯਾ ਜੀ
ਏਸੇ ਤਰ੍ਹਾਂ ਦਲੀਲਾਂ ਦੇ ਵਿਚ ਪੈ ਕੇ, ਸਾਰੀ ਰਾਤ ਦੇ ਤਈ ਬਿਤਾਯਾ ਜੀ
ਦਿਨ ਚੜ੍ਹਿਆ ਫੇਰ ਕੁਝ ਸੋਚ ਕਰਕੇ; ਭੇਟਾਂ ਗੁਰਾਂ ਦੇ ਪਾਸ ਲਿਆਯਾ ਜੀ
ਨਕਦ ਛੇ ਸੌ ਰਖ ਕੇ ਟੇਕ ਮਥਾ, ਉਸੇ ਵਕਤ ਵਿਦਾ ਹੋਣਾ ਚਾਹਯਾ ਜੀ
ਸਤਿਗੁਰਾਂ ਕੜਾਹ ਪ੍ਰਸ਼ਾਦ ਥੋੜਾ ਕੜਾ ਲੋਹੇ ਦਾ ਇਕ ਦਿਵਾਯਾ ਜੀ
ਟੁਰ ਪਿਆ ਗੋਪਾਲ ਕਰਤਾਰ ਸਿੰਘਾ, ਅਨਮਨਾ ਜਿਹਾ ਮੁਰਝਾਯਾ ਜੀ

### ਗੋਪਾਲ ਸ਼ਾਹੀਦੀਆਂ ਵਿਚਾਰਾਂ

ਸਸਤਿਗੁਰਾਂ ਤੋਂ ਵਿਦਾ ਪਾ ਚਲਾ ਗਿਆ, ਸੋਚਾਂ ਕਰੇ ਕੀ ਖਟਿਆ ਆ ਕੇ ਮੈਂ
ਏਡੀ ਦੂਰ ਆ ਮੁਫਤ ਤਕਲੀਫ ਪਾਈ ਏਥੋਂ ਚਲਿਆ ਕੀ ਫੈਦਾ ਪਾ ਕੇ ਮੈਂ
ਦੋ ਪੈਸੇ ਦੇ ਲੋਹੇ ਦੇ ਕੜੇ ਬਦਲੇ, ਛੇ, ਸਤ ਸੌ ਨਕਦ ਖੁਹਾ ਕੇ ਮੈਂ
ਆਖੇ ਪਿਉ ਦੇ ਲਗ ਕਰਤਾਰ ਸਿੰਘਾ, ਭਾਫੀ ਚਲਿਆ ਰਕਮ ਗਵਾ ਕੇ ਮੈਂ

### ਰਸਤੇ ਵਿਚ ਧਿਆਨ ਸਿੰਘ ਮਨੂੰ ਮਾਜਰੀਏ ਦਾ ਮੇਲ ਹੋ ਜਾਣਾ

ਏਹੋ ਗੀਟੀਆਂ ਗਲਦਾ ਜਾਂਵਦਾ ਸੀ, ਜਦੋਂ ਪਾਸ ਚਮਕੌਰ ਦੇ ਪਹੁੰਚ ਗਿਆ
ਮਨ ਮਾਰਿਆ ਝੂਰਦਾ ਪੈਸਿਆਂ ਨੂੰ, ਧਿਆਨ ਸਿੰਘ ਔਂਦਾ ਅਗੋਂ ਮਿਲ ਪਿਆ
ਓਸ ਪੁਛਿਆ ਭਾਈ ਤੂੰ ਆਯਾ ਕਿਥੋਂ, ਸਾਰਾ ਭੇਦ ਗੋਪਾਲ ਨੇ ਫੋਲ ਕਿਹਾ
ਛੇ ਸੌ ਰੁਪਿਯਾ ਖੁਹਾ ਆਯਾ, ਏਸੇ ਗਲ ਨੂੰ ਮੈਂ ਹਾਂ ਝੂਰ ਰਿਹਾ
ਚਿਤ ਗੁਰੂ ਨੂੰ ਲੇਖ ਨ ਖੁਸ਼ ਹੋਯਾ, ਤੁਰਦੇ ਹੋਇਆਂ ਦੇ ਛਡਾਯਾ ਕੜਾ ਜਿਹਾ
ਜੇਹੀ ਹੋਂਵਦੀ ਨੀਤ ਕਰਤਾਰ ਸਿੰਘਾ, ਫਲ ਮਿਲਦਾ ਸਭ ਨੂੰ ਪਕੇ ਤਿਹਾ

### ਧਿਆਨ ਸਿੰਘ ਨੇ ਗੋਪਾਲ ਨੂੰ ਘਰ ਲੈ ਜਾ ਕੇ ਗੁਰਾਂ ਦਾ ਬਚਨ ਮੁਲ ਲੈ ਲੈਣਾ

ਧਿਆਨ ਸਿੰਘ ਨੇ ਪੁਛਿਆ, ਗੁਰੂ ਜੀ ਨੇ ਤੈਨੂੰ ਹੋਰ ਕੀ ਕੁਝ ਸੁਨਾਯਾ ਜੀ
ਓਸ ਆਖਯਾ ਹਾਂ ਟੂਰਨ ਲਗਿਆਂ ਨੂੰ, 'ਸਿਖੀ ਸਿਦਕ ਨਿਭੂ' ਫੁਰਮਾਯਾ ਜੀ
ਸਿੰਘ ਸੋਚਿਆ ਏਸਦੇ ਭਾਗ ਮਾੜੇ, ਏਹਨੂੰ ਮਾਯਾ ਦੇ ਲੋਭ ਦਬਾਯਾ ਜੀ
ਘਰ ਲੈ ਗਿਆ ਨਾਲ ਪਰੇਮ ਕਰਕੇ, ਕੀਤੀ ਸੇਵਾ ਪ੍ਰਸ਼ਾਦਿ ਕਮਾਯਾ ਜੀ
ਫੇਰ ਦੇਠ ਕਰਕੇ ਕਹਿਆ ਸੁਣ ਭਾਈ, ਤੈਨੂੰ ਬਹੁਤ ਪਿਆਰੀ ਜੇ ਮਾਯਾ ਜੀ
ਬਚਨ ਗੁਰੂ ਜੀ ਦਾਂ ਸਾਨੂੰ ਦੇ ਦਿਹ ਤੂੰ, ਸਾਥੋਂ ਲੈ ਜਾਹ ਜੋ ਦੇ ਆਯਾ ਜੀ
ਏਹ ਸੁਣਕੇ ਬਹੁਤ ਓਹ ਖੁਸ਼ ਹੋਯਾ, ਕਹਿੰਦਾ ਲੈ ਲੈ, ਜੇ ਤੈਨੂੰ ਭਾਯਾ ਜੀ
ਧਿਆਨ ਸਿੰਘ ਨੇ ਜਾ ਕੇ ਸਿੰਘਨੀ ਨੂੰ, ਏਹ ਸਾਰਾ ਹੀ ਭੇਦ ਬਤਾਯਾ ਜੀ
ਓਹ ਭਾਗ ਵਾਲੀ ਬੜੀ ਖੁਸ਼ ਹੋਈ, ਓਸ ਵਕਤ ਗਹਿਣਾ ਗਹਿਣੇ ਪਾਯਾ ਜੀ
ਛੇ ਸੌ ਗੋਪਾਲ ਨੂੰ ਦੇ ਕਰਕੇ, 'ਦਿਤਾ ਗੁਰਾਂ ਦਾ ਬਚਨ'' ਅਖਵਾਯਾ ਜੀ
ਗਹਿਣਾ ਦੇ ਝੂਠਾ ਸੁਚਾ ਲੈ ਲਿਆ, ਦੋਹਾਂ ਜੀਆਂ ਨੇ ਸ਼ੁਕਰ ਮਨਾਯਾ ਜੀ
ਵੇਖ ਮੂੜ ਗੋਪਾਲ ਕਰਤਾਰ ਸਿੰਘਾ, ਸਚਾ ਧਨ ਦੇ ਕਚਾ ਵਟਾਯਾ ਜੀ

### ਗੋਪਾਲ ਸਾਹ ਨੇ ਖੁਸ਼ੀ ਹੋ ਕੇ ਆਪਣੇ ਘਰ ਜਾਣਾ

ਓਹ ਲੈ ਰੁਪਯਾ ਨੂੰ ਰਾਹ ਪਿਆ, ਕਹਿੰਦਾ ਰਬ ਨੇ ਬੜਾ ਸਬਬ ਲਾਯਾ
ਅੰਨ੍ਹਾਂ ਅਕਲ ਦਾ ਤੇ ਪੂਰਾ ਗੰਢ ਦਾ ਜੀ,ਮੈਨੂੰ ਮੇਲ ਦਿਤਾ ਲੈਕੇ ਤੁਰਤ ਪਾਯਾ
ਦੂਣੇ ਕਰਾਂਗਾ ਮੈਂ ਬਪਾਰ ਕਰਕੇ, ਐਵੇਂ ਇਤਨੀ ਬੈਠਾ ਸਾਂ ਦੇ ਮਾਯਾ
ਖੁਸ਼ੀ ਖੁਸ਼ੀ ਉਜੈਨ ਨੂੰ ਟੁਰ ਪਿਆ, ਰਾਹ ਵਿਚ ਬਪਾਰ ਕਰ ਨਫਾ ਪਾਯਾ
ਛੇ ਸੌ ਤੋਂ ਤਿੰਨ ਹਜਾਰ ਬਣਿਆ, ਜਾਲ ਲਾ ਕੇ ਮਾਯਾ ਨੇ ਸਗੋਂ ਫਾਹਯਾ
ਪਹੁੰਚ ਆਪਣੇ ਘਰ ਕਰਤਾਰ ਸਿੰਘਾ, ਦਿਲੋਂ ਖੁਸ਼ ਮੈਂ ਖਟਕੇ ਨਫਾ ਆਯਾ

### ਗੋਪਾਲ ਦੇ ਪਿਤਾ ਵਿਸੇਸ਼ਰ ਸੇਠ ਨੇ ਸੁਣ ਕੇ ਝੂਰਨਾ

ਘਰ ਪਹੁੰਚ ਕੇ ਦਸਿਆ ਹਾਲ ਸਾਰਾ, ਪਿਤਾ ਸੁਣਕੇ ਚਿਤ ਹੈਰਾਨ ਕੀਤਾ
ਕਹਿੰਦਾ ਚੋੜ ਹੋਇਓਂ ਬੇਟਾ ਚੋੜ ਹੋਇਓਂ, ਏਹ ਵਣਜ ਕੀ ਤੂੰ ਪਛਾਨ ਕੀਤਾ
ਸਕ ਦੇ ਕੇ ਕਚ ਵਿਹਾਜਿਉ ਈ, ਬੇਮੁਖ ਹੋ ਬੜਾ ਨੁਕਸਾਨ ਕੀਤਾ
ਮੇਰੇ ਘਰ ਤੂੰ ਜੰਮਦੋਂ ਨਿਜ ਬਚਾ, ਭਾਗੀ ਪਾਪ ਦਾ ਮੈਨੂੰ ਭੀ ਆਨ ਕੀਤਾ
ਘਰੋਂ ਘਲਿਆ ਲਾਭ ਦੇ ਖਟਣੇ ਨੂੰ, ਸਗੋਂ ਮੂਲ ਭੀ ਸਾਰਾ ਵੈਰਾਨ ਕੀਤਾ
ਮਨਮੁਖ ਹੋ ਕੇ ਕਰਤਾਰ ਸਿੰਘਾ, ਕਾਲਾ ਮੂੰਹ ਤੂੰ ਵਿਚ ਜਹਾਨ ਕੀਤਾ

### ਵਾਕ ਕਵੀ

ਸੁਣ ਸੁਣ ਧਿਤਕਾਰ ਫਿਟਕਾਰ ਦੇਂਦੇ, ਉਹਦੀ ਕਰਨੀ ਤੇ ਪਛਤਾਉਣ ਸਾਰੇ
ਦਿਤਾ ਹੋਯਾ ਪ੍ਰਸ਼ਾਦ ਸਤਿਗੁਰੂ ਜੀ ਦਾ ਥੋੜ੍ਹਾ ਥੋੜ੍ਹਾ ਕਰਕੇ ਵਰਤਾਉਣ ਸਾਰੇ
ਉਸੇ ਕੜੇ ਨੂੰ ਗੁਰਾਂ ਦੀ ਸਮਝ ਕ੍ਰਿਪਾ ਲੈ ਅਖੀਆਂ ਦੇ ਉਤੇ ਲਾਉਣ ਸਾਰੇ
ਉਹਦੀ ਨੀਤ ਦੇ ਉਤੇ ਕਰਤਾਰ ਸਿੰਘਾ,ਸਰਬੰਧੀ ਆ ਲੁਾਨਤਾਂ ਪਾਉਣ ਸਾਰੇ

### ਗੋਪਾਲ ਦੀ ਨੀਤ ਦਾ ਫਲ

ਮਰਜੀ ਵਾਹਿਗੁਰੂ ਦੀ ਐਸੀ ਆਨ ਹੋਈ,ਨਸ਼ਟ ਹੋਣ ਲਗਾ ਧਨਮਾਲ ਭਾਈ
ਉਹ ਛੇ ਸੌ ਨਾਲ ਲੈ ਗਲਨ ਲਗਾ, ਵਿਚ ਦਿਨਾਂ ਦੇ ਹੋਇ ਕੰਗਾਲ ਭਾਈ
ਹੋ ਬਰਕਤਾਂ ਸਭ ਬਰਬਾਦ ਗਈਆਂ, ਦਿਨੋਂ ਦਿਨ ਹੋਯਾ ਮੰਦਾ ਹਾਲ ਭਾਈ
ਗਏ ਸਮਝ ਸਾਰੇ ਕਰਤਾਰ ਸਿੰਘਾ, ਸਤਿਗੁਰਾਂ ਦਾ ਕੋਪ ਬਿਸਾਲ ਭਾਈ

### ਬਿਸ਼ੰਬਰ ਸੇਠ ਨੇ ਪਰਵਾਰ ਸਮੇਤ ਸਤਿਗੁਰਾਂ ਦੀ ਸ਼ਰਨ ਆਉਣਾ

ਮਨਮੁਖ ਦੇ ਸੰਗ ਦਾ ਫਲ ਪਾਯਾ, ਡਾਢਾ ਆਣਕੇ ਤੰਗ ਪਰਵਾਰ ਹੋਯਾ
ਸਤਿਗੁਰਾਂ ਤੋਂ ਚਲ੍ਹ ਬਖਸ਼ਾ ਲਈਏ; ਸਾਰੇ ਘਰ ਦੇ ਵਿਚ ਵਿਚਾਰ ਹੋਯਾ
ਲੈ ਕੇ ਨਾਲ ਬਿਸ਼ੰਬਰ ਬਾਲ ਬਚਾ, ਤਰਫ ਗੁਰਾਂ ਦੀ ਝਟ ਤਿਆਰ ਹੋਯਾ
ਪਹਿਲਾ ਮਾਜਰੇ ਪਹੁੰਚ ਕਰਤਾਰਸਿੰਘਾ,ਧਿਆਨਸਿੰਘਅਗੇਮਿੰਨਤਦਾਰ ਹੋਯਾ

### ਧਿਆਨ ਸਿੰਘ ਪਾਸੋਂ ਬਿਸੰਬਰ ਨੇ ਬਚਨ ਵਾਪਸ ਮੰਗਣਾ

ਸਤਿਗੁਰੂ ਜੀ ਦਾ ਬਚਨ ਪਾਸ ਤੇਰੇ, ਵੇਚ ਗਿਆ ਗੋਪਾਲ ਅਮੋੜ ਭਾਈ
ਮੈਥੋਂ ਦੂਣਾ ਰੁਪਿਆ ਗਿਣਾ ਲੈ ਤੂੰ, ਓਹ ਦੇਹ ਬਚਨ ਮੈਨੂੰ ਮੋੜ ਭਾਈ
ਮੇਰਾ ਪੁਤ ਅੰਞਾਣ ਸੀ ਭੁਲ ਗਿਆ, ਕਰਾਂ ਬੇਨਤੀ ਮੈਂ ਹਥ ਜੋੜ ਭਾਈ
ਧਿਆਨ ਸਿੰਘ ਸੁਣ ਕਹੇ ਕਰਤਾਰ ਸਿੰਘਾ,ਮੈਨੂੰ ਵੇਚਣੇ ਦੀਨਾਹੀ ਲੋੜ ਭਾਈ

### ਧਿਆਨ ਸਿੰਘ ਨੂੰ ਨਾਲ ਲੈ ਬਿਸੰਬਰ ਨੇ ਆਨੰਦਪੁਰ ਪਹੁੰਚਣਾ

'ਤੇਰਾ ਪੁਤ ਖੁਸ਼ੀ ਨਾਲ ਵੇਚ ਗਿਆ,ਖੋਹਿਆ ਨਹੀਂ' ਸੀ ਚੋਰ ਦਿਖਾਲ ਮੈਂ ਭੀ
ਕਿਵੇਂ ਮੋੜ ਦੇਵਾਂ ਤੈਨੂੰ ਦਸ ਭਾਈ, ਸਾਰੀ ਉਮਰ ਇਹੋ ਲਧਾ ਲਾਲ ਮੈਂ ਭੀ
ਚਲ ਗੁਰਾਂ ਦੇ ਪਾਸ ਤੂੰ ਅਰਜ ਕਰ ਲੈ, 'ਚਲ ਚਲਦਾ ਹਾਂ ਤੇਰੇ ਨਾਲ ਮੈਂ ਭੀ
ਸਾਰੀ ਉਮਰ ਗਵਾ ਕਰਤਾਰ ਸਿੰਘਾ, ਸਚਾ ਵਣਜ ਕੀਤਾ ਏਹੋ ਭਾਲ ਮੈਂ ਭੀ

### ਬਿਸੰਤਰ ਦਾਸ ਨੇ ਸਤਿਗੁਰਾਂ ਅਗੇ ਬੇਨਤੀ ਕਰਨੀ

ਖੁਸ਼ੀ ਨਾਲ ਆਨੰਦ ਪੁਰ ਵਿਚ ਪਹੁੰਚੇ, ਡਿਠੇ ਜਾ ਕੇ ਰੂਪ ਅਪਾਰ ਗੁਰੂ ਜੀ
ਯਥਾ ਸਕਤ ਭੇਟਾ ਧਰ ਅਰਜ਼ ਕਰਦਾ, ਮੇਰੀ ਬੇਨਤੀ ਸੁਣੋ ਦਾਤਾਰ ਗੁਰੂ ਜੀ
ਮੇਰਾ ਪੁਤਰ ਆਪਦਾ ਬਚਨ ਕੀਤਾ,'ਸਿਖੀ ਧਰਮ ਨਿਭੇ'ਗਿਆ ਹਾਰ ਗੁਰੂ ਜੀ
ਧਿਆਨ ਸਿੰਘ ਅਗੇ ਪਾਪੀ ਵੇਚ ਗਿਆ,ਬਦ ਕਿਸਮਤ ਓਹਗਵਾਰ ਗੁਰੂ ਜੀ
ਸੋ ਓਹ ਮੈਨੂੰ ਦਿਵਾ ਦੇ ਹੋ, ਯਾ ਆਪ ਬਖਸ਼ੋ ਬਖਸ਼ਨ ਹਾਰ ਗੁਰੂ ਜੀ
ਬਖਸ਼ਸ਼ ਆਪਦੀ ਵਾਪਸ ਲੈਨ ਆਯਾ, ਬੜੇ ਦੂਰ ਦੇਸੋਂ ਪੰਧ ਮਾਰ ਗੁਰੂ ਜੀ
ਤੇਰਾ ਪੁਤ ਬੇਸਿਦਕਾ ਸਿਦਕ ਨਾਹੀਂ, ਕਿਹਾ ਮੁਖ ਤੋਂ ਏਹ ਉਚਾਰ ਗੁਰੂ ਜੀ
ਚਰਨਾਂ ਉਤੇ ਬਿਸ਼ੰਬਰ ਡਿਗ ਪਿਆ, ਮੇਰਾ ਕਰੋ ਬੇੜਾ ਹੁਣ ਪਾਰ ਗੁਰੂ ਜੀ

'ਸਿਖੀ ਧਰਮ ਨਿਭੇ' ਕਹੇ ਬਚਨ ਮੁੜਕੇ, ਭਰੇ ਆਪਦੇ ਦਾਤ ਭੰਡਾਰ ਗੁਰ ਜੀ
ਓਹਦਾ ਵੇਖਕੇ ਸਿਦਕ ਕਰਤਾਰ ਸਿੰਘਾ, ਮੇਹਰਬਾਨ ਹੋ ਗਏਅਪਾਰ ਗੁਰ ਜੀ

ਸ੍ਰੀ ਦਸਮੇਸ਼ ਜੀ

ਤੇਰੇ ਸਿਦਕ ਉਤੇ ਅਸੀਂ ਖੁਸ਼ ਬੜੇ, ਏਸੇ ਤਰ੍ਹਾਂ ਹੀ ਤੋੜ ਨਿਬਾਹੀਂ ਸਦਾ
ਮਿਲਨ ਗੁਰੂ ਘਰੋਂ ਫਲ ਚਾਰ ਤੈਨੂੰ, ਸ੍ਰੀ ਵਾਹਿਗੁਰੂ ਨਾਮ ਧਿਆਈਂ ਸਦਾ
ਜਿਸ ਕੰਮ ਦੀ ਜਦ ਤੈਨੂੰ ਲੋੜ ਹੋਵੇ; ਅਰਦਾਸ ਕਰ ਗੁਰੂ ਮਨਾਈਂ ਸਦਾ
ਸਤਿਗੁਰਾਂ ਨਮਿਤ ਪ੍ਰਸ਼ਾਦ ਕਰਕੇ, ਸਾਧ ਸੰਗਤ ਵਿਚ ਵਰਤਾਈਂ ਸਦਾ
ਗੁਰੂ ਖਾਲਸਾ, ਖਾਲਸਾ ਗੁਰ ਹੋਸੀ, ਗੁਰ ਸਿਖਾਂ ਪਾਸੋਂ ਖੁਸ਼ੀ ਚਾਹੀਂ ਸਦਾ
ਕਰ ਨੇਕ ਕਮਾਈ ਤੇ ਵੰਡ ਖਾਈਂ, ਪੰਜ ਕੌਡੀਆਂ ਗੋਲਕ ਪਾਈਂ ਸਦਾ
ਮਰਨੇ ਪਰਨੇ ਅੰਦਰ ਗੁਰੂ ਰੀਤ ਕਰੀਂ, ਗੁਰਸਿਖੀ ਦਾ ਭਲਾ ਮਨਾਈਂ ਸਦਾ
ਅੰਤ ਹੋਇਆ ਮੁਕਤ ਕਰਤਾਰ ਸਿੰਘਾ, ਓਟ ਇਕ ਅਕਾਲ ਰਖਾਈਂ ਸਦਾ

ਵਾਕ ਕਵੀ

ਖੁਸ਼ੀ ਹੋ ਬਿਸ਼ੰਭਰ ਵਿਦਾ ਹੋਇਆ, ਸਤਿਗੁਰਾਂ ਪਾਸੋਂ ਵਰ ਪਾ ਕਰਕੇ
ਸਿਖੀ ਸਿਦਕ ਨੂੰ ਧਾਰ ਪਰਵਾਰ ਸਣੇ, ਭੁਲ ਪੁਤਰ ਦੀ ਬਖਸ਼ਵਾ ਕਰਕੇ
ਦੇਸ ਜਾ ਜਦੋਂ ਤਕ ਰਿਹਾ ਜੀਉਂਦਾ, ਵਡਾ ਸਿਦਕ ਭਰੋਸਾ ਰਖਾ ਕਰਕੇ
ਗੁਰਮਤ ਪ੍ਰਚਾਰ ਕਰਤਾਰ ਸਿੰਘਾ, ਕਰਦਾ ਰਿਹਾ ਮਨ, ਤਨ ਲਗਾ ਕਰਕੇ

ਧਿਆਨ ਸਿੰਘ ਦੀ ਬੇਨਤੀ

ਬਚਨ ਆਪਦਾ ਸਤਿਗੁਰ ਜਦੋਂ ਤੋਂ ਮੈਂ, ਹੈ ਲਿਆ ਨ ਮੈਨੂੰ ਪ੍ਰਵਾਹ ਰਹੀ
ਹਲ ਵਾਹੁੰਦਿਆਂ ਮਾਯਾ ਦੀ ਦੇਗ ਲਭੀ, ਮੇਰੇ ਘਰ ਨਾਹੀਂ ਕਮੀ ਕਾ ਰਹੀ
ਕਿਰਪਾ ਆਪਦੀ ਬਹੁਤ ਹੀ ਮੇਰੇ ਉਤੇ, ਖੁਸ਼ੀ ਵਿਚ ਪਰਵਾਰ ਸਮਾ ਰਹੀ
ਜਿਥੇ ਵਸਦਾ ਸਿਦਕ ਕਰਤਾਰ ਸਿੰਘਾ, ਓਹ ਜਗ੍ਹਾ ਹੀ ਸਦਾ ਸੁਹਾ ਰਹੀ

ਇਕ ਸਿੰਘ ਨੇ ਕੱਤਕ ਅਸ਼ਨਾਨ ਬਾਬਤ ਪੁਛਣਾ ਕਰਨੀ

ਇਕ ਦਿਨ ਇਕ ਸਿਖ ਦੀਵਾਨ ਅੰਦਰ, ਕਹਿੰਦਾ ਭਰਮ ਮੈਨੂੰ ਭ੍ਰਮਾਂਵਦੇ ਨੇ
ਮੇਰੇ ਭਰਮ ਸਤਿਗੁਰੂ ਜੀ ਦੂਰ ਕਰੋ, ਹਿੰਦੂ ਲੋਕ ਜੋ ਇਹ ਸੁਨਾਂਵਦੇ ਨੇ

†ਕਤਕ, ਮਘਰ, ਮਾਘ ਸਵੇਰੇ ਨ੍ਹਾਵੇ, ਵਡੇ ਪੁੰਨ ਓਹਨੂੰ ਹਥ ਆਂਵਦੇ ਨੇ
ਕਿਰਪਾ ਕਰ ਦਸੋ ਕਰਤਾਰ ਸਿੰਘਾ, ਓਹ ਲੋਕ ਕੇਹੜੀ ਗਤੀ ਪਾਂਵਦੇ ਨੇ

ਸ੍ਰੀ ਦਸਮੇਸ਼ ਜੀ

ਏਹ ਦੇਹ ਪੰਜ ਭੂਤੰ ਦੀ ਬਣੀ ਹੋਈ; ਹੈ ਜੜ੍ਹ ਚੇਤੰਨ ਵਿਚਾਰ ਨਾਹੀਂ
ਪਾਪ ਪੁੰਨ ਨ ਏਸਦੇ ਵਸ ਕੋਈ, ਕਰੇ ਆਪਣੇ ਆਪ ਕੋਈ ਕਾਰ ਨਾਹੀਂ
ਜੀਵ ਆਤਮਾ ਰਲਕੇ ਕਰਮ ਕਰਦੇ, ਏਸ ਦੇਹ ਦਾ ਕੁਝ ਅਖਤਯਾਰ ਨਾਹੀਂ
ਪੁੰਨ ਪਾਪ ਸਾਰੇ ਜੀਵ ਆਤਮਾਂ, ਦੇਹ ਅੰਧੁਲੀ ਏਸ ਹੈ ਸਾਰ ਨਾਹੀਂ
ਦੇਹ ਧੋਤਿਆਂ ਚਿਤ ਨਾ ਧੁਪਦਾ ਹੈ, ਸਕੇ ਅੰਦਰੋਂ ਮੈਲ ਨੂੰ ਟਾਰ ਨਾਹੀਂ
ਪਾਣੀ† ਪੀਤਿਆਂ ਹੋਂਵਦੀ ਦੂਰ ਤ੍ਰਿਖਾ, ਅੰਤਸ਼ਕਰਨ ਦਾ ਕੁਝ ਸੁਧਾਰ ਨਾਹੀਂ

---

†ਤੀਰਥਾਂ ਦੇ ਅਸ਼ਨਾਨ ਤੋਂ ਮੁਕਤੀ ਭਾਲਨ ਵਾਲਿਆਂ ਵਾਸਤੇ ਸਤਿਗੁਰਾਂ ਨੇ ਏਹ ਬਚਨ ਕੀਤੇ ਹਨ—

ਯਥਾ—ਅਨੇਕ ਤੀਰਥ ਜੇ ਜਤਨ ਕਰੈ, ਅੰਤਰ ਕੀ ਹਉਮੈ ਕਦੇ ਨ ਜਾਇ ॥
(ਮਾਝ ਮ: ੩)

—o—

ਪੁਨਾ—ਮਨ ਮੈਲੇ ਸਭ ਕਿਛੁ ਮੈਲਾ ਤਨ ਧੋਤੇਂ ਮਨ ਹਛਾ ਨ ਹੋਇ ॥
ਇਹ ਜਗ ਭਰਮ ਭੁਲਾਇਆ ਵਿਰਲਾ ਬੂਝੇ ਕੋਇ ॥
(ਵਡਹੰਸ ਮ: ੩)

—o—

ਪੁਨਾ—ਜਲ ਕੈ ਮਜਨ ਜੇ ਗਤਿ ਹੋਵੈ ਨਿਤ ਨਿਤ ਮੇਂਡਕ ਨਾਵਹਿ ॥
ਜੈਸੇ ਮੇਂਡਕ ਤੈਸੇ ਓਇ ਨਰ ਫਿਰ ਫਿਰ ਜੋਨੀ ਆਵਹਿ ॥
(ਆਸਾ ਕਬੀਰ ਜੀ)

—o—

ਪੁਨਾ—ਪਾਣੀ ਚਿਤੁ ਨਹਿ ਧੋਪਈ ਮੁਖ ਪੀਤੇ ਤਿਖੁ ਜਾਇ ॥ (ਮਲਾਰ ਮ: ੧)

—o—

ਪੁਨਾ—ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥ ਓਹ ਧੋਪੈ ਨਾਵੈ ਕੈ ਰੰਗ ॥ (ਜਪੁਜੀ ਸਾਹਿਬ)

ਪੁਨਾ—ਨਾਵਣ ਚਲੇ ਤੀਰਥੀ ਮਨ ਖੋਟੈ ਤਨ ਚੋਰ ॥
ਇਕ ਭਾਉ ਲਥੀ ਨਾਤਿਆ ਦੋਇ ਭਾ ਚੜੀਅਸ ਹੋਰ ॥
ਬਾਹਿਰ ਧੋਤੀ ਤੂੰਬੜੀ ਅੰਦਰ ਵਿਸ ਨਿਕੋਰ ॥ (ਸੂਹੀ ਮ: ੧)

ਏਹ ਬਚਨਾਂ ਤੋਂ ਸਾਫ ਸਿਧ ਹੁੰਦਾ ਹੈ ਕਿ ਪਾਣੀ ਚਿਤ ਨੂੰ ਧੋ ਨਹੀਂ ਸਕਦਾ ਤੇ ਸਰੀਰ ਦੇ ਧੋਤਿਆਂ ਮਨ ਦੀ ਮੈਲ ਦੂਰ ਨਹੀਂ ਹੁੰਦੀ, ਮਨ ਮੈਲ ਭਗਤੀ ਨਾਲ ਦੂਰ ਹੁੰਦੀ ਹੈ।

ਮੈਲ ਬਾਹਰ ਦੀ ਪਾਣੀ ਉਤਾਰ ਸਕੇ, ਕਰੇ ਮਨ ਦਾ ਕੁਝ ਸੁਧਾਰ ਨਾਹੀਂ
ਜਿਹੜੀ ਮਤ ਨੂੰ ਪਾਪਾਂ ਦੀ ਮੈਲ ਲਗੀ, ਪਾਣੀ ਸਕਦਾ ਓਹਨੂੰ ਉਤਾਰ ਨਾਹੀਂ
ਬਾਹਰੋਂ ਤੂੰ ਬੜੀ ਧੋਤਿਆਂ ਕੀ ਸੌਰੇ, ਜਿਚਰ ਅੰਦਰੋਂ ਭਗਤੀ ਪਿਆਰ ਨਾਹੀਂ
ਬਿਨਾਂ ਭਗਤੀ ਪ੍ਰੇਮ ਕਰਤਾਰ ਸਿੰਘਾ, ਹੁੰਦਾ ਜੀਵਦਾ ਐਵੇਂ ਉਧਾਰ ਨਾਹੀਂ

ਤਥਾ

ਤੀਰਥ ਨ੍ਹਾਤਿਆਂ ਜੇਕਰ ਗਤੀ ਹੋਵੇ, ਡਡਾਂ ਮਛੀਆਂ ਕਰੋ ਵਿਚਾਰ ਸਾਰੇ
ਜੀਵ ਜੰਤ ਜੋ ਤੀਰਥਾਂ ਵਿਚ ਰਹਿੰਦੇ, ਹੋਏ ਚਾਹੀਦੇ ਨੇ ਓਹੋ ਪਾਰ ਸਾਰੇ
ਸਦਾ ਬਗੁਲੇ ਤੀਰਥਾਂ ਵਿਚ ਰਹਿੰਦੇ, ਖਾਂਦੇ ਡਡੀਆਂ ਤੇ ਜੀਵ ਮਾਰ ਸਾਰੇ
ਗਤੀ ਉਨ੍ਹਾਂ ਦੀ ਨਹੀਂ ਗਯਾਨ ਬਿਨਾਂ, ਬੇਦ ਸ਼ਾਸਤ੍ਰ ਰਹੇ ਪੁਕਾਰ ਸਾਰੇ
ਜਿਹੜੇ ਭਗਤੀ, ਪ੍ਰੇਮ ਵਿਚਾਰ ਬਿਨਾ, ਨ੍ਹਾਉਂਦੇ ਫਿਰਦੇ ਨੇ ਨਰ ਨਾਰ ਸਾਰੇ
ਮਛਾਂ ਡੱਡੀਆਂ ਦੇ ਤੁਲ ਸਮਝ ਲਵੋ, ਗਰਬ ਜੂਨ ਪਾਵਨ ਬਾਰ ਬਾਰ ਸਾਰੇ
ਵਾਂਗ ਜੋਕਾਂ ਦੇ ਪਾਣੀ ਦੇ ਵਿਚ ਵਸਨ, ਨਹੀਂ ਜਾਣਦੇ ਕਵਲ ਦੀ ਸਾਰ ਸਾਰੇ
ਚਮ ਧੋਂਵਦੇ ਫਿਰਨ ਕਰਤਾਰ ਸਿੰਘਾ, ਨਹੀਂ ਪਾਉਣਗੇ ਅੰਤ ਛੁਟਕਾਰ ਸਾਰੇ

ਸ੍ਰੀ ਦਸਮੇਸ਼ ਜੀ ਨੇ ਸਚੇ ਤੀਰਥ ਦਾ ਅਸਨਾਨ ਕਰਨਾ ਦਸਨਾ

ਏਹਨੀਂ ਤੀਰਥੀਂ ਨ੍ਹਾਤਿਆਂ ਮੁਕਤ ਨਾਹੀਂ, ਭਾਵੇਂ ਸੌ ਵਾਰੀ ਕੋਈ ਨ੍ਹਾਏ ਭਾਈ
ਸਚਾ ਤੀਰਥ ਪੂਰਾ* ਸਤਿਗੁਰੂ ਹੈ, ਬਾਣੀ ਜਿਸ ਦੀ ਮੈਲ ਗਵਾਏ ਭਾਈ

---

*ਸਚਾ ਤੀਰਥ ਸਤਿਗੁਰਾਂ ਨੇ ਗੁਰਬਾਣੀ ਵਿਚ ਨਿਰਣੈ ਕਰ ਦਸਿਆ ਹੈ:—
ਗੁਰਵਾਕ—ਤੀਰਥ ਪੂਰਾ ਸਤਿਗੁਰੂ ਜੋ ਅਨਦਿਨ ਹਰਿ ਹਰਿ ਨਾਮ ਧਿਆਇ ॥
—o— (ਵਾਰ ਮਾਝ ਮ: ੪)

ਪੁਨਾ—ਤੀਰਥ ਨਾਵਨ ਜਾਉ ਤੀਰਥ ਨਾਮ ਹੈ ॥
ਤੀਰਥ ਸਬਦ ਬੀਚਾਰ ਅੰਤਰ ਗਿਆਨ ਹੈ ॥ (ਧਨਾਸਰੀ ਮ: ੧)
ਪੁਨਾ—ਗੁਰ ਦਰੀਆਉ ਸਦਾ ਜਲ ਨਿਰਮਲ ਮਿਲਿਆ ਦੁਰਮਤ ਮੈਲ ਹਿਰੈ ॥
ਸਤਿਗੁਰ ਪਾਇਐ ਪੂਰਾ ਨ੍ਹਾਵਨ ਪਸੂ ਪਰੇਤਹੁੰ ਦੇਵ ਕਰੈ ।

—o—

ਪੁਨਾ—ਸਦਾ ਤੀਰਥ ਜਿਸ ਸਤਿਸਰ ਨ੍ਹਾਵਨ ਗੁਰਮੁਖ ਆਪ ਬੁਝਾਏ (ਸੂਹੀ ਮ: ੩)

(ਬਾਕੀ ਦੇਖੋ ਸਫਾ ੩੫੬)

ਅੰਦਰ ਹੌਮੈਂ ਦੀ ਮੈਲ ਭਰੀ ਹੋਈ, ਪਿੰਡਾ ਧੋਤਿਆਂ ਓਹ ਨਾ ਜਾਏ ਭਾਈ
'ਅੰਤੁ ਗਤ ਤੀਰਥ' ਸ਼ਬਦ ਗੁਰਾਂਦਾ ਹੈ, ਮੈਲ ਨ੍ਹਾਤਿਆਂ ਤੁਰਤ ਗਵਾਏ ਭਾਈ
ਪਾਣੀ ਨਾਲ ਨ 'ਦੁਰਮਤਾ' ਮੈਲ ਜਾਵੇ, ਰੰਗ ਨਾਮ ਦਾ ਝਟ ਉਡਾਏ ਭਾਈ
ਉਤਮ ਤੀਰਥ ਹੈ ਸਤਿਸੰਗ ਜਾਣੋ, ਜੋ ਨ੍ਹਾਏ ਪਰਮ ਗਤੀ ਪਾਏ ਭਾਈ
ਹੈ ਕਾਂਸ਼ੀ ਪਰਾਗ ਸੁਰਸਤੀ ਤੋਂ, 'ਸਤਿਸੰਗ' ਮਹਿਮਾਂ ਅਧਕਾਏ ਭਾਈ
ਏਹ ਤੀਰਥ ਪ੍ਰਾਪਤ ਸਭ ਤਾਂਈ ਜਿਸ ਥਾਂ ਕੋਈ ਪਰੇਮੀ ਚਾਹੇ ਭਾਈ
ਏਹ ਤੀਰਥ ਕਾਂਵਾਂ ਹੰਸ ਕਰਦਾ, ਦੇਉਤੇ ਰਾਕਸ਼ਾਂ ਤਾਈਂ ਬਨਾਏ ਭਾਈ
ਰਬ ਨਾਲ ਚਾ ਵਿਛੜੇ ਮੇਲ ਦੇਂਦਾ, ਜਨਮ ਜਨਮ ਦੀ ਮੈਲ ਕਟਾਏ ਭਾਈ
'ਤੀਰਥ ਤਪੁ ਦਇਆ ਦਤੁਦਾਨੁ' ਸੋਹਣੇ, ਵਡੇ ਭਾਗ ਜੋ ਏਹ ਰਖਾਏ ਭਾਈ
ਗੁਰ ਸਾਮਾਨ ਨਹੀਂ ਤੀਰਥ ਕਰਤਾਰ ਸਿੰਘਾ, ਵਡੇ ਗੁਰ ਗਏ ਫਰਮਾਏ ਭਾਈ

---

(ਸਫਾ ੩੫੭ ਦੀ ਬਾਕੀ)

ਪੁਨਾ-ਸੁਰਸਰੀ ਜਮਨਾ, ਔ ਗੋਦਾਵਰੀ, ਗਯਾ ਪ੍ਰਾਗ ਸੇਤੁ ਕੁਰਖੇਤ ਮਾਨਸਰ ਹੈ। ਕਾਸੀ, ਕਾਂਤੀ, ਦੁਆਰਾਵਤੀ, ਮਾਯਾ ਮਥੁਰਾ ਅਯੁੱਧਿਆ ਗੋਮਤੀ, ਅਵੰਤਕਾ, ਕਿਦਾਰ ਹਿਮਧਰ ਹੈ। ਨਰਬਦਾ ਬਿਧ੍ਯਬਟ ਦੇਵਨਪਾਲ, ਕਵੀਲਾਸ, ਨੀਲ ਮੰਦਰਾਚਲ, ਸੁਮੇਰ ਗਿਰਵਰ ਹੈ। ਤੀਰਥ ਅਰਥ ਸਤਿ, ਧਰਮ, ਦਯਾ ਸੰਤੋਖ, ਸ੍ਰੀ ਗੁਰ ਚਰਨ ਰਜ ਤੂਲ ਨ ਸਮਰ ਹੈ। (ਕਬਿਤ ਭਾਈ ਗੁਰਦਾਸ ਜੀ)

—੦—

†ਸਤਿਸੰਗ ਤੀਰਥ ਸਭ ਤੀਰਥਾਂ ਤੋਂ ਉਤਮ ਲਿਖਯਾ ਹੈ। ਦੇਖੋ ਤੁਲਸੀ ਰਾਮਾਯਣ ਬਾਲ ਕਾਂਡ-

ਚੌਪਈ-ਮੁਦ ਮੰਗਲ ਮਯ ਸੰਤ ਸਮਾਜੂ। ਜੋ ਜਗ ਜੰਗਮ ਤੀਰਥ ਰਾਜੂ॥
ਰਾਮ ਭਗਤ ਜਾਹਿੰ ਸੁਰਸਰ ਧਾਰਾ। ਸਰਸੁਤਿ ਬ੍ਰਹਮ ਬਿਚਾਰ ਪ੍ਰਚਾਰ॥
ਬਿਧ ਨਿਸ਼ੇਧਮਯ ਕਲਿ ਮਲ ਹਰਨੀ। ਕਰਮ ਕਥਾ ਰਵਿਨੰਦਨ ਬਰਨੀ॥
ਹਰਿ ਹਰ ਕਥਾ ਬਿਰਾਜਤ ਤ੍ਰਬੇਣੀ। ਸੁਨਤ ਸਕਲ ਮੁਦ ਮੰਗਲ ਦੇਨੀ॥
ਬਟ ਵਿਸਵਾਸ ਅਚਲ ਨਿਜ ਧਰਮਾ। ਤੀਰਥ ਰਾਜ ਸਮਾਜ ਸੁਕਰਮਾ॥
ਸਭਹਿ ਸੁਲਭ ਦਿਨ ਸੁਭ ਦੇਸਾ। ਸੇਵਤ ਸਾਦਰ ਸਮਨ ਕਲੇਸਾ॥
ਅਕਥ ਅਲੌਕਕ ਤੀਰਥ ਰਾਊ। ਦੇਹਿ ਸਦਯ ਸਫਲ ਪ੍ਰਗਟ ਪ੍ਰਭਾਊ॥
ਦੋਹਰਾ-ਸੁਨਿ ਸਮਝਹਿ ਜਨ ਮੁਦਤ ਮਨ ਮਜਹਿੰ ਅਤਿ ਅਨੁਰਾਗ॥
ਲਹਿਹੰ ਚਾਰ ਫਲ ਅਛਤ ਤਨ ਸਮਾਜ ਪਰਯਾਗ॥
ਚੌਪਈ-ਮਜਨ ਫਲਦੇਖਸ ਤਤਕਾਲਾ। ਕਾਕ ਹੋਹਿੰ ਪਿਕ, ਬਕਉ ਮਰਾਲਾ॥
ਸੁਨ ਅਸਚਰਜ ਕਰੈ ਜਨ ਕੋਈ। ਸਤਿਸੰਗਤ ਮਹਿਮਾ ਨਹਿ ਗੋਇ॥

ਏਹ ਸੁਣਕੇ ਇਕ ਹੋਰ ਸਿਖ ਨੇ ਬੇਨਤੀ ਕਰਨੀ (ਗੰਗਾ)

'ਤੀਰ' ਰਾਣੀਆਂ ਨੂੰ ਲੋਕ ਮੰਨੀ ਬੈਠੇ, ਏਹਤਾਂ ਨਿਕਲੀ ਹੋਰ ਵਿਚਾਰ ਗੁਰੂ ਜੀ
ਮੇਰੇ ਚਿਤ ਪਿਆ ਇਕ ਭਰਮ ਭਾਰਾ, ਕਿਰਪਾ ਕਰਕੇ ਦੇਹੋ ਨਿਕਾਰ ਗੁਰੂ ਜੀ
ਹਡ ਮੋਇਆਂ ਦੇ ਜੋ ਲੋਕ ਪਾਉਨ ਗੰਗਾ, ਹਰ ਜਾ ਸਾਲ ਬੇਸ਼ੁਮਾਰ ਗੁਰੂ ਜੀ
ਨਾਲੇ ਗੰਗਾ ਸ਼ਨਾਨ ਦਾ ਪੁੰਨਵਡਾ, ਹਿੰਦੂ ਦਸਦੇ ਨਾਲ ਵਿਸਤਾਰ ਗੁਰੂ ਜੀ
ਏਹ ਭੀ ਫੋਲਕੇ ਦਸਣੀ ਗਲ ਸਾਰੀ, ਗੰਗਾ ਠੀਕ ਹੈ ਹਰੀਦਵਾਰ ਗੁਰੂ ਜੀ
ਮਰ ਗਿਆਂ ਦਾ ਕਿਵੇਂ ਕਰਤਾਰ ਸਿੰਘਾ, ਕਰ ਸਕਦੀ ਓਹ ਉਧਾਰ ਗੁਰੂ ਜੀ

ਸ੍ਰੀ ਦਸਮੇਸ਼ ਜੀ ਨੇ ਦਸਣਾ ਕਿ ਗੰਗਾ ਵਿਚ ਮੁਰਦੇ ਦੇ ਹਡ ਪਾਇਆਂ
ਕਿਸੇ ਦੀ ਮੁਕਤੀ ਨਹੀਂ ਹੁੰਦੀ

ਦੇਹ ਰਥ ਤੇ ਮਨ ਰਥਵਾਹੀ ਇਸਦਾ, ਜੀਵ ਆਤਮਾ ਵਿਚ ਅਸਵਾਰ ਸਮਝੋ
ਜਿਧਰ ਚਾਹੁੰਦੇ ਏਹਨੂੰ ਚਲਾਉਂਦੇ ਨੇ, ਕੀ ਏਸਦੇ ਹੈ ਅਖਤਯਾਰ ਸਮਝੋ
ਦੇਹ ਜੜ ਅਸੀਂ ਪਿਛੇ ਦਸ ਆਏ, ਪਾਪ ਪੁਨ ਨ ਏਸਦੀ ਕਾਰ ਸਮਝੋ
ਹੈ ਮਿਟੀ ਦਾ ਕੋਟ ਸਿਵਾਰਿਅ ਏਹ, ਜੀਵ, ਆਤਮਾ ਬਿਨ ਮੁਰਦਾਦ ਸਮਝੋ
ਪਾਪ, ਪੁਨ ਤੇ ਸੁਖ ਜੀਵ ਨੂੰ ਨੇ, ਜੀਵ ਕਰਮ ਸਾਰੇ ਕਰਨਹਾਰ ਸਮਝੋ
ਦੇਹ ਕੋਠੜੀ ਵਸਵਾ ਜੀਵ ਅੰਦਰ, ਚਲਾ ਜਾਏ ਖਾਲੀ ਛਡ ਬਾਰ ਸਮਝੋ
ਜੀਵ ਤੰਛੀ ਇਸ ਆਹਲਣੇ ਵਿਚ ਵਸੇ, ਹੁਕਮ ਪਾ ਹੋ ਜਾਏ ਉਡਾਰ ਸਮਝੋ
ਪਿਛੇ ਪਿਆ ਰਹੇ ਸੁੰਞਾ ਆਹਲਣਾ ਏ, ਜਿਦਾ ਜੀ ਕਰੇ ਦੇ ਖਲਾਰ ਸਮਝੋ
ਜਿਚਰ ਜੋਤ ਵਰਤੇ ਤਿਚਰ ਤੁਰੇ ਫਿਰੇ, ਬਿਨਾਂ ਜੋਤ ਦੇ ਅੰਧ ਅੰਧਾਰ ਸਮਝੋ
ਏਹਨੂੰ ਪਾਪ ਨ ਪੁੰਨ ਕਰਤਾਰ ਸਿੰਘਾ, ਨਰਕ, ਸੁਰਗਜਨਮਾਂ ਦੀ ਮਾਰ ਸਮਝੋ

ਤਥਾ

ਕਰਮ ਕਰਨੇ ਜੀਵ ਦਾ ਧਰਮ ਸਾਰੇ, ਏਹ ਦੇਹ ਨ ਕਰਮ ਕਮਾਏ ਕੋਈ
ਜੀਵਨ ਆਤਮਾ ਬਿਨਾ ਮੁਰਦਾਰ ਪਿਛੇ, ਚਾਹੇ ਦਬਦੇ ਚਾਹੇ ਜਲਾਏ ਕੋਈ
ਚਾਹੇ ਸੁਟ ਦਿਹੋ ਵਿਚ ਖਾਈਆਂ ਦੇ, ਚਾਹੇ ਦਬਦੇ ਚਾਹੇ ਜਲਾਏ ਕੋਈ
ਏਹਦਾ ਘਟਦਾ ਵਧਦਾ ਕੁਝ ਨਾਹੀਂ, ਹਰਖ ਸੋਗ ਨ ਮਿਟੀ ਰਖਾਏ ਕੋਈ

ਇਹਨੂੰ ਹਾਨ ਤੇ ਲਾਭ ਨ ਕੁਝ ਭੀ ਏ, ਚਾਹੇ ਗਲ ਜਾਏ ਚਾਏ ਖਾਏ ਕੋਈ
ਜੀਵਜੂਮਾਂ ਦਾ ਮਾਰਿਆ ਗਿਆ ਕਿਧਰੇ, ਨਹੀਂ ਦੇਹ ਸਬੰਧ ਰਹਿ ਜਾਏ ਕੋਈ
ਗੰਗਾ ਸੁਟਕੇ ਫੁਲ ਕਰਤਾਰ ਸਿੰਘਾ, ਫਾਇਦਾ ਜੀਵ ਨੂੰ ਕੀ ਪੁਚਾਏ ਕੋਈ

ਤਥਾ

ਕਰਮ ਕਰਨ ਵਾਲਾ ਏਹਨੂੰ ਛਡ ਜਾਂਦਾ, ਪਾਪ ਪੁੰਨ ਉਸਦੇ ਨਾਲ ਜਾਂਵਦੇ ਨੇ
ਫਲ ਆਪਣੇ ਕੀਤੇ ਦਾ ਜੀਵ ਪਾਂਦਾ, ਸਾਰੇ ਧਰਮ ਗਰੰਥ ਸੁਣਾਂਵਦੇ ਨੇ
'ਆਪੇ ਬੀਜ ਆਪੇ ਹੀ ਖਾਹੁ', ਸਤਿਗੁਰੂ ਨਾਨਕ ਫਰਮਾਂਵਦੇ ਨੇ
ਫਿਰ ਦੇਹ ਨੂੰ ਗੰਗਾਂ ਦੇ ਵਿਚ ਪਾਇਆ, ਪਾਪ ਕਿਵੇਂ ਕੀਤੇ ਕਟੇ ਜਾਂਵਦੇ ਨੇ
ਸਾਰੀ ਦੇਹ ਭੀ ਨ ਕੋਈ ਕੋਈ ਹਡੀ ਲੈਕੇ ਮੁਰਦਿਆਂ ਦੀ ਗੰਗਾਂ ਪਾਂਵਦੇ ਨੇ
ਓਹਨਾਂ ਹਡੀਆਂ ਵਿਚ ਨ ਜੀਵ ਬੈਠਾ ਲੋਕ ਮਿਟੀ ਨੂੰ ਖੜ ਨਲ੍ਹਾਂਵਦੇ ਨੇ
ਫਲ ਕੁਝ ਨ ਜੀਵ ਨੂੰ ਪਹੁੰਚਦਾ ਏ ਲੁਟ ਲੋਕਾਂ ਤਾਂਈਂ ਪਾਂਡੇ ਖਾਂਵਦੇ ਨੇ
ਬੈਠੇ ਤੀਰਥਾਂ ਤੇ ਰੁਜ਼ਗਾਰ ਵਾਲੇ, ਭੋਲੇ ਲੋਕ ਆ ਮਾਯਾ ਲੁਟਾਂਵਦੇ ਨੇ
ਗੰਗਾ ਗਿਆਂ ਸਿਖਾ ਗਲ ਮੁਕਦੀ ਨਹੀਂ, ਸੁਭ ਕਰਮ ਕੀਤੇ ਕੰਮ ਆਂਵਦੇ ਨੇ
ਦਯਾ, ਭਗਤੀ ਪ੍ਰੇਮ ਕਰਤਾਰ ਸਿੰਘਾ, ਬਧੇ ਜੀਵ ਦੇ ਤਾਂਈ ਛੁਡਾਂਵਦੇ ਨੇ

ਵਾਕ ਕਵੀ

ਗੰਗਾ ਫੁਲ ਪਾਇਆ ਤਰੇ ਜੀਵ ਜੇਕਰ, ਫੇਰ ਲੋੜ ਕੀ ਭਜਨ ਭਗਵਾਨਦੀ ਏ
ਕੀਹ ਲੋੜ ਮੁੜ ਜਪ ਤਪ ਬੰਦਗੀ ਦੀ ਕੀ ਲੋੜ ਦਯਾ ਖਿਮਾਂ ਦਾਨ ਦੀ ਏ
ਕੀਹ ਲੋੜ ਮੁੜ ਯੋਗ ਸਾਧਨੇ ਦੀ, ਕੀ ਲੋੜ ਸ਼ੁਭ ਕਰਮ ਕਮਾਨ ਦੀ ਏ
ਸਮ, ਦਮ ਤੇ ਨਿਯਮ ਦੀ ਲੋੜ ਕਾਹਦੀ, ਲੋੜ ਕੀ ਸੋ ਵਿਸ਼ੇ ਤਜਾਨ ਦੀ ਏ
ਕੀ ਲੋੜ ਹੈ ਸਾਧਨਾ ਕਰਨ ਦੀ ਜੀ, ਕੀ ਲੋੜ ਗਿਆਨ ਦੇ ਧਾਨ ਦੀ ਏ
ਕਟੇ ਜਾਨ ਸਭ ਪਾਪ ਕਰਤਾਰ ਸਿੰਘਾ, ਦੇਰੀ ਗੰਗਾ ਵਿਚ ਫੁਲ ਸੁਟਾਨ ਦੀ ਏ

ਤਥਾ

ਫੇਰ ਜਮਾਂ ਦਾ ਜੀਵ ਨੂੰ ਖੌਫ ਕਾਹਦਾ ਜਿਵੇਂ ਪੁਜਦੀ ਉਮਰ ਲੰਘਾ ਛਡੇ
ਜਿੰਨੇ ਜੀ ਕਰੇ ਐਬ ਕਰੀ ਜਾਵੇ, ਐਸ਼ ਇਸ਼ਰਤਾਂ ਵਿਚ ਬਿਤਾ ਛਡੇ
ਧੇੜਾ ਖਰਚ ਕਰਕੇ, ਸੈਰ ਕਰ ਆਵੇ, ਇਕ ਵਾਰ ਗੰਗਾ ਵਿਚ ਨਹਾ ਛਡੇ

ਯਾ ਮਰੇ ਪਿਛੋਂ ਸਰਬੰਧੀ ਕੋਈ, ਫੁਲ ਗੰਗਾ ਦੇ ਵਿਚ ਸੁਟਾ ਛਡੇ
ਬਸ ਹੋ ਗਿਆ ਪ੍ਰਾਣੀ ਮੁਕਤ ਸਮਝੇ, ਗੰਗਾ ਵਹੀ ਖਾਤਾ ਸੇ ਮੁਕਾ ਛਡੇ
ਏਹ ਸੁਖਲਾ ਤਰੀਕਾ ਕਰਤਾਰ ਸਿੰਘਾ, ਦੁਨੀਆਂ ਭਗਤੀ ਪ੍ਰੇਮ ਦਾ ਰਾਹ ਛਡੇ

ਤਥਾ

ਵਿਚ ਹਡੀਆਂ ਜੀਵ ਨ ਬੈਠਾ ਹੋਯਾ, ਗੰਗਾ ਖੜਕੇ ਲੋਕ ਨਲ੍ਹਾਉਨ ਕਿਨੂੰ
ਗੰਗਾ ਫੁਲ ਪਿਆਂ ਜੀਵ ਮੁਕਤ ਹੋਯਾ, ਕਰ ਕਿਰਿਆ ਫਲ ਪੁਚਾਨ ਕਿਨੂੰ
ਇਹ ਵਰੀਨਾ ਸਤਾਰ੍ਹਾਂ ਤੇ ਸ਼੍ਰਾਧ ਆਦਿਕ, ਪਿਛੋਂ ਕਰਕੇ ਲੋਕ ਖੁਵਾਨ ਕਿਨੂੰ
ਫੇਰ ਜੀਵ ਨਮਿਤ ਬੇ ਅਰਧਕਾਰਾਂ, ਦੀਵੇ ਚਾਨਣ ਕਰ ਦਿਖਾਉਨ ਕਿਨੂੰ
ਜੇ ਮੁਕਤ ਨ ਹੋਯਾ ਤੇ ਪਿਆ ਜੂਨੀਂ, ਕੀਤੇ ਕਰਮ ਏਹ ਜਾ ਛੁਡਾਉਣ ਕਿਨੂੰ
ਜੇ ਮੁਕਤ ਹੋਗਿਆ ਕਰਤਾਰ ਸਿੰਘਾ, ਬਰਸ ਪਿਛੋਂ ਮੁੜ ਲੋਕ ਬੁਲਾਉਣ ਕਿਨੂੰ

ਤਥਾ

ਜ਼ਾਹਰ ਦਿਸਦਾ ਏ ਭਰਮ ਜਾਲ ਸਾਰਾ ਖਾਣ ਵਾਸਤੇ ਚਾਤਰਾਂ ਚਾਲ ਕਢੀ
ਵੇਖੋ ਵੇਖੀ ਦੁਨੀਆਂ ਸਭੇਕਰੀ ਜਾਂਦੀ, ਏਹਨਾਂ ਵਹਿਮਾਂ ਹੀ ਦੇਸ ਦੀ ਜੜ ਵਢੀ
ਹੈ ਅਜੇ ਭੀ ਨਿਕਲਨੇ ਨਹੀਂ ਦੇਂਦੀ, ਪਿਤਾ ਪੁਰਖੀ ਵਾਲੀ ਏਹ ਫਾਹੀ ਵਡੀ
ਆਈ ਜਿਨ੍ਹਾਂ ਨੂੰ ਸੂਝ ਕਰਤਾਰ ਸਿੰਘਾ, ਗੁਰਮਤ ਫੜੀ ਮਨਮਤ ਛਡੀ

ਸਤਿਗੁਰਾਂ ਨੇ ਅਸਲੀ ਗੰਗਾ ਦਾ ਸਰੂਪ ਦਸਨਾ

ਓਹ ਸਭ ਅਸਥਾਨ ਪਵਿਤ੍ਰ ਹੀ ਨੇ, ਭਗਤ ਲੋਕ ਜਿਥੇ ਚਰਨ ਪਾ ਗਏ
ਦੁਨੀਆਂ ਭਰ ਵਿਚੋਂ ਓਹੋ ਥਾਂ ਸੋਹਣੇ ਜਿਥੇ ਬੈਠ ਅਕਾਲ ਧਿਆ ਗਏ
ਸਤ ਪੁਰਖਾਂ ਦੀਆਂ ਤੀਰਥ ਯਾਦਗਾਰਾਂ, ਝੰਡੇ ਧਰਮ ਅਟਲ ਝੁਲਾ ਗਏ
ਲੋਕਾਂ ਵਾਸਤੇ ਸਿਖਯਾ ਛਡ ਗਏ, ਆਪ ਜੋਤ ਮੈਂ ਜੋਤ ਸਮਾ ਗਏ
ਉਚਾ ਗੰਗਾ ਤ੍ਰਿਬੇਨੀ ਗੋਦਾਵਰੀ ਤੋਂ, 'ਸਤਿਸੰਗ' ਪਰਵਾਹ ਚਲਾ ਗਏ
ਸਤਿਸੰਗ ਜਿਥੇ ਓਹੋ ਧਾਰ ਗੰਗਾ, ਧੰਨ ਭਾਗ ਜਿਹੜੇ ਵਿਚ ਨ੍ਹਾ ਗਏ
'ਗੰਗਾ ਜਲ ਗੁਰ ਗੋਬਿੰਦ ਨਾਮ' ਭੈਰੋਂ ਰਾਗ ਵਿਚ ਗੁਰ ਫਰਮਾ ਗਏ
'ਜਨ ਕੇ ਚਰਨ ਤੀਰਥ ਕੋਟ ਗੰਗਾ' ਏਹ ਬਿਲਾਵਲ ਵਿਚ ਸੁਨਾ ਗਏ

†ਸਤਿਸੰਗ ਗੰਗਾ ਵਿਚ ਜੋ ਨਾਤਾ, ਓਹਦੇ ਪਾਪ ਅਪਰਾਧ ਪਲਾ ਗਏ
ਹੋ ਗਏ ਓਹ ਮੁਕਤ ਕਰਤਾਰ ਸਿੰਘਾ, ਵਿਚ ਬੰਦਗੀ ਉਮਰ ਲੰਘਾ ਗਏ

ਇਕ ਹੋਰ ਸਿਖ ਨੇ ਪ੍ਰਾਰਥਨਾ ਕਰਨੀ (ਸਰਾਧ)

ਇਹਨਾਂ ਗਲਾਂ ਤੋਂ ਗੁਰੂ ਜੀ ਹੋਯਾ ਨਿਸਚਾ, ਫਸੇ ਭਰਮਾਂ ਵਿਚ ਇਨਸਾਨ ਐਵੇਂ
ਬਨੇ ਪਿਤ੍ਰਾਂ ਲਈ ਸ੍ਰਾਧ ਜਿਹੜੇ, ਪਏ ਇਹ ਭੀ ਤਾਂ ਲੋਕ ਕਰਾਨ ਐਵੇਂ
ਜਦ ਓਹਨਾਂ ਤਾਂਈਂ ਫਲ ਪਹੁੰਚਦਾ ਨਹੀਂ, ਪੈਸਾ ਦੁਨੀਆਂਦਾਰ ਲੁਟਾਨ ਐਵੇਂ
ਸਾਜ਼ ਬਨੇ ਪਾਖੰਡ ਕਰਤਾਰ ਸਿੰਘਾ, ਚਤਰ ਐਧੂਆਂ ਨੂੰ ਲੁਟ ਖਾਨ ਐਵੇਂ

ਸ੍ਰੀ ਦਸ਼ਮੇਸ਼ ਜੀ

ਕਿਤੇ ਪਿਤਰ ਕਠੇ ਹੋ ਕੇ ਨਹੀਂ ਬੈਠੇ, ਹੈ ਓਹਨਾਂ ਦਾ ਪਿੰਡ ਤੇ ਥਾਏ ਕੇਹੜਾ
ਧਕੇ ਕਰਮਾਂ ਨੁਸਾਰ ਓਹ ਕਿਧਰੇ, ਆਣ ਓਹਨਾਂ ਦਾ ਪਤਾ ਬਤਾਏ ਕੇਹੜਾ
ਪਤਾ ਨਹੀਂ ਕੇਹੜੀ ਜੂਨਾਂ ਵਿਚ ਫਿਰਦੇ, ਏਸ ਗਲ ਦਾ ਭੇਦ ਜਤਾਏ ਕੇਹੜਾ
ਕੌਣ ਵਾਕਫ ਉਨ੍ਹਾਂ ਦੇ ਰੂਪ ਦਾ ਏ, ਏਥੋਂ ਘੜ ਕੇ ਚੀਜਾਂ ਪੁਚਾਏ ਕੇਹੜਾ
ਆਪੋ ਆਪਣੀ ਜੂਨ ਦੇ ਖਾਣ ਖਾਣੇ, ਲੋਚੀ ਪੂਰੀ ਤੇ ਖੀਰ ਏਹ ਖਾਏ ਕੇਹੜਾ
ਨਾਲੇ ਜੀਉਂਦਾ ਹੀ ਦੇਸ ਮਰ ਗਿਆਂ ਦੇ ਸਾਥੋਂ ਲੈ ਚੀਜ਼ਾਂ ਦੇਨ ਜਾਏ ਕੇਹੜਾ
ਜਦ ਪਤੇ ਤੋਂ ਬਿਨਾਂ ਨ ਖਤ ਪਹੁੰਚੇ, ਓਹਨਾਂ ਪਾਸ ਪੁਚਾ ਦਿਖਾਏ ਕੇਹੜਾ
ਏਹ ਭਰਮ ਦੇ ਜਾਰ ਕਰਤਾਰ ਸਿੰਘਾ, ਬਿਨਾਂ ਸਤਿਗੁਰੂ ਹੋਰ ਤੁੜਾਏ ਕੇਹੜਾ

ਤਥਾ

ਭਲਾ ਪਿਤਰਾਂ ਨੂੰ ਕਿਥੇ ਪਹੁੰਚਨਾ ਏਂ, ਮੁਫਤ ਖੋਰੇ ਤਾਂ ਝਟ ਲੰਘਾਵਦੇ ਨੇ
ਏਹ ਬਹਾਨਿਆਂ ਦੇ ਜਾਲ ਪਾ ਛਡੇ, ਲੁਟ ਲੁਟ ਲੋਕਾਂ ਤਾਂਈ ਖਾਂਵਦੇ ਨੇ
ਕੁਝ ਆਪ ਖਾਂਦ ਕੁਝ ਅਗ ਪਾਂਦੇ, ਕਾਂਵਾਂ ਕੁਤਿਆਂ ਤਾਂਈ ਖੁਲਾਂਵਦੇ ਨੇ
ਮਰ ਗਿਆਂ ਬਜ਼ੁਰਗਾਂ ਨੂੰ ਹਾਏ ਪਾਪੀ, ਐਵੇਂ ਕਾਂ ਤੇ ਕੁਤੇ ਬਨਾਵਦੇ ਨੇ
ਫੇਰ ਧਿਆਨ ਕਰੋ ਏਹਨਾਂ ਲੋਕਾਂ ਵਲੇ, ਜਿਹੜੇ ਖੂਬ ਸ਼ਰਾਧ ਕਰਾਵਦੇ ਨੇ

---

†ਭਾਈ ਨੰਦ ਲਾਲ ਜੀ ਨੇ ਇਉਂ ਕੀਤਾ ਹੈ:-
ਪਹਿਰੇ ਗੰਗ ਅਜ ਗੁਬਾਰੇ ਪਾਕਸ਼ਾ । ਸ਼ਸਤੈਹਸਤ ਅਜ ਨ ਮੇ ਹਵਾਸ਼ਾ ਸ਼ਾ ॥

*ਜੀਉਂਦੇ ਮਾਪਿਆਂ ਨੂੰ ਚੁਲੀ ਪਾਣੀ ਨ, ਪਿਛੋਂ ਗੜਵੇ ਭਰ ਰੁੜ੍ਹਾਂਵਦੇ ਨੇ
ਦੇਂਦੇ ਸੁਕੀਆਂ ਰੋਟੀਆਂ ਜੀਉਂਦਿਆਂ ਨੂੰ, ਸੌ ਸੌ ਧਕੇ ਨਾਲੇ ਲਾਂਵਦੇ ਨੇ
ਪਿਛੋਂ ਆਪਣੇ ਨਾਮ ਨਜੂਮ ਲਈ, ਖੀਰਾਂ ਪੂੜੀਆਂ ਪਏ ਲੁਟਾਂਵਦੇ ਨੇ
ਜੀਉਂਦੇ ਕਪੜੇ ਖੁਣੋਂ ਸਿਆਲ ਮਰਦੇ, ਪਿਛੋਂ ਸੀਉਂਕੇ ਸੁਚੇ ਪੁਚਾਂਵਦੇ ਨੇ
ਭੁਉਂਦੀ ਬੈਠਿਆਂ ਠੂਠੇਵਿਚ ਦੇਣ ਪਾਣੀ, ਪਿਛੋਂ ਥਾਲ ਗਿਲਾਸ ਮਨਸਾਂਵਦੇ ਨੇ
ਮਾਪੇ ਜਿਨ੍ਹਾਂ ਦੇ ਭੁਖ ਦੇ ਮਰੇ ਧੋਖੇ, ਪੁਤ ਸੁਚੇ ਸਰਾਧ ਪਣਵਾਂਵਦੇ ਨੇ
ਓਹਨਾਂ ਕੀ ਖਾਣਾ ਕੀ ਵੇਖਣਾ ਏਂ, ਲੋਕ ਲਾਜ ਨੂੰ ਪਏ ਨਿਬਾਂਹਵਦੇ ਨੇ
ਮਰ ਗਏ ਮਾਪੇ ਬਦਦੁਆਈ ਦੇਂਦੇ, ਓਹ ਭਾਰ ਹੁਣ ਸਿਰਾਂ ਤੋਂ ਲਾਂਹਵਦੇ ਨੇ
ਏਹ ਚਟੀਆਂ ਭਰਨ ਦਿਖਾਵੇ ਦੀਆਂ, ਏਸ ਦਾਨ ਦਾ ਫਲ ਕੀ ਪਾਂਵਦੇ ਨੇ
ਉਚੇ ਵਿਚ ਬਰਾਦਰੀ ਹੋ ਰਹੀਏ, ਥੋੜਾ ਕਰਦੇ ਬਹੁਤਾ ਜਤਾਂਵਦੇ ਨੇ
ਦਿਲੋਂ ਕਰ ਗੁਮਾਨ ਕਰਤਾਰ ਸਿੰਘਾ, ਲੋਕ ਮੂਰਖ ਫਲ ਗਵਾਂਵਦੇ ਨੇ

### ਅਸਲ ਸ਼ਰਾਧ

ਹਥੋਂ ਦੇਵਣਾ ਸਦਾ ਹੈ ਬਹੁਤ ਚੰਗਾ, ਜਿਨਾਂ ਪੁਜੇ ਸੋ ਦੇਨਾ ਦਿਵਾਨਾ ਚਾਹੀਏ
ਰੋਟੀ ਭੁਖਿਆਂ ਕਪੜਾ ਨੰਗਿਆਂ ਨੂੰ, ਦੁਖ ਦੁਖੀਆਂ ਵੇਖ ਵੰਡਾਣਾ ਚਾਹੀਏ
ਜੀਵ ਰਬ ਦੇ ਆਪਣਾ ਰੂਪ ਸਮਝੋ, ਸਭ ਨਾਲ ਪਿਆਰ ਰਖਾਣਾ ਚਾਹੀਏ
ਦਾਤ ਰਬ ਦਿਤੀ ਵਿਚੋਂ ਦਾਨ ਕਰਕੇ, ਕੁਝ ਮਾਨ ਨ ਚਿਤ ਵਧਾਣਾ ਚਾਹੀਏ
ਮਾਨਕੀਤਿਆਂ ਫਲਸਭ ਨਸ਼ਟ ਹੁੰਦਾ, ਸ਼ੁਭ ਕ੍ਰਮ ਕਰ ਨਹੀਂ ਜਤਾਨਾ ਚਾਹੀਏ
ਠੇਕਾ ਲਿਆ ਸ਼੍ਰਾਧਾਂ ਦੇ ਦਿਨਾਂ ਦਾ ਏ, ਜਦੋਂ ਬਣੇ ਸੋ ਤਦੋਂ ਖੁਲਾਨਾ ਚਾਹੀਏ
ਨਾਮ, ਦਾਨ, ਅਸ਼ਨਾਨ ਤੇ ਦੈਯਾ ਖਿਮਾ, ਇਨ੍ਹਾਂ ਤਈਂ ਨ ਕਦੇ ਭੁਲਾਨਾ ਚਾਹੀਏ
ਸਚੇ ਏਹ ਸ਼ਰਾਧ ਕਰਤਾਰ ਸਿੰਘਾ, ਤੋਸ਼ਾ ਆਪਣੇ ਲਈ ਬਨਾਨਾ ਚਾਹੀਏ

---

*ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ (ਗਉੜੀ ਕਬੀਰ ਜੀ)

ਪੁਨਾ—ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲ ਸਦਿਹੁ ਕਾਵ ॥
ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥
(ਵਾਰ ਮਾਝ ਮ: ੧)

ਸੋਨੇ ਦਾ ਬੰਗਲਾ ਤਯਾਰ ਕਰਨ ਵਾਸਤੇ ਸੋਨਾ ਆਉਣਾ

ਇਕਦਿਨ ਦਰਬਾਰ ਦੇ ਵਿਚਬੈਠੇ,ਕਹਿਆ ਪ੍ਰੇਮੀਆਂ ਨੇ ਸਾਨੂੰ ਚਾਓ ਗੁਰ ਜੀ
ਸ਼ਾਹਜਹਾਂ ਦਾ ਤਖਤ ਤਾਊਸ ਜਿਵੇਂ, ਓਸੇ ਤਰ੍ਹਾਂ ਦਾ ਤੁਸੀਂ ਬਨਾਓ ਗੁਰਜੀ
ਕੇਹੜੀ ਗਲ ਦਾ ਗੁਰਾਂ ਦੇ ਘਰ ਘਾਟਾ, ਹੁਕਮ ਸੰਗਤਾਂ ਵਲ ਲਖਾਓ ਗੁਰਜੀ
ਕਠਾ ਸੋਨਾ ਹੋ ਜਾਏ ਕਰਤਾਰਸਿੰਘਾ,ਦਿਨਾਂ ਵਿਚ ਜਿਨਾ ਤੁਸੀਂ ਚਾਹੋ ਗੁਰਜੀ

ਤਥਾ

ਏਹ ਸਿਖਾਂ ਦੀ ਦੇਖ ਦਲੀਲ ਉਚੀ, ਵਲ ਸੰਗਤਾਂ ਹੁਕਮ ਲਿਖਵਾਏ ਬਹੁਤੇ
ਸਬਰ ਹੁੰਦਿਆਂ ਦੇਸ ਪਰਦੇਸ ਵਿਚੋਂ, ਲੈ, ਲੈ ਸੋਨਾ ਪਰੇਮੀ ਆਏ ਬਹੁਤੇ
ਜਿੰਨਾ ਪੁਜੇ ਲੈ ਸੰਗਤਾਂ ਹੋਣ ਹਾਜ਼ਰ, ਨਾਲੇ ਖੁਸ਼ੀ ਪਰੇਮ ਜਤਾਏ ਬਹੁਤੇ
ਸੋਨਾ ਕਠਾ ਹੋ ਗਿਆ ਕਰਤਾਰ ਸਿੰਘਾ, ਗੁਰੂ ਸਤਿਗੁਰੂ ਹਰਖਾਏ ਬਹੁਤੇ

ਜਗਤਜੂਠ (ਤਮਾਕੂ) ਦੀ ਨਖੇਧੀ

ਇਕ ਦਿਨ ਸਤਿਗੁਰ ਸ਼ਕਾਰ ਗਏ, †ਦਲ ਸ਼ੰਗਾਰ ਤੇ ਹੋ ਅਸਵਾਰ ਭਾਈ
ਇਕ ਖੇਤ ਵਿਚ ਦੀ ਲਗੇ ਲੰਘਣ ਜਾਂ, ਘੋੜਾ ਅੜ ਖੜਾ ਹੁਸ਼ਿਆਰ ਭਾਈ
ਘੋੜਾ ਖੇਤ ਵਲੇ ਮੂੰਹ ਕਰੇ ਨਾਹੀਂ, ਸਤਿਗੁਰ ਰਹੇ ਚਾਬਕਾਂ ਮਾਰ ਭਾਈ
ਕਹਿਆ ਸੇਵਕਾਂ ਨੂੰ ਵੇਖੋ ਕੀ ਏਥੇ, ਕਿਉਂ ਅੜੀ ਕਰੇ ਦਲ ਸ਼ੰਗਾਰ ਭਾਈ
ਸਿੰਘ ਆਖਦਾ ਦੇਸ ਤੋਂ ਅਗਲਾ ਜੀ ਹੈ, ਤਮਾਕੂ ਦਾ ਖੇਤ ਵਿਚਾਰ ਭਾਈ
ਮੋੜ ਲਿਆ ਪਿਛਾ ਕਰਤਾਰ ਸਿੰਘਾ, ਸਤਿਗੁਰਾਂ ਨੇ ਕਿਹਾ ਉਚਾਰ ਭਾਈ

ਤਥਾ

ਏਹ ਖਾਲਸਾ ਜੀ ਡਾਢੀ ਭ੍ਰਿਸ਼ਟ ਵਸਤੂ, ਵੇਖੋ ਘੋੜਾ ਭੀ ਏਸਤੋਂ ਪਿਛਾਂ ਜਾਂਦਾ
ਦਲ ਸ਼ੰਗਾਰ ਨੂੰ ਚਾਬਕਾਂ ਮਾਰ ਰਹੇ, ਪਿਛੇ ਹਟਦਾ ਅਗਾਂ ਨ ਪੈਰ ਆਂਦਾ
ਜਗਤ ਝੂਠ ਏਹ ਬੇਅ ਦਾ ਘਰ ਹੈ ਜੀ, ਕੋਈ ਪਸ਼ੂ ਨਹੀਂ ਏਸਨੂੰ ਮੂੰਹ ਲਾਂਦਾ
ਕੁਤਾ ਏਸ ਤੇ ਨਹੀਂ ਪਸ਼ਾਬ ਕਰਦਾ, ਭੈੜੀ ਬੋ ਇਸਦੀ ਸਭ ਕੋਈ ਆਂਦਾ
ਭਾਰਤਵਰਸ਼ ਨੂੰ ਏਸਨੇ ਗਾਲਿਆਏ,ਉਚੇ ਦਰਵਾਜਿਓਂ ਨੀਵੇਂ ਥਾਂ ਜਾਏ ਲਾਂਦਾ
ਫਾਇਦਾ ਕੁਝ ਨ ਇਹਦਾ ਕਰਤਾਰਸਿੰਘਾ,ਪੀਨ ਵਾਲੇ ਦੇ ਹਡਾਂ ਨੂੰ ਹੈ ਖਾਂਦਾ

---

†ਏਹ ਘੋੜਾ ਚੌਧਰੀ ਕਪੂਰੇ, ਕੋਟ ਕਪੂਰੇ ਵਾਲੇ ਨੇ ਭੇਜਿਆ ਸੀ।

ਤਥਾ



ਜਿਸ ਦਿਨ ਤੋਂ ਏਸ ਦੀ ਪਈ ਵਰਤੋਂ, ਭਾਰਤ ਵਰਸ਼ ਦੇ ਲੋਕ ਮੁਰਦਾਰ ਹੋਏ
ਬਲ, ਬੀਰਤਾ ਵਿਦਯਾ ਨਸ਼ਟ ਹੋਈ, ਰੂਪ ਬੁਧ ਪ੍ਰਤਾਪ ਉਜਾੜ ਹੋਏ
ਗੰਦਾ ਧੂੰ ਪੀਂਦੇ ਸੜ ਗਏ ਹਿਰਦੇ, ਕਮਜ਼ੋਰ ਬੀਰਜ ਲਓ ਵਿਚਾਰ ਹੋਏ
ਖਹੂੰ ਖਹੂੰ ਕਰਦੇ ਮਾਰੇ ਬਲਗਮਾਂ ਦੇ, ਸਾਰੇ ਰੂਪ ਕਰੂਪ ਨਰਨਾਰ ਹੋਏ
ਹਥਾਂ, ਮੂੰਹਾਂ ਵਿਚੋਂ ਭੈੜੀ ਬੋ ਆਵੇ, ਪਾਸ ਬੈਠਿਆਂ ਚਿਤ ਬੇਜ਼ਾਰ ਹੋਏ
ਇਕ ਦੂਸਰੇ ਦੇ ਥੁਕ ਪਏ ਚਟਨ, ਲਾਗੋ ਲਾਗ ਬੀਮਾਰ ਅਪਾਰ ਹੋਏ
ਉਦਮ ਰਿਹਾ ਨ ਕਿਸੇ ਦੇ ਵਿਚ ਮੂਲੋਂ, ਲੋਕ ਸੁਸਤ ਨਿਕੰਮੇ ਬੀਮਾਰ ਹੋਏ
ਮੰਦੇ ਹਾਲ ਮਰਦੇ ਕਰਤਾਰ ਸਿੰਘਾ, ਉਲਟੇ ਤਨ ਰੋਗੀ ਬੇ ਸ਼ੁਮਾਰ ਹੋਏ

ਤਥਾ

ਅਸਾਂ ਪੰਥ ਰਚਿਆ ਮਹਾਂ ਬਲੀ ਭਾਰਾ, ਏਸੇ ਲਈ ਏਹ ਹੁਕਮ ਸੁਨਾਯਾ ਏ
ਏਹਦਾ ਵਰਤਨਾ ਤੇ ਕਿਤੇ ਦਰ ਰਿਹਾ, ਹਥ ਲਾਏ ਤਨਖਾਹੀਆ ਠੈਹਰਾਯਾ ਏ
ਏਹਦੇ ਨਾਲ ਹੀ ਭੰਗ ਅਫੀਮ ਆਦਿਕ, ਤੇ ਸ਼ਰਾਬ ਪੀਣਾ ਹਟਾਯਾ ਏ
ਅਮਨ ਅੰਨ ਦਾ ਇਕ ਕਰਤਾਰ ਸਿੰਘਾ, ਸਿੰਘਾਂ ਵਾਸਤੇ ਅਸਾਂ ਫਰਮਾਯਾ ਏ

ਕਈਆਂ ਸਿੰਘਾਂ ਨੇ ਇਹ ਸੁਣਕੇ ਫੇਰ ਬੇਨਤੀ ਕਰਨੀ

ਐਸੀਭ੍ਰਿਸ਼ਟਵਸਤੂਧੂਮਨਸ਼ਟਕੁਨੀ; ਏਹਦਾਬੀਜ ਸੰਸਾਰਤੋਂ ਗਵਾਯਾ ਕਿਉਂ ਨ
ਬੜੇ ਬੜੇ ਰਿਖੀ ਮੁਨੀ ਹੋਏ ਪਿਛੇ, ਓਹਨਾਂ ਪੀਨ ਤੋਂ ਦੇਸ ਹਟਾਯਾ ਕਿਉਂ ਨ
ਕਿਸੇ ਸ਼ਾਸਤ੍ਰ ਬੇਦ ਪੁਰਾਣ ਅੰਦਰ, ਇਹਦੀ ਬਾਬਤ ਕੁਝ ਲਿਖਾਯਾ ਕਿਉਂ ਨ
ਧਰਮ ਆਗੂਆਂ ਨੇ ਕ੍ਰਤਾਰ ਸਿੰਘਾ, ਏਹਦਾ ਵਰਤਨਾਬੰਦ ਕਰਾਯਾ ਕਿਉਂ ਨ

ਸ੍ਰੀ ਦਸਮੇਸ਼ ਜੀ ਨੇ ਤਮਾਕੂ ਦੀ ਨਖੇਧੀ ਦੀ ਬਾਬਤ ਵਯਾਸ ਜੀ ਦਾ ਲਿਖਿਆ ਹੋਇਆ ਸਕੰਧ ਪੁਰਾਣ ਵਿਚੋਂ ਮਥਰਾਖੰਡ ਦੇ ਬਵਿੰਜਵੇਂ ਧਯਾਇ ਦੇ ਕੁਝਕੁ ਸਲੋਕਾਂ ਦਾ ਵਰਣਨ ਕਰਨਾ

ਸੁਣੋ ਖਾਲਸਾ ਜੀ ਏਹ ਭ੍ਰਿਸ਼ਟ ਵਸਤੂ, ਆਗੂ ਏਸ ਨੂੰ ਬੰਦ ਕਰਾ ਗਏ
ਵੇਖੋ ਵਯਾਸ ਜੀ ਵਡੀ ਵਿਚਾਰ ਵਾਲੇ, ਏਹਦੇ ਵਾਸਤੇ ਬੁਰਾ ਲਿਖਾ ਗਏ
ਮਥੁਰਾ ਖੰਡ ਸਕੰਧ ਪੁਰਾਣ ਅੰਦਰ, ਵਿਚ ਬਵਿੰਜਵੇਂ ਧਿਆ ਸੁਨਾ ਗਏ
ਪੀਂਦੇ ਏਸ ਨੂੰ ਜੋ ਕਰਤਾਰ ਸਿੰਘਾ, ਓਹ ਜਨਮ ਅਮੋਲ ਗਵਾ ਗਏ

ਮੂਲ ਸਲੋਕ ਧੂਮ੍ਰ ਪ੍ਰਾਨ ਰਪੇ ਬਿਪਰੇ ਦਾਨੰ ਕੁਰਯਸਤੂ ਯੇ ਨਰ:
ਦਾਤਾਰੋ ਨਰਕੰ ਯਾਂਤੀ ਬ੍ਰਹਮਣੋ ਗ੍ਰਾਮ ਸੂਕਰ:

ਟੀਕਾ

ਬ੍ਰਹਮਾ ਨਾਰਦ ਤਾਈਂ ਸੁਨਾਂਵਦਾ ਏ, ਸੁਣ ਨਾਰਦ ਬਾਤ ਜ਼ਰੂਰ ਹੋਵੇ
ਬ੍ਰਹਮਣ ਹੋ ਤਮਾਕੂ ਨੂੰ ਵਰਤਦਾ ਜੋ, ਜਪ ਤਪ ਓਸਦਾ ਦੂਰ ਹੋਵੇ
ਦਾਤਾ ਦਾਨ ਦੇਂਦਾ ਜਿਹੜਾ ਓਸ ਤਾਈਂ, ਨਰਕਾਂ ਵਿਚ ਪਾ ਦੁਖ ਰੰਜੂਰ ਹੋਵੇ
ਓਹ ਬ੍ਰਾਹਮਣ ਭ੍ਰਿਸ਼ਟ ਕਰਤਾਰ ਸਿੰਘਾ, ਅੰਤ ਮਰਕੇ ਗ੍ਰਾਮ ਦਾ ਸੂਰ ਹੋਵੇ
ਮੂਲ ਸ਼ਲੋਕ–ਸੂਦ੍ਰਾਨੇਨ ਭੁਕਤੇਨ ਬ੍ਰਹਮਣ ਮ੍ਰਿਯਤੋਯਦਿ ॥
ਤੇ ਨੌ ਵਹਯਦਰਸਥੇ ਨਸੌ ਪ੍ਰਤੰਯਤੇ ਨਾਰਾ ॥

ਟੀਕਾ

ਸੂਦਰ ਘਰੋਂ ਜੋ ਬ੍ਰਾਹਮਣ ਕਰੇ ਭੋਜਨ, ਯਾ ਲੈ ਕੇ ਓਸ ਦਾ ਅੰਨ ਖਾਏ
ਓਹ ਭੋਜਨ ਪੇਟ ਦੇ ਵਿਚ ਹੋਵੇ, ਸੋ ਕਦਾਚਿਤ ਬ੍ਰਹਮਣ ਮਰ ਜਾਏ
ਓਹ ਬ੍ਰਹਮਣ ਨਰਕ ਦਾ ਹੋਏ ਭਾਗੀ, ਅਤੀ ਨੀਚ ਪ੍ਰੇਤ ਦੀ ਜੂਨ ਪਾਏ
ਧੰਨ ਗੁਰੂ ਨਾਨਕ ਕਰਤਾਰ ਸਿੰਘਾ, ਜਿਸ ਸੂਦਰ ਭੀ ਚੁਕ ਕੇ ਗਲ ਲਾਏ
ਮੂਲ ਸ਼ਲੋਕ–ਧੂਮ੍ਰ ਪਾਨੇ ਨਾਭੇ ਪ੍ਰੇਤ : ਪ੍ਰੇਤ ਤ੍ਰੰਚੈਵ ਜਾਯਤੇ ॥
ਕਲੌਤ੍ਰ ਕਲਿਰੂਪੰ ਹਿਤ ਮਾਲ ਮੇਵ ਜਾਯਤੇ ॥
ਧੂਮ੍ਰ ਪਾਣੱਸਯ ਮਾਤ੍ਰੇਣ ਸਰਬਾ ਦਾਨਾਦਿਕ : ॥
ਕ੍ਰਿਯਾਬ੍ਰਿਥੇ ਵਜਾਯਤੇ ਪ੍ਰੇਤ:ਯਥਾ ਕੁੰਜਰ ਸੌਂਚਵਤ।

ਟੀਕਾ

ਧੂਮ੍ਰਪਾਣ ਪੁਰਸ਼ ਜੇੜ੍ਹਾ ਕਰੇ ਇਸਦਾ,ਨਿਹਚੇ ਪ੍ਰੇਤਦੀ ਜੂਨ ਓਹ ਪਾਏਗਾ ਜੀ
ਕਲਯੁਗ ਜਦ ਕਲ੍ਹਾ ਦਾ ਮੂਲ ਆਵੇ, ਏਹ ਭਮਾਮ ਕੁਰੀਤ ਫੈਲਾਏਗਾ ਜੀ
ਦਾਨ ਪੁੰਨ ਧਰਮ ਸਭ ਨਸ਼ਟ ਹੋਵਨ, ਜੋ ਤਮਾਕੂ ਵਰਤੇ ਵਰਤੇਗਾ ਜੀ
ਹਾਥੀ ਵਾਂਗ ਅਸ਼ਨਾਨ ਕਰਤਾਰ ਸਿੰਘਾ, ਕਰ ਖੇਹ ਨੂੰ ਜਿਵੇਂ ਉਡਾਏਗਾ ਜੀ

ਮੂਲ ਸਲੋਕ–ਘੋਰੇਕਲਯੁਗੇ ਪ੍ਰਾਪਤੇ ਸਰਬਵਰਣ ਆਸ਼ਰਮ: ਨਰ:॥
ਨਰਕੇਖੁ ਪਤਖਯੰਤਿ ਤਮਾਲਸਯ ਪਾਨਤਾ: ॥
ਉਪਾਸਤੇ ਤਮਾਲੰ ਵੈ ਕਲੌਤੂ ਪੁਰਖਾਧਮ: ॥
ਖਯੀਨ ਪੁੰਨਯਾ ਪਰਖਯੰਤਿ ਮਹਾਂ ਰੌਰਵ ਸੰਗਕੇ ॥

ਟੀਕਾ

ਸੁਣੋ ਨਾਰਦ ਆਵੇਗਾ ਘੋਰ ਕਲਯੁਗ, ਜਿੰਨੇ ਵਰਨ ਆਸ਼ਮ ਅਖ੍ਵਾਨਗੇ ਜੀ
ਕੇਵਲ ਏਸ ਤਮਾਕੂ ਦੇ ਵਰਤਨੇ ਸੇ, ਪੁਰਸ਼ ਵਿਚ ਨਰਕਾਂ ਸਭੇ ਜਾਨਗੇ ਜੀ
ਨਿਤਪ੍ਰਤਿ ਜੋ ਇਸਨੂੰ ਸਿਓਨਗੇ ਸੋ, ਕਲਯੁਗੀ ਪਾਪੀ ਸਦਵਾਨਗੇ ਜੀ
ਪੁੰਨ ਹੋਣਗੇ ਨਸ਼ਟ ਕਰਤਾਰ ਸਿੰਘਾ, ਵਾਸਾ ਵਿਚ ਨਰਕਾਂ ਅੰਤ ਪਾਨਗੇ ਜੀ

ਮੂਲ ਸ਼ਲੋਕ–ਅਭਖ ਭਖਣਾਤ ਪਾਪਮ ਗਮਯਾਗਿ ਮਣੇ ਚਯਤ ॥
ਮਦਯ ਪਾਣਾਤ ਚਯ ਤ ਪਾਪੰ ਧੂਮ੍ਰਪਾਣ ਸਮਾਤ੍ਰਤ: ॥

ਟੀਕਾ

ਅਭਖ ਵਸਤ ਦੇ ਖਾਣ ਦਾਪਾਪਜਿੰਨਾ, ਜਿੰਨਾ ਹੋਣ ਸ਼ਰਾਬ ਵਿਚ ਲੀਨ ਦਾ ਏ
ਕੰਮ ਮਹਾਂ ਅਯੋਧ ਦਾ ਪਾਪ ਜਿੰਨਾਂ, ਅਤੇ ਜਿਤਨਾ ਧਰਮ ਤੋਂ ਹੀਨ ਦਾ ਏ
ਉਪਰ ਲਿਖੀਆਂ ਗਲਾਂ ਦਾ ਪਾਪ ਜਿੰਨਾਂ, ਏਨਾਂ ਤਾਪ ਤਮਾਕੂ ਦੇ ਪੀਨ ਦਾ ਏ
ਪੀਂਦੇ ਫੇਰ ਕਿਉਂ ਲੋਕ ਕਰਤਾਰ ਸਿੰਘਾ, ਕੀ ਹਜ ਧਰਮ ਬਿਨਾਂ ਜੀਨ ਦਾ ਏ

ਮੂਲ ਸ਼ਲੋਕ–ਸਨਾਤਾਏ ਸਰਬ ਤੀਰਥੇਖੁ, ਪ੍ਰਯਾਗਾਦੁਯ ਕੋਟਿਸ: ॥
ਬ੍ਰਿਥੇਦ ਤਾਨਿ ਸਰਬਾਣਿ ਤਮਾਲ ਪਾਨ ਪਾਤ੍ਰਤ: ॥
ਬਹੁਮਾਪਿ ਸਮਾ ਖਯਾਤੰ ਨਾਰਦ ਯ ਮਹਾਤਮਨੇ ॥
ਨਾਰਦਾ ਤ੍ਰਿਨ ਸੰਦੇਹ ਮਤਯੰਸਤਯ ਯੋ ਦੰਤ ॥

ਟੀਕਾ

ਗੰਗਾ ਗਯਾ ਪ੍ਰਾਗ ਸੁਰਸਤੀ ਜੋ, ਅਠ ਸਠ ਤੀਰਥ ਚਿਤ ਧਾਰ ਸਾਰੇ
ਇਕ ਵਾਰ ਨਾਹੀਂ, ਫਿਰੇ ਕੋਟ ਵਾਰੀ ਕੀਤੇ ਹੋਣ ਸ਼ਨਾਨ ਚਿਤਾਰ ਸਾਰੇ
ਕਹੇ ਬ੍ਰਹਮਾ ਸੁਣੋ ਤੁਸੀਂ ਰਿਖੀ ਨਾਰਦ, ਸਤ ਸਮਝਨੇ ਬਚਨ ਵਿਚਾਰ ਸਾਰੇ
ਜੋ ਪੀਏ ਤਮਾਲ ਕਰਤਾਰ ਸਿੰਘਾ, ਨਸ਼ਟ ਜਾਨ ਉਹਦੇ ਇਕੋ ਵਾਰ ਸਾਰੇ

ਮੂਲ ਸ਼ਲੋਕ–ਪ੍ਰਤਯੇਨ ਤਮਾਲ ਵੈ ਨਰੋ ਨ ਭੁਵ ਨਾਰਦ:।
ਤਤ ਸਤੋ ਨ ਕ੍ਰਿਤ ਚੇਹ ਸੁ ਜਨਮ ਮਲੇਛ ਸੰਭਵੇ।

ਟੀਕਾ

ਜਿਹੜਾਨਿਤ ਤਮਾਕੂ ਦੀਪ੍ਰੀਤ ਕਰਦਾ;ਸਾਰਾ ਦਿਨ ਨਾਹੀਂ ਹਥੋਂ ਛਾਲਦਾ ਏ
ਬਿਨਾਂ ਭਰਮ ਸੰਸਾਰ ਤੇ ਗ੍ਰਹਿਨ ਕਰੇ, ਕਿਸੇ ਵੇਲੇ ਨ ਚਿਤ ਨੂੰ ਟਾਲਦਾ ਏ
ਕਹੇ ਬ੍ਰਹਮਾਂ ਤੁਸੀਂ ਸੁਣੋ ਰਿਖੀ ਨਾਰਦ, ਭਰਮ ਨਹੀਂ ਕੁਝ ਰਤੀ ਰਵਾਲਦਾ ਏ
ਨਹੀਂ ਏਹ ਭਲੇ ਦਾ ਕੰਮ ਕਰਤਾਰ ਸਿੰਘਾ,ਕੰਮ ਸਮਝਨਾ ਅਸਲ ਗੰਵਾਰਦਾ ਏ

ਮੂਲ ਸ਼ਲੋਕ–ਬ੍ਰਤਾਨਿ ਨਿਯਮ ਸਚੈਵ ਯਮਾਸਚੈਵ ਮਹਾਂਮਤੇ।
ਬ੍ਰਿਥੈਵ ਤਾਨਿ ਸਰਬਾਨਿ ਧੂਮ ਪਾਨਸਯ ਮਾਤ੍ਰਤ:।
ਕਿੰਯੋਗੇਨ ਗਿਯਾਨੇਨ ਵੇਦਨ ਪਿਤ੍ਰ ਦੇਵਤੈ।
ਕਿੰ ਵਿਵੇਚੇਨ ਮੋਨੇਨ ਤਮਾਲੰ ਚਿੰਤਿ ਪਵੇਨ ਨਰ:।

ਟੀਕਾ

ਜਪ, ਤਪ, ਸੰਜਮ ਆਦਿ ਬ੍ਰਤ ਸਾਧੇ, ਯੋਗ ਯਗ ਸਮੇਤ ਗਿਆਨ ਸਭੇ
ਪਿਤਰ ਪੂਜਾ ਤੇ ਮੋਨ ਵਿਵੇਕ ਆਦਿਕ, ਸ਼ੁਭ ਸਾਧਨ ਹੋਰ ਸਿਆਨ ਸਭੇ
ਇਹ ਇਕ ਤਮਾਲ ਦੇ ਪੀਨ ਬਦਲੇ ਓਸ ਪੁਰਸ਼ ਦੇ ਨਸ਼ਟ ਹੋ ਜਾਨ ਸਭੇ
ਗੰਦਾ ਪੀਕੇ ਧੂੰਆਂ ਕਰਤਾਰ ਸਿੰਘਾ, ਕੀਤੇ ਕਤਰੇ ਕਰਮ ਗਵਾਨ ਸਭੇ

ਮੂਲ ਸ਼ਲੋਕ–ਸਨਯਾਸੇਨਕ ਕਿੰਤਸਯਾ ਗ੍ਰਹਸਥੇ ਨਾਪਿ ਕਿੰ ਪੁਨਾ:।
ਪੀਤੇ ਯੇਨ ਤਮਾਲੰ ਵੈਸ੍ਰਪਚਾ ਦਧ ਮੋਹਿਸਾ:।
ਬ੍ਰਹਮਚਰਯੇਣ ਕਿਤਸਯ ਗ੍ਰਹਸਥੇ ਨਾਪਿ ਕਿੰ ਪੁਨਾ:।
ਵਾਨ ਪ੍ਰਸਥੇ ਨਾ ਕਿੰਤਸ ਸੰਨਯਾਸੇ ਨਾਪਿ ਕਿੰ ਪੁਨਾ।

ਟੀਕਾ

ਬ੍ਰਹਮ ਚਰਯਤੇ ਗ੍ਰਿਹਸਤ ਸਨਯਾਸ ਆਦੀ, ਸ਼ੁਭ ਸਾਧਨ ਪੁਰਸ਼ਦੇ ਸਭ ਕੀਏ
ਰਤੀ ਮੂਲ ਨ ਹੋਵਨ ਫਲ ਦਾਤਾ, ਚਾਰੇ ਆਸ਼ਰਮ ਧਾਰਨ ਏ ਜੀਏ
ਸਾਰੇ ਗਯਾਨ ਵਿਵੇਕ ਵੈਰਾਗ ਭਗਤੀ, ਤਪ ਸਾਧ ਜੋ ਦੇਹੀ ਨੂੰ ਕਸ਼ਟ ਦੀਏ
ਹੋ ਜਾਨ ਸਭ ਨਸ਼ਟ ਕਰਤਾਰ ਸਿੰਘਾ, ਇਕ ਵਾਰ ਤਮਾਲ ਜੋ ਪੁਰਸ਼ ਪੀਏ

ਵਾਕ ਕਵੀ

ਇਤਯਾਦਿ ਸਲੋਕ ਇਉਂ ਬਹੁਤ ਸਾਰੇ, ਲਿਖੇ ਵਿਚ ਸਕੰਧ ਪੁਰਾਨ ਭਈ
ਨਾਰਦ ਤਈਂ ਸੁਨਾਏ ਬ੍ਰਹਮਾ ਜੀ ਨੇ, ਲਿਖੇ ਵਯਾਸ ਜੀ ਨੇ ਸਮਝਾਨ ਲਈ
ਤ੍ਰਿੰਨ ਜਗ ਨ ਵਰਤਿਆ ਕਿਸੇ ਏਹਨੂੰ, ਕਲਯੁਗ ਵਿਚ ਪਾਪ ਵਧਾਨ ਲਈ
ਵਰਤ ਗਿਆ ਸਾਰੇ ਕਰਤਾਰ ਸਿੰਘਾ, ਘੋਰ ਨਰਕ ਲੋਕਾਂ ਤਈਂ ਪਾਨ ਲਈ

ਵਾਹ ਵਾਹ ਇਕ ਮਹਾਤਮਾ ਨੇ ਭੀ ਚੰਗਾ ਲਿਖਿਆ ਹੈ।

ਸ੍ਵੈਯਾ—ਪਾਤਕ ਭੰਜਨ ਭਾਵਤ ਨ ਗੁਰ ਨਾਸਕ ਵੇ ਨਰ ਪੁਨ ਪਰਾਕੂ॥
ਸੰਯਮ ਸਾਧਨ ਪੂੰਜ ਪਲਾਵਤ ਫਾਸਤ ਅੰਤ ਸੋ ਬਾਸ ਜਮਾਕੂ॥
ਲੋਕ ਪਰਲੋਕ ਨ ਪਾਵਤ ਠੌਰ ਸੋ ਪਾਤ ਨਿਸ਼ੰਕਨਿਰੇ ਪਦ ਆਕੂ॥
ਸਿੰਘ ਨਰਾਇਨ ਜਾਤ ਰਸਾਵਲ ਪੀਵਤ ਜੋ ਨਰ ਨੀਤ ਤਮਾਕੂ॥

ਵਾਹ ਗਿਰਧਰ ਰਾਏ ਨੇ ਭੀ ਠੀਕ ਲਿਖਿਆ ਹੈ

ਕੁੰਡਲੀਆ—ਹੁਕਾ ਸੇ ਹੁਰਮਤ ਗਈ ਨੇਮ ਧਰਮ ਗਯੋ ਛੂਟ॥
ਦਾਮ ਖਰਚ ਕਰ ਲੇ ਤਮਾਕੂ ਗਈ ਹੀਏ ਕੀ ਫੂਟ॥
ਗਈ ਹੀਏ ਕੀ ਫੂਟ ਆਗ ਕੋ ਘਰ ਘਰ ਟੋਲੇ॥
ਜਿਸ ਘਰ ਆਗ ਕੋ ਜਾਏ ਵਹੀ ਕੁਰਰਾਤਾ ਬੋਲੇ॥
ਕਹਿ ਗਿਰਧਰ ਕਵੀ ਰਾਇ ਲਗੇਗਾ ਯਮ ਕਾ ਮੁਕਾ॥
ਪ੍ਰਾਣ ਜਾਹਿਗੇ ਛੂਟ ਤਭੀ ਛੁਟੇਗਾ ਹੁਕਾ॥

ਇਤਯਾਦ ਦ੍ਰਿਸ਼ਟਾਂਤ ਸੁਨਾ ਕਰਕੇ, ਕਹਿਆ ਸਤਿਗੁਰਾਂ ਸਿਖ ਜੋਬਨਾ ਚਾਹਵੇ
ਪੋਹਲ ਖੰਡੇ ਦੀ ਲੈਕੇ ਰਹਿਤ ਰਖੇ, ਜਗਤ ਝੂਠ ਨ ਕਠੇ ਦੇ ਰਾਹ ਜਾਵੇ
ਏਹ ਗੰਦਾ ਕਮਚੋਰੀ ਦਾ ਘਰ ਭੈੜਾ, ਵਿਚੇ ਵਿਚ ਜਵਾਨਾਂ ਦੇ ਹਡ਼ ਖਾਵੇ
ਵਰਤੇ ਇਸਨੂੰ ਜੋ ਕਰਤਾਰ ਸਿੰਘਾ, ਨਹੀਂ ਗੁਰੂ ਕਰਤਾਰ ਨੂੰ ਓਹ ਭਾਵੇ

ਸਬਦ ਦੀ ਨਿਖੇਧੀ

ਪਾਸੋਂ ਹੋਰ ਇਕ ਸਿਖ ਨੇ ਅਰਜ਼ ਕੀਤੀ ਸਮਝ ਲਿਆ ਤਮਾਕੂ ਖਰਾਬ ਹੈ ਜੀ
ਗੁਰਸਿਖ ਤਾਂ ਅਗੇ ਹੀ ਪੀਂਦੇ ਨ ਸੀ, ਤੁਰਕਾਂ ਹਿੰਦੂਆਂ ਦੇ ਪਿਆਬਬ ਹੈ ਜੀ

ਇਹ ਭੀ ਦਸਨਾ ਖੋਹਲਕੇ ਹਾਲ ਸਾਰਾ, ਪੀਂਦੀ ਦੁਨੀਆਂ ਜੋ ਸ਼ਰਾਬ ਹੈ ਜੀ
ਸਾਰੇ ਵਰਤਿਆ ਹੈ ਕਰਤਾਰ ਸਿੰਘਾ, ਕੀ ਇਸਦਾ ਪਾਪ ਸਵਾਬ ਹੈ ਜੀ

ਸ੍ਰੀ ਦਸਮੇਸ਼ ਜੀ

ਇਹ ਭੀ ਜਗ ਦੇ ਵਿਚ ਹੈ ਚੀਜ਼ ਬੁਰੀ ਬਲ ਬੁਧ ਦੇ ਤਈਂ ਨਸਾਉਨ ਵਾਲੀ
ਅਕਲਮੰਦੋਂ ਬੇਅਰਥਕਹੌਣ ਵਾਲੀ; ਜੀਉਂਦੇ ਮੁਰਦੇ ਕਰ ਦਿਖਾਉਨ ਵਾਲੀ
ਡਰ; ਸ਼ਰਮ, ਹਯਾ ਗਵਾਉਨ ਵਾਲੀ, ਅਤੇ ਕੰਮ ਅਯੋਗ ਕਰਾਉਨ ਵਾਲੀ
ਸਭ ਥਾਂ ਕੁਥਾਂ ਭੁਲਾਉਣ ਵਾਲੀ ਮਾਂ ਭੈਣ ਦੀ ਸ਼ਰਮ ਗਵਾਉਨ ਵਾਲੀ
ਬਿਰਤੀ ਰਾਕਸ਼ਾਂ ਦੀ ਪੈਦਾ ਕਰਨ ਵਾਲੀ ਕਾਮ,ਕ੍ਰੋਧ ਤਈਂ ਵਧਾਉਨ ਵਾਲੀ
ਹੈ ਤਾਮਸੀ ਗੁਣ ਦੀ ਮਾਂ ਸਕੀ, ਕਲ੍ਹਾ ਈਰਖਾ ਤਈਂ ਉਗਾਉਨ ਵਾਲੀ
ਹੈ ਕੁਤਿਆਂ ਵਾਂਗ ਭੁਕਾਉਨ ਵਾਲੀ ਸੁਟ ਵੈਹਣੀਆਂ ਵਿਚ ਰੁਲਾਉਨ ਵਾਲੀ
ਚੰਗੇ ਭਲੇ ਦੀ ਮਾਰਕੇ ਮਤ ਸਾਰੀ, ਪੂਰਾ ਕਰ ਉੱਲੂ ਬਠਲਾਉਨ ਵਾਲੀ
ਜਾਇਦਾਦ ਤੇ ਰੌਹਬ ਗਵਾਉਨਵਾਲੀ,ਨੰਗ ਭੁਖ ਨੂੰ ਸਦ ਲਿਆਉਨ ਵਾਲੀ
ਪੌੜੀ ਨਰਕਦੇ ਵਿਚ ਚੜ੍ਹਾਉਨਵਾਲੀ; ਰੋਗਾਂ ਦਾ ਖਦੇ ਵਿਚ ਫਸਾਉਨ ਵਾਲੀ
ਅਨਝਕ ਹੋ ਪਾਪਕਰਾਉਨ ਵਾਲੀ,ਬਿਨਾਂ ਅਗ ਦੇ ਜਿਗਰ ਜਲਾਉਨ ਵਾਲੀ
ਇਨਸਾਨ ਦੇ ਤਈਂ ਕਰਤਾਰ ਸਿੰਘਾ,ਬਿਨਾਂ ਦੁੰਮ ਤੋਂ ਗਧਾ ਬਨਾਉਨ ਵਾਲੀ

ਤਥਾ

ਇਹ ਰਾਕਸ਼ਾਂ ਦਾ ਖਾਣਾ ਤਮੋਗੁਣੀ, ਇਹਨੂੰ ਭਲੇ ਪੁਰਸ਼ਾਂ ਫਿਟਕਾਰਿਆ ਏ
ਜਿਸ ਪੁਰਸ਼ ਨੇ ਇਸਦਾ ਸੰਗ ਕੀਤਾ, ਉਹਨੂੰ ਮਿਠੀ ਛੁਰੀ ਹੋ ਕੇ ਮਾਰਿਆ ਏ
ਕਿਰਪਾ ਏਸੇ ਦੀ ਹੋਇਆਸੀ ਮਹਾਂਭਾਰਤ, ਏਸੇਰਾਵਨੇ ਤਈਂ ਉਜਾੜਿਆ ਏ
ਏਸੇ ਯਾਦਵਾਂ ਦਾ ਕੀਤਾ ਨਾਸ ਫੜਕੇ, ਬੜੇ ਬੜਿਆਂ ਤਈਂ ਨਿਘਾਰਿਆ ਏ
ਸਤਿਗੁਰਾਂ ਸ਼ਰਾਬ ਦੇ ਪੀਨ ਵਾਲਾ ਕਰ 'ਬਿਖੁਲੀਪਤ' ਉਚਾਰਿਆ ਏ
ਬਿਖਲੀ ਕੰਜਰੀ ਤੇਪਤੀ ਕੰਜਰ ਉਹਦਾ, ਆਸਰਾ ਗਦੇ ਵਿਚ ਵਿਚਾਰਿਆ ਏ
ਸਤਿਗੁਰਾਂ ਵਲੋਂ ਪਦਵੀ ਇਹ ਮਿਲੀ ਪੀਣ ਵਾਲੇਨੂੰ ਬਾਣੀਧਿਤਕਾਰਿਆ ਏ
ਸਿਖ ਪੀਏ ਸ਼ਰਾਬ ਕਰਤਾਰ ਸਿੰਘਾ. ਸਿਖ ਨਹੀਂ ਹੈ ਪਾਪੀ ਨਿਤਾਰਿਆ ਏ

ਛੰਦੋਗ ਉਪਨਿਸ਼ਦ ਵਿਚ ਭੀ ਇਸਦਾ ਨਿਸ਼ੇਧ ਕੀਤਾ ਹੈ।

**ਯਥਾ–ਸਤੇਨੋ ਹਿਰਨਸ੍ਯ ਸੁਰਾਂ ਪਿਵਾਂ ਸਚਗੁਰ ਸਤਲਪਮਾਂ ਵਸ਼ਨ ॥**
**ਬ੍ਰਹਮ ਹਾਚੈ ਤੇ ਪਤੰਤਿ ਚਤੁਵਾਰ, ਪੰਚ ਮਾਂਸ਼ਚਰਾਗੁ ਅੰਸਤਈ ॥**

(ਛੰਦੋਗ ਉਪਨਿਸ਼ਦ ੧)

ਟੀਕਾ

ਸਵਰਨ ਕੀ ਚੋਰੀ ਕਰਨੇ ਵਾਲਾ, ਸ਼ਰਾਬ ਕੋ ਪੀਨੇ ਵਾਲਾ, ਗੁਰੂ ਕੀ ਇਸਤ੍ਰੀ ਸੇ ਭੋਗ ਕਰਨੇ ਵਾਲਾ, ਬ੍ਰਾਹਮਣ ਕੋ ਮਾਰਨ ਵਾਲਾ, ਯਹਿ ਚਾਰੋਂ ਔਰ ਇਨਕੇ ਸਾਥ ਬਿਵਹਾਰ ਕਰਨ ਵਾਲਾ ਪੁਰਸ਼ ਭੀ ਮਹਾਂ ਪਾਤਕੀ ਹੋਤਾ ਹੈ ॥ ੧ ॥

**ਯਥਾ–ਬ੍ਰਹਮ ਹਪਯਾ ਸੁਰਾਪਾਨੰ ਸਤੇਯੰ ਘੁਰਵੰਗੁਨਾ ਗਮ: ॥**
**ਮਹਾਂ ਨਿਤ ਪਾਤਕਾਨਯਾ, ਹੂਸੰਮ੍ਰਗਦਚਾਪਿ ਤੇ: ਤੇ ਸਹ ॥ ਛੰਦੋਗ: ॥**

ਟੀਕਾ

ਬ੍ਰਾਹਮਨ ਕੋ ਮਾਰਨਾ ਸ਼ਰਾਬ ਕਾ ਪੀਨਾ, ਗੁਰੂ ਕੀ ਇਸਤ੍ਰੀ ਸੇ ਭੋਗ ਕਰਨਾ, ਸਵਰਨ ਕੋ ਚੁਰਾਨੇ ਵਾਲਾ, ਚਾਰੋਂ ਮਹਾਂ ਪਾਤਕੀ ਹੈਂ ॥ ੨ ॥

**ਤਥਾ–ਇਕ ਤੱਸਚ ਚਤਰੇ ਵੇਦ: ਬ੍ਰਹਮਕਰਯਾ ਤਥਈ ਕਤ:**
**ਇਕਤ:ਸਰਵ ਪਾਪਨੀ ਮੱਧਯ ਪਨੰ ਤਥਈ ਕਤ: ॥ ੩ ॥ ਛੰਦੋਗ: ॥**

ਟੀਕਾ

ਚਾਰੋਂ ਵੇਦੋਂ ਕੇ ਨਿਤ ਪਾਠ ਕਰਣੇ ਕਾ ਜਿਤਨਾ ਪੁੰਨਯ ਹੋਤਾ ਹੈ ਉਤਨਾ ਹੀ ਪੁੰਨਯ ਇਕ ਬ੍ਰਹਮਚਾਰਯ ਕੇ ਰਖਨੇ ਕਾ ਹੋਤਾ ਹੈ ਔਰ ਏਕ ਤਰਫ ਸਾਰੇ ਪਾਪ ਔਰ ਏਕ ਤਰਫ ਸ਼ਰਾਬ ਕਾ ਪੀਨਾ, ਦੋਨੋ ਏਕ ਬਰਾਬਰ ਹੈਂ ॥ ੩ ॥

ਹਰ ਸਤਾਰਾਂ ਸੌ ਛਿਪੰਜਾ ਬਿਕ੍ਰਮੀ ਨੂੰ ਸਤਿਗੁਰਾਂ ਨੇ ਪਰਵਾਰ ਸਮੇਤ ਕੁਰਖੇਤ੍ਰ ਜਾਨਾ

**ਵੇਲਾ ਜੋਗਾਂ ਦਾ ਆਗਿਆ ਬਹੁਤ ਨੇੜੇ, ਏਹ ਸਮਝਕੇ ਗੁਰ ਵਿਚਾਰ ਕਰਦੇ**
**ਜਿਨ੍ਹਾਂ ਬਾਵਾਂ ਦੇ ਅੰਨ ਜਲ ਕੁਗਣੇ ਸਨ, ਉਧਰ ਹੋ ਤਯਾਰ ਮੁਹਾਰ ਕਰਦੇ**
**ਚਲ ਸਣੇ ਪਰਵਾਰ ਅਨੰਦਪੁਰੋਂ ਵਿਚ ਰਾਹਾਂ ਦੇ ਸੈਰ ਸ਼ਿਕਾਰ ਕਰਦੇ**
**ਪਹੁੰਚ ਗਏ ਥਨੇਸਰ ਸ਼ਹਿਰ ਨੇੜੇ,ਕਈਆਂ ਜੀਆਂ ਨੂੰ ਭਵਜਲੋਂ ਪਾਰ ਕਰਦੇ**
**ਅਗੇ ਮੇਲਾ ਗ੍ਰਹਿਨ ਦਾ ਲਗਾ ਹੋਯਾ, ਵਲ ਤੀਰਥ ਗੁਰ ਹੁਲਾਰ ਕਰਦੇ**
**ਡੇਰੇ ਜਾ ਕੁਰਖੇਤ੍ਰ ਦੇ ਪ੍ਰਾਸ ਲਾਏ, ਲੋਕ ਆ ਕੇ ਦਰਸ ਦੀਦਾਰ ਕਰਦੇ**
**ਡੇਰਾ ਮਾਈਆਂ ਦਾ ਮਨੀਰਾਮ ਦੇ ਘਰ,ਆਪ ਸਿੰਘਾ ਸਨੇਬਾਹਰ ਵਾਰ ਕਰਦੇ**
**ਸਦਾ ਵਰਤ ਲਗ ਗਿਆ ਕਰਤਾਰ ਸਿੰਘਾ,ਭੁਖੇ ਲੋਕ ਹਜ਼ਾਰਾਂ ਆਹਾਰ ਕਰਦੇ**

### ਕੰਨ ਪਾਟੇ ਜੋਗੀਆਂ ਦੀ ਪ੍ਰੀਖਿਆ

ਸੁੰਦਰ ਰੂਪ ਅਨੂਪ ਅਪਾਰ ਸੋਹਣਾ, ਲੋਕਾਂ ਵਿਚ ਸਾਰੇ ਸੋਭਾ ਛਾਈਆਂ ਜੀ
ਨਾਲੇ ਵੇਖ ਕਰਕੇ ਜਲ ਜਲੌ ਭਾਰਾ, ਸਭ ਝੁਕੀਯਾਂ ਖਲਕਤਾਂ ਆਈਆਂ ਜੀ
ਸਦਾਵਰਤ ਲਗਾ ਲੋਕ ਜਾਣ ਖਾ ਖਾ, ਮੂੰਹੋਂ ਕਰਦੇ ਬਹੁਤ ਵਡਿਆਈਆਂ ਜੀ
ਲਥਾ ਨੇੜੇ ਹੀ ਝੁੰਡ ਸੀ ਜੋਗੀਆਂ ਦਾ, ਓਹਨਾਂ ਤਈਂ ਨ ਗਲਾਂ ਸੁਖਾਈਆਂ ਜੀ
ਅਜ ਗੁਰੂ ਦੇ ਲੰਗਰ ਦੀ ਕਰੋ ਭੰਡੀ, ਕੰਨ ਪਾਟਿਆਂ ਏਹ ਠਹਿਰਾਈਆਂ ਜੀ
ਕਠੇ ਹੋ ਕੇ ਪੰਗਤਾਂ ਲਾ ਬੈਠੇ, ਅਗੇ ਚਿਪੀਆਂ ਫੜ ਕੇ ਡਾਹੀਆਂ ਜੀ
ਲਗੇ ਸਿੰਘ ਵਰਤਾਉਨ ਓਹ ਰਜਦੇ ਨਾ, ਏਹ ਆਂਦ੍ਰਾਂ ਉਨ੍ਹਾਂ ਵਧਾਈਆਂ ਜੀ
ਚੰਦਰਨਾਥ, ਦੂਜਾ ਮਦਨਨਾਥ ਆਹਾ, ਏਨਾਂ ਅਜ਼ਮਤਾਂ ਦੋਹਾਂ ਵਿਖਾਈਆਂ ਜੀ
ਓਧਰ ਖਬਰ ਹੋ ਗਈ ਸਤਿਗੁਰੂ ਜੀ ਨੂੰ ਕੰਨ ਪਾਟਿਆਂ ਭੰਡੀਆਂ ਪਾਈਆਂ ਜੀ
ਭਾਈ ਦੇਯਾਸਿੰਘ ਨੂੰ ਹੋਈ ਆਗਿਆ ਜਾਂ, ਦੇਦੇ ਮੰਨੀਆਂ ਓਸ ਵਰਤਾਈਆਂ ਜੀ
ਸਭ ਤ੍ਰਿਪਤ ਹੋ ਗਏ ਨ ਮੁਕੀਆਂ ਓਹ, ਹਾਰ ਆਕੜਾਂ ਸਭ ਗਵਾਈਆਂ ਜੀ
ਵੇਖ ਬੜਾ ਪ੍ਰਤਾਪ ਕਰਤਾਰ ਸਿੰਘਾ, ਆਨ ਕੰਤੀਆਂ ਸਿਰ ਝੁਕਾਈਆਂ ਜੀ

### ਸ੍ਰੀ ਦਸਮੇਸ਼ ਜੀ ਦੇ ਜੋਗੀਆਂ ਨਾਲ ਬਚਨ ਬਿਲਾਸ

ਜਦੋਂ ਯੋਗੀਆਂ ਕਰ ਇਮਤਿਹਾਨ ਡਿਠਾ, ਮਦਨਨਾਥ ਹੋਰੀ ਬਖਸ਼ਾਉਨ ਆਏ
ਆਕੇ ਗੁਰੂ ਜੀ ਦੀ ਚਰਣੀ ਡਿਗ ਪਏ, ਹੋਈ ਭੁਲ ਮੁਆਫ ਕਰਾਉਨ ਆਏ
ਗੁਰਾਂ ਆਖਿਆ ਅਸਾਂ ਗ੍ਰਿਹਸਤੀਆਂ ਨੂੰ, ਕਿਉਂ ਯੋਗੀਸ਼ਰੋ ਸਿਰ ਝੁਕਾਉਨ ਆਏ
ਮਦਨਨਾਥ ਕਹਿੰਦਾ ਤੁਸੀਂ ਪੁਰਖ ਪੂਰਣ, ਪਾਪੀ ਜੀਵਾਂ ਦੇ ਤਈਂ ਤਰਾਉਨ ਆਏ
ਸਚੇ ਛਤਰ ਧਰਮ ਅਵਤਾਰ ਤੁਸੀਂ ਚੁਣ ਜ਼ਾਲਮਾਂ ਤਈਂ ਮੁਕਾਉਨ ਆਏ
ਬੇੜਾ ਰੁੜ੍ਹਦਾ ਧਰਮ ਕਰਤਾਰਸਿੰਘਾ, ਤੁਸੀਂ ਦੇਹ ਧਾਰਕੇ ਬੰਨੇ ਲਾਉਨ ਆਏ

### ਗ੍ਰਹਿਣ ਦੇ ਵੇਲੇ ਸਤਿਗੁਰਾਂ ਨੇ ਗਧਾ ਮਨਸਣਾ

ਜਦ ਆਨ ਗ੍ਰਹਿਨ ਦਾ ਹੋਯਾ ਮੌਕਾ, ਸਤਿਗੁਰਾਂ ਨੇ ਗਧਾ ਮੰਗਵਾ ਕਰਕੇ
ਲੈਕੇ ਕਈ ਹਜ਼ਾਰ ਦਾ ਜ਼ਰੀ ਜ਼ੇਵਰ, ਉਪਰ ਓਸਦੇ ਤੁਰਤ ਪਵਾ ਕਰਕੇ
ਜੋ ਲਵੇ ਸੋ ਬਣੇ ਪਰੋਹਤ ਸਾਡਾ, ਕਹਿਆ ਸਭ ਨੂੰ ਹੁਕਮ ਫਿਰਾ ਕਰਕੇ
ਲੋਕ ਹੋਏ ਹੈਰਾਨ ਕਰਤਾਰ ਸਿੰਘਾ, ਖੇਲ ਗੁਰਾਂ ਦਾ ਸੁਨ ਸੁਨਾ ਕਰਕੇ

ਆਪੋ ਵਿਚ ਪੰਡੇ ਪਹਿਲਾਂ ਝਗੜਦੇਸਨ, ਗੁਰਾਂ ਤਈ ਜਜਮਾਨ ਬਨਾਨ ਬਦਲੇ
ਆਪੋ ਆਪਣੇ ਦਾ ਨੂੰ ਖਿਚਦੇ ਸਨ, ਗੁਰੂ ਘਰ ਵਲੋਂ ਪੁੰਨ ਦਾਨ ਬਦਲੇ
ਅੰਤਰਯਾਮੀ ਗੁਰੂ ਖੇਲ ਰਚ ਦਿਤੀ, ਸਾਰੀ ਸਿਦਕ ਸਚਾਈ ਅਜ਼ਮਾਨ ਬਦਲੇ
ਗੁਰੂ ਨਾਨਕ ਵਾਂਗ ਕਰਤਾਰ ਸਿੰਘਾ, ਏਹ ਪਾਖੰਡ ਦੀ ਕਾਰ ਨਿਟਾਨ ਬਦਲੇ

*ਮਨੀਰਾਮ ਪੰਡੇ ਨੇ ਗਧੇ ਦਾ ਦਾਨ ਲੈਣ ਨੂੰ ਤਯਾਰ ਹੋਣਾ

ਗਧਾ ਲੈਣ ਦਾ ਕਿਸੇ ਨ ਕੀਆ ਕੀਤਾ, ਮਨੀ ਰਾਮ ਨੇ ਪ੍ਰੇਮ ਨਿਭਾਇਆ ਜੀ
ਮੈਨੂੰ ਏਹੋ ਗਧਾ ਹਾਥੀ ਐਰਾਪਤੀ ਹੈ, ਅਗੇ ਗੁਰਾਂ ਦੇ ਉਸ ਸੁਨਾਇਆ ਜੀ
ਓਹਦੀ ਉੱਚੀ ਦਲੀਲ ਨੂੰ ਵੇਖ ਕਰਕੇ, ਖੁਸ਼ ਹੋ ਗੁਰਾਂ ਫਰਮਾਇਆ ਜੀ
ਦੂਣਾਂ ਪਾ ਜ਼ੇਵਰ ਦਿਹੋ ਇਕ ਘੋੜਾ, ਦੇਯਾ ਸਿੰਘ ਦੇ ਤਈਂ ਸੁਣਾਇਆ ਜੀ
ਸਿਰੋਪਾਉ ਤੇ ਇਕ ਕਟਾਰ ਦਿਤੀ, ਨਾਲੇ ਹੁਕਮਨਾਮਾ ਚਾ ਦਿਵਾਯਾ ਜੀ
ਕੁਝ ਦਿਨ ਰਹਿ ਕਰਤਾਰ ਸਿੰਘਾ, ਫੇਰ ਪਿਛਾਂ ਨੂੰ ਰੁਖ ਪਰਤਾਯਾ ਜੀ

ਸ੍ਰੀ ਦਸਮੇਸ਼ ਜੀ ਨੂੰ ਵਾਪਸ ਆਨੰਦਪੁਰ ਨੂੰ ਆਉਣਾ

ਮੇਲੇ ਵਾਲਿਆਂ ਲੋਕਾਂ ਨੂੰ ਗੁਰੂ ਸਾਹਿਬ, ਸਤਿਨਾਮ ਉਪਦੇਸ਼ ਦ੍ਰਿੜ੍ਹਾ ਕਰਕੇ
ਸਚੇ ਰਾਸਤੇ ਸੈਂਕੜੇ ਪਾ ਦਿਤੇ, ਸਭ ਭੇਦ ਪਾਖੰਡ ਸੁਨਾ ਕਰਕੇ
ਫਿਰ ਵਲ ਅਨੰਦਪੁਰ ਮੁੜ ਪਏ, ਡੇਰੇ ਤਈਂ ਤਯਾਰ ਕਰਾ ਕਰਕੇ
ਜੋਤੀਸਰ ਪਹੋਏ ਥੀਂ ਹੁੰਦੇ ਹੋਏ, ਸਿਆਣੇ ਪਿੰਡ ਸੀ ਉਤਰੇ ਆ ਕਰਕੇ
ਆ ਵਲ ਖੇੜੀਆ ਬੇਰ ਦੁਪਹਿਰ ਕਟੀ, ਇਕ ਮਾਈ ਨੂੰ ਦਰਸ ਦਿਖਾ ਕਰਕੇ
ਹੋ ਕਲੌੜ ਥਾਣੀ ਕਰਤਾਰ ਸਿੰਘਾ, ਪਹੁੰਚੇ, ਪਾਸ ਚਮਕੌਰ ਦੇ ਜਾ ਕਰਕੇ

ਸੈਦਬੇਗ ਤੇ ਅਲਫ ਖਾਂ ਨਾਲ ਚਮਕੌਰ ਦੇ ਪਾਸ ਜੰਗ

---

*ਏਹ ਮਨੀ ਰਾਮ, ਰਾਮ ਦਤ ਪੰਡੇ ਦਾ ਪੁਤ੍ਰ ਸੀ ਤੇ ਮਾਤਾ ਜੀ ਉਤਰੇ ਭੀ ਏਸੇ ਦੇ ਘਰ ਸੀਗੇ (ਓਥੇ ਹੁਣ ਗੁਰਦਵਾਰਾ) ਏਸ ਦੀ ਭੈਣ ਨੇ ਮਾਤਾ ਸਾਹਿਬਾਂ ਦੀ ਬੜੀ ਸੇਵਾ ਕੀਤੀ ਜੋ ਮਾਤਾ ਜੀ ਨੇ ਓਸ ਨੂੰ ਪੰਜ ਗ੍ਰੰਥੀ ਪੋਥੀ ਤੇ ਇਕ ਸਾਖੀਆਂ ਦੀ ਪੋਥੀ ਬਖਸ਼ੀ, ਓਹ ਮਰਨ ਲਗੀ ਇਕ ਆਲੇ ਵਿਚ ਬੰਦ ਕਰਕੇ ਧਰ ਗਈ ਜੋ ੧੯੭੨ ਨੂੰ ਮਨੀਰਾਮ ਦੇ ਪੜਤੇ ਸੇਲੀ ਮਿਸਰ ਨੇ ਮਕਾਨ ਗਿਰਵਾਯਾ ਤਾ ਵਿਚੋਂ ਦਵੇਂ ਪੋਥੀਆਂ ਨਿਕਲੀਆਂ, ਓਸ ਨੇ ਅਮਰ ਸਿੰਘ, ਸਿੰਘ ਪੁਰੋਹਿਤ ਨੂੰ ਦਿਤੀਆਂ ਅਮਰ ਸਿੰਘ ਨੇ ਸਾਖੀਆਂ ਦੀ ਪੋਥੀ ਮਹਾਰਾਜੇ ਰਣਜੀਤ ਸਿੰਘ ਨੂੰ ਦਿਤੀ, ਜਿਸ ਵਿਚ ਬਹੁਤ ਅਗੋਂ ਹੋਣ ਵਾਲੀਆਂ ਗੱਲਾਂ ਲਿਖੀਆਂ ਹੋਈਆਂ ਸਨ।

ਸਦਾ ਰਹੀ ਬਦਨੀਤ ਪਹਾੜੀਆਂ ਦੀ, ਵੈਰ ਚਿਤ ਦੇ ਵਿਚ ਜਮਾ ਰਖੇ
ਸਤਿਗੁਰਾਂ ਦੇ ਨਾਲ ਲੜਾਉਣ ਲਈ, ਜਾਂਦੇ ਏਹ ਪਠਾਨ ਠਹਿਰਾ ਰਖੇ
ਨਾਲ ਚਾਰ ਹਜ਼ਾਰ ਅਸਵਾਰ ਹੈ ਸੀ, ਚੋਰੀ ਪਾਸ ਚਮਕੌਰ ਬੈਠਾ ਰਖੇ
ਦੇ ਬਹੁਤ ਹੀ ਧਨ ਕਰਤਾਰ ਸਿੰਘਾ, ਰਾਹ ਪਾਪੀਆਂ ਰੋਕ ਛੁਪਾ ਰਖੇ

ਤਥਾ

ਜਦ ਗੁਰੂ ਜੀ ਪਾਸ ਚਮਕੌਰ ਪਹੁੰਚੇ, ਆ ਬੇਖਬਰਿਆਂ ਹਲਾ ਮਚਾ ਦਿਤਾ
ਅੱਲੀ ਅੱਲੀ ਕਰਦੇ ਉੱਠ ਆਨ ਪਏ, ਤੀਰਾਂ ਗੋਲੀਆਂ ਮੀਂਹ ਬਰਸਾ ਦਿਤਾ
ਭਾਵੇਂ ਪਹਿਲਾ ਹੈਰਾਨ ਹੋ ਗਿਆ ਡੇਰਾ, ਪਰ ਗੁਰਾਂ ਨੇ ਹੌਸਲਾ ਆ ਦਿਤਾ
ਤਕੜੇ ਹੋਵੋ ਨਾ ਘਾਬਰੋ ਖਾਲਸਾ ਜੀ, ਏਹ ਆਖ ਕੇ ਪਲਾ ਜਮਾ ਦਿਤਾ
ਸਿੰਘ ਥੋੜ੍ਹੇ ਵੈਰੀ ਪਏ ਦਸ ਹਿਸੇ, ਤੀਰਾਂ ਗੁਰਾਂ ਦਿਆਂ ਠੱਲ੍ਹਾ ਪਾ ਦਿਤਾ
ਖਬਰ ਪਹਿਲਾਂ ਹੀ ਪਹੁੰਚੀ ਅਨੰਦਪੁਰ ਸੀ, ਹੈ ਪਹਾੜੀਆਂ ਜਾਲਵਿਛਾ ਦਿਤਾ
ਉਥੋਂ ਚਾਰ ਸੌ ਚੋਣਵਾਂ ਹੋਰ ਯੋਧਾ, ਧਰਮ ਸਿੰਘ ਹੋਰਾਂ ਸੀ ਚੜ੍ਹਾ ਦਿਤਾ
ਐਨ ਜੰਗ ਮੱਚੇ ਵਿਚ ਪੁਜ ਪਦੇ, ਆ ਅਕਾਲ ਅਕਾਲ ਗਜਾ ਦਿਤਾ
ਸਿੰਘ ਅਠ ਕੂ ਸੌ ਜਦੋਂ ਹੋ ਗਿਆ, ਦੋਹਾਂ ਪਾਸਿਆਂ ਘੇਰਾ ਵਧਾ ਦਿਤਾ
ਲਗਾ ਆਨ ਹਲੇ ਉਤੇ ਹੋਣ ਹਲਾ, ਸਿੰਘਾ ਤੇਗ ਉਤੇ ਜੋਰ ਪਾ ਦਿਤਾ
ਓਧਰ ਗੁਰੂ ਜੀ ਦਾ ਤਿੱਖੇ ਤੀਰ ਚਲਨ, ਮਾਰ ਵੈਰੀ ਦਾ ਦਲ ਵਿਛਾ ਦਿਤਾ
ਸੈਦਬੇਦ ਤਾਂ ਵੇਖ ਕੁਰਬਾਨ ਹੋਯਾ, ਜੰਗ ਓਸ ਨੇ ਬੰਦ ਕਰਾ ਦਿਤਾ
ਸਣੇ ਸਾਥੀਆਂ ਆਣਕੇ ਗੁਰੂ ਜੀ ਦੇ, ਉੱਤੇ ਚਰਨਾਂ ਸੀਸ ਝੁਕਾ ਦਿਤਾ
ਸਿੰਘਾ ਨਾਲ ਰਲਕੇ ਮੁੜ ਤੁਰਕਾਂ ਉੱਤੇ, ਹਲਾ ਧਰਕੇ ਝਟ ਦਬਾ ਦਿਤਾ
ਅਲਫ ਖਾਂ ਏਹ ਵੇਖ ਹੈਰਾਨ ਹੋਯਾ, ਹੋ ਲਾਚਾਰ ਮੁੜ ਹੌਂਸਲਾ ਢਾ ਦਿਤਾ

---

ਜੋਤੀਸਰ ਤੇ ਹੀ ਕ੍ਰਿਸ਼ਨ ਜੀ ਨੂੰ ਅਰਜਨ ਨੂੰ ਗੀਤਾ ਸੁਣਾਈ ਸੀ ॥

ਜਿਆਣੇ ਪਿੰਡ ਭੰਡ ਬਾਬੇ ਦੀ ਔਲਾਦ ਵਸਦੀ ਹੈ ॥

ਏਸ ਮਾਈ ਦੀ ਖਾਹਿਸ਼ ਸੀ ਕਿ ਮੇਰੇ ਘਰ ਸਤਿਗੁਰੂ ਜੀ ਆਉਣ ਤਾਂ ਮੈਂ ਦੁਧ ਛਕਾਵਾਂ ਜੋ ਗੁਰੂ ਜੀ ਨੇ ਉਸਦੀ ਆਸ ਪੂਰੀ ਕੀਤੀ। ਉਸ ਮਾਈ ਨੇ ਤੇ ਪਿੰਡ ਨੇ ਸੰਗਤ ਨੂੰ ਬਹੁਤ ਦੁਧ ਪਿਆਇਆ। ਸਤਿਗੁਰਾਂ ਦੀ ਕਿਰਪਾ ਕਰਕੇ ਹੁਣ ਤੋੜੀ ਉਸ ਨਗਰ ਵਿਚ ਦੁਧ ਦਹੀਂ ਭਗਤੀ ਭਾਵ ਬਹੁਤ ਹੈ।

ਭਜ ਗਿਆਂ ਸਾਬੀ ਕਰਤਾਰ ਸਿੰਘਾ, ਗੁਰਾਂ ਫਤੇ ਦਾ ਵਾਜਾ ਵਜਾ ਦਿਤਾ

ਵਾਕ ਕਵੀ

ਮਾਰ ਕੁਟ ਭਜਾ ਕੇ ਵੈਰੀਆਂ ਨੂੰ ਸਤਿਗੁਰ ਜੀ ਪੁਰੀ ਆਨੰਦ ਆਏ
ਕਾਰੀ ਜ਼ਖਮੀਆਂ ਦੀਕੀਤੀ ਬਹੁਤ ਚੰਗੀ, ਦਾਨ ਮਾਨ ਗਰੀਬਾਂ ਨੇ ਬਹੁਤ ਪਾਏ
ਦੂਰ ਦੂਰ ਤੋਂ ਸੰਗਤਾਂ ਰੋਜ ਆਵਨ ਕਰਨ ਦਰਸ ਦਦਾਰ ਪ੍ਰੇਮ ਭਾਏ
ਓਧਰ ਜੰਗ ਦੇ ਲਈ ਕ੍ਰਤਾਰ ਸਿੰਘਾ, ਕਾਰਗਰ ਹਥਯਾਰਾਂ ਤੇ ਬਹੁਤ ਲਾਏ

ਇਕ ਦੁਖੀ ਬ੍ਰਾਹਮਣ ਦੀ ਪੁਕਾਰ

ਇਕ ਦਿਨ ਦਰਬਾਰ ਦੇ ਵਿਚ ਆਕੇ, ਦੁਖੀ ਇਕ ਬ੍ਰਾਹਮਣ ਰੋਂਵਦਾ ਜੀ
ਸਤਿਗੁਰ ਜੀ ਮੇਰੀ ਪੁਕਾਰ ਸੁਣੋ, ਹਾਰ ਹੰਝੂਆਂ ਖੜਾ ਪਰੋਂਵਦਾ ਜੀ
ਦਿਨ ਦੀਵੀਂ ਮੈਂ ਲੁਟਿਆਂ ਗਿਆ ਦੇਖੋ ਸਿਰ ਪਿਟਦਾ ਤੇ ਬੋਦੀ ਖੋਂਹਵਦਾ ਜੀ
ਦਸ ਆਪਣਾ ਦੁਖ ਕਰਤਾਰ ਸਿੰਘਾ, ਕਿਉਂ ਮਿਸ਼ਰ ਦੁਖੀ ਪਿਆ ਹੋਂਵਦਾ ਜੀ

ਤਥਾ

ਹਾਂ ਰਹਿਨ ਵਾਲਾ ਹੁਸ਼ਯਾਰਪੁਰ ਦਾ ਦੇਵਦਾਸ ਹੈ ਨਾਮ ਉਚਾਰਿਆ ਜੀ
ਸਾਂ ਲਦ ਆਉਂਦਾ ਮੁਕਲਾਵਾਗੁਰ ਜੀ, ਚਿਤ ਵਿਚ ਆਨੰਦਨੂੰ ਧਾਰਿਆ ਜੀ
ਜਦ ਆਨਕੇ ਬਸੀ ਦੇ ਪਾਸ ਪਹੁੰਚਾ, ਓਸ ਤਾਂ ਦੇ ਹਾਕਮ ਤਾੜਿਆ ਜੀ
ਤੀਵੀ ਖੋਹ ਲਈ ਜਾਬਰ ਖਾਂ ਮੇਰੀ, ਮੈਨੂੰ ਫੜਕੇ ਕੁਟਿਆ ਮਾਰਿਆ ਜੀ
ਪਾਸ ਹਾਕਮਾਂ ਰਾਜਿਆਂ, ਜਾ ਜਾ ਕੇ; ਕਰ ਥਕਾ ਹਾਂ ਮੈਂ ਹਾਲ ਪਾਹਰਿਆ ਜੀ
ਮੇਰੀ ਕਿਸੇ ਨੇ ਨਹੀਂ ਇਮਦਾਦ ਕੀਤੀ, ਮੈਨੂੰ ਜਾਲਮ ਪਕੜ ਉਜਾੜਿਆ ਜੀ
ਆਖਰਕਾਰ ਹਾਂ ਆਪਦੇ ਪਾਸ ਆਯਾ, ਫਿਰ ਫਿਰਕੇ ਬਹੁਤ ਮੈਂ ਹਾਰਿਆ ਜੀ
ਮੇਰੀ ਕਰੋ ਇਮਦਾਦ ਕ੍ਰਤਾਰ ਸਿੰਘਾ, ਧਰਮ ਲਈ ਅਵਤਾਰ ਹੈ ਧਾਰਿਆ ਜੀ

ਬਸੀ ਤੇ ਸਾਹਿਬ ਅਜੀਤ ਸਿੰਘ ਦੀ ਚੜਾਈ

ਹੁਕਮ ਪਾਕੇ ਦੀਨ ਦਿਆਲ ਜੀਦਾ, ਓਸੇ ਵਕਤ ਅਜੀਤ ਸਿੰਘ ਸਾਹਿਬ ਚੜ੍ਹੇ

ਝਟਾ ਪਟ ਸਤਿਲੁਜ ਤੋਂ ਪਾਰ ਹੋਏ, ਮਾਰੋ ਮਰ ਕਰ ਬਸੀ ਦੇ ਵਿਚ ਵੜੇ
ਸੁਤੇ ਪਏ ਪਠਾਨਾਂ ਨੂੰ ਘੇਰਿਆ ਜਾ, ਅਗੋਂ ਉਠਕੇ ਪਾਜੀ ਨ ਮੂਲ ਲੜੇ
ਲੁਟ ਪੁਟ ਕੇ ਧਾਨ ਕਰਤਾਰ ਸਿੰਘਾ, ਜਾਬਰ ਖਾਂ ਸਣੇ ਸਾਥੀ ਸਭ ਫੜੇ

ਦੇਵੀ ਦਾਸ ਨੂੰ ਬ੍ਰਾਹਮਣੀ ਦਿਵਾਣੀ ਤੇ ਜਾਬਰ ਖਾਂ ਨੂੰ ਸਜਾ

ਸਾਹਿਬਜ਼ਾਦੇ ਨੇ ਇਹ ਬਹਾਦਰੀ ਕਰ, ਸਤਿਗੁਰਾਂ ਦੇ ਤਈਂ ਦਿਖਾ ਦਿਤੀ
ਜਾਬਰਖਾਂ ਨੂੰ ਲਿਆਕੇ ਪੇਸ਼ ਕੀਤਾ, ਨਯਾਇਕਾਰੀ ਸਤਿਗੁਰਾਂ ਸੁਨਾ ਦਿਤੀ
ਇਹਨੂੰ ਖੋਖਿਆਂ ਤੀਰਾਂ ਦੇ ਨਾਲ ਮਾਰੋ, ਓਹਦੇ ਪਾਪ ਦੀ ਇਹ ਸਜਾ ਦਿਤੀ
ਦੇਵੀਦਾਸ ਦੇ ਤਈਂ ਕਰਤਾਰ ਸਿੰਘਾ, ਤੀਵੀਂ ਓਸਦੀ ਤੁਰਤ ਦਿਵਾ ਦਿਤੀ

ਵਾਕ ਕਵੀ

ਇਹਨਾਂ ਗਲਾਂ ਤੋਂ ਸਾਫ਼ ਪ੍ਰਤੀਤ ਹੁੰਦਾ, ਸਤਿਗੁਰੂ ਜੀ ਧਰਮ ਕਮਾਂਦੇ ਹੈਸਨ
ਦਰਦ ਦੁਖੀਆਂ ਦੇ ਦੂਰ ਕਰਦੇ ਸਨ ਅਤੇ ਜਾਲਮਾਂ ਮਾਰ ਮੁਕਾਂਦੇ ਹੈਸਨ
ਹਿੰਦੂ,ਬ੍ਰਾਹਮਨਾਂਨੂੰਜਾਨ ਹੀਲ ਕਰਕੇ, ਜਿਥੇ ਚਾਹਨ ਇਮਦਾਦ ਪੁਚਾਂਦੇ ਹੈਸਨ
ਪਰ ਇਹ ਲੋਕ ਭੈੜੇ ਕ੍ਰਿਤਘਨ ਹੋ ਕੇ ਸਤਿਗੁਰਾਂ ਦਾ ਬੁਰਾ ਮਨਾਂਦੇ ਹੈਸਨ
ਦੁਖ ਝਣੇ ਆ ਰੌਂਦੇ ਕਰਤਾਰ ਸਿੰਘਾ, ਕੰਮ ਕਢ ਵੈਰੀ ਬਣ ਜਾਂਦੇ ਹੈਸਨ

ਸਿੰਘਾਂ ਦੀ ਰੋਜ਼ ਦੀ ਕਾਰ

ਜਿਹੜਾ ਜੰਗ ਚਮਕੌਰ ਦੇਪਾਸ ਹੋਯਾ,ਓਹ ਪਹਾੜੀਆਂ ਦੀ ਸਾਰੀ ਕਾਰ ਸੀਜੀ
ਅਲਫ ਖਾਂ ਨੂੰ ਚੁਕਕੇ ਗਲ ਪਾਯਾ, ਦੇਨਾ ਕਰਕੇ ਕਈ ਹਜਾਰ ਸੀਜੀ
ਨਾਲੇ ਅਗੇ ਭੀ ਘਟ ਗੁਜਾਰੀ ਨ ਸੀ, ਰਹੇ ਸ੍ਰੀ ਦਸਮੇਸ਼ ਸਹਾਰ ਸੀਜੀ
ਨਹੀਂ ਮਿਤ ਪਹਾੜੀਏ ਕਦੇ ਬਣਨੇ ਅੰਤ ਲਈ ਸਿੰਘਾਂ ਦਿਲ ਧਾਰ ਸੀਜੀ
ਫੇਰ ਜੈਸੇ ਨੂੰ ਤੈਸੇ ਹੋ ਮਿਲਨ ਲਗੇ, ਦੂਹੀਂ ਧਿਰੀਂ ਵਧੀ ਆਨ ਖਾਰ ਸੀਜੀ
ਬਾਲਨ,ਲਕੜੀ, ਘਾਇਹ ਰਾਜਿਆਂ ਦਾ, ਰੋਜ ਲਿਔਣ ਲਗੇ ਹੁਸ਼ਯਾਰ ਸੀਜੀ
ਦੂਰ ਦੂਰ ਪਹਾੜਾਂ ਦੇ ਵਿਚ ਫਿਰਕੇ, ਸਦਾ ਖੇਡਦੇ ਫਿਰਨ ਸ਼ਿਕਾਰ ਸੀਜੀ
ਜਿਥੇ ਲੋਕ ਪਹਾੜੀਏ ਚਲ ਪੈਂਦੇ ਓਥੇ ਕਰ ਆਉਂਦੇ ਚੰਗੀ ਮਾਰ ਸੀਜੀ
ਰੋਜ਼ ਜਾ ਪਰਜਾ ਪਾਸ ਰਾਜਿਆਂ ਦੇ ਕਰਨ ਲਗ ਪਈ ਹਾਲ ਪੁਕਾਰ ਸੀਜੀ

ਜੋਸ਼ ਖਾਕੇ ਮੁੜ ਕਰਤਾਰ ਸਿੰਘਾ, ਕੀਤਾ ਸਾਰਿਆਂ ਰਲ ਦਰਬਾਰ ਸੀ ਜੀ

ਬਿਲਾਸਪੁਰ ਦੇ ਰਾਜਿਆਂ ਦੇ ਅਕੱਠ

ਵਡਾ ਦੁਖ ਤਾਂ ਕਹਿਲੂਰੀਏ ਨੂੰ, ਰਾਜੇ ਓਸ ਨੇ ਘਰ ਬੁਲਾਏ ਸਾਰੇ
ਬਾਈਧਾਰ ਦੇ ਨਾਂਗਲੂ, ਪਾਂਗਲੂ, ਜੋ, ਕਠੇ ਹੋ ਬਿਲਾਸਪੁਰ ਆਏ ਸਾਰੇ
ਬੈਠ ਬੈਠ ਕੇ ਮਸ਼ਵਰੇ ਕਰਨ ਲਗੇ, ਆਪੋ ਆਪਣੇ ਦੁਖ ਸੁਨਾਏ ਸਾਰੇ
ਕਢੋ ਗੁਰੂ ਨੂੰ ਦੇਸੋਂ ਕਰਤਾਰ ਸਿੰਘਾ, ਅੰਤ ਪੂਰਨੇ ਏਥੇ ਹੀ ਪਾਏ ਸਾਰੇ

ਅਜਮੇਰ ਚੰਦ ਹੋਰਾਂ ਨੇ ਸ੍ਰੀ ਦਸਮੇਸ਼ ਜੀ ਵਲ ਚਿਠੀ ਲਿਖਣੀ

ਚਿਠੀ ਲਿਖ ਭੇਜੀ ਏਹ ਰਾਜਿਆਂ ਨੇ, ਤੁਸੀਂ ਏਡੇ ਅਧਮੂਲ ਮਚਾਓ ਨਾਹੀਂ
ਜੇ ਵਸਨਾਂ ਵਿਚ ਅਨੰਦਪੁਰ ਦੇ, ਸਾਡੇ ਹੁਕਮ ਦੇ ਤਈਂ ਪਤਾਓ ਨਾਹੀਂ
ਬਣੇ ਰਹੋ ਫਕੀਰਾਂ ਹਥਯਾਰ ਛਡੋ, ਫੌਜ ਏਸ ਥਾਂ ਜਮਾਂ ਕਰਾਓ ਨਾਹੀਂ
ਵਾਧੂ ਲੋੜ ਤੋਂ ਬਿਨਾਂ ਆਨੰਦਪੁਰੀ, ਸਿਖ ਆਪਣੇ ਪਾਸ ਰਖਾਓ ਨਾਹੀਂ
ਏਦੂ ਅਗੇ ਹੁਣ ਤੋਂ ਸਾਡੀ ਜੂਹ ਅੰਦਰ, ਪੈਰ ਵਧਕੇ ਕਦੀ ਭੀ ਪਾਓ ਨਾਹੀਂ
ਜਿਧਰ ਜੀ ਕਰੇ ਜਾ ਸ਼ਿਕਾਰ ਖੇਡੋ, ਸਾਡੀ ਪਰਜਾ ਦੇ ਤਈਂ ਸਤਾਓ ਨਾਹੀਂ
ਏਹ ਲਿਖੀ ਅਖੀਰ ਦੀ ਅਸਾਂ ਚਿਠੀ, ਬਾਜ਼ ਹੁਣ ਭੀ ਜੇਕਰ ਆਓ ਨਾਹੀਂ
ਬਸ ਸਮਝ ਲੌ ਫੇਰ ਕਰਤਾਰ ਸਿੰਘਾ, ਹੋਵੇ ਤੁਸਾਂ ਦਾ ਮੂਲ ਬਚਾਓ ਨਾਹੀਂ

ਸ੍ਰੀ ਦਸਮੇਸ਼ ਜੀ ਨੇ ਰਾਜਿਆਂ ਦੀ ਚਿਠੀ ਦਾ ਉੱਤਰ ਲਿਖਣਾ

ਸਤਿਗੁਰਾਂ ਨੇ ਝਟ ਜਵਾਬ ਲਿਖਯਾ, ਅਸੀਂ ਤੁਹਾਡੇ ਪਾਸੋਂ ਡਰ ਖਾਂਦੇ ਨਾਹੀਂ
ਹਾਂ ਵੇਖ ਚੁਕੇ ਤੁਹਾਡੀ ਨੀਤ ਤਾਈਂ, ਮੇਲ ਕਰਨਾ ਭੀ ਹੁਣ ਚਾਂਹਦੇ ਨਾਹੀਂ
ਗਿਦੜ ਭਬਕੀਆਂ ਤੁਹਾਡੀਆਂ ਸੁਣ ਕਰਕੇ, ਅਸੀਂ ਡਰਕੇਮੂੰਹ ਛੁਪਾਂਦੇ ਨਾਹੀਂ
ਜਿਥੇ ਅਸੀਂ ਓਥੇ ਸਿੰਘ ਰਹਿਨ ਸਦਾ, ਬਹੁਤੇ ਵਧਨਗੇ ਥੋੜੇ ਕਰਾਂਦੇ ਨਾਹੀਂ
ਅਸੀਂ ਦਿਲੋਂ ਫਕੀਰ ਤੇ ਸ਼ਾਹ ਉਤੋਂ, ਹੁੰਦੀ ਜਾਨ ਹਥਯਾਰ ਤਜਾਂਦੇ ਨਾਹੀਂ
ਬਾਲਨਖਯਾਸ ਤੁਹਾਡਾਈ ਵਰਤਨਾ ਏਂ; ਵਸ ਏਥੇ ਬਾਹਰੋਂ ਲੈਨ ਜਾਂਦੇ ਨਾਹੀਂ
ਜੇਹੜਾਲੜੇਗਾਲੜਾਂਗੇ ਨਾਲ ਓਹਦੇ, ਪਹਿਲਾਂਕਿਸੇ ਦੇ ਤਈਂ ਸਤਾਂਦੇ ਨਾਹੀਂ

ਸਿੰਘ ਸਦਾ ਹੀ ਲੜਨ ਨੂੰ ਤਯਾਰ ਬੈਠੇ, ਤੁਹਾਥੋਂ ਡਰਕੇ ਚਿਤ ਚਰਾਂਦੇ ਨਾਹੀਂ
ਜੇਹੜਾ ਵਾਹਿਗੁਰੂ ਦਾ ਹੁਕਮ ਵਰਤਨਾ ਏ, ਉਸਤਈਂ ਅਸੀਂ ਪਰਤਾਂਦੇ ਨਾਹੀਂ
ਜਿਸ ਹਾਲ ਰਖੇ ਅਸੀਂ ਸਦਾ ਰਾਜ਼ੀ, ਦੁਖ ਸੁਖ ਪੈ ਚਿਤ ਡੁਲਾਂਦੇ ਨਾਹੀਂ
ਬਰਮ ਗੁਜਰ ਗਏ ਤੁਹਾਨੂੰ ਏਸੇਤਰ੍ਹਾਂ ਹਾਰਾਂ ਖਾਧੀਆਂ ਤੁਸੀਂ ਸ਼ਰਮਾਂਦੇ ਨਾਹੀਂ
ਚੜ੍ਹ ਆਓ ਬੇਸ਼ਕ ਕਰਤਾਰ ਸਿੰਘਾ, ਮੁਆਫ਼ੀ ਮੰਗਕੇ ਅਸੀਂ ਹਟਾਂਦੇ ਨਾਹੀਂ

### ਰਾਜਿਆਂ ਨੇ ਬਾਦਸ਼ਾਹ ਔਰੰਗਜ਼ੇਬ ਵਲ ਫੇਰ ਅਰਜ਼ੀ ਭੇਜਣੀ

ਏਦ ਬੈਠ ਗਏ ਸੁਣ ਰਾਜਿਆਂ ਦੇ, ਸਾਥੋਂ ਗੁਰੂ ਨ ਜਿਤਿਆ ਜਾਂਵਦਾ ਏ
ਬਾਦਸ਼ਾਹ ਅਗੇ ਅਰਜ਼ ਫੇਰ ਕਰੋ, ਏਹ ਕਹਿਲੂਰੀਆ ਆਖ ਸੁਨਾਂਵਦਾ ਏ
ਅਰਜ਼ੀ ਲਿਖੀਓ ਨੇ ਏਸ ਤਰ੍ਹਾਂ ਦੀ ਜੀ, ਦੂਤ ਦਿਲੀ ਦੇ ਵਿਚ ਪੁਚਾਂਵਦਾ ਏ
ਬਾਦਸ਼ਾਹ ਸਲਾਮਤ ਅਸਾਂ ਤਾਈਂ, ਸਦਾ ਆਸਰਾ ਆਪਦਾ ਭਾਂਵਦਾ ਏ
ਪਰ ਅਸਾਂ ਨੂੰ ਗੁਰੂ ਗੋਬਿੰਦ ਸਿੰਘ ਜੋ, ਜੋਰ ਕਰਕੇ ਪਿਆ ਸਤਾਂਵਦਾ ਏ
ਅਗੇ ਅਰਜ਼ ਸਾਰੀ ਅਸੀਂ ਕਰ ਚੁਕੇ, ਦਿਲੀ ਲੈਣ ਦੀ ਆਸ ਰਖਾਂਵਦਾ ਏ
ਫੌਜ ਆਪਦੀ ਜਦ ਤੋਂ ਹਾਰ ਖਾ ਗਈ, ਓਹ ਤਦ ਤੋਂ ਜੋਰ ਵਧਾਂਵਦਾ ਏ
ਅਸੀਂ ਕਈ ਵਾਰੀ ਲੜ ਥਕ ਗਏ; ਸਾਡੇ ਕਾਬੂ ਦੇ ਵਿਚ ਨਾ ਆਂਵਦਾ ਏ
ਰਲ ਸੂਬੇ ਲਾਹੌਰ ਸਰਹਦ ਦਿਆ; ਲਾਯਾ ਜੋਰ ਨ ਕੁਝ ਥਿਆਂਵਦਾ ਏ
ਉਹ ਦਿਨੋਂ ਦਿਨ ਜ਼ੋਰ ਵਧਾਈ ਜਾਂਦਾ. ਫੌਜਾਂ ਰਖੀਆਂ ਕਿਲ੍ਹੇ ਬਨਾਂਵਦਾ ਏ
ਵੈਰ ਆਪਣੇ ਬਾਪ ਦਾ ਤੁਸਾਂ ਪਾਸੋਂ ਜਿਵੇਂ ਦਾਉ ਲਗੇ ਲੈਣਾ ਚਾਂਹਵਦਾ ਏ
ਲੋਕ ਸੈਂਕੜੇ ਬਾਜੀ ਨੇ ਹੁੰਦੇ ਜਾਂਦੇ, ਪਤਾ ਨਹੀਂ ਗੁਰੂ ਕੀ ਪੜ੍ਹਾਂਵਦਾ ਏ
ਹੈ ਵੇਲਾ ਅਜੇ ਹੀਲਾ ਕਰ ਲਵੋ, ਨਹੀਂ ਵੇਖਣਾ ਕੀ ਵਿਖਾਂਵਦਾ ਏ
ਤੁਹਾਡੀ ਬਦਕਿਸਮਤੀ ਕਰਤਾਰ ਸਿੰਘ, ਨਹੀਂ ਰਾਜਿਓਂ ਭਲਾ ਸੁਖਾਂਵਦਾ ਏ

### ਦਿਲੀ ਵਿਚੋਂ ਭਾਰੀਆਂ ਫੌਜਾਂ ਦੀ ਚੜ੍ਹਾਈ

ਉਧਰ ਜ਼ੋਰ ਮਰਹਟਿਆਂ ਬਹੁਤ ਪਾਯਾ, ਬਾਦਸ਼ਾਹ ਨੂੰ ਪਈਆਂ ਖਾਰੀਆਂ ਜੀ
ਗੋਲਕੰਡੇ ਦੇ ਕਿਲੇ ਤੇ ਲੜ ਰਿਹਾ, ਫੌਜਾਂ ਲੈਕੇ ਬਾਦਸ਼ਾਹ ਸਾਰੀਆਂ ਜੀ
ਹਿੰਦਵਿਚ ਗਦ੍ਰ ਕਈ ਥਾਈਂ ਪਿਆ, ਹੋਈਆਂ ਕਈ ਰਯਾਸਤਾਂ ਨਯਾਰੀਆਂ ਜੀ

ਏਧਰ ਖਬਰ ਪੰਜਾਬ ਦੀ ਗਈ ਬੁਰੀ, ਗੁਰ ਖ੍ਵਾਰੀਆਂ ਭਾਰੀਆਂ ਡਾਰੀਆਂ ਜੀ
ਜਾਨ ਦੂੰਹ ਪਾਸੀਂ ਆਨ ਟੰਗ ਘਤੀ, ਬਾਹਾਂ ਪਾਪ ਨੇ ਆਣ ਪਸਾਰੀਆਂ ਜੀ
ਗੁਸੇ ਵਿਚ ਭਰੇ ਤੁਰਤ ਹੁਕਮ ਦਿਤਾ, ਫੌਜਾਂ ਚੜ੍ਹਨ ਪੰਜਾਬ ਨੂੰ ਭਾਰੀਆਂ ਜੀ
ਬੰਨ੍ਹ ਲਯਾਵਣਾ ਗੁਰੂ ਗੋਬਿੰਦਸਿੰਘ ਨੂੰ, ਦੇਵਾਂ ਦੂਣੀਆ ਫੇਰ ਸਰਦਾਰੀਆਂ ਜੀ
ਜੜ੍ਹਨ ਪੈਦਲ ਸਵਾਰ ਕਰਤਾਰ ਸਿੰਘਾ, ਏਸ ਵਕਤ ਹੀ ਕਰ ਤਯਾਰੀਆਂ ਜੀ

ਤੁਲਾ

ਅਮੀਰ ਖਾਂ ਜੋ ਖਾਨ ਤਿਰਾਵੜੀ ਦਾ; ਸੈਦ ਖਾਂ, ਹੈਬਤ ਖਾਂ ਖਾਨ ਚੰਗੇ
ਦੀਨਾ ਬੇਗ ਰਮਜਾਨ ਖਾਂ ਮੁਗਲ ਬੁਚੇ, ਕੰਮ ਜੰਗ ਦੇ ਵਿਚ ਸੁਜਾਨ ਚੰਗੇ
ਹੁਕਮ ਬਾਦਸ਼ਾਹ ਦਾ ਪਾ ਕੇ ਤਯਾਰ ਹੋਏ, ਲੈ ਕੇ ਵੀਹ ਹਜਾਰ ਜਵਾਨ ਚੰਗੇ
ਪੈਦਲ ਪਲਟਨਾਂ ਨਾਲ ਰਸਾਲਿਆਂ ਦਾ, ਹੋਰ ਜੰਗ ਦੇ ਸਾਜ ਸਮਾਨ ਚੰਗੇ
ਗਡੇ ਊਠ ਅਸਬਾਬ ਦੇ ਨਾਲ ਚਲੇ, ਧੂੜਾਂ ਉਡੀਆਂ ਝੁਲੇ ਨਿਸ਼ਾਨ ਚੰਗੇ
ਚੜ੍ਹੀ ਦਿਲੀਓਂ ਫੌਜ ਕਰਤਾਰ ਸਿੰਘਾ, ਹੁਣ ਪੈਣ ਵੇਖੋ ਘਮਸਾਨ ਚੰਗੇ

ਬਾਦਸ਼ਾਹ ਨੇ ਪੰਜਾਬ ਦੇ ਹਾਕਮਾਂ ਵਲ ਭੀ ਹੁਕਮ ਲਿਖਣਾ

ਦੇਸੀ ਹਾਕਮਾਂ ਦੇ ਵਲ ਹੁਕਮ ਲਿਏ, ਮੇਰੀ ਫੌਜ ਦੀ ਸਭ ਇਮਦਾਦ ਕਰਿਓ
ਆਪੋ ਆਪਣੀ ਫੌਜ ਲੈਨਾਲ ਚੜ੍ਹਨਾ ਅਛੀ ਤਰ੍ਹਾਂ ਮੇਰਾ ਹੁਕਮ ਯਾਦ ਕਰਿਓ
ਫੜ ਲਯਾਵਣਾਗੁਰੂ ਗੋਬਿੰਦਸਿੰਘ ਨੂੰ, ਓਹਦੇ ਸ਼ਾਨ ਸ਼ੌਕਤ ਬਰਬਾਦ ਕਰਿਓ
ਰਬ ਖੁਸ਼ੀ ਹੋਵੇ ਕਰਤਾਰ ਸਿੰਘਾ, ਤੁਸੀਂ ਮੋਮਨੋ ਖੂਬ ਜਹਾਦ ਕਰਿਓ

ਰਾਜਿਆਂ ਵਲ ਬਾਦਸ਼ਾਹੀ ਹੁਕਮ

ਬਾਰ ਬਾਰ ਤੁਹਾਡੀਆਂ ਅਰਜੀਆਂ ਤੇ, ਮੈਂ ਫੌਜ ਨੂੰ ਅਜੋ ਚੜ੍ਹਾਵਣਾਂ ਏਂ
ਪਰ ਯਾਦ ਰਖੋ ਤੁਸਾਂ ਨਾਲ ਮਿਲ ਕੇ ਜੰਗ ਗੁਰੂ ਦੇ ਨਾਲ ਮਚਾਵਣਾਂ ਏਂ
ਮੈਂ ਲਿਖਿਆ ਸਾਰਿਆਂ ਹਾਕਮਾਂ ਨੂੰ, ਫੌਜਾਂ ਭਾਰੀਆਂ ਨੇ ਚੜ੍ਹ ਆਵਣਾਂ ਏਂ
ਪਰ ਜੰਗ ਦਾ ਖਰਚ ਖਰਚਾ ਬਹੁਤਾ ਤੁਸਾਂ ਆਪਣੀ ਵਲੋਂ ਪੁਚਾਵਣਾਂ ਏਂ
ਕੈਦ ਕਰ ਗੁਰੂ ਮੇਰੇ ਪਾਸ ਭੇਜੋ, ਓਹਦਾ ਜੋਰ ਬਰਬਾਦ ਕਰਾਵਣਾਂ ਏਂ
ਸਰੇ ਕੰਮ ਨ ਕੁਝ ਕਰਤਾਰ ਸਿੰਘਾ, ਅੰਤ ਭੈੜਿਓ ਤੁਸਾਂ ਪਛਤਾਵਣਾਂ ਏਂ

ਆਨੰਦਪੁਰ ਤੇ ਸ਼ਾਹੀ ਫੌਜਾਂ ਦੀ ਚੜ੍ਹਾਈ

ਜਵਾਨ ਦਿਲਿਓਂ ਵੀਹ ਹਜ਼ਾਰ ਚੜ੍ਹਿਆ, ਕਰ ਸਾਜ਼ ਸਮਾਨ ਤਯਾਰ ਚਲੇ
ਰਾਹ ਵਿਚੋਂ ਆ ਆ ਹਾਕਮ ਮਿਲਣ ਲਗੇ, ਜੰਗ ਲਈ ਪੈਦਲ ਅਸਵਾਰ ਚਲੇ
ਹਰ ਰੋਜ਼ ਭੀੜਾਂ ਜਾਣ ਵਧਦੀਆਂ ਜੀ, ਨਾਲ ਰਲ ਅਮੀਰ ਸਰਦਾਰ ਚਲੇ
ਰੌਲਾ ਬਹੁਤ ਰਾਹਾਂ ਵਿਚ ਪੈਣ ਲਗਾ, ਧੂੜਾਂ ਉਡੀਆਂ ਹੋ ਗੁਬਾਰ ਚਲੇ
ਖਬਰਾਂ ਦੇਸ ਪ੍ਰਦੇਸ ਦੇ ਵਿਚ ਹੋਈਆਂ, ਵੈਰੀ ਸਤਿਗੁਰਾਂ ਤੇ ਧੌਂਸਾ ਮਾਰ ਚਲੇ
ਆਨ ਹਿਲਜੁਲੀ ਪਈ ਕਰਤਾਰ ਸਿੰਘਾ, ਦਲ ਕਠੇ ਹੋ ਬੇਸ਼ੁਮਾਰ ਚਲੇ

ਇਕ ਸਿਖ ਨੇ ਸਤਿਗੁਰਾਂ ਨੂੰ ਖਬਰ ਦੇਣੀ

ਪਾਣੀਪਤ ਦੇ ਸਿਖ ਆ ਖਬਰ ਦਿਤੀ, ਫੌਜਾਂ ਭਾਰੀਆਂ ਗੁਰੂ ਜੀ ਆ ਰਹੀਆਂ
ਪੈਤੀਂ ਛਤੀ ਹਜ਼ਾਰ ਦੀ ਭੀੜ ਹੈ ਜੀ, ਫਜ਼ਨ ਆਪਨੂੰ ਦਿਲੀਓਂ ਧਾ ਰਹੀਆਂ
ਅੰਤ ਤੋਪਾਂ ਜੰਬੂਰਿਆਂ ਕੁਝ ਨਾਹੀਂ; ਰਾਹ ਕੂਚ ਦਰ ਕੂਚ ਮੁਕਾ ਰਹੀਆਂ
ਬੰਦੋਬਸਤ ਕਰ ਲੋ ਕਰਤਾਰ ਸਿੰਘਾ, ਘਟਾ ਵੈਰੀਆਂ ਸਮਝ ਲੋ ਛਾ ਰਹੀਆਂ

ਦੇਸ ਵਿਚ ਸਿਖਾਂ ਦਾ ਜੋਸ਼

ਮਾਝੇ ਮਾਲਵੇ ਵਿਚ ਖਬਰ ਹੋਈ, ਫੌਜਾ ਭਾਰੀਆਂ ਸ਼ਾਹ ਚੜ੍ਹਾਈਆਂ ਨੇ
ਕੀਤੀ ਬੇਈਮਾਨੀ ਵਡੀ ਰਾਜਿਆਂ ਨੇ, ਸਤਿਗੁਰਾਂ ਤੇ ਚੁਗਲੀਆਂ ਲਾਈਆਂ ਨੇ
ਸਿੰਘਾਂ ਸੇਵਕਾਂ ਖਾ ਕੇ ਜੋਸ਼ ਭਾਰਾ, ਛਡੇ ਕੰਮ ਧੰਦੇ ਅਤੇ ਵਾਹੀਆਂ ਨੇ
ਘਰੋਂ ਬੰਨ ਕੇ ਖਰਚ ਹਥਯਾਰ ਲੈ, ਲੈ, ਝਟਾ ਪਟ ਆਏ ਕਰ ਧਾਈਆਂ ਨੇ
ਜਿਸ ਸੁਣਿਆ ਓਹੋ ਹੀ ਉਠ ਟੁਰਿਆ, ਖਬਰਾ ਹੋਰਨਾਂ ਤਾਈਂ ਪੁਚਾਈਆਂ ਨੇ
ਸਤਿਗੁਰਾਂ ਬਦਲੇ ਜਾਨਾਂ ਦੇਣ ਲਈ, ਹਸ ਹਸ ਟੋਰੇ ਪੁਤਰ ਮਾਈਆਂ ਨੇ
ਘੱਲੇ ਤੀਵੀਆਂ ਨੇ ਪਤੀ ਨਾਲ ਖੁਸ਼ੀਆਂ, ਭਾਈ ਵਿਦਾ ਕੀਤੇ ਸਕੇ ਭਾਈਆਂ ਨੇ
ਪੈ ਗਈ ਵਹੀਰ ਅਨੰਦ ਪੁਰ ਨੂੰ, ਜਾ ਕੇ ਗੁਰਾਂ ਨੂੰ ਫਤੇ ਬੁਲਾਈਆਂ ਨੇ
ਹੌਲੀ ਹੌਲੀ ਅਕਠ ਹੋ ਗਿਆ ਭਾਰਾ, ਸਿਘਾਂ ਤਾਕਤਾ ਆਨ ਵਧਾਈਆਂ ਨੇ
ਦਸ ਬਾਰਾਂ ਹਜ਼ਾਰ ਕਰਤਾਰ ਸਿੰਘਾ, ਜਮਾ ਹੋ ਗਏ ਤੇਗਾ ਚਾਈਆਂ ਨੇ

ਅਨੰਦਪੁਰ ਦੀਆਂ ਤਕੜਾਈਆਂ ਤੇ ਖਾਲਸੇ ਨੂੰ ਉਪਦੇਸ਼

ਦਸ ਬਾਰਾਂ ਹਜ਼ਾਰ ਦਾ ਕਠ ਹੋਯਾ, ਘਰੋਂ ਜੂਝਣੇ ਨੂੰ ਸਿੰਘ ਆਏ ਸਾਰੇ

ਸਤਿਗੁਰਾਂ ਉਤੇ ਕੁਰਬਾਨ ਹੋਣਾ, ਵੈਰੀ ਰਣ ਦੇ ਵਿਚ ਖਪਾਏ ਸਾਰੇ
ਲੇਖੇ ਸਤਿਗੁਰਾ ਦੇ ਸਾਰੀ ਦੇਹ ਲਗੇ, ਮੋਹ ਮਮਤਾ ਆਏ ਚੁਕਾਏ ਸਾਰੇ
ਖੁਸ਼ੀ ਨਾਲ ਸ਼ਹੀਦੀਆਂ ਪਾਣ ਆਏ, ਵੈਰੀ ਮਾਰਨ ਆਏ ਖਾਕ ਰੁਲਾਏ ਸਾਰੇ
ਓਧਰ ਵੈਰੀ ਨੇੜੇ ਨੇੜੇ ਆਈ ਜਾਂਦੇ, ਭੇਦ ਗੁਰੂ ਜੀ ਨੇ ਸੁਣ ਪਾਏ ਸਾਰੇ
ਲੋਹਗੜ੍ਹ ਅਨੰਦਗੜ੍ਹ, ਕੇਸ ਗੜ੍ਹ ਜੀ, ਹੋਲ ਗੜ੍ਹ ਮਜਬੂਤ ਕਰਵਾਏ ਸਾਰੇ
ਚੌਹਾਂ ਕਿਲਿਆਂ ਤਾਈਂ ਮਜਬੂਤ ਕਰਕੇ, ਰਸਦ ਬਸਦ ਸਮਾਨ ਰਖਾਏ ਸਾਰੇ
ਜੰਗੀ ਸਾਜ਼ ਸਮਾਨ ਦੇ ਨਾਲ ਭਰੇ, ਲੋੜਵੰਦ ਅਸਬਾਬ ਪੁਚਾਏ ਸਾਰੇ
ਫੇਰ ਸਭ *ਜਥੇਦਾਰ ਕਰ ਕਠੇ ਚੰਗੇ ਜੰਗ ਦੇ ਢੰਗ ਸਮਝਾਏ ਸਾਰੇ
ਰਾਜਨੀਤ ਦੀ ਰੀਤ ਸੁਨਾ ਕਰ ਕੇ, ਵੇਲੇ, ਵੇਲੇ ਦੇ ਭੇਦ ਜਤਾਏ ਸਾਰੇ
ਫੇਰ ਆਖਦਾ ਖਾਲਸਾ ਸਿੰਘ ਬਣਿਓਂ ਵੈਰੀ ਦੇਸ ਦੇ ਹੁਮ ਹੁਮਾਏ ਸਾਰੇ
ਜੰਗ ਕਰਿਓ ਕਰਨ ਦਾ ਨਾਮ ਜਿਵੇਂ, ਬੇਵਨੇ ਗਰਦ ਮਿਲਾਏ ਸਾਰੇ
ਮਰਨੋਂ ਮਾਰਨੋਂ ਖਾਲਸਾ ਸੰਗਿਓ ਨਾ, ਲੜਿਓ ਹੌਂਸਲੇ ਤਈਂ ਵਧਾਏ ਸਾਰੇ
ਜੋ ਹੋਵਨਾ ਹੁਕਮ ਅਕਾਲ ਅੰਦਰ, ਆਸ ਸਖਿਓ ਏਹ ਤਕਾਏ ਸਾਰੇ
ਵੇਲਾ ਛਤ੍ਰੀ ਧਰਮ ਦੇ ਪਾਲਨੇ ਆ ਗਿਆ ਸੁਨੋ ਚਿਤ ਲਾਏ ਸਾਰੇ
ਜੇ ਸ਼ਹੀਦ ਹੋ ਗਏ ਤੇ ਮੁਕਤ ਪਾਇਓ, ਜਨਮ ਮਰਨ ਦੇ ਫੰਧ ਤੁੜਾਏ ਸਾਰੇ
ਜਿਤ ਗਏ ਤੇ ਰਾਜ ਪਰਤਾਪ ਤੁਹਾਡਾ, ਸੁਖ ਭੋਗੋਗੇ ਵੈਰੀ ਦਬਾਏ ਸਾਰੇ
ਸੋਈ ਸੂਰਮਾ ਜੋ ਧਰਮ ਹੇਤ ਲੜੇ, ਅੰਗ ਅੰਗ ਸਨਮੁਖ ਹੋ ਕਟਾਏ ਸਾਰੇ
ਓਹਦਾ ਜੰਮਣਾ ਸਫਲਾ ਜਗ ਅੰਦਰ, ਯਸ ਰਹੇ ਗ੍ਰੰਥ ਸੋ ਗਾਏ ਸਾਰੇ
ਇਤਯਾਦਿ ਉਪਦੇਸ਼ ਦੇ ਭੇਦ ਜੰਗੀ, ਸਤਿਗੁਰਾਂ ਨੇ ਖੂਬ ਲਿਖਾਏ ਸਾਰੇ
ਫੇਰ ਥਾਉਂ ਥਾਈਂ ਜਥੇ ਵੰਡ ਦਿਤੇ, ਚੌਹਾਂ ਕਿਲਿਆਂ ਵਿਚ ਬਿਠਾਏ ਸਾਰੇ
ਏਹੋ ਹੁਕਮ ਅਕਾਰ ਕਰਤਾਰ ਸਿੰਘਾ, ਆਪੇ ਓਸ ਨੇ ਖੇਲ ਰਚਾਏ ਸਾਰੇ

---

*ਸਤਿਗੁਰਾਂ ਦੇ ਜਥੇਦਾਰ—ਰਾਮ ਸਿੰਘ, ਆਲਮ ਸਿੰਘ, ਨਾਹਰ ਸਿੰਘ, ਉਦੇ ਸਿੰਘ, ਬਚਿਤ੍ਰ ਸਿੰਘ, ਦਯਾ ਸਿੰਘ ਧਰਮ ਸਿੰਘ, ਸਾਹਿਬ ਸਿੰਘ, ਦੇਵਾ ਸਿੰਘ, ਟੇਕ ਸਿੰਘ, ਕਪਾਲ ਸਿੰਘ ਮਾਨ, ਸਿੰਘ, ਲਾਲ ਸਿੰਘ, ਜੇਠਾ ਸਿੰਘ, ਸੰਤ ਸਿੰਘ, ਮੈਮੂ ਖਾਂ, ਸੈਦ ਬੇਗ ਖਾਂ, ਨੰਦ ਸਿੰਘ, ਮੁਹਕਮ ਸਿੰਘ, ਹਿੰਮਤ ਸਿੰਘ, ਪਵਿਤ੍ਰ ਸਿੰਘ ਈਸ਼ਰ ਸਿੰਘ, ਨਾਹਰ ਸਿੰਘ, ਸ਼ੇਰ ਸਿੰਘ ਆਦਿਕ।

### ਵੈਰੀਆਂ ਦੀ ਫ਼ੌਜ ਦੀ ਧੂਮ ਧਾਮ

ਫੌਜਾਂ ਕਠੀਆਂ ਵਿਚ ਸਰਹੰਦ ਹੋਈਆਂ, ਏਥੋਂ ਰਲ ਚੜ੍ਹੇ ਅਦੋ ਖਾਨ ਬਹੁਤੇ
ਹੋਯਾ ਨਾਲ ਵਜ਼ੀਰ ਖਾਂ ਮਹਾਂ ਪਾਪੀ, ਲੈ ਕੇ ਜੰਗ ਦੇ ਸਾਜ ਸਾਮਾਨ ਬਹੁਤੇ
ਸਾਰੇ ਰਾਹਾਂ ਦੇ ਵਿਚ ਪੈ ਗਿਆ ਰੌਲਾ, ਕਠੇ ਹੋ ਚੜ੍ਹੇ ਮੁਸਲਮਾਨ ਬਹੁਤੇ
ਵਿਚ ਕੋਹਾਂ ਦੇ ਲਸ਼ਕਰਾਂ ਲਾਰ ਬਧੀ, ਉਡ ਚੜ੍ਹੇ ਗੁਬਾਰ ਅਸਮਾਨ ਬਹੁਤੇ
ਲੋਕ ਕੰਬ ਉਠੇ ਲੇਖ ਲਸ਼ਕਰਾਂ ਨੂੰ, ਮੂੰਹ ਆਈਆਂ ਗਲਾਂ ਸੁਨਾਨ ਬਹੁਤੇ
ਫੜਨ ਚਲੇ ਏਹ ਗੁਰੂ ਗੋਬਿੰਦ ਸਿੰਘ ਨੂੰ, ਓਥੇ ਹੋਣਗੇ ਭਾਈ ਘਮਸਾਨ ਬਹੁਤੇ
ਕੋਈ ਆਖਦਾ ਉਥੇ ਤਾਂ ਸਿੰਘ ਥੋੜੇ, ਏਹ ਚੜ੍ਹੇ ਨੇ ਮੁਗ਼ਲ ਪਠਾਨ ਬਹੁਤੇ
ਕੋਈ ਆਖਦੇ ਫੇਰ ਕੀ ਹੋ ਗਿਆ, ਹੈਨ ਗੁਰੂ ਤੇ ਸਿੰਘ ਬਲਵਾਨ ਬਹੁਤੇ
ਅਗੇ ਕਈ ਵੇਰਾਂ ਹਾਰਾਂ ਖਾ ਗਏ, ਸਣੇ ਰਾਜਿਆਂ ਪਾ ਨੁਕਸਾਨ ਬਹੁਤੇ
ਏਸੇ ਤਰਾਂ ਫੌਜਾਂ ਰੋਪੜ ਆ ਈਆਂ, ਅਗੋਂ ਮਿਲ ਪਏ ਰਾਜੇ ਆਨ ਬਹੁਤੇ
ਇਕ ਬੜਾ ਭਾਰੀ ਲਸ਼ਕਰ ਹੋ ਗਿਆ, ਸਵਾ ਲਖ ਤੋਂ ਵਧ ਸੁਨਾਨ ਬਹੁਤੇ
ਲੰਘ ਆਏ ਸਤਿਲੁਜ ਕਰਤਾਰ ਸਿੰਘਾ, ਕਾਹਲੇ ਪੈ ਗਏ ਸਿੰਘ ਸੁਜਾਨ ਬਹੁਤੇ

### ਸ੍ਰੀ ਦਸਮੇਸ਼ ਜੀ ਨੇ ਕਿਲ੍ਹਿਆਂ ਤੋਂ ਦੂਰ ਅਗੇ ਵਧ ਕੇ ਮੋਰਚੇ ਕਾਇਮ ਕਰਨੇ

ਦੋ ਤਿੰਨ ਕੋਹ ਵਧ ਕੇ ਅਗਾਂਹ ਗੁਰੂ ਜੀ, ਕਈ ਮੋਰਚੇ ਜਾ ਜਮਾ ਲਏ
ਚਲੇ ਆਂਵਦੇ ਵੈਰੀ ਦੇ ਰੋਕਨੇ ਨੂੰ, ਅਛੇ ਚੰਗੇ ਪ੍ਰਬੰਧ ਕਰਾ ਲਏ
ਲੰਘ ਬਾਊ ਥਾਂ ਵੰਡ ਬੈਠਾ ਦਿਤੇ, ਜੋਸ਼ ਦਿਲਾਂ ਦੇ ਵਿਚ ਵਧਾ ਲਏ
ਮਦਦ ਵਾਸਤੇ ਆਪਣੇ ਨਾਲ ਸਾਥੀ, ਸਿੰਘ ਚਾਰ ਹਜ਼ਾਰ ਰਖਾ ਲਏ
ਸ਼ੇਰਾਂ ਭੁਖਿਆਂ ਦੇ ਵਾਂਗ ਤਾੜ ਰਹੇ, ਬੈਠ ਮੋਰਚੀਂ ਤੋੜੇ ਧੁਖਾ ਲਏ
ਵੈਰੀ ਨੇੜੇ ਆ ਗਏ ਕਰਤਾਰ ਸਿੰਘਾ, ਸਮਾਚਾਰ ਸਾਰੇ ਸੁਣ ਪਾ ਲਏ

### ਸ਼ਾਹੀ ਫੌਜ ਦਾ ਪਹਿਲਾ ਹਲਾ

ਫਗਨ ਗਿਆ ਸਤਾਰਾਂ ਉਨਾਨਵੇਂ ਦਾ, ਵੈਰੀ ਚੜ੍ਹ ਕੇ ਬੇਸ਼ੁਮਾਰ ਆਏ
ਹੁਣੇ ਘੇਰਨਾ ਜਾ ਅਨੰਦ ਪੁਰ ਨੂੰ ਲੁਟ ਪੁਟ ਲੈਣਾ ਦਿਬੋਂ ਧਾਰ ਆਏ
ਜਾੜ੍ਹੇ ਨਾਲ ਫੌਜਾਂ ਅਜ ਭਾਰੀਆਂ ਨੇ, ਫੜ ਲਵਾਂਗੇ ਗੁਰੂ, ਵਿਚਾਰ ਆਏ
ਜਿਥੋਂ ਨਜ਼ਰੀਂ ਪਿਆ ਅਨੰਦਪੁਰ ਸੀ, ਬੂਹੇ ਹੋ ਗਏ ਵਿਚ ਹੰਕਾਰ ਆਏ

ਖਾਲੀ ਸਾਰਾਮੈਦਾਨ ਨਹੀਂਦਿਸਦਾਸੀ, ਸਿਧੇ ਸ਼ਹਿਰਦੇ ਵਲ ਲਲਕਾਰ ਆਏ
ਅਗੇ ਫੌਜ ਅਮੀਰ ਖਾਂ ਲਾਈ ਹੋਈ, ਬਿਨਾਂ ਵਾਕਫੀ ਸੀ ਪਹਿਲੀਵਾਰ ਆਏ
ਆਯਾ ਸਿਧਾ ਮੈਮੂੰਖਾਂ ਦੇ ਮੋਰਚੇ ਤੇ, ਜਦੋਂ ਹੇਠ ਬੰਦੂਕਾਂ ਦੀ ਮਾਰ ਆਏ
ਡੱਭ ਦਿਤੀਆਂ ਜਵਾਲਾ ਬਿਮੰਤੀਆਂ ਧਾ, ਵੈਰੀ ਡਿਗ ਪਏ ਦੜਾਂਦਾੜ ਆਏ
ਦੋ ਚਾਰ ਉਤੇ ਤਿਭੀ ਫੇਰ ਆਏ, ਢਾਹ ਲਏ ਪਿਆਧੇ ਅਸਵਾਰ ਆਏ
ਜਿਧਰ ਹਟਦੇ ਓਧਰੋ ਵਗੇ ਗੋਲੀ, ਓਹ ਮੋਰਚੇ ਸੀ ਫਲਦਾਰ ਆਏ
ਵੈਰੀ ਬਹੁਤ ਨੁਕਸਾਨ ਉਠਾ ਕਰਕੇ; ਪਿਛਾਂ ਹਟੇ ਨ ਤੇਜ ਰਫਤਾਰ ਆਏ
ਪਤਾ ਲਗ ਗਿਉ ਨੇ ਅਗੇ ਜਾਂਦੇ ਨੇ,ਅਗੂੰ ਫੇਰ ਨਾ ਧਾਰ ਬਲਕਾਰ ਆਏ
ਫੇਰ ਥੰਮ੍ਹ ਕੇ ਫੌਜ ਲੜਾਨ ਲਗੇ, ਹੋਣ ਗੋਲੀ ਤੇ ਤੀਰਾਂ ਦੇ ਵਾਰ ਆਏ
ਓਹ ਜੰਜਲਾਂ ਜਮੂਰੇ ਕਰਤਾਰ ਸਿੰਘਾ, ਪਾਣ ਲਗ ਪਏ ਕੜਕਾੜ ਆਏ

ਮੈਮੂੰ ਖਾਂ ਤੇ ਸੈਦ ਬੇਗ ਦੀ ਬਹਾਦਰੀ

ਤੋਪਾਂ ਹਲਕੀਆਂ ਦੀ ਇਮਦਾਦ ਲੈਕੇ, ਵੈਰੀ ਮੋਰਚੇ ਦੇ ਉਤੇ ਵਧ ਆਯਾ
ਏਹ ਵੇਖਕੇ ਮੈਮੂੰ ਖਾਂ,ਸੈਦਖਾਂ ਨੇ, ਬਾਹਰ ਨਿਕਲ ਤਲਵਾਰ ਦਾ ਜੰਗ ਚਾਹਯਾ
ਹਲਾ ਬੋਲਕੇ ਨਾਲ ਲੈ ਖਾਲਸੇ ਨੂੰ, ਵਿਚ ਵੈਰੀਆਂ ਵੜ ਤਰਥਲ ਪਾਯਾ
ਪੈਹਲਾ ਹਥਹੋ ਸਿੰਘਾਂਨੇ ਸਮਝਕਰਕੇ;ਖੰਡਾ ਗੜਬਦੇ ਵਿਚ ਆਜਿਹਾ ਵਾਹਯਾ
ਇਕ ਵਾਰ ਸਥਾਰ ਵਿਛਾ ਦਿਤੇ, ਜਿਵੇਂ ਖੇਤ ਜਵਾਰ ਕਿਰਸਾਨ ਵਾਹਯਾ
ਓਧਰ ਵੈਰੀਆਂ ਨੇ ਹਲਾ ਬੋਲ ਦਿਤਾ, ਏਧਰ ਖਾਲਸੇ ਨੂੰ ਹੂਰਾਂ ਚਾ ਤਾਹਯਾ
ਅੱਲੀ ਅੱਲੀ, ਅਕਾਲ ਤੇ ਰਾਮ, ਦੇਵੀ, ਬੋਲ ਬੋਲ ਜਵਾਨਾਂ ਨੇ ਜੋਰ ਲਾਯਾ
ਮਚ ਪਿਆ ਘਮਸਾਨ ਕ੍ਰਤਾਰ ਸਿੰਘਾ, ਘਟਾ ਉਤ ਅਸਮਾਨ ਗੁਬਾਰ ਛਾਯਾ

ਪਹਿਲੇ ਦਿਨ ਦਾ ਘੋਰ ਜੰਗ

ਫੌਜ ਵੈਰੀਆਂ ਦੀ ਵਧ ਸਵਾ ਲਖੋਂ, ਪਿਛੇ ਲਗੇ ਸਾਮਾਨ ਅੰਬਾਰ ਪਏ
ਸਿੰਘ ਗੇਣਤੀ ਦੇ ਅਗੇ ਥੋੜੇ ਜਹੇ, ਓਹ ਭੀ ਸਿਖੇ ਨ ਜੰਗ ਦੀ ਕਾਰ ਪਏ
ਜੰਗ ਸ਼ੇਰ ਪਹਾੜ ਦਾ ਮਚ ਪਿਆ, ਦੋਹਾਂ ਪਾਸਿਆਂ ਤੋਂ ਲਲਕਾਰ ਪਏ
ਓਧਰ ਹਾਕਮ ਪਹਾੜੀਏ ਜ਼ੋਰ ਲਾਂਦੇ, ਵਧ ਖਾਲਸੇ ਦੇ ਜਥੇਦਾਰ ਪਏ
ਜੰਗ ਤੀਰਾਂ ਬੰਦੂਕਾਂ ਦਾ ਸਮਝ ਔਖਾ, ਸਿੰਘ ਬਾਓਂ ਬਾਂ ਧੂਹ ਤਲਵਾਰ ਪਏ

ਬੋਲਾ ਉੱਚੀ ਅਕਾਲ ਅਕਾਲ ਕਰਦੇ, ਟੁਟ ਵੈਰੀਆਂ ਤੇ ਇਕੋ ਵਾਰ ਪਏ
ਛੁਰੀ ਵਾਂਙ ਤਲਵਾਰ ਦੀ ਧਰ ਦਿਤੀ, ਕਰਦੇ ਸਾਹਮਣੇ ਥੀਂ ਮਾਰੋ ਮਾਰ ਪਏ
ਸੈ ਮਾਵਾਂ ਦੇ ਪੁਤ ਦੋ ਧੜ ਹੋਏ, ਅਗੋਂ ਵੈਰੀ ਵੀ ਹੋ ਖਬਰਦਾਰ ਪਏ
ਵਿਚ ਪਲੋਂ ਪਲੀ ਹਥੋ ਹਥੀ ਹੋਏ, ਜਿੰਦਾਂ ਦੇ ਮੈਦਾਨ ਅਸਵਾਰ ਪਏ
ਘਾਨ ਬੁਰੇ ਮੈਦਾਨ ਦੇ ਵਿਚ ਲਥੇ, ਮੁਰਦੇ ਸੈਂਕੜੇ ਵਾਂਗ ਸਥਾਰ ਪਏ
ਮਾਸ ਖੂਨ ਤੇ ਮਿਝਦਾ ਘਾਨ ਹੋਯਾ, ਨੀਮ ਜਾਨ ਕਈ ਪੈਰ ਪਸਾਰ ਪਏ
ਚਲੀ ਬੁਰੀ ਤਲਵਾਰ ਕਰਤਾਰ ਸਿੰਘਾ, ਦੋਹਾਂ ਪਾਸਿਆਂ ਦੇ ਯੋਧੇ ਹਾਰ ਪਏ

ਮੈਮੂੰ ਖਾਂ, ਸੈਦ ਬੇਗ ਦਾ, ਹਰੀਚੰਦ ਆਦਿਕ ਦੂਤਰਫਾਂ ਦੇ ਜਥੇਦਾਰਾਂ ਦਾ ਮਰਨਾ

ਪਹਿਲੇ ਦਿਨ ਹੀ ਘੋਰ ਸੰਗ੍ਰਾਮ ਪਿਆ, ਸਿੰਘਾਂ ਵਧ ਕੇ ਹਥ ਦਿਖਾਏ ਚੰਗੇ
ਗੁਰੂ ਜੀ ਨੇ ਭੀ ਹਥ ਧਨਖ ਲੈਕੇ, ਪਾਓ ਪਾਓ ਦੇ ਖਪਰੇ ਵਾਹੇ ਚੰਗੇ
ਧੂਹ ਧੂਹ ਵਿਚੋਂ ਚਹੁੰ ਚਹੁੰ ਵਿਚੋਂ, ਇਕੋ ਵਾਰ ਹੀ ਪਾਰ ਲੰਘਾਏ ਚੰਗੇ
ਵੈਰੀ ਵਧਕੇ ਆਉਂਦੇ ਜਿਨ ਪਾਸੇ, ਓਸੇ ਪਾਸੇ ਜਾ ਮਾਰ ਹਟਾਏ ਚੰਗੇ
ਦੋਹਾਂ ਪਾਸਿਆਂ ਦੇ ਯੋਧੇ ਬਹੁਤ ਮਰੇ, ਜੋਰ ਆਪਣੇ ਆਪਣੇ ਲਾਏ ਚੰਗੇ
ਮੈਮੂੰ ਖਾਂ ਹਥੋਂ ਹਰੀ ਚੰਦ ਮਰਿਆ, ਸੈਦਬੇਗ ਖਾਂ ਵੈਰੀ ਮੁਕਾਏ ਚੰਗੇ
ਦੀਨਾਬੇਗ ਹਥੋਂ ਸੈਦਬੇਗ ਮਰਿਆ, ਸਿਖੀ ਸਿਦਕ ਪਰੇਮ ਨਿਬਾਹੇ ਚੰਗੇ
ਦੀਨਾਬੇਗ ਭੀ ਜ਼ਖਮੀ ਬਹੁਤ ਹੋਯਾ, ਤੇਗੇ ਖਾਲਸੇ ਨੇ ਵਧ ਵਾਹੇ ਚੰਗੇ
ਦੋ ਪਹਿਰ ਇਉਂ ਖੋਹ ਕੇ ਜੰਗ ਹੋਯਾ, ਹਲੇ ਵੈਰੀ ਦੇ ਸਿੰਘਾਂ ਤੁੜਾਏ ਚੰਗੇ
ਖਾਨ ਹੋਏ ਹੈਰਾਨ ਕਰਤਾਰ ਸਿੰਘਾ, ਜਦੋਂ ਖਾਲਸੇ ਨੇ ਘਾਨ ਲਾਹੇ ਚੰਗੇ

ਸੈਦੇ ਖਾਂ ਦਾ ਪ੍ਰੇਮ

ਸੈਦੇਖਾਂ ਅਫਸਰਦਿਲੀ ਵਾਲਿਆਂ ਦਾ, ਨੇਕ ਮਰਦ ਤੇ ਰਬਦੇ ਪਿਆਰ ਵਾਲਾ
ਮੇਲੀ ਪੀਰਾਂ ਫਕੀਰਾਂ ਦਾ ਮੁਢ ਤੋਂ ਸੀ, ਦਿਲੋਂ ਨਰਮ ਤੇ ਖੌਫ ਕਰਤਾਰ ਵਾਲਾ
ਸਿਫਤ ਕਈਆਂ ਤੋਂ ਗੁਰਾਂ ਦੀ ਸੁਣੀ ਹੋਈ, ਸ਼ੌਕ ਜਾਗਯਾ ਓਹਨੂੰ ਦੀਦਾਰ ਵਾਲਾ
ਚਿਤ ਮਿਲਨ ਨੂੰ ਕਰੇ ਕਰਤਾਰ ਸਿੰਘਾ, ਪਰ ਮਾਰਦਾ ਡਰ ਸਰਕਾਰ ਵਾਲਾ

ਤਥਾ

ਦੂਰੋਂ ਵੇਖਯਾ ਗੁਰਾਂ ਦਾ ਰੂਪ ਉਸ ਨੇ, ਚਿਤ ਓਸਦਾ ਹੋਰ ਦਾ ਹੋਰ ਹੋਯਾ

ਮੁਖ ਚੰਦ ਅਮੰਦ ਆਨੰਦ ਭਰਿਆ, ਸੈਦੇ ਖਾਂ ਦਾ ਚਿਤ ਚਕੋਰ ਹੋਯਾ
ਜਿਵੇਂ ਸ਼ਮ੍ਹਾਂ ਨੂੰ ਵੇਖ ਪਤੰਗ ਹੋਵੇ, ਚਿਤ ਖਿਚਿਆ ਗੁਡੀ ਦੀ ਡੋਰ ਹੋਯਾ
ਆਉਂਦੇ ਮੇਘਨੂੰ ਵੇਖ ਕਰਤਾਰ ਸਿੰਘਾ,ਮਸਤ ਵਿਚ ਜੰਗਲਾ ਜਿਵੇਂ ਮੋਰ ਹੋਯਾ

ਸੈਦੇ ਖਾਂ ਨੇ ਆਪਣੇ ਧਿਆਨ ਵਿਚ ਸਤਿਗੁਰਾਂ ਨੂੰ ਯਾਦ ਕਰਨਾ

ਰੂਪ ਅਖਾਂ ਬਾਣੀਂ ਰਿਦੇ ਜਾ ਵੜਿਆ, ਵਗੀ ਹੋਰ ਪਰੇਮ ਦੀ ਵਾਓ ਆਕੇ
ਵੇਂਹਦਾ ਰੂਪ ਨੂੰ ਅੰਦਰੇ ਮਸਤ ਹੋਯਾ, ਲਗ ਗਈ ਸਮਾਧ ਸਭਾਓ ਆਕੇ
ਜਿਥੇ ਹੈਸੀ ਖਲੋਤਾ ਰਹਿ ਗਿਆ, ਭੁਲ ਗਏ ਲੜਾਈ ਦੇ ਦਾਓ ਆਕੇ
ਮੂੰਹੋਂ ਪਿਆ ਆਖੇ ਧੰਨ ਧੰਨਯ ਗੁਰੂ, ਦਿਲੋਂ ਵੇਖਨੇ ਦੇ ਉਠੇ ਚਾਓ ਆਕੇ
ਦਿਲ ਵਿਚ ਭੀ ਬੇਨਤੀ ਕਰਨ ਲਗਾ, ਮੈਨੂੰ ਪਾਪ ਦੀਦਾਰ ਦਿਖਾਓ ਆਕੇ
ਮੈਂ ਆਪਦੇ ਪਾਸ ਆ ਸਕਦਾ ਨਹੀਂ, ਮੇਰੀ ਤੁਸੀਂ ਹੀ ਆਸ ਪੁਚਾਓ ਆਕੇ
ਹਿਰਦੇ ਕਾਹਲ ਦੀਦਾਰ ਦੀ ਨੀਰਅਖੀਂ,ਖਾਧਾ ਚਿਤਨੇ ਇਉਂ ਉਲਟਾਓ ਆਕੇ
ਕੀਤੀ ਪ੍ਰੇਮ ਨੇ ਖਿਚ ਕਰਤਾਰ ਸਿੰਘਾ,ਵਿਚ ਚਿਤ ਦੇ ਪ੍ਰਗਟਿਆ ਭਾਅ ਆਕੇ

ਸ੍ਰੀ ਦਸਮੇਸ਼ ਜੀ ਨੇ ਤੁਰਕਾਨੀ ਦਲ ਵਿਚ ਸੈਦੇ ਖਾਂ ਨੂੰ ਦੀਦਾਰ ਦੇਣਾ

ਸਚੇ ਦਿਲੋਂ ਜਾਂ ਖਾਨ ਨੇ ਯਾਦ ਕੀਤਾ, ਹੋਈ ਖਿਚ ਪਰੇਮ ਦੀ ਆ ਕਰਕੇ
ਸਦਾ ਵਸ ਪਰੇਮ ਦੇ ਗੁਰੂ ਸਾਹਿਬ, ਓਸੇ ਵਕਤ ਹੀ ਘੋੜਾ ਦੁੜਾ ਕਰਕੇ
ਦਲ ਵੈਰੀਆਂ ਦੇ ਵਿਚ ਲੰਘ ਗਏ, ਖੜੇ ਪਾਸ ਸੈਦੇ ਖਾਨ ਜਾ ਕਰਕੇ
ਅਖਾਂ ਖੋਲਕੇ ਵੇਖ ਕਰਤਾਰ ਸਿੰਘਾ, ਕਹਿਆ ਸ੍ਰੀ ਦਸਮੇਸ਼ ਸੁਲਾ ਕਰਕੇ

ਸੈਦੇ ਖਾਂ ਨੇ ਸਤਿਗੁਰਾਂ ਦੇ ਚਰਨਾਂ ਤੇ ਡਿਗ ਪੈਣਾ

ਚਿਹਰਾ ਨੂਰ ਭਰਿਆਂ ਅਖਾਂ ਖੋਲ ਡਿਠਾ, ਸੈਦੇ ਖਾਂ ਤਾਂ ਖੁਸ਼ ਕਮਾਲ ਹੋਯਾਂ
ਕੌਲ ਫੁਲ ਵਾਂਗੂੰ ਅਖਾਂ ਖਿੜ ਗਈਆਂ, ਸਤਿਗੁਰਾਂ ਦਾ ਜਦੋਂ ਜਮਾਲ ਹੋਯਾਂ
ਉਤਰ ਘੋੜਿਓਂ ਚਰਨਾਂ ਤੇਡਿਗ ਪਿਆ,ਇਕ ਪਲਕ ਦੇ ਵਿਚ ਨਿਹਾਲ ਹੋਯਾ
ਨਦਰੀ ਨਦਰ ਨਿਹਾਲ ਕਰਤਾਰ ਸਿੰਘਾ,ਓਹ ਆਂਜਾਦਸੋ ਤੋੜ ਜੰਜਾਲ ਹੋਯਾ

ਸੈਦੇ ਖਾਂ

ਫੇਰ ਜੋੜਕੇ ਹਥ ਇਉਂ ਕਰੇ ਬਿਨਤੀ, ਚਾਰੋਂ ਤਰਫ ਸਨ ਆਪਦੇ ਖੜੇ ਵੈਰੀ

ਖੋਂਤ ਇਨ੍ਹਾਂ ਤੋਂ ਆਪ ਨੂੰ ਨਹੀਂ ਆਯਾ, ਲੰਘ ਆਏ ਹੋ ਵਿਚਦੂੰ ਨਾਲ ਖੈਰੀ
ਜਾਨ ਹੌਲਕੇ ਮੈਨੂੰ ਆ ਤਾਰਿਆ ਜੇ, ਤੁਹਾਡੀ ਖਾਦਮਾਂ ਨਾਲ ਪ੍ਰੀਤ ਗਹਿਰੀ
ਬੇੜਾ ਪਾਰ ਕਰ ਦਿਹੋ ਕਰਤਾਰ ਸਿੰਘਾ, ਮੈਨੂੰ ਡੰਗੇ ਨ ਫੇਰ ਏਹ ਕਾਲ ਜ਼ਹਿਰੀ

ਸ੍ਰੀ ਦਸਮੇਸ਼ ਜੀ

ਹਸ ਗੁਰੂ ਜੀ ਆਖਦੇ ਸੁਣ ਖਾਨਾਂ, ਸਾਰੇ ਰਬ ਦੀ ਜੋਤ ਸਮਾਈ ਹੋਈ ਏ
ਸਾਨੂੰ ਦਿਸਦੇ ਇਕੋ ਹੀ ਰੂਪ ਸਾਰੇ, ਹਿੰਦੂ ਤੁਰਕ ਦੀ ਹਦ ਮਿਟਾਈ ਹੋਈ ਏ
ਫੇਰ ਖੋਹ ਕਿਸਦੇ ਪਾਸੋਂ ਆਵਨਾ ਸੀ, ਏਹ ਸਾਡੀ ਹੀ ਖੇਲ ਰਚਾਈ ਹੋਈ ਏ
ਵੈਰੀ ਮਿਤ ਨ ਕੋਈ ਕਰਤਾਰ ਸਿੰਘਾ, ਬਾਜ਼ੀਗਰ ਵਾਂਗੂ ਖੇਲ ਪਾਈ ਹੋਈ ਏ

ਸੈਦੇ ਖਾਂ ਨੂੰ ਦਸਮੇਸ਼ ਜੀ ਦੇ ਆਖਣਾ ਕਿ ਵਾਰ ਕਰ ਲੈ

ਫੇਰ ਆਖਦੇ ਗੁਰੂ ਜੀ ਸੈਦੇ ਖਾਨਾ, ਚੜ੍ਹ ਘੋੜੇ ਤੇ ਖੂਬ ਸੰਭਾਰ ਕਰ ਲੈ
ਵੇਲਾ ਜੰਗ ਦਾ ਹੈ ਗਲਾਂ ਹੋਰ ਨ ਕਰ, ਤਕੜਾ ਹੋਕੇ ਆਪਣਾ ਵਾਰ ਕਰ ਲੈ
ਖਾਧੇ ਨਿਮਕ ਨੂੰ ਹੁਣ ਹਾਸਲ ਕਰੀਂ, ਵਾਰ ਤੀਰ ਤੇ ਚਾਹੇ ਤਲਵਾਰ ਕਰ ਲੈ
ਪਾਜ਼ੀ ਬਣਨਾ ਨਹੀਂ ਕ੍ਰਤਾਰ ਸਿੰਘਾ, ਮਰਦ ਬਣਕੇ ਜੰਗ ਹੁਸ਼ਿਆਰ ਕਰ ਲੈ

ਸੈਦੇ ਖਾਂ

ਝਟ ਫੇਰ ਕਦਮਾਂ ਉਤੇ ਡਿਗ ਪਿਆ, ਆਖੇ ਬਖਸ਼ ਲੌ ਤੇ ਚਾਰ ਜ਼ਾਰ ਹੋਵੇ
ਮੈਥੋਂ ਪੀਰ ਜੀ ਹੋਰ ਨ ਵਾਰ ਹੁੰਦਾ, ਮੇਰਾ ਇਹੋ ਹੀ ਸਫਲਾ ਵਾਰ ਹੋਵੇ
ਪੈਣੋਂ ਦੋਜ਼ਖੋਂ ਮੈਨੂੰ ਬਚਾ ਲੌ ਜੀ, ਬੇੜਾ ਭਵਜਲੋਂ ਚਾ ਮੇਰਾ ਪਾਰ ਹੋਵੇ
ਜੀਊਂਦਾ ਜਦ ਤਕ ਰਹਾਂ ਕਰਤਾਰ ਸਿੰਘਾ, ਨਿਤਆਪਦਾ ਪਾਕ ਦੀਦਾਰ ਹੋਵੇ

ਸੈਦੇ ਖਾਂ ਨੂੰ ਨਿਹਾਲ ਕਰਕੇ ਸ੍ਰੀ ਦਸਮੇਸ਼ ਜੀ ਨੇ ਆਪਣੇ ਦਲ ਵਿਚ ਆ ਜਾਣਾ

ਸੈਦੇ ਖਾਂ ਦੀ ਵੇਖ ਪ੍ਰੀਤ ਸਚੀ, ਸਤਿਨਾਮ ਦੇਕੇ ਬੇੜਾ ਪਾਰ ਕੀਤਾ
ਇਕ ਨਜ਼ਰ ਦੇ ਵਿਚ ਨਿਹਾਲ ਕਰਕੇ, ਘੋੜਾ ਮੋੜਕੇ ਪਿਛਾਂ ਮੁਹਾਰ ਕੀਤਾ
ਸੈਦੇ ਖਾਂ ਭੀ ਗਿਆ ਵਿਰੱਕਤ ਹੋ ਕੇ, ਦੂਰ ਦਿਲ ਤੋਂ ਮੋਹ ਸਸਾਰ ਕੀਤਾ
ਸਾਫ ਨਿਕਲ ਆਏ ਕਰਤਾਰ ਸਿੰਘਾ, ਭਾਵੇਂ ਵੈਰੀਆਂ ਜ਼ੋਰ ਬਿਸਯਾਰ ਕੀਤਾ

ਸੈਦੇ ਖਾਂ ਦੇ ਤੁਰਨ ਰਮਜ਼ਾਨ ਖਾਂ ਨੇ ਸਤਿਗੁਰਾਂ ਤੇ ਹਲਾ ਕਰਨਾ

ਪਿਛਾਂ ਮੁੜਦਿਆਂ ਗੁਰਾਂ ਨੂੰ ਵੇਖ ਕਰਕੇ, ਹਲਾ ਕਰਕੇ ਖਾਨ ਰਮਜ਼ਾਨ ਆਯਾ
ਪੀਰ ਹਿੰਦ ਦਾ ਜਾਂਵਦਾ ਫੜ ਲੈ ਓਏ, ਸ਼ੋਰ ਪਾਂਵਦਾ ਇਉਂ ਪਠਾਨ ਆਯਾ
ਐਲੀ ਐਲੀ ਪੁਕਾਰ ਲੈ ਫੌਜ ਤਾਈਂ, ਫੜਨ ਵਾਸਤੇ ਜੋਰ ਨੂੰ ਠਾਨ ਆਯਾ
ਕੀਤੀ ਚਹੁੰ ਪਾਸੀਂ ਗੇਰਾ ਘਤਨੇ ਦੀ ਕਈ ਸੈ ਉਲਰ ਮੁਸਲਮਾਨ ਆਯਾ
ਇਧਰ ਗੁਰਾਂ ਭੀ ਤੀਰ ਚੜ੍ਹਾ ਚਿਲੇ, ਕੀਤੇ ਪਾਰ ਜੋ ਅਗੇ ਨਿਸ਼ਾਨ ਆਯਾ
ਚੌਹਾਂ ਪਾਸਿਆਂ ਤੋਂ ਗੋਲੀ ਤੀਰ ਵਰ੍ਹਿਆ, ਜਿਵੇਂ ਚੜ੍ਹਕੇ ਕਿਤੋਂ ਤੂਫਾਨ ਆਯਾ
ਵਾਲ ਵਾਲ ਸਤਿਗੁਰੂ ਜੀ ਬਚ ਗਏ ਕਰਨ ਰਖਯਾ ਆਪ ਭਗਵਾਨ ਆਯਾ
ਵਿਚ ਗੁਸੇ ਦੇ ਆਣਕੇ ਤੀਰ ਛਡੇ ਕਾਲ ਵੈਰੀਆਂ ਤਈਂ ਖਪਾਨ ਆਯਾ
ਪੰਜ, ਸਤ ਤੇ ਦਸਾਂ ਨੂੰ ਵਿੰਨ੍ਹ ਗਿਆ, ਨਹੀਂ ਡਰਦਾ ਨੇੜੇ ਜਾਨ ਆਯਾ
ਘੋੜਾ ਮਰ ਜ਼ਖਮੀ ਰਮਜ਼ਾਨ ਹੋਯਾ ਫੇਰ ਸਾਹਮਣੇ ਨ ਸ਼ੈਤਾਨ ਆਯਾ
ਭਲਾ ਗਿਦੜਾਂ ਤੋਂ ਸ਼ੇਰ ਕਿਵੇਂ ਰੁਕੇ, ਹਥ ਕਾਇਰਾਂ ਕਦੋਂ ਬਲਵਾਨ ਆਯਾ
ਸਾਫ ਨਿਕਲ ਆਏ ਕਰਤਾਰ ਸਿੰਘਾ, ਰਤੀ ਜ਼ਖਮ ਨ ਕਿਤੇ ਪਛਾਨ ਆਯਾ

ਸ੍ਰੀ ਦਸਮੇਸ਼ ਜੀ ਨੇ ਪਿਛਾਂਹ ਮੁੜਨਾ ਤੇ ਤੁਰਕੀ ਫੌਜ ਨੇ ਆਨੰਦਪੁਰ ਵਿਚ ਆ ਵੜਨਾ

ਘੋੜਾ ਮਾਰ, ਜਖਮੀ ਰਮਜਾਨ ਕਰਕੇ, ਸਤਿਗੁਰੂ ਜੀ ਤਾਜ਼ੀ ਦੁੜਾ ਗਏ
ਚੋਜੀ ਗੁਰੂ ਜੀ ਮਹਿਲਾਂ ਨੂੰ ਚਲੇ ਗਏ, ਵੈਰੀ ਭੜਕ ਪਿਛੋਂ ਜ਼ੋਰ ਪਾ ਗਏ
ਇਕ ਦਮ ਤੁਰਕ ਪਿਛੋਂ ਜ਼ੋਰ ਦੇਕੇ ਸਿਧੇ ਵਲ ਆਨੰਦਪੁਰ ਧਾ ਗਏ
ਭਾਵੇਂ ਤੋੜ ਜਾਨਾਂ ਸਿੰਘ ਬਹੁਤ ਲੜੇ, ਸ਼ਹਿਰ ਅਧੇ ਵਿਚ ਸ਼ੋਰ ਮਚਾ ਗਏ
ਤੇਗ ਵਿਚ ਅੰਧੇਰੇ ਦੇ ਬਹੁਤ ਚਲੀ ਬਹੁਤੇ ਸੂਰਮੇ ਜਿੰਦਾ ਗਵਾ ਗਏ
ਲੋਥਾਂ ਗਲੀ ਬਜ਼ਾਰਾਂ ਦੇ ਵਿਚ ਰੁਲੀਆਂ, ਲੋਕ ਵੇਖ ਥੋੜ੍ਹਾ ਭੈ ਖਾ ਗਏ
ਅੰਤ ਧਕ ਸਿੰਘਾਂ ਵੈਰੀ ਕਢ ਦਿਤੇ, ਓਹ ਭੀ ਮਸਾਂ ਹੀ ਪਲਾ ਛੁਡਾ ਗਏ
ਠੋੜ੍ਹੀ ਆਪਣੇ ਦਿਲੋਂ ਕਰਤਾਰ ਸਿੰਘਾ, ਖੁਸ਼ੀ ਫਤੂ ਦੀ ਵੈਰੀ ਮਨਾ ਗਏ

ਵੈਰੀਆਂ ਦੇ ਲਸਕਰ ਤੇ ਸਾਹਿਬ ਅਜੀਤ ਸਿੰਘ ਜੀ ਨੇ ਰਾਤ ਨੂੰ ਛਾਪਾ ਮਾਰਨਾ

ਇਸ ਗਲ ਦਾ ਸਿੰਘਾਂ ਨੂੰ ਦੁਖ ਬਹੁਤਾ, ਹੋਈ ਹਾਰ ਨੂੰ ਨ ਸਹਾਰਦੇ ਜੀ

ਰੋਟੀ ਪਾਣੀ ਭੀ ਹੋ ਹਰਾਮ ਗਿਆ, ਗੁਸਾ ਸੂਰਮੇ ਦਿਲਾਂ ਵਿਚ ਧਾਰਦੇ ਜੀ
ਜਥੇਦਾਰ ਤੇ ਸਾਹਿਬ ਅਜੀਤ ਸਿੰਘ ਜੀ, ਛਾਪਾ ਮਾਰਨਾ ਰਾਤ ਵਿਚਾਰਦੇ ਜੀ
ਦਿਲ ਚਲੇ ਹਠੀ ਸਿੰਘ ਚੋਣਵੇਂ ਜੋ, ਕਠੇ ਹੋ ਕੇ ਇਹੋ ਉਚਾਰਦੇ ਜੀ
ਲੈਣ ਬਦਲਾ ਅਜ ਹੀ ਵੈਰੀਆਂ ਤੋਂ, ਅਧੀ ਰਾਤ ਤੋਂ ਤਯਾਰੇ ਸਧਾਰਦੇ ਜੀ
ਸੁਤੇ ਵੈਰੀਆਂ ਤਈਂ ਦਬਾਇਆ ਜਾ, ਮਾਰ ਤੇਗਾਂ ਦੇ ਘਾਟ ਉਤਾਰਦੇ ਜੀ
ਵਿਚ ਲਸ਼ਕਰਾਂ ਪੈ ਤਰਥਲ ਗਿਆ, ਨ ਆਪਣਾ ਆਪ ਸੰਭਾਰਦੇ ਜੀ
ਸਿੰਘਾਂ ਫੜਨ ਹਥਯਾਰ ਨਮੂਲ ਦਿਤੇ, ਵਾਢ ਘਤੀ ਜਾ ਨਾਲ ਤਲਵਾਰਦੇ ਜੀ
ਹੋ ਹੋ ਚੁਫੇਰੇ ਹੀ ਹੋਣ ਲਗਾ; ਹਾਲ ਪਾਹਰਿਆਂ ਵੈਰੀ ਪੁਕਾਰਦੇ ਜੀ
ਰਹੀ ਸਾਰ ਨ ਆਪ ਬੇਗਾਨਿਆਂ ਦੀ; ਸਾਥੀ ਆਪਣੇ ਆਪ ਹੀ ਮਾਰਦੇ ਜੀ
ਸਿੰਘ ਅਧਕ ਵੈਰੀਆਂ ਵਿਚ ਵੜੇ, ਅਧੇ ਮਾਲ ਗੁਦਾਮ ਜਾ ਤਾੜਦੇ ਜੀ
ਦਾਣਾ,ਰਸਦ ਪਠਾ ਬਹੁਤਾ ਲੈ ਆਏ,ਪੈਹਲੇਦਿਨ ਇਉਂ ਹਥ ਦਿਖਾਰਦੇ ਜੀ
ਕਈ ਥਾਂਈਂ ਤਾਂ ਲੋਥਾਂ ਤੇ ਲੋਥ ਚੜ੍ਹੀ, ਸਿੰਘ ਟਕਰੇ ਇਸ ਪ੍ਰਕਾਰਦੇ ਜੀ
ਜਦੋਂ ਵੈਰੀਆਂ ਦਾ ਪੈਣ ਜ਼ੋਰ ਲਗਾ, ਜੈਕਾਰੇ ਗਜਾ ਕਰਤਾਰ ਦੇ ਜੀ
ਇਕ ਦਮ ਕਿਲ੍ਹਿਆਂ ਵਿਚ ਜਾ ਵੜੇ ਚੁਕ ਜ਼ਖਮੀ ਨਾਲ ਪਿਆਰ ਦੇ ਜੀ
ਪਹਿਲੀ ਰਾਤ ਦੇ ਵਿਚ ਕਰਤਾਰ ਸਿੰਘਾ, ਸਿੰਘ ਵੈਰੀ ਦੀ ਭੁਗਤ ਸਾਰਦੇ ਜੀ

ਸੂਬੇ ਸਰਹੰਦ ਨੇ ਰਾਜਿਆਂ ਨੂੰ ਤਾੜਨਾ

ਪਹਿਲੀ ਰਾਤ ਹੀ ਬਹੁਤ ਨੁਕਸਾਨ ਹੋਯਾ, ਗਏ ਕਈ ਸਪਾਹੀ ਸਰਦਾਰ ਮਾਰੇ
ਬਹੁਤ ਮਾਲ ਅਸਬਾਬ ਭੀ ਲੁਟ ਘਤਾ, ਸਿੰਘ ਕਰ ਗਏ ਪਹਿਲੀ ਰਾਤ ਕਾਰੇ
ਸੂਬਾ ਸਦ ਸਰਹੰਦ ਦਾ ਰਾਜਿਆਂ ਨੂੰ, ਕਠੇ ਕਰਕੇ ਗੁਸੇ ਦੇ ਨਾਲ ਤਾੜੇ
ਤੁਸੀਂ ਵੈਰੀ ਦੇ ਜਾਣ ਪਛਾਣ ਹੋ ਸਉ, ਦਸੇ ਤੁਸਾਂ ਕਿਉਂ ਨ ਸਾਨੂੰ ਭੇਦ ਸਾਰੇ
ਵਖੋ ਗਾਫਲੀ ਦੇ ਵਿਚ ਰਾਤ ਪਹਿਲੀ, ਸਾਡੇ ਹੋ ਗਏ ਨੁਕਸਾਨ ਭਾਰੇ
ਹੋ ਤਕੜੇ ਰਹੋ ਕਰਤਾਰ ਸਿੰਘਾ, ਕਿਉਂ ਹੌਂਸਲੇ ਹੁਣੇ ਹੀ ਤੁਸਾਂ ਹਾਰੇ

ਵਾਕ ਕਵੀ

ਦਿਨੇ ਗੁਰਾਂ ਦਾ ਜਦਦੀਵਾਨ ਲਗਾ,ਹਾਲ ਬੀਤਿਆ ਸਿੰਘਾ ਸੁਨਾਯਾ ਬਹੁਤਾ
ਸਤਿਗੁਰੂ ਜੀ ਸੁਣ ਕੇ ਖੁਸ਼ ਹੋਏ, ਹਰ ਇਕ ਦੇ ਤਈਂ ਸਲਾਹਯਾ ਬਹੁਤਾ

ਸਾਹਿਬਜ਼ਾਦੇ ਨੂੰ ਲੈਕੇ ਵਿਚ ਗੋਦੀ, ਦੇ ਹੌਸਲਾ ਤੇ ਵਡਿਆਯਾ ਬਹੁਤਾ
ਵੇਖ ਵੈਰੀ ਦਾ ਜ਼ੋਰ ਕਰਤਾਰ ਸਿੰਘਾ, ਬੰਦੋਬਸਤ ਪਕਾ ਕਰਵਾਯਾ ਬਹੁਤਾ

ਦੂਸਰੇ ਦਿਨ ਘੋਰ ਜੰਗ ਤੇ ਵੈਰੀਆਂ ਨੂੰ ਹਾਰ

ਦਿਨ ਚੜ੍ਹੇ ਵਜੀਦ ਖਾਂ ਖਾ ਗੁਸਾ, ਫੌਜਾਂ ਤਾਈਂ ਤਯਾਰ ਕਰਵਾਯਾ ਜੀ
ਮੋਏ ਰਾਤ ਦੇ ਫਟੜ ਸਾਂਭ ਕਰਕੇ, ਫੌਜਾਂ ਵਿਚ ਇਹ ਹੁਕਮ ਸੁਨਾਯਾ ਜੀ
ਵੇਖੋ ਰਾਤ ਸਿੰਘਾਂ ਛਾਪਾ ਮਾਰ ਭਾਈ ਸਾਨੂੰ ਬਹੁਤ ਮੁਕਸਾਨ ਪੁਚਾਯਾ ਜੀ
ਹਥੋ ਹਥੀ ਬਦਲਾ ਚਲ ਲੈ ਲਵੋ, ਇਹ ਆਖਕੇ ਕਦਮ ਉਠਾਯਾ ਜੀ
ਜਿਵੇਂ ਹੁਣੇ ਅਨੰਦਪੁਰ ਜਾ ਵੜਨ, ਨਾਹਰੇ ਮਾਰਦਾ ਲਸ਼ਕਰ ਧਾਯਾ ਜੀ
ਖਬਰ ਗੁਰਾਂ ਨੂੰ ਆਨ ਜਾਸੂਸ ਦੇਂਦੇ ਧਾਵਾ ਬੋਲ ਵਜੀਰ ਖਾਂ ਆਯਾ ਜੀ
ਸਿਧੇ ਆਉਂਦੇ ਕਿਲ੍ਹੇ ਆਨੰਦਪੁਰ ਤੇ, ਫਤਹ ਕਰਨਾ ਪਕ ਠਹਿਰਾਯਾ ਜੀ
ਨਾਲ ਪੌੜੀਆਂ ਸੈਂਕੜੇ ਲਈਆਂ ਹੋਈਆਂ, ਸਾਰਾ ਭੇਦ ਜਾਸੂਸ ਸੁਨਾਯਾ ਜੀ
ਇਹ ਸੁਣਕੇ ਸ੍ਰੀ ਦਸਮੇਸ਼ ਜੀ ਦੇ, ਖੂਨ ਚਿਹਰੇ ਉਤੇ ਆਨ ਛਾਯਾ ਜੀ
ਉਸੇ ਵਕਤ ਦੇ ਹੁਕਮ ਨਗਾਰਚੀ ਨੂੰ, ਰਣਜੀਤ ਤਈਂ ਵਜਵਾਯਾ ਜੀ
ਇਕ ਦਮ ਬਹਾਦਰ ਆ ਹੋਏ ਕਠੇ, ਗੁਰਾਂ ਭੇਦ ਸਾਰਾ ਜਤਲਾਯਾ ਜੀ
ਅੰਗ ਫਰਕ ਉਠੇ ਸੁਨ ਜੋਧਿਆਂ ਦੇ, ਸੀ ਮੁਖ ਤੋਂ ਹੁਕਮ ਵਰਤਾਯਾ ਜੀ
ਡਕੋ ਬਾਹਰ ਹੀ ਖਾਲਸਾ ਵੈਰੀਆਂ ਨੂੰ, ਇਹ ਆਖਕੇ ਘੋੜਾ ਮੰਗਵਾਯਾ ਜੀ
ਚੜ੍ਹ ਪਏ ਅਰਦਾਸ ਸੁਧਾ ਕਰਦੇ, ਝੰਡਾ ਜਾ ਮੈਦਾਨ ਗਡਾਯਾ ਜੀ
ਜਿਵੇਂ ਚੜ੍ਹਿਆ ਸੀ ਤੂਫਾਨ ਆਉਂਦਾ, ਇਕ ਦਮ ਅਗੋਂ ਅਟਕਾਯਾ ਜੀ
ਖੁਲੇ ਵਿਚ ਮੈਦਾਨ ਦੇ ਭੇੜ ਪਿਆ, ਸਿੰਘਾਂ ਤੇਗਾਂ ਤਾਈਂ ਇਹਾ ਵਾਹਯਾ ਜੀ
ਵਾਢੀਖੇਤਾਂ ਦੀ ਜਿਵੇਂ ਕਿਰਸਾਨ ਕਰਦੇ,ਸਬਰਵੈਰੀਆਂ ਦਾ ਤਿਵੇਂਲਾਹਯਾ ਜੀ
ਭਾਵੇਂ ਗਾਜ਼ਿਆਂ ਹਾਕਮਾਂ ਕਈ ਵਾਰੀ, ਗੁਸੇ ਖਾ ਖਾ ਧਾਵਾ ਬੁਲਾਯਾ ਜੀ
ਪਰ ਮਾਰ ਤੇਗਾਂ ਸਿੰਘਾਂ ਮੂੰਹ ਭੰਨੇ, ਦਲ ਵੈਰੀਆਂ ਦਾ ਬਿਚਲਾਯਾ ਜੀ

ਸਤਿਗੁਰਾਂ ਦਿਆਂ ਤੀਰਾਂ ਤਿਖੀਆਂ ਨੇ, ਰਬ ਵੈਰੀਆਂ ਨੂੰ ਯਾਦ ਕਰਾਯਾ ਜੀ
ਲਹੂ ਮਿਝ ਦਾ ਆਣਕੇ ਘਾਣ ਮਚਾ, ਧੂੜਾਂ ਸੂਰਜ ਤਈਂ ਛਪਾਯਾ ਜੀ
ਐਲੀ ਐਲੀ, ਅਕਾਲ ਅਕਾਲ ਹੋਵੇ, ਜ਼ੋਰ ਦੋਹਾਂ ਨੇ ਘਟ ਨ ਲਾਯਾ ਜੀ
ਹੋਯਾ ਵੈਰੀਆਂ ਦਾ ਨੁਕਸਾਨ ਬਹੁਤਾ, ਗੁਰਾਂ ਮਾਰਕੇ ਦਲ ਖਪਾਯਾ ਜੀ
ਵੈਰੀ ਜਾਨ ਬਚਾ ਕੇ ਲੜਦੇ ਸਨ, ਸਿੰਘਾਂ ਤਲੀ ਤੇ ਸੀਸ ਟਿਕਾਯਾ ਜੀ
ਦੋ ਪਹਿਰ ਦਵੱਲਿਓਂ ਹੋਏ ਹਲੇ, ਜਿਨ੍ਹਾਂ ਜ਼ੋਰ ਸੀ ਸਾਰਾ ਦਿਖਲਾਯਾ ਜੀ
ਸੈ ਮਾਈਆਂ ਦੇ ਬੇਟੇ ਧਰਤ ਲੇਟੇ, ਕੁਝ ਅੰਤ ਹਿਸਾਬ ਨਾ ਪਾਯਾ ਜੀ
ਦੂਰ ਦੂਰ ਤੋੜੀ ਮੁਰਦੇ ਚੜ੍ਹ ਗਏ, ਅੰਤ ਆਨ ਵੈਰੀ ਘਬਰਾਯਾ ਜੀ
ਕਈ ਅਫਸਰ, ਖਾਨ, ਸਰਦਾਰ ਮਰੇ ਤੁਰਕਾਂ ਹੌਂਸਲਾ ਆਨ ਘਟਾਯਾ ਜੀ
ਢਿਲੀ ਵੈਰੀਆਂ ਦੀ ਚਾਲ ਵੇਖ ਕਰਕੇ, ਸਤਿਗੁਰਾਂ ਹਲਾ ਕਰਵਾਯਾ ਜੀ
ਦੂਹਰੀ ਚੋਬ ਰਣਜੀਰ ਤੇ ਤਦੋਂ ਪਈ, ਸਿੰਘਾ ਗਜ ਅਕਾਲ ਗਜਾਯਾ ਜੀ
ਪੈਰ ਉਖੜੇ ਆਣਕੇ ਦੁਸ਼ਮਨਾਂ ਦੇ, ਸਿੰਘਾਂ ਤੋੜ ਜਾਨਾਂ ਜੋਰ ਪਾਯਾ ਜੀ
ਦਿਨ ਛਿਪਦਿਆਂ ਨੂੰ ਵੈਰੀ ਨਠ ਉਠੇ; ਭਜ ਜਾਂਦਿਆਂ ਨੂੰ ਸਿੰਘਾਂ ਢਾਯਾ ਜੀ
ਗਲ ਸੁਣੀ ਨਾ ਕਿਸੇ ਨੇ ਹਾਕਮਾਂ ਦੀ, ਪਿਛਾਂ ਮੂੰਹ ਨ ਕਿਸੇ ਪਰਤਾਯਾ ਜੀ
ਸਿੰਘ ਮਾਰਦੇ ਦੂਰ ਲੰਘਾ ਆਏ, ਕੰਨੀਂ ਵੈਰੀ ਦੀ ਹਥ ਲਵਾਯਾ ਜੀ
ਸਾਂਭ ਲਿਓ ਨੇ ਜੰਗੀ ਸਾਮਾਨ ਸਾਰਾ, ਬੇਸ਼ੁਮਾਰ, ਸੀ ਨਹੀਂ ਗਿਣਾਯਾ ਜੀ
ਘੋੜੇ ਗੋਲਾ ਬਾਰੂਦ ਤੇ ਰਸਦ ਪਠਾ, ਤੋਪਾਂ ਸਣੇ ਲਿਆਂ ਰਖਾਯਾ ਜੀ
ਫਤਹ ਪਾ ਕੇ ਗੁਰੂ ਜੀ ਪਿਛਾਂ ਮੁੜਕੇ ਫਟੜ ਜਖਮੀਆਂ ਤਾਈ ਚੁਕਵਾਯਾ ਜੀ
ਕੀਤਾ ਰਾਤ ਅਰਾਮ ਕਰਤਾਪ ਸਿੰਘਾ, ਸ਼ੁਕਰ ਪੁਰਖ ਅਕਾਲ ਮਨਾਯਾ ਜੀ

ਵਾਕ ਕਵੀ

ਇਸ ਵਾਰ ਭੀ ਵੈਰੀਆਂ ਹਾਰ ਖਾਧੀ, ਮਾਲ ਜਾਨ ਨੁਕਸਾਨ ਉਠਾਏ ਬਹੁਤੇ
ਭਾਵੇਂ ਸਿੰਘ ਭੀ ਦੋ ਹਜਾਰ ਮਰਿਆ, ਦਸ ਗੁਣੇ ਤੋਂ ਵੈਰੀ ਖਪਾਏ ਬਹੁਤੇ
ਤੁਰਕਾਂ ਜਾ ਕੇ ਰੋਪੜ ਦਮ ਲਿਆ, ਰਾਜੇ ਆਪਣੇ ਥਾਂ ਘਬਰਾਏ ਬਹੁਤੇ
ਟੁਟ ਹੌਂਸਲੇ ਗਏ ਕਰਤਾਰ ਸਿੰਘਾ, ਤੇਗ ਖਾਲਸੇ ਦੀ ਡਰ ਪਾਏ ਬਹੁਤੇ

ਫੇਰ ਰੋਪੜ ਵਿਚ ਰਾਜਿਆਂ ਤੇ ਹਾਕਮਾਂ ਨੇ ਕਠਿਆਂ ਹੋਣਾ

ਰਾਜੇ ਹੋਏ ਵਜੀਦ ਖਾਂ ਪਾਸ ਕਠੇ, ਕਹਿੰਦੇ ਇਸ ਬਦਨਾਮੀ ਨੂੰ ਲਾਹੋ ਮੁੜਕੇ

ਪਲੇ ਖਾਂਜੀ ਰਿਹਾ ਨਹੀਂ ਕੁਝ ਸਾਰੇ,ਏਥੋਂ ਫੌਜਾਂ ਨੂੰ ਪਿਛਾਂਹ ਪਰਤਾਓ ਮੁੜਕੇ
ਫੇਰ ਦੇ ਅਨੰਦਪੁਰ ਫਤੇ ਕਰੀਏ, ਇਕ ਦਮ ਕਠੇ ਜ਼ੋਰ ਪਾਓ ਮੁੜਕੇ
ਕਹਿਆਂ ਸੂਬੇਨੇ ਅਸੀਂ ਚੜ੍ਹਾਈ ਕਰਦੇ,ਤੁਸੀਂ ਬਾਦਸ਼ਾਹ ਦੇਪਾਸ ਜਾਓ ਮੁੜਕੇ
ਲਾ ਲੂਤੀਆਂ ਸੁਤੀਆਂ ਮਨੋਂ ਘੜਕੇ, ਬਾਦਸ਼ਾਹ ਤਈਂ ਭੜਕਾਓ ਮੁੜਕੇ
ਇਕ ਦਮ ਫੌਜਾਂ ਹੋਣ ਕਠੀਆਂ ਆ, ਹੁਕਮ ਹਾਕਮਾਂ ਵਲ ਲਿਖਵਾਓ ਮੁੜਕੇ
ਪਕੀ ਕਰ ਸਲਾਹ ਸੋ ਏਸ ਤਰ੍ਹਾਂ ਫੌਜਾਂ ਲੰਘ ਆਈਆਂ ਦਰਯਾਓ ਮੁੜਕੇ
ਰਾਮਸਰਨ ਅਜਮੇਰ ਕਰਤਾਰ ਸਿੰਘਾ, ਦਿਲੀ ਵਲ ਗਏ ਨਾਲ ਚਾਓ ਮੁੜਕੇ

ਪੰਜ ਚੇਤਰ ੧੭੫੯ ਨੂੰ ਫੇਰ ਵੈਰੀਆਂ ਨੇ ਆਨੰਦਪੁਰ ਆ ਘੇਰਨਾ

ਰਾਜੇ ਬਾਦਸ਼ਾਹ ਦੇ ਪਾਸ ਗਏ ਦਿਲੀ, ਸੂਬੇ ਫੇਰ ਆ ਕੇ ਘੇਰਾ ਪਾ ਦਿਤਾ
ਅਗੇ ਵਧਕੇ ਲੜਨ ਦੇ ਚਾਓ ਛਡੇ, ਦੂਰ ਲਸ਼ਕਰਾਂ ਤਈਂ ਬੈਠਾ ਦਿਤਾ
ਅਗੇ ਤੋਪਖਾਨੇ ਧਰਵਾ ਛਡੇ, ਐਵੇਂ ਫਸਤਾ ਆਨ ਫਸਾ ਦਿਤਾ
ਫੌਜ ਹੋਰ ਦੀ ਰਖ ਉਡੀਕ ਲੰਮੀ, ਸੂਬੇ ਰੇੜਕਾ ਏਹ ਵਧਾ ਦਿਤਾ
ਮੁੜ ਰਾਜਿਆਂ ਨੇ ਕਰਤਾਰ ਸਿੰਘਾ, ਪਾਸਾ ਹੋਰ ਪਾਸੇ ਉਲਟਾ ਦਿਤਾ

ਵਾਕ ਕਵੀ

ਅਗੇ ਬਾਦਸ਼ਾਹੀ ਕੰਮ ਏਹੋ ਜਹੇ, ਗਲਾਂ ਵਿਚ ਵਰਹੇ ਬੀਤ ਜਾਨ ਐਵੇਂ
ਦਿਲੀ ਵਿਚ ਜਾ ਕੇ ਰਾਜੇ ਬੈਠ ਰਹੇ, ਮੁਲਾਕਾਤ ਨੂੰ ਪਏ ਤਕਾਨ ਐਵੇਂ
ਸ਼ਾਹ ਗੋਲਕੰਡੇ ਵਲ ਚਲਾ ਗਿਆ, ਰਾਜੇ ਫਿਰਕੇ ਦਿਨ ਗਵਾਨ ਐਵੇਂ
ਏਧਰ ਸੂਬੇ ਪਾਸੋਂ ਸਰੇ ਕੁਝ ਨਾਹੀਂ, ਰੋਜ਼ ਪਿਆ ਉਨਾਂਏ ਨੁਕਸਾਨ ਐਵੇਂ
ਸਿੰਘ ਮਾਰ ਛਾਪੇ ਲੁਟ ਪੁਟ ਜਾਂਦੇ, ਬੰਦੇ ਰੱਬ ਦੇ ਪਏ ਮਰਵਾਨ ਐਵੇਂ
ਸੂਬੇ ਧਰ ਛਡੇ ਕਈ ਤੋਪਖਾਨੇ, ਪਏ ਗੋਲਾ ਬਾਰੂਦ ਖਪਾਨ ਐਵੇਂ
ਕਿਲੇ ਕੁਦਰਤੀ ਬਣੇ ਪਹਾੜ ਦੇ ਜਨ ਵਜ ਵਜ ਗੋਲੇ ਪਏ ਜਾਨ ਐਵੇਂ
ਏਹ ਪੈ ਰਹੀ ਖੜਖੱਸ ਭਾਰੀ, ਸਾਰਾ ਸਾਲ ਹੀ ਏਹ ਬਿਤਾਨ ਐਵੇਂ
ਆਦੀ ਸਿੰਘ ਹੋ ਗਏ ਕਰਤਾਰ ਸਿੰਘਾ, ਏਹਨਾਂ ਗਲਾਂ ਤੋਂ ਘਬਰਾਨ ਐਵੇਂ

ਕਿਲ੍ਹਿਆਂ ਦੀ ਪਕਿਆਈ

ਲੋਹਗੜ੍ਹ ਆਨੰਦਗੜ੍ਹ ਹੋਲਗੜ੍ਹ ਤੇ ਕੇਸਗੜ੍ਹ ਤੇ ਸਿੰਘ ਬੈਠਾ ਛਡੇ

ਥਾਉਂ ਥਾਈਂ ਸਭ ਮੋਰਚੇ ਕਾਇਮ ਕਰਕੇ, ਜਮਾਂ ਗੋਲੇ ਬਾਰੂਦ ਕਰਵਾ ਛਡੇ
ਰਾਤ ਦਿਨੇ ਸਭ ਨੇ ਹੁਸ਼ਿਆਰ ਰਹਿਣਾ, ਰਾਜਨੀਤ ਦੇ ਭੇਦ ਸਿਖਾ ਛਡੇ
ਉਧਰ ਵੈਰੀਆਂ ਨੇ ਪਿਛਾ ਦੂਰ ਕਰਕੇ, ਡੇਰੇ ਨੀਵੀਂ ਥਾਈਂ ਬਹੁਤੇ ਲਾ ਛਡੇ
ਗਲ ਪੈ ਕੇ ਵੈਰੀ ਨ ਲੜ ਸਕਨ; ਪਹਿਲੇ ਦਿਨ ਹੀ ਹੌਸਲੇ ਢਾ ਛਡੇ

ਜੰਗ ਦੀ ਚਾਲ

ਗੋਲੀ ਦਗਦੀ ਰਹੇ ਕਰਤਾਰ ਸਿੰਘਾ, ਗੁਰਾਂ ਦੂਰ ਵੈਰੀ ਅਟਕਾ ਛਡੇ
ਮੁਸਲਮਾਨ ਪਹਾੜੀਏ ਡਰਨ ਬਹੁਤੇ, ਰਖ ਹੌਂਸਲੇ ਗਲ ਪੈ ਲੜਨ ਨਾਹੀਂ
ਉੱਚੇ ਥਾਂ ਕਿਲੇ ਦੂਰ ਮਾਰ ਕਰਦੇ, ਸਾਫ ਹੋ ਮੈਦਾਨ ਵਿਚ ਵੜਨ ਨਾਹੀਂ
ਸਿੰਘ ਨਿਤ ਨਿਕਲ ਇਕਅਧੀ ਵਾਰੀ, ਛਾਪੇ ਮਾਰ ਜਾਂਦੇ ਚੜਾਭਰਨ ਨਾਹੀਂ
ਪੈ ਰਹੀ ਖੜਖਸ ਕਰਪਾਰ ਸਿੰਘਾ, ਵੈਰੀ ਹੌਸਲਾ ਜੰਗ ਦਾ ਫੜਨ ਨਾਹੀਂ

ਰਾਜਿਆਂ ਨੇ ਦਖਣ ਵਿਚ ਬਾਦਸ਼ਾਹ ਪਾਸ ਪਹੁੰਚਣਾ

ਏਧਰ ਕੰਮ ਨ ਸੌਰਦਾ ਕੁਝ ਦਿਸੇ, ਰਾਜੇ ਪਾਸ ਔਰੰਗੇ ਦੇ ਜਾਂਵਦੇ ਨੇ
ਸਾਰੀ ਫੋਲਕੇ ਜੰਗ ਦੀ ਚਾਲ ਦਸੀ, ਹੋਰ ਆਪਣੇ ਦੁਖ ਸੁਨਾਂਵਦੇ ਨੇ
ਕਈ ਲਾ ਕੇ ਲੂਤੀਆਂ ਗੁਰੂ ਜੀ ਤੇ, ਬਾਦਸ਼ਾਹ ਤਈਂ ਭੜਕਾਂਵਦੇ ਨੇ
ਸਾਰੇ ਹਾਕਮਾਂ ਵਲ ਕਰਤਾਰ ਸਿੰਘਾ, ਦੂਜੀ ਵਾਰ ਇਉਂ ਹੁਕਮ ਲਿਖਾਂਵਦੇ ਨੇ

ਬਾਦਸ਼ਾਹੀ ਫਰਮਾਨ ਪੰਜਾਬ ਦੇ ਹਾਕਮਾਂ ਵਲ

ਬਾਦਸ਼ਾਹ ਨੇ ਹਾਕਮਾਂ ਵਲ ਲਿਖਯਾ; ਸਭੇ ਵਲ ਅਨੰਦਪੁਰ ਜਾਓ ਜਲਦੀ
ਕਠੇ ਹੋ ਲਾਹੌਰ, ਮੁਲਤਾਨ ਸੂਬੇ, ਕਸ਼ਮੀਰ ਨੂੰ ਨਾਲ ਬੁਲਾਓ ਜਲਦੀ
ਨੰਬਰ ਤੇ ਹੋਰ ਜਗੀਰਦਾਰਾਂ; ਤਾਬੇਦਾਰ ਰਈਏ ਰਲਾਓ ਜਲਦੀ
ਛੋਟੇ ਮੋਟੇ ਹਾਕਮ ਕਠੇ ਹੋ ਸਾਰੇ ਘੇਰਾ ਜਾ ਆਨੰਦਪੁਰ ਪਾਓ ਜਲਦੀ
ਜਾਂ ਫੜਕੇ ਗੁਰੂ ਗੋਬਿੰਦ ਸਿੰਘ ਨੂੰ; ਕੈਦ ਕਰਕੇ ਦਿਲੀ ਪੁਚਾਓ ਜਲਦੀ
ਲੁਟ ਪੁਟਕੇ ਸ਼ਹਿਰ ਬਰਬਾਦ ਕਰੋ, ਕਿਲ੍ਹੇ ਤੋੜ ਕੇ ਇਟਾਂ ਉਡਾਓ ਜਲਦੀ
ਓਹਦੇ ਸਾਥੀਆਂ ਨੂੰ ਚੁਣ ਚੁਣ ਕਰਕੇ; ਮਾਰ ਦੇਸ ਦੇ ਵਿਚੋਂ ਮੁਕਾਓ ਜਲਦੀ
ਢਿਲ ਕਰੋ ਨ ਮੂਲ ਕਰਤਾਰ ਸਿੰਘਾ; ਮੇਰਾ ਹੁਕਮ ਬਜਾ ਲਿਆਓ ਜਲਦੀ

ਚੱਲੀ ਫੌਜਾਂ ਦਾ ਰੌਲਾ

ਏਹ ਹੁਕਮ ਪੰਜਾਬ ਦੇ ਵਿਚ ਫਿਰਿਆ;ਹਰਇਕ ਹਾਕਮ ਧੌਂਸਾ ਮਾਰ ਚੜ੍ਹਿਆ
ਸੀ ਖਾਨ ਦਲੇਰ ਲਹੌਰ ਵਾਲਾ; ਜਬਰਦਸਤ ਕਸ਼ਮੀਰ ਹੁਸ਼ਜ਼ਾਰ ਚੜ੍ਹਿਆ
ਖਵਾਜਾ ਖਿਜਰ ਮੁਹੰਮਦ ਸ਼ੇਰ ਖਾਂ ਜੀ, ਏਹ ਮਲੇਰੀਆਂ ਦਾ ਪ੍ਰਵਾਰ ਚੜ੍ਹਿਆ
ਰਹਿਮਤ ਖਾਂ ਦੇ ਸਨੇ ਨਜੀਬ ਖਾਂ ਜੀ; ਏਹ ਜਾਲੰਧਰ ਤੋਂ ਤਜ਼ਾਰ ਚੜ੍ਹਿਆ
ਹਿਮਤ ਖਾਂ ਉਸਮਾਨ ਕਸੂਰ ਵਾਲੇ, ਕਰੀਮ ਬਖਸ਼ ਭੀ ਲੈ ਅਸਾਰ ਚੜ੍ਹਿਆ
ਸੋਭਾ ਚੰਦ ਫਗਵਾੜੀਆਂ ਖਾਂ ਮੁਹੰਮਦ; ਫਤ੍ਹੇ ਮੁਹੰਮਦ ਕੁੰਜਪੁਰ ਤਾੜ ਚੜ੍ਹਿਆ
ਜਾਨੀ ਮਾਨੀ ਮੁਰੰਡਏ ਚੜ੍ਹ ਪਏ; ਸਆਦਤਅਲੀ ਸਢੌਰੀਆ ਸਾਰ ਚੜ੍ਹਿਆ
ਸ਼ਮਸ ਖਾਂ ਬਜਵਾੜੀਆ ਸਮਝਭਾਈ, ਏਸੇ ਤਰ੍ਹਾਂਹਰ ਇਕ ਸਰਦਾਰ ਚੜ੍ਹਿਆ
ਸਰਸਾਰਾਣੀਆਂ ਫਤੇਆਬਾਦਆ ਦੀ, ਲਸ਼ਕਰਹੋ ਕਠਾ ਧੂੰਆਂ ਧਾਰ ਚੜ੍ਹਿਆ
ਅਲਵਾਰਾ ਸਮਾਨਾ ਬੁਲਾਡਾ ਬੋਹੀਆ, ਖਾਨ ਝਗ ਵਾਲਾ ਜੋਸ਼ਧਾਰ ਚੜ੍ਹਿਆ
ਬਹਾਵਲਪੁਰ ਤੇ ਕੋਟ ਕਮਾਲੀਏ ਤੋਂ ਮੁਸਲਮਾਨ ਆ ਕਈ ਹਜ਼ਾਰ ਚੜ੍ਹਿਆ
ਕਿਹੜੇ ਕਿਹੜੇ ਗਿਣਾਂ ਅੰਤ ਕੀ ਹੈਸੀ, ਕਠਾ ਹੋ ਪੰਜਾਬ ਇਕ ਵਾਰ ਚੜ੍ਹਿਆ
ਰਲੇ ਮਿਲੇ ਸਭ ਟੁਰੇ ਆਨੰਦਪੁਰ ਨੂੰ, ਧੂੜਾਂ ਉੱਡੀਆਂ ਹੋ ਗੁਬਾਰ ਚੜ੍ਹਿਆ
ਲਖਾਂ ਮਰਨਗੇਜੀਵ ਕਰਤਾਰਸਿੰਘਾ, ਸਿਰ ਰਾਜਿਆਂ ਪਾਪਦਾ ਭਾਰ ਚੜ੍ਹਿਆ

ਪ੍ਰੇਮੀ ਸਿੰਘ ਤੇ ਸਿਖਾਂ ਦਾ ਆਨੰਦਪੁਰ ਅਕਠ

ਥਾਓਂ ਥਾਈਂ ਹਿੰਦੂ ਮੁਸਲਮਾਨ ਹਾਕਮ, ਸ਼ਾਹੀ ਹੁਕਮ ਪਾ ਹੋ ਤਯਾਰ ਚਲੇ
ਰੌਲਾ ਦੇਸ ਦੇ ਵਿਚ ਪੈ ਗਿਆ ਬਥੇਰਾ, ਧੂੜਾਂ ਉੱਡੀਆਂ ਹੋ ਗੁਬਾਰ ਚਲੇ
ਏਹ ਖਬਰਾਂ ਘਰ ਘਰ ਹੋ ਗਈਆਂ, ਫੜਨ ਗੁਰਾਂ ਤਾਈਂ ਬੁਰਯਾਰ ਚਲੇ
ਸਤਿਗੁਰਾਂ ਦੇ ਸੇਵਕ ਜੋਸ਼ ਭਰੇ ਸਭ ਘਰਾਂ ਦੇ ਕੰਮ ਵਿਸਾਰ ਚਲੇ
ਜੇਹੜੇ ਜੰਗ ਦੇ ਲਾਇਕ ਉੱਠ ਟੁਰੇ, ਲੈ ਘਰਾਂ ਦੇ ਕੰਮ ਵਿਸਾਰ ਚਲੇ
ਉਤੇ ਧਰਮ ਦੇ ਹੋਣ ਕੁਰਬਾਨ ਚਲੇ, ਲਾਹਨ ਗੁਰਾਂ ਦਾ ਸਿਰੋਂ ਹੁਦਾਰ ਚਲੇ
ਮਾਝਾ ਮਾਲਵਾ ਤੇ ਦੁਆਬ, ਦੇਸ ਲੰਘੇ ਲੁਕ ਛਿਪਕੇ ਸਿੰਘ ਹੁਸ਼ਿਆਰ ਚਲੇ
ਭਾਰਾ ਅਕਠ ਹੋ ਗਿਆ ਕ੍ਰਤਾਰ ਸਿੰਘਾ, ਸੇਵਾ ਵਾਸਤੇ ਕਈ ਨਰ ਨਾਰ ਚਲੇ

ਲਾਮ ਲਗ ਪਈ ਸਾਰੇ ਦੇਸ ਅੰਦਰ, ਰੌਲਾ ਘੱਤਿਆ ਹਾਕਮਾਂ ਬਹੁਤ ਭਾਰਾ
ਚਹੁੰ ਪਾਸਿਆਂ ਤੋਂ ਫੌਜਾਂ ਚੜ੍ਹ ਪਈਆਂ, ਮਾਨੋਂ ਉਲਟਕੇ ਪਿਆ ਪੰਜਾਬ ਸਾਰਾ
ਕਠ ਗਿਰਦ ਆਨੰਦਪੁਰ ਬਹੁਤ ਹੋਯਾ, ਕੁਝ ਆਂਵਦਾ ਨ ਓਥੇ ਅੰਤ ਪਾਰਾ
ਸ਼ਹਿਰ ਵਾਂਗ ਬੇੜੀ ਵਿਚ ਘੇਰ ਲਿਆ, ਦਲ ਵੈਰੀਆਂ ਜਿਵੇਂ ਸਮੁੰਦ ਖਾਰਾ
ਗਿਰਦੇ ਕੋਹਾਂ ਤੋੜੀ ਫੌਜੀ ਲਥੀਆਂ ਆ, ਧੂੜਾਂ ਉਡੀਆਂ ਤੇ ਪਿਆ ਧੁੰਨਕਾਰਾ
*ਦਸ ਲਖ ਦੀ ਭੀੜ ਕਰਤਾਰ ਸਿੰਘਾ, ਵਿਚ ਪੋਥੀਆਂ ਲਿਖਯਾ ਹੈ ਢਾਹਰਾ

ਵਾਰ ਕਵੀ

ਵਾਹ ਧੰਨ ਸਤਿਗੁਰੂ ਗੋਬਿੰਦ ਸਿੰਘ ਜੀ, ਦਿਤਾ ਹੌਸਲਾ ਅਜਬ ਕਰਤਾਰ ਹੈਸੀ
ਇਕ ਪਾਸੇ ਸੀ ਦਿਲੀ ਦੀ ਬਾਦਸ਼ਾਹੀ, ਨਾਲ ਰਾਜਵਾੜੇ ਬਾਈਧਾਰ ਹੈਸੀ
ਪਾਸੇ ਦੂਸਰੇ ਇਕ ਹੀ ਜਾਨ ਕਲੀ, ਸਿਰਫ ਗਦੀ ਫਕੀਰੀ ਦੀ ਸਾਰ ਹੈਸੀ
ਨ ਦੇਸ ਨ ਰਾਜ ਨ ਬਾਦਸ਼ਾਹੀ, ਨਿਰਾ ਆਸਰਾ ਪਰਵਦਗਾਰ ਹੈਸੀ
ਦਸ ਲਖ ਵੈਰੀ ਚੜ੍ਹ ਆਏ ਕਠੇ, ਚਿਤ ਜਿਸਦੇ ਮਜ਼ਹਬੀ ਖਾਰ ਹੈਸੀ
ਪਿਛੇ ਮਦਦੀ ਖ਼ਾਸ ਔਰੰਗ ਜਿਹਾ, ਜੰਗੀ ਸਾਜ ਭੀ ਬੇਸ਼ੁਮਾਰ ਹੈਸੀ
ਓਹਦੇ ਨਾਲ ਚਾ ਜੰਗ ਮਚਾ ਦਿਤਾ, ਸਿਖ ਪਾਸ ਕੁਲ ਦਸ ਹਜ਼ਾਰ ਹੈਸੀ
ਦਸ ਲਖ ਕਿਥੇ ਦਸ ਹਜ਼ਾਰ ਕਿਥੇ, ਅਣ ਸਿਖੇ ਚੜ੍ਹਾਈ ਦੀ ਕਾਰ ਹੈਸੀ
ਦਸ ਲਖ ਭੀ ਫੇਰ ਨ ਫੜ ਸਕੇ, ਦਿਤੇ ਛੇ ਮਹੀਨੇ ਗੁਜ਼ਾਰ ਹੈਸੀ
ਤੇਰੇ ਜਹੀ ਮਸਾਲ ਕਰਤਾਰ ਸਿੰਘਾ, ਨਹੀਂ ਲਭਦੀ ਵਿਚ ਸੰਸਾਰ ਹੈਸੀ

ਤਥਾ

ਪਹਿਲੀ ਫੌਜ ਇਮਦਾਦ ਉਡੀਕਦੀ ਸੀ, ਬੈਠ ਰਹੀ ਸੀ ਹੌਸਲਾ ਢਾ ਕੇ ਜੀ
ਸਾਲ ਸਠਵਾ ਸਾਰਾ ਹੀ ਬੀਤ ਗਿਆ, ਗੁਰਾਂ ਛਡੇ ਸੀ ਦਮ ਸੁਕਾ ਕੇ ਜੀ
ਨ ਸੀ ਫਤ੍ਹੇ ਆਨੰਦਪੁਰ ਕਰ ਸਕੇ, ਹਾਰ ਬੈਠ ਗਏ ਸੀ ਜ਼ੋਰ ਲਾ ਕੇ ਜੀ
ਨੇੜੇ ਤੇੜੇ ਚੁਫੇਰੇ ਹੀ ਪਏ ਰਹੇ, ਮੁਸਲਮਾਨ ਹਿੰਦੂ ਡੇਰੇ ਪਾ ਕੇ ਜੀ

---

*ਪੋਥੀਆਂ ਵਿਚ ਦਸ ਲਖ ਦੀ ਭੀੜ ਲਿਖੀ ਹੈ ਜੇ ਇਹ ਗਲ ਨੂੰ ਜ਼ਰਾ ਵਧਾਕੇ ਭੀ ਦਸੀ ਹੋਈ ਮੰਨ ਲਈਏ ਤਾਂ ਭੀ ਇਹ ਤਾਂ ਮੰਨਣਾ ਪਏਗਾ ਹੀ ਕਿ ਪੰਜਾਬ ਦੀ ਬਹੁਤ ਸਾਰੀ ਫੌਜ ਤੇ ਦਿਲੀ ਦੀ ਫੌਜ ਰਲਕੇ ਗੁਰੂ ਜੀ ਦੇ ਸਿੰਘਾਂ ਨਾਲੋਂ ਸੈਂਕੜੇ ਹਿਸੇ ਜ਼ਿਆਦਾ ਜ਼ਰੂਰੀ ਹੋਵੇਗੀ।

ਜਦ ਫੌਜ ਪੰਜਾਬ ਦੀ ਹੋਈ ਕਠੀ ਕਈ ਲਖਾਂ ਤੋੜੀ ਓਥੇ ਆ ਕੇ ਜੀ
ਜ਼ਫਰ ਬੇਗ ਵੀ ਪਹੁੰਚਿਆ ਦਿਲੀਓਂ ਆ, ਬੜਾ ਜੰਗੀ ਸਮਾਨ ਲਦਾ ਕੇ ਜੀ
ਤਦ ਵਧ ਗਏ ਹੌਂਸਲੇ ਸਾਰਿਆਂ ਦੇ, ਝੱਟ ਪਟ ਮਾਰੂ ਵਜਵਾ ਕੇ ਜੀ
ਧਾਵਾ ਰਲ ਕੇ ਕਰੋ ਕਰਤਾਰ ਸਿੰਘਾ, ਛਡੋ ਇਟ ਨਾਲ ਇਟ ਭਿੜਾ ਕੇ ਜੀ

ਬਾਈ ਜੇਠ ੧੭੬੧ ਨੂੰ ਵੈਰ ਸਾਰੇ ਲਸ਼ਕਰਾਂ ਨੇ ਆਨੰਦਪੁਰ ਤੇ ਧਾਵਾ ਕਰਨਾ

ਜਦੋਂ ਆਪਣੀ ਫੌਜ ਬੇਅੰਤ ਡਿਠੀ, ਵੈਰੀ ਬਹੁਤ ਹੀ ਖੁਸ਼ੀ ਮਨਾਂਵਦੇ ਨੇ
ਢੋਲ ਵਜਦੇ ਤੇ ਘੋੜੇ ਹਿਣਕਦੇ ਜੀ, ਐਲੀ ਐਲੀ ਦੇ ਸ਼ੋਰ ਮਚਾਂਵਦੇ ਨੇ
ਮੁਸਲਮਾਨ ਹਿੰਦੂ ਕਠੇ ਬਹੁਤ ਹੋਏ, ਕੋਹਾਂ ਤੋੜੀਂ ਲਸ਼ਕਾਰ ਨਿਗਾਂ ਆਂਵਦੇ ਨੇ
ਢੋਲ, ਡੱਫ ਨਫੀਰੀ ਤੇ ਬੈਰਕਾਂ ਦੀ, ਗੜਗਜ ਚੁਫੇਰੇ ਭੀ ਪਾਂਵਦੇ ਨੇ
ਚੜ੍ਹ ਸਾਉਣ ਦੇ ਬਦਲਾਂ ਵਾਂਗ ਆਏ, ਵੈਰੀ ਚਾਰ ਪਾਸੇ ਵਲੋਂ ਧਾਂਵਦੇ ਨੇ
ਘਟਾ ਵਾਂਗ ਚੁਫੇਰੇ ਹੀ ਛਾ ਰਹੇ, ਲੋਕ ਵੇਖ ਹੈਰਾਨ ਹੋ ਜਾਂਵਦੇ ਨੇ
ਬਾਈ ਜੇਠ ਦਾ ਚੜਿਆ ਦਿਨ ਆਕੇ, ਵੈਰੀ ਲਸ਼ਕਰਾਂ ਹੁਕਮ ਸੁਣਾਵਦੇ ਨੇ
ਧਾਵਾ ਕਰਨਾ ਅਜ ਆਨੰਦਪੁਰ ਤੇ, ਫੌਜਾਂ ਅਫਸਰ ਤਯਾਰ ਕਰਾਂਵਦੇ ਨੇ
ਕਈ ਤੋਪਾਂ, ਜੰਬੂਰੇ ਤੇ ਰਹਿਲਕੇ ਜੀ, ਥਾਂ ਥਾਂ ਤੇ ਰਖ ਚਲਾਂਵਦੇ ਨੇ
ਇਕ ਦਮ ਸਮੁੰਦਰ ਵਾਂਗ ਹਿਲੇ, ਧੂੜਾਂ ਉਡ ਗੁਬਾਰ ਆ ਛਾਂਵਦੇ ਨੇ
ਹੁਣੇ ਫਤੇ ਕਰ ਲੈਣਾ ਅਨੰਦਪੁਰ ਨੂੰ, ਵਿਚ ਦਿਲਾਂ ਦੇ ਇਉਂ ਠਹਿਰਾਂਵਦੇ ਨੇ
ਇਕ ਮੁਠੀ ਭਰ ਸਿੰਘ ਕਰਤਾਰ ਸਿੰਘਾ, ਏਹੋ ਸਮਝਕੇ ਹਲਾ ਬੁਲਾਂਵਦੇ ਨੇ

ਭਾਰੀ ਜੰਗ

ਜ਼ਬਰਦਸਤ, ਦਲੇਰ, ਵਜ਼ੀਦ ਖਾਂ ਨੇ, ਪਹਿਲੇ ਦਿਨ ਸਲਾਹ ਪਕਾ ਕਰਕੇ
ਤੋਪਾਂ ਬੀੜੀਆਂ ਵਧ ਮੈਦਾਨ ਅੰਦਰ, ਢਾਲ ਯਾਤਰੀ ਉਚੀ ਰਖਾ ਕਰਕੇ
ਓਹਨਾਂ ਅਗੇ ਘੁੜਨੇਲੀ ਤੋਪਖਾਨੇ, ਤੇ ਜੰਬੂਰਿਆਂ ਤਈਂ ਵਧਾ ਕਰਕੇ
ਥੋੜੇ ਦਿਨ ਚੜ ਗੋਲੇ ਦਾਗ ਦਿਤੇ, ਉਤੇ ਕਿਲਿਆਂ ਸ਼ਿਸਤਾਂ ਲਾ ਕਰਕੇ

ਇਧਰ ਕਿਲ੍ਹਿਆਂ ਵਿਚ ਵੀ ਸੀ†ਤੋਪਾਂ,ਕੜਕ ਪਈਆਂ ਅਗੋਂ ਗਰਜਾ ਕਰਕੇ
ਬਸ ਦੂਹੀਂ ਪਾਸੀਂ ਲਗੀ ਅਗ ਵਰ੍ਹਨੇ, ਪਵੇ ਗੋਲੇ ਉਤੇ ਗੋਲਾ ਆ ਕਰਕੇ
ਹੈਸੀ ਸੂਬਿਆਂ ਨੇ ਜਿਹੜੀ ਨੀਤ ਧਾਰੀ ਗੁਰੂ ਫੜ ਲੈਣਾ ਅਜੋ ਜਾ ਕਰਕੇ
ਓਹ ਮਿਲ ਗਈ ਖਾਕ ਕਰਤਾਰ ਸਿੰਘਾ, ਥਕ ਲਥੇ ਅਗਨੀ ਬਰਸਾ ਕਰਕੇ

ਆਨੰਦਪੁਰ ਦੇ ਕਿਲੇ

ਭਾਵੇਂ ਬੜੇ ਭਾਰੇ ਕਿਲੇ ਨਹੀਂ ਹੈਸਨ,ਬਣਿਆ ਕੁਦਰਤੀ ਇਉਂ ਬਨਾ ਸੀਜੀ
ਦੂਹਪਾਸੀਂ ਪਹਾੜਦੀਆਂ ਘਾਟੀਆਂਸਨ,ਤੀਜੀ ਤਰਫ ਵਗਦਾ ਦਰਯਾ ਸੀਜੀ
ਚੌਥੀ ਤਰਫ ਮੈਦਾਨ ਸੀ ਬਹੁਤ ਨੀਵਾਂ ਵੈਰੀ ਸਕਦਾ ਜਿਧਰੋਂ ਆ ਸੀਜੀ
ਓਧਰ ਤੋਪਾਂ ਸੀ ਬੀੜੀਆਂ ਥਾਂ ਉਚੀ ਗੋਲੇ ਪੈਨ ਨੀਵੀਂ ਥਾਈਂ ਜਾ ਸੀਜੀ
ਕਿਲੇ ਬਣੇ ਪਹਾੜਾਂ ਦੀ ਆੜ ਅੰਦਰ; ਪਥਰ ਮਿਟੀ ਦਾ ਭਾਰਾ ਜਮਾ ਸੀਜੀ
ਓਸ ਸਮੇਂ ਦੀਆਂ ਤੋਪਾਂ ਉਨ੍ਹਾਂ ਨੂੰ ਭੀ ਮੂਲ ਸਕਦੀਆਂ ਨਹੀਂ ਹਿਲਾ ਸੀਜੀ
ਬਾਹਰੋਂ ਪੈਣ ਗੋਲੇ ਜਿਹੜੇ ਆਨ ਕਰਕੇ ਓਹ ਜਾਂਵਦੇ ਵਿਚੇ ਸਮਾ ਸੀਜੀ
ਯਾ ਚੁਕ ਤੋੜੇ ਪਿਛਾਂ ਸਟ ਦੇਂਦੇ, ਇਸ ਤਰ੍ਹਾਂ ਦਾ ਬੜਾ ਬਚਾ ਸੀਜੀ
ਇਧਰ ਦਮਦਮੇ ਤੇ ਕਿਲੇ ਬਹੁਤ ਉਚੇ ਰਾਹ ਵਿਚ ਨ ਕੋਈ ਅਟਕਾ ਸੀਜੀ
ਪੂਰੀ ਮਾਰ ਕਰਦੇ ਉਤੇ ਵੈਰੀਆਂ ਦੇ, ਜਾਂਦੇ ਨਹੀਂ ਨਿਸ਼ਾਨ ਖਤਾ ਸੀਜੀ
ਤੋਪਾਂ ਬਾਹਰ ਦੀਆਂ ਕੁਝ ਖੋਹਣ ਨਾਹੀਂ ਵੈਰੀ ਬਕ ਲਥੇ ਜ਼ੋਰ ਲਾ ਸੀਜੀ
ਦਾਹਰ ਹੋਏ ਨੁਕਸਾਨ ਕਰਤਾਰ ਸਿੰਘਾ, ਦਿਤੀ ਮਾਰਕੇ ਮਿਟੀ ਉੜਾ ਸੀਜੀ

ਵਾਕ ਕਵੀ

ਤਿੰਨ ਦਿਨ ਤੇ ਸਮਝ ਲੋ ਤਿੰਨ ਰਾਤਾਂ, ਤੋਪਖਾਨਿਆਂ ਦਾ ਘਮਸਾਨ ਹੋਯਾ
ਕੁਝ ਵਿਗੜਿਆ ਨ ਅਨੰਦਪੁਰ ਦਾ, ਭਾਰਾ ਵੈਰੀਆਂ ਦਾ ਨੁਕਸਾਨ ਹੋਯਾ
ਰਿਹਾ ਗੋਲੇਦਾ ਗੋਲਾ ਜੋਵਾਬ ਮਿਲਦਾ,ਹਰ ਇਕ ਅਫਸਰ ਆ ਹੈਰਾਨ ਹੋਯਾ
ਸਕੇ ਪੈਰ ਨ ਵਧ ਕਰਤਾਰ ਸਿੰਘਾ, ਦੂਰ ਹਾਕਮਾਂ ਦਿਲੋਂ ਗੁਮਾਨ ਹੋਯਾ

---

†ਕੁਝ ਤਾਂ ਛੋਟੀਆਂ ਤੋਪਾਂ ਗੁਰੂ ਜੀ ਨੇ ਆਪ ਢਲਵਾਈਆਂ ਸਨ ਤੇ ਕੁਝ ਰੰਗੀਆਂ ੨ ਤੋਪਾਂ ਜੰਗਾਂ ਵਿਚੋਂ ਰਾਜਿਆ ਦੀਆਂ ਤੇ ਮੁਸਲਮਾਨਾਂ ਦੀਆ ਹਥ ਆ ਗਈਆਂ ਸਨ, ਜਿਸ ਵਾਸਤੇ ਆਨੰਦਪੁਰ ਨੂੰ ਜਬਰਦਸਤੀ ਸਰ ਕਰ ਲੈਣਾ ਖਰਾ ਔਖਾ ਹੋ ਗਿਆ ਸੀ।

ਚੌਥੇ ਦਿਨ ਜ਼ਬਰਦਸਤ ਖਾਂ ਤੇ ਦਿਲਾਵਰ ਖਾਂ ਨੇ ਪੰਦਰਾਂ ਹਜ਼ਾਰ ਚੋਣਵਾਂ ਜਵਾਨ
ਲੈ ਕੇ ਕਿਲੇ ਆਨੰਦ ਗੜ੍ਹ ਤੇ ਧਾਵਾ ਕਰਨਾ

ਤੋਪਾਂ ਨਾਲ ਨ ਕੁਝ ਭੀ ਕੰਮ ਸਰਿਆ, ਸਗੋਂ ਬਹੁਤ ਨੁਕਸਾਨ ਉਠਾਇਓ ਨੇ
ਰਲ ਸੂਬੇ ਲਾਹੌਰ ਕਸ਼ਮੀਰ ਦੋਹਾਂ ਹਲਾ ਕਰਨਾ ਚਾਹੇ ਠਹਿਰਾਇਓ ਨੇ
ਨਾਲ ਪੰਦਰਾਂ ਸਹਿੰਸ ਜਵਾਨ ਲੈ ਕੇ ਇਕ ਦਮ ਹਲਾ ਕਰਵਾਇਓ ਨੇ
ਨਾਲ ਬਾਂਸਾਂ ਦੀਆਂ ਲੇਕੇ ਪੌੜੀਆਂ ਜੀ, ਦਲ ਕਿਲੇ ਦੇ ਵਲ ਝੁਕਾਇਓ ਨੇ
ਨਾਲੇ ਤੋਪ, ਜੰਬੂਰ ਜਜ਼ੈਲਿਆਂ ਤੋਂ ਗੋਲੇ ਗੋਲੀਆਂ ਮੀਂਹ ਬਰਸਾਇਓ ਨੇ
ਚੜ੍ਹ ਕਿਲੇ ਤੇ ਜਾਓ ਕਰਤਾਰ ਸਿੰਘਾ, ਇਹ ਫੌਜਾਂ ਨੂੰ ਹੁਕਮ ਸੁਨਾਇਓ ਨੇ

ਕਿਲੇ ਅਨੰਦਗੜ੍ਹ ਤੇ ਤਲਵਾਰ ਦੀ ਵਾਢ

ਸਿੰਘ ਪੰਜ ਹਜ਼ਾਰ ਸੀ ਇਸ ਕਿਲੇ ਨਾਲੇ ਸਤਿਗੁਰੂ ਜੀ ਨਿਗ੍ਹਾਬਾਨ ਆਏ
ਵਢ ਮੋਰਚੀਂ ਸਿੰਘ ਬਿਠਾਲ ਛਡੇ ਬਾਹਰ ਸ਼ੋਰ ਕਰਦੇ ਮੁਸਲਮਾਨ ਆਏ
ਇਕੋ ਵਾਰ ਸਿੰਘਾਂ ਵਾੜਾਂ ਝਾੜੀਆਂ ਜੀ, ਸਾਰੇ ਵੈਰੀ ਜਾਂ ਹੇਠ ਨਿਸ਼ਾਨ ਆਏ
ਮਾਰੇ ਪੌਣ ਜਿਵੇਂ ਨਲਘੋਰ ਡਿਗਣ ਦੜਾਦਾੜ ਡਿਗ ਪਏ ਜਵਾਨ ਆਏ
ਵਾੜਾਂ ਝਾੜੀਆਂ ਕਿਲ੍ਹਿਓਂ ਇਸੇ ਤਰ੍ਹਾਂ, ਸਤਿਗੁਰਾਂ ਵਾਹੇ ਤਿਖੇ ਬਾਨ ਆਏ
ਪੰਜਾਂ ਦਸਾਂ ਨੂੰ ਵਿੰਨ੍ਹਕੇ ਪਾਰ ਹੁੰਦੇ, ਵੈਰੀ ਡਿਗਦੇ ਦੇ ਪਰਾਨ ਆਏ
ਜਦ ਪੌੜੀਆਂ ਲਾ ਕੇ ਚੜ੍ਹਨ ਲਗੇ; ਤੇਗਾਂ ਸੂਤ ਕੇ ਸਿੰਘ ਸੁਜਾਨ ਆਏ
ਛਾਂਗ ਛਾਂਗ ਥਲੇ ਸੁਟੀ ਜਾਣ ਮੁਰਦੇ ਜਿਵੇਂ ਛਾਂਗਦੇ ਰੁਖ ਤਰਖਾਨ ਆਏ
ਵੈਰੀ ਇਕ ਨ ਕਿਲੇ ਤੇ ਚੜ੍ਹਨ ਦਿਤਾ, ਲਾ ਥਕੇ ਜਿੰਨਾਂ ਹੈਸੀ ਤਾਨ ਆਏ
ਅੰਤ ਨਠ ਉਠੇ ਕਰਤਾਰ ਸਿੰਘਾ, ਭੈੜੇ ਬਹੁਤ ਕਰਾ ਨੁਕਸਾਨ ਆਏ

ਭਜੇ ਜਾਂਦੇ ਵੈਰੀਆਂ ਤੇ ਸਿੰਘਾਂ ਦਾ ਹਲਾ

ਵੈਰੀ ਕਿਲੇ ਤੋਂ ਖਾ ਕੇ ਮਾਰ ਨਠੇ, ਜਿਵੇਂ ਹੋ ਜਨੌਰ ਉਡਾਰ ਚਲੇ
ਸਿੰਘਾਂ ਨਿਕਲ ਧਾਵਾ ਕੀਤਾ ਵਾਂਗ ਸ਼ੇਰਾਂ, ਤੁਰਨ ਹੋਕੇ ਹਰਨਾਂ ਦੀ ਡਾਰ ਚਲੇ
ਚਹੁੰਆਂ ਕਿਲ੍ਹਿਆਂ ਤੋਂ ਸਿੰਘ ਕੁਦ ਪਏ ਵੈਰੀ ਮਾਲ ਅਸਬਾਬ ਵਿਸਾਰ ਚਲੇ
ਪਏ ਜ਼ਖਮੀਆਂ ਨੂੰ ਓਥੇ ਛਡ ਗਏ, ਆਪੋ ਧਾਪ ਹੋ ਬੇ-ਮੁਹਾਰ ਚਲੇ
ਦੂਰ ਤਕ ਸਿੰਘਾਂ ਦੀ ਵਾਰ ਕੀਤੀ, ਤੁਰਕ ਤੋਬਾ ਹੀ ਤੋਬ ਪੁਕਾਰ ਚਲੇ

ਡੇਰੀਂ ਦਮ ਜਾ ਲਿਆ ਕਰਤਾਰ ਸਿੰਘਾ, ਵਿਚੋਂ ਅਪੋ ਕੁ ਹਰਕੇ ਦਵਾਰ ਚਲੇ

ਸਿੰਘਾਂ ਨੂੰ ਬਹੁਤੀ ਲੁਟ ਹਥ ਆਈ

ਤੋਪਾਂ ਤਿੰਨ ਤੇ ਗੋਲਾ ਬਾਰੂਦ ਬਹੁਤਾ, ਸਿੰਸਾਂ ਕਬਜ਼ੇ ਵਿਚ ਰਖਾ ਲਿਆ
ਚੁਕ ਮੁਰਦਿਆਂ ਦੇ ਹਥਯਾਰ ਲਏ, ਟਟੂ ਘੋੜਾ ਅਗੋ, ਹਿਕ ਲਾ ਲਿਆ
ਹਥ ਹੋਰ ਵੀ ਬਹੁਤ ਹਥਯਾਰ ਆਏ, ਕਿਲੇ ਵਿਚ ਸਭ ਜਮ੍ਹਾ ਕਰਾ ਲਿਆ
ਗਏ ਹੌਂਸਲੇ ਵਧ ਕਰਤਾਰ ਸਿੰਘਾ, ਅਤੇ ਵੈਰੀਆਂ ਨੇ ਦਿਲ ਢਾ ਲਿਆ

ਦੂਸਰੇ ਦਿਨ ਸ੍ਰੀ ਦਸਮੇਸ਼ ਜੀ ਨੇ ਤੁਰਕੀ ਦਲ ਤੇ ਧਾਵਾ ਕਰਨਾ

ਇਸ ਹਲੇ ਤੋਂ ਵੈਰੀ ਨਾਕਾਮ ਰਹੇ, ਹਾਰ ਖਾ ਗਏ ਸਖਤ ਲਾਚਾਰ ਹੋਕੇ
ਗਏ ਬਹੁਤ ਸਿਪਾਹੀ ਸਰਦਾਰ ਮਾਰੇ, ਨਿਮੋਝੂਣ ਆ ਬੈਠੇ ਖਵਾਰ ਹੋਕੇ
ਕਟੀ ਰਾਤ ਦਿਨੇ ਮੁੜ ਹੋਏ ਕਠੇ, ਗਲਾਂ ਕਰਨ ਲਗੇ ਸ਼ਰਮਸਾਰ ਹੋਕੇ
ਅਜ ਕਰੋ ਧਾਵਾ ਫੌਜਾਂ ਸਾਰੀਆਂ ਦਾ, ਚਹੁੰਆਂ ਪਾਸਿਆਂ ਤੋਂ ਖਬਰਦਾਰ ਹੋਕੇ
ਇਹ ਸੁਣਕੇ ਸੂਹੇ ਨੇ ਖਬਰ ਦਿਤੀ, ਸਤਿਗੁਰਾਂ ਤਾਈਂ ਹੁਸ਼ਿਆਰ ਹੋਕੇ
ਚੋਜੀ ਗੁਰੂ ਜੀ ਨੇ ਵਜਵਾ ਦਿਤਾ, ਧੌਂਸਾ ਜੰਗ ਦੇ ਲਈ ਤਯਾਰ ਹੋਕੇ
ਥੋੜੇ ਸਿੰਘ ਕਿਲ੍ਹਿਆਂ ਵਿਚ ਛਡ ਦਿਤੇ, ਆਪ ਦਲ ਸ਼ੰਗਾਰ ਤੇ ਸਵਾਰ ਹੋਕੇ
ਅਠ ਦਸ ਹਜ਼ਾਰ ਲੈ ਨਾਲ ਯੋਧੇ, ਬਾਹਰ ਨਿਕਲੇ ਖੁਸ਼ੀ ਅਪਾਰ ਹੋਕੇ
ਦੋਵੇਂ ਸਾਹਿਬਜ਼ਾਦੇ ਹਮਰਕਾਬ ਹੋਏ, ਸਭ ਤਯਾਰ ਬਰ ਤਯਾਰ ਸਰਦਾਰ ਹੋਕੇ
ਰਣਜੀਤ ਵਜਦਾ ਕਰਤਾਰ ਸਿੰਘਾ, ਚੜ੍ਹੇ ਖਾਲਸਾ ਜੀ ਹਿਸੇ ਚਾਰ ਹੋਕੇ

ਕਟਾ ਵਢ ਦਾ ਜੰਗ

ਫੌਜ ਗੁਰੂ ਜੀ ਦੀ ਚੜ੍ਹੀ ਜ਼ੋਰੀਆਂ ਤੇ ਅਗੇ ਪਿਛੇ ਹੋ ਕੇ ਹਿਸੇ ਚਾਰ ਚਲੀ
ਨੀਵੀਂ ਥਾਂ ਦੇ ਵਿਚੋਂ ਦੀ ਦੇ ਘੇਰਾ, ਤਰਜ਼ ਹੋ ਕੇ ਚੰਦਰਾਕਾਰ ਚਲੀ
ਨੀਲੇ ਘੋੜੇ ਤੇ ਗੁਰ ਅਸਵਾਰ ਅਗੇ, ਪਿਛੇ ਖਾਲਸਾ ਫੌਜ ਹੁਸ਼ਿਆਰ ਚਲੀ
ਵੈਰੀ ਆਪਣੇ ਕੰਮਾਂ ਦੇ ਵਿਚ ਰੁਝੇ, ਫੌਜ ਖਾਲਸਾ ਤਾੜਕੇ ਮਾਰ ਚਲੀ
ਇਕ ਪਾਸਿਓਂ ਥੋੜ੍ਹੀ ਦਿਖਾਲੀ ਦੇ ਕੇ, ਦੂਜੇ ਪਾਸੇ ਹੋ ਤੇਜ਼ ਤਰਾਰ ਚਲੀ
ਅਜੇ ਵੈਰੀਆਂ ਸੁਰਤ ਸੰਭਾਲੀ ਨ ਸੀ, ਗੋਲੀ ਤੀਰਾਂ ਦੀ ਆਨ ਬੁਛਾੜ ਚਲੀ
ਓਧਰ ਹਾਕਮਾਂ ਤੁਰਮ ਵਜਵਾ ਦਿਤੇ ਚੜ੍ਹ ਫੌਜ ਪੈਦਲ ਅਸਵਾਰ ਚਲੀ

ਮੀਂਹ ਵਰ੍ਹਨ ਲਗਾ ਤੀਰਾਂ ਗੋਲੀਆਂ ਦਾ, ਕਾਲੀ ਕੜਕ ਦੇਕੇ ਇਕਸਾਰ ਚਲੀ
ਦੋਹਾਂ ਪਾਸਿਆਂ ਤੋਂ ਫੌਜਾਂ ਜਮ ਗਈਆਂ, ਧੂੜ ਉਡ ਕੇ ਹੋ ਗੁਬਾਰ ਚਲੀ
ਸਿੰਘਾਂ ਮੋਰਚੇ ਲੈ ਲਏ ਥਾਂ ਨੀਵੀਂ, ਖਾਲੀ ਵੈਰੀਆਂ ਹੀ ਕੁਲ ਵਾਰ ਚਲੀ
ਦੋ ਪਹਿਰ ਇਉਂ ਅਗ ਦਾ ਮੀਂਹ ਪਿਆ, ਜਿਵੇਂ ਸਾਉਣ ਦੀ ਝੜ ਫੁਹਾਰ ਚਲੀ
ਫੇਰ ਖਾਲਸੇ ਦੀ ਕਰਤਾਰ ਸਿੰਘਾ, ਤੀਏ ਪਹਿਰ ਆ ਕੇ ਤਲਵਾਰ ਚਲੀ

ਵਾਰ ਕਰੀ

ਨੀਲੇ ਘੋੜੇ ਤੇ ਗੁਰ ਅਸਵਾਰ ਆਹੇ, ਕਲਗੀ ਤੋੜੇ ਚਮਕਾਰ ਦਿਖਾ ਰਹੇ
ਨੌਟਾਂਕ ਦੀ ਹਥ ਕਮਾਨ ਲਈ, ਭਰੇ ਵਿਚ ਗੁਸੇ ਬਾਨ ਵਾਹ ਰਹੇ
ਕੇਲੇ ਜਿਵੇਂ ਹਨੇਰੀ ਦੇ ਨਾਲ ਆ ਡਿਗਨ, ਸਥਰ ਵੈਰੀਆਂ ਮਾਰ ਵਿਛਾ ਰਹੇ
ਵੇਖ ਰਹੇ ਸੂਬੇ ਪੇਸ਼ ਜਾਂਵਦੀ ਨਾ, ਵਿਚੇ ਵਿਚ ਕਚੀਚੀਆਂ ਖਾ ਰਹੇ
ਸਤਿਗੁਰੂ ਜੀ ਸ਼ੇਰ ਨਿਰਭੈ ਖੜੇ, ਦੇ ਕੇ ਹੌਂਸਲਾ ਫੌਜ ਲੜਾ ਰਹੇ
ਜਿਧਰ ਜੋਰ ਆ ਪਏ ਕਰਤਾਰ ਸਿੰਘਾ, ਓਸੇ ਪਾਸੇ ਇਮਦਾਦ ਪੁਚਾ ਰਹੇ

ਦਲੇਰ ਖਾਂ ਨੇ ਗੋਲੰਦਾਜ਼ ਨੂੰ ਹੁਕਮ ਦੇਣਾ

ਦਿਤਾ ਹੁਕਮ ਦਲੇਰ ਖਾਂ ਤੋਪਚੀ ਨੂੰ, ਕਸਬ ਆਪਣਾ ਮੀਆਂ ਦਿਖਾ ਦੇ ਖਾਂ
ਔਹ ਘੋੜੇ ਤੇ ਹਿੰਦ ਦਾ ਪੀਰ ਖੜਾ, ਸ਼ਿਸਤ ਲੈ ਕੇ ਗੋਲਾ ਚਲਾ ਦੇ ਖਾਂ
ਵਿਚ ਘੜੀ ਦੇ ਰੇੜਕਾ ਮੁਕ ਜਾਵੇ, ਸੁਣੇ ਘੋੜੇ ਦੇ ਤੁਰਤ ਉਡਾ ਦੇ ਖਾਂ
ਜੋ ਮੰਗੇਂ ਸੋ ਦਿਆ ਕਰਤਾਰ ਸਿੰਘਾ, ਵੈਰੀ ਖਾਕ ਦੇ ਨਾਲ ਮਿਲਾ ਦੇ ਖਾਂ

ਸ੍ਰੀ ਦਸਮੇਸ਼ ਜੀ ਨੂੰ ਤੋਪ ਦੇ ਗੋਲੇ ਨਾ ਲਗਣੇ

ਗੋਲੰਦਾਜ਼ ਨੇ ਛਡਿਆ ਤੁਰਤ ਗੋਲਾ, ਉਚਾ ਲੰਘ ਓਹ ਭੀ ਕਿਸੇ ਦਾ ਗਿਆ
ਫੇਰ ਹੋਰ ਨੀਵੀਂ ਓਸ ਸ਼ਿਸਤ ਲਾਈ, ਓਹ ਨੇੜਿਓਂ ਈ ਟੱਕਰ ਖਾ ਗਿਆ
ਏਸੇ ਤਰ੍ਹਾਂ ਛਡੇ ਪੰਜ ਸਤ ਗੋਲੇ, ਖਾਲੀ ਗਏ ਚੱਕਰ ਸਿਰ ਆ ਗਿਆ
ਹਥ ਦੇ 'ਕਰਤਾਰ' ਕਰਤਾਰ ਸਿੰਘਾ, ਸਤਿਗੁਰਾਂ ਨੂੰ ਆਪ ਬਚਾ ਗਿਆ

ਸ੍ਰੀ ਦਸਮੇਸ਼ ਜੀ ਨੇ ਤੇਗ ਦਾ ਹਲਾ ਕਰਵਾ ਦੇਣਾ

ਤਿੰਨ ਪਹਿਰ ਏਸੇ ਤਰ੍ਹਾਂ ਬੀਤ ਗਏ, ਜੋਰ ਲਾ ਵੈਰੀ ਅੰਤ ਹਾਰ ਪਏ
ਸਿੰਘਾਂ ਪੈਰ ਨਾਹੀਂ ਅਗੇ ਵਧਨ ਦਿਤੇ, ਚਿੱਲੇ ਵੈਰੀਆਂ ਦੇ ਹਥਯਾਰ ਪਏ

ਪਹਿਰ ਪਿਛਲੇ ਹੁਕਮ ਪਾ ਗੁਰੂ ਜੀ ਦਾ, ਤੇਗਾਂ ਸੂਤਕੇ ਸਿੰਘ ਲਲਕਾਰ ਪਏ
ਬਾਜਾਂ ਵਾਂਗ ਅਕਾਲ ਅਕਾਲ ਕਹਿੰਦੇ, ਉਤੇ ਸ਼ੇਰ ਦੇ ਕੂਜਾਂ ਦੀ ਡਾਰ ਪਏ
ਅਗੇ ਮੁਗਲਪਠਾਨ ਭੀ ਘਟ ਨਾਸੀ, ਨਾਹਰੇ ਐਲੀ ਦੇ ਓਹ ਭੀ ਪੁਕਾਰ ਪਏ
ਬਾਂਏ ਮੋਰਚਾ ਸੀ ਪਹਾੜੀਆਂ ਦਾ ਸ਼ੈਹ ਨਾਲ ਓਹ ਕਦਮ ਉਭਾਰ ਪਏ
ਏਧਰ ਸਾਹਿਬ ਅਜੀਤ ਸਿੰਘ ਵਧ ਅਗੇ, ਖਾਂ ਦਲੇਰ ਦੇ ਮੋਰਚੇ ਸਾਰ ਪਏ
ਨਾਹਰ ਸਿੰਘ ਉਦੇ ਸਿੰਘ ਜਹੇ ਬਲੀ, ਜ਼ਬਰਦਸਤ ਖਾਂ ਤੇ ਇਕੋ ਵਾਰ ਪਏ
ਆਲਮ ਸਿੰਘ ਤੇ ਧਰਮਸਿੰਘ ਸ਼ੇਰਸਿੰਘਭੀ, ਏਹ ਪਹਾੜੀਆਂ ਤੇ ਜੋਰਦਾਰ ਪਏ
ਸਿੰਘ ਅਠ ਹਜਾਰ ਬੇ ਗਿਣਤ ਵੈਰੀ, ਪਰ ਮੌਤ ਦਾ ਡਰ ਵਿਸਾਰ ਪਏ
ਰਖ ਕਲਗੀਧਰ ਦਾ ਆਸਰਾ ਜੀ ਸ੍ਰੀ ਸਾਹਿਬ ਲੈ ਜੰਗ ਵਿਚ ਧਾਰ ਪਏ
ਖਟਾ ਖਟ ਘਚਾ ਘਚ ਤੇਗ ਚਲੀ ਪਲੋਂ ਪਲੀ ਆ ਲੈ ਸਥਾਰ ਪਏ
ਤੇਗਾਂ ਢਾਲਿਆਂ ਤੇ ਇਉਂ ਖੜਗ ਪਈਆਂ, ਜਿਵੇਂ ਘੜਦੇਘਾੜ ਠੱਠਯਾਰ ਪਏ
ਆਨ ਮੁਰਦਿਆਂ ਦੇ ਢੇਰ ਲਗ ਗਏ, ਹੋ ਬੇਜਾਨ ਪੈਦਲ ਅਸਵਾਰ ਪਏ
ਏਧਰ ਗੁਰੂ ਜੀ ਦੇਣ ਲਲਕਾਰਿਆਂ ਨੂੰ, ਓਧਰ ਖਾਨ ਕਰਦੇ ਖਬਰਦਾਰ ਪਏ
ਆਪੋ ਆਪਣੇ ਹਠ ਤੇ ਲੜ ਜੋਧੇ, ਆਪੋ ਆਪਣੇ ਤਾੜਦੇ ਵਾਰ ਪਏ
ਕਿਤੇ ਸਿਰ ਵੱਢੇ ਕਿਤੇ ਧੜ ਰੁਲਦੇ; ਕਿਤੇ ਜ਼ਖਮੀ ਪੈਰ ਪਸਾਰ ਪਏ
ਚਲੀ ਤੇਗ ਅਪਾਰ ਕਰਤਾਰ ਸਿੰਘਾਂ; ਕੱਟੇ ਸੂਰਮੇਂ ਬੇਸ਼ੁਮਾਰ ਪਏ

### ਵਜ਼ੀਦ ਖਾਂ ਨੂੰ ਕੁਮਕ ਲੈ ਕੇ ਪਹੁੰਚਣਾ

ਤੇਗ ਸਿੰਘਾ ਦੀ ਝੱਲਨੀ ਹੋਈ ਔਖੀ, ਦਲ ਵੈਰੀਆਂ ਹੌਸਲਾ ਢਾ ਪਿਆ
ਤਿਖੇ ਗੁਰਾਂ ਦੇ ਤੀਰ ਨ ਜਾਨ ਝਲੇ; ਪੈਰ ਦੁਸ਼ਮਨਾ ਪਿਛਾਂ ਨੂੰ ਜਾ ਪਿਆ
ਏਨੇ ਚਿਰ ਨੂੰ ਖਾਂ ਵਜੀਦ ਸੂਬਾ; ਫੌਜ ਆਪਣੀ ਲੈ ਕੇ ਆ ਪਿਆ
ਫੇਰ ਭੜਕਿਆ ਜੰਗ ਕਰਤਾਰ ਸਿੰਘਾ; ਟੁਟਾ ਭਜਾ ਭੀ ਪੈਰ ਵਧਾ ਪਿਆ

### ਗਾੜ੍ਹਾ ਜੰਗ

ਜਦੋਂ ਮਦਦ ਪਹੁੰਚ ਗਈ ਵੈਰੀਆਂ ਨੂੰ; ਗੁਰਾਂ ਅੜਦਲ ਫੌਜ ਝੁਕਾ ਦਿਤੀ
ਖਿਚ ਖਿਚ ਗੁਸੇ ਨਾਲ ਬਾਣ ਵਾਹੇ, ਫੌਜ ਕਰ ਸਥਾਰ ਵਿਛਾ ਦਿਤੀ
ਤੇਗ ਸਿੰਘਾ ਨੇ ਚਿਪਕੇ ਅਹੀ ਵਾਹੀ; ਸੁਧ ਵੈਰੀਆਂ ਵਾਲੀ ਭੁਲਾ ਦਿਤੀ

ਦਾਬਾ ਪਿਆ ਸੀ ਮੁਢੋਂ ਪਹਾੜੀਆਂ ਤੇ; ਓਹਨਾਂ ਹੌਸਲੇ ਦੀ ਕੰਧ ਢਾ ਦਿਤੀ
ਭੇਤੀ ਹੌਸਨ ਸਿੰਘ ਪਹਾੜੀਆਂ ਦੇ, ਭੀੜ ਓਹਨਾਂ ਦੇ ਮੋਰਚੇ ਪਾ ਦਿਤੀ
ਬਿਝੜਵਾਲੀਆ ਉਦੇ ਸਿੰਘ ਮਰ ਗਿਆ, ਮਦਨ ਸਿੰਘ ਭੀ ਜੇ ਝੁਲਾ ਦਿਤੀ
ਧਰਮ ਚੰਦ ਢਡਵਾਲੀਆ ਪਾਰ ਹੋਯਾ, ਹੋਰ ਸੈਨਾ ਬੇਅੰਤ ਖਪਾ ਦਿਤੀ
ਗੁਲਬੇਗ, ਅਜ਼ੀਮ ਖਾਂ, ਖਾਂ ਹੈਦਰ, ਕਰ ਸਦੀਕ ਦੀ ਜਾਨ ਹਵਾ ਦਿਤੀ
ਮਰ ਹੋਰ ਭੀ ਕਈ ਸਰਦਾਰ ਗਏ, ਸਿੰਘਾਂ ਹਿਲਜੁਲੀ ਡਾਢੀ ਹੀ ਪਾ ਦਿਤੀ
ਪਹਿਲੇ ਮੋਰਚਾ ਤੋੜ ਪਹਾੜੀਆਂ ਦਾ, ਫੌਜ ਉਨ੍ਹਾਂ ਦੀ ਦੂਰ ਭਜਾ ਦਿਤੀ
ਜਿਧਰ ਨਜ਼ਰ ਪਏ ਮੁਰਦਿਆਂ ਢੇਰ ਲਗੇ, ਸਿੰਘਾਂ ਜੰਗ ਦੀ ਹੋਲੀ ਮਚਾ ਦਿਤੀ
ਭਾਵੇਂ ਸਿੰਘਾਂ ਦਾ ਭੀ ਨੁਕਸਾਨ ਹੋਯਾ, ਪਰ ਵੈਰੀਆਂ ਦੀ ਨੀਂਦ ਲਾਹ ਦਿਤੀ
ਏਸੇ ਤਰ੍ਹਾਂ ਏਹ ਪਿਆ ਘਮਸਾਨ ਬੜਾ, ਸਿੰਘਾਂ ਖੰਡੇ ਦੀ ਸ਼ਕਤ ਦਿਖਾ ਦਿਤੀ
ਕੂੜ ਧੂੜ ਤੇ ਧੂਏਂ ਹਨੇਰ ਪਾਇਆ, ਕੁਝ ਸੰਧਿਆ ਨੇ ਮਦਦ ਆ ਦਿਤੀ
ਸੂਰਜ ਥਕ ਕੇ ਪਛਮ ਜਾ ਬੈਠਾ, ਕਾਲੀ ਚਾਦਰ ਰਾਤ ਵਿਛਾ ਦਿਤੀ
ਦੋਹਾਂ ਪਾਸਿਆਂ ਤੋਂ ਫੇਰ ਹਾਕਮਾਂ ਨੇ, ਆਪੋ ਆਪਣੀ ਫੌਜ ਹਟਾ ਦਿਤੀ
ਸਾਂਭ ਜ਼ਖਮੀ ਪਿਛਾਂ ਨੂੰ ਹਟ ਗਏ; ਭੇਰੀਂ ਆ ਕੇ ਫਤੇ ਗਜਾ ਦਿਤੀ
ਮੁਰਦੇ ਸੁਟ ਦਰਯਾ ਕਰਤਾਰ ਸਿੰਘਾ, ਕਾਰੀ ਜ਼ਖਮੀਆਂ ਦੀ ਕਰਵਾ ਦਿਤੀ

ਅਗਲੇ ਦਿਨ ਸਾਹਿਬ ਅਜੀਤ ਸਿੰਘ ਦਾ ਹਲਾ

ਏਸ ਹਲੇ ਵਿਚ ਸਿੰਘ ਵੀ ਬਹੁਤ ਮਰੇ, ਪਰ ਵੈਰੀਆਂ ਦੇ ਲਥੇ ਘਾਨ ਚੰਗੇ
ਬੀਤੀ ਰਾਤ ਰਹਿ ਗਈ ਇਕ ਪਹਿਰ ਬਾਕੀ ਉਠੇ ਚੋਣਵੇਂ ਸਿੰਘ ਜਵਾਨ ਚੰਗੇ
ਲੋਹਗੜ੍ਹ ਤੇ ਹੋਲਗੜ੍ਹ ਕਿਲੇ ਵਿਚੋਂ, ਕਠੇ ਹੋ ਆਏ ਬਲਵਾਨ ਚੰਗੇ
ਚਲੇ ਹੇਠ ਕਮਾਨ ਅਜੀਤ ਸਿੰਘ ਦੀ, ਡਾਪਾ ਮਾਰਨੇ ਲਈ ਸੁਜਾਨ ਚੰਗੇ
ਤਿੰਨ ਚਾਰ ਹਜ਼ਾਰ ਰਲ ਦਲ ਚਲੇ, ਜੀ ਵੇਲੇ ਪਿਛਲੇ ਰਾਹ ਪਛਾਨ ਚੰਗੇ
ਪਏ ਸੁਤਿਆਂ ਤੇ ਕਰਤਾਰ ਸਿੰਘਾ, ਥਾਓਂ ਥਾਂਈਂ ਦਬਾ ਲਏ ਖਾਨ ਚੰਗੇ

ਤਥਾ

ਪਹਿਰੇ ਵਾਲਿਆਂ ਨੇ ਭਾਵੇਂ ਦਸ ਦਿਤਾ, ਪਰ ਸਾਹਿਬਜ਼ਾਦੇ ਤੇਜ਼ ਝਟ ਕਰਕੇ
ਇਕ ਦਮ ਜਾ ਸਾਮਣੇ ਵਾਢ ਘਤੀ, ਰੌਲਾ ਪਾ ਦਿਤਾ ਮਾਰ ਕੁਟ ਕਰਕੇ

ਵੈਰੀ ਬਿਸਤਰੇ ਛਡਕੇ ਨੱਠ ਗਏ, ਖਾਲੀ ਸਾਜ ਸਾਮਾਨ ਨੂੰ ਸੁਟ ਕਰਕੇ
ਮੁੜ ਪਏ ਪਿਛਾਂਹ ਕਰਤਾਰ ਸਿੰਘਾ, ਬਹੁਤ ਘਾਸ ਦਾਨਾ ਸਿੰਘ ਲੁਟ ਕਰਕੇ

ਵੈਰੀਆਂ ਦੀ ਫੌਜ ਨੇ ਅਨੰਦਪੁਰ ਵਿਚ ਆ ਵੜਨਾ

ਜਿੰਨੇ ਚਿਰ ਨੂੰ ਵੈਰੀ ਤਯਾਰ ਹੋਏ, ਸਾਹਿਬਜ਼ਾਦੇ ਨੇ ਸਿੰਘ ਪਰਤਾ ਲਏ
ਲੜਦੇ ਭਿੜਦੇ ਕਿਲੇ ਨੂੰ ਆ ਗਏ, ਸਭ ਸਾਂਭ ਸਾਮਾਨ ਰਖਾ ਲਏ
ਪਰ ਵੈਰੀ ਸਿਧੇ ਸ਼ਹਿਰ ਵੜ ਗਏ, ਓਹਨਾਂ ਕਈ ਦੁਕਾਨ ਲੁਟਾ ਲਏ
ਰੌਲਾ ਮਚ ਗਿਆ ਕਰਤਾਰ ਸਿੰਘਾ, ਸਿੰਘਾਂ ਫੇਰ ਹਥਯਾਰ ਉਠਾ ਲਏ

ਸਿੰਘਾਂ ਨੇ ਵੈਰੀਆਂ ਨੂੰ ਸ਼ਹਿਰੋਂ ਕਢ ਦੇਣਾ

ਸੀ ਸਾਹਿਬਜ਼ਾਦਾ ਜ਼ਖਮੀ ਹੋਯਾ ਹੋਯਾ, ਪਰ ਫੇਰ ਭੀ ਹੌਸਲਾ ਧਾਰ ਕਰਕੇ
ਛੇੜਕੇ ਹਾਥੀਆਂ ਨੂੰ ਪਿਆ ਵੈਰੀਆਂ ਤੇ, ਰੋਕ ਗਲੀਆਂ ਵਿਚ ਬਜ਼ਾਰ ਕਰਕੇ
ਤੇਗਾਂ ਨੇਜ਼ਿਆਂ ਬਰਛੀਆਂ ਮਾਰ ਮੱਚੀ, ਸਿੰਘ ਲੜੇ ਆ ਪੈਰ ਸੰਭਾਰ ਕਰਕੇ
ਏਨੇ ਚਿਰ ਨੂੰ ਗੁਰੂ ਜੀ ਪਹੁੰਚ ਗਏ, ਨਾਲ ਸਿੰਘ ਭੀ ਬਹੁਤ ਹੁਸ਼ਯਾਰ ਕਰਕੇ
ਵੈਰੀ ਗਲੀਆਂ ਦੇ ਵਿਚ ਰੋਕ ਮਾਰੇ, ਬਾਕੀ ਨਠੇ ਪਿਛਾਂਹ ਨੂੰ ਹਾਰ ਕਰਕੇ
ਦਿਤਾ ਕੁਝ ਨ ਜਾਨ ਕਰਤਾਰ ਸਿੰਘਾ, ਚੀਜ਼ਾਂ ਖੋਹ ਲਈਆਂ ਤੇਗਾਂ ਮਾਰ ਕਰਕੇ

ਸੂਬਿਆਂ ਨੇ ਗਲ ਪੌਣੇ ਲੜਨ ਦਾ ਹੌਸਲਾ ਛਡ ਦੇਣਾ

ਏਸ ਤਰ੍ਹਾਂ ਜਾਂ ਹੋਏ ਕਈ ਵਾਰ ਹੱਲੇ, ਤੇਗਾਂ ਮਾਰ ਸਿੰਘਾਂ ਪੋਲ ਕਢ ਦਿਤਾ
ਝਟ ਫੜ ਲੈ ਆਵਾਂਗੇ ਗੁਰੂ ਜੀ ਨੂੰ, ਰਸਾ ਏਸ ਉਮੈਦ ਦਾ ਵਢ ਦਿਤਾ
ਸੂਬੇ ਵਿਚ ਸਲਾਹਾਂ ਦੇ ਪੈ ਗਏ, ਤੀਰ ਖੌਫ ਦਾ ਕਾਲਜੇ ਗਢ ਦਿਤਾ
ਗਲ ਪੌਣ ਤੋਂ ਡਰੇ ਕਰਤਾਰ ਸਿੰਘਾ, ਧਾਵਾ ਕਰਨ ਦਾ ਹੌਸਲਾ ਛਡ ਦਿਤਾ

ਸ੍ਰੀ ਦਸਮੇਸ਼ ਜੀ ਤੇ ਫੇਰ ਤਪ ਦਾ ਵਾਰ ਹੋਣਾ ਤੇ ਖਾਲੀ ਜਾਣਾ

ਗਲ ਪੌਣ ਦਾ ਹੌਸਲਾ ਟੁਟ ਗਿਆ, ਸੂਬੇ ਘੇਰਾ ਚੁਫੇਰੇ ਹੀ ਪਾਂਵਦੇ ਨੇ
ਦੂਰ ਦੂਰ ਹਟ ਤੋਪਦੀ ਮਾਰ ਪਾਸੀ, ਨੀਵੇਂ ਥਾਈਂ ਥਾਈਂ ਫੌਜਾਂ ਬਠਲਾਂਵਦੇ ਨੇ
ਜਿਵੇਂ ਸ਼ੇਰ ਪਾਸੋਂ ਲਖ ਹਾਂ ਗਿਦੜ, ਭੈ ਮਿਰਗ ਬੇਅੰਤ ਹੀ ਖਾਂਵਦੇ ਨੇ
ਤਿਵੇਂ ਗੁਰੂ ਜੀ ਤੋਂ ਦਸ ਲਖ ਵੈਰੀ, ਰਾਤ ਦਿਨ ਸੋ ਜਾਨ ਕਥਾਂਵਦੇ ਨੇ
ਅਗ੍ਹਾਂ ਵਧਨ ਦਾ ਹੌਸਲਾ ਪਏ ਨਾਹੀਂ, ਹਟ ਹਟ ਕੇ ਝਟ ਲੰਘਾਂਵਦੇ ਨੇ
ਏਧਰ ਸਿੰਘ ਬਹਾਦਰ ਕਈ ਵੈਰੀ, ਛਾਪੇ ਮਾਰ ਨੁਕਸਾਨ ਪੁਚਾਂਵਦੇ ਨੇ

ਲੰਬੀ ਹਾਕਮਾਂ ਪਾ ਖੜਖੱਸ ਦਿਤੀ, ਇਕ ਪਾਸੇ ਨ ਗਲ ਮੁਕਾਂਵਦੇ ਨੇ
ਬਾਹਰੋਂ ਕਿਲ੍ਹਿਆਂ ਤੇ ਸ਼ਹਿਰ ਦੇਵਿਚ ਭਾਈ, ਐਨਾ ਜਾਣਾ ਬੰਦ ਕਰਾਵਦੇ ਨੇ
ਇਕਦਿਨ ਸਤਿਗੁਰੂ ਜੀ ਪਹਿਰਪਿਛਲੇ, ਬਾਹਰਿਨਿਕਲ ਸੁਚੇਤੇ ਨੂੰ ਜਾਂਵਦੇ ਨੇ
ਫਿਰ ਇਕ ਠੇਗੀ ਉੱਤੇ ਬੈਠ ਕਰਕੇ, ਕੰਘਾ ਫੇਰ ਦਸਤਾਰ ਸਜਾਂਵਦੇ ਨੇ
ਹੋਰ ਏਧਰੋਂ ਓਧਰੋਂ ਸਿੰਘ ਕਈ, ਕਾ ਹੌਲੀ ਹੌਲੀ ਓਥੇ ਆਂਵਦੇ ਨੇ
ਖਾਸਾ ਇਕ ਟੋਲਾ ਓਥੇ ਬਣ ਗਿਆ, ਵੈਰੀ ਵੇਖਕੇ ਸ਼ਿਸਤ ਲਗਾਂਵਦੇ ਨੇ
ਸੂਬੇ ਪੁਛਦੇ ਸਾਹਮਣੇ ਕੌਣ ਬੈਠਾ, ਬੈਠਾ ਗੁਰੂ ਹੈ ਰਾਜੇ ਬਤਾਂਵਦੇ ਨੇ
ਉਸੇ ਵਕਤ ਹੀ ਆਖਕੇ ਤੋਪਚੀ ਨੂੰ, ਗੋਲੇ ਤੋਪ ਦੇ ਚਾ ਮਰਵਾਂਵਦੇ ਨੇ
ਸਤਿਨਾਮ ਦੀ ਪਹਿਨ ਸੰਜੋਅ ਬੈਠੇ, ਸਤਿਗੁਰੂ ਨ ਚਿਤ ਡੁਲਾਂਵਦੇ ਨੇ
ਸਗੋਂ ਸਿੰਘਾਂ ਨੂੰ ਆਖਦੇ ਡਰੋ ਨਾਹੀਂ; ਗੋਲੇ ਲਾਂਭ ਦੀ ਲੰਘਦੇ ਜਾਂਵਦੇ ਨੇ
ਵਜਾ ਇਕ ਨ ਸਭੋ ਹੀ ਗਏ ਖਾਲੀ; ਜਬਰਦਸਤ ਵਰਗੇ ਜ਼ੋਰ ਲਾਂਵਦੇ ਨੇ
ਅੰਤ ਰਾਤ ਪੈ ਗਈ ਗੁਰੂ ਚਲੇ ਆਏ, ਸੂਬੇ ਵੇਖ ਦਿਲੋਂ ਸ਼ਰਮਾਂਵਦੇ ਨੇ
ਹੋ ਰਹੇ ਹੈਰਾਨ ਕਰਤਾਰ ਸਿੰਘਾ, ਜੋ ਆਂਵਦੀ ਮੂੰਹ ਸੁਣਾਂਵਦੇ ਨੇ

### ਸਿੰਘਾਂ ਦੇ ਉਪਦੇਸ਼

ਕੋਹਾਂ ਤਕ ਵੈਰੀ ਸਾਰੇ ਛਾਏ ਰਹੇ, ਦਾਣਾ ਪਠਾ ਨ ਬਾਹਰ ਤੋਂ ਆਵਨਾ ਏਂ
ਖਰਚ ਮੁਕ ਜਾਏਗਾ ਅਸੀਂ ਫੜਲਾਂਗੇ, ਸੂਬੇ ਰਖ ਬੈਠੇ ਏਹੋ ਭਾਵਨਾ ਏਂ
ਸਤਿਗੁਰੂਜੀਸਿੰਘਾਂਨੂੰ ਨਿਤ ਬਹਿਕੇ, ਕਹਿੰਦੇ ਪਿਆਰਿਓ ਸਿਦਕ ਨਿਭਾਵਨਾ ਏਂ
ਧਰਮ ਵਾਸਤੇ ਅਸਾਂ ਏਹ ਜੰਗ ਰਚਿਆ, ਤੰਗ ਪੈ ਨ ਦਿਲ ਡੁਲਾਵਨਾ ਏਂ
ਤੁਸੀਂ ਛਤਰੀ ਪੁਤ ਅਕਾਲ ਦੇ ਹੋ, ਤੁਸਾਂ ਧਰਮ ਰੁੜ੍ਹਦਾ ਬੰਨੇ ਲਾਵਨਾ ਏਂ
ਜੋ ਜੰਮਿਆਂ ਉਸ ਨੇ ਮਰ ਜਾਣਾ, ਸਦਾ ਥਿਰ ਨ ਕਿਸੇ ਰਹਾਵਨਾ ਏਂ
ਧਰਮ ਜੰਗ ਵਿਚ ਹੋਣ ਸ਼ਹੀਦ ਜਿਹੜੇ, ਨਹੀਂ ਉਨ੍ਹਾਂ ਨੂੰ ਜਮਾ ਸਤਾਵਨਾ ਏਂ
ਪਦ ਜੋਗੀਆਂ ਨੂੰ ਜਿਹੜਾ ਹਥ ਆਵੇ, ਛਿਣ ਵਿਚ ਸ਼ਹੀਦਾਂ ਨੇ ਪਾਵਨਾ ਏਂ
ਦੋਹਾਂ ਸਾਰੀਆਂ ਬਿਨਸਨੇਹਾਰ ਨੇ ਜੀ, ਕਿਸੇ ਅਜ ਕਿਸੇ ਕ [illegible] ਜਾਵਨਾ ਏਂ
ਮੋਇਆਂ ਪਾਜੀਆਂ ਦਾਕਿਸਨਾਮ ਲੈਣਾ, ਜੱਸ ਯੋਧਿਆਂਦਾ ਲੋਕਾਂ ਗਾਵਨਾ ਏਂ
ਸੂਰਾ ਸੋ ਜੋ ਧਰਮ ਦੇ ਹਿਤ ਲੜੇ, ਪੁਰਜਾ ਪੁਰਜਾ ਸਰੀਰ ਕਟਾਵਨਾ ਏਂ

ਆਪ ਝਲਕੇ ਦੁਖ ਕਰਤਾਰ ਸਿੰਘਾ, ਅਸਾਂ ਦੇਸ ਨੂੰ ਸੁਖ ਪੁਚਾਵਣਾ ਏ

### ਤੁਕਾ

ਖੰਘ, ਤਾਪਦਾ ਖਾਜ ਨਹੀਂ ਰਚਿਆ, ਸਦਾ ਜੰਗ ਨਸੰਗ ਹੀ ਚਾਹੇਗਾ ਜੀ
ਮਰਨਾ ਸਾਮ੍ਹਣੇ ਮਥੇ ਬਹਾਦਰਾਂ ਨੇ, ਪਾਜ਼ੀ ਭਜਦਾ ਪਿਠ ਵਦਾਏਗਾ ਜੀ
ਸ਼ੇਰ ਬੁਕੇਗਾ ਵਿਚ ਮੈਦਾਨ ਦੇ ਜੀ, ਗਿਦੜਾਂ ਖੁਡਾਂ ਵਿਚ ਸਿਰ ਛੁਪਾਏਗਾ ਜੀ
ਮੇਰੇ ਪੰਥ ਨੂੰ ਮਾਰਾ, ਬਕਾਰਾ ਪਜ਼ਾਰਾ, ਨੀਵਾਂ ਹੋ ਨ ਝਟ ਲੰਘਾਏਗਾ ਜੀ
ਦੁਖ ਦਾਰੂ ਹੈ, ਸਦਾ ਅਰੋਗ ਰਖੇ, ਸੁਖ ਰੋਗ ਹੈ ਨਹੀਂ ਸੁਖਾਏਗਾ ਜੀ
ਮਰਨਾ ਮਾਰਨਾ ਪੰਥ ਦਾ ਕੰਮ ਰਹਿਸੀ, ਨਹੀਂ ਮਰਨ ਤੋਂ ਚਿਤ ਚੁਰਾਏਗਾ ਜੀ
ਬਲ ਬੀਰਤਾ ਨੂੰ ਕਾਇਮ ਰਖ ਕਰਕੇ, ਯਸ ਰਾਜ ਅਟਲਤਾ ਪਾਏਗਾ ਜੀ
ਧਰਮ ਪਾਲਨਾ ਕਰ ਕਰਤਾਰ ਸਿੰਘਾ, ਪਾਪੀ ਜ਼ਾਲਮਾਂ ਤਈਂ ਖਪਾਏਗਾ ਜੀ

### ਇਸ ਵੇਲੇ ਦੇ ਸਿੰਘਾਂ ਦੇ ਨਿਸਚੇ

ਉਪਦੇਸ਼, ਵਿਵੇਕ ਵੈਰਾਗ ਵਾਲੇ; ਸਤਿਗੁਰਾਂ ਸਿਖਾ ਪੜ੍ਹਾ ਛਡੇ
ਮੋੜ ਮਾਯਾ ਦੇ ਤੋੜਕੇ ਜਾਲ ਸਾਰੇ, ਉਹ ਵਿਰੱਕਤ ਮਹਾਂਬਲੀ ਬਨਾ ਛਡੇ
ਧਰਮ ਪੁਤਲੇ ਸਿੰਘ ਸਭ ਬਣ ਰਹੇ, ਮੋਹ ਘਰਾਂ ਦੇ ਦਿਲੋਂ ਮਿਟਾ ਛਡੇ
ਵਖ ਆਤਮਾਂ ਦੇਹ ਤੋਂ ਸਮਝ ਕਰਕੇ; ਚਾ ਸਰੀਰਾਂ ਦੇ ਸੁਖ ਭੁਲਾ ਛਡੇ
ਉੱਤੇ ਧਰਮ ਦੇ ਹੋ ਸ਼ਹੀਦ ਮਰਨਾ, ਏਹੋ ਨੁਕਤੇ ਦਿਲੀਂ ਟਿਕਾ ਛਡੇ
ਸਿਰ ਤਲੀਆਂ ਤੇ ਮਾਨੋਂ ਧਰ ਰਖੇ, ਖੌਫ ਮੌਤ ਦੇ ਸਭ ਉਡਾ ਛਡੇ
ਲੇਖੇ ਗੁਰਾਂ ਦੇ ਲਗ ਸਰੀਰ ਜਾਏ, ਏਹ ਖਿਆਲ ਸੋ ਦਿਲੀਂ ਬੈਠਾ ਛਡੇ
ਧੰਨ ਭਾਗ ਅਸੀਂ ਹੋ ਸ਼ਹੀਦ ਮਰੀਏ; ਏਡੇ ਨਿਸਚੇ ਉਨ੍ਹਾਂ ਪਕਾ ਛਡੇ
ਦੀਵੇ ਜੰਗ ਦੇ ਬਣ ਪਤੰਗ ਰਹੇ; ਹੋਰ ਸੰਸੇ ਤੇ ਭਰਮ ਉਠਾ ਛਡੇ
ਉੱਤਮ ਉਨ੍ਹਾਂ ਦੇ ਭਾਗ ਕਰਤਾਰ ਸਿੰਘਾ, ਜਿਨਾਂ ਜਨਮ ਗੁਰਾਂ ਲੇਖੇ ਲਾ ਛਡੇ

### ਵਾਕ ਕਵੀ

ਏਹੋ ਗਲ ਸੀ ਏਤਨੇ ਵੈਰੀਆਂ ਤੋਂ; ਥੋੜੇ ਜਹੇ ਨ ਜਾਂਵਦੇ ਸਨ
ਸਿੰਘ ਸ਼ੌਕ ਦੇ ਨਾਲ ਕੁਰਬਾਨ ਹੁੰਦੇ, ਵੈਰੀ ਡਰਦੇ ਜਿੰਦਾਂ ਛੁਪਾਂਵਦੇ ਸਨ
ਸਿੰਘ ਸਿਰਫ ਸਤਿਗੁਰਾਂ ਦੇ ਨਾਮ ਉੱਤੇ, ਜਿੰਦਜਾਨ ਪਰਵਾਰ ਘੁਮਾਂਵਦੇ ਸਨ

ਓਧਰ ਹਾਕਮਾਂ ਦੇ ਸਾਰੇ ਆਦਮੀ ਜੀ, ਬਧੇ ਵਿਚ ਮੈਦਾਨ ਦੇ ਆਂਵਦੇ ਸਨ
ਸਿੰਘ ਘਰਾਂ ਤੋਂ ਧਰ ਪ੍ਰੇਮ ਆਉਂਦੇ ਹਾਕਮ ਬਦੋ ਬਦੀ ਬੰਨ੍ਹ ਲਿਆਂਵਦੇ ਸਨ
ਸਿੰਘ ਖੁਸ਼ੀ ਹੋ ਮਰਨ ਕਬੂਲ ਕਰਦੇ, ਵੈਰੀ ਮਰਨ ਤੋਂ ਜੀ ਚੁਰਾਂਵਦੇ ਸਨ
ਓਹ ਤਬਲਾਂ ਲੈਕੀ ਲੜਨ ਨਾਹੀਂ, ਸਿੰਘ ਖਰਚ ਭੀ ਘਰੋਂ ਲਿਆਂਵਦੇ ਸਨ
ਅਗਾਂ ਵਧਕੇ ਮਾਰਦੇ ਸਿੰਘ ਤੇਗਾਂ, ਦੂਜੇ ਮਾਰੀਦੇ ਦਿਨ ਲੰਘਾਂਵਦੇ ਸਨ
ਇਕ ਪਾਸੇ ਪ੍ਰੇਮ, ਵਿਗਾਰ ਦੂਜੇ ਫਤੇ ਸਿੰਘ ਤਾਹੀਏਂ ਸਦਾ ਪਾਂਵਦੇ ਸਨ
ਸਿਖ ਓਹੋ ਸਨ ਠੀਕ ਕਰਤਾਰ ਸਿੰਘਾ, ਤਨ ਧਨ ਗੁਰਾਂ ਹਿਤ ਲਾਂਵਦੇ ਸਨ

ਵੈਰੀਆਂ ਨੇ ਅਨੰਦਪੁਰ ਦੇ ਚੁਫੇਰੇ ਘੇਰਾ ਘੱਤ ਛਡਣਾ

ਏਹ ਯਕੀਨ ਹੋ ਗਿਆ ਜਾਂ ਸੂਬਿਆਂ ਨੂੰ, ਗੁਰੂ ਅਸਾਂ ਤੋਂ ਜਿਤਿਆ ਜਾਏ ਨਾਹੀਂ
ਜਿਨਾ ਚਿਰ ਨ ਇਨ੍ਹਾਂ ਦਾ ਖਰਚ ਮੁਕੇ ਓਨਾ ਚਿਰ ਸਾਡੇ ਹਥ ਆਏ ਨਾਹੀਂ
ਏਹ ਸੋਚ ਚੁਫੇਰੇ ਬੈਠਾ ਫੌਜਾਂ, ਹੁਕਮ ਜਾਰੀ ਕੀਤੇ ਕੋਈ ਭੁਲਾਏ ਨਾਹੀਂ
ਰਾਹ ਰੋਕ ਰਖੋ ਸਭ ਪਾਸਿਆਂ ਤੋਂ ਕੋਈ ਆਦਮੀ ਓਦਨਾ ਪਾਏ ਨਾਹੀਂ
ਜੇੜ੍ਹਾ ਨਿਕਲ ਜਾਵੇ ਓਹਨੂੰ ਜਾਣ ਦਿਹੋ, ਕੋਈ ਬਾਹਰਲਾ ਚੀਜ਼ ਲਜਾਏ ਨਾਹੀਂ
ਰਖੋ ਖੂਬ ਤਕੜਾਈ ਕਰਤਾਰ ਸਿੰਘਾ, ਗੁਰੂ ਕਿਤੇ ਨੁਕਸਾਨ ਪੁਚਾਏ ਨਾਹੀਂ

ਸ੍ਰੀ ਦਸਮੇਸ਼ ਜੀ ਨੇ ਬੰਦੋਬਸਤ ਕਰਨੇ

ਜਾਣੀ ਜਾਣ ਸਤਿਗੁਰੂ ਜੀ ਜਾਣਦੇ ਸਨ, ਕੋਠੇ ਦਾਣਿਆਂ ਦੇ ਭਰਵਾ ਰਖੇ
ਤੂੜੀ ਘਾਸ, ਬਾਲਣ ਦੇ ਸਾਲ ਜੋਗਾ, ਥਾਉਂ ਥਾਈਂ ਸਨ ਟਾਲ ਲਟਾ ਰਖੇ
ਪਕੇ ਮੋਰਚੇ ਕਿਲ੍ਹਿਆਂ ਵਿਚ ਕਰਕੇ, ਵੰਡ ਸਿੰਘ ਬਲੀ ਬਿਠਲਾ ਰਖੇ
ਗੋਲੀ, ਦਾਰੂ ਨ ਐਵੇਂ ਗਵਾਵਣਾ ਏ, ਵੇਲੇ ਸਿਰ ਖਰਚੋ ਸਿਖਲਾ ਰਖੇ
ਆਪ ਕਿਲ੍ਹੇ ਅਨੰਦਗੜ੍ਹ ਵਿਚ ਰਹਿੰਦੇ, ਜਥੇਦਾਰਾਂ ਨੂੰ ਬਾਕੀ ਸੌਂ ਰਖੇ
ਅਜੀਤ ਸਿੰਘ ਤੇ ਸਾਹਿਬ ਜੁਝਾਰ ਸਿੰਘ ਨੂੰ, ਲੰਗਰ ਸਭ ਸਪੁਰੰਦ ਕਰਾ ਰਖੇ
ਵੇਲੇ ਸਿਰ ਸਭ ਤਈਂ ਪ੍ਰਸਾਦਿ ਪਹੁੰਚੇ, ਸਿਲਸਿਲੇ ਅਜੇਹੇ ਬਨਾ ਰਖੇ
ਘੇਰਾ ਵੈਰੀਆਂ ਨੇ ਜਦ ਘਤ ਲਿਆ ਸਿੰਘਾ ਤਈਂ ਇਉਂ ਭੇਦ ਜਤਾ ਰਖੇ
ਭਾਈ ਤੁਸੀਂ ਭੀ ਮੋਰਚੀਂ ਰਹੋ ਬੈਠੇ, ਪਹਿਰੇ ਬਾਹਰਲੇ ਖੂਬ ਰਖਾ ਰਖੇ
ਨਿਕਲ ਕਦੇ ਕਦੇ ਛਾਪੇ ਮਾਰ ਆਵੋ, ਸਾਰੇ ਜੰਗ ਦੇ ਢੰਗ ਸਿਖਾ ਰਖੇ

ਆਪ ਝਲਕੇ ਦੁਖ ਕਰਤਾਰ ਸਿੰਘਾ, ਅਸਾਂ ਦੇਸ ਨੂੰ ਸੁਖ ਪੁਚਾਵਨਾ ਏਂ

ਤਥਾ

ਖੰਘ, ਤਾਪਦਾ ਖਾਜ ਨਹੀਂ ਰਚਿਆ, ਸਦਾ ਜੰਗ ਨਸੰਗ ਹੀ ਚਾਹੇਗਾ ਜੀ
ਮਰਨਾ ਸਾਮ੍ਹਣੇ ਮਥੇ ਬਹਾਦਰਾਂ ਨੇ, ਪਾਜ਼ੀ ਭਜਦਾ ਪਿਠ ਵਢਾਏਗਾ ਜੀ
ਸ਼ੇਰ ਬੁਕੇਗਾ ਵਿਚ ਮੈਦਾਨ ਦੇ ਜੀ, ਗਿਦੜਾਂ ਖੁਡਾਂ ਵਿਚ ਸਿਰ ਛੁਪਾਏਗਾ ਜੀ
ਮੇਰੇ ਪੰਥ ਨੂੰ ਮਾਰਾ, ਬਕਾਰਾ ਪਜ਼ਾਰਾ, ਨੀਵਾਂ ਹੋ ਨ ਝਟ ਲੰਘਾਏਗਾ ਜੀ
ਦੁਖ ਦਾਰੂ ਹੋ, ਸਦਾ ਅਰੋਗ ਰਖੇ, ਸੁਖ ਰੋਗ ਹੋ ਨਹੀਂ ਸੁਖਾਏਗਾ ਜੀ
ਮਰਨਾ ਮਾਰਨਾ ਪੰਥ ਦਾ ਕੰਮ ਰਹਿਸੀ, ਨਹੀਂ ਮਰਨ ਤੋਂ ਚਿਤ ਚੁਰਾਏਗਾ ਜੀ
ਬਲ ਬੀਰਤਾ ਨੂੰ ਕਾਇਮ ਰਖ ਕਰਕੇ, ਯਸ ਰਾਜ ਅਟਲਤਾ ਪਾਏਗਾ ਜੀ
ਧਰਮ ਪਾਲਨਾ ਕਰ ਕਰਤਾਰ ਸਿੰਘਾ, ਪਾਪੀ ਜ਼ਾਲਮਾਂ ਤਈਂ ਖਪਾਏਗਾ ਜੀ

ਓਸ ਵੇਲੇ ਦੇ ਸਿੰਘਾਂ ਦੇ ਨਿਸਚੇ

ਉਪਦੇਸ਼, ਵਿਵੇਕ ਵੈਰਾਗ ਵਾਲੇ; ਸਤਿਗੁਰਾਂ ਸਿਖਾ ਪੜ੍ਹਾ ਛਡੇ
ਮੋਹ ਮਾਯਾ ਦੇ ਤੋੜਕੇ ਜਾਲ ਸਾਰੇ, ਉਹ ਵਿਰੱਕਤ ਮਹਾਂਬਲੀ ਬਨਾ ਛਡੇ
ਧਰਮ ਪੁਤਲੇ ਸਿੰਘ ਸਭ ਬਣ ਰਹੇ, ਮੋਹ ਘਰਾਂ ਦੇ ਦਿਲੋਂ ਮਿਟਾ ਛਡੇ
ਵਖ ਆਤਮਾਂ ਦੇਹ ਤੋਂ ਸਮਝ ਕਰਕੇ; ਚਾ ਸਰੀਰਾਂ ਦੇ ਸੁਖ ਭੁਲਾ ਛਡੇ
ਉੱਤੇ ਧਰਮ ਦੇ ਹੋ ਸ਼ਹੀਦ ਮਰਨਾ, ਏਹੋ ਨੁਕਤੇ ਦਿਲੀਂ ਟਿਕਾ ਛਡੇ
ਸਿਰ ਤਲੀਆਂ ਤੇ ਮਾਨੋਂ ਧਰ ਰਖੇ, ਖੌਫ ਮੌਤ ਦੇ ਸਭ ਉਡਾ ਛਡੇ
ਲੇਖੇ ਗੁਰਾਂ ਦੇ ਲਗ ਸਰੀਰ ਜਾਏ, ਏਹ ਖਿਆਲ ਸੋ ਦਿਲੀਂ ਬੈਠਾ ਛਡੇ
ਧੰਨ ਭਾਗ ਅਸੀਂ ਹੋ ਸ਼ਹੀਦ ਮਰੀਏ; ਏਡੇ ਨਿਸਚੇ ਉਨ੍ਹਾਂ ਪਕਾ ਛਡੇ
ਦੀਵੇ ਜੰਗ ਦੇ ਬਣ ਪਤੰਗ ਰਹੇ; ਹੋਰ ਸੰਸੇ ਤੇ ਭਰਮ ਉਠਾ ਛਡੇ
ਉੱਤਮ ਉਨ੍ਹਾਂ ਦੇ ਭਾਗ ਕਰਤਾਰ ਸਿੰਘਾ, ਜਿੰਨਾਂ ਜਨਮ ਗੁਰਾਂ ਲੇਖੇ ਲਾ ਛਡੇ

ਵਾਰ ਕਵੀ

ਏਹੋ ਗਲ ਸੀ ਏਤਨੇ ਵੈਰੀਆਂ ਤੋਂ; ਥੋੜੇ ਜਹੇ ਨ ਜਾਂਵਦੇ ਸਨ
ਸਿੰਘ ਸ਼ੌਕ ਦੇ ਨਾਲ ਕੁਰਬਾਨ ਹੁੰਦੇ, ਵੈਰੀ ਡਰਦੇ ਜਿੰਦਾਂ ਛੁਪਾਂਵਦੇ ਸਨ
ਸਿੰਘ ਸਿਰਫ ਸਤਿਗੁਰਾਂ ਦੇ ਨਾਮ ਉੱਤੇ, ਜਿੰਦਜਾਨ ਪਰਵਾਰ ਘੁਮਾਂਵਦੇ ਸਨ

ਓਧਰ ਹਾਕਮਾਂ ਦੇ ਸਾਰੇ ਆਦਮੀ ਜੋ, ਬਧੇ ਵਿਚ ਮੈਦਾਨ ਦੇ ਆਂਵਦੇ ਸਨ
ਸਿੰਘ ਘਰਾਂ ਤੋਂ ਧਰਪ੍ਰੇਮ ਆਉਂਦੇ ਹਾਕਮ ਬਦੋ ਬਦੀ ਬੰਨ੍ਹ ਲਿਆਂਵਦੇ ਸਨ
ਸਿੰਘ ਖੁਸ਼ੀ ਹੋ ਮਰਨ ਕਬੂਲ ਕਰਦੇ ਵੈਰੀ ਮਰਨ ਤੋਂ ਜੀ ਚੁਰਾਂਵਦੇ ਸਨ
ਓਹ ਤਲਬਾਂ ਲੈ ਭੀ ਲੜਨ ਨਾਹੀਂ ਸਿੰਘ ਖਰਚ ਭੀ ਘਰੋਂ ਲਿਆਂਵਦੇ ਸਨ
ਅਗਾਂ ਵਧਕੇ ਮਾਰਕੇ ਸਿੰਘ ਤੇਗਾਂ, ਦੂਜੇ ਮਾਰੀਦੇ ਦਿਨ ਲਿਆਂਵਦੇ ਸਨ
ਇਕ ਪਾਸੇ ਪ੍ਰੇਮ, ਵਿਗਾਰ ਦੂਜੇ, ਫਤੇ ਸਿੰਘ ਤਾਂਹੀਏਂ ਸਦਾ ਪਾਂਵਦੇ ਸਨ
ਸਿਖ ਓਹੋ ਸਨ ਠੀਕ ਕਰਤਾਰ ਸਿੰਘਾ. ਤਨ ਧਨ ਗੁਰਾਂ ਹਿਤ ਲਾਂਵਦੇ ਸਨ

### ਵੈਰੀਆਂ ਨੇ ਅਨੰਦਪੁਰ ਦੇ ਚੁਫੇਰੇ ਘੇਰਾ ਘਤ ਛਡਣਾ

ਇਹ ਯਕੀਨ ਹੋ ਗਿਆ ਜਾਂਸੂਬਿਆਂ ਨੂੰ, ਗੁਰੂ ਅਸਾਂ ਤੋਂ ਜਿਤਿਆਂ ਜਾਏ ਨਾਹੀਂ
ਜਿੰਨਾ ਚਿਰ ਨ ਇਨ੍ਹਾਂ ਦਾ ਖਰਚ ਮੁਕੇ ਓਨਾ ਚਿਰ ਸਾਡੇ ਹਥ ਆਏ ਨਾਹੀਂ
ਇਹ ਸੋਚ ਚੁਫੇਰੇ ਬੈਠਾ ਫੌਜਾਂ, ਹੁਕਮ ਜਾਰੀ ਕੀਤੇ ਕੋਈ ਭੁਲਾਏ ਨਾਹੀਂ
ਰਾਹ ਰੋਕ ਰਖੇ ਸਭ ਪਾਸਿਆਂ ਤੋਂ, ਕੋਈ ਆਦਮੀ ਜਾਵਨਾ ਪਾਏ ਨਾਹੀਂ
ਜੇੜ੍ਹਾ ਨਿਕਲਜਾਵੇਓਹਨੂੰ ਜਾਣ ਦਿਹੋ, ਕੋਈ ਬਾਹਰਲਾ ਚੀਜ਼ ਲਯਾਏ ਨਾਹੀਂ
ਰਖੇ ਖੂਬ ਤਕੜਾਈ ਕਰਤਾਰ ਸਿੰਘਾ, ਗੁਰੂ ਕਿਤੇ ਨੁਕਸਾਨ ਪੁਚਾਏ ਨਾਹੀਂ

### ਸ੍ਰੀ ਦਸਮੇਸ਼ ਜੀ ਨੇ ਬੰਦੋਬਸਤ ਕਰਨੇ

ਜਾਣੀ ਜਾਣ ਸਤਿਗੁਰੂ ਜੀ ਜਾਨਦੇ ਸਨ, ਕੋਠੇ ਦਾਣਿਆਂ ਦੇ ਭਰਵਾ ਰਖੇ
ਤੂੜੀ, ਘਾਸ, ਬਾਲਣ ਦੇ ਸਾਲ ਜੋਗਾ, ਥਾਂਓ ਥਾਈਂ ਸਨ ਟਾਲ ਲਵਾ ਰਖੇ
ਪਕੇ ਮੋਰਚੇ ਕਿਲ੍ਹਿਆਂ ਵਿਚ ਕਰਕੇ, ਵੰਡ ਸਿੰਘ ਬਲੀ ਬਿਠਲਾ ਰਖੇ
ਗੋਲੀ, ਦਾਰੂ ਨ ਐਵੇਂ ਗਵਾਵਨਾ ਏ, ਵੇਲੇ ਸਿਰ ਖਰਚੇ ਸਿਖਲਾ ਰਖੇ
ਆਪ ਕਿਲੇ ਆਨੰਦਗੜ੍ਹ ਵਿਚ ਰਹਿੰਦੇ, ਜਥੇਦਾਰਾਂ ਨੂੰ ਬਾਕੀ ਸੌਂਪ ਰਖੇ
ਅਜੀਤ ਸਿੰਘ ਤੇ ਸਾਹਿਬ ਤੇ ਜੁਝਾਰ ਸਿੰਘਨੂੰ, ਲੰਗਰ ਸਭ ਸਪੁਰਦ ਕਰਾ ਰਖੇ
ਵੇਲੇ ਸਿਰ ਸਭ ਤਈਂ ਪ੍ਰਸਾਦਿ ਪਹੁੰਚੇ, ਸਿਲਸਿਲੇ ਅਜਿਹੇ ਬਨਾ ਰਖੇ
ਘੇਰਾ ਵੈਰੀਆਂ ਨੇ ਜਦ ਘੱਤ ਲਿਆ, ਸਿੰਘਾਂ ਤਈਂ ਇਉਂ ਭੇਦ ਜਤਾ ਰਖੇ
ਭਾਈਂ ਤੁਸੀਂ ਭੀ ਮੋਰਚੀਂ ਰਹੋ ਬੈਠੇ, ਪਹਿਰੇ ਬਾਹਰਲੇ ਖੂਬ ਰਖਾ ਰਖੇ
ਨਿਕਲ ਕਦੇ ਕਦੇ ਛਾਪੇ ਮਾਰ ਆਵੋ, ਸਾਰੇ ਜੰਗ ਦੇ ਢੰਗ ਸਿਖਾ ਰਖੇ

ਬਹੁਤ ਦੇਰ ਤੋੜੀ ਇਥੇ ਜੰਗ ਰਹਿਣਾ, ਸਿੰਘਾਂ ਹੌਸਲੇ ਬਹੁਤ ਵਧਾ ਰਖੇ
ਰਬ ਆਸਰਾ ਇਕ ਕਰਤਾਰ ਸਿੰਘਾ, ਹੋਰ ਗੁਰੂ ਜੀ ਖੋਕ ਚੁਕਾ ਰਖੇ

### ਸ੍ਰੀ ਦਸਮੇਸ਼ ਜੀ ਦੇ ਤੀਰ

ਇਕ ਦਿਨ ਸਤਿਗੁਰੂ ਜੀ ਕਿਲੇ ਉਤੇ, ਸੁਭਾਵਕ ਬੈਠ ਗਏ ਆ ਕੇ ਜੀ
ਵਲ ਵੈਰੀਆਂ ਵੇਖਨ ਲਗ ਪਏ, ਦੂਰਬੀਨ ਦੀ ਸ਼ਿਸਤ ਲਗਾ ਕੇ ਜੀ
ਡਿਠਾ ਇਕ ਸਰੀਂਹ ਦੇ ਬ੍ਰਿਛ ਥਲੇ, ਬੈਠੇ ਸੂਬੇ ਨੇ ਪਲੰਘ ਵਿਛਾ ਕੇ ਜੀ
ਜ਼ਬਰਦਸਤ ਵਜੀਦ ਖਾਂ ਦੋਵੇਂ ਰਲ ਕੇ, ਖੇਡ ਰਹੇ ਸ਼ਤਰੰਜ ਰਖਾ ਕੇ ਜੀ
ਸਤਿਗੁਰਾਂ ਨੇ ਆਪਣਾ ਧਨੁਖ ਲੈ ਕੇ, ਚਿਲੇ ਚਾੜ੍ਹਿਆ ਤੀਰ ਟਿਕਾ ਕੇ ਜੀ
ਨਾਲ ਖੁਸ਼ੀ ਦੇ ਖਿਚਕੇ ਛਡ ਦਿਤਾ, ਵਜਾ ਪਾਵੇ ਦੇ ਵਿਚ ਓਹ ਜਾ ਕੇ ਜੀ
ਸਾਰੇ ਤ੍ਰਿਭਕ ਉਠੇ ਹੈ! ਕਿਥੋਂ ਆਯਾ, ਫੇਰ ਵੇਖਯਾ ਤੀਰ ਪੁਟਵਾਕੇ ਜੀ
ਇਹ ਗੁਰਾਂ ਦਾ ਤੀਰ ਕਰਤਾਰ ਸਿੰਘਾ, ਕਹਿਆ ਸਾਰਿਆਂ ਦੇਖ ਦਿਖਾ ਕੇ ਜੀ

### ਸੂਬਿਆਂ ਦੀਆਂ ਗਲਾਂ

ਜ਼ਬਰਦਸਤ ਕਹਿੰਦਾ ਹੈ, ਯਾ ਅੱਲਾ, ਇਹ ਗੁਰੂ ਤਾਂ ਕਹਿਰ ਗੁਜ਼ਾਰਦਾ ਏ
ਬੰਦਾ ਨਹੀਂ ਇਹ ਕੋਈ ਫਰਿਸ਼ਤਾ ਏ,ਇਹ ਜਾਪਦਾ ਨਹੀਂ ਸਾਥੋਂ ਹਾਰਦਾ ਏ
ਦਾਈਆਂ ਕੋਹਾਂ ਉਤੇ ਅਸੀਂ ਬੈਠੇ ਹੋਏ, ਏਥੋਂ ਤਕ ਪਿਆ ਤੀਰ ਮਾਰਦਾ ਏ
ਇਸ ਰੁਸਤਮ ਤਈਂ ਭੀ ਮਾਤ ਕੀਤਾ,ਨਾਮ ਰਦ ਕੀਤਾ ਅਸਫੰਦ ਯਾਰਦਾ ਏ
ਔਖਾ ਤੋਪ ਦਾ ਗੋਲਾ ਭੀ ਪਹੁੰਚ ਸਕੇ, ਏਹ ਕੰਮ ਵਡਾ ਬਲਕਾਰਦਾ ਏ
ਕਈ ਬੋਲ ਉਠੇ ਕਰਤਾਰ ਸਿੰਘਾ, ਕਰਾਮਾਤ ਹੁਣ ਗੁਰੂ ਦਿਖਾਰਦਾ ਏ

### ਤਥਾ

ਪਾਸੋਂ ਸੂਬਾਸਰਹੰਦ ਦਾ ਬੋਲਿਆ ਇਉਂ,ਏਸੇ ਵਾਸਤੇ ਗੁਰੂ ਨਹੀਂ ਹਾਰਦਾ ਜੇ
ਕਈ ਵਾਰ ਰਾਜੇ ਹਾਰਾਂ ਖਾ ਗਏ, ਆਵੇ ਅੰਤ ਨ ਏਹਦੇ ਬਲਕਾਰਦਾ ਜੇ
ਸਾਡੀ ਫੌਜ ਦੇ ਭੀ ਮਾਰ ਮੂੰਹ ਭੰਨੇ, ਜ਼ਰਾ ਖੌਫ ਨਾਹੀਂ ਦਿਲ ਧਾਰਦਾ ਜੇ
ਦੇਂਦਾ ਪਾਰ ਬੁਲਾ ਕਰਤਾਰ ਸਿੰਘਾ, ਏਹੋ ਤੀਰ ਸਾਨੂੰ ਖਿਚ ਮਾਰਦਾ ਜੇ

### ਸ੍ਰੀ ਦਸਮੇਸ਼ ਜੀ ਨੇ ਦੂਸਰਾ ਤੀਰ ਚਿਠੀ ਨਾਲ ਬੰਨ ਕੇ ਛਡਣਾ

ਚਿਠੀ ਏਸ ਮਜਮੂਨ ਦੀ ਗੁਰਾਂ ਲਿਖੀ, ਤੁਸੀਂ ਸਮਝ ਲਵੋ ਸਾਰੇ ਖਾਨ ਸੂਬੇ
ਕਰਾਮਾਤ ਨਾਹੀਂ ਤੀਰ ਮਾਰਨੇ ਏਹ, ਮੇਰਾ ਕਰਤਬ ਖਾਸ ਪਛਾਨ ਸੂਬੇ
ਕਰਾਮਾਤ ਦਿਖਲਾਨੀ ਕਹਿਰ ਵਡਾ, ਅਸੀਂ ਰਾਜੀ ਰਜ਼ਾ ਰਹਿਮਾਨ ਸੂਬੇ
ਬੇਸ਼ਕ ਜੇ ਚਾਹੁੰਦਾ ਤੀਰ ਏਹੋ, ਤੈਨੂੰ ਮਾਰਕੇ ਕਢਦਾ ਜਾਨ ਸੂਬੇ
ਮੇਰਾ ਧਰਮ ਬੇਖਬਰਿਆ ਮਾਰਨਾ ਨਹੀਂ,ਕਰਨਾਦਗਾਫਰੇਬਨਹੀਂਠਾਨ ਸੂਬੇ
ਮੈਂ 'ਧਾਰਮਕ ਗੁਰੂ'ਨਹੀਂ, ਨਹੀਂ ਹਾਂਰਾਜਾਧਰਮ ਯੁਧ ਮੈਂਕਰਾਂ ਸਿਆਨ ਸੂਬੇ
ਓਹਨੂੰ ਮਾਰਾਂਗਾ ਸਾਮਣੇ ਆਏ ਜਿਹੜਾ, ਤੇਗ ਫੜਕੇ ਵਿਚ ਮੈਦਾਨ ਸੂਬੇ
ਕੰਮ ਪਜੀਆਂ ਦਾ ਧੋਖੇ ਨਾਲ ਲੜਨਾ, ਧਰਮ ਯੁਧ ਕਰਦੇ ਬਲਵਾਨ ਸੂਬੇ
ਜੇ ਸਾਮਣੇ ਆਵੇਂ ਤੇ ਦਸ ਦੇਵਾਂ, ਤੇਰਾ ਤੋੜਕੇ ਸਭ ਗੁਮਾਨ ਸੂਬੇ
ਤੀਰ ਮਾਰਿਆ ਖਿਚ ਕਰਤਾਰ ਸਿੰਘਾ, ਜਿਥੇ ਬੈਠੇ ਹੈਸਨ ਆਕੜ ਖਾਨ ਸੂਬੇ

### ਸੂਬਿਆਂ ਨੇ ਡਰ ਕੇ ਮੋਰਚੇ ਹੋਰ ਪਿਛਾ ਹਟਾ ਲੈਣੇ

ਦੂਜਾ ਤੀਰ ਦਰਖਤ ਦੇ ਮੁਢ ਵਜਾ, ਜਬਰਦਸਤ ਖਾਂ ਨੇ ਪਟਵਾ ਲਿਆ
ਚਿਠੀ ਪੜਕੇ ਸਗੋਂ ਹੈਰਾਨ ਹੋਏ, ਸਾਡਾ ਭੇਦ ਕਿਵੇਂ ਗੁਰਾਂ ਪਾ ਲਿਆ
ਏਥੇ ਗਲਾਂ ਅਸਾਂ ਜੋ ਅਸਾਂ ਜੋਕੀਤੀਆਂਨੇ,ਜਵਾਬਉਨਾਂਦਾਏਹਅਜ਼ਮਾ ਲਿਆ
ਓਥੋਂ ਡਰਦਿਆਂ ਨੇ ਕਰਤਾਰ ਸਿੰਘਾ, ਹੋਰ ਮੋਰਚਾ ਪਿਛਾਂ ਹਟਾ ਲਿਆ

### ਇਕ ਸਿੰਘਣੀ ਦੀ ਸਾਖੀ

ਇਕ ਦਿਨ ਇਕ ਸਿੰਘਣੀ ਰੋ ਰਹੀ, ਸਤਿਗੁਰਾਂ ਨੇ ਓਹਨੂੰ ਬੁਲਾਯਾ ਜੀ
ਬੇਟੀ ਦਸ ਤੂੰ ਕਿਉਂ ਪੁਕਾਰ ਦਰਦੀ, ਤੇਰਾ ਕਿਸੇ ਨੇ ਕੀ ਗਵਾਯਾ ਜੀ
ਓਸ ਆਖਯਾ ਗੁਰੂ ਜੀ ਪਤੀ ਮੇਰਾ, ਸੀ ਦਰਸ਼ਨਾਂ ਨੂੰ ਏਥੇ ਆਯਾ ਜੀ
ਧਰਮ ਯੁਧ ਕਰਦਾ ਮਰ ਗਿਆ, ਮੈਨੂੰ ਬਿਪਤਾ ਦੇ ਵਿਚ ਪਾਯਾ ਜੀ
ਮੈਨੂੰ ਨਹੀਂ ਕੋਈ ਖਟ ਖਵਾਨ ਵਾਲਾ, ਮਾਂ ਪਿਓ ਨ ਸਸ ਦਾ ਜਾਯਾ ਜੀ
ਮੈਂ ਜਾਂ ਕਿਥੇ ਕੋਈ ਆਸਰਾ ਨਹੀਂ, ਇਉਂ ਰੋ ਉਸ ਹਾਲ ਸੁਨਾਯਾ ਜੀ
ਖਾਨ ਪੀਣ ਤੋਂ ਤੰਗ ਹੋ ਆਈ ਏਥੇ, ਮੇਰੇ ਹਾਲ ਉਤੇ ਕਰੋ ਦਾਯਾ ਜੀ

ਮੈਂ ਨਿਮਾਣੀ ਨਿਤਾਣੀ ਕ੍ਰਤਾਰ ਸਿੰਘਾ, ਤੁਹਾਡਾ ਆਸਰਾ ਇਕ ਤਕਾਯਾ ਜੀ

### ਸ੍ਰੀ ਦਸਮੇਸ਼ ਜੀ ਨੇ ਸਿੰਘਣੀ ਨੂੰ ਸਮਝਾਨਾ

ਬੇਟੀ ਪਤੀ ਤੇਰਾ ਨਹੀਂ ਰੋਣ ਜੋਗਾ, ਰੋਈਏ ਓਸ ਨੂੰ ਜੋ ਬਦਕਾਰ ਹੋਵੇ
ਜਨਮ ਪਾ ਮਾਨੁਖ ਦਾ ਗਯਾਨ ਬਿਨਾਂ, ਲੋਭੀ ਵਿਸ਼ੇ ਦੇ ਵਿਚ ਖਵਾਰ ਹੋਵੇ
ਕਾਮ ਕ੍ਰੋਧ ਤੇ ਲੋਭ ਦਾ ਹੋਏ ਪਯਾਰਾ, ਬੇਈਮਾਨ ਜੋ ਚੋਰ ਤੇ ਯਾਰ ਹੋਵੇ
ਧਨ ਪਾ ਨ ਧਰਮ ਤੇ ਦੇ ਕੌਡੀ, ਕੰਜਰਪੁਣੇ ਦੇ ਵਿਚ ਹੁਸ਼ਯਾਰ ਹੋਵੇ
ਜਾਣੇ ਭਗਤੀ ਪ੍ਰੇਮ ਦਾ ਨਾਮ ਨ ਜੋ, ਸਾਧ ਸੰਗ ਦੇ ਨਾਲ ਪਯਾਰ ਹੋਵੇ
ਸਾਧ ਸੰਤ ਤੇ ਗੁਰਾਂ ਦਾ ਹੋਸੇ ਨਿੰਦਕ, ਵਿਸਵਾਸ ਘਾਤੀ ਦਗਾਦਾਰ ਹੋਵੇ
ਠਗੀ ਮਿਤਰ ਬਣ ਕੇ ਕਰੇ ਜਿਹੜਾ, ਮਾਂ ਬਾਪ ਦਾ ਨ ਸੇਵਾਦਾਰ ਹੋਵੇ
ਆਸ ਸਜਨਾਂ ਨ ਭੌ ਦੁਸ਼ਮਨਾਂ ਨ, ਭਗਤ ਸੂਰਮਾਂ ਦਾ ਦਾਤਾਰ ਹੋਵੇ
ਧਰਮ ਯੁਧ ਤੋਂ ਡਰਕੇ ਵੜੇ ਅੰਦਰ, ਧੌਰੀ ਧੰਦਿਆਂ ਦਾ ਮੁਰਦਾਰ ਹੋਵੇ
ਜਨਮ ਭਗਤੀ ਬਿਨਾਂ ਗਵਾ ਛਡੇ, ਲਾਦੂ ਟਟੂਆਂ ਵਿਚ ਪਰਵਾਰ ਹੋਵੇ
ਬਚਨ ਕਰ ਜਿਹੜਾ ਪਿਛੋਂ ਖਿਸਕ ਜਾਏ, ਅਤੇ ਮਤਲਬੀ ਯਾਰ ਗਵਾਰ ਹੋਵੇ
ਬਾਹਰੋਂ ਹੋਰ ਤੇ ਅੰਦਰੋਂ ਹੋਰ ਜਿਹੜਾ, ਦਿਲ ਦਗੇ ਦੀ ਵਜਦੀ ਤਾਰ ਹੋਵੇ
ਝੂਠੂ ਸਭਾ ਦੇ ਵਿਚ ਨ ਬਹਿਨ ਜੋਗਾ, ਟਰਾਂ ਫੋਕੀਆਂ ਮਾਹਨੇ ਹਾਰ ਹੋਵੇ
ਓਹ ਰੋਨ ਦੇ ਯੋਗ ਕਰਤਾਰ ਸਿੰਘਾ, ਜਿਦੇ ਚਿਤ ਨ ਯਾਦ ਕਰਤਾਰ ਹੋਵੇ

### ਤਥਾ

ਦੇਵੀ ਪਤੀ ਤੇਰਾ ਧਰਮ ਯੁਧ ਅੰਦਰ, ਮਾਰ ਵੈਰੀਆਂ ਤਈਂ ਸ਼ਹੀਦ ਹੋਯਾ
ਓਹਤਾਂ ਗਿਆ ਸਿਧਾ ਗੁਰਪੁਰੀ ਅੰਦ੍ਰ ਜਨਮ ਮਰਨ ਦਾ ਓਸਨੇ ਦੁਖ ਖੋਹਯਾ
ਓਹ ਰੋਣ ਦੇ ਯੋਗ ਨਹੀਂ ਸਮਝ ਬੇਟੀ, ਦੁਖ ਜਮਾਂ ਦਾ ਓਸਨੂੰ ਨਹੀਂ ਪੋਹਯਾ
ਪਦ ਯੋਗੀਆਂ ਦਾ ਕਰਤਾਰ ਸਿੰਘਾ, ਓਹ ਪਲਕ ਦੇ ਵਿਚ ਹੈ ਲੈ ਮੋਯਾ

### ਨੌਰੰਗ ਸਿੰਘ ਦੇ ਨਾਲ ਓਸ ਸਿੰਘਣੀ ਦਾ ਆਨੰਦ ਪੜ੍ਹਾ ਦੇਣਾ

ਇਸੇ ਤਰ੍ਹਾਂ ਉਤਮ ਉਪਦੇਸ਼ ਦੇ ਕੇ, ਉਹਦੇ ਦਿਲ ਦਾ ਮੋਹ ਗਵਾ ਦਿਤਾ

ਸੰਸਾਰ ਵਿਹਾਰ ਚਲਾਵਨੇ ਨੂੰ, ਹੁਕਮ ਦੇ ਆਨੰਦ ਪੜ੍ਹਾ ਦਿਤਾ
ਓਹਦੀ ਖੁਸ਼ੀ ਦੇ ਨਾਲ ਨੌਰੰਗ ਸਿੰਘ ਦੇ, ਗੁਰਰੀਤ ਸਿਉਂ ਜੋੜ ਜੁੜਾ ਦਿਤਾ
ਵਿਆਹ ਵਿਧਵਾ ਦਾ ਕਰਤਾਰ ਸਿੰਘਾ, ਹਥੀਂ ਆਪ ਰਿਵਾਜ ਚਲਾ ਦਿਤਾ

### ਸਿੰਘਾਂ ਨੇ ਰਾਤ ਛਾਪਾ ਮਾਰਨਾ ਤੇ ਸੱਯਦ ਅਲੀ ਦਾ ਮਰਨਾ

ਇਕ ਰਾਤ ਬਦਲ ਘਨਘੌਰ ਪਾਈ, ਛਾਏ ਰਿਹਾ ਹਨੇਰ ਜਹਾਨ ਸਾਰੇ
ਕਈ ਦਿਨ ਹੋਏ ਸਿੰਘ ਚੁਪ ਸੀਗੇ, ਹੋ ਬੇਫਿਕਰ ਰਹੇ ਮੁਸਲਮਾਨ ਸਾਰੇ
ਸ਼ੇਰਸਿੰਘਤੇਨਾਹਰ੍ਸਿੰਘ, ਉਦੇਸਿੰਘ ਨੇ,ਕੇਹਰ ਸਿੰਘ ਆਦਕ ਏਹ ਪਛਾਨ ਸਾਰੇ
ਨਾਲ ਲੈਕੇ ਸਾਹਿਬ ਅਜੀਤ ਸਿੰਘ ਨੂੰ, ਛਾਪਾ ਮਾਰਨੇ ਦੀ ਲੈਂਦੇ ਠਾਨ ਸਾਰੇ
ਕਈ ਆਖਦੇ ਗੁਰਾਂ ਤੋਂ ਪੁਛ ਲਵੋ, ਜਿਵੇਂ ਆਗਯਾ ਦੇਨ ਕਮਾਨ ਸਾਰੇ
ਸ਼ੇਰ ਸਿੰਘ ਕਹਿਆ ਹੁਣ ਸਮਾਂ ਨਾਹੀਂ, ਕਠੇ ਝਬ ਹੋਵੋ ਬੁਧੀਮਾਨ ਸਾਰੇ
ਭਾਈ ਦੋਯਾ ਸਿੰਘ ਤੋਂ ਲੈ ਲੋ ਆਗਯਾ ਜੀ, ਚਲੋ ਚੋਣਵੇਂ ਰਲ ਜਵਾਨ ਸਾਰੇ
ਲੋਹਗੜ੍ਹ ਤੇ ਹੋਲਗੜ੍ਹ ਕਿਲੇ ਵਿਚੋਂ, ਰਲੇ ਤਿੰਨ ਹਜ਼ਾਰ ਬਲਵਾਨ ਸਾਰੇ
ਨਿਕਲ ਰਾਤ ਹਨੇਰੀ ਦੇ ਵਿਚ ਟੁਰੇ, ਰਖ ਆਸਰਾ ਇਕ ਭਗਵਾਨ ਸਾਰੇ
ਹੋਏ ਤੁਰਕੀ ਬਜ਼ਾਰ ਦੇ ਵਲ ਸਿਧੇ, ਪਹਿਰੇ ਵਾਲਿਆਂ ਤਈਂ ਦਬਾਨ ਸਾਰੇ
ਓਸੇ ਵਕਤ ਸੌ ਊਠ ਲਈ ਆਂਵਦੇ ਸਨ,ਆਟਾ ਦਾਣਾ ਲੱਦੀ ਸੁਤ੍ਰਬਾਨ ਸਾਰੇ
ਝਟ ਪਟ ਓਹ ਸਿੰਘਾਂ ਨੇ ਘੇਰ ਲਏ, ਪਿਛਾਂ ਕਿਲ੍ਹਿਆਂ ਵਲ ਚਲਾਨ ਸਾਰੇ
ਕੁਝ ਊਠਾਂ ਨੂੰ ਲੈਕੇ ਪਿਛਾਂ ਮੁੜੇ, ਬਾਕੀ ਲੁਟ ਬਜ਼ਾਰ ਮਚਾਨ ਸਾਰੇ
ਰੌਲਾ ਪਿਆ ਸਿਖ ਆ ਗਏ, ਆ ਗਏ ਜੀ, ਉੱਭੜਵਾਹੇ ਭਜ ਬੇਤਰਾਨ ਸਾਰੇ
ਇਕ ਦੂਸਰੇ ਦੇ ਉਤੇ ਡੁਬ ਮੋਏ, ਕਈ ਬਿਸਤ੍ਰੀਂ ਪਏ ਬੜਾਨ ਸਾਰੇ
ਕਈ ਉਠ ਆਪੋ ਵਿਚ ਜੁਟ ਪਏ, ਰੌਲਾ ਪਾਨ ਲਗੇ ਬੇਪਛਾਨ ਸਾਰੇ
ਚੰਗਾ ਖਾਲਸੇ ਦਾ ਦਾਓ ਲਗ ਗਿਆ, ਆਟਾ ਦਾਣਾ ਲੈ ਪੰਡਾਂ ਬਨ੍ਹਾਨ ਸਾਰੇ
ਕੁਝ ਚੁਕ ਕੇ ਟੁਰੇ ਕਰਤਾਰ ਸਿੰਘਾ, ਬਾਕੀ ਵੈਰੀਆਂ ਨੂੰ ਅਟਕਾਨ ਸਾਰੇ

ਤਥਾ

ਇਕ ਰਾਤ ਹਨੇਰੀ ਤੇ ਸੁਤੇ ਨੀਂਦੇ, ਉੱਠ ਉਠ ਰੌਲਾ ਐਵੇਂ ਪਾ ਰਹੇ
ਇਕ ਦੂਸਰੇ ਸਿੰਘ ਨੇ ਸਮਝ ਕਰਕੇ; ਆਪੋ ਵਿਚ ਹੀ ਮਾਰ ਮੁਕਾ ਰਹੇ

ਕੁਝ ਸਿੰਘ ਵੱਢੇ ਕੁਝ ਮਰੇ ਆਪੇ, ਕਈ ਡਿਗ ਕੇ ਜਾਨ ਗਵਾ ਰਹੇ
ਕਈ ਰੌਲੇ ਦੇ ਵਿਚ ਸਰਦਾਰ ਮਰੇ, ਕਈ ਭਜਕੇ ਜਿੰਦ ਛੁਪਾ ਰਹੇ
ਜਿੰਨੇ ਚਿਰ ਨੂੰ ਵੈਰੀਆਂ ਹੋਸ਼ ਕੀਤੀ, ਸਿੰਘ ਕਿਲ੍ਹਿਆਂ ਦੇ ਵਿਚ ਜਾ ਰਹੇ
ਸ਼ਰਫ ਅਲੀ ਰੌਲੇ ਵਿਚ ਮਰ ਗਿਆ, ਵਿਚੇ ਵਿਚ ਹੰਕਾਰ ਸਮਾ ਰਹੇ
ਵੇਖ ਵੇਖ ਸੂਬੇ ਹਥ ਖਾਲਸੇ ਦੇ, ਹਥ ਮਲਦੇ ਤੇ ਪਛਤਾ ਰਹੇ
ਏਧਰ ਲੋਹਗੜ੍ਹ ਦੇ ਵਿਚ ਪਿਆ ਰੌਲਾ, ਗੁਰ ਚੜ੍ਹਕੇ ਮਹਿਲ ਤਕਾ ਰਹੇ
ਜਵਾਹਰ ਸਿੰਘ ਨੂੰ ਟੋਰਿਆ ਪੁਛ ਆ ਤੂੰ, ਕਿਤੇ ਵੈਰੀ ਨਹੀਂ ਸ਼ੋਰ ਮਚਾ ਰਹੇ
ਉਸ ਪੁਛਕੇ ਦੀਸਆ ਹਾਲ ਸਾਰਾ, ਸਤਿਗੁਰੂ ਜੀ ਖੁਸ਼ੀ ਮਨਾ ਰਹੇ
ਦਿਨੇ ਆਕੇ ਸਿੰਘਾ ਨੇ ਖੁਸ਼ੀ ਕੀਤੀ, ਦੇਕੇ ਥਾਪਨਾ ਬਹੁਤ ਵਡਿਆ ਰਹੇ
ਏਸੇ ਤਰ੍ਹਾਂ ਹੀ ਨਿਤ ਕਰਤਾਰ ਸਿੰਘਾ, ਸਿੰਘ ਵੈਰੀਆਂ ਨਾਲ ਨਿਭਾ ਰਹੇ

ਸੂਬੇ ਵਜੀਦ ਖਾਂ ਨੇ ਤੰਗ ਪੈ ਕੇ ਪਹਾੜੀਆਂ ਨੂੰ ਕੁਜੇ ਹੋਣਾ

ਏਹੋ ਜਹੇ ਜਦ ਕਰਕੇ ਕਈ ਹਲੇ, ਸਿੰਘਾ ਵੈਰੀ ਦੀ ਸੂਰਤ ਭੁਲਾ ਛਡੀ
ਖਾਂ ਵਜੀਦ ਫਿਰ ਸਦਕੇ ਰਾਜਿਆਂ ਨੂੰ, ਕਹਿੰਦਾ ਹੁਣ ਕਾਹਨੂੰ ਢੇਰੀ ਢਾ ਛਡੀ
ਤੁਸੀਂ ਆਖਦੇ ਸੌਂ ਹਥੀ ਫੜ ਲਾਂਗੇ, ਹੁਣ ਕਿਥੇ ਉਹ ਹਿੰਮਤ ਲੁਕਾ ਛਡੀ
ਗੁਰੂ ਪਾਸ ਥੋੜ੍ਹੇ ਨਾਈ ਜਟ ਛੀਂਬੇ, ਜਦੋਂ ਪੁਛਿਆ ਤੁਸਾਂ ਸੁਨਾ ਛਡੀ
ਹੁਣ ਆਏ ਕਿਥੋਂ ਤੁਹਾਨੂੰ ਕੀ ਆਖਾਂ, ਜਿਨ੍ਹਾਂ ਮਾਰਕੇ ਬੰਬ ਬੁਲਾ ਛਡੀ
ਬਰਸ ਡੇਢ ਹੋਯਾ ਖਵਾਰੀ ਕਰਦਿਆਂ ਨੂੰ, ਯਾ ਛੇੜ ਕੇ ਗਲ ਬਲਾ ਛਡੀ
ਤੁਹਾਡਾ ਵਿਗੜਿਆ ਕੀਰਯਤ ਬਾਦਸ਼ਾਹੀ, ਦੂੰਹੀਂ ਪਾਸੀਂ ਹੀਮਾਰ ਮੁਕਾ ਛਡੀ
ਵੇਲੇ ਜੰਗ ਪਿਛੇ ਹਟ ਬੈਠ ਰਹਿੰਦੇ ਸ਼ਾਹੀ ਫੌਜ ਬੇਅੰਤ ਮਰਵਾ ਛਡੀ
ਛਤ੍ਰੇ ਪਾ ਕਿਹੜਾ ਦੇਸ ਮੱਲ ਲੈਣਾ, ਐਵੇਂ ਖਲਕ ਖੁਦਾ ਕੁਹਾਂ ਛਡੀ
ਹਾਰ ਗਏ ਤੇ ਦੇਵਾਂਗੇ ਮੂੰਹ ਕਿਥੇ, ਵਿਚ ਬਿਪਤਾ ਲੱਤ ਅੜਾ ਛਡੀ
ਅਸਾਂ ਪੀਰ ਫਕੀਰਾਂ ਤੋਂ ਲੈਣਾ ਕੀ ਸੀ, ਚੁਕ ਤੁਸਾਂ ਏਹ ਕਲਾ ਵਧਾ ਛਡੀ

---

ਕਈ ਸਜਨ ਗੁਰ ਇਤਿਹਾਸਾਂ ਤੋਂ ਅਣਜਾਣ ਇਹ ਆਖ ਦੇਂਦੇ ਹਨ ਕਿ ਇਹ ਆਨੰਦ ਰੀਤੀ ਤੇ ਵਿਧਵਾ ਵਿਵਾਹ ਸਿੰਘ ਸਭਾ ਵਾਲਿਆਂ ਨੇ ਆਪੇ ਹੀ ਨਵਾਂ ਟੋਰ ਲਿਆ ਹੈ, ਪਰ ਜੇਕਰ ਉਹ ਗੁਰੂ ਘਰ ਦੇ ਰੀਤਾਂ ਦੇ ਜਾਣੂ ਹੋਣ ਤਾਂ ਕਦੇ ਏਹ ਸੰਸੇ ਨ ਕਰਨ।

ਨ ਦਿਨੇ ਆਰਾਮ ਨਾ ਰਾਤ ਨੀਂਦਰ, ਜਾਨ ਸੰਸਿਆਂ ਵਿਚ ਵਸਾ ਛਡੀ
ਕਿਹੜਾ ਮੂੰਹ ਲੈਕੇ ਹੁਣ ਪਿਛਾਂ ਮੁੜੀਏ, ਜਿੰਨੀ ਸੀ ਹਿੰਮਤ ਅਸਾਂ ਲਾ ਛਡੀ
ਸਾਡੀ ਫੜ੍ਹੇ ਨ ਹੋਣੀ ਕਰਤਾਰ ਸਿੰਘਾ, ਖਰਚ ਜਰ ਭੀ ਬੇ ਬਹਾ ਛਡੀ

### ਪਹਾੜੀਆਂ ਰਾਜਿਆਂ ਨੇ ਖਰ੍ਹਾ ਜਵਾਬ ਦੇਣਾ

ਅਸੀਂ ਰੋਣੇ ਤਾਂ ਏਹੋ ਹੀ ਰੋਂਵਦੇ ਸਾਂ, ਦੁਖ ਆਪਣੇ ਫੋਲ ਸੁਣਾਏ ਸੂਬੇ
ਸਾਨੂੰ ਵਸਨੇ ਦੇਂਵਦਾ ਨਹੀਂ ਗੁਰੂ, ਲੁਟ ਲੁਟ ਸਾਡਾ ਦੇਸ ਖਾਏ ਸੂਬੇ
ਸਾਡੀ ਹਿਕ ਉਤੇ ਸ਼ੇਰ ਪਲਦਾ ਸੀ, ਅਸੀਂ ਸਮਝਦੇ ਸਾਂ ਸਾਨੂੰ ਖਾਏ ਸੂਬੇ
ਬੇਸ਼ਕ ਨਾਈ ਛੀਉਰ ਤੇ ਅਰੋੜੇ ਛੀਂਬੇ, ਸਿਖ ਆਪਣੇ ਰਿਹਾ ਬਨਾਏ ਸੂਬੇ
ਓਹਨਾਂ ਗਿਦੜਾਂ ਨੂੰ ਸ਼ੇਰ ਕਰੀ ਜਾਂਦਾ, ਮੰਤ੍ਰ ਪੜ੍ਹਕੇ ਪਾਣੀ ਪਿਆਏ ਸੂਬੇ
ਹੋਰ ਕੋਰ ਡਾਕੂ ਰਾਠ ਧਾੜਵੀ ਜੋ, ਪਾਸ ਆਪਣੇ ਸਭ ਰਖਾਏ ਸੂਬੇ
ਬਾਦਸ਼ਾਹੀ ਲਬਾਸ ਸੋ ਪਹਿਨਦਾ ਏ, ਸੱਚਾ ਪਾਤਸ਼ਾਹ ਰਿਹਾ ਅਖਵਾਏ ਸੂਬੇ
ਸਾਨੂੰ ਦਾਸ ਗੁਲਾਮ ਤੁਹਾਨੂੰ ਦਸੇ, ਸਿੰਘ ਖਾਲਸਾ ਆਪ ਸਦਵਾਏ ਸੂਬੇ
ਬੈਠ ਤਖਤ ਉਤੇ ਵਾਂਗ ਬਾਦਸ਼ਾਹਾਂ, ਸੀਸ ਆਪਣਾ ਚੌਰ ਕਰਵਾਏ ਸੂਬੇ
ਫੌਜਾਂ ਰਖੀਆਂ ਕਿਲ੍ਹੇ ਬਨਾ ਲਏ, ਬਾਦਸ਼ਾਹੀ ਲੈਨੀ ਠੀਕ ਚਾਹੇ ਸੂਬੇ
ਅਸੀਂ ਜੰਮਦੇ ਬੂਟੇ ਨੂੰ ਪੁਟਨੇ ਲਈ, ਰਲ ਰਹੇ ਸਾਰੇ ਜੋਰ ਲਾਏ ਸੂਬੇ
ਕੀਤੇ ਰਲ ਧਾਵੇ ਅਸਾਂ ਕਈ ਵਾਰੀ, ਨਾਲ ਆਪ ਦੀ ਫੌਜ ਰਲਾਏ ਸੂਬੇ
ਸਾਡੀ ਗਈ ਨ ਪੇਸ਼ ਲਾਚਾਰ ਹੋ ਕੇ, ਪਾਸ ਤੁਸਾਂ ਦੇ ਦੁਖ ਫੁਲਾਏ ਸੂਬੇ
ਸਾਡੇ ਕਹਿਣ ਉਤੇ ਇਤਬਾਰ ਨਾ ਸੀ, ਹੁਣ ਵੇਖਯਾ ਜੇ ਅਖੀਂ ਆਏ ਸੂਬੇ
ਹੋਰ ਦਸ ਵਰ੍ਹੇ ਜੇਕਰ ਗੁਜਰ ਜਾਂਦੇ, ਦਿਲੀ ਕਰਦਾ ਗੁਰੂ ਤਬਾਹੇ ਸੂਬੇ
ਫੜ ਲਵਾਂਗੇ ਅੰਤ ਕਰਤਾਰ ਸਿੰਘਾ, ਏਸੇ ਤਰ੍ਹਾਂ ਰਖੋ ਘੇਰਾ ਪਾਏ ਸੂਬੇ

### ਬਾਦਸ਼ਾਹੀ ਹੁਕਮ ਤੇ ਸੂਬਿਆਂ ਨੂੰ ਤਾੜਨਾ

ਬਾਦਸ਼ਾਹ ਨੇ ਲਿਖਿਆ ਸੂਬਿਆਂ ਨੂੰ; ਕਿਉਂ ਏਤਨਾਂ ਸਮਾਂ ਗੁਜਾਰਿਆ ਏ
ਚਾਰ ਪੰਜ ਮਹੀਨੇ ਤਾਂ ਫੇਰ ਹੋ ਗਏ, ਦਸੋ ਕੰਮ ਕੀ ਤੁਸਾਂ ਸਵਾਰਿਆ ਏ
ਲੱਖਾਂ ਆਦਮੀ ਤੁਸੀਂ ਹੋ ਰਹੇ ਕਠੇ, ਤੁਹਾਥੋਂ ਇਕ ਫਕੀਰ ਨ ਹਾਰਿਆ ਏ
ਫੜ੍ਹ ਕਰੋ ਆਨੰਦਪੁਰ ਬਹੁਤ ਜਲਦੀ, ਬਾਦਸ਼ਾਹ ਨੇ ਸਭ ਨੂੰ ਤਾੜਿਆ ਏ

ਪਕੜ ਗੁਰੂਜੀ ਨੂੰ ਜਲਦੀ ਪੇਸ਼ ਕਰੋ;ਗਦਰ ਦੇਸ਼ਵਿਚ ਜਿਸ ਖਿਲਾਰਿਆ ਏ
ਆਯਾ ਸ਼ਾਹੀ ਫਰਮਾਨ ਕਰਤਾਰ ਸਿੰਘਾ, ਖੌਫ ਹਾਕਮਾਂ ਨੇ ਦਿਲ ਧਾਰਿਆ ਏ

### ਵੈਰੀਆਂ ਦਾ ਸਖਤ ਹੱਲਾ ਤੇ ਖਾਲਸੇ ਦੀ ਹਿੰਮਤ

ਬਾਦਸ਼ਾਹ ਤੋਂ ਡਰਦਿਆਂ ਸੂਬਿਆਂ ਨੇ, ਧਾਵਾ ਕਰਨ ਦਾ ਮਤਾ ਪਕਾਯਾ ਜੀ
ਜਿਵੇਂ ਰੇੜਕਾ ਰੋਜ਼ ਦਾ ਮੁਕ ਜਾਵੇ, ਏਹੋ ਸੋਚਕੇ ਹੁਕਮ ਸੁਨਾਯਾ ਜੀ
ਚੁਣੋ ਲਸ਼ਕਰਾਂ ਵਿਚੋਂ ਜਵਾਨ ਚੰਗੇ, ਸਦ ਅਫਸਰਾਂ ਤਈਂ ਜਤਾਯਾ ਜੀ
ਤੰਦਰੁਸਤ ਚੰਗੇ ਚੁਣ ਲਏ ਤਕੜੇ, ਲਸ਼ਕਰ ਇਕ ਜਰਾਰ ਬਨਾਯਾ ਜੀ
ਦਿਨ ਅੱਸੂ ਦੇ ਕਠਿਆਂ ਸੂਬਿਆਂ ਹੋ, ਲੈ ਕੇ ਪੌੜੀਆਂ ਧਾਵਾ ਬੁਲਾਯਾ ਜੀ
ਬਹੁਤ ਜੋਰ ਲਾਯਾ ਸਿੰਘ ਰੋਕਣੇ ਨੂੰ; ਹੜ ਰੁਕਦਾ ਨਜ਼ਰ ਨ ਆਯਾ ਜੀ
ਲਾਈਆਂ ਪੌੜੀਆਂ ਜਾਂ ਆਨੰਦਗੜ੍ਹ ਨੂੰ, ਸਾਰਾ ਓਧਰੇ ਹੀ ਜੋਰ ਪਾਯਾ ਜੀ
ਓਸ ਕਿਲ੍ਹੇ ਅੰਦਰ ਸਤਿਗੁਰੂ ਜੀ ਸੀਗੇ, ਦਲ ਓਧਰੇ ਹੀ ਜਾ ਝੁਕਾਯਾ ਜੀ
ਐਲੀ ਐਲੀ ਕਰਦੇ ਚੜ੍ਹ ਜਾਣ ਲਗੇ, ਸਤਿਗੁਰਾਂ ਮਾਰੂ ਵਜਵਾਯਾ ਜੀ
ਦੂਜੇ ਕਿਲ੍ਹਿਆਂ ਦੇ ਸਿੰਘ ਆ ਗਏ; ਸ੍ਰੀ ਸਾਹਿਬ ਤੇ ਹਥ ਟਿਕਾਯਾ ਜੀ
ਜਦ,ਸਤਿਗੁਰਾਂ ਹਥ ਭਗਉਤੀ ਲਈ; ਤੇਜ ਖਾਲਸੇ ਵਿਚ ਸਮਾਯਾ ਜੀ
ਡਾਂਗ ਛਾਂਗਕੇ ਸੁਟੀਗਏ ਪੌੜੀਆਂ ਤੋਂ;ਖੰਡਾ ਗਜਬਦੇ ਵਿਚ ਆ ਵਾਹਯਾ ਜੀ
ਵੈਰੀ ਇਕ ਨ ਕਿਲ੍ਹੇ ਤੇ ਚੜ੍ਹਨ ਦਿਤਾ, ਬਹੁਤ ਅਫਸਰਾਂ ਨੇ ਜ਼ੋਰ ਪਾਯਾ ਜੀ
ਭਾਵੇਂ ਹਾਕਮਾਂ ਨੇ ਤਾੜ ਤਾੜ ਕਰਕੇ, ਫੌਜਾਂ ਤਈਂ ਕਈ ਵਾਰ ਚੜ੍ਹਾਯਾ ਜੀ
ਗਈ ਕੁਝ ਨ ਪੇਸ਼ ਤੇ ਮੁਫਤ ਸਗੋਂ, ਧਾਵਾ ਕਰ ਨੁਕਸਾਨ ਉਠਾਯਾ ਜੀ
ਮਾਰੀ ਸਿੰਘਾਂ ਤਲਵਾਰ ਦੀ ਮਾਰ ਐਹੀ, ਵੈਰੀ ਸਥਰ ਕਰ ਵਢਾਯਾ ਜੀ
ਢੇਰ ਕਿਲ੍ਹੇ ਦੀ ਕੰਧ ਦੇ ਨਾਲ ਲਗੇ; ਮਨ ਹਾਕਮਾਂ ਦਾ ਘਬਰਾਯਾ ਜੀ
ਅੰਤ ਹਾਰਕੇ ਹੌਸਲਾ ਅਫਸਰਾਂ ਨੇ, ਪਿਛਾਂ ਹਟਨ ਦਾ ਹੁਕਮ ਵਜਾਯਾ ਜੀ
ਪਿਛਾਂ ਹਟਦਾ ਦੇਖਕੇ ਵੈਰੀਆਂ ਨੂੰ, ਤੀਰਾਂ ਗੋਲੀਆਂ ਮੀਂਹ ਬਰਸਾਯਾ ਜੀ
ਸਤਿਗੁਰੂ ਜੀ ਦੇ ਤੀਰਾਂ ਤਿਖਿਆਂ ਨੇ;ਮਾਰ ਸਇਆਂ ਨੂੰ ਧਰਤ ਲਿਟਾਯਾ ਜੀ
ਫੇਰ ਤੋਪ ਦੇ ਧਰਕੇ ਫੇਰ ਪਿਛੋਂ, ਭਜੇ ਜਾਂਦਿਆਂ ਤਈਂ ਉਡਾਇਆ ਜੀ
ਏਸ ਹਲੇ ਦੇ ਵਿਚ ਕਰਤਾਰ ਸਿੰਘਾ, ਸਿੰਘਾਂ ਹੌਸਲਾ ਅਜਬ ਦਿਖਾਯਾ ਜੀ

ਵੈਰੀਆਂ ਨੇ ਆਨੰਦਪੁਰ ਵਿਚ ਆਉਣਾ ਜਾਣਾ ਬਾਹਰੋਂ ਬਿਲਕੁਲ ਬੰਦ ਕਰ ਦੇਣਾ

ਲਕ ਟੁਟ ਗਿਆ ਆਣ ਸੂਬਿਆਂ ਦਾ ਹਾਰ ਹੌਸਲਾ ਤੇ ਦਿਗੀ ਦਾ ਦਿਤੀ
ਫਤਾ ਪਾਈ ਨ ਜਵਾਨੀ ਗੁਰੂ ਉਤੇ, ਸਾਡੀ ਮਾਰ ਕੇ ਫੌਜ ਖਪਾ ਦਿਤੀ
ਫੇਰ ਕਠਿਆਂ ਹੋਕੇ ਰਾਜਿਆਂ ਨੇ, ਏਹ ਸੂਬਿਆਂ ਤਈਂ ਸਲਾਹ ਦਿਤੀ
ਘੇਰਾ ਪਾ ਰਖੋ ਧਾਵਾ ਕਰੋ ਨਾਹੀਂ, ਏਹ ਸੂਬਿਆਂ ਤਈਂ ਸਲਾਹ ਦਿਤੀ
ਅੰਦਰ ਚੀਜ ਭੀ ਇਕ ਨਾ ਜਾਣ ਦਿਹੋ, ਏਹ ਆਖ ਕੇ ਫੌਜ ਬੈਠਾ ਦਿਤੀ
ਦੂਸਰੇ ਚੌਹਰੇ ਪਹਿਰੇ ਕਰਤਾਰ ਸਿੰਘਾ, ਲਾ ਬਹੁਤ ਤਕੜਾਈ ਕਰਾ ਦਿਤੀ

ਰਾਜਿਆ ਦੀ ਸੋਚੀ

ਖਰਚ ਮੁਕਨੇ ਤੇ, ਹੁਣ ਆ ਗਿਆ ਏ, ਕਿਥੋਂ ਕਢ ਕੇ ਅੰਦਰੋਂ ਖਾਨਗੇ ਜੀ
ਬਾਹਰੋਂ ਕੋਈ ਭੀ ਚੀਜ ਨ ਜਾਣਦਿਹੋ,ਕਿਲਿਆਂ ਵਿਚ ਭੁਖੇ ਮਰ ਜਾਨਗੇ ਜੀ
ਨਹੀਂ ਤਾਂ ਨਿਕਲਕੇ ਲੜਨਗੇ ਬਾਹਰ ਆਪੇ,ਨਹੀਂ ਭਜਕੇਜਾਨ ਛੁਡਾਨਗੇ ਜੀ
ਮਾਰੇ ਭੁਖ ਦੇ ਕਾਬੂ ਆ ਜਾਣ ਸਹਿਜੇ, ਫੇਰ ਕਿਸਤਰਾਂ ਜੰਗ ਮਚਾਨਗੇ ਜੀ
ਸੋਚ ਵੈਰੀਆਂ ਇਉ ਤਕੜਾਈ ਕੀਤੀ, ਭੁਖੇ ਸਿੰਘ ਹੁਣ ਦੁਖ ਉਠਾਨਗੇ ਜੀ
ਕਈ ਜਾਣਗੇ ਡੋਲਕਰਤਾਰ ਸਿੰਘਾ,ਬਹੁਤੇ ਸਿਰ ਸਿਉਂ ਸਿਦਕ ਨਿਵਾਨਗੇ ਜੀ

ਭਾਈ ਘਨਈਏ ਜੀ ਸਾਖੀ

ਜਦ ਮਚ ਰਿਹਾ ਐਨ ਜੰਗ ਭਾਰਾ, ਏਹ ਸਿੱਖ ਮਸਕਾਂ ਭਰ ਲਿਆਂਵਦਾ ਸੀ
ਵਿਚ ਮੋਰਚੇ ਬੈਠਿਆਂ ਸਿੰਘਾਂ ਤਾਂਈ, ਠੰਡਾ ਲਿਆਕੇ ਜਲ ਪਿਲਾਂਵਦਾ ਸੀ
ਪਰ ਹੋਰ ਭੀ ਜੋ ਕੋਈ ਮੰਗ ਬਹਿੰਦਾ, ਖੁਸ਼ੀ ਨਾਲ ਪਿਲਾ ਰਿਝਾਂਵਦਾ ਸੀ
ਮੁਸਲਮਾਨਾਂ ਨੂੰ ਭੀ ਕਰਤਾਰ ਸਿੰਘਾ, ਜਦੋਂ ਮਿਲਨ ਪਿਲਾ ਸੋ ਆਂਵਦਾ ਸੀ

ਸਿੰਘਾ ਨੇ ਸਤਿਗੁਰਾਂ ਪਾਸ ਸ਼ਕਾਇਤ ਕਰਨੀ

ਇਕ ਦਿਨ ਸਿੰਘਾਂ ਤਾਈਂ ਪਯਾਸ ਲਗੀ,ਹੋਈ ਦੇਰ ਘਨਈਆਨਆਂਵਦਾ ਏ
ਸਿੰਘਾਂ ਗੁਰਾਂ ਅਗੇ ਫਰਯਾਦ ਕੀਤੀ, ਵੇਖ ਕੀ ਏਹ ਕਸਬ ਕਮਾਂਵਦਾ ਏ
ਅਸੀਂ ਗੁਰਾਂ ਅਗੇ ਫਰਯਾਦ ਕੀਤੀ, ਵੇਖ ਕੀ ਇਹ ਕਸਬ ਕਮਾਂਵਦਾ ਏ
ਸਾਡੀ ਜਾਣ ਦੇ ਵੈਰੀ ਨੇ ਤੁਰਕ, ਹਿੰਦੂ, ਮੇਲ ਓਹਨਾਂ ਦੇ ਨਾਲ ਰਖਾਂਵਦਾ ਏ

ਏਹ ਸੁਣ ਘਨਈਏ ਨੂੰ ਪੁਛਿਆ ਜੀ, ਇਉਂ ਕਰਨਾ ਕਿਉਂ ਤੈਨੂੰ ਭਾਂਵਦਾ ਏ
ਹਥ ਜੋੜਕੇ ਓਹ ਕਰਤਾਰ ਸਿੰਘਾ, ਸਤਿਗੁਰਾਂ ਦੇ ਅਗੇ ਸੁਨਾਂਵਦਾ ਏ

ਘਨਈਆ

ਕਰੇ ਬੇਨਤੀ ਨਾਲ ਅਧੀਨਗੀ ਦੇ, ਮੈਨੂੰ ਬਖਸ਼ ਲੈਣਾ ਮਿਹਰਬਾਨ ਗੁਰ ਜੀ
ਮੈਨੂੰ ਕੋਈਮਿਤ੍ਰ ਵੈਰੀ ਦਿਸਦਾ ਨਹੀਂ;ਕੀਤਾ ਆਪਦਾ ਹੁਕਮ ਪ੍ਰਵਾਨ ਗੁਰ ਜੀ
"ਸਭਗੋਬਿੰਦ ਹੈ, ਸਭ ਗੋਬਿੰਦ ਹੈ" , ਹੈ ਆਪਦਾ ਏਹ ਫੁਰਮਾਨ ਗੁਰ ਜੀ
"ਗੋਬਿੰਦ ਬਿਨ ਨਹੀਂ ਕੋਈ", ਸ੍ਰੀ ਗ੍ਰੰਥ ਸਾਹਿਬ ਬਤਲਾਨ ਗੁਰ ਜੀ
"ਏਹ ਜਗਤ ਸਭ ਹਰਿ ਕਾ ਰੂਪ ਹੈ", ਮੈਂ ਪੜ੍ਹਿਆ ਨਾਲ ਧਿਆਨ ਗੁਰ ਜੀ
ਬੱਸ ਦਿਸਦਾ ਆਪਦਾ ਰੂਪ ਮੈਨੂੰ; ਜਿੰਨਾ ਵਸਦਾ ਏਹ ਜਹਾਨ ਗੁਰ ਜੀ
ਤੂੰਹੀਂ ਤੂੰ ਚੁਫੇਰੇ ਹੀ ਨਜ਼ਰ ਆਵੇਂ, ਵਖ ਨਹੀਂ ਹਿੰਦੂ ਮੁਸਲਮਾਨ ਗੁਰ ਜੀ
ਬੜੇ †ਖੁਸ਼ ਹੋ ਗਏ ਕਰਤਾਰ ਸਿੰਘਾ,ਵੇਖ ਸਿਖਦਾ ਦ੍ਰਿੜ ਗਿਆਨ ਗੁਰ ਜੀ

ਵੈਰੀਆਂ ਦੀ ਤਕੜਾਈ ਤੇ ਆਨੰਦਪੁਰ ਵਿਚ ਅੰਨ ਦਾਣੇ ਦੀ ਥੁੜ

ਪੱਕਾਂ ਵੈਰੀਆਂ ਨੇ ਘੇਰਾ ਘੱਤ ਲਿਆ, ਰਾਹ ਰੋਕ ਪਕਿਆਈ ਕਰਾਨ ਲਗੇ
ਬਰਸ ਦੋ ਹੋ ਗਏ ਜੰਗ ਕਰਦਿਆਂ ਨੂੰ, ਸਭ ਮੁਕ ਜ਼ਖੀਰੇ ਸੋ ਜਾਨ ਲਗੇ
ਦਾਨਾ ਘਾਸ ਨਾ ਬਾਹਰ ਤੋਂ ਆ ਸਕੇ, ਮੁਕਨ ਕਿਲ੍ਹਿਆਂ ਵਿਚੋਂ ਸਮਾਨ ਲਗੇ
ਪਹਿਲੇ ਦੋ ਵੇਲੇ ਲੰਗਰ ਵਰਤਦੇ ਸਨ, ਫੇਰ ਅਠੀਂ ਪਹਿਰੀ ਵਰਤਾਨ ਲਗੇ
ਕੋਠਾ ਛੋਲਿਆਂ ਦਾਇਕ ਰਹਿ ਗਿਆ ਜੀ,ਮੁਠਮੁਠ ਛੋਲੇ ਨਿਲਨਆਨ ਲਗੇ
ਬਿਨਾਂ ਬਾਲਨੋਂ ਭਠੀਆਂ ਬੰਦ ਹੋਈਆਂ, ਫੇਰ ਕਚੇ ਹੀ ਸਿੰਘ ਚਬਾਨ ਲਗੇ
ਘੋੜੇ ਹਾਥੀ ਪਲੇ ਜਿਹੜੇ ਰਾਤਬਾਂ ਦੇ, ਭੁਖੇ ਰਹਿਕੇ ਹਡ ਸੁਕਾਨ ਲਗੇ
ਓਹ ਸ਼ੇਰਾਂ ਵਰਗੇ ਪਲੇ ਸਿੰਘ ਬਲੀ, ਮਾਰੇ ਭੁਖ ਦੇ ਹੋਣ ਬੇਤਾਨ ਲਗੇ
ਲੋਕ ਸ਼ਹਿਰ ਨੂੰ ਛਡ ਕੇ ਜਾਣ ਲਗੇ, ਹੋਣ ਗਲੀ ਬਾਜ਼ਾਰ ਵੈਰਾਨ ਲਗੇ

---

†ਗੁਰੂ ਜੀ ਨੇ ਖੁਸ਼ੀ ਹੋਕੇ ਘਨਈਏ ਨੂੰ ਆਪਣੇ ਹਥ ਦਾ ਰੁਮਾਲ ਦੇ ਕੇ ਆਖਿਆ, ਤੂੰ ਧੂਣ ਏਥੋਂ ਜਾਹ, ਤੇਰੀ ਘਾਲ ਥਾਏਂ ਪੈ ਗਈ ਹੈ। ਜਾਹ ਲਹਿੰਦੇ ਦੇਸ ਸਿਖੀ ਵਧਾ, ਤੇਰਾ ਭੀ ਗੁਰੂ ਸੰਪ੍ਰਦਾਈ ਪੰਥ ਚਲੇਗਾ। ਸੋ ਹੁਣ ਓਸੇ ਦੀ ਸ਼ਾਖ ਵਾਲੀ ਹੋਏ ਸੇਵਾ ਪੰਥੀਏ, (ਅੱਡਣਸ਼ਾਹੀਏ) ਅਖਵਾਂਦੇ ਹਨ।

ਬੁਰਾ ਭੁਖ ਦਾ ਦੁਖ ਕਰਤਾਰ ਸਿੰਘਾ; ਕਈ ਸਿੰਘ ਆ ਦਿਲ ਡੁਲਾਨ ਲਗੇ

### ਭਾਈ ਰਾਮ ਕੌਰ ਦੀ ਸਾਖੀ

ਇਕ ਦਿਨ ਇਕ ਸਿੰਘ ਨੇ ਕਿਲ੍ਹੇ ਅਗੇ; ਆਕੇ ਆਪਣਾ ਹਾਲ ਸੁਣਾਯਾ ਜੀ
ਦਰਬਾਨ ਨੇ ਖੂਬ ਪਛਾਨ ਕਰਕੇ; ਓਹਨੂੰ ਗੁਰਾਂ ਦੇ ਪਾਸ ਪੁਚਾਯਾ ਜੀ
ਗੁਰਾਂ ਪੁਛਿਆ ਏਤਨੇ ਚਿਰ ਪਿਛੋਂ, ਤੂੰ ਸ਼ਕਲ ਬਨਾ ਕੀਹ ਆਯਾ ਜੀ
ਉਸ ਰੋ ਕੇ ਆਪਣਾ ਹਾਲ ਸਾਰਾ, ਸ੍ਰੀ ਗੁਰੂ ਜੀ ਤਈਂ ਬਤਾਯਾ ਜੀ
ਵਿਚ ਜੰਗ ਮੈਂ ਘੋੜਿਓਂ ਡਿਗ ਪਿਆ, ਰੌਲੇ ਵਿਚ ਨ ਕਿਸੇ ਉਠਾਯਾ ਜੀ
ਵੈਰੀ ਫੜ ਮੈਨੂੰ ਓਥੋਂ ਲੈ ਗਏ, ਬਦੋ ਬਦੀ ਜਾ ਤੁਰਕ ਬਨਾਯਾ ਜੀ
ਕੇਸ ਕੱਟ ਮੇਰੀ ਸੁੰਨਤ ਕਰ ਦਿਤੀ, ਅਤੇ ਗਊ ਦਾ ਮਾਸ ਖਵਾਯਾ ਜੀ
ਗੁਰਾਂ ਆਖਯਾ ਭਾਈ ਤੂੰ ਸਚ ਦਸ', ਅੰਗ ਤੁਰਕਨੀ ਨੂੰ ਨਹੀਓਂ ਲਾਯਾ ਜੀ
ਉਸ ਆਖਯਾ ਜੀ ਏਸ ਪਾਪ ਪਾਸੋਂ, ਤੁਸਾਂ ਹਥ ਦੇ ਆਪ ਬਚਾਯਾ ਜੀ
ਖੁਸ਼ ਹੋ ਕੇ ਗੁਰਾਂ ਨੇ ਉਠ ਕਰਕੇ, ਰਾਮ ਸਿੰਘ ਨੂੰ ਗਲੇ ਲਗਾਯਾ ਜੀ
ਸਿਖਾ ! ਤੂੰ ਨਹੀਂ ਮੁਸਲਮਾਨ ਹੋਯਾ, ਰਿਹੋਂ ਕਾਇਮ ਨਾ ਦਿਲ ਡੁਲਾਯਾ ਜੀ
ਏਹ ਕੰਮ ਓਹਨਾਂ ਬਦੋ ਬਦੀ ਕੀਤੇ, ਤੇਰੀ ਸ਼ਕਲ ਤਈਂ ਉਲਟਾਯਾ ਜੀ
ਤੇਰੀ ਸ਼ਕਲ ਬਦਲੀ ਸਿਖੀ ਨਹੀਂ ਬਦਲੀ, ਜਦ ਤਕ ਨ ਚਿਤ ਭਰਮਾਯਾ ਜੀ
ਓਸੇ ਵਕਤ ਦੇ ਹੁਕਮ ਕਰਤਾਰ ਸਿੰਘਾ, ਓਹਨੂੰ ਅੰਮ੍ਰਿਤ ਫੇਰ ਛਕਾਯਾ ਜੀ

### ਅੰਨ ਦੀ ਥੁੜ ਤੇ ਮਾਤਾ ਜੀ ਪਾਸ ਸਿੰਘਾਂ ਨੇ ਫਰਯਾਦ ਕਰਨੀ

ਬਾਹਰੋਂ ਆਵਨਾ ਜਾਵਨਾ ਬੰਦ ਹੋਯਾ, ਮੁਕ ਗਏ ਅੰਦਰ ਭੰਡਾਰ ਸਾਰੇ
ਹਾਥੀ ਘੋੜੇ ਭੁਖੇ ਸਭੇ ਮਰਨ ਲਗੇ, ਹੋਏ ਸਿੰਘ ਭੀ ਆਨ ਲਚਾਰ ਸਾਰੇ
ਬਾਹਰੋਂ ਸਿਖਾਂ ਦੀ ਜਾਏ ਨ ਤੇਸ਼ ਕੋਈ, ਰਾਹ ਬੰਦ ਕਰ ਲੈਨ ਬੁਰਯਾਰ ਸਾਰੇ
ਆ ਆ ਕੇ ਸੰਗਤਾਂ ਮੁੜ ਜਾਵਨ, ਭਾਰੀ ਮਚ ਰਹੀ ਹਾਹਾਕਾਰ ਸਾਰੇ
ਕਈ ਵਾਰ ਬਾਹਰੋਂ ਕਰ ਆਏ ਹਲੇ, ਗਈ ਪੇਸ਼ ਨ ਬੈਠ ਗਏ ਹਾਰ ਸਾਰੇ
ਪਠੇ ਦਾਣੇ ਦੀ ਪੈ ਗਈ ਥੁੜ ਅੰਦਰ, ਮੁਕ ਗਏ ਲਗੇ ਅੰਬਾਰ ਸਾਰੇ
ਸ਼ਹਿਰ ਵਿਚ ਭੀ ਕੋਈ ਨ ਚੀਜ਼ ਰਹੀ, ਹੋ ਗਏ ਉਜਾੜ ਬਾਜ਼ਾਰ ਸਾਰੇ
ਕਈ ਵਾਰ ਦਾਣਾ ਪਠਾ ਲਸ਼ਕਰਾਂ ਦਾ, ਲੈ ਆਉਂਦੇ ਰਹੇ ਛਾਪੇ ਮਾਰ ਸਾਰੇ

ਕਈ ਵਾਰ ਧਾਈਆਂ ਕਰ ਲਿਆਉਂਦੇ ਰਹੈ, ਹਠੀ ਖਾਲਸੇ ਦੁਖ ਸਹਾਰ ਸਾਰੇ
ਝਟ ਲੰਘਣਾ ਹੋ ਗਿਆ ਬਹੁਤ ਔਖਾ, ਭੁਖੇ ਮਰਨ ਲਗੇ ਨਰ ਨਾਰ ਸਾਰੇ
ਦੂਏ, ਤੀਏ,ਚੌਥੇ ਦਿਨ ਮਿਲੇ ਲੰਗਰ, ਸੋਚਾਂ ਵਿਚ ਪਏ ਜਥੇਦਾਰ ਸਾਰੇ
ਕਈ ਮਾਤਾ ਜੀ ਨੂੰ ਕਹਿਆ ਸਿੰਘਾ, ਫੇਲ ਫਲ ਕੇ ਦੁਖ ਅਪਾਰ ਸਾਰੇ
ਏਥੋਂ ਗੁਰੂ ਜੀ ਨੂੰ ਕਹੋ ਚਲੇ ਚਲਨ, ਵਲ ਮਾਲਵੇ ਸਣੇ ਪਰਵਾਰ ਸਾਰੇ
ਨਹੀਂ ਤਾਂ ਮਰਜਾਂਗੇ ਭੋਖੇ ਭੁਖ ਦੇ ਜੀ, ਵਿਚ ਕਿਲਿਆਂ ਹੋ ਦੁਖਯਾਰ ਸਾਰੇ
ਅਸੀਂ ਡਰਦੇ ਗੁਰਾਂ ਤੋਂ ਬੋਲਦੇ ਨਹੀਂ, ਪਰ ਚਾਹੁੰਦੇ ਹਾਂ ਛੁਟਕਾਰ ਸਾਰੇ
ਆਖੋ ਗੁਰਾਂ ਨੂੰ ਤੁਸੀਂ ਕਰਤਾਰ ਸਿੰਘ, ਏਹ ਲਾਹਾ ਚੜ੍ਹਾ ਵਿਚਾਰ ਸਾਰੇ

### ਸ੍ਰੀ ਮਾਤਾ ਜੀ ਨੇ ਸ੍ਰੀ ਦਸ਼ਮੇਸ਼ ਜੀ ਨੂੰ ਸਮਝਾਣਾ

ਆਖਾ ਮੰਨ ਗਏ ਮਾਤਾ ਗੁਜਰੀ ਜੀ,ਕਹਿਆ ਬਹੁਤ ਵਾਰੀ ਸਿੱਖਾਂ ਆ ਕਰਕੇ
ਭਾਵੇਂ ਮਾਤਾ ਜੀ ਭੀ ਦਿਲੋਂ ਡਰਦੇ ਸਨ, ਪਰ ਸਤਿਗੁਰਾਂ ਦੇ ਪਾਸ ਜਾ ਕਰਕੇ
ਸਹਿਜ ਭਾਵ ਦੇ ਨਾਲ ਬਹਿ ਦੁਖ ਫੋਲੇ,ਪਹਿਲਾਂ ਹਰ ਹੀ ਗਲ ਚਲਾ ਕਰਕੇ
ਵੇਖੋ ਭਾਗ ਜੀ ਏਹਨਾਂ ਪਹਾੜੀਆਂ ਨੇ, ਕਿਡਾ ਸ਼ੋਰ ਪਾਯਾ ਅਤ ਚਾ ਕਰਕੇ
ਜਿਸ ਦਿਨ ਤੋਂ ਸ਼ਹਿਰ ਵਸਾਯਾ ਏ, ਅਗ ਇਨਾਂ ਤਾਈਂ ਲਗੀ ਧਾ ਕਰਕੇ
ਰਹੇ ਈਰਖਾ ਬਾਬ ਹਮੇਸ਼ ਕਰਦੇ, ਹੋਰ ਝਗੜੇ ਮੁਫਤ ਵਧਾ ਕਰਕੇ
ਕਈ ਦਗੇ ਫਰੇਬ ਤੇ ਜੰਗ ਕੀਤੇ, ਕਈ ਵਾਰ ਗਏ ਹਾਰਾਂ ਖਾ ਕਰਕੇ
ਫੇਰ ਹੁਣ ਭੀ ਏਹੋ ਹੀ ਮਤ ਮਾਰੇ, ਲਿਆਏ ਲਸ਼ਕਰਾਂ ਤਈਂ ਚੜ੍ਹਾ ਕਰਕੇ
ਵੇਖੋ ਲਾਲ ਜੀ ਕਿਤਨਾ ਜੇਰ ਹੋਯਾ, ਸੂਬੇ ਬੈਠ ਰਹੇ ਘੇਰਾ ਪਾ ਕਰਕੇ
ਸਾਡੇ ਸਿੰਘ ਹੋ ਗਏ ਸ਼ਹੀਦ ਬਹੁਤੇ, ਸੋ ਵੈਰੀਆਂ ਤਈਂ ਖਪਾ ਕਰਕੇ
ਪਰ ਹੁਣ ਤਾਂ ਮੁਕਿਆ ਅਨ ਦਾਣਾ, ਬੈਠੇ ਘਾਸ ਪਠਾ ਭੀ ਮੁਕਾ ਕਰਕੇ
ਹਾਥੀ ਘੋੜੇ ਪਸ਼ੂ ਭੁਖੇ ਮਰ ਰਹੇ, ਸਿੰਘ ਲੜਨਗੇ ਕੀ ਹੁਣ ਖਾ ਕਰਕੇ
ਵਾਰੀ ਜਾਂ, ਮੇਰਾ ਆਖਾ ਮੰਨ ਲਵੋ, ਏਸ ਥਾਂ ਨੂੰ ਛਡ ਛਡਾ ਕਰਕੇ
ਹੁਣ ਮਾਲਵੇ ਨੂੰ ਏਥੋਂ ਚਲੋ ਚਲੋ, ਸੇਵਕ ਸਿੱਖ ਪਰਵਾਰ ਬਚਾ ਕਰਕੇ
ਭੁਖਾ, ਸਿੰਘ ਕਿਥੋਂ ਤੇੜੀ ਜਰਨਗੇ ਜੀ, ਚਲੇ ਜਾਣਗੇ ਅਕ ਅਕਾ ਕਰਕੇ

ਕੁਝ ਲੜ ਰਹੇ ਕੁਝ ਮੋਏ ਭੁਖੇ, "ਭਜ ਚਲੋ ਸਲਾਹ ਬਨਾ ਕਰਕੇ"
ਨਿਕਲ ਜਾਣਗੇ ਤੇ ਫੇਰ ਕੀਹ ਬਨੂ, ਫੜ ਲੈਣਗੇ ਵੈਰੀ ਦਬਾ ਕਰਕੇ
ਕਿਥੋਂ ਤਕ ਨਿਬਾਹੁਣਗੇ ਸਿਦਕਾਂ ਨੂੰ, ਚਲੇ ਜਾਣਗੇ ਚਿਤ ਡੁਲਾ ਕਰਕੇ
ਇਹ ਸਿਖ ਨੇ ਭਾਗ ਜੀ ਵਾੜੀ ਤੇਰੀ, ਸੁਖ ਇਹਨਾਂ ਦੀ ਮੰਗ ਮੰਗਾ ਕਰਕੇ
ਦੁਖ ਭੁਖ ਜੇ ਇਹਨਾਂ ਨੂੰ ਮਾਰੇ ਨਾਹੀਂ, ਲੈ ਚਲੋ ਸਭੇ ਗਲ ਲਾ ਕਰਕੇ
ਨ ਮੰਨੇ ਤਾਂ ਇਹਨਾਂ ਨੂੰ ਦੇਹੋ ਛੁਟੀ, ਘਰੀਂ ਜਾਣ ਇਹ ਸ਼ੁਕਰ ਮਨਾ ਕਰਕੇ
ਸਾਡੇ ਸਿਰ ਜੋ ਬਣੇ ਕਰਤਾਰ ਸਿੰਘਾ, ਅਸੀਂ ਕਟ ਲਾਂ ਗੇ ਭਾਣਾ ਭਾ ਕਰਕੇ

### ਸੂਬਿਆਂ ਨੇ ਭੇਡ ਤਾਕੇ ਫੇਰ ਆਨੰਦਪੁਰ ਤੇ ਹੱਲਾ ਕਰਨਾ

ਸਭ ਕੁਝ ਹੋ ਰਿਹਾ ਹੈ ਵਿਚ ਭਾਣੇ, ਸੋਚਵਾਨ ਹੋ ਕਰੋ ਵਿਚਾਰ ਮਾਤਾ
ਸਾਡੇ ਵਸ ਨਾ ਜੰਗ ਦਾ ਛੇੜਨਾ ਏਂ, ਬੰਦ ਕਰਨਾ ਨਹੀਂ ਅਖਤਯਾਰ ਮਾਤਾ
ਸਾਡੇ ਵਸ ਨਾਹੀਂ ਇਥੋਂ ਚਲੇ ਜਾਣਾ, ਸਾਡੇ ਵਸ ਨਾਹੀਂ ਕੋਈ ਕਾਰ ਮਾਤਾ
ਅਸੀਂ ਖਸਮ ਦਾ ਹੁਕਮ ਮਨਾ ਰਹੇ ਹਾਂ, ਖੇਲ ਕਰ ਰਿਹਾ ਕਰਤਾਰ ਮਾਤਾ
"ਜਹਿ ਬੈਸਾਲਹਿ ਬੈਸਾ ਸਵਾਮੀ ਜਹਿ ਭੇਜਹਿ ਤਹਿ ਜਾਵਾ"
ਸ੍ਰੀ ਗ੍ਰੰਥ ਦੇ ਵਿਚ ਇਹ ਸ਼ਬਦ ਲਿਖਯਾ, ਵਡੇ ਗੁਰਾਂ ਨੇ ਮੁਖੋਂ ਉਚਾਰ ਮਾਤਾ
ਰਹਿਨਾ, ਜਾਵਨਾ ਨਹੀਂ ਹੈ ਹਸ ਸਾਡੇ ਭਾਣਾ ਸਕਦੇ ਨਹੀਂ ਅਸੀਂ ਟਾਰ ਮਾਤਾ
"ਕਾਠ ਕੀ ਪੁਤਰੀ ਕਹਾ ਕਰੇ ਬਪੁਰੀ ਖਿਲਾਵਨਹਾਰੋ ਜਾਨੈ"
ਜੀਵ ਪੁਤਲੀ ਦੇ ਵਾਂਗ ਨਚਦੇ ਨੇ, ਹਥ ਫੜੀ ਅਕਾਲ ਨੇ ਤਾਰ ਮਾਤਾ
ਵੇਂਹਦੇ ਰਹੋ ਖੁਸ਼ ਹੋ ਕਰਤਾਰ ਸਿੰਘਾ, ਜੋ ਕਰੇ ਕਰਤਾਰ ਦਾਤਾਰ ਮਾਤਾ

### ਸ੍ਰੀ ਦਸਮੇਸ਼ ਜੀ ਨੇ ਮਾਤਾ ਜੀ ਨੂੰ ਧੀਰਜ ਦੇਣੀ

ਛਡ ਸ਼ਹਿਰ ਨੂੰ ਨਿਕਲ ਗਏ ਲੋਕ ਬਹੁਤੇ ਸਿੰਘ ਬਹੁਤ ਸ਼ਹੀਦੀਆਂ ਪਾ ਗਏ
ਕੁਝ ਭੁਖ ਨੇ ਮਾਰ ਦਬਾ ਲਏ ਕੁਝ ਹੋ ਬੇ ਸਿਦਕੇ ਧਾ ਗਏ
ਓਧਰ ਖਬਰ ਸਾਰੀ ਹੋਈ ਸੂਬਿਆਂ ਨੂੰ ਫੌਜਾਂ ਲੈ ਕੇ ਕੁਦ ਕੇ ਆ ਗਏ
ਜੀਉਂਦਾ ਫੜ ਲੌ ਗੁਰੂ ਕਰਤਾਰ ਸਿੰਘਾ, ਪੈਰ ਕਿਲ੍ਹਿਆਂ ਵਲ ਵਧਾ ਗਏ

ਸ੍ਰੀ ਦਸਮੇਸ਼ ਜੀ ਨੇ ਬਾਹਰ ਮੈਦਾਨ ਵਿਚ ਨਿਕਲਕੇ ਜੰਗ ਪਾਣਾ

ਮਾਰੋ ਮਾਰ ਕਰਦੇ ਵੈਰੀ ਚੜ੍ਹ ਆਏ, ਸਤਿਗੁਰੂ ਜੀ ਹੋ ਕੋਪਵਾਨ ਨਿਕਲੇ
ਤੇਗ ਫੜ ਵਜਾ ਰਣਜੀਤ ਧਾਈਂ, ਨਾਲ ਵੈਰੀਆਂ ਜੰਗ ਮਚਾਨ ਨਿਕਲੇ
ਤੇਗਾਂ ਧੂਹਕੇ ਸਿੰਘ ਭੀ ਸਤੇ ਹੋਏ ਇਹ ਨਿਤ ਦਾ ਕਸ਼ਟ ਮੁਕਾਨ ਨਿਕਲੇ
ਮੋਹਰੇ ਗੁਰੂ ਜੀ ਸ਼ੇਰ ਦਾ ਰੂਪ ਹੋਏ, ਪਿਛੇ ਖਾਲਸੇ ਸਿੰਘ ਜਵਾਨ ਨਿਕਲੇ
ਓਹ ਬੋਲਦੇ; ਅੱਲੀ, ਰਸੂਲ ਦੇਵੀ, ਇਧਰ ਸਿੰਘ ਅਕਾਲ ਗਜਾਨ ਨਿਕਲੇ
ਸਿਰ ਤਲੀ ਤੇ ਧਰ ਕਰਤਾਰ ਸਿੰਘਾ, ਸਿੰਘ ਹੋਣ ਸ਼ਹੀਦ ਮੈਦਾਨ ਨਿਕਲੇ

ਘੋਰ ਯੁਧ

ਟਿਡੀ ਦਲ ਵਾਂਗੂੰ ਚੜ੍ਹ ਆਏ, ਜ਼ੋਰ ਪਾ ਚੁਫੇਰਿਓਂ ਆਨ ਲਥੇ
ਮਾਰੂ ਢੋਲ ਤਣਜੀਤ, ਨਗਾਰੇ ਵਜਨ, ਅਜ ਆਖਰੀ ਜ਼ੋਰ ਅਜਮਾਨ ਲਥੇ
ਸਿੰਘ ਨਿਕਲਦੇ ਹੀ ਤੇਗੀਂ ਉਤਰੇ ਆ, ਭੁਖੇ ਵਾਂਗ ਸ਼ੇਰਾਂ ਵੈਰੀ ਖਾਨ ਲਥੇ
ਮਾਰੋ ਮਾਰ ਦਾ ਮਚਿਆ ਆਨ ਰੌਲਾ, ਪਲੋ ਪਲੀ ਦੁਪਾਸਿਓਂ ਘਾਨ ਲਥੇ
ਥੋੜੇ ਸਿੰਘ ਟੋਲੇ ਬੰਨ੍ਹ ਲੜਨ ਲਗੇ, ਵੈਰੀ ਭੁੰਮਰੇ ਹੋ ਦਬਾਨ ਲਥੇ
ਕਟਾ ਵਢ ਹੋਈ ਓਥੇ ਬਹੁਤ ਬੁਰੀ, ਸੇ ਮਾਵਾਂ ਦੇ ਪੁਤ ਮੈਦਾਨ ਲਥੇ
ਕੁਝ ਮੌਤ ਦਾ ਸਰਫਾ ਰਿਹਾ ਨ ਸੀ ਜਿਵੇਂ ਖੇਤ ਕਟਨ ਕਿਰਸਾਨ ਲਥੇ
ਵਾਹੀ ਸਿੰਘਾ ਨੇ ਤੇਗ ਕਰਤਾਰ ਸਿੰਘਾ, ਵੇਖ ਸੂਬਿਆਂ ਦਿਲੋਂ ਗੁਮਾਨ ਲਥੇ

ਸ੍ਰੀ ਦਸਮੇਸ਼ ਜੀ ਨੇ ਸਿੰਘਾਂ ਨੂੰ ਵੰਗਾਰਨਾ

ਤੁਸੀਂ ਥੋੜੇ ਤੇ ਵੈਰੀ ਹਜ਼ਾਰ ਹਿਸੇ, ਰਖ ਹੌਸਲਾ ਨ ਘਬਰਾਓ ਸਿੰਘੋ
ਸੂਬੇ ਖਾਨ ਪਹਾੜੀਏ ਯਾਦ ਰਖਨ, ਅਤੇ ਅੰਤ ਦੇ ਹਥ ਦਿਖਾਓ ਸਿੰਘੋ
ਤੁਸੀਂ ਸ਼ੇਰ ਅਕਾਲ ਦੇ ਪੁਤ ਬਾਂਕੇ, ਵੈਰੀ ਗਿਦੜਾਂ ਤਈਂ ਦਬਾਓ ਸਿੰਘੋ
ਭਾਰੀ ਹੋਈ ਧਰਤੀ ਪਾਪ ਪਾਪੀਆਂ ਥੀਂ, ਹੌਲਾ ਧਰਤ ਦਾ ਭਾਰ ਕਰਾਓ ਸਿੰਘੋ
ਖੰਡੇ ਅੰਮ੍ਰਿਤ ਸ਼ਕਤ ਦਿਖਾਲ ਦਿਹੋ, ਘਾਨ ਵੈਰੀਆਂ ਦੇ ਮਾਰ ਲਾਹੋ ਸਿੰਘੋ
ਜਿਵੇਂ ਬਾਜ ਕੂੰਜਾਂ ਸ਼ੇਰ ਹਰਨੀਆਂ ਨੂੰ, ਤਿਉਂ ਪਹਾੜੀਏ ਤੁਰਕ ਖਪਾਓ ਸਿੰਘੋ
ਆਖਰ ਤਕ ਦੁਨੀਆਂ ਵਿਚ ਯਾਦ ਰਹੇ, ਅਜ ਤੇਗ ਅਹੀ ਖੜਕਾਓ ਸਿੰਘੋ

ਜਹੇ ਅਜ ਮਰੇ ਤਹੇ ਕਲ੍ਹ ਮਰੇ, ਖੌਫ ਮਰਨ ਦਾ ਨਹੀਂ ਰਖਾਓ ਸਿੰਘੋ
ਇਹ ਧਰਮ ਦੇ ਵਾਸਤੇ ਯੁਧ ਰਚਿਆ, ਹਸ ਹਸ ਸ਼ਹੀਦੀਆਂ ਪਾਓ ਸਿੰਘੋ
ਸੂਰਾ ਸੋ ਜੋ ਧਰਮ ਹੇਤ ਲੜੇ, ਓਹਦੀ ਧੰਨ ਸੁਲਖਨੀ ਮਾਓ ਸਿੰਘੋ
ਚੋਟਾਂ ਖਾ ਕੇ ਸਾਹਮਣੇ ਮਰੋ ਮਥੇ, ਪਿਛਾਂ ਪੈਰ ਨ ਮੂਲ ਭਵਾਓ ਸਿੰਘੋ
"ਚਿੜੀਆਂ ਤੋਂ ਮੈਂ ਬਾਜ ਤੁੜਾਵਾਂ" ਇਹ ਕਰ ਪਰਤਖ ਜਤਾਓ ਸਿੰਘੋ
"ਸਵਾ ਲਾਖ ਸਿਉਂ ਇਕ ਲੜਾਊਂ" ਯਾਦਗਾਰ ਸਚੀ ਇਹ ਲਿਖਾਓ ਸਿੰਘੋ
ਇਹਨਾਂ ਮਾਰ ਮਲਛਾਂ ਦਾ ਨਾਸ ਕਰੋ, ਅਗੇ ਵਾਸਤੇ ਰੀਤ ਚਲਾਓ ਸਿੰਘੋ
ਧਰਮ ਛਤਰੀ ਦੀਰਾਂ ਦਾ ਕਰ ਪੂਰਾ ਗੁਰਪੁਰੀ ਅੰਦਰ ਸਭੇ ਜਾਓ ਸਿੰਘੋ
ਇਸ ਘਾਲ ਬਦਲੇ ਕਰਤਾਰ ਸਿੰਘਾ, ਸੁਖ ਰਾਜ ਸਰਦਾਰੀਆਂ ਪਾਓ ਸਿੰਘੋ

ਸਿੰਘਾਂ ਦਾ ਜ਼ੋਰ ਤੇ ਵੈਰੀਆਂ ਨੇ ਮੈਦਾਨ ਛਡ ਜਾਣਾ

ਇਹ ਆਖਕੇ ਗੁਰਾਂ ਵਧਾ ਘੋੜਾ, ਖਿਚ ਖਿਚ ਕੰਨਾਂ ਤਕ ਬਾਨ ਵਾਹੇ
ਖਪੇ ਖੋਹਲ ਦਿਤੇ ਨਾਲ ਵੈਰੀਆਂ ਦੇ, ਜਿਸ ਤਰਫ ਪਏ ਅਗੋਂ ਘਾਨ ਲਾਹੇ
ਸਿੰਘ ਸੂਰਮੇ ਭੀ ਲੜੇ ਤੋੜ ਜਾਨਾਂ, ਦਸ ਦਸ ਕਲੇ ਵੈਰੀ ਮਾਰ ਢਾਹੇ
ਜਿਸ ਤਰਫ ਪਏ ਵੈਰੀ ਨਠ ਪਏ, ਸਫਾ ਤੋੜ ਛਾਢੇ ਘਮਸਾਨ ਪਾਏ
ਭਾਵੇਂ ਸੂਬਿਆਂ ਨੇ ਘੇਰ ਘੇਰ ਕੇ ਜੀ, ਕਈ ਵਾਰੀ ਭਵਾ ਕੇ ਜਵਾਨ ਡਾਹੇ
ਪਰ ਗੁਰੂ ਜੀ ਦੇ ਤੀਰਾਂ ਤਿਖਿਆਂ ਨੇ, ਦਿਤੇ ਵਧਨ ਨਾ ਮਾਰ ਗੁਮਾਨ ਲਾਹੇ
ਤੋਬਾ ਤੋਬ ਵੈਰੀ ਸਭ ਬਲ ਉਠੇ, ਦਮ ਦਮ ਪਿਛਾਂ ਪੈਰ ਜਾਨ ਪਾਏ
ਅੰਤ ਨਠ ਉਠੇ ਕਰਤਾਰ ਸਿੰਘਾ, ਦਮ ਲਏ ਮੁੜ ਆਪਣੇ ਥਾਨ ਜਾਏ

ਵਾਕ ਕਵੀ

ਛਾਢਾ ਇਹ ਭੀ ਅਖੀਰ ਦਾ ਹੋਯਾ ਹਲਾ ਹਥ ਵੇਖਕੇ ਸੂਬੇ ਹੈਰਾਨ ਰਹਿ ਗਏ
ਨਠੇ ਪਿਠ ਦਿਖਾ ਮੈਦਾਨ ਵਿਚੋਂ, ਮੂੰਹ ਉਂਗਲਾਂ ਪਾ ਪਸ਼ੇਮਾਨ ਰਹਿ ਗਏ
ਇਸ ਪਾਸੇ ਭੀ ਫੈਸਲਾ ਹੋ ਗਿਆ, ਕੁਲ ਛੇਦ ਹਜ਼ਾਰ ਜਵਾਨ ਰਹਿ ਗਏ
ਨਾਲੇ ਖਰਚ ਨਾ ਪਾਸ ਦਤਾਰ ਸਿੰਘਾ, ਦੋਹਾਂ ਗਲਾਂ ਵਲੋਂ ਬੇਤ੍ਰਾਨ ਰਹਿ ਗਏ

ਸੂਬਿਆਂ ਤੇ ਰਾਜਿਆਂ ਨੇ ਦੰਗ ਪੈਣਾ

ਛੇ ਮਾਹ ਗੁਜ਼ਰੇ ਜੰਗ ਕਰਦਿਆਂ ਨੂੰ, ਥਾਂਓ ਥਾਂਈਂ ਹੋ ਸਭ ਲਾਚਾਰ ਪਏ

ਮਰ ਗਈ ਸਪਾਹ ਬੇਅੰਤ ਲੜਦੀ ਸੂਬੇ ਖਾਨ ਹੋ ਦਿਲੋਂ ਬੇਜ਼ਾਰ ਪਏ
ਦਿਨੇ ਰਾਤ ਆਰਾਮ ਨਾ ਮੂਲ ਆਵੇ, ਧਨ ਖਰਚ ਹੁੰਦੇ ਬੇਸ਼ੁਮਾਰ ਪਏ
ਓਧਰ ਰਾਜਿਆਂ ਦੀ ਬੰਬ ਬੋਲ ਗਈ, ਖਾਲੀ ਦਿਸਦੇ ਸਭ ਭੰਡਾਰ ਪਏ
ਖਰਚ ਲਸ਼ਕਰਾਂ ਦਾ ਦੇਣਾ ਬਹੁਤ ਪੈਂਦਾ, ਲੋਕ ਮਰਦੇ ਵਿਚ ਬਿਗਾਰ ਪਏ
ਸੂਬੇ ਖਾਨ ਖਾਂਦੇ ਨਿਤ ਘੂਰੀਆਂ ਦੇ, ਰਸਦਾਂ ਮੰਗਦੇ ਨਿਤ ਸਰਦਾਰ ਪਏ
ਦੇਸ ਰਾਜਿਆਂ ਦਾ ਬਰਬਾਦ ਹੋਯਾ, ਖੇਤ ਉਜੜੇ ਪਿੰਡ ਉਜਾੜ ਪਏ
ਆਲਾ ਦੁਆਲਾ ਸਭ ਲਸ਼ਕਰਾਂ ਲੁਟਖਾਧਾ. ਦੁਖੀ ਰੋਣ ਪਿੰਡੀ ਨਰ ਨਾਰ ਪਏ
ਘਾਟਾ ਰਾਜਿਆਂ ਨੂੰ ਦਿਨੋ ਦਿਨ ਭਾਰਾ, ਅੰਤ ਆਣਕੇ ਵਿਚ ਵਿਚਾਰ ਪਏ
ਇਸ ਜਗ ਦੇ ਵਿਚ ਕਰਤਾਰ ਸਿੰਘਾ, ਜ਼ੋਰ ਲਾ ਦੇਵੇਂ ਹਰ ਪਾਸੇ ਹਾਰ ਪਏ

### ਦਿਲੀਓਂ ਪਾਤਸ਼ਾਹੀ ਧਮਕੀਆਂ

ਆਉਣ ਧਮਕੀਆਂ ਦਿਲੀ ਦਰਦਾਰ ਵਲੋਂ ਕਠੇ ਹੋ ਇਤਨੇ ਸੂਬੇ ਖਾਨ ਬੈਠੇ
ਨਿਤ ਲਖਾਂ ਰੁਪਯਾਂ ਦੇ ਖਰਚ ਹੁੰਦੇ ਮਰਵਾ ਬੇਅੰਤ ਜਵਾਨ ਬੈਠੇ
ਦਸੋ ਕੀ ਸਵਾਰਿਆ ਕੰਮ ਤੁਸਾਂ, ਸਾਰੇ ਰਲ ਕੇ ਮਜ਼ੇ ਉਡਾਨ ਬੈਠੇ
ਇਕ ਗੁਰੂ ਨੂੰ ਤੁਸੀਂ ਨਾ ਫੜ ਸਕੇ, ਆਕੀ ਨਾਈ ਛੀਂਬੇ ਕਿਰਸਾਣ ਬੈਠੇ
ਜਲਦੀ ਫੜਕੇ ਗੁਰੂ ਨੂੰ ਕਰੋ ਹਾਜ਼ਰ ਨਹੀਂ ਤਾਂ ਪਕੀ ਅਸੀਂ ਏਹ ਠਾਨ ਬੈਠੇ
ਤੁਸੀਂ ਸਭ ਨਾਲਾਇਕ ਕਰਤਾਰ ਸਿੰਘਾ, ਕਠੇ ਖਾਣ ਕਬਾਬ ਤੇ ਠਾਨ ਬੈਠੇ

### ਰਾਜਿਆਂ ਤੇ ਸੂਬਿਆਂ ਨੂੰ ਖੋਟੀ ਸਲਾਹ ਫੁੱਟਣੀ

ਦਰੋਬਾਜ਼ ਪਹਾੜੀਆਂ ਸੂਬਿਆਂ ਨੂੰ, ਰਲ ਮਿਲ ਇਹ ਗਲ ਸੁਨਾਈਏ ਜੀ
ਗੁਰੂ ਜਿਤਯਾ ਇਸਤਰਾਂ ਨਹੀਂ ਜਾਣਾ, ਕੋਈ ਅਕਲ ਦਾ ਫੰਦ ਚਲਾਈਏ ਜੀ
ਕਠੇ ਕਰ ਇਕਰਾਰ ਇਤਬਾਰ ਦੇਕੇ, ਇਕ ਵਾਰ ਇਹ ਕਿਲੇ ਛੁਡਾਈਏ ਜੀ
ਜਦ ਬਾਹਰ ਹੋਵਨ ਤਦ ਘੇਰ ਲਈਏ, ਕੈਦ ਕਰੀਏ ਮਾਰ ਖਪਾਈਏ ਜੀ
ਧੋਖੇ ਬਿਨਾਂ ਨਾ ਸੌਰਨਾ ਕੰਮ ਸਾਡਾ, ਬੇਈਮਾਨੀ ਦੇ ਨਾਲ ਫਸਾਈਏ ਜੀ
ਮੰਨੀਂ ਸਾਰਿਆਂ ਇਹੋ ਕ੍ਰਤਾਰ ਸਿੰਘਾ, ਸੋਚੀ ਚੰਗੀ ਇਹ ਤੁਸਾਂ ਦਾਨਾਈਏ ਜੀ

ਰਾਜਿਆਂ ਤੇ ਸੂਬਿਆਂ ਨੇ ਸਤਿਗੁਰਾਂ ਵਲ ਸੁਲ੍ਹਾ ਦਾ ਇਕਰਾਰ ਨਾਮਾ ਭੇਜਣਾ

ਰਾਜੇ ਠਾਕਰਾਂ ਦੀ ਕਸਮ ਖਾਂਵਦੇ ਨੇ, ਅਸੀਂ ਖਾਂਵਦੇ ਕਸਮ ਕੁਰਾਨ ਦੀ ਜੀ
ਜੋ ਆਖਦੇ ਹਾਂ ਸਚ ਕਰਾਂਗੇ ਓਹ, ਸਾਨੂੰ ਕਸਮ ਹੈ ਧਰਮ ਈਮਾਨ ਦੀ ਜੀ
ਇਕ ਵਾਰ ਤੁਸੀਂ ਏਥੋਂ ਚਲੇ ਜਾਵੋ, ਜਿਸ ਤਰਫ ਹੋਵੇ ਮਰਜੀ ਜਾਨ ਦੀ ਜੀ
ਬਿਲਕੁਲ ਅਸੀਂ ਕੁਝ ਆਖਾਂਗੇ ਨ, ਲੈਣੀ ਕਰ ਪਰਤੀਤ ਜ਼ਬਾਨ ਦੀ ਜੀ
ਬਾਦਸ਼ਾਹ ਵਲੋਂ ਸਚੇ ਹੋ ਰਹੀਏ, ਸਾਡੀ ਮਰਜੀ ਪੱਲਾ ਛੁਡਾਨ ਦੀ ਜੀ
ਸਭ ਕੁਝ ਲੈ ਜਾਹੋ ਕਰਤਾਰ ਸਿੰਘਾ, ਰੋਕ ਕਰਾਂਗੇ ਨ ਮਾਲ ਜਾਨ ਦੀ ਜੀ

ਏਹ ਸੁਣਕੇ ਕਈਆਂ ਸਿੰਘਾਂ ਨੇ ਮਾਤਾ ਜੀ ਨੂੰ ਜਾ ਸਿਖਾਣਾ

ਸੀ ਭੁਖ ਨੇ ਸਭ ਲਾਚਾਰ ਕੀਤੇ, ਬਹੁਤੇ ਕੋਈ ਹੀਲਾ ਪਏ ਭਾਲਦੇ ਸਨ
ਕਿਸੇ ਤਰ੍ਹਾਂ ਏਥੋਂ ਛੁਟਕਾਰਾ ਹੋਵੇ, ਜਾਕੇ ਮਾਤਾ ਜੀ ਤਈਂ ਸਖਾਲਦੇ ਸਨ
ਚਿਠੀ ਆਈ ਹੈ ਸੂਬਿਆਂ ਰਾਜਿਆਂ ਦੀ, ਸਾਰਾ ਫੋਲਕੇ ਹਾਲ ਦਿਖਾਲਦੇਸਨ
ਹੀਲਾ ਕਰੋ ਹੁਣ ਕੁਝ ਕ੍ਰਤਾਰ ਸਿੰਘਾ, ਡਰ ਮਾਤਾ ਜੀ ਦਿਲ ਬਿਠਾਲਦੇ ਸਨ

ਤਥਾ

ਵੇਖੋ ਮਾਤਾ ਜੀ ਗੁਰੂ ਤਾਂ ਹਠੀ ਭਾਰੇ, ਸਿਖ ਓਹਨਾਂ ਪਾਸੋਂ ਡਰ ਖਾਨ ਸਾਰੇ
ਓਹਨਾਂ ਆਪਣਾ ਹਠ ਤਾਂ ਛਡਣਾ ਨਹੀਂ, ਭਾਵੇਂ ਹੋ ਜਾਵਨ ਨੁਕਸਾਨ ਸਾਰੇ
ਦੋ ਸਾਲ ਕਰੀਬ ਹੋਏ ਲੜਦਿਆਂ ਨੂੰ, ਮੁਕ ਗਏ ਨੇ ਆਨ ਸਾਮਾਨ ਸਾਰੇ
ਰਹਿੰਦੇ ਭੁਖ ਨੇ ਮਾਰਕੇ ਤੰਗ ਕੀਤੇ, ਲੜ ਮਰ ਗਏ ਹੋਰ ਜਵਾਨ ਸਾਰੇ
ਫੌਜਾਂ ਘਤ ਘੇਰਾ ਦੇਖੋ ਬੈਠ ਰਹੀਆਂ, ਬਾਹਰੋਂ ਰਸਤੇ ਰੋਕ ਸ਼ੈਤਾਨ ਸਾਰੇ
ਸਾਡੀ ਕੋਈ ਮਦਦ ਕਰ ਸਕਦਾ ਨਹੀਂ, ਸਿਖ ਘਰੀਂ ਬੈਠੇ ਪਛਤਾਨ ਸਾਰੇ
ਸਿੰਘ ਲੜਦੇ ਡੇਢ ਹਜ਼ਾਰ ਰਹਿ ਗਏ, ਬਾਕੀ ਰਹਿ ਗਏ ਵਿਚ ਮੈਦਾਨ ਸਾਰੇ
ਨ ਲੜਨ ਦੀ ਹਿੰਮਤ ਵਿਚ ਰਹੀ, ਕੀਤੇ ਭੁਖ ਨੇ ਬੇ ਤਰਾਨ ਸਾਰੇ
ਹੁਣ ਆਪ ਸੂਬੇ ਰਾਜੇ ਮੰਨਦੇ ਨੇ, ਨਾਲੇ ਕਸਮਾਂ ਪਏ ਉਠਾਨ ਸਾਰੇ
ਗੁਰੂ ਚਲੇ ਜਾਵਨ ਕਿਲੇ ਛਡਕੇ ਜੀ, ਲੈ ਜਾਣ ਏਥੋਂ ਮਾਲ ਜਾਨ ਸਾਰੇ
ਅਸੀਂ ਕੁਝ ਨ ਆਖਾਂਗੇ ਜਾਂਦਿਆਂ ਨੂੰ, ਸੂਬੇ ਖਾਂਵਦੇ ਕਸਮ ਕੁਰਾਨ ਸਾਰੇ
ਮੁੜ ਏਹਵੇਲਾ ਹਥ ਆਵਨਾ ਨਹੀਂ, ਸਿੰਘ ਨਿਕਲ ਜਾਣਾ ਏਥੋਂ ਚਾਹਣ ਸਾਰੇ

ਸਤਿਗੁਰਾਂ ਨੂੰ ਤੁਸੀਂ ਸਮਝਾ ਆਖੋ, ਡਾਢੇ ਸਿੰਘ ਪਏ ਘਬਰਾਨ ਸਾਰੇ
ਕਰ ਬਹੁਤ ਗਲਾਂ ਕਰਤਾਰ ਸਿੰਘਾ, ਮਾਤਾ ਦਾ ਦਿਲ ਡਰਾਨ ਸਾਰੇ

ਸਿਖਾਂ ਦੀ ਸਿਖਲਾਈ ਹੋਈ ਮਾਤਾ ਜੀ ਨੇ ਫੇਰ ਸਤਿਗੁਰਾਂ ਨੂੰ ਆਖਣਾ

ਸਤਿਗੁਰਾਂ ਨੂੰ ਆਖਦੀ ਮਾਤਾਵਡੀ ਸੁਨਿਆਂਰਾਜਿਆਂ ਦੀ ਚਿਠੀ ਆਈਹੈ ਜੀ
ਆਖਾ ਲਾਲਜੀ ਉਨ੍ਹਾਂ ਦਾ ਮੰਨਲਵੋ, ਏਹੋ ਗਲ ਦੇ ਵਿਚ ਭਲਿਆਈ ਹੈ ਜੀ
ਚਲੋ ਮਾਲਵੇ ਨੂੰ ਹੁਣ ਟੁਰ ਚਲੇ, ਏਥੇ ਬਹੁਤ ਮੁਸੀਬਤ ਪਾਈ ਹੈ ਜੀ
ਦੇਖੋ ਅੰਨ ਦਾਣਾ ਸਾਰਾ ਮੁਕ ਗਿਆ, ਭੁਖੀ ਮਰਦੀ ਪਈ ਲੁਕਾਈ ਹੈ ਜੀ
ਤੇਰੇ ਸਿਖ ਬਹੁਤਾ ਦੁਖ ਪਾ ਰਹੇ, ਤੇਰਾ ਆਖਯਾ ਨਹੀਂ ਪਰਤਾਈ ਹੈ ਜੀ
ਮਰ ਜਾਣਗੇ ਜਦ ਕਰਤਾਰ ਸਿੰਘਾ, ਫੇਰ ਕਰੇਗਾ ਕੌਣ ਲੜਾਈ ਹੈ ਜੀ

ਸ੍ਰੀ ਦਸਮੇਸ਼ ਜੀ ਨੇ ਮਾਤਾ ਜੀ ਨੂੰ ਧੀਰਜ ਦੇਣੀ

ਤੁਸੀਂ ਮਾਤਾ ਜੀ ਮੁਢੋਂ ਹੀ ਰਹੇ ਭੋਲੇ, ਛਲ ਜਾਣਦੇ ਨਹੀਂ ਪਹਾੜੀਆਂ ਦੇ
ਏਨ੍ਹਾਂ ਪਿਓ ਬਣਾਕੇ ਦਗਾ ਕਰਨਾ, ਤਾੜ ਵਿਚ ਬੈਠੇ ਗਲਾਂ ਮਾੜੀਆਂ ਦੇ
ਸਾਨੂੰ ਏਹਨਾਂ ਉਤੇ ਇਤਬਾਰ ਨਾਹੀਂ, ਤੋਤੇ ਚਿਸ਼ਮ ਮਾਹਨੂੰ ਏਹ ਝਾੜੀਆਂ ਦੇ
ਤੁਸੀਂ ਸਬਰ ਰਖੋ ਕਰਤਾਰ ਸਿੰਘਾ, ਲਾੜੇ ਮਾਰਨਗੇ ਏਹ ਸਭੇ ਲਾੜੀਆਂ ਦੇ

ਸ੍ਰੀ ਦਸਮੇਸ਼ ਜੀ ਨੇ ਬਾਹਰ ਸੂਹਿਆਂ ਵਲ ਲਿਖਣਾ

ਜੇ ਨਹੀਂ ਇਤਬਾਰ ਤਾਂ ਦੇਖ ਲਵੋ, ਵੈਰੀ ਕਿਸਤਰ੍ਹਾਂ ਕਰਨ ਖਵਾਰ ਸਾਨੂੰ
ਬਾਹਰ ਗੁਰਾਂ ਨੇ ਲਿਖਕੇ ਭੇਜ ਦਿਤਾ, ਤੁਹਾਡੇ ਲਿਖੇ ਤੇ ਹੈ ਇਤਬਾਰ ਸਾਨੂੰ
ਗਡੇ ਊਠ ਤੇ ਬੈਲ ਸੌ ਭੇਜ ਦਿਹੋ, ਲੈ ਜਾਵਣੇ ਵਾਸਤੇ ਭਾਰ ਸਾਨੂੰ
ਅਸੀਂ ਚਲੇ ਜਾਈਏ ਕਰਤਾਰ ਸਿੰਘਾ, ਤੁਸਾਂ ਨ ਕਰਨੀ ਫੇਰ ਛਾੜ ਸਾਨੂੰ

ਪਹਾੜੀਆਂ ਨੇ ਸੂਹਿਆਂ ਦੀ ਬੇਈਮਾਨੀ ਦੀ ਪਰਖ ਕਰਨੀ

ਸਤਿਗੁਰਾਂ ਦਾ ਲਿਖਯਾ ਪੜ੍ਹ ਕਰਕੇ, ਓਸ ਵਕਤ ਹੀ ਬੈਲ ਪੁਚਾ ਦਿਤੇ
ਬਾਹਰ ਆਉਨ ਜਦੋਂ ਲੁਟ ਪੁਟ ਲੈਣੇ; ਏਹ ਫੌਜਾਂ ਨੂੰ ਹੁਕਮ ਸੁਣਾ ਦਿਤੇ
ਏਧਰ ਗੁਰਾਂ ਨੇ ਤੋਬਰੇ ਤੰਗ ਟੁਟੇ, ਸੰਗਲ ਕਾਠੀਆਂ ਕਰੇ ਕਰਾ ਦਿਤੇ
ਲੀਰਾਂ; ਜੁਤੀਆਂ ਤੇ ਭਾਂਡੇ ਟੁਟੇ ਭਜੇ, ਚਾ ਗੁਣਾਂ ਦੇ ਵਿਚ ਭਰਵਾ ਦਿਤੇ
ਲਿਦ ਗੋਹਾ ਵਟੇ ਲੋਹਾ ਰੋੜ ਕੰਕਰ, ਏਹ ਭਰਕੇ ਬੈਲ ਲਦਵਾ ਦਿਤੇ

ਗਡ, ਗਜ ਉੱਤੇ ਕੀਮਖਾਬ ਪਾਕੇ, ਝਟ ਸਭ ਤਯਾਰ ਕਰਵਾ ਦਿਤੇ
ਸਿੰਘਾਂ ਨਾਲਮਸ਼ਾਲਾਂ ਚਾ ਬਧੀਆਂਜੀ;ਦੀਵੇ ਜਗਦਿਆਂ ਬਾਹਰ ਕਢਵਾ ਦਿਤੇ
ਸਿੰਘ ਵੀਹ ਕੁ ਉਨ੍ਹਾਂ ਦੇ ਨਾਲ ਕੀਤੇ, ਭੇਦ ਉਨ੍ਹਾਂ ਦੇ ਤਈਂ ਸਿਖਾ ਦਿਤੇ
ਵੈਰੀ ਆਉਣ ਤੁਸੀਂ ਪਿਛੇ ਭਜ ਆਇਓ ਇਹ ਆਖਕੇ ਬਾਹਰ ਚਲਾ ਦਿਤੇ
ਓਧਰ ਵੈਰੀਆਂ ਵੇਖ ਕਰਤਾਰ ਸਿੰਘਾ, ਇਉਂ ਧਰਮ ਈਮਾਨ ਰੁੜ੍ਹਾ ਦਿਤੇ

ਵੈਰੀਆਂ ਨੇ ਭਾਰ ਬਰਦਾਰੀ ਸਮਝਕੇ ਲੁੱਟ ਮਚਾ ਦੇਣੀ

ਬੈਲ ਨਾਲ ਮਸਾਲਾਂ ਦੇ ਬਾਹਰ ਨਿਕਲੇ, ਕੀਮਖਾਬ ਉਪਰ ਚਮਕਾਰ ਦੇਵੇ
ਫੌਜਾਂ ਸਮਝਿਆ ਗੁਰਾਂ ਦਾ ਮਾਲ ਜਾਂਦਾ, ਹਰ ਇਕ ਬੰਦਾ ਧਰਮ ਹਾਰ ਦੇਵੇ
ਝਟ ਪਟ ਚੁਫੇਰਿਓਂ ਆਣ ਪਏ, ਭੁਖੇ ਬਾਜਾਂ ਨੂੰ ਰਬ ਸ਼ਿਕਾਰ ਦੇਵੇ
ਆਣ ਧੂਹ ਘਸੀਟ ਚਾ ਪਾ ਦਿਤੀ, ਇਕ ਇਕ ਤਾਈਂ ਜਾਨੋਂ ਮਾਰ ਦੇਵੇ
ਵਿਚ ਲੋਭ ਦੇ ਸੈਂਕੜੇ ਮਰ ਗਏ, ਜ਼ੋਰ ਇਕ ਤੋਂ ਇਕ ਬਿਸਯਾਰ ਦੇਵੇ
ਖੋਹ ਖਿੰਜ ਲੈ ਗਏ ਕਰਤਾਰ ਸਿੰਘਾ, ਪਿਆ ਧਰਮ ਈਮਾਨ ਫਿਟਕਾਰ ਦੇਵੇ

ਵਾਕ ਕਵੀ

ਇਕ ਬੈਲ ਨੂੰ ਚੰਮੜੇ ਵੀਹ, ਵੀਹ ਆ, ਆਪੋ ਵਿਚ ਲੜ ਲੜ ਹਲਾਲ ਹੋਏ
ਡੇਰੀਂ ਖੜਕੇ ਛਟਾਂ ਦੇ ਮੂੰਹ ਖੋਲ੍ਹ, ਬਾਓਂ ਬਾਂਈ ਸ਼ਰਮਿੰਦੇ ਕਮਾਲ ਹੋਏ
ਧਰਮ ਗਿਆ ਤੇ ਹਥ ਨਾ ਕੁਝ ਆਯਾ, ਆਪੋ ਵਿਚ ਲੜਕੇ ਮੰਦੇ ਹਾਲ ਹੋਏ
ਗਈ ਧੇਲੇ ਦੀ ਹਾਂਡੀ ਕਰਤਾਰ ਸਿੰਘਾ, ਪਰਖ ਕੁਤਿਆਂ ਦੀ ਏਸੇ ਚਾਲ ਹੋਏ

ਏਸ ਬੇਈਮਾਨੀ ਨੂੰ ਵੇਖਕੇ ਸਿੰਘਾਂ ਨੂੰ ਧਰਵਾਸ ਦੇਣਾ

ਬੇਈਮਾਨੀ ਏਹ ਵੇਖਕੇ ਵੈਰੀਆਂ ਦੀ, ਬਹੁਤ ਸਿੰਘਾਂ ਤਈਂ ਧਰਵਾਸ ਹੋਯਾ
ਭਾਈ ਸਚ ਹੀ ਗੁਰੂ ਜੀ ਆਖਦੇ ਸਨ, ਵਿਚ ਦਿਲਾਂ ਦੇ ਕੁਝ ਵਿਸ਼ਵਾਸ ਹੋਯਾ
ਪਰ ਕਰਨ ਕਿਥੋਂ ਤਕ ਹੌਂਸਲਾ ਓਹ, ਨਾਲ ਭੁਖ ਦੇ ਜਿਨਾਂ ਦਾ ਨਾਸ ਹੋਯਾ
ਜਾਨ ਤੰਗ ਪੈ ਰਹੀ ਕਰਤਾਰ ਸਿੰਘਾ, ਸੀ ਅਨ੍ਹੇਰ ਆ ਧਰਤ ਅਕਾਸ਼ ਹੋਯਾ

ਭੁਖ ਦਾ ਹਾਲ

ਦਾਣਾ ਪਠਾ ਨ ਕਿਲ੍ਹਿਆਂ ਵਿਚ ਰਿਹਾ, ਡਾਢੇ ਆਣਕੇ ਸਿੰਘ ਲਾਚਾਰ ਹੋਏ
ਲੋਕ ਛਡਕੇ ਸ਼ਹਿਰ ਨੂੰ ਨਿਕਲ ਗਏ, ਸੁੰਞੇ ਸਭ ਆ ਗਲੀ ਬਾਜ਼ਾਰ ਹੋਏ

ਵਿਚ ਕਿਲ੍ਹਿਆਂ ਦੇ ਭੁਖ ਵਰਤ ਰਹੀ, ਖਾਲੀ ਦਿਸਦੇ ਸਭ ਭੰਡਾਰ ਹੋਏ
ਸੁਕ ਗਏ ਸਰੀਰ ਬਹਾਦਰਾਂ ਦੇ, ਚਿਹਰੇ ਦਿਸਦੇ ਵਾਂਗ ਮੁਰਦਾਰ ਹੋਏ
ਪਲੇ ਰਾਤਬਾਂ ਦੇ *ਪਰਸਾਦੀ ਜਹੇ, ਮਾਰੇ ਭੁਖ ਦੇ ਰਲ ਖਵਾਰ ਹੋਏ
ਦਸਾਂ ਹਾਲ ਕੀ ਫੋਲ ਕਰਤਾਰ ਸਿੰਘਾ, ਸਭੇ ਮਰਨ ਨੂੰ ਆਨ ਤਯਾਰ ਹੋਏ

ਤਥਾ

ਹਾਥੀ ਘੋੜੇ ਭੈਸਾਂ ਅਤੇ ਬੈਲ ਗਊਆਂ, ਮਾਰ ਚੰਦਰੀ ਮੁਖ ਖਪਾ ਛਡੇ
ਓਹ ਖੜੇ ਨਿਹਾਰੀਆਂ ਖਾਣ ਵਾਲੇ, ਹਾਏ ! ਪਖਿਆਂ ਵਾਂਗ ਸੁਕਾ ਛਡੇ
ਬਹੁਤੇ ਸਤਿਗੁਰਾਂ ਨੇ ਵੇਖ ਹੁਕਮ ਦੇ ਕੇ, ਆਪ ਕਿਲ੍ਹਿਓਂ ਬਾਹਰ ਕਢਾ ਛਡੇ
ਏਸ ਭੁਖ ਦੇ ਦੁਖ ਕਰਤਾਰ ਸਿੰਘਾ, ਪਤੇ ਲਾਹ ਦਰਖਤਾਂ ਦੇ ਖਾ ਛਡੇ

ਦਰਖਤਾਂ ਦੇ ਪਤੇ ਤੇ ਛਿਲੜਾਂ ਭੀ ਖਾ ਲਈਆਂ

ਇਕ ਦਿਨ ਸਤਿਗੁਰਾਂ ਨੇ ਵੇਖਯਾ ਜਾਂ, ਰੰਗ ਸਮੇਂ ਨੇ ਹੋਰ ਵਟਾ ਲਏ ਨੇ
ਚਾਰੋਂ ਤਰਫ ਉਜਾੜ ਗੁਬਾਰ ਦਿਸੇ, ਪਤੇ ਛਿਲ ਦ੍ਰਖਤਾਂ ਦੇ ਲਾਹ ਲਏ ਨੇ
ਜਦ ਪੁਛਿਆ ਤਾਂ ਸਿੰਘਾਂ ਰੋ ਕਹਿਆ, ਅਸਾਂ ਭੁਖਯਾਂ ਛਿਲਕੇ ਖਾ ਲਏ ਨੇ
ਏਹ ਸੁਣਕੇ ਗਲ ਕਰਤਾਰ ਸਿੰਘਾ, ਸ਼ੁਕਰ ਪੁਰਖ ਅਕਾਲ ਬਜਾ ਲਏ ਨੇ

ਸੀ ਦਸਮੇਸ਼ ਜੀ ਨੇ ਬਚਨ ਕਰਨਾ

ਹੁਣ ਖਾਲਸੇ ਦਾ ਤਪ ਹੋਯਾ ਪੂਰਾ, ਬਾਹਦ ਦੁਖ ਦੇ ਸੁਖ ਏ ਪਾਨਗੇ ਜੀ
ਘਾਲਾਂ ਘਾਲੀਆਂ ਜੰਮਦੇ ਖਾਲਸੇ ਨੇ, ਨਿਰਇਛ ਗੁਰਪੁਰੀ ਨੂੰ ਜਾਨਗੇ ਜੀ
ਜਿਨ੍ਹਾਂ ਵਾਸ਼ਨਾ ਰਖਕੇ ਦੁਖ ਝਲੇ, ਭੋਗ ਰਾਜ ਪਾ ਹੁਕਮ ਕਮਾਨਗੇ ਜੀ
ਫਲ ਪਾਉਣਗੇ ਬੜਾ ਕਰਤਾਰ ਸਿੰਘਾ, ਅਠ ਦਿਨ ਜੇ ਹੋਰ ਨਬਾਹਨਗੇ ਜੀ

ਸੂਬਿਆਂ ਨੇ ਦੂਸਰੀ ਵਾਰੀ ਬਾਦਸ਼ਾਹੀ ਮੋਹਰ ਵਾਲੀ ਚਿਠੀ ਤੇ ਆਪਣੇ ਨੇਮ
ਧਰਮ ਤੇ ਈਮਾਨ ਦੀਆਂ ਕਸਮਾਂ ਖਾ ਕੇ ਪੱਤ੍ਰਕਾ ਭੇਜਨੀ

ਪਹਿਲੀ ਗਲ ਤੋਂ ਸਖਤ ਸ਼ਰਮਿੰਦੇ ਹੋਏ, ਸਾਰੇ ਮਨਾਂ ਅੰਦਰ ਪਛਤਾਂਵਦੇ ਜੀ
ਪਰ ਫੇਰ ਬੈਹ ਹਡ ਛੁਡਾਉਨ ਲਈ; ਨਵੀਂ ਹੋਰ ਏਹ ਯੁਕਤ ਬਨਾਂਵਦੇ ਜੀ
ਇਕ ਸੁਲ੍ਹਾ ਨਾਮਾ ਬਾਦਸ਼ਾਹ ਵਲੋਂ, ਚਾ ਗੁਰਾਂ ਦੇ ਨਾਮ ਮੰਗਵਾਂਵਦੇ ਜੀ

---

*ਪ੍ਰਸਾਦੀ ਨਾਮ ਹਾਥੀ ਦਾ ਸੀ, ਆਸਾਮ ਵਾਲਾ ਰਾਜਾ ਚੜ੍ਹਾ ਗਿਆ ਸੀ।

ਪਰ ਫੇਰ ਆਪ ਬਨਾਕੇ ਮੇਜਰ ਨਾਮਾ, ਦਸਤਖਤ ਤੇ ਮੋਹਰਾਂ ਲਜਾਂਵਦੇ ਜੀ
ਰਾਜੇ ਆਟੇ ਦੀ ਗਊ ਬਨਾ ਕਰਕੇ, ਨਾਲ ਠਾਕਰਾਂ ਤਈਂ ਰਖਾਂਵਦੇ ਜੀ
ਮੁਸਲਮਾਨ ਈਮਾਨ ਦੀ ਕਸਮ ਖਾਕੇ, ਚਾ ਨਾਲ ਕੁਰਾਨ ਭਿਜਵਾਂਵਦੇ ਜੀ
ਇਉਂ ਲਿਖਦੇ ਗਲਾਂ ਬਨਾ ਕਰਕੇ, ਸੋ ਮੁਆਫ ਕਸੂਰ ਕਰਾਂਵਦੇ ਜੀ
ਬੇਈਮਾਨੀ ਤੋਂ ਆਪਣੇ ਤਈਂ ਸਾਰੇ, ਉਹ ਬੇ ਕਸੂਰ ਠਹਰਾਂਵਦੇ ਜੀ
ਇਹਦੇ ਵਿਚ ਨਾ ਸਾਡਾ ਕਸੂਰ ਰਤੀ, ਚਾ ਸਪਾਹੀਆਂ ਦੇ ਮਥੇ ਲਾਂਵਦੇ ਜੀ
ਜਿਨ੍ਹਾਂ ਆਪਦਾ ਲੁਟ ਅਸਬਾਬ ਲਿਆ, ਪਤਾ ਲਗੇ ਤੇ ਮਾਰ ਟੰਗਾਂਵਦੇ ਜੀ
ਅਸੀਂ ਸਾਰੇ ਹੁੰਦੇ ਸ਼ਰਮਿੰਦੇ ਪਏ; ਮਨਾਂ ਵਿਚ ਪਏ ਸ਼ਰਮਾਂ ਖਾਂਵਦੇ ਜੀ
ਕਰੋ ਅਰਜ਼ ਮਨਜ਼ੂਰ ਕਰਤਾਰ ਸਿੰਘਾ, ਸਚੇ ਦਿਲ ਦੇ ਨਾਲ ਸੁਨਾਂਵਦੇ ਜੀ

ਤਥਾ

ਇਕ ਵਾਰ ਆਨੰਦਪੁਰ ਛਡ ਜਾਵੋ, ਅਸੀਂ ਆਪਣੇ ਥਾਂਵਾਂ ਨੂੰ ਜਾਈਏ ਜੀ
ਬਾਦਸ਼ਾਹ ਵਲੋਂ ਸਚੇ ਹੋ ਰਹੀਏ, ਇਹ ਦੁਖ ਤੋਂ ਪਲਾ ਛਡਾਈਏ ਜੀ
ਜਿਥੇ ਜੀ ਚਾਹੇ ਤੁਸੀਂ ਚਲੇ ਜਾਵੋ, ਕਸਮ, ਧਰਮ, ਈਮਾਨ ਦੀ ਖਾਈਏ ਜੀ
ਕਿਸੇ ਤਰ੍ਹਾਂ ਦੀ ਰੋਕ ਕਰਤਾਰ ਸਿੰਘਾ, ਅਸੀਂ ਰਾਹ ਦੇ ਵਿਚ ਨਾ ਪਾਈਏ ਜੀ

ਸੂਬਿਆਂ ਦੇ ਵਕੀਲਾਂ ਨੇ ਦੂਜੀ ਵਾਰੀ ਆਉਣਾ ਤੇ ਸਿੰਘਾਂ ਦੀ ਅਧੀਰਤਾ

ਚਿਠੀ ਲੈ ਇਹ ਚਾਰ ਵਕੀਲ ਆਏ, ਸਤਿਗੁਰੂ ਜੀ ਨ ਇਤਬਾਰ ਕਰਦੇ
ਕਹਿੰਦੇ ਅਸਾਂ ਅਜ਼ਮਾਕੇ ਦੇਖ ਲਏ, ਪਏ; ਪਏ ਹੈਨ ਫਰੇਬ ਮਕਾਰ ਕਰਦੇ
ਇਹ ਸੁਣਕੇ ਕਈ ਅਧੀਰ ਹੋਏ, ਸਿੰਘ ਮਾਤਾ ਜੀ ਪਾਸ ਪੁਕਾਰ ਕਰਦੇ
ਸੁਲ੍ਹਾ ਕਰਨ ਵਕੀਲ ਆਏ ਸੂਬਿਆਂ ਦੇ, ਸਤਿਗੁਰੂ ਜੀ ਹੈਨ ਇਸਰਾਰ ਕਰਦੇ
ਚਲੋ ਗੁਰਾਂ ਤਾਂਈ ਸਮਝਾਓ ਤੁਸੀਂ, ਜਿਦ ਛਡ ਕਿਉਂ ਨਹੀਂ ਵਿਚਾਰ ਕਰਦੇ
ਨਕ ਸਾਸ ਆਏ ਭੁਖੇ ਮਰਨ ਲਗੇ; ਅਸੀਂ ਅਰਜ਼ ਇਹੋ ਬਾਰਬਾਰ ਕਰਦੇ
ਇਥੋਂ ਚਲੋ ਚਲੋ ਸਾਡੀ ਜਾਨ ਛੁਟੇ, ਅਸੀਂ ਤੰਗ ਹੋਏ ਹਾ ਹਾ ਕਾਰ ਕਰਦੇ
ਫੇਰ ਮਾਤਾ ਜੀਆਣ ਕਰਤਾਰ ਸਿੰਘਾ, ਬਾਤ ਚੀਤ ਬਹਿਕੇ ਇਸ ਚਾਰ ਕਰਦੇ

ਸ੍ਰੀ ਮਾਤਾ ਗੁਜਰੀ ਜੀ ਨੇ ਸਤਿਗੁਰਾਂ ਨੂੰ ਸਮਝਾਣਾ

ਮੈਂ ਸੁਣਿਆਂ ਲਾਲ ਜੀ ਫੇਰ ਸੂਬੇ, ਸੁਲਾ ਨਾਲ ਤੁਹਾਡੇ ਕਰੀਂ ਚਾਂਹਵਦੇ ਨੇ
ਸਹੁੰ ਗਊ, ਕੁਰਾਨ ਦੀ ਖਾ ਕਰਕੇ ਭੁਲ, ਪਿਛਲੀ ਤਈਂ ਬਖਸ਼ਾਂਵਦੇ ਨੇ
ਨਾਲੇ ਆਯਾ ਲਿਖਯਾ ਬਾਦਸ਼ਾਹ ਦਾ, ਤੁਸੀਂ ਕਰੋ ਜਿਵੇਂ ਫਰਮਾਂਵਦੇ ਨੇ
ਸਿੰਘ ਤੰਗ ਪਏ ਭੁਖਾਂ ਮਾਰ ਲਾਹੇ, ਹੁਣ ਬੁਰੇ ਪਏ ਘਬਰਾਂਵਦੇ ਨੇ
ਛਡ ਚਲੋ ਆਨੰਦਪੁਰ ਹੋਰ ਕਿਧਰੇ, ਮੁਕ ਰੋੜਕੇ ਸਾਰੇ ਹੀ ਜਾਂਵਦੇ ਨੇ
ਆਖ ਮਨ ਲਵੋ ਕਰਤਾਰ ਸਿੰਘਾ, ਨਹੀਂ ਤਾਂ ਮਾਰਕੇ ਵੈਰੀ ਮੁਕਾਂਵਦੇ ਨੇ

ਸ੍ਰੀ ਦਸਮੇਸ਼ ਜੀ

ਤੁਸੀਂ ਮਾਤਾ ਜੀ ਨ ਜਿਦ ਐਵੇਂ, ਅਸਾਂ ਦਾ ਵੈਰੀ ਦਾ ਨਹੀਂ ਇਤਬਾਰ ਕਰਨਾ
ਅੱਖੀਂ ਵੇਖ ਅਗੇ ਅਜਮਾ ਲਏ ਜੇ, ਬੁਰਾ ਏਹਨਾਂ ਨੇ ਬਣ ਬੁਰਯਾਰ ਕਰਨਾ
ਬਾਹਰ ਕਿਲਿਓ ਨਿਕਲਨ ਦੀ ਡੇਰਹੀਹੈ,ਹਲਾਇਨਾਂਨੇਕੋਲ ਵਿਸਾਰ ਕਰਨਾ
ਸਾਡੀ ਜਾਨਦੇ ਵੈਰੀ ਨੇ ਮਿਤ ਨਹੀਂ ਸਭ ਕੁਝ ਹੈ ਆਪ ਕਰਤਾਰ ਕਰਨਾ
ਪਛੋਤਾਉਣ ਓਹ ਕਰਤਾਰ ਸਿੰਘਾ, ਜਿਨਾਂ ਕੰਮ ਸਾਡੇ ਹੁਕਮੋਂ ਬਾਹਰ ਕਰਨਾ

ਮਾਤਾ ਜੀ ਦੀ ਜਿਦ

ਸਤਿਗੁਰਾਂ ਨੇ ਬਹੁਤ ਸਮਝਾਯਾ ਭਾਵੇਂ, ਪਰ ਮਾਤਾ ਜੀ ਜਿਦ ਧਾਰ ਬੈਠੇ
ਕਹਿੰਦੇ ਚਲੋ ਆਨੰਦਪੁਰ ਛਡ ਦਿਹੋ, ਦੁਖ ਵਿਚ ਕਿਉਂ ਸਣੇ ਪਰਵਾਰ ਬੈਠੇ
ਥੋੜੇ ਸਿੰਘ ਰਹੇ ਉਹ ਭੀ ਮਰਨ ਭੁਖੇ, ਸਭੇ ਦਿਸਦੇ ਹੋਏ ਲਾਚਾਰ ਬੈਠੇ
ਜੇ ਚਲੋ ਤਾਂ ਸਿੰਘ ਭੀ ਨਾਲ ਚਲਣ, ਨਹੀਂ ਤਾਂ ਭਜਨੇ ਲਈ ਤਯਾਰ ਬੈਠੇ
ਏਹ ਆਖਕੇ ਮਾਤਾ ਜੀ ਚਲੇ ਗਏ, ਮਹਿਲਾ ਵਿਚ ਜਾ ਹੌਂਸਲਾ ਹਾਰ ਬੈਠੇ
ਗੁਰਮੁਖ ਪਰਸੰਨ ਕਰਤਾਰ ਸਿੰਘਾ, ਖੁਸ਼ੀ ਆਸਰਾ ਰਖ ਕਰਤਾਰ ਬੈਠੇ

ਵਕੀਲਾਂ ਨੇ ਚਲੇ ਜਾਣਾ

ਜਾਣੀ ਜਾਣੀ ਸਤਿਗੁਰੂ ਜੀ ਜਾਣਦੇ ਸਨ, ਬੇਈਮਾਨ ਫਰੇਬ ਕਮਾ ਰਹੇ
ਸੁਲਾ ਕਰਨੀ ਨਾ ਮਨਜ਼ੂਰ ਕੀਤੀ, ਭਾਵੇਂ ਸਿੰਘ ਸਾਰੇ ਜ਼ੋਰ ਲਾ ਰਹੇ
ਅਸੀਂ ਸੋਚਕੇ ਦਸਾਂਗੇ ਕਲ ਤੁਹਾਨੂੰ, ਏਹ ਵਕੀਲਾਂ ਨੂੰ ਸੁਖਨ ਸੁਨਾ ਲਏ

ਅਜ ਜਾਓ ਤੁਸੀਂ ਕਰਤਾਰ ਸਿੰਘਾ, ਲੈ ਕੇ ਸੁਲਾ ਨਾਮੇ ਖੀਸੇ ਪਾ ਲਏ

### ਘਬਰਾਇਆਂ ਸਿੰਘਾਂ ਨੇ ਹੌਸਲਾ ਕਰਕੇ ਬੇਨਤੀ ਕਰਨੀ

ਪਕੇ ਗਿਆਨ ਵਾਲੇ ਜਿਹੜੇ ਬੈਠ ਰਹੇ, ਬਹੁਤੇ ਪਾਸ ਆ ਗਏ ਨਸੰਗਗੁਰ ਜੀ
ਕਹਿੰਦੇ ਭੁਖ ਧੋਖੇ ਅਸੀਂ ਮਰ ਲਥੇ, ਸਾਡੀ ਜਾਨ ਪਈ ਡਾਢੀ ਤੰਗ ਗੁਰ ਜੀ
ਹੁਣ ਚਲੋ ਅਨੰਦਪੁਰ ਛਡ ਚਲੋ, ਸਾਥੋਂ ਨਹੀਂ ਹੁੰਦਾ ਮੂਲ ਗੁਰ ਜੀ
ਕਰੋ ਸਾਡੇ ਤੇ ਰਹਿਮ ਕਰਤਾਰ ਸਿੰਘਾ, ਅਸੀ ਦਾਸ ਹੋ ਕੇ ਰਹੇ ਮੰਗ ਗੁਰ ਜੀ

### ਦਸਮੇਸ਼ ਜੀ ਸਿੰਘਾਂ ਨੂੰ ਧੀਰਜ ਦੇਣੀ

ਜਿਵੇਂ ਵਰਤਦੀ ਪਈ ਹੈ ਜਾਣਦੇ ਹਾਂ, ਆਖ ਕੇ ਨਾ ਸੁਨਾਓ ਸਿੰਘੋ
ਮੈਨੂੰ ਜਾਨ ਤੋਂ ਭੀ ਤੁਸੀਂ ਹੋ ਪਯਾਰੇ, ਦੁਖ ਫੋਲਕੇ ਨਹੀਂ ਦਖਾਓ ਸਿੰਘੋ
ਜਿਥੇ ਅਗੇ ਤੁਸਾਂ ਦੁਖ ਬਹੁਤ ਜਾਲੇ, ਇਕ ਅਠ ਦਿਨ ਹੋਰ ਲੰਘਾਓ ਸਿੰਘੋ
ਵੈਰੀ ਜਾਣਗੇ ਚਲੇ ਕਰਤਾਰ ਸਿੰਘਾ, ਤੁਸੀਂ ਫਤੇ ਵਡਯਾਈਆਂ ਪਾਓ ਸਿੰਘੋ

### ਸਿੰਘਾਂ ਨੇ ਫੇਰ ਮੋੜ ਕਰਨਾ

ਭੈੜੀ ਭੁਖ ਨੇ ਮਾਰਕੇ ਤੰਗ ਕੀਤੇ, ਸਿੰਘ ਸਿਦਕੋਂ ਪੈਰ ਖਿਸਕਾਏ ਜਾਂਦੇ
ਹਿਰਦੇ ਉਨਾਂ ਦੇ ਆਣਕੇ ਡੋਲ ਗਏ ਜਿਹੜੇ ਕਦੇ ਨਹੀਂ ਸਨ ਡੁਲਾਏ ਜਾਂਦੇ
ਕਹਿੰਦੇਗੁਰੂਜੀਹੁਣਅਠਦਿਨਕਿਥੇ, ਅਠਪਹਿਰਨਹੀਂਸਾਥੋਂਨਹੀਂਲਘਾਏ ਜਾਂਦੇ
ਜੇਹੜੇ ਹੁਕਮ ਕਰਤਾਰ, ਕਰਤਾਰ ਸਿੰਘਾ, ਕਿਸੇ ਪਾਸੋਂ ਨਹੀਂ ਉਲਟਾਏ ਜਾਂਦੇ

### ਸ੍ਰੀ.ਦਸ਼ਮੇਸ਼ ਜੀ ਨੇ ਆਖਣਾ ਕਿ ਜੇ ਨਹੀਂ ਰਹਿੰਦੇ ਤਾਂ ਬੇਦਾਵਾ ਲਿਖਕੇ ਦੇ ਜਾਓ

ਗੁਰ ਵੇਖਯਾ ਇਨਾਂ ਨੇ ਸਿਦਕ ਛਡੇ, ਕਹਿੰਦੇ ਚਾਹੋ ਸ ਤੁਸੀਂ ਕਨਾਓ ਭਾਈ
ਸਾਨੂੰ ਆਸਰੇ ਛਡ ਕਰਤਾਰ ਦੇ ਜੀ, ਜਿਧਰ ਜੀ ਕਰੇ ਚਲੇ ਜਾਓ ਭਾਈ
ਜੋ ਬਣੀ ਹੈ ਸਿਰ ਤੇ ਕਟ ਲਾਂਗੇ; ਤੁਸੀਂ ਆਪਣੀ ਜਾਨ ਬਚਾਓ ਭਾਈ
ਪਰ ਲਿਖ ਬੇਦਾਵਾ ਇਹ ਦੇ ਜਾਵੋ, ਅਗੋਂ ਵਾਸਤੇ ਜੋੜ ਤੁੜਾਓ ਭਾਈ
ਤੁਸੀਂ ਗੁਰੂ ਨਾਹੀਂ ਅਸੀਂ ਸਿੱਖ ਨਾਹੀਂ ਸਦਾ ਵਾਸਤੇ ਹਿਰਸ ਮਟਾਓ ਭਾਈ
ਏਹ ਕਾਗਜ ਪਿਆ ਕਰਤਾਰ ਸਿੰਘਾ, ਦਸਤਖਤ ਮੋਹਰਾਂ ਏਥੇ ਲਾਓ ਭਾਈ

### ਸਿੰਘਾਂ ਨੇ ਬੇਦਾਵਾ ਲਿਖ ਦੇਣਾ

ਏਹ ਸੁਣਕੇ ਕੁਝ ਤਾਂ ਪਏ ਸੋਚੀਂ, ਕਹਿੰਦੇ ਇਉਂ ਤਾਂ ਕਦੇ ਨ ਕਰਾਂਗੇ ਜੀ

ਜਿਥੇ ਅਗੇ ਇਨੇ ਅਸਾਂ ਦੁਖ ਝਾਗੇ ਹੁਣ ਹੀ ਜਾਨ ਦੇ ਮਰਾਂਗੇ ਜੀ
ਵਿਚ ਜਗ ਨਿਗੁਰ ਅਖਵਾਨ ਔਖਾ, ਮਰ ਕਿਉਂ ਨਰਕੀ ਦੁਖ ਭਰਾਂਗੇ ਜੀ
ਬਹੁਤੇ ਲਿਖ ਲਿਖਕੇ ਜਾਨ ਲਗੇ; ਕਹਿੰਦੇ ਕਿਉਂ ਇਥੇ ਦੁਖ ਜਰਾਂਗੇ ਜੀ
ਯਾਰੋ ਦੇਖੀ ਜਾਊ ਫੇਰ ਗੁਰੂ ਸਿਖੀ; ਹਾਲ ਖਾਕੇ ਢਿਡ ਤਾਂ ਭਰਾਂਗੇ ਜੀ
ਚਲੋ ਨਿਕਲ ਚਲੋ ਕ੍ਰਤਾਰ ਸਿੰਘਾ, ਮਰਦੇ ਸਿਖੀ ਨੂੰ ਕਿਹੜੇ ਥਾਂ ਧਰਾਂਗੇ ਜੀ

### ਸ੍ਰੀ ਦਸਮੇਸ਼ ਜੀ ਨੇ ਬਾਕੀ ਦਿਆਂ ਸਿੰਘਾਂ ਨੂੰ ਭੀ ਚਲੇ ਜਾਣ ਵਾਸਤੇ ਆਖਣਾ

ਸਿੰਘ ਅਧੇ ਕੁ ਗੁਰਾਂ ਦੇ ਪਾਸ ਰਹਿ ਗਏ, ਕਹਿੰਦੇ ਕਿਉਂ ਭਾਈ ਬੈਠ ਰਹੇ ਤੁਸੀਂ
ਤੁਹਾਡੇ ਨਾਲ ਦੇ ਚਲੇ ਗਏ ਛਡ ਸਾਨੂੰ; ਵਿਚ ਦੁਖ ਕਾਹਨੂੰ ਰਹਿ ਗਏ ਤੁਸੀਂ
ਜਾਹੋ ਤੁਸੀਂ ਭੀ ਲਿਖਕੇ ਚਲੇ ਜਾਊ, ਗਏ ਕਿਉਂ ਨ ਉਨ੍ਹਾਂ ਦੇ ਕਹੇ ਤੁਸੀਂ
ਅਸੀਂ ਬੜੇ ਖੁਸ਼ੀ ਕ੍ਰਤਾਰ ਸਿੰਘਾ; ਸਾਡੇ ਵਾਸਤੇ ਨ ਦੁਖ ਰਹੇ ਤੁਸੀਂ

### ਬਾਕੀ ਸਿੰਘਾਂ ਦੀ ਬੇਨਤੀ

ਭੁਬਾਂ ਮਾਰਕੇ ਰੋਕੇ ਸਿੰਘ ਕਹਿੰਦੇ ਛਡ ਆਪ ਤਈਂ ਕਿਥੇ ਜਾਈਏ ਅਸੀਂ
ਤੁਹਾਡੇ ਚਰਨਾਂ ਬਿਨਾਂ ਕੋਈਥਾਂਨਹੀਂ, ਕੇਹੜਾ ਆਸਰਾ ਹੋਰ ਤਕਾਈਏ ਅਸੀਂ
ਜਿੰਦ ਜਾਨ ਸਰੀਰ ਇਹ ਆਪਦਾਏ ਕਿਹੜੀ ਚੀਜ਼ ਇਥੋਂ ਲੈ ਜਾਈਏ ਅਸੀਂ
ਤੁਹਾਡੇ ਨਾਲ ਹੀ ਝਲਾਂਗੇ ਅਭੀ ਨਭੀ, ਔਖ ਸੌਖ ਦੇ ਤਈਂ ਨਬਾਹੀਦੇ ਅਸੀਂ
ਸਾਰੀ ਉਮ੍ਰ ਦੀਆਂ ਘਾਲਾਂ ਘਾਲੀਆਜੋ, ਅੰਤ ਵਿਚਆ ਕਿਉਂ ਗਵਾਈਏ ਅਸੀਂ
ਦਾਨਰਕ ਵਿਚਨਹੀਂ ਨਿਗੁਰੇਦਾਂ, ਹਾਏ ! ਨਿਗੁਰੇ ਕਿਉਂ ਅਖਵਾਈਏ ਅਸੀਂ
ਗਤੀ ਨਹੀਂ ਨਿਗੁਰੇਦੀਕਿਤੇਲਿਖੀ, ਖੋਤੇ ਕੁਤੇ ਦੀ ਜੂਨ ਕਿਉਂ ਤਾਈਏ ਅਸੀਂ
ਚਰਨਾਂ ਵਿਚ ਨਿਭੇ ਕਰਤਾਰ ਸਿੰਘਾ, ਹੋਰ ਕੁਝ ਨ ਜਗ ਤੋਂ ਚਾਹੀਏ ਅਸੀਂ

### ਸ੍ਰੀ ਮਾਤਾ ਜੀ ਦੀ ਤਯਾਰੀ

ਭਾਵੇਂ ਵੇਖੋ ਵੇਖੀ ਬਹੁਤੇ ਰਹਿ ਗਏ, ਪਰ ਭੁਖ ਤੋਂ ਸਖਤ ਲਾਚਾਰ ਹੋਏ
ਦੁਖ ਵੇਖ ਨ ਮਾਤਾ ਜੀ ਜਰ ਸਕੇ, ਤਯਾਰ ਜਾਣ ਨੂੰ ਬੰਨ੍ਹਕੇ ਭਾਰ ਹੋਏ
ਛੋਟੇ ਸਾਹਿਬਜ਼ਾਦੇ ਨਾਲ ਲੈ ਗਏ, ਸਤਿਗੁਰਾਂ ਦੇ ਬਚਨ ਤੋਂ ਬਾਹਰ ਹੋਏ

ਬਹੁਤੇ ਸਿੰਘ ਭੀ ਉਠ ਕਰਤਾਰ ਸਿੰਘਾ, ਮਾਤਾ ਜੀ ਦੇ ਨਾਲ ਤਯਾਰ ਹੋਏ

ਸ੍ਰੀ ਦਸਮੇਸ਼ ਜੀ ਨੇ ਇਹ ਵੇਖਕੇ ਤਯਾਰੀ ਦਾ ਹੁਕਮ ਸੁਨਾ ਦੇਣਾ

ਬੋਲੇ ਗੁਰੂ ਜੀ ਹੁਕਮ ਤੋਂ ਬਾਹਰ ਹੋਏ, ਬਹੁਤਾ ਹੁਣ ਤੁਸੀਂ ਦੁਖ ਪਾਓ ਸਭੇ
ਸਾਡੇ ਆਖਯਾਂ ਸਿਦਕ ਨਾ ਰਖਯਾ ਜੇ, ਹੁਣ ਬਹੁਤ ਤਕਲੀਫ ਉਠਾਓ ਸਭੇ
ਏਹ ਆਖਕੇ ਹੁਕਮ ਸੁਨਾ ਦਿਤਾ, ਝਟ ਪਟ ਤਯਾਰ ਹੋ ਜਾਓ ਸਭੇ
ਜੋ ਜਰੂਰੀ ਸਾਮਾਨ ਕਰਤਾਰ ਸਿੰਘਾ, ਓਹ ਚੁਣਕੇ ਪਹਿਲਾਂ ਬਨ੍ਹਾਓ ਸਭੇ

ਸ੍ਰੀ ਦਸਮੇਸ਼ ਜੀ ਨੇ ਹੀਰਾ ਮੋਤੀ, ਜਵਾਹਰ ਨਕਦੀ ਦਰਯਾ ਵਿਚ ਸੁਟਾਨਾ

ਓਸੇ ਵਕਤ ਦੇ ਹੁਕਮ ਖਜ਼ਾਨਚੀ ਨੂੰ, ਸਭ ਦੌਲਤ ਬਾਹਰ ਕਢਾਉਨ ਲਗੇ
ਓਹ ਮਾਲ ਅਠਾਰਾਂ ਕ੍ਰੋੜ ਸੁਣਿਆ, ਸਤਿਲੁਜ ਦੇ ਵਿਚ ਸੁਟਾਨ ਲਗੇ
ਆਪ ਪਾਸ ਖਲੋਕੇ ਵੇਖ ਕਰਕੇ, ਇਕ ਥਾਂ ਪੰਡਾਂ ਡੁਬਵਾਨ ਲਗੇ
ਏਹ ਵੇਖ ਕੇ ਸਭ ਹੈਰਾਨ ਹੋਏ, ਮਨਾਂ ਵਿਚ ਡਾਢੇ ਪਛਤਾਉਨ ਲਗੇ
ਏਸ ਹਾਲ ਨੂੰ ਵੇਖਕੇ ਸਿੰਘ ਰੋਂਦੇ, ਨੀਰ ਅਖੀਆਂ ਵਿਚੋਂ ਵਗਾਉਨ ਲਗੇ
ਕਈ ਮਾਤਾ ਜੀ ਤਈਂ ਕ੍ਰਤਾਰਸਿੰਘਾ, ਮਹਿਲਾਂ ਵਿਚ ਜਾਕਰ ਸਖਾਉਨ ਲਗੇ

ਮਾਤਾ ਜੀ ਨੇ ਸਤਿਗੁਰਾਂ ਨੂੰ ਖਜ਼ਾਨਾ ਸੁਟਾਉਣੋਂ ਰੋਕਣਾ

ਆਣ ਮਾਤਾ ਜੀ ਗੁਰਾਂ ਨੂੰ ਕੈਹਨ ਲਗੇ, ਏਥੇ ਰੋਹੜੇ ਕੰਮ ਨ ਆਉਨਗੇ ਏਹ
ਹੈ ਕ੍ਰੋੜਾਂ ਰੁਪਯਾਂ ਦਾ ਮਾਲ ਦਸੇ, ਏਥੇ ਹੀਰੇ ਮੋਤੀ ਕੀਹ ਬਨਾਉਨਗੇ ਏਹ
ਏਹੋ ਸਿੰਘਾਂ ਨੂੰ ਦਿਹੋ ਤਾਂ ਹੋ ਦੂਣੇ, ਨਾਲ ਵੈਰੀਆਂ ਜੰਗ ਮਚਾਉਨਗੇ ਏਹ
ਜਾ ਟਬਰਾਂ ਤਈਂ ਕਰਤਾਰ ਸਿੰਘਾ, ਸਿੰਘ ਖੁਸ਼ੀ ਦੇ ਨਾਲ ਖਵਾਉਨਗੇ ਏਹ

ਸ੍ਰੀ ਦਸ਼ਮੇਸ਼ ਜੀ

ਜੋ ਹੋਂਵਦਾ ਹੁਕਮ ਅਕਾਲ ਦਾ ਏ, ਮੈਂ ਓਸ ਦੇ ਤਈਂ ਓਵਟਾਂ ਕੀਕੂੰ
ਜਿਵੇਂ ਤੁਸੀਂ ਮੈਨੂੰ ਮਹੁਰਾ ਦੇਂਵਦੇ ਨਹੀਂ, ਤਿਵੇਂ ਸਿਖਾਂ ਨੂੰ ਮੈਂ ਖਵਾਂ ਕੀਕੂੰ
ਮੈਂ ਚਾਹੰਦਾ ਪੰਥ ਦਾ ਹਾਂ ਵਾਧਾ, ਹਥੀਂ ਆਪਣੀ ਜੜ੍ਹਾਂ ਪੁਟਾਂ ਕੀਕੂੰ
'ਗੁਰੂ ਅੰਸ' ਮਹੁਰਾ ਸਿੱਖ ਪੁਤ ਮੇਰੇ, ਮਹੁਰਾ ਪੁਤਰਾਂ ਦੇ ਮਰਵਾਂ ਕੀਕੂੰ
ਮੈਂ ਸਾਜਿਆ ਛਤਰੀ ਪੰਥ ਬਲੀ, ਸੋ ਦਲਿਦਰੀ ਉਲਟ ਬਨਾਂ ਕੀਕੂੰ
ਬੁਰਕਾਂ ਸ਼ੇਰ ਦਾ ਏ ਕਰਤਾਰ ਸਿੰਘਾ ਮੁੜ ਗਧੇ ਬਨਾ ਦਿਖਾਂ ਕੀਕੂੰ

ਤਥਾ

ਬਿਨਾਂ ਸੇਵਾ ਏਹ ਧਨ ਨ ਪਚੇਗਾ ਜੀ, ਸੇਵਾ ਕਰਦੇ ਸਿੰਘ ਖਾਂਦੇ ਰਹੇ
ਲੰਗਰ ਕਰਦੇ ਜੰਗਾਂ ਦੇ ਵਿਚ ਲੜਦੇ, ਬਾਲਨ ਪਾਣੀ ਦੀ ਸੇਵਾ ਕਮਾਂਦੇ ਰਹੇ
ਬਿਨਾਂ ਸੇਵਾ ਘਰੀਂ ਖੜਿਆ ਪਚੇਗਾ ਨਾ, ਏਥੇ ਸੇਵਾ ਦੇ ਜ਼ੋਰ ਪਚਾਂਦੇ ਰਹੇ
ਏਨਾਂ ਬਚ ਗਿਆ ਕਰਤਾਰ ਸਿੰਘਾ, ਵਾਹ ਲਗਦੀ ਅਸੀਂ ਖ਼ਰਚਾਂਦੇ ਰਹੇ

ਤਥਾ

ਏਹ ਧੰਨ ਸਾਰਾ ਅਸਾਂ ਜਮ੍ਹਾਂ ਕੀਤਾ, ਬਹੁਤਾ ਚਿਰ ਏਹਦੇ ਵਿਚ ਰਹੇਗਾ ਜੀ
ਧਾਤ ਮਾਰੀ ਦੀ ਜਿਸਤਰ੍ਹਾਂ ਸ਼ੁਧ ਹੁੰਦੀ, ਏਹ ਭੀ ਸ਼ੁਧ ਹੋਕੇ ਕੰਨ ਦਏਗਾ ਜੀ
ਜਦ ਕਰਾਂਗਾ ਪੰਥ ਦੀ ਸਾਂਭ ਮੁੜਕੇ, ਏਹ ਫੇਰ ਖਜ਼ਾਨੇ ਆ ਪਾਏਗਾ ਜੀ
ਇਕ ਸਿੰਘ ਮੇਰਾਂ ਕਰਤਾਰ ਸਿੰਘਾ, ਵੇਲੇ ਸਿਰ ਏਹਨੂੰ ਕਢ ਲਏਗਾ ਜੀ

ਜ਼ੇਵਰ ਕਪੜਾ ਹੋਰ ਸਾਮਾਨ ਅਗਨੀ ਦੀ ਭੇਟਾ ਕਰ ਦੇਨਾ

ਚੁਪ ਕਰਕੇ ਮਾਤਾ ਜੀ ਚਲੇ ਗਏ, ਸਤਿਗੁਰੂ ਜੀ ਓਵੇਂ ਕਰਵਾਨ ਲਗੇ
ਸਾਰਾ ਧਨ ਦਰਯਾ ਸੁਟ ਦਿਤਾ, ਫੇਰ ਸਭ ਹਥਯਾਰ ਸੁਟਾਨ ਲਗੇ
ਤੋਪਾ, ਰਹਿਕਲੇ ਸ਼ਸਤ੍ਰ ਸਭ ਸੁਟੇ, ਜ਼ੇਵਰ ਕਪੜਾ ਫੇਰ ਕਢਵਾਨ ਲਗੇ
ਕੀਮਖਾਬ ਅਤਲਸ ਜ਼ਰੀ ਬਾਫਤਾ ਜੋ, ਸਭ ਤੰਬੂ ਕਨਾਤ ਰਖਾਨ ਲਗੇ
ਕਈ ਲਖਾਂ ਰੁਪਯਾ ਦੇ ਕਪੜੇ ਜੋ; ਕਢ ਕਢ ਕੇ ਢੇਰ ਲਗਾਨ ਲਗੇ
ਅਤਰ ਕੇਉੜਾ ਮੋਤੀਆ ਡੋਲ੍ਹ ਕਰਕੇ, ਹਥੀਂ ਧਰ ਤੋੜਾ ਆਪ ਲਾਨ ਲਗੇ
ਪਲਾਂ ਵਿਚ ਭਾਂਬੜ ਆਣ ਮਚ ਪਏ, ਧੂੰਏਂ ਉਠ ਅਸਮਾਨ ਨੂੰ ਜਾਨ ਲਗੇ
ਦਾਸ ਦਾਸੀਆਂ ਵੇਖਕੇ ਪਏ ਰੋਂਦੇ, ਭੇੜਾ ਵੇਖ ਸਮਾਂ ਕੁਰਲਾਨ ਲਗੇ
ਢਾਹੀ ਮਾਰਦੇ ਸਿੰਘ ਨਰਾਸ ਹੋਏ, ਹੇ ਵਾਹਗੁਰੂ ! ਸਮੇਂ ਕਹੇ ਆਨ ਲਗੇ
ਡਰਦਾ ਕੋਈ ਨ ਗੁਰਾਂ ਨੂੰ ਆਖ ਸਕੇ ਵੇਖ ਵੇਖ ਡਾਢੇ ਪਛਤਾਨ ਲਗੇ
ਪਲਾਂ ਵਿਚ ਹੋ ਕਿਲ੍ਹੇ ਵੈਰਾਨ ਗਏ, ਸੋਹਣੇ ਥਾਂ ਓਹ ਬੁਰੇ ਡਰਾਨ ਲਗੇ
ਬਾਕੀ ਬਚੇ ਅਸਬਾਬ ਕਰਤਾਰ ਸਿੰਘਾ, ਸਾਰੇ ਗਡਿਆਂ ਉਤੇ ਲਦਾਨ ਲਗੇ

ਬਾਕੀ ਸਾਮਾਨ ਲਦਵਾਕੇ ਤਯਾਰ ਕਰਨਾ

ਲਿਖ ਭੇਜਿਆਸੀ ਬਾਹਰ ਸੂਬਿਆਂ ਨੂੰ, ਸਾਨੂੰ ਭਾਰ ਬਰਾਦਰੀ ਪੁਚਾਓ ਜਲਦੀ

ਝਟ ਪਟ ਓਹਨਾਂ ਭੇਜ ਦਿਤੀ ਹੈਸੀ, ਵਿਚ ਦਿਲਾਂ ਦੇ ਧਰਕੇ ਚਾਓ ਜਲਦੀ
ਦਿਤਾ ਹੁਕਮ ਸਤਿਗੁਰਾਂਨੇ ਸਾਰਿਆਂ ਨੂੰ,ਬਾਕੀਰਹੇ ਸਾਮਾਨ ਲਦਾਓ ਜਲਦੀ
ਪਹਿਲੇ ਪੁਸਤਕ ਸਾਂਭ ਕੇ ਲਦ ਲਵੋ; ਫੇਰ ਹੋਰ ਸਾਮਾਨ ਰਖਾਓ ਜਲਦੀ
ਵਜ ਪਈਆਂ ਤਯਾਰੀਆਂ ਪਲਾਂ ਅੰਦਰ,ਝਟ ਪਟਹੋਤਯਾਰ ਹੋ ਜਾਓ ਜਲਦੀ
ਗਏ ਸੁਖਾਂ ਦੇ ਦਿਨ ਕਰਤਾਰ ਸਿੰਘਾ, ਪੈਰ ਵਿਚ ਮੁਸੀਬਤਾਂ ਪਾਓ ਜਲਦੀ

### ੧੫ ਮੱਘਰ ੧੭੬੧ ਬਿਕ੍ਰਮੀ ਨੂੰ ਸ੍ਰੀ ਦਸਮੇਸ਼ ਜੀ ਨੇ ਆਨੰਦਪੁਰ ਛਡ ਜਾਣਾ

ਅਧੀ ਰਾਤ ਏਸੇ ਤਰ੍ਹਾਂ ਬੀਤ ਗਈ, ਸਭ ਸਾਧ ਤਯਾਰ ਕਰਾਯਾ ਜੀ
ਪਹਿਲੇ ਜੋੜਕੇ ਹਥ ਅਕਾਲ ਅਗੇ, ਸਤਿਗੁਰਾਂ ਅਰਦਾਸਾ ਸੁਧਾਯਾ ਜੀ
ਸਭ ਸੂਰਮੇ ਤਯਾਰ ਬਰਤਯਾਰ ਹੋਏ, ਰਣਜੀਤ ਨਘਾਰਾ ਵਜਾਵਾਯਾ ਜੀ
ਗੋਲੀ ਤੀਰ ਬਾਰੂਦ ਸਾਮਾਨ ਜੰਗੀ, ਚਾ ਖੱਚਰਾਂ ਤੇ ਲਦਵਾਯਾ ਜੀ
ਪਹਿਲੇ ਪੋਥੀਆਂ ਹੋਰ ਜ਼ਰੂਰੀ ਚੀਜ਼ਾਂ, ਸਾਧ ਮਾਈਆਂ ਦੇ ਤਈਂ ਚਲਾਯਾ ਜੀ
ਧ੍ਰਮ ਸਿੰਘ ਮੁਹਕਮ ਸਿੰਘ ਸਿੰਘ ਈਸ਼ੂ, ਮਿਲਖਾ ਸਿੰਘ ਨੂੰ ਨਾਲ ਟਰਾਯਾ ਜੀ
ਮਣੀ ਸਿੰਘ ਜਵਾਹਰ ਸਿੰਘ ਆਦਿਕ ਨੂੰ, ਏਹ ਚੰਗੀ ਤਰ੍ਹਾਂ ਸਮਝਾਯਾ ਜੀ
ਦੋ ਸੌ ਅਸਵਾਰ ਲੈ ਚਲੋ ਤੁਸੀਂ, ਗ਼ਯਾਨ ਸਿੰਘ ਨੂੰ ਖਤ ਫੜਾਯਾ ਜੀ
ਸਿੱਟੇ ਪਾਉਂਟੇ ਨੂੰ ਤੁਸਾਂ ਚੱਲਨਾ ਏ, ਵਲ ਰਾਜੇ ਦੇ ਖਤ ਲਿਖਾਯਾ ਜੀ
ਆਪ ਤਯਾਰ ਹੋਕੇ ਸ੍ਰੀ ਨੈਮ ਜੀ ਦੇ, ਅਸਥਾਨ ਜਾ ਸੀਸ ਝੁਕਾਯਾ ਜੀ
ਸੋ ਕੜਾਹ ਪ੍ਰਸਾਦਿ ਵਰਤਾ ਕਰਕੇ, ਜਾਂਦੀ ਵਾਰ ਦਾ ਦਰਸ਼ਨ ਪਾਯਾ ਜੀ
ਹਥੀ ਸਾਧ ਗੁਰਬਖਸ਼ ਨੂੰ ਦੇ ਧੀਰਜ, ਪਿਛੇ ਸੇਵਾ ਦੇ ਲਈ ਠਹਿਰਾਯਾ ਜੀ
ਜਾਂਦੀ ਡੋਲ ਨ ਰਹਾਂਗੇ ਸੰਗ ਤੇਰੇ, ਦੀਵਾ ਬਾਤ੍ਰ ਰਖੀਂ ਸਮਝਾਯਾ ਜੀ
ਰਾਤ ਨਾਲ ਹੀ ਪੰਜ ਸੌ ਸਿੰਘ ਸਣੇ; ਸਤਿਗੁਰਾਂ ਵਹੀਰ ਚਾਂ ਪਾਯਾ ਜੀ
ਅਗੇ ਪਿਛੇ ਦਾਹਨੇ ਬਾਹੋਂ ਸਿੰਘ ਹੋਏ, ਸਤਿਗੁਰਾਂ ਨੂੰ ਵਿਚ ਰਖਾਯਾ ਜੀ
ਛੋਟੇ ਸਾਹਿਬਜ਼ਾਦੇ ਮਾਤਾ ਨਾਲ ਗਏ, ਵਡੇ ਨਾਲ ਅਕਾਲ ਗਜਾਯਾ ਜੀ
ਛਡ ਸਦਾ ਦੇ ਲਈ ਆਨੰਦ ਨੂੰ; ਚਲੇ ਫੇਰ ਨ ਨ ਗੁਰ ਤਕਾਯਾ ਜੀ
ਤੇਰੇ ਰੰਖ ਬੇ ਅੰਤ ਕਰਤਾਰ ਸਿੰਘਾ, ਹੇ ਅਕਾਲ ਡਾਢੀ ਮਾਯਾ ਜੀ

ਆਨੰਦਪੁਰ ਵਿਚ ਉਦਾਸੀਆਂ

ਹੇ ਕਰਤਾਰ ਤੇਰੀ ਹੈ ਅਪਾਰ ਮਹਿਮਾਂ, ਤੂੰ ਆਨ ਏਹ ਸਮਾਂ ਵਿਖਾਯਾ ਕਿਹਾ
ਰਾਗ ਰੰਗ ਓਹ ਕਿਥੇ ਅਨੰਦ ਪੁਰ, ਦੇ ਅਜ ਸਾਫ ਉਜਾੜਾ ਕਰਾਯਾ ਕਿਹਾ
ਜੀਆ ਜੰਤ ਰੋਂਦੇ ਜ਼ਾਰ ਜ਼ਾਰ ਪਏ, ਹਾਏ ਸਮਿਆਂ ਸਾਨੂੰ ਸਤਾਯਾ ਕਿਹਾ
ਛਡ ਚਲੇ ਸਤਿਗੁਰੂ ਨਭਾਗਿਆ ਨੂੰ, ਅਸਾਂ ਪਾਪੀਆਂ ਤੇ ਸਮਾਂ ਆਯਾ ਕਿਹਾ
ਮਹਿਲ ਮਾੜੀਆਂ ਬੁਰੇ ਉਜਾੜ ਦਿਸਨ ਸੁੰਨਸਾਨ ਚਫੇਰੇ ਹੀ ਛਾਯਾ ਕਿਹਾ
ਰੋਂਦੇ ਪਸ਼ੂ ਪੰਛੀ ਨਿਗਾ ਆ ਰਹੇ ਆਣ ਸਭ ਨੂੰ, ਸੋਗ ਦਬਾਯਾ ਕਿਹਾ
ਰੋਂਦੇ ਗੁਰਾਂ ਦੇ ਤਿਛੇ ਤਯਾਰ ਸਭੇ, ਸ਼ਹਿਰ ਵਸਦਾ ਭਾਣੇ ਰਵਾਯਾ ਕਿਹਾ
ਹਸੀ ਕੀ ਤੇ ਵਰਤਿਆ ਕੀ ਆਕੇ ਏਹ ਭਾਣਾ ਕਰਤਾਰ ਵਰਤਾਯਾ ਕਿਹਾ
ਜੋ ਹੋਯਾ ਸੋ ਹੁਕਮ ਦੇ ਵਿਚ ਹੋਯਾ, ਮਨਾਂ ਤੈਨੂੰ ਖਿਆਲ ਸਮਾਯਾ ਕਿਹਾ
ਚਲ ਅਗੇ ਨੂੰ ਟੁਰ ਕਰਤਾਰ ਸਿੰਘਾ, ਏਸੇ ਥਾਂ ਹੀ ਤੂੰ ਚਿਰ ਲਾਯਾ ਕਿਹਾ

ਕੀਰਤਪੁਰ ਦੇ ਰਾਹ ਪੈਣਾ ਤੇ ਸਾਹਿਬਜ਼ਾਦਿਆਂ ਨੇ ਭੌਂ ਭੌਂ ਕੇ ਆਨੰਦਪੁਰ ਵਲ ਤਕਨਾ

ਸਤਿਗੁਰੂ ਜੀ ਲੈ ਵਹੀਰ ਸਾਰਾ, ਸਿਧੇ ਕੀਰਤਪੁਰੇ ਦੇ ਦਾ ਚਲੇ
ਪਲੋ ਪਲੀ ਵਿਚ ਸ਼ਹਿਰ ਉਜਾੜ ਹੋਯਾ, ਰੋਂਦੇ ਨਰ ਨਾਰੀ ਪਿਛੇ ਧਾ ਚਲੇ
ਸਾਹਿਬਜ਼ਾਦੇ, ਭੌਂ ਭੌਂ ਕੇ ਪਿਛਾਂ ਤਕਣ, ਜਨਮ ਭੂਮੀ ਨੂੰ ਛਡ ਛਡਾ ਚਲੇ
ਸ਼ਹਿਰ ਆਪਣੇ ਦਾ ਕਰਤਾਰ ਸਿੰਘਾ, ਜਾਂਦੀ ਵਾਰ ਦਾ ਦਰਸ਼ਨ ਪਾ ਚਲੇ

ਭਾਈ ਚੌਪਾ ਸਿੰਘ ਤੇ ਬੁਢਾ ਸਿੰਘ ਨੇ ਸਾਹਿਬਜ਼ਾਦਿਆਂ ਤੋਂ ਪੁਛਣਾ

ਜਦ ਕਈ ਵਾਰੀ ਪਿਛਾਂ ਮੁੜ ਡਿਠਾ, ਦੋਵੇਂ ਸੇਵਕ ਅਰਜ ਗੁਜ਼ਾਰਦੇ ਜੀ
ਕੁਝ ਰਹਿ ਗਿਆ ਏ, ਸਾਨੂੰ ਝਬ ਦਸੋ, ਭੌਂ ਭੌਂ ਪਿਛੇ ਨਿਗ੍ਹਾ ਮਾਰਦੇ ਜੀ
ਕੀ ਸਾਹਿਬ ਜੀ ਦਿਲ ਖਿਆਲ ਗੁਜ਼ਰੇ, ਯਾ ਸਾਥੀ ਕਿਸੇ ਤਾਂਈ ਤਾਰਦੇ ਜੀ
ਸੁਣ ਸਾਹਿਬ ਅਜੀਤ ਕਰਤਾਰ ਸਿੰਘਾ, ਇਉਂ ਦਰਦ ਦੇ ਨਾਲ ਉਚਾਰਦੇ ਜੀ

ਸਾਹਿਬ ਅਜੀਤ ਸਿੰਘ ਜੀ ਨੇ ਜਵਾਬ ਦਿਤਾ

ਸਾਹਿਬਜ਼ਾਦਾ ਜੀ ਆਖਦੇ ਭਾਈ ਸਿਖੋ, ਪਿਛੋਂ ਕਿਸੇਨੂੰ ਅਸਾਂਬੁਲਾਵਨਾ ਨਹੀਂ
ਅਸੀਂਦੇਖਦੇ ਹਾਂਸ਼ਹਿਰ ਆਪਣੇ ਨੂੰ, ਮੁੜ ਜੀਉਂਦਿਆਂ ਏਸਥਾਂਆਵਨਾ ਨਹੀ
ਜੰਮੇਂ ਪਲੇ ਅਸੀਂ ਜਿਥੇ ਖੇਡਦੇ ਰਹੇ, ਮੁੜ ਕਦੇ ਏਥੇ ਫੇਰਾ ਪਾਵਨਾ ਨਹੀਂ

ਕਿਸੇ ਸਾਡੇ ਵਿਚੋਂ ਕਰਤਾਰ ਸਿੰਘਾ, ਏਹਨਾਂ ਬਾਜ਼ਾਂਨੂੰ ਮੁੜ ਵਿਹਸਾਵਣਾ ਨਹੀਂ

ਵਾਕ ਕਵੀ

ਸਾਹਿਬਜ਼ਾਦੇ ਪਾਸੋਂ ਇਹ ਬਚਨ ਸੁਣਕੇ, ਸਭਸਿੰਘਾਂਦੀ ਅਖਾਂ ਤੋਂ ਨੀਰ ਛੁਟੇ
ਭਾਈ ਏਹ ਕਦੇ ਝੂਠੇ ਹੋਵਣੇ ਨਹੀਂ, ਸਾਹਿਬ ਜੀ ਦੇ ਮੂੰਹ ਤੋਂ ਤੀਰ ਛੁਟੇ
ਹਿਲ ਗਏ ਆਂ ਕਾਲਜੇ ਸਾਰਿਆਂ ਦੇ, ਧੀਰਵਾਨਾਂ ਦੇ ਭੀ ਆ ਧੀਰ ਛੁਟੇ
ਦਰਦ ਭਰੇਏਹ ਬਚਨ ਕਰਤਾਰ ਸਿੰਘਾ, ਦਰਦਾਂ ਵਾਲਿਆਂ ਦੇਰਿਦੇ ਚੀਰ ਛੁਟੇ

ਰਾਜਿਆਂ ਦੀ ਬੇਈਮਾਨੀ

ਏਸੇ ਤਰ੍ਹਾ ਸਤਿਗੁਰ ਜੀ ਚਲੇ ਜਾਂਦੇ, ਕੀਰਤਪੁਰੇ ਦਾ ਰਾਹ ਨਾ ਮੁਕਿਆ ਜੀ
ਰਾਜੇ ਕੌਲ ਇਕਰਾਰ ਤੋਂ ਫਿਰ ਗਏ, ਜਾ ਵਜੀਦ ਖਾਂ ਦੇ ਤਈਂ ਚੁਕਿਆ ਜੀ
ਖਾਂ ਸਾਹਿਬ ਕੀ ਵੇਖਦੇ ਕਰੋ ਧਾਵਾ, ਬਾਂ ਸਿਰ ਨਿਸ਼ਾਨਾ ਆ ਚੁਕਿਆ ਜੀ
ਹੁਣ ਵੇਲਾ ਹੈ ਗੁਰੂ ਨੂੰ ਫੜ ਲਵੋ, ਅਗੇ ਰਿਹਾ ਕਿਲ੍ਹਿਆਂ ਵਿਚ ਲੁਕਿਆ ਜੀ
ਓਹਤਾਂ ਅਗੇ ਏਹੋ ਗਲ ਚਾਹੁੰਦਾ ਸੀ, ਉਠ ਸ਼ੇਰ ਦੀ ਤਰ੍ਹਾਂ ਆ ਬੁਕਿਆ ਜੀ
ਵੇਖ ਚਟਣ ਲਗੇ ਕਰਤਾਰ ਸਿੰਘਾ, ਪਹਿਲਾਂ ਥੁਕ ਜੋ ਮੂੰਹ ਤੋਂ ਥੁਕਿਆ ਜੀ

ਈਮਾਨ ਧਰਮ ਵਿਸਾਰ ਕੇ ਰਾਜਿਆਂ ਤੇ ਸੂਬਿਆਂ ਨੇ ਧਾਵਾ ਕਰ ਦੇਣਾ

ਓਹ ਗਊ ਦੀ ਸਹੁੰ ਨੂੰ ਭੁਲ ਗਏ, ਓਹ ਭੁਲ ਗਏ ਕਸਮ ਕੁਰਾਨ ਭਾਈ
ਅਹਿਦਨਾਮੇ ਤੇ ਕੌਲ ਇਕਰਾਰ ਕੀਤੇ, ਚਾ ਖੂਹ ਦੇ ਵਿਚ ਸੁਟਾਨ ਭਾਈ
ਪਹਿਲੇ ਸਭ ਤੋਂ ਹਲਾ ਬੁਲਾ ਦਿਤਾ, ਖਵਾਜੇ ਖਿਜ਼ਰ ਮਲੇਰੀਏ ਜਾਨ ਭਾਈ
ਬਸ ਫੇਰ ਤਾਂ ਸਾਰੇ ਹੀ ਕੁਦ ਪਏ, ਮਾਰੋ ਫੜ ਲੋ ਰੌਲਾ ਮਚਾਨ ਭਾਈ
ਕੁਝ ਸ਼ਹਿਰ ਦੇ ਕਿਲ੍ਹੇ ਨੂੰ ਉਠ ਪਏ ਬਾਕੀ ਗੁਰਾਂ ਪਿਛੇ ਭਜੇ ਖਾਨ ਭਾਈ
ਲੁਟ ਲੋ ਅਸਬਾਬ ਕਰਤਾਰ ਸਿੰਘਾ, ਪਏ ਰੌੜ੍ਹਕੇ ਧਰਮ ਈਮਾਨ ਭਾਈ

ਸਿੰਘਾਂ ਨੇ ਸਤਿਗੁਰਾਂ ਦੇ ਬਚਨ ਯਾਦ ਕਰਕੇ ਪਛਤਾਨਾ

ਪਿਛੇ ਵੈਰੀਆਂ ਨੇ ਜਦ ਪਾਯਾ ਰੌਲਾ, ਫੇਰ ਸਿੰਘ ਸਾਰੇ ਪਛਤਾਮ ਲਗੇ
ਆਖਾ ਗੁਰੂ ਜੀ ਦਾ ਯਾਦ ਕਰਕੇ ਜੀ, ਹੋ ਬੇਧੀ ਰਜ ਫੇਰ ਘਬਰਾਨ ਲਗੇ
ਓਹ ਗੁਰੂ ਜੀ ਦੇ ਸੁਖਨ ਕਹੇ ਹੋਏ, ਸਚੇ ਮਾਤਾ ਜੀ ਚਿਤ ਠਹਿਰਾਨ ਲਗੇ
ਵੈਰੀ ਗਲ ਆ ਪਏ ਕਰਤਾਰ ਸਿੰਘਾ, ਸਿੰਘ ਅੜਕੇ ਜੰਗ ਮਚਾਨ ਲਗੇ

### ਸਾਹਿਬ ਅਜੀਤ ਸਿੰਘ ਜੀ ਨੇ ਘਲੋਂ ਕੇ ਜੰਗ ਕਰਨਾ

ਵੈਰੀ ਹੜ ਵਾਂਗੂੰ ਪਿਛੇ ਆਣ ਢੁਕੇ, ਸਾਹਿਬਜ਼ਾਦੇ ਨੇ ਪੈਰ ਜਮਾ ਦਿਤੇ
ਦੋ ਤਿੰਨ ਸੌ ਸਿੰਘ ਸੀ ਨਾਲ ਸਾਰਾ, ਹਿੱਕਾ ਡਾਹ ਵੈਰੀ ਅਟਕਾ ਦਿਤੇ
ਕੜਾ ਕਾੜ ਬੰਦੂਕਾਂ ਦੀ ਬਾੜ ਝਾੜੀ, ਨੇੜੇ ਤੇੜੇ ਪਹਾੜ ਗੂੰਜਾ ਦਿਤੇ
ਤਿਖੇ ਤੀਰ ਚੜ੍ਹਾ ਅਜੀਤ ਸਿੰਘ ਜੀ, ਵੈਰੀ ਧਰਤ ਤੇ ਮਾਰ ਲਿਟਾ ਦਿਤੇ
ਭਾਵੇਂ ਜ਼ੋਰ ਲਾਯਾ ਬਹੁਤ ਵੈਰੀਆਂ ਨੇ, ਦਿਤੇ ਵਧਨ ਨਾ ਪਿਛਾਂ ਹਟਾ ਦਿਤੇ
ਨਾਮ ਸਫਲਾ ਕਰ ਕਰਤਾਰ ਸਿੰਘਾ, ਜੌਹਰ ਜੰਗ ਦੇ ਖੂਬ ਦਿਖਾ ਦਿਤੇ

### ਸ੍ਰੀ ਦਸਮੇਸ਼ ਜੀ ਨੇ ਹੋਰ ਕੁਮਕ ਭੇਜਕੇ ਸਾਹਿਬਜ਼ਾਦੇ ਨੂੰ ਮੰਗਵਾ ਦੇਣਾ

ਦੂਰ ਸਣੇ ਵਹੀਰ ਦੇ ਨਿਕਲ ਗਏ, ਸਤਿਗੁਰਾਂ ਜਾਂ ਪਿਛਾਂ ਧਿਆਨ ਕੀਤਾ
ਪਿਛੇ ਸਾਹਿਬਜ਼ਾਦਾ ਜੰਗ ਕਰ ਰਿਹਾ, ਵਿਚੋਂ ਸਾਥੀਆਂ ਏਹ ਬਿਆਨ ਕੀਤਾ
ਸਤਿਗੁਰੂ ਜੀ ਭੀ ਉਥੇ ਠਹਿਰ ਗਏ, ਜੋਸ਼ ਚਿਤ ਦੇ ਵਿਚ ਮਹਾਨ ਕੀਤਾ
ਇਕ ਟਿਬੀ ਉਤੇ ਆਪ ਜਾ ਚੜ੍ਹੇ, ਉਦੇ ਸਿੰਘ ਤਾਈਂ ਫਰਮਾਨ ਕੀਤਾ
ਸਾਹਿਬਜ਼ਾਦੇ ਨੂੰ ਜਾ ਕੇ ਲੈ ਆਵੇਂ, ਨਾਲ ਸੌ ਅਸਵਾਰ ਪਛਾਨ ਕੀਤਾ
ਏਹ ਅਗ ਬਗੋਲੇ ਦੇ ਵਾਂਗ ਪਏ, ਇਕ ਵਾਰ ਜਾ ਇਹਾ ਘਮਸਾਨ ਕੀਤਾ
ਵੈਰੀ ਮਾਰ ਪਿਛਾਂਹ ਪਛਾੜ ਘੱਤੇ, ਲਹੂ ਮਿਝ ਦਾ ਮਾਰ ਕੇ ਘਾਨ ਕੀਤਾ
ਅਗੇ ਟੋਰਕੇ ਸਾਹਿਬ ਅਜੀਤ ਸਿੰਘ ਨੂੰ, ਆਪ ਅੜ ਘਮਸਾਨ ਮਹਾਨ ਕੀਤਾ
ਉਦੇ ਸਿੰਘ ਨੇ ਉਹ ਘਮਸਾਨ ਕੀਤਾ, ਸਭ ਵੈਰੀਆਂ ਤਈਂ ਹੈਰਾਨ ਕੀਤਾ
ਅੰਤ ਹੋ ਸ਼ਹੀਦ ਕਰਤਾਰ ਸਿੰਘਾ, ਗੁਰਪੁਰੀ ਦੇ ਵਿਚ ਅਸਥਾਨ ਕੀਤਾ

### ਸਰਸੇ ਨਦੀ ਦਾ ਹੜ ਤੇ ਵੈਰੀਆਂ ਦਾ ਜ਼ੋਰ

ਜਿੰਨਾ ਚਿਰ ਉਦੇ ਸਿੰਘ ਲੜਦਾ, ਸਤਿਗੁਰੂ ਜੀ ਕੰਢੇ ਦਰਯਾ ਆਏ
ਅਗੋ ਹੜ ਪੈ ਰਿਹਾ ਸੀ ਵਿਚ ਸਰਸੇ, ਕਾਂਗ ਚੜ੍ਹ ਪਾਣੀ ਬੇਬਹਾ ਆਏ
ਸਾਰਾ ਸਾਥ ਕੰਢੇ ਉਤੇ ਡੱਕ ਘਟਾ, ਔਖੀ ਬਣੀ ਤੇ ਪੇਸ਼ ਨ ਕਾ ਜਾਏ
ਪਿਛੋਂ ਬਹੁਤ ਵੈਰੀ ਮਾਰੋ ਕਰਦੇ, ਵੜਨ ਗੁਰਾਂ ਤਾਈਂ ਜ਼ੋਰ ਪਾ ਆਏ
ਗਡੇ ਊਠ ਅਸਬਾਬ ਦੇ ਡਕੇ ਗਏ, ਵੈਰੀ ਚਾਰ ਚੁਫੇਰਿਓਂ ਧਾ ਆਏ
ਸਿੰਘ ਪੰਜ ਕੁ ਸੌ ਕਰਤਾਰ ਸਿੰਘਾ, ਵੈਰੀ ਦਲਾਂ ਦੇ ਦਲ ਉਮਡਾ ਆਏ

ਕੁਝ ਸਿੰਘ ਅਸਬਾਬ ਲੰਘਾਨ ਲਗੇ, ਕੁਝ ਵੈਰੀਆਂ ਦੇ ਅਗੇ ਅੜ ਗਏ
ਪਾਣੀ ਜਿਸੇ ਦੀ ਪੇਸ਼ ਨ ਜਾਨ ਦੇਂਦਾ, ਬਹੁਤੇ ਸਣੇ ਅਸਬਾਬ ਦੇ ਹੜ ਗਏ
ਗੁਸੇ ਵਿਚ ਸਤਿਗੁਰਾਂ ਨੇ ਬਾਣ ਵਾਹੇ, ਉਤੇ ਮੁਰਦਿਆਂ ਦੇ ਮੁਰਦੇ ਚੜ੍ਹ ਗਏ
ਵੈਰੀ ਗੁਰਾਂ ਨੂੰ ਫੜਨ ਦੇ ਕਰਨ ਧਾਵੇ, ਸਿੰਘ ਛਾਹ ਹਿਕਾਂ ਅਗੇ ਖੜ ਗਏ
ਦੋਹਾਂ ਪਾਸਿਆਂ ਤੋਂ ਓਹ ਮਾਰ ਮੱਚੀ, ਸੈਂ ਮਾਵਾਂ ਦੇ ਪੁਤਰ ਝੜ ਗਏ
ਚਲੇ ਗੁਰਾਂ ਦੇ ਬਾਣ ਕਰਤਾਰ ਸਿੰਘਾ, ਵੈਰੀ ਬਿਲੀਆਂ ਦੇ ਵਾਂਗ ਦੜ ਗਏ

ਸ੍ਰੀ ਦਸਮੇਸ਼ ਜੀ ਨੇ ਮਾਈਆਂ ਨੂੰ ਪਾਰ ਕਰਨ ਦਾ ਹੁਕਮ ਦੇਣਾ

ਜਦ ਵੇਖਿਆ ਪੇਸ਼ ਨਹੀਂ ਕੁਝ ਜਾਂਦੀ, ਕੀਤਾ ਗੁਰਾਂ ਨੇ ਇਹ ਬਚਾਓ ਜਲਦੀ
ਪਹਿਲਾਂ ਮਹਿਲਾਂ ਨੂੰ ਪਾਰ ਲੰਘਾਦਿਹੋ, ਵਡੀ ਮਾਹੀ ਨੂੰ ਪਾਰ ਕਰਾਓ ਜਲਦੀ
ਸਿੰਘੋ ਜਾਣ ਦਿਹੋ ਅਸਬਾਬ ਤਾਈਂ, ਸਾਡੇ ਹੁਕਮਾਂ ਤਈਂ ਬਜਾਓ ਜਲਦੀ
ਮਣੀਸਿੰਘ ਨੂੰ ਕਿਹਾ ਕਰਤਾਰਸਿੰਘਾ†ਮਾਈਆਂ ਦਿਲੀਨੂੰ ਲੈਕੇ ਜਾਓ ਜਲਦੀ

ਸ੍ਰੀ ਮਾਤਾ ਸਾਹਿਬਾਂ ਦਾ ਪਾਰ ਹੋਣਾ ਤੇ ਸਤਿਗੁਰਾਂ ਨੇ ਘੋਰ ਜੰਗ ਕਰਨਾ

ਮਾਈਆਂ ਪਾਰ ਉਤਾਰੀਆਂ ਮਸਾਂ ਸਿੰਘਾ, ਬਹੁਤ ਰੁੜ੍ਹ ਕੇ ਵਿਚ ਦਰਯਾ ਗਏ
ਵਡੀ ਮਾਈ ਦੇ ਨਾਲ ਦੋ ਸਾਹਿਬਜ਼ਾਦੇ, ਖੁੰਝ ਵਿਚ ਰੌਲੇ ਇਕ ਦਾ ਗਏ
ਮਾਤਾ ਸੁੰਦ੍ਰੀ ਤੇ ਸਾਹਿਬ ਕੌਰ ਤਾਈਂ, ਮਣੀ ਸਿੰਘ ਜੀ ਲੈ ਕੇ ਧਾ ਗਏ
ਜਵਾਹਰ ਸਿੰਘ ਧੰਨਾ ਸਿੰਘ ਨਾਲ ਦੋਵੇਂ, ਵਿਚ ਰੋਪੜ ਛਿਪ ਛਿਪਾ ਗਏ
ਨਾਲ ਟਹਿਲਨਾਂ ਭਾਗੋ ਤੇ ਦੂਈ ਬੀਬੋ, ਏਹ ਸਤੇ ਹੀ ਭੇਸ ਵਟਾ ਗਏ
ਬਸ ਜਿਸ ਵੇਲੇ ਮਾਈਆਂ ਪਾਰ ਹੋਈਆਂ, ਫਿਕਰ ਗੁਰਾਂ ਦੇ ਹੋ ਹਵਾ ਗਏ
ਪੈ ਗਏ ਲਲਕਾਰ ਕੇ ਵੈਰੀਆਂ ਤੇ, ਜਿਵੇਂ ਬਾਜ ਕੂੰਜਾਂ ਉਤੇ ਆ ਗਏ
ਸਾਰ ਸਾਰ ਛਡੇ ਤੀਰ ਧਨਖ ਵਿਚੋਂ, ਪੈ ਦੁਸ਼ਮਨਾਂ ਦੀ ਜਾਨ ਖਾ ਗਏ
ਸਿੰਘ ਤੇਗ ਵਾਹੀ ਜਾਂਦੀ ਵਾਰ ਦੀ ਜੀ, ਵੈਰੀ ਦੇਖਕੇ ਜਾਨ ਕੰਬਾ ਗਏ
ਯਾਦ ਰਹੇਗੀ ਸਦਾ ਕਰਤਾਰ ਸਿੰਘਾ, ਸਿੰਘ ਗਜ਼ਬ ਦੀ ਤੇਗ ਚਲਾ ਗਏ

---

†ਖਾਲਸੇ ਦੀ ਨਾਈਆਂ।

ਤਥਾ

ਵੈਰੀ ਗੁਰਾਂ ਦੇ ਫੜਨ ਨੂੰ ਕਰਨ ਧਾਵੇ; ਬੰਨ ਬੰਨ੍ਹ ਕੇ ਤੁਮਲੇ ਆਂਵਦੇ ਰਹੇ
ਸਤਿਗੁਰੂ ਜੀ ਤੇ ਸਿੰਘ ਮਾਰ ਤੇਗਾਂ, ਮੁਰਦੇ ਸਥਰਾਂ ਵਾਂਗ ਵਿਛਾਂਵਦੇ ਰਹੇ
ਜਿਵੇਂ ਗਿਦੜ ਸ਼ੇਰ ਦੇ ਪਕੜਨੇ ਨੂੰ, ਕਠੇ ਹੋ, ਹੋ ਕੇ ਕੁਰਲਾਂਵਦੇ ਰਹੇ
ਖੌਜ ਮਾਰਦਾ ਸ਼ੇਰ ਦਾ ਜਾਨ ਕੰਬੇ, ਦੂਰੋਂ ਭਬਕੀਆਂ ਬਹੁਤ ਦਿਖਾਂਵਦੇ ਰਹੇ
ਵੈਰੀ ਆਂਵਦੇ ਹੜਾਂ ਦੇ ਵਾਂਗ ਰਹੇ, ਸਿੰਘ ਵਾਂਗ ਪਹਾੜ ਅਟਕਾਂਵਦੇ ਰਹੇ
ਆਉਣ ਸਾਉਣ ਦੇ ਬਦਲਾਂ ਵਾਂਗ ਵੈਰੀ, ਸਿੰਘ ਪੌਣਹੇ ਭੁਰਕ ਉਡਾਂਵਦੇ ਰਹੇ
ਜਦੋਂ ਤਕ ਹਥਯਾਰਾਂ ਨੇ ਸਾਥ ਦਿਤਾ, ਤਦੋਂ ਤਕ ਤਾਂ ਸਿੰਘ ਚਲਾਂਵਦੇ ਰਹੇ
ਉਹਨਾਂ ਲਖਾਂ ਦਾ ਜ਼ੋਰ ਕਰਤਾਰਸਿੰਘਾ, ਵਿਚ ਖਾਕ ਦੇਮਾਰ ਮਿਲਾਂਵਦੇ ਰਹੇ

ਸਿੰਘਾਂ ਨੇ ਸਤਿਗੁਰਾਂ ਅਗੇ ਬੇਨਤੀ ਕਰਨੀ

ਜੀਉਨ ਸਿੰਘ ਤੇ ਸ਼ੇਰ ਸਿੰਘਨਾਹਰ ਗਏ, ਬੀਰ ਸਿੰਘ ਜਹੇ ਜਾਨਾਂ ਵਾਰ ਦੇਖੇ
ਉਦੇ ਸਿੰਘ ਜਹੇ ਹੋ ਸ਼ਹੀਦ ਗਏ; ਜਥੇਦਾਰ ਵਡੇ ਸਰਦਾਰ ਦੇਖੇ
ਸਿਰਫ ਸਿੰਘ ਭੀ ਛੇਦ ਕੂ ਸੌ ਰਿਹਾ; ਵੈਰੀ ਆ ਰਹੇ ਬੇਸ਼ੁਮਾਰ ਦੇਖੇ
ਦੇਯਾ ਸਿੰਘ ਤੇ ਸਾਹਿਬ ਹਥ ਜੋੜੇ, ਸਤਿਗੁਰੂ ਜੀ ਕਰ ਵਿਚਾਰ ਦੇਖੋ
ਆਪ ਪਾਰ ਦਰਯਾ ਤੋਂ ਹੋ ਜਾਵੋ; ਸਾਡੀ ਬੇਨਤੀ ਮੰਨ ਇਕ ਵਾਰ ਦੇਖੋ
ਜੇ ਸਲਾਮਤ ਤੁਸੀਂ ਕਰਤਾਰ ਸਿੰਘਾ; ਸਭੋ ਹੋ ਜਾਇਗੀ ਠੀਕ ਕਾਰ ਦੇਖੋ

ਸ੍ਰੀ ਦਸਮੇਸ਼ ਜੀ ਨੇ ਸਰਸਿਓਂ ਪਾਰ ਹੋਣਾ

ਜਦ ਹਠ ਪਿਆਰਿਆਂ ਬਹੁਤ ਕੀਤਾ; ਸਤਿਗੁਰੂ ਜੀ ਮਨਨੇ ਹਾਰ ਹੋਏ
ਘੋੜਾ ਵਿਚ ਦਰਯਾ ਦੇ ਸੁਟਿਓ ਨੇ, ਸਾਹਿਬਜ਼ਾਦੇ ਭੀ ਨਾਲ ਉਡਾਰ ਹੋਏ
ਕੁਝ ਸਿੰਘ ਪਿਛੇ ਵੈਰੀ ਡਕਦੇ ਰਹੇ ਕੁਝ ਸਤਿਗੁਰਾਂ ਦੇ ਨਾਲ ਪਾਰ ਹੋਏ
ਥੋੜੇ ਰੁੜ੍ਹੇ ਦਰਯਾ ਕਰਤਾਰ ਸਿੰਘਾ ਪਾਰ ਬਹੁਤ ਸੇ ਘਟ ਤਲਵਾਰ ਹੋਏ

ਉਸ ਸਮੇਂ ਦੀ ਬਿਪਤਾ ਦਾ ਹਾਲ

ਏਹ ਭੀ ਘੜੀ ਕੋਈ ਵਡੇ ਕਹਿਰ ਦੀ ਸੀ, ਇਕ ਬੜਾ ਭਾਰਾ ਘਮਸਾਨ ਹੋਯਾ
ਬਣੀ ਸਿੰਘਾਂ ਨੂੰ ਸੀ ਏਥੇ ਬਹੁਤ ਔਖੀ, ਵੈਰੀ ਜਿਨ੍ਹਾਂ ਦਾ ਜ਼ਿਮੀਂ ਅਸਮਾਨ ਹੋਯਾ
ਅਗੋਂ ਸਰਸਾ ਪਾਰ ਨਾ ਹੋਣ ਦੇਂਦਾ, ਪਿਛੋਂ ਵੈਰੀਆਂ ਦਾ ਸੀ ਤੂਫਾਨ ਹੋਯਾ

ਤੀਜੀ ਬਿਪਤਾ ਨਾਲ ਵਹੀਰ ਦੀ ਸੀ,ਕਾਹਲੀ ਨਾਲ ਔਖਾ ਪਾਰ ਜਾਨ ਹੋਯਾ
ਪਾਰ ਕਰਨ ਅਸਬਾਬ ਕਿ ਲੜਨ ਖੜਕੇ, ਵੇਲਾ ਡਾਢਾਹੀਤੰਗਪਛਾਨ ਹੋਯਾ
ਬੁਰੀ ਤੇਗ ਚਲੀ ਦਰਯਾ ਕੰਢੇ, ਬੇਅੰਤ ਜਵਾਨਾਂ ਦਾ ਘਾਨ ਹੋਯਾ
ਤਿੜ੍ਹ ਬਿੜ੍ਹ ਹੋ ਗਿਆ ਸੀ ਸਾਥ ਸਾਰਾ, ਤਦੋਂ ਔਖ ਸੰਭਾਲਨਾ ਆਨ ਹੋਯਾ
ਸਤਿਗੁਰਾਂ ਦਾ ਲੁਟ ਅਸਬਾਬ ਘੱਤਾ, ਅਤੇ ਬੜਾ ਭਾਰਾ ਨੁਕਸਾਨ ਹੋਯਾ
ਸਾਰੇ ਲੜਕੇ ਸਿੰਘ ਸ਼ਹੀਦ ਹੋ ਗਏ, ਸਭ ਸਾਜ ਸਾਮਾਨ ਵੈਰਾਗ ਹੋਯਾ
ਇਕ ਦਮ ਵਿਛੜ ਪਰਵਾਰ ਗਿਆ, ਵੈਰੀ ਸਿਰ ਉਤੇ ਬਲਵਾਨ ਹੋਯਾ
ਗਡੇ ਪੁਸਤਕਾਂ ਦੇ ਸਾੜ ਫੂਕ ਦਿਤੇ, ਬੁਰਾ ਵੈਰੀ ਤੋਂ ਕੰਮ ਸਿਆਨ ਹੋਯਾ
ਜਗਰ ਧੰਨ ਦਸ਼ਮੇਸ਼ ਕਰਤਾਰ ਸਿੰਘਾ, ਜ਼ਰਾ ਨਹੀਂ ਘਬਰਾ ਸੰਝਾਨ ਹੋਯਾ

ਰੋਪੜ ਦਿਆਂ ਖਾਨਾ ਦੇ ਪਾਰ ਹੁੰਦਿਆਂ ਹੀ ਰੋਕ ਲੈਣਾ

ਏਸ ਕਹਿਰ ਦੀ ਘੜੀ ਨੂੰ ਕਟ ਕਟਕੇ, ਸਤਿਗੁਰੂ ਜੀ ਪਾਰ ਦਰਯਾ ਹੋਏ
ਵਡੇ ਸਾਹਿਬਜ਼ਾਦੇ ਕੁਝ ਸਿੰਘ ਥੋੜੇ, ਪਾਰ ਬਹੁਤ ਤਕਲੀਫ ਉਠਾ ਹੋਏ
ਪਿਛੋਂ ਵੈਰੀ ਦਰਯਾ ਨੂੰ ਲੰਘ ਰਹੇ, ਖਾਨ ਰੋਪੜੀ ਅਗੋਂ ਦੀ ਆ ਹੋਏ
ਦੋਹਾਂ ਪਾਸਿਆਂ ਤੋਂ ਵੈਰੀ ਰੋਕਖਲੋ, ਪੈਰ ਪੈਰ ਤੇ ਪਿਆ ਅਟਕਾ ਹੋਏ
ਸਿੰਘ ਸਤੇ ਹੋਏ ਤੇਗਾਂ ਸੂਤ ਪਏ, ਚੰਗੇ ਘੜੀ ਦੋ ਹਥ ਵਿਖਾ ਹੋਏ
ਸਤਿਗੁਰਾਂ ਨੇ ਗੁਸੇ ਹੋ ਤੀਰ ਵਾਹੇ, ਪਾਰ ਵੈਰੀਆਂ ਧਰਤ ਵਿਛਾ ਹੋਏ
ਸਾਰੇ ਰਹਿ ਗਏ ਚਾਲੀ ਕਰਤਾਰ ਸਿੰਘਾ, ਘੋੜੇ ਅਗੇ ਨੂੰ ਤੁਰਤ ਉਡਾ ਹੋਏ

ਸ੍ਰੀ ਦਸ਼ਮੇਸ਼ ਜੀ ਨੇ ਚਮਕੌਰ ਪਹੁੰਚਣਾ

ਬੂਰ ਮਾਜਰੇ ਤੇ ਬਾਹਮਣ ਮਾਜਰੇ ਥੀਂ, ਲੰਘ ਗੁਰੂ ਜੀ ਵਲ ਚਮਕੌਰ ਗਏ
ਦਿਨ ਛਿਪਦੇ ਨੂੰ ਇਕ ਬਾਗ ਅੰਦਰ; ਥਕ ਟੁਟ ਕੇ ਸਾਰੇ ਹੀ ਜਾ ਪਏ
ਕਈਆਂ ਦਿਨਾਂ ਦੀ ਭੁਖ ਥਕੇਵਾਂ ਹੈਸੀ, ਪਰ ਫੇਰ ਭੀ ਹਠ ਨਿਭਾ ਰਹੇ
ਦੇਸ ਰਖਯਾ ਲਈ ਕਰਤਾਰ ਸਿੰਘਾ, ਵੇਖ ਸਤਿਗੁਰਾਂ ਨੇ ਕੇਡੇ ਦੁਖ ਸਹੇ

ਚਮਕੌਰ ਦੀ ਹਵੇਲੀ ਤੇ ਸਤਿਗੁਰਾਂ ਨੇ ਕਬਜ਼ਾ ਕਰਨਾ

ਇਕ ਛੋਟੀ ਜਹੀ ਗੜ੍ਹੀਸੀ ਚੌਧਰੀ ਦੀ,ਓਹਦੇ ਵਿਚਵੜਨਾਗੁਰਾਂ ਚਾਹਯਾ ਜਾ

ਦੈਯਾ ਸਿੰਘ ਨੂੰ ਭੇਜਕੇ ਉਸ ਤਾਈਂ, ਸਤਿਗੁਰਾਂ ਨੇ ਪਾਸ ਬੁਲਾਯਾ ਜੀ
ਟਾਲੇ ਵਾਲੇ ਬਬੇਰੇ ਓਹ ਕਰ ਰਿਹਾ, ਓਹਦੇ ਭਾਈ ਨੇ ਪਾਸ ਬੁਲਾਯਾ ਜੀ
ਓਹਦਾ ਨਾਮ ਗਰੀਬੂ ਤੇ ਪਾਸ ਖਲਾ, ਹਥ ਜੋੜਕੇ ਓਸ ਸੁਨਾਯਾ ਜੀ
ਮਹਾਰਾਜ ਜੀ ਅਧੀ ਹਵੇਲੀ ਮੇਰੀ, ਮੈਨੂੰ ਚੌਧਰੀ ਮਾਰ ਧਕਾਯਾ ਜੀ
ਸੋ ਮੇਰੇ ਹਿਸੇ ਵਿਚ ਚਲ ਬੈਠੋ, ਗੁਰਾਂ ਚੌਧਰੀ ਨੂੰ ਫੜਵਾਯਾ ਜੀ
ਝਟ ਵਿਚ ਹਵੇਲੀ ਦੇ ਜਾ ਵੜੇ, ਓਹਦਾ ਟਬਰ ਬਾਹਰ ਧਕਾਯਾ ਜੀ
ਰਸਦ ਬਸਦ ਲੈ ਕਰਕੇ ਚੌਧਰੀ ਦੀ, ਖਾ, ਪੀ ਕੇ ਸ਼ੁਕਰ ਮਨਾਯਾ ਜੀ
ਸਾਰੇ ਘੋੜੇ ਤੇ ਖਚਰਾਂ ਤੀਰਾਂ ਦੀਆਂ, ਓਹਨਾਂ ਤਈਂ ਦਾਨਾ ਪਠਾ ਪਾਯਾ ਜੀ
ਹਥੋ ਹਥੀ ਚਾ ਮੋਰਚੇ ਤਯਾਰ ਕੀਤੇ, ਜੰਦਾ ਕੁੰਡਾ ਮਜ਼ਬੂਤ ਕਰਾਯਾ ਜੀ
ਅਠ ਅਠ ਚੌਹੀਂ ਬਾਹੀਂ ਸਿੰਘ ਵੰਡੇ, ਤੀਰ ਗੋਲੀ ਬਾਰੂਦ ਵੰਡਾਯਾ ਜੀ
ਰਾਤ ਤਕੜੇ ਹੋ ਹੁਸ਼ਯਾਰ ਰਹਿਨਾ, ਥਾਉਂ ਥਾਂਈਂ ਸਭ ਤਾਂਈਂ ਬਿਠਾਯਾ ਜੀ
ਫੇਰ ਬੈਠਕੇ ਗੁਰਾਂ ਨੇ ਸਾਰਿਆਂ ਨੂੰ, ਇਸ ਤਰ੍ਹਾਂ ਦੇ ਨਾਲ ਸਮਝਾਯਾ ਜੀ
ਨਾਲ ਆਪਣੀ ਭੁਲ ਕਰਤਾਰ ਸਿੰਘਾ, ਇਹ ਸਾਰਾ ਹੀ ਦੁਖ ਉਠਾਯਾ ਜੀ

ਸ੍ਰੀ ਦਸਮੇਸ਼ ਜੀ ਦਸਣਾ ਕਿ ਇਹ ਦੁਖ ਤੁਹਾਡੀ ਜਿਦ ਦਾ ਫਲ ਹੈ

ਦੇਖੋ ਖਾਲਸਾ ਜੀ ਇਹ ਦੁਖ ਭਾਰੇ, ਕਰ ਆਪਣੀ ਭੁਲ ਉਠਾਏ ਸਾਰੇ
ਸਾਡੇ ਬਚਨਾਂ ਨੂੰ ਝੂਠਾ ਮੰਨਿਆ ਸੀ, ਅਸੀਂ ਰਹੇ ਸਾਂ ਭੇਦ ਸਮਝਾਏ ਸਾਰੇ
ਦੋ ਦਿਨ ਠਹਿਰੋ ਆਪੇ ਆਪ ਵੈਰੀ, ਚਲੇ ਜਾਣਗੇ ਘੇਰੇ ਉਠਾਏ ਸਾਰੇ
ਨ ਕਰੋ ਇਤਬਾਰ ਪਹਾੜੀਆਂ ਦਾ ਜਿਦ ਆਪਣੀ ਦੇ ਉਤੇ ਆਏ ਸਾਰੇ
ਪਰ ਕਿਸੇ ਨਹੀਂ ਸੀ ਇਤਬਾਰ ਕੀਤਾ, ਜਿਦ ਆਪਣੀ ਦੇ ਉਤੇ ਆਏ ਸਾਰੇ
ਓਸ ਜ਼ਿਦ ਦਾ ਫਲ ਇਹ ਨਿਕਲਯਾ ਏ, ਸਾਥੀ ਭੰਗ ਦੇ ਰੁੜ੍ਹਾਏ ਸਾਰੇ
ਲੁਟ ਪੁਟ ਘਤਾ ਅਸਬਾਬ ਸੀ ਜੋ, ਐਵੇਂ ਪੁਸਤਕ ਗਏ ਬਨਾਏ ਸਾਰੇ
ਸਾਨੂੰ ਹੋਰ ਅਫਸੋਸ ਤਾਂ ਕੋਈ ਨਹੀਂ, ਆਏ ਅਮੋਲਕ ਗ੍ਰੰਥ ਖੁਹਾਏ ਸਾਰੇ
ਛੋਟ ਸਾਹਿਬਜ਼ਾਦੇ ਦੋ ਸਾਥੋਂ ਗਏ, ਵਿਛੜ, ਹੁਣ ਦੁਖ ਰਹੇ ਭਾਰੇ ਪਾਏ ਸਾਰੇ
ਚੰਗਾ ਵਰਤਿਆ ਹੁਕਮ ਜੋ ਵਾਹਿਗੁਰੂ ਦਾ, ਅਸੀਂ ਭੋਗਾਂਗੇ ਸ਼ੁਕਰ ਮਨਾਏ ਸਾਰੇ
ਪੰਜ ਵੈਰੀਆਂ ਦੇ ਵਿਚ ਫਸ ਗਏ, ਮਰਿਓ ਹੁਣ ਸਿਧੇ ਮਥੇ ਜਾਏ ਸਾਰੇ

ਸਿੰਘ ਧਰਮ ਨਿਭਾ ਕਰਤਾਰ ਸਿੰਘਾ, ਗੁਰਪੁਰੀ ਜਾਇਉ ਭਰੇ ਚਾਏ ਸਾਰੇ

ਵਾਕ ਕਵੀ

ਸਾਹਿਬਜ਼ਾਦੇ ਤੇ ਗੁਰੂ ਜੀ ਸੌਂ ਗਏ, ਸਿੰਘ ਜਾਗਦੇ ਰਹੇ ਖਬਰਦਾਰ ਹੋਕੇ
ਆਪੋ ਆਪਣੀ ਵਾਰ ਤੇ ਦੇਨ ਪਹਿਰਾ, ਧੋਖੇ ਦੁਸ਼ਮਨਾਂ ਤੋਂ ਹੁਸ਼ਯਾਰ ਹੋਕੇ
ਚਿੰਤਾ ਸੋਗ ਨ ਸਿੰਘਾਂ ਦੇ ਮਨ ਅੰਦਰ, ਭਾਣਾ ਵੇਖ ਰਹੇ ਸ਼ੁਕਰ ਗੁਜ਼ਾਰ ਹੋਕੇ
ਰਾਤ ਬੀਤ ਗਈ ਕਰਤਾਰ ਸਿੰਘਾ, ਸੂਰਜ ਚੜ੍ਹਿਆ ਤੇਜ਼ ਰਫਤਾਰ ਹੋਕੇ

ਵੈਰੀਆਂ ਦੇ ਦਲਾਂ ਨੇ ਚਮਕੌਰ ਨੂੰ ਘੇਰਨਾ

ਦੂਰ ਲੰਘ ਆਏ ਪਹਿਲੇ ਹਥ ਗੁਰਜੀ, ਦੇਰ ਨਾਲ ਫੌਜਾਂ ਪਿਛੋਂ ਪਾਰ ਹੋਈਆਂ
ਪਤਾ ਰੋਪੜੋਂ ਅਗੇ ਨ ਕੁਸ ਲਗੇ, ਢੂੰਡ ਚਾਰ ਚੌਫੇਰ ਖਵਾਰ ਹੋਈਆਂ
ਕੋਹਾਂ ਵਿਚ ਫੈਲੇ ਬਾਦਸ਼ਾਹੀ ਲਸ਼ਕਰ, ਵੇ ਰਯਤਾ ਸਭ ਲਾਚਾਰ ਹੋਈਆਂ
ਪੁਛ ਗਿਛ ਜਦੋਂ ਪਤਾ ਕਢਿਉ ਨੇ, ਘਤ ਵਲ ਚਮਕੌਰ ਉਲਾਰ ਹੋਈਆਂ
ਰਾਤੋ ਰਾਤ ਚਮਕੌਰ ਆ ਘੇਰ ਲਈ, ਥਾਂਉ ਥਾਂਈ ਫੌਜਾਂ ਖਬਰਦਾਰ ਹੋਈਆਂ
ਜਿੰਦਾਂ ਚਾਲੀਆਂ ਉਤੇ ਕਰਤਾਰ ਸਿੰਘਾ, ਫੌਜਾਂ ਕਠੀਆਂ ਬੇਸ਼ੁਮਾਰ ਹੋਈਆਂ

# *੧੭ ਮੱਘਰ ਨੂੰ ਚਮਕੌਰ ਦੀ ਜੰਗ

ਉਹਨਾਂ ਰਾਜਿਆਂ ਦੇ ਨਾਮ ਕਈ ਵਾਰੀ, ਪਿਛੇ ਲਿਖ ਕੇ ਹੈਨ ਸੁਨਾਏ ਹੋਏ
ਕਈ ਮਰੇ ਤੇ ਕਈ ਹੋ ਗਏ ਜ਼ਖਮੀ, ਸੁਣੋ ਖਾਨ ਸੂਬੇ ਜਿਹੜੇ ਆਏ ਹੋਏ
ਸੈਦ ਖਾਂ; ਉਸਮਾਨ ਖਾਂ, ਖਾਂ ਹੈਬਤ ਇਸਮਾਈਲ ਖਾਂ ਚਾਰੇ ਗਿਣਾਏ ਹੋਏ
ਖ੍ਵਾਜਾਖਿਜ਼ਰ, ਗੁਲਸ਼ੇਰ ਤੇ ਖਾਂ ਨਾਹਰ, ਤਿੰਨੇ ਭਾਈ ਮਲੇਰੀਏ ਧਾਏ ਹੋਏ
ਨਜੀਬ ਖਾਂ, ਜਹਾਨ ਖਾਂ ਖਾਨ ਮੀਆਂ, ਜਬਰਦਸਤ ਖਾਂ, ਜ਼ੋਰ ਜਤਾਏ ਹੋਏ
ਸੂਬਾ ਖਾਨ ਦਲੇਰ, ਵਜੀਦ ਖਾਂ ਨੇ, ਭੂਏ ਹੋਕੇ ਸ਼ੋਰ ਮਚਾਏ ਹੋਏ
ਗੁਲਸ਼ੇਰ, ਸੁਲਤਾਨ ਖਾਂ ਨਾਮੀ ਨਾਮੀ, ਹੋਰ ਛੋਟੇ, ਛੋਟੇ ਕਈ ਰਲਾਏ ਹੋਏ

---

*ਚਮਕੌਰ ਵਿਚ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦਿਨ ਡਾਇਰੀਆਂ ਤੇ ਕੈਲੰਡਰਾਂ ਵਿਚ ਅਠ ਪੋਹ ਲਿਖਿਆ ਹੈ ਸੋ ਗੁਰੂ ਜਾਣੇ ਕਿਹੜਾ ਠੀਕ ਹੈ :

ਸੂਬੇ ਤਿੰਨ ਤੇ ਹਾਕਮ ਬਹੁਤ ਸਾਰੇ, ਹੋਰ ਕਈ ਰਈਸ ਬੁਲਾਏ ਹੋਏ
ਇਹ ਆ ਚਮਕੌਰ ਹੋਏ ਸਭ ਕਠੇ, ਫੜਨੇ ਗੁਰਾਂ ਨੂੰ ਖਿਆਲ ਸਮਾਏ ਹੋਏ
ਦਿਨ ਚੜ੍ਹਿਆ ਪਿਛੋਂ ਕ੍ਰਤਾਰ ਸਿੰਘਾ, ਵੈਰੀ ਪਹਿਲਾਂ ਚੌਫੇਰੇ ਸਨ ਛਾਏ ਹੋਏ

ਹਵੇਲੀ ਤੇ ਵੈਰੀਆਂ ਦਾ ਧਾਵਾ

ਹੁਣ ਫੜ ਲਾਂਗੇ ਇਹ ਖਿਆਲ ਕਰ ਕੇ, ਫੌਜ ਗੜ੍ਹੀ ਦੇ ਉਤੇ ਹੁਕਾ ਦਿਤੀ
ਮਾਰੋ ਫੜ ਲੋ ਕਰਦੇ ਕੁਦ ਪਏ, ਚੌਹਾਂ ਪਾਇਆਂ ਤੋਂ ਰੌਲੀ ਪਾ ਦਿਤੀ
ਓਧਰ ਸਿੰਘ ਬੈਠੇਅਗੇ ਤਯਾਰ ਹੀ ਸਨ, ਉਨ੍ਹਾਂ ਗੋਲੀਆਂ ਦੀ ਝੜੀ ਲਾ ਦਿਤੀ
ਉੱਤੋਂ ਗੁਰੂ ਜੀ ਤੇ ਸਾਹਿਬਜ਼ਾਦਿਆਂ ਨੇ ਐਨ ਤੀਰਾਂ ਦੀ ਲੜੀ ਬਨ੍ਹਾਂ ਦਿਤੀ
ਜਿਵੇਂ ਬੂਹੇ ਨੂੰ ਵਧਕੇ ਫੌਜ ਆਈ, ਇਕ ਵਾਰ ਸਥਾਰ ਵਿਛਾ ਦਿਤੀ
ਸਤਿਗੁਰਾਂ ਦਿਆਂ ਤਿਖੇ ਖਪਰਿਆਂ ਨੇ, ਦਸਾਂ ਦਸਾਂ ਦੀ ਜਿੰਦ ਗਵਾ ਦਿਤੀ
ਵੈਰੀ ਹਲੇ ਉਤੇ ਹਲਾ ਰਹੇ ਕਰਦੇ, ਪੇਸ਼ ਗੁਰਾਂ ਨੇ ਜਾਨ ਨ ਕਾ ਦਿਤੀ
ਜਿਸ ਤਰਫ ਪਹੇ ਜ਼ੋਰ ਓਸੇ ਪਾਸੇ, ਜਾ ਸਤਿਗੁਰਾ ਫੌਜ ਦਬਾ ਦਿਤੀ
ਤਿਖੀ ਮਾਰ ਤੀਰਾਂ ਦੀ ਵੇਖ ਕਰਕੇ, ਵਿਚੋਂ ਦੁਸ਼ਮਨਾਂ ਜਾਨ ਕੰਬਾ ਦਿਤੀ
ਗੜ੍ਹੀ ਤੋੜਨੇ ਦੀ ਪਹਿਲੀ ਤੇਜ਼ੀ ਸੀ ਜੋ, ਮਾਰ ਤੀਰਾਂ ਦੀ ਨੇ ਢਿਲੀ ਪਾ ਦਿਤੀ
ਮਾਰ ਖਾ ਵੈਰੀ ਥੰਮ ਲੜਨ ਲਗੇ, ਧਨਖ ਵਿਦਯਾ ਗੁਰਾਂ ਵਿਖਾ ਦਿਤੀ
ਪਹਿਲੇ ਪਹਿਰ ਦੇ ਵਿਚ ਕਰਤਾਰ ਸਿੰਘਾ, ਮਾਰ ਫੌਜ ਬੇਅੰਤ ਖਪਾ ਦਿਤੀ

ਤਥਾ

ਥੋੜੇ ਸਿੰਘ ਹੀ ਗੁਰਾਂ ਦੇ ਨਾਲ ਰਹਿ ਗਏ, ਇਹ ਸਮਝ ਵੈਰੀ ਧਾ ਆਂਵਦੇ ਰਹੇ
ਐਲੀ, ਐਲੀ, ਦੇਵੀ ਹਨੂੰਮਾਨ ਕਹਿਕੇ, ਆ ਧਾਵੇ ਤੇ ਧਾਵਾ ਬੁਲਾਂਵਦੇ ਰਹੇ
ਅਗੋਂ ਮੋਰਚੇ ਮਲਕੇ ਸਿੰਘ ਬੈਠੇ, ਗੋਲੀ ਤੀਰਾਂ ਦਾ ਮੀਂਹ ਵਰਸਾਂਵਦੇ ਰਹੇ
ਵਧ, ਵਧ ਵੈਰੀ ਜਿਵੇਂ ਆਂਵਦੇ ਰਹੇ, ਸਤਿਗੁਰੂ ਜੀ ਮਾਰ ਉਲਟਾਂਵਦੇ ਰਹੇ
ਉਚੇ ਥਾਂ ਤੋਂ ਆਪ ਤਾਂ ਗੁਰੂ ਸਾਹਿਬ, ਤਕ ਅਫਸਰਾਂ ਜਾਨ ਗਵਾਂਵਦੇ ਰਹੇ
ਰਾਮ ਚੰਦ ਤੇ ਅਰਜਨੋਂ ਤੀਰ ਛਾਵੇ, ਮਾਰ ਸੈਈਆਂ ਨੂੰ ਪਾਰ ਬੁਲਾਂਵਦੇ ਰਹੇ
ਅਗੋਂ ਮਰ ਜਾਂਦੇ ਪਿਛੋਂ ਹੋਰ ਦੂਣੇ, ਸੂਬੇ ਗੜ੍ਹੀ ਦੇ ਵਲ ਧਕਾਂਵਦੇ ਰਹੇ
ਢੇਰ ਲਗੇ ਚੁਫੇਰੇ ਹੀ ਮੁਰਦਿਆਂ ਦੇ, ਕਈ ਦਲੀਦੇ ਹੀ ਮਰ ਜਾਂਵਦੇ ਰਹੇ

ਏਸੇ ਤਰ੍ਹਾਂ ਰਹੀ ਮਾਰੋ ਮਾਰ ਮਚੀ, ਵੈਰੀ ਜ਼ੋਰ ਜਿੰਨਾ ਹੈ ਸੀ ਲਾਂਵਦੇ ਰਹੇ
ਕੁਝ ਸੌਰਿਆ ਨ ਕਰਤਾਰ ਸਿੰਘਾ, ਐਵੇਂ ਮੁਫਤ ਜਵਾਨ ਮਰਵਾਂਵਦੇ ਰਹੇ

ਮਲੇਰੀਆਂ ਨੇ ਗੁਸਾ ਖਾ ਕੇ ਗੜ੍ਹੀ ਤੇ ਧਾਵਾ ਕਰਨਾ

ਗੁਸਾ ਖਾ ਕੇ ਗੜ੍ਹ ਦੇ ਤੋੜਨੇ ਨੂੰ, ਧਾਵਾ ਵਧਕੇ ਕੀਤਾ ਮਲੇਰੀਆਂ ਨੇ
ਐਲੀ ਐਲੀ ਕਰਦੇ ਤਿੰਨੇ ਭਾਈ ਵਧੇ, ਮੂੰਹੋਂ ਬਕਦੇ ਬਾਤਾਂ ਮੰਦੇਰੀਆਂ ਨੇ
ਫੌਜ ਆਪਣੀ ਤਈਂ ਵਧਾ ਲਿਆਏ, ਤਿੰਨੇ ਦੇਕੇ ਬਹੁਤ ਦਲੇਰੀਆਂ ਨੇ
ਵਾਹੇ ਗੁਰਾਂ ਨੇ ਤੀਰਾਂ ਕਰਤਾਰ ਸਿੰਘਾ, ਜਿੰਦਾਂ ਕੀਤੀਆਂ ਪਾਰ ਬਥੇਰੀਆਂ ਨੇ

ਨਾਹਰ ਖਾਂ ਦਾ ਮਰਨਾ ਤੇ ਗੁਲਸ਼ੇਰ ਖਾਂ ਦਾ ਜ਼ਖਮੀ ਹੋਣਾ

ਅਗ੍ਹਾਂ ਵਧਕੇ ਬਹੁਤ ਪਠਾਨ ਗਏ, ਮਾਰੋ ਮਾਰ ਦਾ ਸ਼ੋਰ ਕਰਾਰ ਹੋਯਾ
ਚੜ੍ਹ ਚਲੇ ਜਵਾਨੇ ਰਵੇਲੀ ਉਤੇ, ਨਾਹਰ ਖਾਂ ਅਗੋ ਲਲਕਾਰ ਹੋਯਾ
ਸਤਿਗੁਰਾਂ ਨੇ ਛਡਿਆ ਤੀਰ ਤਿਖਾ, ਛਾਤੀ ਵਿੰਨ੍ਹਕੇ ਸਾਫ ਹੀ ਪਾਰ ਹੋਯਾ
ਜਿਵੇਂ ਆਂਵਦਾ ਸੀ ਅਗੋਵਧਿਆਓਹ, ਪਿਛਾਂ ਉਲਟ ਡਿਗਾ ਮੂੰਹਦੇਭਾਰ ਹੋਯਾ
ਏਹ ਵੇਖਕੇ ਖਵਾਜੇ ਨੂੰ ਅਗ ਲਗੀ; ਨਾਲ ਗੁਸੇ ਦੇ ਭਖ ਅੰਗਾਰ ਹੋਯਾ
ਵਾਂਗ ਸ਼ੇਰਾਂ ਦੇ ਭਬਕ ਕੇ ਵਧਿਆ ਓਹ; ਖੂਨ ਵਿਚ ਅਖਾਂ ਨਮੂਦਾਰ ਹੋਯਾ
ਸਤਿਗੁਰੂ ਜੀ ਉਤਲੀ ਛਤ ਬੈਠੇ, ਜਿਗ੍ਹਾ ਕਲਗੀ ਦਾ ਚਮਕਾਰ ਹੋਯਾ
ਗੋਲੀ ਤੀਰਾਂ ਦਾ ਮੀਂਹ ਵਸਾਯਾ ਵੈਰੀ, ਰਾਖਾ ਗੁਰੂ ਜੀ ਦਾ ਕਰਤਾਰ ਹੋਯਾ
ਵਜਾ ਗੁਰਾਂ ਦਾ ਤੀਰ ਗੁਲਸ਼ੇਰ ਖਾਂ ਨੂੰ, ਜਖਮ ਖਾਕੇ ਸਖਤ ਲਾਚਾਰ ਹੋਯਾ
ਓਹਨੂੰ ਚਕ ਪਛਾਂਹ ਨੂੰ ਲੈ ਗਏ, ਖ੍ਵਾਜਾ ਖਿਜਰ ਸਰੀਰ ਤੋਂ ਬਾਹਰ ਹੋਯਾ
ਖਾਂਦਾ ਦੁਖ ਭਰਾਵਾਂ ਦਾ ਕਾਲਜੇ ਨੂੰ, ਮਰਨੇ ਮਾਰਨੇ ਲਈ ਤਿਆਰ ਹੋਯਾ
ਬੈਠੇ ਗੁਰੂ ਜੀ ਸਾਮ੍ਹਣੇ ਨਜ਼ਰ ਆਉਂਦੇ, ਜਾਵੇ ਪੇਸ਼ ਨਾ ਦੁਖੀ ਗਵਾਰ ਹੋਯਾ
ਜਦ ਵਧਿਆ ਅਗ੍ਹਾਂ ਤਾਂ ਗੁਰੂ ਜੀ [illegible], ਤੀਜਾ ਏਸ ਦੇ ਉਤੇ ਭੀ ਵਾਰ ਹੋਯਾ
ਬਚ ਗਿਆ ਪਾਜ਼ੀ ਕਰਤਾਰ ਸਿੰਘਾ, ਪਾਸਾ ਵਟਕੇ ਓਹਲੇ ਦੀਵਾਰ ਹੋਯਾ

ਵਾਕ ਕਵੀ

ਤੂੰ ਧੰਨ ਹੈਂ ਸ੍ਰੀ ਦਸਮੇਸ਼ ਪਿਤਾ, ਤੇਰੀ ਸੰਮਤਾ ਨਜ਼ਰ ਨਾ ਆਏ ਕੋਈ

---

ਚਮਕੌਰ ਤੇ ਸਰਹੰਦ ਦਾ ਪੂਰਾ ਬ੍ਰਿਤਾਂਤ ਪੜ੍ਹਨ ਲਈ ਬੀਰ ਸਪੂਤ੍ਰ ਮੰਗਵਾਕੇ ਪੜ੍ਹੋ ।

ਸਤਿਯੁਗ ਤੋਂ ਲੈ ਕੇ ਹੁਣ ਤੋੜੀ, ਨਾ ਬਰਾਬਰੀ ਹੈ ਰਖਾਏ ਕੋਈ
ਕਿਸੇ ਮਜ਼੍ਹਬ ਦੇ ਕਿਸੇ ਬਜੁਰਗ ਦੀ ਭੀ, ਐਸੀ ਕਢ ਮਸਾਲ ਦਿਖਾਏ ਕੋਈ
ਨਹੀਂ ਮਿਲੇਗੀ ਕਿਤੇ ਕਰਤਾਰ ਸਿੰਘਾ, ਤਾਰੀਖਾਂ ਦੇ ਵਰਕ ਉਲਟਾਏ ਕੋਈ

ਤਥਾ

ਪਾਸ ਰਾਜ ਤੇ ਮੁਲਕ ਨ ਕੁਝ ਹੋਵੇ, ਕਾਫੀ ਜੰਗ ਦਾ ਨ ਸਮਾਨ ਹੋਵੇ
ਨੌਕਰ ਤਲਬ ਦੀ ਫੌਜ ਭੀ ਨਾ ਹੋਵੇ, ਨਾਲ ਜੰਗ ਦੇ ਵੰਗੋਂ ਅੰਵਾਨ ਹੋਵੇ
ਵੈਰੀ ਦਿਲੀ ਦਾ ਬਾਦਸ਼ਾਹ ਸਿਰ ਉੱਤੇ, ਮਾਰੂ ਕੌਮ ਹਿੰਦੂ ਮੁਸਲਮਾਨ ਹੋਵੇ
ਫੌਜਾਂ ਆਉਨ ਸਮੁੰਦਰਾਂ ਵਾਂਗ ਚੜ੍ਹਕੇ, ਜਿਵੇਂ ਆਯਾ ਨੂਹ ਤੂਫਾਨ ਹੋਵੇ
ਪਾਸ ਗਿਨਤੀ ਦੇ ਕੁਝ ਜਵਾਨ ਹੋਵਨ, ਬਰਸ ਦੋ ਬਰਸਾਂ ਘਮਸਾਨ ਹੋਵੇ
ਫੇਰ ਜਿਤਿਆ ਜਾਏ, ਨ ਜਾਏ ਫੜਿਆ, ਤੇਗਾਂ ਮਾਰਦਾ ਵਿਚ ਮੈਦਾਨ ਹੋਵੇ
ਨਾ ਹੌਸਲਾ ਹਾਰ ਬੇਜਾਨ ਹੋਵੇ, ਅਖੀਂ ਸਾਮ੍ਹਣੇ ਘਰ ਵੈਰਾਨ ਹੋਵੇ
ਦਿਲ ਛਡਕੇ ਨਾ ਹਥਯਾਰ ਸੁਟੇ, ਬਿਨਾਂ ਜਾਨ ਦੇ ਸਭ ਨੁਕਸਾਨ ਹੋਵੇ
ਫੇਰ ਲੈਕੇ ਨਾਲ ਜਵਾਨ ਚਾਲੀ, ਕਿਲ੍ਹਾ ਕੋਟ ਨ ਕੱਚਾ ਮਕਾਨ ਹੋਵੇ
ਲਖਾਂ ਵੈਰੀਆਂ ਨੇ ਘੇਰਾ ਪਾਯਾ ਹੋਵੇ, ਹੈ ਬੁਧੀਰਾਜਾ ਨ ਹੈਰਾਨ ਹੋਵੇ
ਐਸੀ ਕੋਈ ਮਿਸਾਲ ਦਿਖਾਲ ਦੇਵੇ; ਪਾਸ ਜਿਸਦੇ ਵਿਚ ਜਹਾਨ ਹੋਵੇ
ਐਸੇ ਮਹਾਂਬਲੀ ਉਤੋਂ ਕਰਤਾਰ ਸਿੰਘਾ, ਕਿਉਂ ਨ ਕੁਲਜਹਾਨ ਕੁਰਬਾਨ ਹੋਵੇ

ਸਿੰਘਾਂ ਪਾਸੋਂ ਗੋਲੀਆਂ ਤੇ ਤੀਰ ਥੁੜ ਜਾਣੇ

ਪੰਜ ਚਾਰ ਹੀ ਖਚਰਾਂ ਨਾਲ ਹੈਸਨ, ਦਾਰੂ ਸਿਕਾ ਤੇ ਤੀਰ ਪਛਾਨ ਭਾਈ
ਭਲਾ ਕਿੰਨਾਂ ਕੁ ਚਿਰ ਓਹ ਨਿਭਨੇ ਸਨ, ਤਿੰਨ ਪਹਿਰ ਹੋਯਾ ਘਮਸਾਨ ਭਾਈ
ਕਈ ਵਾਰੀ ਹਲੇ ਕੀਤੇ ਵੈਰੀਆਂ ਨੇ, ਸਭ ਮੁਕਦਾ ਗਿਆ ਸਾਮਾਨ ਭਾਈ
ਗੋਲੀ ਤੀਰ ਰਹੇ ਥੋੜੇ ਕਰਤਾਰ ਸਿੰਘਾ, ਫੇਰ ਲਈ ਸਿੰਘਾਂ ਏਹ ਠਾਨ ਭਾਈ

ਕੁਝ ਸਿੰਘਾਂ ਨੇ ਬਾਹਰ ਨਿਕਲਕੇ ਤਲਵਾਰ ਦੇ ਯੁਧ ਦੀ ਆਗਿਆ ਮੰਗਨੀ

ਸਿੰਘਾਂ ਅਰਜ ਕੀਤੀ ਸਤਿਗੁਰਾਂ ਅਗੇ; ਦਿਹੋ ਆਗਯਾਬਾਹੂ ਹੁਣ ਜਾਈਏ ਜੀ
ਥੋੜੇ ਥੋੜੇ ਹੀ ਗੋਲੀ ਤੇ ਤੀਰ ਰਹਿ ਗਏ, ਹੁਨ ਤੇਗ ਦੇ ਹਥ ਦਿਖਾਈਏ ਜੀ

ਫੜੇ ਗਏ ਤੇ ਪਾਜ਼ੀ ਨ ਹੋ ਮਰੀਏ, ਤੇਗਾਂ ਮਾਰ ਸ਼ਹੀਦੀਆਂ ਪਾਈਏ ਜੀ
ਏਥੋਂ ਬਚਣਾ ਔਖਾ ਕਰਤਾਰ ਸਿੰਘਾ; ਮਥੇ ਸਾਮ੍ਹਣੇ ਜੰਗ ਮਚਾਈਏ ਜੀ

ਸ੍ਰੀ ਦਸਮੇਸ਼ ਜੀ ਨੇ ਤੇਗ਼ ਦਾ ਜੰਗ ਕਰਨ ਦੀ ਆਗਿਆ ਦੇਣੀ

ਹਾਂ ! ਮੇਰੇ ਬਹਾਦ੍ਰੋ ਬੀਰ ਬਲੀਓ, ਮੌਕਾ ਆਣ ਬਣਿਆ ਜਰਾ ਨਹੀਂ ਡਰਨਾ
ਯਾਦਗਾਰ ਦੁਨੀਆਂ ਵਿਚ ਰਹੇ ਤੁਹਾਡੀ ਏਹਾ ਵਿਚ ਮੈਦਾਨ ਦੇ ਜੰਗ ਕਰਨਾ
ਧਰਮ ਯੁਧ ਕਰਕੇ ਜਨਮ ਕਰੋ ਸਫਲਾ ਵੈਰੀ ਮਾਰ ਪੁਰਜੇ ਪੁਰਜੇ ਹੋ ਮਰਨਾ
ਪਿਛਾਂ ਹਟਨਾ ਨਹੀਂ ਕਰਤਾਰ ਸਿੰਘਾ, ਮਰਨ ਲਗਿਆਂ ਪੈਰ ਅਗ੍ਹਾਂ ਧਰਨਾ

ਭਾਈ ਹਿੰਮਤ ਸਿੰਘ ਜੀ ਨੇ ਕੁਝ ਸਿੰਘਾਂ ਨੂੰ ਨਾਲ ਲੈਕੇ ਮੈਦਾਨ ਵਿਚ ਜੰਗ ਕਰਨਾ

ਲੈਕੇ ਆਗਯਾ ਸ੍ਰੀ ਦਸਮੇਸ਼ ਜੀ ਤੋਂ; ਜਾਂਦੀ ਵਾਰ ਦਾ ਅੰਤ ਦੀਦਾਰ ਕਰਕੇ
ਸਿੰਘ ਵੀਹਕੁ ਨਿਕਲਕੇ ਬਾਹਰ ਆਏ, ਊੱਚੀ ਗਜਕੇ ਸ਼ਬਦ ਕਰਤਾਰ ਕਰਕੇ
ਤੇਗਾਂ ਬਿਜਲੀ ਦੇ ਵਾਂਗ ਹਥ ਲਈਆਂ, ਇਕੋ ਵਾਰਆ ਪਏਲਲਕਾਰ ਕਰਕੇ
ਧਸੇ ਵੈਰੀਆਂ ਵਿਚ ਕਰਤਾਰ ਸਿੰਘਾ, ਡਰ ਮੌਤ ਦਾ ਦਿਲੋਂ ਵਿਸਾਰ ਕਰਕੇ

ਤਥਾ

ਜਿਵੇਂ ਸ਼ੇਰਪਹਾੜ ਤੋਂ ਨਿਕਲ ਆਉਂਦੇ,ਤਿਵੇਂ ਸਿੰਘ ਆਏ ਛਾਲਾਂ ਮਾਰਦੇ ਜੀ
ਤਾਮਾ ਭੁਖਯਾਂ ਨੂੰ ਅਗੋ ਨਜ਼ਰ ਆਯਾ ਬਾਜ ਪਏ ਉੱਤੇ ਕੂੰਜਾਂ ਮਾਰਦੇ ਜੀ
ਆਏ ਚਿਤ੍ਰ ਨਿਕਲਕੇ ਕੰਦਰਾਂ ਤੋਂ ਫੜ ਫੜਾਕੇ ਮਿਰਗਾਂ ਨੂੰ ਫਾੜਦੇ ਜੀ
ਗੋਲੀ ਤੀਰ ਦੀ ਮਾਰ ਹੋ ਬੰਦ ਗਈ, ਹਥ ਚਲਦੇ ਸਾਂਗ ਤਲਵਾਰ ਦੇ ਜੀ
ਕਠੇ ਸਿੰਘ ਅਕਾਲ ਅਕਾਲ ਕਹਿੰਦੇ, ਆ ਜਿਸ ਪਾਸ ਜ਼ੋਰ ਡਾਰਦੇ ਜੀ
ਮਾਰੋ, ਫੜੋ ਕਰਦੇ ਵੈਰੀ ਨਠ ਜਾਂਦੇ, ਸਿੰਘ ਹੋਏ ਖੂਨ ਲਲਕਾਰ ਦੇ ਜੀ
ਫੜੋ, ਮਾਰੋ ਦਾ ਰੌਲਾ ਆ ਮੱਚ ਗਿਆ, ਥਾਂ ਰਖਦੇ ਜਿਨ੍ਹਾਂ ਵੰਗਾਰਦੇ ਜੀ
ਵੀਹਾਂ ਸਿੰਘਾਂ ਅਧਮੂਲ ਮਚਾ ਦਿਤਾ, ਮਾਰ ਸੈਂਕੜੇ ਪਾਰ ਉਤਾਰਦੇ ਜੀ
ਜਿਵੇਂ ਵਿਕ ਭੇਡਾਂ ਬਘਿਆੜ ਵੜੇ, ਲਾਹ ਲਾਹ ਕੇ ਲੀਰਾਂ ਖਿਲਾਰ ਦੇ ਜੀ
ਸੂਬੇ ਖਾਨ ਹੈਰਾਨ ਹੋ ਰਹੇ ਸਾਰੇ, ਤੋਬਾ ਤੋਬ ਹੀ ਪਏ ਪੁਕਾਰ ਦੇ ਜੀ
ਲੈ ਲੈ ਕੇ ਨਾਮ ਬਹਾਦਰਾਂ ਦੇ ਕਠੇ ਤੁਮਲੇ ਕਰ ਉਲਾਰ ਦੇ ਜੀ
ਓਨ੍ਹਾਂ ਵੀਹਾਂ ਉਤੇ ਕਈ ਹਜ਼ਾਰਾਂ ਤਾਈਂ; ਗਿਰਦ ਵਾੜਦੇ ਵਾਂਗ ਖਲ੍ਹਾਰਦੇ ਜੀ

ਸਿੰਘ ਗੇਨਤੀ ਦੇ ਕਰਤਾਰ ਸਿੰਘਾ, ਦੰਦ ਭੰਨ ਦਿਤੇ ਕਈ ਹਜ਼ਾਰ ਦੇ ਜੀ

ਤਥਾ

ਦਿਲੀਂ ਸਿੰਘਾਂ ਨੂੰ ਚਾਓ ਸ਼ਹੀਦੀਆਂ ਦੇ, ਸਿਰ ਹਥਾਂ ਦੇ ਉੱਤੇ ਟਿਕਾਈ ਫਿਰਦੇ
ਇਕ ਇਕ ਅਗੇ ਵੀਹਾਂ ਵੀਹਾਂ ਤਾਈਂ, ਮੂੰਹ ਕਰਦੇ ਜਿਧਰ ਦਬਾਈ ਫਿਰਦੇ
ਭੇਡਾਂ ਅਗੇ ਬਘਿਆੜ ਦੇ ਫਿਰਦੀਆਂ ਜਯੋਂ, ਸਿੰਘ ਵੈਰੀਆਂ ਨੂੰ ਅਗੇ ਲਾਈ ਫਿਰਦੇ
ਸਿਰ ਸਿੰਘਾਂ ਤਾਂ ਮੌਤ ਕਬੂਲੀ ਹੋਈ ਸੀ, ਵੈਰੀ ਡਰਦੇ ਜਾਨ ਛੁਪਾਈ ਫਿਰਦੇ
ਘਟਾਂ ਵਾਂਗ ਫੌਜਾਂ ਗਿਰਦ ਛਾ ਰਹੀਆਂ ਤੇਗਾਂ ਬਿਜਲੀ ਵਾਂਗ ਲਿਸ਼ਕਾਈ ਫਿਰਦੇ
ਲਾਹੇ ਮਾਰ ਸਥਾਰ ਕਰਤਾਰ ਸਿੰਘਾ, ਵਿਚ ਵੈਰੀਆਂ ਨਾਲ ਸਫਾਈ ਫਿਰਦੇ

ਏਸ ਜਥੇ ਨੇ ਬੇਅੰਤ ਵੈਰੀ ਮਾਰ ਕੇ ਸ਼ਹੀਦ ਹੋਣਾ

ਏਹਨਾਂ ਸਿੰਘਾਂ ਦੇ ਵੇਖਕੇ ਹਥ ਛਾਵੇ, ਸੂਬੇ ਖਾਨ ਤਾਂ ਸਭ ਹੈਰਾਨ ਹੋਏ
ਬਿਕ ਇਕ ਨੇ ਵੀਹ ਵੀਹ ਢਾ ਕਢੇ, ਭਰਲ ਡੋਗਰੇ ਮੁਗਲ ਪਠਾਨ ਹੋਏ
ਓਧਰ ਸਿੰਘ ਭੀ ਮਾਰਦੇ ਹਾਰ ਗਏ, ਫਟੋ ਫਟ ਤੇ ਲਹੂ ਲੁਹਾਨ ਹੋਏ
ਨਾਲੇ ਪਏ ਚੁਫੇਰਿਓਂ ਧਾ ਵੈਰੀ, ਸਿੰਘ ਥਕ ਕੇ ਬੇਪਰਾਨ ਹੋਏ
ਬਹੁਤਾ ਚਿਰ ਲੜੇ ਪਿਠਾਂ ਜੋੜ ਕਰਕੇ, ਤੇਗਾਂ ਖਾ ਟੋਟੇ ਟੋਟੇ ਜਾਨ ਹੋਏ
ਵੈਰੀ ਵੀਹ ਗੁਣਾਂ ਮਾਰ ਕਰਤਾਰ ਸਿੰਘਾ; ਓਹ ਸਿੰਘ ਸ਼ਹੀਦ ਮੈਦਾਨ ਹੋਏ

ਸਾਹਿਬ ਅਜੀਤ ਸਿੰਘ ਨੇ ਰੋਗ ਦਾ ਜੰਗ ਦੀ ਆਗਯਾ ਮੰਗਣੀ

ਸਿੰਘ ਵੀਹ ਜਾਂ ਹੋ ਸ਼ਹੀਦ ਗਏ, ਹਥ ਵਿਚ ਮੈਦਾਨ ਦਿਖਾ ਕੇ ਜੀ
ਤਦ ਸਾਹਿਬ ਅਜੀਤ ਸਿੰਘ ਗੁਰਾਂ ਅਗੇ ਇਉਂ ਬੇਨਤੀ ਕਰਦਾ ਆ ਕੇ ਜੀ
ਸਮਾਂ ਅੰਤ ਦਾ ਪਿਤਾ ਜੀ ਢੁਕ ਪਿਆ, ਘੇਰੇ ਵੈਰੀਆਂ ਨੇ ਜ਼ੋਰ ਪਾ ਕੇ ਜੀ
ਸਾਡੇ ਪਾਸ ਨ ਜੰਗ ਸਾਮਾਨ ਕੋਈ ਜਿਹੜਾ ਹੈ ਜੀ ਬੈਠੇ ਮੁਕਾ ਕੇ ਜੀ
ਹੌਲੀ ਹੌਲੀ ਸਾਥੀ ਰਹਿ ਗਏ ਥੋੜੇ ਹੋ ਸ਼ਹੀਦ ਗਏ ਵੈਰੀ ਘਾ ਕੇ ਜੀ
ਹੁਣ ਆਗਯਾ ਮੈਨੂੰ ਭੀ ਦਿਹੋ ਗੁਰ ਜੀ ਕਰਾਂ ਜੰਗ ਮੈਦਾਨ ਵਿਚ ਜਾ ਕੇ ਜੀ
ਕਰਾਂ ਦੇਸ ਤੋਂ ਜ਼ੁਲਮ ਦਾ ਭਾਰ ਹੋਲਾ, ਪੂਰਾ ਛਤ੍ਰੀ ਧਰਮ ਨਿਭਾ ਕੇ ਜੀ
ਹੋ ਜਾ ਸ਼ਹੀਦ ਕਰਤਾਰ ਸਿੰਘਾ; ਮਥੇ ਸਾਮ੍ਹਣੇ ਵੈਰੀ ਖਪਾ ਕੇ ਜੀ

ਸ੍ਰੀ ਦਸਮੇਸ਼ ਜੀ ਨੇ ਆਗਯਾ ਦੇਣੀ

ਸਤਿਗੁਰੂ ਜੀ ਬੜੇ ਹੀ ਖੁਸ਼ ਹੋਏ; ਕਹਿੰਦੇ ਜਾਓ ਬੇਟਾ ਸ਼ਬ ਜਾਓ ਬੇਟਾ

ਯਾਦਗਾਰ ਦੁਨੀਆਂ ਵਿਚ ਰਹੇ ਪਿਛੇ, ਐਸਾ ਜਾਕੇ ਜੰਗ ਮਚਾਓ ਬੇਟਾ
ਇਹ ਧਰਮ ਹੈ ਛਤਰੀ ਪੁਤ੍ਰਾਂ ਦਾ ਧਰਮ ਆਪਣਾ ਖੂਬ ਨਿਭਾਓ ਬੇਟਾ
ਇਸੇ ਤਰ੍ਹਾਂ ਇਸ ਦੇਸ ਦਾ ਭਲਾ ਹੋਣਾ, ਇਸ ਵਾਸਤੇ ਜਿੰਦ ਘੁਮਾਓ ਬੇਟਾ
ਮੇਰੇ ਬਚਿਉ ਤੁਸੀਂ ਕੁਰਬਾਨ ਹੋਵੋ, ਬਾਕੀ ਦੇਸ ਦੇ ਬਚੇ ਬਚਾਓ ਬੇਟਾ
ਇਹ ਦੇਸ ਦੇ ਦਿਲਾਂ ਤੇ ਚਮਕਦੀ ਰਹੇ, ਮੋਹਰ ਆਪਣੇ ਖੂਨ ਦੀ ਲਾਓ ਬੇਟਾ
ਦੇਸ ਲਈ ਪਰਵਾਰ ਕੁਰਬਾਨ ਕੀਤਾ, ਸਚ ਕਰਕੇ ਸਾਰੀ ਦਿਖਾਓ ਬੇਟਾ
ਜੋ ਜੰਮਿਆ ਉਸ ਨੇ ਮਰ ਜਾਣਾ, ਮਰਨ ਜੀਉਣ ਦਾ ਭਰਮ ਚੁਕਾਓ ਬੇਟਾ
ਭੰਨ ਦੇਹ ਦਾ ਠੀਕਰਾ ਵੈਰੀਆਂ ਸਿਰ, ਸਚ ਖੰਡ ਨੂੰ ਫਤੇ ਬੁਲਾਓ ਬੇਟਾ
ਸੂਰਾ ਸੋ ਧਰਮ ਦੇ ਹੇਤ ਲੜੇ, ਧਰਮ ਵਾਸਤੇ ਤੇਗ ਖੜਕਾਓ ਬੇਟਾ
ਮੇਰੇ ਖੂਨ ਦੇ ਜੌਹਰ ਨੂੰ ਜਾਂਦੀ ਵਾਰੀ, ਵਿਚ ਵੈਰੀਆਂ ਪ੍ਰਗਟ ਕਰਾਓ ਬੇਟਾ
ਪੁਰਜ਼ੇ ਪੁਰਜ਼ੇ ਹੋ ਜਾਓ ਕਰਤਾਰ ਸਿੰਘਾ, ਪਰ ਪਿਛ੍ਹਾਂ ਨ ਪੈਰ ਭਵਾਓ ਬੇਟਾ

ਸਾਹਿਬ ਅਜੀਤ ਸਿੰਘ ਜੀ ਨੇ ਦਸਾਂ ਕੁ ਸਿੰਘਾਂ ਨਾਲ ਬਾਹਿਰ ਮੈਦਾਨ ਵਿਚ ਨਿਕਲਣਾ

ਖੁਸ਼ੀ ਨਾਲ ਸਤਿਗੁਰਾਂ ਨੇ ਆਗਯਾ ਦੇ, ਪੁਤ ਟੋਰਿਆ ਦੇ ਪਿਆਰ ਭਾਈ
ਪਰ ਚਿਤ ਨੂੰ ਰਤੀ ਡੁਲਾਯਾ ਨਹੀਂ, ਸਗੋਂ ਖੁਸ਼ੀ ਇਹ ਚੜ੍ਹੀ ਅਪਾਰ ਭਾਈ
ਉਤੇ ਧਰਮ ਔਲਾਦ ਕੁਰਬਾਨ ਹੋਵੇ, ਲਾਹ ਦੇਸ ਤੋਂ ਜ਼ੁਲਮ ਦਾ ਭਾਰ ਭਾਈ
ਸੋਹਣਾ ਲਾਲ ਸਤਾਰਵੇਂ ਸਾਲ ਦਾ ਸੀ, ਹਥੀ ਟੋਰਿਆ ਕਰ ਤਯਾਰ ਭਾਈ
ਮੋਹਕਮ ਸਿੰਘ ਪਯਾਰਾ ਤੇ ਸਿੰਘ ਈਸ਼ਰ, ਮੋਹਰ ਸਿੰਘ ਬਲੀ ਹੁਸ਼ਯਾਰ ਭਾਈ
ਲਾਲ ਸਿੰਘ ਤੇ ਕੀਰਤੀ ਸਿੰਘ ਜਾਣੋਂ, ਨੰਦ ਸਿੰਘ ਹਰ ਕੇਸਰਾ ਸਾਰ ਭਾਈ
ਇਸੇ ਤਰ੍ਹਾਂ ਦਸੇ ਸਿੰਘ ਨਾਲ ਲੈਕੇ, ਕਰ ਪਿਤਾ ਜੀ ਨੂੰ ਨਮਸਕਾਰ ਭਾਈ
ਬਾਹਰ ਗੜ੍ਹੀ ਤੋਂ ਨਿਕਲ ਕ੍ਰਤਾਰ ਸਿੰਘਾ, ਸ਼ੇਰਾਂ ਵਾਂਗ ਪਏ ਭਬਕਾਰ ਭਾਈ

ਤਥਾ

ਸਿਰਫ ਢਾਲ ਤਲਵਾਰ ਲੈਵਿਚ ਹਥਾਂ ਦਸੇ ਗੜ੍ਹੀ ਵਿਚੋਂ ਬਾਹਰ ਸ਼ੇਰ ਨਿਕਲੇ
ਇਕੋ ਵਾਰ ਅਕਾਲ ਅਕਾਲ ਕਹਿੰਦੇ, ਬਾਜਾਂ ਭੁਖਿਆਂ ਵਾਂਗ ਦਲੇਰ ਨਿਕਲੇ
ਜਿਵੇਂ ਬਿਜਲੀ ਬਦਲਾਂ ਵਿਚ ਧਸੇ, ਵਿਚ ਲਸ਼ਕਰਾਂ ਦੇ ਤੇਗਾਂ ਫੇਰ ਨਿਕਲੇ
ਮਾਰੋ ਮਾਰੋ ਕਰ ਲਾਹ ਸਥਾਰ ਦਿਤੇ, ਵਿਚ ਪਲਾਂ ਦੇ ਵੈਰੀ ਨਿਬੇੜ ਨਿਕਲੇ

ਜਿੰਨੂੰ ਮਾਰਦੇ ਤੇਗ ਉਲਾਰ ਕਰਕੇ, ਪਾਰ ਸਾਫ ਵਿਚੋਂ ਬਿਨਾਂ ਦੇਰ ਨਿਕਲੇ
ਜਿਵ ਤਾਰ ਸਾਬੂਨ ਕ੍ਰਤਾਰ ਸਿੰਘਾ, ਸਾਹਿਬਜਾਦੇ ਦੀਤਿਵੇਂ ਸਮਸ਼ੇਰ ਨਿਕਲੇ

ਵੈਰੀਆਂ ਦਾ ਜੋਰ ਤੇ ਸਿੰਘਾਂ ਦੀ ਬਹਾਦਰੀ

ਧਾ ਵੈਰੀ ਬੇਅੰਤ ਹੀ ਆ ਗਏ, ਸਿੰਘਾਂ ਗਠ ਭਗੌਤੀ ਵਗਾਈ ਵਾਹ ਵਾਹ
ਸ਼ਸਤ੍ਰ ਵਿਦਯਾ ਵਿਚ ਕਮਾਲਸਾਰੇ, ਕੀਤੀ ਗੁਰੂ ਜੀਨੇ ਸਿਖਲਾਈ ਵਾਹ ਵਾਹ
ਵਿਚ ਵੈਰੀਆਂ ਪਾ ਪੁਕਾਰ ਦਿਤੀ, ਆ ਗਜ਼ਬ ਦੀ ਤੇਗ ਚਲਾਈ ਵਾਹ ਵਾਹ
ਸਾਹਿਬਜਾਦੇ ਦਾਰੂਪ ਤੇਹੁਨਰ ਡਿਠਾ, ਖਾਨਾਂਸੂਬਯਾਂ ਆਖਢਲਾਈ ਵਾਹ ਵਾਹ
ਭਾਵੇਂ ਵੈਰੀ ਚੋਫੇਰਿਓਂ ਆਨਪਏ, ਕੀਤੀ ਸਿੰਘਾਂ ਨੇ ਅੜ ਲੜਾਈ ਵਾਹ ਵਾਹ
ਜਿਵੇਂ ਹੋਲੀਆਂ ਖੇਡਦੇ ਬਾਣੀਏਨੇ, ਸਿੰਘਾਂ ਤੇਗ ਦੀ ਹੋਲੀ ਮਚਾਈ ਵਾਹ ਵਾਹ
ਨਾਲ ਖੂਨ ਦੇ ਕਪੜੇ ਸਭ ਰਤੇ, ਫਿਰਨ ਫੇਰ ਭੀ ਤੇਗ ਉਠਾਈ ਵਾਹ ਵਾਹ
ਪਏ ਜਿਸ ਪਾਸੇ ਖਪੇ ਖੋਲ੍ਹ ਦਿਤੇ, ਪਾਈ ਵੈਰੀਆਂ ਵਿਚ ਦੁਹਾਈ ਵਾਹ ਵਾਹ
ਫਟੋਂ ਫਟ ਸਰੀਰ ਹੋ ਗਏ ਸਾਰੇ; ਹਦ ਹੌਸਲੇ ਵਾਲੀ ਮੁਕਾਈ ਵਾਹ ਵਾਹ
ਗੁਰਵੇਖ ਰਹੇ ਜੰਗ ਕ੍ਰਤਾਰ ਸਿੰਘਾ, ਕਹਿੰਦੇ ਸਿੰਘੋ ਤੁਹਾਡੀ ਕਮਾਈ ਵਾਹ ਵਾਹ

ਤਥਾ

ਜਦ ਤਕ ਹਥਯਾਰਾਂ ਨੇ ਸਾਥ ਦਿਤਾ, ਉਹਨਾਂ ਚਿਰ ਤਾਂ ਹਥ ਦਿਖਾਏ ਚੰਗੇ
ਜਿੰਨਾ ਚਿਰ ਸ੍ਰੀਰ ਨਾ ਛਾਨੀ ਹੋਇ ਮਾਰ ਮਾਰ ਕੇ ਵੈਰੀ ਖਪਾਏ ਚੰਗੇ
ਵੈਰੀ ਆਪ ਤੋਂ ਮਾਰ ਕੇ ਦਸ ਹਿਸੇ, ਸਿੰਘਾਂ ਜੌਹਰ ਭਗਉਤੀ ਕਢਾਏ ਚੰਗੇ
ਕਹਿੰਦੇ ਵੈਰੀ ਸ਼ਾਬਾਸ਼ ਕਰਤਾਰ ਸਿੰਘਾ, ਸਿੰਘਾਂ ਤੇਗ ਦੇ ਕਸਬ ਕਮਾਏ ਚੰਗੇ

ਵਡੇ ਸਾਹਿਬਜਾਦੇ ਨੇ ਸਿੰਘਾਂ ਦੇ ਸਣੇ ਸ਼ਹੀਦ ਹੋਣਾ

ਜੰਗ ਕਰਦੇ ਬੇਟੇ ਨੂੰ ਵੇਖਦੇ ਰਹੇ; ਸਤਿਗੁਰੂ ਜੀ ਨਜਰ ਟਿਕਾ ਕਰਕੇ
ਜਦ ਤਕ ਕਾਰੀ ਹਥ ਮਾਰਦਾ ਸੀ, ਕਹਿੰਦੇ ਰਹੇ ਸ਼ਾਬਾਸ਼ ਸੁਨਾ ਕਰਕੇ
ਅੰਤ ਬਹੁਤਿਆਂ ਦੇ ਅਗੇ ਪੇਸ਼ ਕੀਹ ਸੀ, ਜ਼ਖਮ ਸੈਂਕੜੇ ਜਿਸਮ ਤੇ ਖਾ ਕਰਕੇ
ਟੋਟੇ ਹੋ ਕੇ ਵਿਚ ਮੈਦਾਨ ਡਿਗੇ, ਜਾਂਦੀ ਵਾਰ ਦੀ ਫਤੇ ਗਜਾ ਕਰਕੇ
ਇਸ ਹਵਨ ਦੇਵਿਚ ਅਜੀਤ ਸਿੰਘਜੀ, ਹੁਤੀ ਆਪਣੇ ਜਿਸਮ ਦੀ ਪਾ ਕਰਕੇ
ਅਜੀ ਨੀਂਦ ਸੌਂ ਗਏ ਕਰਤਾਰ ਸਿੰਘਾ, ਡਿਠਾ ਫੇਰ ਨ ਸਿਰ ਉਠਾ ਕਰਕੇ

### ਛੋਟੇ ਸਾਹਿਬਜ਼ਾਦੇ ਜੁਝਾਰ ਸਿੰਘ ਦੀ ਬੇਨਤੀ

ਵਡਾ ਵੀਰ ਸ਼ਹੀਦ ਹੋ ਗਿਆ ਜਦੋਂ, ਛੋਟਾ ਭਾਈ ਨ ਮਰਨ ਤੋਂ ਸੰਗਦਾ ਏ
ਜਿਗਰ ਚੀਰਿਆ ਦੁਖੜੇ ਵੀਰ ਦੇ ਨੇ, ਜੋਸ਼ ਚੜ੍ਹਿਆ ਚਿਤ ਨੂੰ ਜੰਗਦਾ ਏ
ਗੁਰੂ ਪਿਤਾ ਅਗੇ ਹਥ ਜੋੜ ਕੇ ਜੀ, ਇਉਂ ਆਗਯਾ ਆਣ ਕੇ ਮੰਗਦਾ ਏ
ਚਿਤ ਭਰ ਉਮੰਗ ਕ੍ਰਤਾਰ ਸਿੰਘਾ, ਬੀਰ ਰਸ ਦੇ ਰੰਗ ਚਾ ਰੰਗਦਾ ਏ

ਤਥਾ

ਹੋਣਹਾਰ ਜੁਝਾਰ ਸਿੰਘ ਉਮ੍ਰ ਛੋਟੀ; ਕਰੇ ਬੇਨਤੀ ਜਾ ਕੇ ਤੀਰ ਗੁਰ ਜੀ
ਦਿਹੋ ਆਗਯਾ ਮੈਂ ਸ਼ਹੀਦ ਹੋਵਾਂ, ਜਿਵੇਂ ਜੂਝਿਆ ਹੈ ਮੇਰਾ ਵੀਰ ਗੁਰ ਜੀ
ਮਾਰਾਂ ਧੁਮ ਦੇ ਵੈਰੀਆਂ ਜ਼ਾਲਮਾਂ ਨੂੰ, ਭਲੇ ਦੇਸ ਦੇ ਲਗੇ ਸਰੀਰ ਗੁਰ ਜੀ
ਮੇਰੇ ਚਿਤ ਹੈ ਜੰਗ ਉਮੰਗ ਭਾਰੀ, ਕਰਾਂ ਵੈਰੀਆਂ ਨੂੰ ਲੀਰੋ ਲੀਰ ਗੁਰ ਜੀ
ਮੈਂ ਭੀ ਆਪਦੇ ਖੂਨ ਤੋਂ ਹੋਯਾ ਪੈਦਾ, ਨਹੀਂ ਹੋਵਾਂਗਾ ਮੂਲ ਅਧੀਰ ਗੁਰ ਜੀ
ਮੇਰਾ ਵੇਖਯੋ ਜੰਗ ਕ੍ਰਤਾਰ ਸਿੰਘਾ, ਕਿਵੇਂ ਦੁਸ਼ਮਨਾਂ ਨੂੰ ਸੁਟਾਂ ਚੀਰ ਗੁਰ ਜੀ

ਤਥਾ

ਜਿਵੇਂ ਕੀਤਾ ਹੈ ਜੰਗ ਅਜੀਤ ਸਿੰਘ ਨੇ, ਓਸੇ ਤਰ੍ਹਾਂ ਮੈਂ ਭੀ ਜੰਗ ਕਰਾਂਗਾ ਜੀ
ਮੇਰਾ ਨਾਮ ਭੀ ਤੁਸਾਂ ਜੁਝਾਰ ਧਰਿਆ, ਨਹੀਂ ਜੂਝਨੇ ਤੋਂ ਚਰਾ ਡਰਾਂਗਾ ਜੀ
ਭਾਵੇਂ ਉਮ੍ਰ ਮੇਰੀ ਥੋੜੇ ਸਾਲਾਂ ਦੀ ਹੈ, ਲਖਾਂ ਵੈਰੀਆਂ ਦੇ ਨਾਲ ਲੜਾਂਗਾ ਜੀ
ਤੁਸੀਂ ਮਹਾਂਬਲੀ ਤੁਹਾਡੀ ਅੰਸ਼ ਹਾਂ ਮੈਂ, ਗਜ ਦੁਸ਼ਮਨਾਂ ਦੇ ਵਿਚ ਵੜਾਂਗਾ ਜੀ
ਸਵਾ ਲਾਖ ਸਿਉਂ ਏਕ ਲੜਾਊਂ" ਇਸ ਗਲ ਦੀ ਗਵਾਹੀ ਮੈਂ ਭਰਾਂਗਾ ਜੀ
ਜਿੰਦ ਦੇਸ ਤੇ ਵਾਰ ਕਰਤਾਰ ਸਿੰਘਾ, ਮਥੇ ਸਾਹਮਣੇ ਜੂਸ ਕੇ ਮਰਾਂਗਾ ਜੀ

### ਸਾਹਿਬ ਜੁਝਾਰ ਸਿੰਘ ਜੀ ਨੂੰ ਸਤਿਗੁਰਾਂ ਨੇ ਖੁਸ਼ੀ ਨਾਲ ਜੰਗ ਵਾਸਤੇ ਤਿਆਰ ਕਰਨਾ

ਛਾਤੀ ਨਾਲ ਲਾ ਕੇ ਗੁਰਾਂ ਪਯਾਰ ਦਿਤਾ,ਮਥਾ ਚੁੰਮ ਕੇ ਆਖਯਾ ਜਾਹ ਬੇਟਾ
ਜਿਵੇਂ ਕੀਤਾ ਹੈ ਜੰਗ ਅਜੀਤ ਸਿੰਘ ਨੇ, ਤੂੰ ਭੀ ਓਹੋ ਹੀ ਜੌਹਰ ਦਿਖਾ ਬੇਟਾ
ਉਤੇ ਧਰਮ ਦੇ ਹੋ ਕੁਰਬਾਨ ਜਾਕੇ, ਭਾਰ ਜ਼ੁਲਮ ਦਾ ਦੇਸ ਤੋਂ ਲਾਹ ਬੇਟਾ
ਛੋਟੀ ਜਿੰਦ ਤੇ ਜਿਗਰਾ ਕਰ ਵਡਾ, ਓਹ ਸ੍ਰੀ ਭਗਉਤੀ ਨੂੰ ਵਾਹ ਬੇਟਾ
ਜਗ ਵਿਚ ਤੇਰੀ ਯਾਦਗਾਰ ਰਹੇ, ਸਿਹਰਾ ਯਸ ਦਾ ਸਿਰ ਬੰਨ੍ਹਾ ਬੇਟਾ

ਤੇਰੀ ਉਮਰ ਦੇ ਕਿਸੇ ਨਹੀਂ ਜੰਗ ਕੀਤਾ, ਤੂੰ ਇਸ ਵਡਯਾਈ ਨੂੰ ਪਾ ਬੇਟਾ
ਇਸੇ ਕੰਮ ਨੂੰ ਤੁਸਾਂ ਸੀ ਜਨਮ ਲਿਆ, ਤੌਰ ਖੁਸ਼ੀ ਦੇ ਨਾਲ ਚੜ੍ਹਾ ਬੇਟਾ
ਮੇਰੀ ਅੰਸ਼ ਕੁਰਬਾਨ ਹੋਏ ਧਰਮ ਉਤੇ, ਫਰਜ ਆਪਣਾ ਕਰ ਅਦਾ ਬੇਟਾ
ਏਦੂੰ ਕੋਈ ਵਡੀ ਖੁਸ਼ੀ ਨਹੀਂ ਮੈਨੂੰ, ਮੈਂ ਆਖਦਾ ਸਚ ਸੁਨਾ ਬੇਟਾ
ਜਾ ਹੋ ਸ਼ਹੀਦ ਕ੍ਰਤਾਰ ਸਿੰਘਾ, ਵੀਰ ਆਪਣੇ ਨੂੰ ਗਲ ਲਾ ਬੇਟਾ

ਵਾਕ ਕਵੀ

ਹਥੀਂ ਟੋਰਿਆ ਪੁਤ ਨੂੰ ਤਯਾਰ ਕਰਕੇ, ਛੋਟੀ ਦੇ ਤਲਵਾਰ ਤੇ ਢਾਲ ਭਾਈ
ਇਕ ਹੋਯਾ ਸ਼ਹੀਦ ਤੇਦੂਆ ਟੁਰਿਆ,ਬਾਰਾਂਸਾਲਦੀ ਉਮਰ ਓਹ ਬਾਲ ਭਾਈ
ਓਹ ਫੁਲ ਗੁਲਾਬ ਦਾ ਕਵਲ ਚਿਹਰਾ, ਰਾਜ ਹੰਸ ਅਨਮੁਲੜਾ ਲਾਲ ਭਾਈ
ਹਥੀਂ ਹੋਣ ਸ਼ਹੀਦ ਸੋ ਟੋਰ ਦਿਤਾ, ਗੁਰਾਂ ਜਿਗਰਾ ਕਰ ਕਮਾਲ ਭਾਈ
ਟੋਟਾ ਜਿਗਰ ਦਾ ਮੌਤ ਸਪੁਰਦ ਕੀਤਾ, ਕੀਤਾ ਮੋਹ ਨ ਰਤੀ ਰਵਾਲ ਭਾਈ
ਇਸ ਤਰ੍ਹਾਂ ਦੀ ਢੂੰਡ ਕੇ ਵੇਖ ਲਵੋ, ਦੁਨੀਆਂ ਵਿਚ ਨ ਕਿਤੇ ਮਸਾਲ ਭਾਈ
ਨਮਸਕਾਰ ਕਰਕੇ ਟੁਰਯਾ ਸਾਹਿਬਜ਼ਾਦਾ, ਖੁਸ਼ਹਾਲ ਤਲਵਾਰ ਸੰਭਾਲ ਭਾਈ
ਦਿਤੀ ਥਾਪਨਾ ਗੁਰਾਂ ਕਰਤਾਰ ਸਿੰਘਾ, ਤੇਰਾ ਹੋਏ ਸਹਾਈ ਅਕਾਲ ਭਾਈ

ਛੋਟੇ ਸਾਹਿਬਜਾਦੇ ਨੇ ਬਾਹਰ ਜੰਗ ਕਰਨ ਵਾਸਤੇ ਨਿਕਲਨਾ

ਆਲਮ ਸਿੰਘ ਅਤੇ ਸਾਹਿਬ ਸਿੰਘ ਜਹੇ, ਸਾਹਿਬਜਾਦੇ ਦੇ ਨਾਲ ਤਯਾਰ ਹੋਏ
ਲੈ ਕੇ ਆਗਯਾ ਗੁਰੂ ਦਸਮੇਸ਼ ਜੀ ਤੋਂ, ਸਭ ਖੜੇ ਸੰਭਾਲ ਹਥਯਾਰ ਹੋਏ
ਪਹਿਲਾਂ ਸੋਧ ਅਰਦਾਸ ਅਕਾਲ ਅਗੇ, ਫੇਰ ਗੁਰਾਂ ਅਗੇ ਮਿੰਨਤਦਾਰ ਹੋਏ
ਖੁਸ਼ੀ ਬਖਸ਼ਨੀ ਗੁਰੂ ਜੀ ਹੁਣ ਸਾਨੂੰ, ਅਸੀਂ ਤਯਾਰ ਹਾਂ ਬੰਨ੍ਹ ਕੇ ਭਾਰ ਹੋਏ
ਹੈ ਛੁਟਦਾ ਆਪ ਦਾ ਸਾਥ ਸਾਥੋਂ, ਭਾਣੇ ਆਣ ਭਾਵੇ ਕਰਤਾਰ ਹੋਏ
ਖੁਸ਼ੀ ਬਖਸ਼ੀ ਗੁਰਾਂ ਕ੍ਰਤਾਰ ਸਿੰਘਾ, ਬਸ ਆਖਰੀ ਇਹ ਦੀਦਾਰ ਹੋਏ

ਵਾਕ ਕਵੀ

ਓਹ ਫੁਲ ਗੁਲਾਬ ਦਾ ਚੰਦ ਚਿਹਰਾ, ਨਾਲ ਵੈਰੀਆਂ ਜੰਗ ਮਚਾਨ ਟੁਰਿਆ
ਨਿਕੀ ਢਾਲ ਤਲਵਾਰ ਲੋਹਬ ਸੋਹਣੀ,ਖੰਡੇ ਅੰਮ੍ਰਿਤ ਸ਼ਕਤ ਦਿਖਾਨ ਟੁਰਿਆ
ਭਾਰਤਵਰਸ਼ ਤੇ ਹੋਣ ਕੁਰਬਾਨ ਟੁਰਯਾ,ਬੇੜਾਜ਼ੁਲਮਦਾ ਧਕ ਰੁੜ੍ਹਾਣ ਟੁਰਿਆ

ਮੋਏ ਖੂਨ ਨੂੰ ਫੇਰ ਜਗਾਨ ਟੁਰਿਆ, ਮੁਰਦਾ ਦੇਸ ਦੇ ਤਈਂ ਜਵਾਨ ਟੁਰਿਆ
ਹਿੰਦ ਧਰਮ ਦੇ ਤਈਂ ਬਚਾਨ ਟੁਰਿਆ,ਜੜ੍ਹਜ਼ੁਲਮਦੀ ਮੁਢੋਂਪੁਟਾਨ ਟੁਰਿਆ
ਹੋਣ ਦੇਸਦੇ ਲਈਸ਼ਹੀਦ ਟੁਰਿਆ, ਲਖਾਂ ਮੁਰਦਿਆਂ ਤਈਂ ਬਚਾਨ ਟੁਰਿਆ
ਹੁਬਲ ਵਤਨੀ ਸਬਕ ਪੜ੍ਹਾਨ ਟੁਰਿਆ, ਕੌਮੀਯਤ ਜੋਸ਼ ਜਗਾਨ ਟੁਰਿਆ
ਦੇਸਰਖਯਾ ਹਵਨ ਦੀ ਬਲੀਬਨਕੇ, ਕਰਨ ਆਪਣੇ ਤਈਂਕੁਰਬਾਨ ਟੁਰਿਆ
ਨਾਮ ਉਜਲਾ ਸ੍ਰੀ ਦਸਮੇਸ਼ ਜੀ ਦਾ, ਕਰਨ ਸਾਰੇ ਹੀ ਵਿਚ ਜਹਾਨ ਟੁਰਿਆ
ਕੰਮ ਏਹ ਜੋ ਛਤ੍ਰੀ ਪੁਤ੍ਰਾਂ ਦਾ ਦੇਸ ਵਾਸੀਆਂ ਤਈ ਸਿਖਾਣ ਟੁਰਿਆ
ਜਿਸ ਬੀੜੇ ਨੂੰ ਚੁਕਿਆ ਗੁਰੂ ਜੀ, ਓਸ ਕੰਮ ਨੂੰ ਤੋੜ ਚੜ੍ਹਾਨ ਟੁਰਿਆ
ਅਸਾਂ ਪਾਪੀਆਂਲਈਕ੍ਰਤਾਰਸਿੰਘਾ, ਦੇਣ ਸਾਹਿਬਜ਼ਾਦਾ ਜਿੰਦ ਜਾਨ ਟੁਰਿਆ

ਛੋਟੇ ਸਾਹਿਬਜ਼ਾਦੇ ਜੁਝਾਰ ਸਿੰਘ ਜੀ ਨੇ ਪਰਤਕੇ ਪਾਣੀ ਮੰਗਣਾ

ਪੰਜਾਂ ਸਤਾਂ ਸਿੰਘਾਂ ਤਾਈਂ ਨਾਲ ਲੈ ਕੇ, ਸਾਹਿਬਜ਼ਾਦੇ ਅਕਾਲ ਗਜਾਯਾ ਜੀ
ਆਏ ਬੂਹੇ ਅਗੇ ਧੂੜ ਧੁੰਮੀ ਹੋਈ, ਲਗੀ ਪਿਆਸ ਤੇ ਗਲਾ ਸੁਕਾਯਾ ਜੀ
ਪਾਣੀ ਪੀ ਆਵਾਂ ਏਹ ਸੋਚ ਕਰਕੇ, ਬੂਹਿਓਂ ਪਿਛਾਂ ਨੂੰ ਪੈਰ ਪਰਤਾਯਾ ਜੀ
ਉੱਤੋਂ ਵੇਖਯਾ ਗੁਰਾਂ ਨੇ ਸਾਹਿਬਜ਼ਾਦਾ, ਪਿਛਾਂ ਪ੍ਰਤਿਆ ਹੈ ਡਰ ਆਯਾ ਜੀ
ਬੇਟਾ ਆਯਾ ਕਿਉਂ ਤੂੰ ਪਿਛਾਂ ਮੁੜਕੇ, ਗੁਸੇ ਨਾਲ ਸਤਿਗੁਰਾਂ ਸੁਨਾਯਾ ਜੀ
ਮੈਨੂੰ ਲਗੀ ਪਯਾਸ ਕਰਤਾਰ ਸਿੰਘਾ, ਪਾਣੀ ਪੀਵਨਾ ਦਿਲ ਨੇ ਚਾਹਯਾ ਜੀ

ਸ੍ਰੀ ਦਸਮੇਸ਼ ਜੀ ਨੇ ਪਾਣੀ ਦੀ ਥਾਂ ਵਿਊਂ ਉਪਦੇਸ਼ ਕਰਨਾ

ਏਥੋਂ ਪ੍ਰਤਜਾ ਪਿਛਾਂ ਨਾ ਆ ਅਗੇ, ਉੱਚੀ ਸਤਿਗੁਰਾਂ ਕਹਯਾ ਪੁਕਾਰ ਬਚਾ
ਪਿਛਾਂ ਪ੍ਰਤਨਾ ਕੰਮ ਨਹੀਂ ਸੂਰਮੇ ਦਾ, ਜਦ ਫੜ ਲਈ ਹਥ ਤਲਵਾਰ ਬਚਾ
ਏਥੇ ਨਹੀਂ ਪਾਣੀ ਤੇਰੇ ਪੀਣ ਜੋਗਾ, ਲੈ ਦਿਲ ਦੇ ਵਿਚ ਵਿਚਾਰ ਬਚਾ
ਖਾਣਾ ਖਾ ਲਿਆ ਤੇ ਪਾਣੀ ਪੀ ਲਿਆਹੈ,ਬਾਕੀਰਿਹਾ ਨਵਿਚ ਸੰਸਾਰ ਬਚਾ
ਤੇਰੇ ਪੀਣ ਜੋਗਾ ਪਾਣੀ ਵੀਰ ਤੇਰਾ, ਲਈ ਖੜਾ ਮੈਦਾਨ ਵਿਚ ਧਾਰ ਬਚਾ
ਜਾਹ ਪਾਸ ਅਜੀਤ ਸਿੰਘ ਪੀ ਤੂੰ ਭੀ, ਨਾਲ ਕਰ ਭਿਰਾ ਦੇ ਪਿਆਰ ਬਚਾ
ਮੇਰੇ ਖੂਨ ਦੇ ਜੋਹਰ ਵਿਖਾਲ ਜਾਹ ਖਾਂ, ਤੇਗਾਂ ਵਿਚ ਮੈਦਾਨ ਦੇ ਮਾਰ ਬਚਾ
ਫੇਰ ਮਿਲਾਂਗੇ ਅਸੀਂ ਕਰਤਾਰ ਸਿੰਘਾ, ਹਾਲਾਂ ਚਲੋ ਖਾਂ ਮੋਹ ਵਿਸਾਰ ਬਚਾ

ਉਸੇ ਥਾਂਓ ਹੀ ਝੁਕਕੇ ਟੇਕ ਮੱਥਾ, ਪੈਰ ਪਿਛਾਂ ਦਾ ਪਿਛਾਂ ਪਰਤਾ ਲਿਆ
ਜੋ ਪਿਤਾ ਜੀ ਆਖਰੀ ਹੁਕਮ ਦਿਤਾ, ਸਤ ਸਤ ਕਹਿ ਬਜਾ ਲਿਆ
ਸਿੰਘਾ ਸਾਥੀਆਂ ਨੂੰ ਨਾਲ ਲੈ ਕਰਕੇ, ਅਕਾਲ ਅਕਾਲ ਗਜਾ ਲਿਆ
ਵਾਂਗ ਸ਼ੇਰਾਂ ਦੇ ਭਬਕ ਕੇ ਬਾਹਰ ਨਿਕਲੇ ਨਾਲ ਵੈਰੀਆਂ ਜੰਗ ਮਚਾ ਲਿਆ
ਸਾਹਿਬਜ਼ਾਦੇ ਨੂੰ ਵੇਖਕੇ ਵੈਰੀਆਂ ਭੀ, ਤੰਜਾਂ ਉਂਗਲਾਂ ਨੂੰ ਮੂੰਹ ਪਾ ਲਿਆ
ਕਹਿੰਦੇ ਯਾ ਅੱਲਾ ਕਰਤਾਰ ਸਿੰਘਾ, ਇਕ ਵਾਰ ਤਾਂ ਚਿਤ ਕੰਬਾ ਲਿਆ

ਤਥਾ

ਬਾਰਾਂਸਾਲਦੀਉਮ੍ਰਕਮਾਲ ਸੋਹਣਾ, ਬੂਹਿਓਂਨਿਕਲਦਾਦੁਸ਼ਮਨਾਂਵਿਚਵੜਿਆ
ਅਗੇਪਿਛੇ ਸਿੰਘਾ ਘੇਰਾ ਪਾਯਾ ਹੋਯਾ, ਭੁਖਾ ਸ਼ੇਰ ਜਿਉਂ ਪਿੰਜਰੇ ਵਿਚ ਵੜਿਆ
ਵੈਰੀ ਹੋ ਹੈਰਾਨ ਰਹੇ ਵੇਖਦੇ ਹੀ, ਓਹ ਖਿਚ ਭਗਉਤੀ ਨੂੰ ਸਿਰ ਚੜ੍ਹਿਆ
ਦਿਤੀ ਮਾਰ ਮਚਾ ਕਰਤਾਰ ਸਿੰਘਾ, ਬੱਚਾ ਸ਼ੇਰ ਦਾ ਹਾਥੀਆ ਨਾਲ ਅੜਿਆ

ਤਥਾ

ਸਾਹਿਬਜ਼ਾਦੇ ਨੂੰ ਸਿੰਘਾਂ ਨੇ ਵਿਚਲਿਆ, ਘੇਰਾ ਬੰਨ੍ਹਕੇ ਓਹਤੇਗਾਂ ਮਾਰੀਆਂ ਜੀ
ਵਢ ਵਾਂਗ ਜਵਾਰ ਦੇ ਢੇਰ ਲਾਏ, ਲਾਹ ਮੁੰਡੀਆਂ ਬਹੁਤ ਖਿਲਾਰੀਆਂ ਜੀ
ਓਹ ਪਹਿਲਾਂ ਤਾਂ ਸਾਰੇ ਰਹੇ ਵੇਂਹਦੇ, ਹਥ ਵੇਖਕੇ ਅਖਾਂ ਉਘਾੜੀਆਂ ਜੀ
ਫੇਰ ਦੇ ਕੇ ਹੁਕਮ ਕਰਤਾਰ ਸਿੰਘਾ, ਫੌਜਾਂ ਸੂਬਿਆਂ ਝਟ ਉਲਾਰੀਆਂ ਜੀ

ਜੁਝਾਰ ਸਿੰਘ ਦੀ ਤਲਵਾਰ

ਫ੍ਰਿਆ ਵੈਰੀਆਂ ਵਿਚਇਉਂਸਹਿਬਜ਼ਾਦਾ, ਜਿਵੇਂਬਿਜਲੀਮੇਂਘਵਿਚਕਾਰਫ੍ਰਿਦੀ
ਫੇਰੀ ਤੇਗਇਉਂ ਸਾਹਿਬ ਜੁਝਾਰ ਸਿੰਘਨੇ, ਜਿਵੇਂਵਿਚ ਸਾਬੂਨਦੇ ਤਾਰਫਿਰਦੀ
ਵੈਰੀ ਵਢਕੇ ਥਾਂ ਪਰ ਥਾਂ ਸਤੇ, ਜਿਵੇਂ ਦਾਤਰੀ ਵਿਚ ਜਵਾਰ ਫਿਰਦੀ
ਰੁਕੀ ਕਿਸੇ ਤੋਂ ਨਾ ਕਰਤਾਰ ਸਿੰਘਾ, ਸਾਹਿਬਜ਼ਾਦੇ ਦੀਤਿਖੀਤਲਵਾਰ ਫਿਰਦੀ

ਛੋਟੇ ਸਾਹਿਬਜ਼ਾਦੇ ਨੇ ਸਿੰਘਾਂ ਸਣੇ ਸ਼ਹੀਦ ਹੋ ਜਾਣਾ

ਸੱਤ ਸਿੰਘ ਤੇ ਕਿਥੇ ਬੇਅੰਤ ਵੈਰੀ, ਅੰਤ ਮਾਰਦੇ ਮਾਰਦੇ ਰਹਿ ਗਏ
ਲਗੇ ਫਟ ਸਰੀਰ ਹੋ ਛਾਨਨੀ ਗਏ; ਖੂਨ ਜਿਸਮਾਂ ਦੇ ਸਾਰੇ ਵਹਿ ਗਏ

ਟੋਟੇ ਹੋਕੇ ਵਿਚ ਮੈਦਾਨ ਡਿੱਗੇ, ਵੇਖ ਸ਼ਾਬਾਸ਼ੇ ਵੈਰੀ ਭੀ ਕਹਿ ਗਏ
ਜੂਝ ਗਿਆ ਜੁਝਾਰ ਕਰਤਾਰ ਸਿੰਘਾ, ਫਰਜ ਸਿਰ ਉੱਤੋਂ ਸਾਰੇ ਲਹਿ ਗਏ

ਵਾਕ ਕਵੀ

ਏਸ ਜੰਗ ਨੂੰ ਵੇਖ ਕੇ ਖਾਨ ਸੂਬੇ, ਖੌਫ ਖਾ ਕੇ ਥਰ ਥਰਾਨ ਲਗੇ
ਕਈ ਬਚਿਆਂ ਵਾਲੇ ਤਾਂ ਜੋਸ਼ ਖਾ ਕੇ; ਰੋ ਰੋ ਕੇ ਹੰਝੂ ਵਗਾਨ ਲਗੇ
ਖੂਬਸੂਰਤੀ ਵੇਖ ਜੁਝਾਰ ਸਿੰਘ ਦੀ, ਬਹੁਤੇ ਵੈਰੀ ਭੀ ਆ ਪਛਤਾਨ ਲਗੇ
ਧਨ ਜਿਗਰਾ ਗੁਰੂਗੋਬਿੰਦ ਸਿੰਘ ਦਾ; ਸਾਹਿਬਜ਼ਾਦਿਆਂ ਤਈਂ ਸ੍ਰਾਹਨ ਲਗੇ
ਏਹ ਹੋਈਆਂ ਕੁਰਦਾਨੀਆਂ ਡਾਢੀਆਂ ਦੋ,ਪੱਥਰ ਰੁਖ ਭੀ ਨੀਰ ਵਗਾਨ ਲਗੇ
ਧੂੰਆਂ ਧਾਰ ਅਸਮਾਨ ਹੋ ਗਿਆ ਸਾਰਾ, ਸੂਰਜ ਦਉਤਾ ਮੂੰਹ ਖਪਾਨ ਲਗੇ
ਤਾਰੇ ਡਲ੍ਹਕਾਂ ਮਾਰਕੇ ਰੋਣ ਲਗੇ, ਗਿਦੜ ਜੰਗਲਾਂ ਵਿਚ ਕੁਰਲਾਨ ਲਗੇ
ਖੁਸ਼ੀ ਸਤਿਗੁਰਾਂ ਤਈਂ ਕਰਤਾਰਸਿੰਘਾ,ਬਦਲਗਮੀ ਦੇਤੁਰਕਾਂ ਤੇ ਛਾਨ ਲਗੇ

ਸ੍ਰੀ ਦਸਮੇਸ਼ ਜੀ ਨੇ ਅਕਾਲ ਪੁਰਖ ਦਾ ਧੰਨਵਾਦ ਕਰਨਾ

ਦੋਵੇਂ ਸਾਹਿਬਜ਼ਾਦੇ ਹੋ ਸ਼ਹੀਦ ਗਏ; ਜੌਹਰ ਤੇਗ ਦੇ ਖੂਬ ਦਿਖਾ ਗਏ
ਸਤਿਗੁਰ ਜੀ ਸਾਮ੍ਹਣੇ ਦੇਖਦੇ ਰਹੇ ਬੇਟੇ ਧਰਮ ਤੇ ਜਾਨ ਘੁਮਾ ਗਏ
ਬਾਰ ਬਾਰ ਅਕਾਲ ਦਾ ਸ਼ੁਕਰ ਕੀਤਾ, ਕਰ ਪੁਤਰ ਫਰਜ਼ ਅਦਾ ਗਏ
ਵਲੋਂ ਦੇਸ ਦੇ ਵਾਸਤੇ ਮਾਰ ਤੇਗਾਂ, ਵਿਚ ਰਣ ਸ਼ਹੀਦੀਆਂ ਪਾ ਗਏ
ਵੈਰੀ ਮਾਰਕੇ ਅੰਤ ਕਰਤਾਰ ਸਿੰਘਾ, ਵਿਚ ਜੋਤ ਦੇ ਜੋਤ ਸਮਾ ਗਏ

ਵਾਕ ਕਵੀ

ਹੈਸੀ ਧੰਨ ਜਿਗਰਾ ਦਸਮੇਸ਼ ਜੀ ਦਾ, ਪੁਤ੍ਰਾਂ ਵਾਲਿਓ ਕਰੋ ਵਿਚਾਰ ਭਾਈ
ਹਥੀਂ ਕੌਣ ਮਰਵਾਵਣੇ ਪੁਤ ਚਾਹੁੰਦਾ, ਵੇਖੋ ਢੂੰਡਕੇ ਵਿਚ ਸੰਸਾਰ ਭਾਈ
ਜਿਨ੍ਹਾਂ ਪੇਵਾਂ ਦੇ ਪੁਤ ਜਵਾਨ ਮਰੇ, ਓਹ ਜਾਣਦੇ ਦੁਖ ਦੀ ਸਾਰ ਭਾਈ
ਓਹ ਮਰ ਗਏ ਜੀਉਂਦੇ ਰਹੇ ਨਾਹੀਂ ਸੱਲ ਮੌਤ ਦੇ ਬੁਰੇ ਸਹਾਰ ਭਾਈ
ਲੱਕ ਟੁਟ ਗਏ ਉਠੇ ਮੁੜਕੇ ਨ, ਗਈ, ਪੁਤਰਾਂ ਦੀ ਮਾਰ ਮਾਰ ਭਾਈ
ਪੁਤ੍ਰਾਂ ਬਾਝ ਜਹਾਨ ਵੈਰਾਨ ਸਾਰਾ, ਪੁਤ੍ਰਾਂ ਬਾਝ ਉਜਾੜ ਗੁਲਜ਼ਾਰ ਭਾਈ

ਪੁਤ੍ਰਾਂ ਬਾਝ ਨ ਦੌਲਤਾਂ ਕੰਮ ਕਿਸੇ, ਸਾਪੇ ਪੁਤ੍ਰਾਂ ਬਾਝ ਖਵਾਰ ਭਾਈ
ਬਾਝ ਪੁਤ੍ਰਾਂ ਸ਼ਾਹੀਆਂ ਉੱਡ ਗਈਆਂ, ਰਹੇ ਨਾਮ ਨਿਸ਼ਾਨ ਨ ਧਾਰ ਭਾਈ
ਪੁਤ੍ਰ ਆਸ ਸੰਸਾਰ ਸੰਬੰਧ ਦੀ ਨੇ, ਮਾਪੇ ਪੁਤਰਾਂ ਬਾਝ ਲਾਚਾਰ ਭਾਈ
ਪੁਤ੍ਰ ਆਸਰਾ ਬੁਢੜੇ ਠੇਰਿਆਂ ਦਾ, ਪੁਤ੍ਰ ਵੇਖ ਮਾਪੇ ਹੁਸ਼ਿਆਰ ਭਾਈ
ਚੀਜ਼ ਪੁਤ੍ਰਾਂ ਜਹੀ ਨ ਵਿਚ ਦੁਨੀਆਂ, ਵੇਖੋ ਨਿਗਾਹ ਚੁਫੇਰੇ ਹੀ ਡਾਰ ਭਾਈ
ਹਥ ਆਉਣ ਨ ਲਖਾਂ ਕ੍ਰੋੜਾਂ ਉਤੋਂ, ਧਨ ਖਰਚੀਏ ਬੇ-ਸ਼ੁਮਾਰ ਭਾਈ
ਓਹੋ ਪੁਤ੍ਰ ਸ੍ਰੀ ਦਸਮੇਸ਼ ਜੀ ਨੇ, ਏਸ ਦੇਸ ਉਤੋਂ ਦਿਤੇ ਵਾਰ ਭਾਈ
ਨਹੀਂ ਐਸਾਨ ਜਤਾਯਾ ਕ੍ਰਤਾਰ ਸਿੰਘਾ, ਸਗੋਂ ਖੁਸ਼ੀ ਮਨਾਈ ਅਪਾਰ ਭਾਈ

ਤਥਾ

ਦੇਹਾਂ ਖਾਕਦੇ ਵਿਚ ਹੋ ਖਾਕ ਗਈਆਂ, ਯਾਦਗਾਰ ਰਹਿ ਗਈ ਜਹਾਨ ਬਾਕੀ
ਮਿਟ ਗਈ ਓਹ ਜ਼ੁਲਮ ਦੀ ਬਾਦਸ਼ਾਹੀ, ਕੁਝ ਰਿਹਾ ਨਾਹੀਂ ਮਾਨਤਾ ਬਾਕੀ
ਸਾਹਿਬਜ਼ਾਦਿਆਂ ਦੇ ਨਾਮਸਦਾ ਰੌਸ਼ਨ, ਓਹ ਰਹੇ ਨਾ ਖਾਨ ਸੁਲਤਾਨ ਬਾਕੀ
ਏਸ ਜੰਗ ਦੀ ਯਾਦ ਕਰਤਾਰ ਸਿੰਘਾ, ਹੈ ਅਟਲ ਚਮਕੌਰ ਮੈਦਾਨ ਬਾਕੀ

ਚਮਕੌਰ ਸਾਹਿਬ

ਓਹ ਮਾਜਰਾ ਪਿੰਡ ਛੁਟੇਰਾ ਜਿਹਾ, ਕਦੇ ਕਿਸੇ ਦੀ ਵਿਚ ਨ ਗੌਰ ਹੋਯਾ
ਅਜ ਜਿਤਨਾਂ ਓਸਦਾ ਨਾਮ ਰੌਸ਼ਨ, ਨਹੀਂ ਓਤਨਾਂ ਸ਼ਹਿਰ ਲਾਹੌਰ ਹੋਯਾ
ਸਾਹਿਦਜ਼ਾਦਿਆਂ ਦੀ ਯਾਦਗਾਰ ਬਦਲੇ, ਯਾਦ ਹਰ ਜਗ੍ਹਾ ਹਰ ਠੌਰ ਹੋਯਾ
ਅਜ ਥਾਨ ਪਵਿਤ੍ਰ ਕਰਤਾਰ ਸਿੰਘਾ, ਓਹੋ ਗੁਰਦਵਾਰਾ ਕਮਕੌਰ ਹੋਯਾ

ਵਾਕ ਕਵੀ

ਏਥੇ ਨਹੀਂ ਕੀਤਾ, ਵਿਸਰਾਰ ਬਹੁਤਾ, ਥੋੜੇ ਵਿਚ ਸਮਝੋ ਹੈ ਮਕਾਯਾ ਹੋਯਾ
ਏਹ ਜੰਗ ਚਮਕੌਰ ਦਾ ਵਖਜਾ ਜੀ; ਹੈ ਦਾਸ ਨੇ ਹੋਰ ਬਨਾਯਾ ਹੋਯਾ
ਪੜੋ †ਬੀਰ ਸਪੁਤ੍ਰ ਦੇ ਵਿਚ ਸਾਰਾ, ਹੈ ਵਖਰਾ ਗ੍ਰੰਥ ਛਪਵਾਯਾ ਹੋਯਾ

---

†ਬੀਰ ਸਪੁੱਤ੍ਰ ਗ੍ਰੰਥ ਦੋਹਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬੈਂਤਾਂ ਵਿਚ ਦਾਸ ਨੇ ਬਣਾਇਆ ਹੋਇਆ ਹੈ, ਜੋ ਭਾਈ ਜਵਾਹਰ ਸਿੰਘ ਕਰਤਾਰ ਸਿੰਘ ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਤੋਂ ਮਿਲਦਾ ਹੈ। ਸਜਣਾਂ ਜੇ ਚਮਕੌਰ ਤੇ ਸਰਹੰਦ ਦੀਆਂ ਸ਼ਹੀਦੀਆਂ ਦਾ ਪੂਰਾ ਨਕਸ਼ਾ ਵੇਖਣਾ ਹੈ ਤਾਂ 'ਬੀਰ ਸਪੁੱਤਰ' ਨੂੰ ਪੜ੍ਹਕੇ ਦਾਸ ਦੀ ਮਿਹਨਤ ਕ੍ਰਿਤਾਰਥ ਕਰੋ !

ਯਾ ਮਾਲ ਮੁਲਕ ਪੈਦਾ ਕਰਨ ਲਈ, ਕੋਈ ਜਮਾਂ ਖਜਾਨੇ ਕਰਾਨ ਬਦਲੇ
ਯਾ ਫੜ ਕੇ ਜੋਰ ਹਕੂਮਤਾਂ ਨੂੰ, ਐਸ਼ ਇਸ਼ਾਰਤਾਂ ਮਜੇ ਉਡਾਨ ਬਦਲੇ
ਯਾ ਵਡਿਆਂ ਦੇ ਵੈਰ ਲੈਣ ਲਈ, ਮੁਫਤ ਕੁਸ਼ਤੇ ਖੂਨ ਕਰਵਾਨ ਬਦਲੇ
ਨਹੀਂ ਏਨਾਂ ਗਲਾਂ ਵਿਚੋਂ ਕੋਈ ਨਹੀਂ ਸੀ, ਤੇਗ ਚੁਕੀ ਸੀ ਜੁਲਮ ਮਿਟਾਨ ਬਦਲੇ
ਜ਼ਾਲਮ ਰਾਜ ਨੂੰ ਦੇਸ਼ ਤੋਂ ਦੂਰ ਕਰਕੇ, ਲੋਕ ਸੁਖ ਦੇ ਵਿਚ ਵਸਾਨ ਬਦਲੇ
ਪਰਸ੍ਵਾਰਥ ਦੇਸ ਦੇ ਭਲੇ ਲਈ, ਦੁਖੀ ਲੋਕਾਂ ਦੇ ਦੁਖ ਗਵਾਨ ਬਦਲੇ
ਲੈਣਾ, ਦੇਣਾ ਨ ਵੈਰ ਕਰਤਾਰ ਸਿੰਘਾ, ਸਿਰਫ ਦੁਖੀਆਂ ਤਈਂ ਛੁਡਾਨ ਬਦਲੇ

ਵਾਕ ਕਵੀ

ਚਿਚ ਜਿਨਾਂ ਦੇ ਈਰਖਾ ਸਾੜੇ ਹੋਏ, ਗਲਾਂ ਥੋੜੀਆਂ ਉਨ੍ਹਾਂ ਦੇ ਕਹਿਨ ਲਈ
ਠੇਕਾ ਲਿਆ ਜਿਨਾਂ ਗੁਰਨਿੰਦਿਆ ਦਾ, ਸਦਪਏ ਕਾਹਲੇਂ ਨਰਕੀਂ ਪੈਨ ਲਈ
ਓਹ ਕਦੋਂ ਇਉਂ ਕਹਿਨ ਤੋਂ ਟਲਨ ਲਗੇ, ਪਰ ਅਸੀਂ ਤਯਾਰ ਹਾਂ ਸਹਿਨ ਲਈ
ਕੀਤੇ ਗੁਰਾਂ ਨੇ ਜੰਗ ਕਰਤਾਰ ਸਿੰਘਾ, ਵੈਰ ਆਪਣੇ ਪਿਤਾ ਦਾ ਲੈਣ ਲਈ

ਏਸ ਤੇ ਵਿਚਾਰ

ਓਦੋਂ ਸੀ ਸਮਾਂ ਏਹਾ ਵਰਤ ਰਿਹਾ, ਨਿਤ ਲਖਾਂ ਹੀ ਜੁਲਮ ਕਮਾਏ ਜਾਂਦੇ
ਦਿਨ ਚੜ੍ਹਦਿਆਂ ਨੂੰ ਹਿੰਦੁਸਤਾਨ ਅੰਦਰ, ਕੋਈ, ਕੋਈ ਮੰਦ੍ਰ ਗਿਰਵਾਏ ਜਾਂਦੇ
ਹਿੰਦੂ ਜਬਰਦਸਤੀ ਫੜ ਥਾਂ ਥਾਂ ਤੇ; ਛੋਗ ਧਰਮ ਤੋਂ ਤੁਰਕ ਬਨਾਏ ਜਾਂਦੇ
ਬਚੇ ਬਚੀਆਂ ਸਇਆਂ ਦੇ ਰੋਜ ਦਿਹਾੜੀ, ਜੋਰੋ ਜੋਰੀ ਫੜਕੇ ਕਤਲਾਏ ਜਾਂਦੇ
ਬਹੂ ਬੇਟੀਆਂ, ਔਰਤਾਂ ਸੋਹਣੀਆਂ ਦੇ, ਹਰ ਰੋਜ਼ ਹੀ ਧਰਮ ਗਵਾਏ ਜਾਂਦੇ
ਬਾਪਕਈਆਂ, ਦੇ ਫੜ ਕਰਤਾਰ ਸਿੰਘਾ, ਬੁਰੀਆਂ ਹਾਲਤਾਂ ਵਿਚ ਮਰਵਾਏ ਜਾਂਦੇ

ਤਥਾ

ਹਿੰਦੁਸਤਾਨ ਕ੍ਰੋੜਾਂ ਦੀ ਘੁਗ ਵਸੋਂ, ਕਿਸੇ ਹੌਸਲਾ ਏਡ ਦਿਖਾਯਾ ਨ
ਕਿਸੇ ਧਰਮ ਵਾਲੇ, ਕਿਸੇ ਸ਼ਰਮ ਵਾਲੇ, ਮਥਾ ਜ਼ਾਲਮਾਂ ਦੇ ਨਾਲ ਡਾਹਯਾ ਨ
ਦੜ ਵਟ ਕੇ, ਸਭੇ ਹੀ ਬੈਠ ਰਹੇ ਸੀ, ਗੁਸਾ ਕਿਸੇ ਦੇ ਚਿਤ ਨੂੰ ਆਯਾ ਨ
ਕਿਸੇ ਬਿਨਾਂ ਦਸ਼ਮੇਸ਼ ਕਰਤਾਰ ਸਿੰਘਾ, ਸਿਰੋਂ ਏਸ ਦੁਆਰ ਨੂੰ ਲਾਹਯਾ ਨ

ਘੇਰਾ ਵੈਰੀਆਂ ਘੱਤ ਚੁਫੇਰੇ ਲਿਆ, ਪਈ ਰਾਤ ਤੇ ਧੁੰਦ ਗੁਬਾਰ ਹੋਯਾ
ਓਧਰ ਗੁਰੂ ਜੀ ਤੇ ਸਿੰਘ ਗੇਣਤੀ ਦੇ ਗੜ੍ਹੀ ਵਿਚ ਬੈਠੇ ਜੰਗ ਭਾਰ ਹੋਯਾ
ਸਤਿਗੁਰਾਂ ਦਾ ਮੁਖ ਪ੍ਰਸੰਨ ਐਡਾ, ਨੂਰ ਚਿਹਰੇ ਤੇ ਅਪਰ ਅਪਾਰ ਹੋਯਾ
ਵੇਖੋ ਏਤਨਾ ਝਲਿਆ ਕਸ਼ਟ ਭਾਰਾ, ਚਿਹਰੇ ਗਮੀਦਾ ਨਹੀਂ ਅਸਾਰ ਹੋਯਾ
ਹੋਏ ਸ਼ਾਨ ਬਰਬਾਦ ਅਨੰਦਪੁਰ ਦੇ, ਖੇਰੂ ਖੇਰੂ ਸਾਰਾ ਪਰਵਾਰ ਹੋਯਾ
ਪਯਾਰੇ ਸਿੰਘ ਹਜਾਰਾਂ ਸ਼ਹੀਦ ਹੋ ਗਏ, ਸਭ ਸਾਜ ਸਾਮਾਨ ਖਵਾਰ ਹੋਯਾ
ਅੱਖਾਂ ਸਾਹਮਣੇ ਬੇਟੇ ਦੋ ਜੂਝ ਗਏ, ਵੈਰੀ ਗਿਰਦ ਬੁਰਾ ਘੇਰਾ ਡਾਰ ਹੋਯਾ
ਉਤੋਂ ਰਾਤ ਪਈ ਸਾਥੀ ਨਾਲ ਥੋੜੇ, ਵੈਰੀ ਚਹੁੰ ਪਾਸੀਂ ਬੇਸ਼ੁਮਾਰ ਹੋਯਾ
ਪਾਸ ਜੰਗ ਦਾ ਰਿਹਾ ਸਾਮਾਨ ਨਾਹੀਂ, ਮਾਰੂ ਦੇਸ ਬਿਨਾਂ ਕਰਤਾਰ ਹੋਯਾ
ਪਈਆਂ ਮੁਸ਼ਕਲਾਂ ਸਿਰ ਪਹਾੜਾਂ ਵਾਂਗੂੰ, ਸੁਖ ਬਾਦਸ਼ਾਹੀ ਸੋ ਉਡਾਰ ਹੋਯਾ
ਪਰ ਧੰਨ ਮਹਾਰਾਜ ਗੋਬਿੰਦਸਿੰਘ ਜੀ, ਤਰਾ ਹੋਸਲਾ ਸਿਫਤ ਤੋਂ ਬਾਹਰ ਹੋਯਾ
ਏਨੇ ਦੁਖਾਂ ਤੋਂ ਚਿਤ ਨ ਡੋਲ ਖਾਧੀ, ਤੇਰਾਂ ਜਿਗਰ ਡਾਢਾ ਹੀ ਜ਼ਾਹਰ ਹੋਯਾ
ਏਡੀ ਧੀਰਜ ਹੌਂਸਲਾ ਹੋਏ ਜਿਸਦਾ, ਕੋਈ ਨਹੀਂ ਐਸਾ ਅਵਤਾਰ ਹੋਯਾ
ਐਸਾ ਕੌਣ ਜੋ ਬਲੀ ਕਰਤਾਰ ਸਿੰਘ, ਦੁਖ ਪਾ ਜੋ ਨ ਦੁਖਿਆਰ ਹੋਯਾ

ਇਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਿਨ

ਵਡੇ, ਪੁਤ ਭਰਾਵਾਂ ਦੇ ਦੁਖ ਹੋਂਦੇ, ਜਿਨ੍ਹੂੰ ਲਗਦੇ ਓਹ ਭੁਲਾਏ ਕਿਹੜਾ
ਟੋਟੇ ਜਿਗਰ ਦੇ ਆਪਣੇ ਬਚਿਆਂ ਨੂੰ, ਅਖਾਂ ਸਾਹਮਣੇ ਹੈ ਮਰਵਾਏ ਕਿਹੜਾ
ਕਿਸੇ ਵਾਸਤੇ ਆਪਣੇ ਆਪ ਤਾਈਂ, ਹੱਸ ਮੌਤ ਦੇ ਹਥ ਫੜਾਏ ਕਿਹੜਾ
ਦੁਖ ਦੇਸ ਦਾ ਮੇਟਣੇ ਵਾਸਤੇ ਜੀ, ਦੁਖ ਆਪਣੇ ਸਿਰ ਉਠਾਏ ਕਿਹੜਾ
ਖਾਨੇ ਉਜੜੇ ਲਖਾ ਵਸਾ ਕਰਕੇ, ਆਪ ਖਾਨਾ ਬਰਬਾਦ ਕਰਾਏ ਕਿਹੜਾ
ਕੰਡੇ ਦੇਸ ਦੇ ਹੂੰਝਣੇ ਵਾਸਤੇ ਜੀ, ਰਾਹ ਆਪਣੇ ਕੰਡੇ ਖਿੰਡਾਏ ਕਿਹੜਾ

ਹਥੀਂ ਆਪਣੇ ਪੁਤ ਮਰਵਾ ਕਰਕੇ, ਹੋਰ ਦੇਸ ਦੇ ਬਚੇ ਬਚਾਏ ਕਿਹੜਾ
ਆਪ ਮੁਸ਼ਕਲਾਂ ਦੇ ਵਿਚ ਪੇ ਕਰਕੇ, ਦੇਸ ਵਾਸੀਆਂ ਤਈ ਛੁਡਾਏ ਕਿਹੜਾ
ਇਕ ਤੇਰੇ ਬਿਨਾਂ ਦਸ਼ਮੇਸ਼ ਪਿਤਾ, ਏਸ ਕੰਮ ਨੂੰ ਤੋੜ ਚੜਾਏ ਕਿਹੜਾ
ਤੇਰੇ ਜਿਹਾ ਤੂੰਹੇਂ ਕਰਤਾਰ ਸਿੰਘਾ, ਤੇਰੀ ਸੰਮਤਾ ਹੋਰ ਰਖਾਏ ਕਿਹੜਾ

ਪੁਤ੍ਰਾਂ ਦੇ ਦੁਖ ਬੁਰੇ

ਔਖੇ ਝਲਣੇ ਸਲ ਨੇ ਪੁਤ੍ਰਾਂ ਦੇ, ਔਖਾ ਕੰਮ ਹੈ ਵਿਚ ਜਹਾਨ ਭਾਈ
ਵੇਖੋ ਮਰੇ*ਵਸਿਸ਼ਟ ਦੇ ਪੁਤ੍ਰ ਜਦੋਂ,ਹੋਯਾ ਦੁਖੀ ਓਹ ਮੋਹ ਵਿਚ ਆਨ ਭਾਈ
ਡੁਬ ਵਿਚ ਦਰਯਾ ਦੇ ਮਰਨ ਲਗਾ, ਛਡ ਹੋਸਲਾ ਓਹ ਬੁਧਵਾਨ ਭਾਈ
ਰਾਮ ਚੰਦ੍ਰ ਬਨਬਾਸ ਨੂੰ ਚਲਿਆ ਜਾਂ,ਦਸਰਥ ਦੁਖੀ ਹੋਇਆ ਪਛਾਨ ਭਾਈ
ਮਰ ਗਿਆ ਵਿਛੋੜਾ ਨ ਝਲਿਓ ਸੂ,ਕੀਤਾ ਵਿਚ ਰਾਮਾਯਨ ਬਿਆਨ ਭਾਈ
ਨਿਗਾਂ ਮਾਰ ਦੇਖੋ ਵਲ ਰਾਵਨੇ ਦੇ, ਲੰਕਾ ਵਿਚ ਹੋਯਾ ਬਲਵਾਨ ਭਾਈ
ਮੇਘ ਨਾਥ ਦਾ ਕਟਿਆ ਸਿਰ ਡਿਠਾ, ਹੋਯਾ ਉਸ ਨੂੰ ਮਹਾਨ ਭਾਈ
ਰਾਮਚੰਦ੍ਰ ਭਿਰਾਵਾਂ ਦੇ ਮਰੇ ਪਿਛੋਂ, ਡੁਬਾ ਵਿਚ ਸਰਯੂ ਦੁਖ ਮਾਨ ਭਾਈ
ਸ੍ਰੀ ਕ੍ਰਿਸ਼ਨ ਪ੍ਰਵਾਰ ਦੇ ਬਿਨਾਂ ਕਲਾ,ਹੋ ਉਦਾਸ ਮਰਿਆ ਬੀਆਬਾਨ ਭਾਈ
ਜਗ ਵਿਚ ਅਭਿਮੰਨੂੰ ਦੇ ਮਰਨਕਰਕੇ,ਸੁਟ ਬੈਠਾ ਅਰਜਨਧਨਖਬਾਨ ਭਾਈ
ਮਰਯਾਵੇਖ ਸੋਹਰਾਬਨੂੰ ਆਪ ਮਰਯਾ,ਰੋਇਰੋਇ ਰੁਸਤਮ ਪੇਹਲਵਾਨ ਭਾਈ
ਪਰ ਧੰਨ ਇਕ ਗੁਰੂ ਗੋਬਿੰਦ ਸਿੰਘ ਜੀ, ਪੁਤ੍ਰ ਹੋਏ ਸ਼ਹੀਦ ਮੈਦਾਨ ਭਾਈ
ਅਖੀਂ ਅੱਥਰੂ ਇਕ ਨ ਕੇਰਿਆ ਜੀ, ਸਗੋਂ ਸ਼ੁਕ੍ਰ ਕੀਤਾ ਭਗਵਾਨ ਭਾਈ
ਸਾਥੀ ਸਾਰੇ ਗਏ ਕੱਲੇ ਘਿਰੇ ਪਏ, ਢੁਕੇ ਚਹੂੰ ਪਾਸੀਂ ਵੈਰੀ ਜਾਨ ਭਾਈ
ਪਰ ਭੋਰ ਭੀ ਹੌਸਲਾ ਛਡਿਆ ਨ, ਚਿਹਰੇ ਗਮੀ ਦਾ ਨਹੀਂ ਨਿਸ਼ਾਨ ਭਾਈ
ਫੇਰ ਕਲਾ ਹੀ ਸ਼ੇਰ ਕਰਤਾਰ ਸਿੰਘਾ,ਬੈਠਾ ਮਸਤ ਗਿਦੜ ਰੌਲਾ ਪਾਨ ਭਾਈ

ਸ੍ਰੀ ਦਸਮੇਸ਼ ਜੀ ਨੇ ਏਹ ਤਕਲੀਫਾਂ ਕਿਉਂ ਝਲੀਆਂ

ਕੀਹ ਏਹ ਦੁਖ ਝਲੇ ਸਤਿਗੁਰੂ ਜੀ ਨੇ,ਕਿਸੇ ਦੇਸ ਦਾ ਰਾਜ ਕਮਾਨ ਬਦਲੇ

---

*ਵਸ਼ਿਸ਼ਟ ਦੇ ਪੁਤ੍ਰ ਜਦ ਵਿਸ਼ਵਾ ਮਿੱਤ੍ਰ ਨ ਸਾਰੇ ਹੀ ਮਾਰ ਦਿਤੇ ਤਾਂ ਉਹ ਏਤਨਾਂ ਦੁਖੀ ਹੋਯਾ ਕਿ ਸਤੁਦ੍ਰਵ ਨਦੀ ਵਿਚ ਡੁਬ ਕੇ ਮਰਨ ਨੂੰ ਤਯਾਰ ਹੋ ਗਿਆ।

ਸਾਹਿਬਜ਼ਾਦਿਆਂ ਦਾ ਕਰਤਾਰ ਸਿੰਘਾ, ਹੈ ਚੋਹਾਂ ਦਾ ਹਾਲ ਲਿਖਯਾ ਹੋਯਾ

### ਵੈਰੀਆਂ ਦਾ ਫੇਰ ਹਲਾ

ਸਾਹਿਬਜ਼ਾਦੇ ਤੇ ਸਿੰਘ ਸ਼ਹੀਦ ਹੋ ਗਏ,ਮਾਰ ਜਿਨਾਂ ਨੇ ਵੈਰੀ ਖਪਾਏ ਬਹੁਤੇ
ਓਧਰ ਸੂਰਜ ਵੇਖ ਦਾ ਥਕ ਗਿਆ, ਚਾਰੋ ਤਰਫ ਹਨੇਰ ਆ ਛਾਏ ਬਹੁਤੇ
ਏਧਰ ਸੂਬਿਆਂ ਏਹ ਸਲਾਹ ਕੀਤੀ ਸਿੰਘ ਮਾਰਕੇ ਹੈਨ ਮੁਕਾਏ ਬਹੁਤੇ
ਹੁਣ ਗੁਰਾਂ ਦੇ ਪਾਸ ਰਹਿ ਗਏ ਥੋੜੇ, ਖੁਸ਼ੇ ਹੋਕੇ ਕੋਹਕੇ ਲਗਾਏ ਬਹੁਤੇ
ਉਸੇ ਵਕਤ ਵਕਤ ਵਜੀਦ ਖਾਂ ਹੁਕਮ ਦੇਕੇ,ਇਕੋ ਵਾਰ ਜਵਾਨ ਝੁਕਾਏ ਬਹੁਤੇ
ਜੀਉਂਦਾ ਫੜ ਲੌ ਗੁਰੂ ਨ ਭਜ ਜਾਵੇ, ਐਲੀ ਐਲੀ ਦੇ ਸ਼ੋਰ ਮਚਾਏ ਬਹੁਤੇ
ਓਧਰ ਗੁਰਾਂ ਨੇ ਰੋਹ ਦੇ ਵਿਚ ਆਕੇ, ਵਡਾ ਧਨਖ ਲੈ ਤੀਰ ਚਲਾਏ ਬਹੁਤੇ
ਖਿਚ ਕੰਨਾਂ ਤੋੜੀ ਗਜਬ ਭਰੇ ਛਡੇ, ਜਿਨਾਂ ਮਾਰਕੇ ਵੈਰੀ ਵਿਛਾਏ ਬਹੁਤੇ
ਛੇ ਸਤ ਕੁ ਸਿੰਘ ਭੀ ਨਾਲ ਸੀਗੇ, ਓਹਨਾਂ ਰਾਮਜੰਗੇ ਕੜਕਾਏ ਬਹੁਤੇ
ਮਾਰ ਤੀਰਾਂ ਦੀ ਖਾ ਦੜਾ ਫ਼ਿਰੇ, ਤਦ ਵੇਖ ਵੈਰੀ ਘਬਰਾਏ ਬਹੁਤੇ
ਛੁਟੇ ਤੀਰ ਇਕ ਸਾਰ ਮਹਾਂਬਲੀ ਜੀ ਦੇ ਅਗਾਂ ਵਧਕੇ ਮਾਰ ਲਿਟਾਏ ਬਹੁਤੇ
ਕੁਝ ਧੜ ਤੇ ਕੁਝ ਹਨੇਰਾ ਪਿਆ, ਕੁਝ ਗੁਰਾਂ ਦੇ ਖੌਫ ਦਬਾਏ ਬਹੁਤੇ
ਹੁੰਦਾ ਵੇਖ ਨੁਕਸਾਨ ਵਜ਼ੀਦ ਖਾਂ ਨੇ; ਘੋੜੇ ਅਕਲ ਤੇ ਫਿਕ੍ਰ ਦੁੜਾਏ ਬਹੁਤੇ
ਮੋੜ ਲਈ ਸਿਪਾਹ ਕਰਤਾਰ ਸਿੰਘਾ, ਹਟ ਗਿਆ ਜਵਾਨ ਮਰਵਾਏ ਬਹੁਤੇ

### ਵਰੀਆਂ ਚੌਫੇਰੋਂ ਘੇਰਾ ਪਾਕੇ ਬੈਠ ਜਾਣਾ

ਐਵੇਂ ਕਿਉਂ ਜਵਾਨ ਮਰਵਾਉਂਦੇ ਓ, ਫੌਜ ਸਾਰੀ ਨੂੰ ਪਿਛਾਂ ਹਟਾ ਰਖੋ
ਦਿਨੇ ਫੜਲਾਂਗੇ ਸੌਖਾ ਗੁਰੂ ਤਾਈਂ, ਘੇਰਾ ਰਾਤ ਚੁਫੇਰੇ ਹੀ ਪਾ ਰਖੋ
ਚੜ੍ਹ ਚਲਿਆ ਕਿਸੇ ਅਸਮਾਨ ਨਾਹੀਂ, ਪਹਿਰੇ ਚੋਹਰੇ ਚੌਫੇਰੇ ਹੀ ਲਾ ਰਖੋ
ਏਹੋ ਠਟ ਵੈਰੀ ਘੇਰਾ ਘਤ ਬੈਠੇ, ਰਾਤ ਹੋਰ ਸਲਾਹ ਉਠਾ ਰਖੋ
ਦਿਤਾ ਅਫਸਰਾਂ ਨੂੰ ਹੁਕਮ ਸੂਬਿਆਂ ਨੇ, ਤੁਸੀਂ ਪਿਕਟਾਂ ਰਾਤ ਜਗਾ ਰਖੋ
ਮਤਾ ਬਾਹਰ ਤੋਂ ਸਿੰਘਾ ਆ ਪੈਣ ਰਾਤੀਂ, ਸਾਰੇ ਲੋਕ ਹੁਸ਼ਯਾਰ ਕਰਾ ਰਖੋ
ਚੋਰੀ ਗੁਰੂ ਨ ਅੰਦਦੋਂ ਨਿਕਲ ਜਾਵੇ, ਥਾਂ ਥਾਂ ਸਿਪਾਹੀ ਬੈਠਾ ਰਖੋ
ਓਹਨਾ ਨਿਕਲ ਜਾਨਾ ਕਰਤਾਰ ਸਿੰਘਾ, ਜਿਨੇ ਪੁਜਦੇ ਬਾਣੇ ਬਣਾ ਰਖੋ

### ਸ੍ਰੀ ਦਸਮੇਸ਼ ਜੀ ਦਾ ਦਬਦਬਾ

ਗੁਰ ਕੱਚੀ ਹਵੇਲੀ ਦੇ ਵਿਚ ਬੈਠੇ; ਬਾਹਰ ਸਣੇ ਫੌਜਾਂ ਸੂਬੇ ਖਾਨ ਬੈਠੇ
ਬਲੀ ਸ਼ੇਰ ਨਜ਼ਦੀਕ ਨ ਕੋਈ ਆਵੇ, ਬੜੇ ਬੜੇ ਬਲੀ ਆਕੜਖਾਨ ਬੈਠੇ
ਹੀਆ ਕਿਸੇ ਦੇ ਵਿਚ ਨ ਅਗ੍ਹਾਂ ਹੋਵਾਂ, ਮੁਸਲਮਾਨ ਹਿੰਦੂ ਤੇ ਪਠਾਨ ਬੈਠੇ
ਫੜ ਸਕਦੇ ਨ ਕੱਲੀ ਜਾਨ ਤਾਈਂ, ਬਾਹਰ ਬੇ ਸ਼ੁਮਾਰ ਜਵਾਨ ਬੈਠੇ
ਜਿੰਦਾਂ ਚਾਲੀਆਂ ਨੇ ਮੂੰਹ ਭੰਨ ਸੁਟੇ, ਹਾਰ ਗਏ ਲਾ ਆਪਣਾ ਤਾਨ ਬੈਠੇ
ਹੁਣ ਗਿਣਤੀ ਦੇ ਸਤ ਅਠ ਰਹੇ, ਵੈਰੀ ਉਨ੍ਹਾਂ ਤੋਂ ਭੀ ਡਰ ਖਾਨ ਬੈਠੇ
ਘੇਰਾ ਘੱਤ ਨਕਾਰਿਆਂ ਵਾਂਗ ਬੈਠੇ, ਸ਼ੇਰ ਘੇਰਨ ਨੂੰ ਗਿਦੜ ਜਾਨ ਬੈਠੇ
ਬਾਜ ਫੜਨ ਨੂੰ ਵੇਖ ਕਰਤਾਰ ਸਿੰਘਾ, ਕਾਗ ਚਹੁੰ ਪਾਸੀਂ ਰੌਲਾ ਪਾਨ ਬੈਠੇ

### ਭਾਈ ਦਯਾ ਸਿੰਘ ਹੋਰਾਂ ਨੇ ਸਤਿਗੁਰਾਂ ਅਗੇ ਬੇਨਤੀ ਕਰਨੀ

ਸਤਿਗੁਰੂ ਤਾਂ ਹਠੀ ਨ ਕੋਈ, ਪਰ ਸਿੰਘਾਂ ਇਉਂ ਅਰਜ ਸੁਨਾਈਏ ਜੀ
ਮਹਾਰਾਜ ਜੀ ਸਿੰਘ ਸ਼ਹੀਦ ਹੋ ਗਏ, ਬਾਹਰ ਵੈਰੀਆਂ ਨੇ ਅੱਤ ਚਾਈਏ ਜੀ
ਖੈਰ ਅੱਜ ਦਾ ਦਿਨ ਤਾਂ ਲੰਘ ਗਿਆ, ਹੁਣ ਕਲ੍ਹ ਦਾ ਕਿਵੇਂ ਲੰਘਾਈਏ ਜੀ
ਸਾਡੇ ਪਾਸ ਨ ਰਿਹਾ ਸਾਮਾਨ ਜੰਗੀ, ਕਿਵੇਂ ਅੜਕੇ ਜੰਗ ਮਚਾਈਏ ਜੀ
ਆਪ ਕਰੋ ਕ੍ਰਿਪਾ ਸਾਡੀ ਬੇਨਤੀ ਤੇ, ਨਿਕਲ ਵੈਰੀਦੇ ਪੰਜਿਓਂ ਜਾਈਏ ਜੀ
ਜਾ ਕੇ ਮਾਲਵੇ ਦੇਸ ਕਰਤਾਰ ਸਿੰਘਾ, ਨਵੇਂ ਸਿੰਘ ਅਪਾਰ ਸਜਾਈਏ ਜੀ

### ਤਥਾ

ਸਾਨੂੰ ਆਪਣੇ ਮਰਨ ਦਾ ਡਰ ਨਾਹੀਂ, ਏਥੋਂ ਤੁਸੀਂ ਜੇ ਦਾਉ ਦਚਾ ਲੋਗੇ
ਸਾਡੇ ਜਹੇ ਸਤਿਗੁਰੂ ਜੀ ਹੋਰ ਲੱਖਾਂ, ਤੁਸੀਂ ਸੂਰਮੇ ਸਿੰਘ ਸਜਾ ਲੋਗੇ
ਤੁਹਾਡੇ ਨਾਲ ਸਲਾਮਤੀ ਪੰਥ ਦੀ ਹੈ ਜੀਉਂਦੇ ਲੱਖਾਂ ਉਪਕਾਰ ਕਰਾ ਲੋਗੇ
ਏਥੋਂ ਨਿਕਲ ਜਾਵੋ ਕਰਤਾਰ ਸਿੰਘਾ, ਕਈ ਦੇਸ ਨੂੰ ਫਾਇਦੇ ਪੁਚਾ ਲੋਗੇ

### ਸ੍ਰੀ ਦਸਮੇਸ਼ ਜੀ ਨੇ ਪੰਥ ਨੂੰ ਵਿਵਹਾਰਕ ਗੁਰਿਆਈ ਬਖਸ਼ਨੀ

ਜਦ ਸਿੰਘਾਂਨੇ ਇਉਂ ਬਹੁਤਾ ਹਠ ਕੀਤਾ, ਸਤਿਗੁਰਾਂ ਨੇ ਤਯਾਰੀ ਬੁਲਾ ਦਿਤੀ
ਉਠ ਆਪਣੀਜਗ੍ਹਾ ਤੇ ਲਾਹ ਕਲਗੀ; ਸੰਗਤ ਸਿੰਘ ਦੇ ਤਈਂ ਪਹਿਨਾ ਦਿਤੀ
ਸੰਗਤਸਿੰਘ ਤੇ ਸੰਤ ਸਿੰਘ ਦਯਾ ਸਿੰਘ ਜੀ, ਏਹ ਗੋਣਤੀ ਕਿਉਂ ਗਣਾ ਦਿਤੀ

ਮਾਨ ਸਿੰਘ ਤੇ ਧਰਮ ਸਿੰਘ ਪੰਜਾਂ ਦੀ ਹੀ, ਸਤਿਗੁਰਾਂ ਪੰਚੈਤ ਬਨਾ ਦਿਤੀ
ਪਹਿਲੇ ਸੋਧ ਅਰਦਾਸ ਅਕਾਲ ਅਗੇ; ਫੇਰ ਗਿਰਦ ਪ੍ਰਦੱਖਨਾ ਚਾ ਦਿਤੀ
ਗੁਰੂ ਖਾਲਸਾ, ਖਾਲਸਾ ਗੁਰੂ ਹੋਯਾ, ਸਤਿਗੁਰਾਂ ਪਰਤੱਖ ਸੁਨਾ ਦਿਤੀ
ਏਹ ਗੱਦੀ ਗੁਰਯਾਈ ਦੀ ਅਜ ਤੋਂ ਮੈਂ, ਹੈ ਪੰਥ ਦੇ ਤਈਂ ਬਖਸ਼ਾ ਦਿਤੀ
ਅੱਗੋਂ ਕੋਈ ਇਕ ਗੁਰੂ ਨ ਬਣ ਸਕੇ, ਵਾਗ ਪੰਥ ਦੇ ਹਥ ਫੜਾ ਦਿਤੀ
ਇਕ ਗੁਰੂ ਦੇਹ ਧਾਰੀ ਦੇ ਲਭਨੇ ਦੀ, ਅਗੋਂ ਵਾਸਤੇ ਲੋੜ ਮੁਕਾ ਦਿਤੀ
ਪੰਥ ਰਹੇ ਅੱਟਲ ਕਰਤਾਰ ਸਿੰਘਾ, ਸਤਿਗੁਰਾਂ ਓਹ ਰੀਤ ਚਲਾ ਦਿਤੀ

ਖਾਲਸੇ ਨੂੰ ਗੁਰਿਆਈ ਦੇ ਬਖਸ਼ਣਾਰੀ ਬਾਬਤ ਸੂਰਜ ਪ੍ਰਕਾਸ਼ ਦੀ ਛੇਵੀਂ ਰੁਤ ਦੇ

ਬੇਤਾਲੀਸਵੇਂ ਅਧਯਾ ਵਿਚ ਇਉਂ ਲਿਖਿਆ ਹੈ—

ਦਯਾ ਸਿੰਘ ਅਰ ਅਮਰ ਸਿੰਘ ਜੀ, ਮਾਨ ਸਿੰਘ ਤੀਜੋ ਬਰ ਬੀਰ।
ਸੰਗਤ ਸਿੰਘ ਸੰਤ ਸਿੰਘ ਪੰਚਮ, ਤਿਨਹੂੰ ਬਿਠਾਏ ਦੇ ਕਰ ਧੀਰ।
†ਗੁਰਤਾ ਅਰਪਨ ਲਗੇ ਖਾਲਸੇ, ਪੰਜ ਸਿੰਘ ਤਹਿੰ ਸੋਹਿੰ ਸਰੀਰ।

---

†ਇਸ ਛੰਦ ਤੋਂ ਏਹ ਪੱਕਾ ਸਾਬਤ ਹੋ ਗਿਆ ਹੈ ਕਿ ਗੁਰੂ ਜੀ ਨੇ ਵਿਵਹਾਰਕ ਗੁਰਿਆਈ (ਪੰਥ ਦੇ ਕੰਮਾਂ ਤੇ ਵਿਚਾਰ ਕਰਨੀ, ਅੰਮ੍ਰਿਤ ਛਕਾ ਗੁਰਮੰਤ੍ਰ ਸੁਨ । ਗੁਰਸਿਖੀ ਨੂੰ ਵਧਾਨਾ ਆਦਿਕ) ਗੁਰ ਖਾਲਸੇ ਨੂੰ ਬਖਸ਼ ਦਿਤੀ ਤੇ ਨਾਲ ਹੀ ਦਸਿਆ ਕਿ ਤਨਖਾਹ ਲਾਨਾ ਯਾ ਕਿਸੇ ਗੁਰਮਤੇ ਨੂੰ ਪਾਸ ਕਰਨਾ ਆਦਿ ਏਹ ਸਭ ਅਖਤਿਆਰ ਪੰਜਾਂ ਦੀ ਪੰਚਾਇਤ ਨੂੰ ਦੇ ਦਿਤੇ ਅਤੇ ਇਸ ਛੰਦ ਦੀ ਅਠਵੀਂ ਤੁਕ ਵਿਚ ਦਸਿਆ ਹੈ ਕਿ ਛਾਦਨ ਭੋਜਨ ਜੋ ਗੁਰ ਅਰਪਨ ਦੇਣਾ ਹੈ ਓਹ ਭੀ ਖਾਲਸੇ ਨੂੰ ਹੀ ਦਿਤਾ ਜਾਇਆ ਕਰੇ, ਸੋ ਇਸ ਸਬੂਤ ਦੇ ਹੁੰਦਿਆਂ ਭੀ ਲੋਕ ਕਿਸੇ ਦੇਹ ਧਾਰੀ ਨੂੰ ਆਪਣਾ ਗੁਰੂ ਕੇ ਤੇ ਫੇਰ ਭੀ ਸਿੰਘ ਅਖਵਾ ਦੇ ਹਨ ਓਹ ਜ਼ਰੂਰ ਤਨਖਾਹੀਏ ਹਨ ਜੋ ਉਹਨਾਂ ਦਾ ਦੱਥਰ ਹੈ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਾਕ ਨੂੰ ਪੂਰਾ ਕਰਨ ਵਾਸਤੇ "ਛਾਦਨ ਭੋਜਨ ਤਿਸ ਗੁਰ ਕੇ ਦੇਈ" ਦੇਹ ਧਾਰੀ ਗੁਰੂ ਬਨਾਂਦੇ ਹਾਂ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਤਾਂ ਛਾਦਨ (ਕਪੜਾ, ਲੈ ਸਕਦੇ ਹਨ ਤੇ ਭੋਜਨ ਨਹੀਂ ਲੈ ਸਕਦੇ ਸੋ ਓਹ ਇਸ ਹੁਕਮ ਦੇ ਉਲਟ ਕਰਦੇ ਹਨ "ਭੋਜਨ ਛਾਦਨ ਪੰਚਨ ਅਰਪਹਿ" ਜਦ ਏਹ ਪਰਤਖ ਹੈ ਕਿ ਗੁਰੂ ਜੀ ਨੇ ਗੁਰਿਆਈ ਖਾਲਸੇ ਨੂੰ ਅਰਪਨ ਕਰ ਦਿਤੀ ਤੇ ਕੰਮ ਦੇ ਚਲਾਨ ਵਾਸਤੇ ਪੰਜਾਂ ਪਿਆਰਿਆਂ ਦੀ ਪੰਚਾਇਤ ਬਣਾ

(ਬਾਕੀ ਦੇਖੋ ਸਫਾ ੪੬੩ ਤੇ)

ਪੰਚਹੁੰ ਮੇਂ ਵਰਤਤ ਨਿਤ ਮੋਹੇਂ, ਪੰਚ ਮਿਲਹਿ ਸੋ ਪੀਰਨ ਪੀਰ।
ਗੁਰ ਘਰ ਦੀ ਮਰਯਾਦਾ ਪੰਚਹੁ, ਪੰਚਹੁ ਪਾਹੁਲ ਪੂਰਬ ਪੀਨ।
ਹੋਇ ਤਨਖਾਹੀਆ ਬਖਸ਼ੇ ਪੰਚਹੁੰ, ਪਾਹੁਲ ਦੇ ਮਿਲ ਪੰਚ ਪ੍ਰਬੀਨ।
ਲਖਹੁ ਪੰਚ ਕੀ ਬਡ ਵਡਿਆਈ, ਪੰਚ ਕਰਹਿੰ ਸੋ ਨਿਫਲ ਨ ਚੀਨ।
ਭੋਜਨ, ਛਾਦਨ ਪੰਚਨ ਅਰਰਹਿੰ, ਅਰਜ ਕਰਹਿੰ ਤਿਨ ਬਾਂਛਤ ਲੀਨ।
ਇਨ ਪਾਚਨ ਕੀ ਮਹਿਮਾ ਕਹਿਕੇ, ਤੀਨ ਪ੍ਰਕਰਮਾ ਫਿਰ ਕਰ ਦੀਨ।
ਅਰਪ ਸ਼ਸਤ੍ਰ ਜਿਗ੍ਹਾ ਅਰ ਕਲਗੀ, ਨਿਜ ਕਰੇ ਤੇ ਸਿਰ ਬੰਧਨ ਕੀਨ।
ਸ਼ਸਤ੍ਰ ਗਾਤਰੇ ਤਬ ਪਹਿਰਾਏ, ਕਟ ਕਸਾਏ ਕਰ ਬਿਲਮ ਬਹੀਨ।
ਸ੍ਰੀ ਵਾਹਿਗੁਰੂ ਜੀ ਕਾ ਖਾਲਸਾ, ਫਤੇ ਵਾਹਿਗੁਰੂ ਜੀ ਕੀ ਚੀਨ।

ਸ੍ਰੀ ਦਸ਼ਮੇਸ਼ ਜੀ ਨੇ ਬਾਕੀ ਸਿੰਘਾਂ ਨੂੰ ਸਮਝਾਣਾ

ਏਸ ਤਰ੍ਹਾਂ ਦੀ ਏਹ ਕਾਰਵਾਈ ਕਰਕੇ, ਗੁਰੂ ਜੀ ਨੇ ਖਮਰ ਕਸਾਈ ਕੀਤੀ
ਸੰਤਸਿੰਘ ਸੰਗਤ ਸਿੰਘ ਰਾਮ ਸਿੰਘ ਨੂੰ, ਕੇਹਰ ਸਿੰਘ ਹੋਰਾਂ ਨੂੰ ਸਖਾਈ ਕੀਤੀ
ਦੇਵਾ ਸਿੰਘ;ਸੰਤੋਖ ਸਿੰਘ ਪੰਜਾਂ ਤਾਈਂ, ਏਸਤਰ੍ਹਾਂ ਦੀ ਗੁਰਾਂ ਤਕੜਾਈ ਕੀਤੀ
ਤੁਸਾਂ ਤੀਰ ਬੰਦੂਕ ਚਲਾਂਦੇ ਰਹਿਨਾਂ, ਹੋਰ ਅੰਤ ਦੀ ਮੇਲ ਮਿਲਾਈ ਕੀਤੀ
ਜੀਉਣਸਿੰਘ ਮਜ਼ਬੀ ਕਾਠਾ ਸਿੰਘ ਤਾਈਂ, ਧੀਰਜ ਦੇਕੇ ਏਹ ਸੁਨਾਈ ਕੀਤੀ
ਧੌਂਸਾ ਰਹੋ ਵਜਾਂਦੇ ਕਰਤਾਰ ਸਿੰਘਾ, ਦੇ ਕੇ ਹੌਂਸਲਾ ਧੀਰ ਧਰਾਈ ਕੀਤੀ

ਸ੍ਰੀ ਦਸਮੇਸ਼ ਜੀ ਨੇ ਵਿਛੜਨ ਲਗਿਆਂ ਸਿੰਘਾ ਨੂੰ ਉਪਦੇਸ਼ ਕਰਨਾ

ਗੁਰਪੁਰੀ ਵਿਚ ਹੋਇਗਾ ਫੇਰ ਮੇਲਾ,ਹੁਣ ਵੇਖ ਵਿਛੋੜਾ ਘਬਰਾਇਓ ਨਾਹੀਂ
ਮੇਲ ਦੇਹ ਦਾ ਘੜੀ ਤੇ ਪਲ ਰਿਹਾ, ਰਖ ਹੌਸਲੇ ਚਿਤ ਡੁਲਾਇਓ ਨਾਹੀਂ

---

(ਸਫਾ ੨੬੨ ਦੀ ਬਾਕੀ)

ਦਿਤੀ ਤੇ ਉਸ ਦੇ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ "ਆਤਮ ਸਕਤ ਭਰਪੂਰ ਖਜਾਨਾ" ਗੁਰੂ ਅਸਥਾਪਨ ਕਰ ਦਿਤ ਜੋ ਸਰਬ ਭਾਂਤ ਸਰਬ ਥਾਨ ਵਿਖੇ ਹਰ ਦਿਨ ਨੂੰ ਉਪਦੇਸ਼ ਦੇਣ ਦੇ ਯੋਗ ਹਨ, ਫੇਰ ਗੁਰੂ ਆਸ਼ੇ ਦੇ ਉਲਟ ਚਲ ਕੇ ਜਰਾ ਕੁ ਕਿਸੇ ਦਾ ਪਰਤਾਪ ਦੇਖਿਆ ਯਾ ਕੁਝ ਗੱਲਾਂ ਸੁਣੀਆ ਝਟ ਗੁਰੂ ਮੰਨ ਗੁਰਮੰਤਰ ਲੈ ਲਿਆ, ਜੋ ਉਹਨਾ ਭੁਲੇਖੇ ਵਿਚ ਪਿਆਂ ਕਰਾਵਾਂ ਅਤੇ ਭੁਲਣਤੀ ਹੈ ਕਿ ਜੇਕਰ ਕਿਸੇ ਸਿਖ ਦਾ ਬੜਾ ਪਰਤਾਪ ਹੈ ਯਾ ਉਹ ਬੜਾ ਭਜਨੀਕ ਹੈ ਭਾਇਹ ਸਾਡੇ ਵਿਚੋਂ ਸਾਡਾ ਭਰਾ ਹੈ ਅਸੀਂ ਉਸ ਪਾਸੋਂ ਗੁਰ ਆਸ਼ੇ ਪੁਛ ਸਕਦੇ ਹਾਂ ਮਗਰ ਉਸ ਨੂੰ ਹੀ ਗੁਰੂ ਮੰਨ ਬੈਠਣਾ ਨਿਰੋਲ ਭੁਲ ਹੈ, ਗੁਰੂ, ਗੁਰੂ-ਖਾਲਸਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹਨ।

ਯਾਂਤੇ ਸਾਡੇ ਪਿਛੇ ਤੁਸਾਂਨਿਕਲਔਣਾ, ਰੌਲਾ ਪਏ ਜਦ ਦੇਰ ਲਗਾਇਓ ਨਾਹੀਂ
ਨਹੀਂ ਤਾਂ ਹੋਕੇਦਿਨੇ ਸ਼ਹੀਦ ਮਰਨਾ, ਜੀਉਂਦੇ ਵੈਰੀਆਂਦੇ ਹਥ ਆਇਓ ਨਾਹੀਂ
ਭਾਣਾ ਜਿਵੇਂ ਕ੍ਰਤਾਰ ਦਾ ਮੰਨਣਾਂ ਏ, ਚਿੱਤ ਕੋਈ ਸੰਕਲਪ ਉਠਾਇਓ ਨਾਹੀਂ
ਮਰ ਜਾਇਓ ਬੇਸ਼ੱਕ ਕਰਤਾਰ ਸਿੰਘਾ, ਜਾਨ ਵੈਰੀਆਂ ਹਥ ਫੜਾਇਓ ਨਾਹੀਂ

ਸਿੰਘਾਂ ਨੇ ਬੇਹਬਲ ਹੋਕੇ ਬੇਨਤੀ ਕਰਨੀ

ਆਪ ਵੈਰੀਦੇ ਪੰਜਿਓਂ ਨਿਕਲ ਜਾਵੇ, ਸਾਡਾ ਫਿਕ੍ਰ ਨਾ ਰਤੀ ਰਵਾਲ ਕਰਨਾ
ਤੁਸੀਂ ਜੀਉਂਦੇ ਤੇਪੰਥ ਜੀਉਂਦਾ ਏ, ਲੱਖਾਂ ਜੀਆਂ ਦੇ ਦੁਖਾਂ ਨੂੰ ਤੁਸਾਂ ਹਰਨਾ
ਸਾਡੇ ਭਾਗਾਂ ਵਿਚ ਏਨਾਂਦੀਦਾਰਹੈਸੀ, ਕਿਸਹੁਕਮ ਅਕਾਲ ਦਾ ਉਲਟ ਧਰਨਾ
ਅੰਤ ਵਿਚ ਚਰਨਾਂ ਸਾਨੂੰ ਥਾਂ ਦੇਨਾ, ਹੋ ਦੋਹਾਂ ਜਹਾਨਾਂ ਦਾ ਆਪ ਪਰਨਾ
ਖੁਸ਼ੀ ਹੋ ਸ਼ਹੀਦੀਆਂ ਪਾਵਾਂਗੇ ਜੀ, ਅੰਤ ਵਿਚ ਸਾਸ ਤੋੜੀ ਅਸਾਂ ਲੜਨਾ
ਸਾਡੀ ਬਖਸ਼ਨੀ ਭੁਲ ਕਰਤਾਰ ਸਿੰਘਾ, ਮੁਕੇ ਸਾਸ ਸਾਡੇ ਅਸਾਂ ਝੱਬ ਮਰਨਾ

ਸ੍ਰੀ ਦਸਮੇਸ਼ ਜੀ ਨੇ ਚਮਕੌਰ ਨੂੰ ਛਡਨਾ

ਏਸ ਤਰ੍ਹਾਂ ਸਮਝਾ ਬੁਝਾ ਕਰਕੇ, ਸਤਿਗੁਰੂ ਜੀ ਉੱਠ ਤਯਾਰ ਹੋਏ
ਦਯਾਸਿੰਘ ਤੇਧਰਮਸਿੰਘ ਮਾਨ ਸਿੰਘਨੂੰ, ਨਾਲ ਲੈ ਦਰਵਾਜ਼ਿਓਂ ਬਾਹਰ ਹੋਏ
ਯਾਦ ਕਰਕੇ ਗੁਰੂ ਕਰਤਾਰ ਤਾਈਂ, ਇਕ ਤਰਫ ਨੂੰ ਕਰ ਮੁਹਾਰ ਹੋਏ
ਚਾਰੋਂ ਤਰਫ ਹੋਈ ਸੁੰਨਸਾਨ ਹੈਸੀ, ਕਾਲੀ ਰਾਤ ਸੀ ਅੰਧ ਗੁਬਾਰ ਹੋਏ
ਚੋਰੀ ਭੱਜਨਾਂ ਗੁਰਾਂ ਨੇ ਬੁਰਾ ਜਾਤਾ, ਗੁਰੂ ਧਰਮ ਦੇ ਸੀ ਅਵਤਾਰ ਹੋਏ
"ਗੁਰੂ ਭੱਜਾ ਜਾਂਦਾ, ਗੁਰੂ ਭੱਜਾ ਜਾਂਦਾ", ਇਉਂ ਬੋਲਕੇ ਤੇਜ ਰਫਤਾਰ ਹੋਏ
ਏਹ ਸੁਣਕੇ ਲਸ਼ਕਰਾਂ ਪਾਯਾ ਰੌਲਾ, ਵੈਰੀ ਚਹੁੰ ਪਾਸੀ ਖਬਰਦਾਰ ਹੋਏ
ਫੜੋ ਮਾਰ ਲੌ ਦਾ ਸ਼ੋਰ ਮੱਚ ਗਿਆ, ਅੰਨ੍ਹੇ ਵਾਹ ਪੈਦਲ ਅਸਵਾਰ ਹੋਏ
ਕੀਹ ਵਿਚ ਹਨੇਰੇ ਦੇ ਲੱਭਨਾਂ ਸੀ, ਆਪੋ ਵਿਚ ਪਈ ਮਾਰੋ ਮਾਰ ਹੋਏ
ਔਹ ਗਿਆ ਜੇ ਓਏ ਆਹ ਫੜ ਲਿਆ ਜੇ ਏਸੇਤਰ੍ਹਾਂ ਪਈ ਤਰਫ ਚਾਰ ਹੋਏ
ਸਤਿਗੁਰਾਂ ਨੇ ਭਾਣਾ ਵਰਤਾਯਾ ਏਹਾ; ਅੰਨ੍ਹੇ ਵੈਰੀ ਆ ਸੁਰਤ ਵਿਸਾਰ ਹੋਏ
ਕੱਟ ਵੱਢ ਆਪੋ ਵਿਚ ਮਰ ਗਏ, ਦਲੀ ਮਲੀ ਦੇ ਹੀ ਕਈ ਪਾਰ ਹੋਏ
ਸਤਿਗੁਰੂ ਜੀ ਨਿਕਲ ਗਏ ਇਕ ਪਾਸੇ, ਸਿੰਘ ਦੂਸਰੀ ਤਰਫ ਉਡਾਰ ਹੋਏ

ਰੋਲੇ ਵਿਚ ਗਏ ਖੁੰਝ ਕਰਤਾਰ ਸਿੰਘਾ, ਏਸੇ ਤਰ੍ਹਾਂ ਦੇ ਭਾਣੇ ਕਰਤਾਰ ਹੋਏ

ਕਵੀ ਦੀਆਂ ਪੰਥ ਨਾਲ ਗੱਲਾਂ

ਐ ਪੰਥ ਤੂੰ ਸੁਣ ਲੈ ਦੋ ਗੱਲਾਂ, ਵੇਖ ਗੁਰੂ ਜੀ ਕਿਵੇਂ ਗੁਜ਼ਰਾਨ ਕਰ ਗਏ
ਭੁਲੇ ਦੇਸ ਬਦਲੇ ਸਾਰੀ ਉਮਰ ਲੜੇ, ਜੰਗ ਬਾਦਸ਼ਾਹ ਨਾਲ ਮਹਾਨ ਕਰ ਗਏ
ਫੇਰ ਬਾਦਸ਼ਾਹੀ ਸੁਖ ਛੱਡ ਸਾਰੇ, ਭੇਟਾ ਜੰਗ ਦੀ ਸਾਮਾਨ ਕਰ ਗਏ
ਵਿਛੜ ਗਿਆ ਪਾਸੋਂ ਪ੍ਰਵਾਰ ਸਾਰਾ, ਅਖ ਸਾਮ੍ਹਣੇ ਪੁਤ ਕੁਰਬਾਨ ਕਰ ਗਏ
ਇਕ ਗਦੀ ਗੁਰਯਾਈ ਦੀ ਪਾਸ ਹੈਸੀ, ਓਹ ਭੀ ਜਾਂਦੀ ਤੈਨੂੰ ਦਾਨ ਕਰ ਗਏ
ਨੰਗੀ ਪੈਰੀਂ ਗਏ ਚਲੇ ਕਰਤਾਰ ਸਿੰਘਾ, ਦੁਖ ਝਲ ਸੁਖੀ ਹਿੰਦਵਾਨ ਕਰ ਗਏ

ਤਥਾ

ਕਿਸੇ ਤਾਈਂ ਅਸਾਂ ਕੀਹ ਆਖਣਾ ਏ, ਅਸੀਂ ਆਪਣੇ ਵਲ ਵਿਚਾਰ ਕਰੀਏ
ਕੀਹ ਗੁਰੂ ਜੀ ਸਾਥੋਂ ਲੁਕਾ ਲੈ ਗਏ, ਨਾਲ ਦਿਲ ਦੇ ਫੈਸਲਾ ਸਾਰ ਕਰੀਏ
ਮਨ, ਧਨ, ਪ੍ਰਵਾਰ ਕੁਰਬਾਨ ਕਰ ਗਏ, ਅਸੀਂ ਕਿੰਨਾਂ ਕੁ ਹੁਣ ਪਯਾਰ ਕਰੀਏ
ਹਰ ਸਾਲ ਆਉਂਦੇ ਗੁਰਪੁਰਬ ਜਦੋਂ, ਅਸੀਂ ਕਿਨੇ ਕੁ ਸ਼ੋਕ ਨੂੰ ਧਾਰ ਕਰੀਏ
ਰਾਮਚੰਦ੍ਰ ਤੇ ਕ੍ਰਿਸ਼ਨ ਦੇ ਸੇਵਕਾਂ ਜਿਉਂ, ਸ਼ੋਭਾ ਕਿੱਨੀ ਕੁ ਵਿਚ ਸੰਸਾਰ ਕਰੀਏ
ਜਨਮ ਅਸ਼ਟਮੀ ਅਤੇ ਦੁਸਹਿਰੇ ਵਾਂਗੂ, ਗੁਰਸਪਤਮੀ ਕਿੱਨੀ ਕੁ ਭਾਰ ਕਰੀਏ
ਐ ਪੰਥ ਤੈਥੋਂ ਕੁਝ ਪੁਜਦੀ ਨਹੀਂ, ਕਦੇ ਆਪ ਤਈਂ ਸ਼ਰਮਸਾਰ ਕਰੀਏ
ਹਾਂ ਫੁਟ ਨੇ ਦੱਬੇ ਕਰਤਾਰ ਸਿੰਘਾ, ਸਾਰ ਅਜੇ ਨ ਹੋ ਹੁਸ਼ਿਆਰ ਕਰੀਏ

ਵਾਕ ਕਵੀ

ਸਤਿਗੁਰੂ ਜੀ ਦਾ ਫੇਰ ਹਾਲ ਲਿਖਾਂ, ਹੋਰ ਸੁਣ ਲੌ ਦਰਦ ਕਹਾਣੀਆਂ ਜੀ
ਵਛੀਮਾਈ ਛੋਟੇ ਦੋਵੇਂ ਸਾਹਿਬਜ਼ਾਦੇ, ਵਿਛੜ ਗਯਾ ਸੀ ਜਿੰਦਾਂ ਨਮਾਣੀਆਂ ਜੀ
ਸੁਸੇ ਨਦੀ ਵਿਚੋਂ ਜਦੋਂ ਪਾਰ ਹੋਏ, ਜਿੰਦਾਂ ਔਖੀਆਂ ਹੋਈਆਂ ਲੁਕਾਣੀਆਂ ਜੀ
ਮਣੀ ਸਿੰਘ ਲੇ ਦਿੱਲੀਨੂੰ ਚਲਾ ਗਿਆ, ਦੋਵੇਂ ਗੁਰਾਂਦੇ ਘਰੋਂ ਸਵਾਣੀਆਂ ਜੀ
ਅੱਗੇ ਉਨ੍ਹਾਂ ਦਾ ਆਵੇਗਾ ਹਾਲ ਸਾਰਾ, ਸਿਰ ਉਨ੍ਹਾਂਦੇ ਜਿਵੇਂ ਵਿਹਾਣੀਆਂ ਜੀ
ਸੁਣ ਹਾਲ ਸਰੁੰਦ ਕ੍ਰਤਾਰ ਸਿੰਘਾ, ਪਈਆਂ ਮੁਸ਼ਕਲਾਂ ਕਿਵੇ ਨਬਾਹਣੀਆਂ ਜੀ

ਛੋਟੇ ਸਾਹਿਬਜ਼ਾਦੇ ਤੇ ਵਡੀ ਮਾਈ ਜੀ ਦਾ ਹਾਲ

ਸਰਸੇ ਨਦੀ ਤੇ ਜਦੋਂ ਘਮਸਾਨ ਪਿਆ, ਇਕ ਦੂਜੇ ਦੀ ਰਹੀ ਸੰਭਾਲ ਕੋਈ ਨ
ਸਾਹਿਬਜ਼ਾਦੇ ਵਡੀ ਮਾਤਾ ਖੁੰਝ ਗਏ, ਗੰਗੂ ਬਿਨਾ ਰਿਹਾ ਸਿੰਘ ਨਾਲ ਕੋਈ ਨ
ਚਾਰੋਂ ਤਰਫ ਵੈਰੀਹਰਲਹਰਲ ਫਿਰਦੇ, ਦਿਸੇ ਮੂਲ ਬਚਾਉ'ਬੀ ਚਾਰ ਕੋਈ ਨ
ਵਿਚ ਝਾੜੀਆਂ ਦੇ ਛਪ ਬੈਠ ਰਹੇ, ਹੋਰ ਕਿਤੇ ਬਚਾਉ ਦੀ ਢਾਲ ਕੋਈ ਨ
ਸਾਰਾ ਦਿਨ ਡੂਦੇ ਵਿਚ ਬੀਤ ਗਿਆ, ਓਸ ਤਰਫ ਨੂੰ ਆਯਾ ਚੰਡਾਲ ਕੋਈ ਨ
ਹੋ ਗਿਆ ਹਨੇਰਾ ਕਰਤਾਰ ਸਿੰਘਾ, ਰਾਹ ਖਹਿੜਾ ਭੀ ਵਿਚ ਖਿਆਲ ਕੋਈ ਨ

ਮਾਤਾ ਜੀ ਤੇ ਸਾਹਿਬਜ਼ਾਦਿਆਂ ਨੇ ਖੇੜੀ ਪਹੁੰਚਣਾ

ਉਤੋਂ ਰਾਤ ਸਿਆਲ ਦੀ ਪਏ ਪਾਲਾ, ਜਾਵੇ ਫੁਲਾਂ ਦੇ ਤਈਂ ਸੁਕਾਂਵਦਾ ਜੀ
ਸਹਿਮੇ ਹੋਏ ਓਹ ਫੁਲ ਗੁਲਾਬ ਦੋਵੇਂ, ਅੰਧਕਾਰ ਚੁਫੇਰੇ ਹੀ ਛਾਂਵਦਾ ਜੀ
ਮਾਤਾ ਆਖਦੀ ਗੰਗੂ ਤੂੰ ਦਸ ਜਗ੍ਹਾ, ਪਾਪੀ ਆਖਕੇ ਇਉਂ ਸੁਨਾਂਵਦਾ ਜੀ
ਮੇਰਾ ਪਿੰਡ ਖੇੜੀ ਏਥੋਂ ਬਹੁਤ ਨੇੜੇ, ਇਉਂ ਦਸਕੇ ਨਾਲ ਲੈ ਜਾਂਵਦਾ ਜੀ
ਰਾਤੋ ਰਾਤ ਲੈ ਆਪਣੇ ਪਿੰਡ ਗਿਆ, ਪਾਪੀ ਜਾਕੇ ਘਰ ਬਿਠਾਂਵਦਾ ਜੀ
ਮਾਤਾ ਪਾਸ ਖਰਚ ਲਈ ਧਨ ਦੀ ਸੀ, ਭੈੜਾ ਓਸ ਤੇ ਚਿਤ ਭਰਮਾਂਵਦਾ ਜੀ
ਥਕੇ ਸੌਂ ਗਏ ਜਦੋਂ ਦਾਉ ਲਾ ਕੇ, ਹਤਿਆਰਾ ਓਹ ਮਾਲ ਚੁਰਾਂਵਦਾ ਜੀ
ਫੇਰ ਸਦ ਮੁਰੰਡਿਏ ਖਾਨਾਂ ਤਈਂ, ਇਹਨਾਂ ਤਿੰਨਾਂ ਦੇ ਤਈਂ ਫੜਾਂਵਦਾ ਜੀ
ਕਈ ਬਰਸ ਚੰਡਾਲ ਨੇ ਨਿਮਕ ਖਾਧਾ, ਇਕ ਦਮਦੇ ਵਿਚ ਭੁਲਾਂਵਦਾ ਜੀ
ਘਰ ਲਿਆਕੇ ਵੇਖ ਕਰਤਾਰ ਸਿੰਘਾ, ਕਿਸ ਤਰ੍ਹਾਂ ਧ੍ਰੋਹ ਕਮਾਂਵਦਾ ਜੀ

ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਮੁਰੰਡੀਆਂ ਨੇ ਸਰ੍ਹੰਦ ਪੁਚਾਵਣਾ

ਦਗਾ ਕਰ ਬ੍ਰਾਹਮਣ ਹਤਯਾਰੇ, ਓਹ ਦੋਵੇਂ ਮਾਸੂਮ ਪਕੜਾ ਦਿਤੇ
ਮਣੇ ਮਾਈ ਜੀ ਰਬ ਤੇ ਚੜ੍ਹ ਕਰਕੇ, ਓਹਨਾਂ ਝਟ ਸਰਹਿੰਦ ਪੁਚਾ ਦਿਤੇ
ਅਗੋਂ ਆ ਵਜੀਦੇ ਨੇ ਹੁਕਮ ਦੇਕੇ, ਕੈਦ ਬੁਰਜ ਦੇ ਵਿਚ ਕਰਾ ਦਿਤੇ
ਖਾਣਾ ਪਾਣਾ ਨ ਕੁਝ ਕਰਤਾਰ ਸਿੰਘਾ, ਪਹਿਰੇ ਚਹੁੰ ਪਾਸੀਂ ਦੋਹਰੇ ਲਾ ਦਿਤੇ

ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦ ਹੋਣਾ

ਖੁਸ਼ੀ ਹੋਈ ਸੀ ਸੂਬੇ ਵਜੀਦ ਖਾਂ ਨੂੰ, ਓਸ ਰਬ ਦਾ ਸ਼ੁਕਰ ਮਨਾਯਾ ਬਹੁਤੋਂ

ਬੇਟੇ ਵੈਰੀ ਦੇ ਆਏ ਨੇ ਹਥ ਸਾਡੇ, ਸਾਡਾ ਦੀਨ ਜਿਸ ਮਾਰ ਮੁਕਾਯਾ ਬਹੁਤਾ
ਸਦ ਵਿਚ ਕਚਹਿਰੀ ਦੇ ਦੋਹਾਂ ਤਾਈਂ ਜੋਰਦੀਨ ਮਨਾਉਨ ਤੇ ਲਾਯਾ ਬਹੁਤਾ
ਬਚੇ ਸਮਝਕੇ ਬਹੁਤ ਹੀ ਲੋਭ ਪਾਏ, ਮਾਰ ਮਾਰ ਧਮਕਾਯਾ ਡਰਾਯਾ ਬਹੁਤਾ
ਦੀਨ ਮੰਨਨੇ ਨਾਂਹ ਹੀ ਕਰ ਹੀ ਛਡੀ, ਦਿਨ ਤਿੰਨ ਦਮਾਗ ਖਪਾਯਾ ਬਹੁਤਾ
ਛਡ ਦੇਹੋ ਖਾਨਾਂ ਏਹਨਾਂ ਬਚਿਆਂ ਨੂੰ, ਖਾਂ ਮਲੇਰੀਏ ਨੇ ਸਮਝਾਯਾ ਬਹੁਤਾ
ਰੋਕ ਦਿਤਾ ਵਜੀਦੇ ਨੂੰ ਛਡਨੇ ਥੀਂ, ਸੁਚਾ ਨੰਦ ਨੇ ਕਹਿਰ ਕਮਾਯਾ ਬਹੁਤਾ
ਸਗੋਂ ਕਤਲ ਕਰਵਾਨ ਤੇ ਓਸ ਪਾਪੀ,ਆਖਆਖਸੂਬਾ ਵਰਗਲਾਯਾ ਬਹੁਤਾ
ਅੰਤ ਦੋਵੇਂ ਕੰਧ ਵਿਚ ਚਿਣ ਦਿਤੇ, ਸੂਬੇ ਕਰਕੇ ਜ਼ੁਲਮ ਦਿਖਾਯਾ ਬਹੁਤਾ
ਕੰਧ ਫਟ ਗਈ ਹੁਕਮ ਰਬ ਦੇ ਥੀਂ, ਗੁਸਾ ਜ਼ਾਲਮਾਂ ਚਿਤ ਸਮਾਯਾ ਬਹੁਤਾ
ਫੇਰ ਕਤਲ ਕਰਵਾ ਜਲਾਦ ਪਾਸੋਂ, ਭਾਰ ਆਪਣੇ ਸਿਰ ਉਠਾਯਾ ਬਹੁਤਾ
ਏਹ ਕਰਕੇ ਕਹਿਰ ਕਰਤਾਰ ਸਿੰਘਾ, ਸੂਬੇ ਜਿਮੀਂ ਅਸਮਾਨ ਰਵਾਯਾ ਬਹੁਤਾ

ਸ੍ਰੀ ਮਾਤਾ ਜੀ ਦਾ ਅੰਤ ਸਮਾਂ

ਸਾਹਿਬਜ਼ਾਦੇ ਜਾਂ ਹੋ ਸ਼ਹੀਦ ਦੋ ਗਏ; ਸੁਣ ਮਾਤਾ ਜੀ ਨੂੰ ਲਗਾ ਸਲ ਭਾਰੀ
ਅਛਾ ਹੋਯਾ ਏਹ ਭਾਣਾ ਕਰਤਾਰ ਤੇਰਾ,ਹੋਯਾ ਅਖੀਆਂਤੋਂ ਆਨ ਨੀਰ ਜਾਰੀ
ਜਿਸ ਬੁਰਜ ਦੇ ਵਿਚ ਸੀ ਕੈਦ ਮਾਤਾ, ਓਥੋਂ ਵਿਚ ਬੇਹੋਸ਼ ਦੇ ਛਾਲ ਮਾਰੀ
ਦਿਤੇ ਪ੍ਰਾਣ ਤਯਾਗ ਕਰਤਾਰ ਸਿੰਘਾ, ਲਗਾ ਜ਼ਖਮ ਪ੍ਰਵਾਰ ਦਾ ਰਿਦੇ ਕਾਰੀ

ਵਾਕ ਕਵੀ

ਬਾਈ ਮਘਰ ਸਤਾਰਾਂ ਸੌ ਕਾਠ ਹੈਸੀ, ਜ਼ੁਲਮ ਸੂਬੇ ਵਜੀਦੇ ਬੁਰਯਾਰ ਕੀਤਾ
ਕੁਝ ਸਿਖਾਂ ਨੇ ਲੈ ਕੇ ਦੋਹਾਂ ਤਿੰਨੋ, ਦੂਰ ਕਿਲ੍ਹਓਂ ਜਾ ਸਸਕਾਰ ਕੀਤਾ
ਸਾਲ ਨੌ ਤੇ ਸਤ ਦੀ ਏਹ ਜੋੜੀ, ਮਾਰ ਜਾਲਮਾਂ ਕਹਿਰ ਬਿਸਯਾਰ ਕੀਤਾ
ਥੋੜਾ ਲਿਖਯਾ ਹਾਲ ਕਰਤਾਰ ਸਿੰਘਾ, ਏਥੇ ਨਹੀਂ ਲੰਮਾ ਵਿਸਥਾਰ ਕੀਤਾ

ਤਥਾ

ਏਸ ਦਰਦ ਭਰਿਆ ਸਾਕਾ ਕਹਿਰ ਵਾਲਾ,ਜਿਨ੍ਹੂਪੜ੍ਹਨ ਦਾਸ਼ੋਕ ਅਪਾਰ ਹੋਵੇ

---

ਨੋਟ—ਏਥੇ ਸਾਹਿਬਜ਼ਾਦਿਆਂ ਦਾ ਬ੍ਰਿਤਾਂਤ ਥੋੜੇ ਵਿਚ ਮੁਕਾ ਦਿਤਾ ਹੈ ਕਿਉਂਕਿ ਏਹ ਗਰੰਥ ਬੜਾ ਵਧਦਾ ਜਾਂਦਾ ਹੈ, ਸੋ ਜਿਸ ਸਜਨ ਨੇ ਪੂਰਾ ਹਾਲ ਛੋਟੇ ਤੇ ਵਡੇ ਸਾਹਿਬਜ਼ਾਦਿਆਂ ਦਾ ਪੜ੍ਹਨਾ ਹੋਵੇ ਓਹ ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਤੋਂ ਮੰਗਵਾ ਕੇ ਪੜ੍ਹਨ।

ਓਹ 'ਬੀਰ ਸਪੁਤ੍ਰ ਨੂੰ ਪੜ੍ਹ ਲੈ ਕੇ, ਸ਼ੀਸ਼ਾ ਸਾਰਾ ਹੀ ਓਸ ਤੋਂ ਜ਼ਾਹਰ ਹੋਵੇ
ਓਹ ਭੀ ਵਿਚ ਬੈਂਤਾਂ ਏਸਤਰ੍ਹਾਂ ਲਿਖਯਾ,ਚਿਤ ਪੜ੍ਹਦਿਆਂ ਬੇਅਖਤਯਾਰ ਹੋਵੇ
ਓਹਦੇ ਵਿਚ ਚੰਗਾ ਵਿਸਥਾਰ ਕੀਤਾ,ਦਰਦ ਵਾਲੇ ਨੂੰ ਪੜ੍ਹਨ ਦੁਸ਼ਵਾਰ ਹੋਵੇ
ਜੇਕਰ ਫੇਰ ਏਥੇ ਓਸੇ ਤਰ੍ਹਾਂ ਲਿਖਦਾ, ਏਸ ਗ੍ਰੰਥ ਦਾ ਬੜਾ ਵਿਸਥਾਰ ਹੋਵੇ
ਅਗੇ ਬਹੁਤ ਵਧ ਗਿਆ ਕਰਤਾਰ ਸਿੰਘਾ, ਮੁਲ ਲੈਣੋਂ ਗ੍ਰੀਬ ਲਾਚਾਰ ਹੋਵੇ

### ਸ੍ਰੀ ਦਸਮੇਸ਼ ਜੀ ਦਾ ਚਮਕੌਰ ਤੋਂ ਅਗੇ ਚਲਨਾ

ਸੁਣੋ ਸੱਜਨੋ ਅਗਲਾ ਹਾਲ ਸਾਰਾ, ਸਤਿਗੁਰੂ ਜੀ ਲਸ਼ਕਰੋਂ ਨਿਕਲ ਗਏ
ਓਸੇ ਰੌਲੇ ਦੇ ਵਿਚ ਓਹ ਸਿੰਘ ਤਿੰਨੇ, ਭੱਜ ਨੱਸ ਕੇ ਦੂਸਰੇ ਰਾਹ ਪਏ
ਕੱਲੇ ਗੁਰੂ ਜੀ ਰਾਤ ਹਨੇਰੀ ਭਰੀ, ਸਾਥੀ ਕੋਈ ਨ ਇਕ ਅਕੱਲੇ ਗਏ
ਇਕ ਜੁਤਾ ਦਾ ਪੈਰ ਲੈਹ ਗਿਆ ਪਿਛੇ ਦੂਜਾ ਸੁਟ ਨੰਗੀ ਪੈਰੀ ਚਲ ਦਏ
ਚਾਰੋਂ ਤਰਫ ਜੰਗਲ ਨਹੀਂ ਸੀ ਰਾਹਖਹੜਾ ਨੇੜੇ ਕੋਈਨ ਜੇਸਾਰ ਆਣ ਲਏ
ਫੇਰੀ ਫਿਰਦੇ ਪਿਛੇ ਕਰਤਾਰ ਸਿੰਘਾ, ਹਾਏ ਗੁਰੂ ਜੀ ਨੇ ਕਿਡੇ ਦੁਖ ਸਹੇ

### ਅਲਫ ਤੇ ਗਾਮੂ, ਗੁਜਰ ਦਾ ਟਾਕਰਾ

ਸਤਿਗੁਰੂ ਜੀ ਵਿਚ ਉਜਾੜ ਭੌਂਦੇ, ਭਾਰੇ ਕਸ਼ਟ ਬੇਅੰਤ ਸਹਾਰਦੇ ਜੀ
ਨੰਗੇ ਪੈਰ ਸੂਲਾਂ ਨਾਲ ਗਏ ਵਿੰਨ੍ਹੇ, ਝਾੜ ਕੰਡਿਆਲੇ ਲੀੜੇ ਪਾੜਦੇ ਜੀ
ਕੋਈ ਰਾਹ ਹਨੇਰੇ ਨ ਹਥ ਆਯਾ, ਰਾਤ ਰਹੇ ਫਿਰਦੇ ਵਿਚ ਬਾਰ ਦੇ ਜੀ
ਕਿਤੇ ਪਿੰਡ ਮੂਹਾਂਜਲੇ ਜਾ ਪਹੁੰਚੇ, ਅੱਗੇ ਦੋ ਗੁਜਰ ਭੈਂਸਾਂ ਚਾਰਦੇ ਜੀ
ਓਹ ਦੋਵੇਂ ਅਨਭੋਲ ਹੀ ਪਏ ਟੱਕਰ,ਜਾਂਦਾ ਹਿੰਦ ਦਾ ਪੀਰ ਓਹ ਤਾੜਦੇ ਜੀ
ਰੌਲੇ ਪਾਣ ਲਗੇ ਗੁਰੂ ਨਾਲ ਸੈਨਤ ਓਹਨਾਂ ਦੋਹਾਂ ਨੂੰ ਪਾਸ ਖਲ੍ਹਾਰਦੇ ਜੀ
ਪੰਜ ਪੰਜ ਮੋਹਰਾਂ ਦੇ ਕੇ ਬਚਨ ਕੀਤਾ, ਚੁਪ ਕਰੋ ਕਿਉਂ ਰੌਲਾ ਡਾਰਦੇ ਜੀ
ਮੋਹਰਾਂ ਲੈ ਕੇ ਬੇਈਮਾਨ ਹੋਏ, ਗੁਰੂ ਜਾਂਦਾ ਹੈ ਉੱਚੀ ਪੁਕਾਰਦੇ ਜੀ

---

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ**—ਹਰ ਸਾਈਜ਼ ਦੇ ਵਡੇ, ਛੋਟੇ ਅਕਾਰ ਦੇ ਤੇ ਹੋਰ ਗੁਰਬਾਣੀ ਦੇ ਸੁੰਦਰ ਸੁੰਦਰ ਗੁਟਕੇ ਆਦਿਕ ਲੈਣ ਦੀ ਜੇ ਆਪਨੂੰ ਲੋੜ ਹੋਵੇ ਤਾਂ ਆਪ ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਤੋਂ ਮੰਗਾਓ।

ਤਦ ਗੁਰੂ ਜੀ ਸੁਟਿਆ ਇਕ ਜੇਵਰ, ਓਹ ਲੈਨ ਨੂੰ ਹਥ ਪਸਾਰਦੇ ਜ
ਝੱਟ ਕਰਕੇ ਇਕ ਦਾ ਦੋਹਾਂ ਵਿਚੋਂ, ਤੇਗ ਮਾਰ ਕੇ ਸਿਰ ਉਤਾਰਦੇ ਜ
ਨਸ ਚਲਿਆ ਦੂਸਰਾ ਕਰ ਤੇਜ਼ੀ, ਝਟਕਾ ਕੇ ਕਾਜ ਸਵਾਰਦੇ ਜੀ
ਵਲ ਪੁਰ ਬਹਿਲੋਲ ਕਰਤਾਰ ਸਿੰਘਾ, ਸਤਿਗੁਰ ਅਗਾਂਹ ਸਿਧਾਰਦੇ ਜੀ

### ਸ੍ਰੀ ਦਸਮੇਸ਼ ਜੀ ਨੇ ਬਹਿਲੋਲਪੁਰ ਦੇ ਜੰਗਲ ਵਿਚ ਦਿਨ ਕੱਟਣਾ

ਕਿਰੀਲੰਘ ਗਏ ਜੂਹਬਹਿਲੋਲਪੁਰ ਦੀ, ਅਛਾਦਿਨ ਚੜ੍ਹਆਯਾ ਚਮਕਾਰਕਰਕੇ
ਅਗ੍ਹਾਂ ਜਾਵਨਾ ਚੰਗਾ ਨ ਸਮਝਿਆ ਜੀ, ਝਾੜ ਵਿਚ ਵੜਗਏ ਵਿਚਾਰ ਕਰਕੇ
ਇਕ†ਜੰਡ ਦੇ ਹੇਠ ਪੈ ਗਏ ਲੰਮੇ, ਮੂੰਹੋਂ ਸ਼ੁਕਰ ਕਰਤਾਰ ਕਰਤਾਰ ਕਰਕੇ
ਡਾਢੇ ਥਕ ਗਏ ਕਰਤਾਰ ਸਿੰਘਾ, ਨੰਗੀ ਪੈਰੀਂ ਆਏ ਪੰਧ ਮਾਰ ਕਰਕੇ

### ਵਾਕ ਕਵੀ

ਮੁਢੋਂ ਜੰਮਦੇ ਖੁਸ਼ੀਆਂ ਵਿਚ ਪਲੇ, ਏਹ ਮੁਸ਼ਕਲਾਂ ਕਦ ਸਹਾਰੀਆਂ ਸਨ
ਸਦਾ ਰਹੇ ਸਰਗ ਦੇ ਸੁਖ ਬਣੇ, ਕਾਹਨੂੰ ਵੇਖੀਆਂ ਇਸਤਰਾਂ ਝਾੜੀਆਂ ਸਨ
ਅਗੇ ਪਿਛੇ ਨੌਨਰ ਸਦਾ ਰਹੇ ਖਲੋ, ਸੇਵਾ ਕਰਦੇ ਨਿਤ ਹੀ ਭਾਰੀਆਂ ਸਨ
ਦਲ ਸ਼ਿੰਗਾਰ ਜਹੇ ਸੈਂਕੜੇ ਖੜੇ ਘੋੜੇ, ਖੁਸ਼ੀ ਨਾਲ ਕਰਦੇ ਅਸਵਾਰੀਆਂ ਸਨ
ਨਹੀਂ ਪਾਲਕੀ ਪੀਨਸਾਂ ਅਤੇ ਰਥਾਂ, ਹਾਥੀ ਝੂਲਦੇ ਸਣੇ ਅਮਾਰੀਆਂ ਸਨ
ਨੰਗਾ ਪੈਰ ਨ ਧਰਤਦੇ ਕਦੇ ਧਰਿਆਂ, ਛੇਜਾਂ ਸੌਣਨੂੰ ਭਖਮਲੀ ਭਾਰੀਆਂ ਸਨ
ਬੱਤੀ ਨਿਹਮਤਾਂ ਖਾਣਨੂੰ ਤਯਾਰ ਸਦਾ, ਸੇਵਾ ਕਰਦੀਆਂ ਸੰਗਤਾਂਸਾਰੀਆਂ ਸਨ
ਪਈ ਨਾਮ ਤੋਂ ਕੰਬਦੀ ਬਾਦਸ਼ਾਹੀ, ਬਲਸ਼ਕਤ ਦੀਆਂ ਧੁਮਾਂ ਚਾਹਰੀਆਂ ਸਨ
ਅਜ ਓਹ ਸਤਿਗੁਰੂ ਜੀ ਪੈਰ ਨੰਗੇ, ਲਗ ਕੰਡਿਆਂ ਤਲੀਆਂ ਪਾੜੀਆਂ ਸਨ
ਭੁਖੇ ਸੌਂ ਗਏ ਭੁਖੇ ਕਰਤਾਰ ਸਿੰਘਾ, ਰੱਬਾ ਤੇਰੀਆਂ ਕੁਦਰਤਾਂ ਨਯਾਰੀਆਂ ਸਨ

---

†ਇਥੇ ਹੁਣ ਜੰਡ ਸਾਹਿਬ ਗੁਰਦਵਾਰਾ ਹੈ ਜਿਸਦੇ ਨਾਲ ਹਜ਼ਾਰ ਵਿਘੇ ਦੀ ਮਾਫੀ ਹੈ।

ਜੰਗਲ ਦੀ †ਬਿਪਤਾ

ਕੁਝ ਭੁਖ ਤੇ ਦੂਆ ਉਨੀਂਦਰਾ ਸੀ, ਥਕੇ ਹੋਏ ਡਾਢੇ ਸੌਂ ਜਾਂਵਦੇ ਨੇ
ਦਿਨ ਢਲ ਗਿਆ ਓਥੇ ਸੁਤਿਆਂ ਨੂੰ, ਉਠ ਤੀਸਰੇ ਪਹਿਰ ਤਕਾਂਵਦੇ ਨੇ
ਏਥੋਂ ਹੋਰ ਕਿਤੇ ਲਾਂਭੇ ਹੋ ਰਹੀਏ, ਇਧਰ ਤੁਰਕ ਕਈ ਆਂਵਦੇ ਜਾਂਵਦੇ ਨੇ
ਉਠ ਜੰਡ ਹੇਠੋਂ ਅਗ੍ਹਾਂ ਟੁਰ ਪਏ, ਪਰ ਪੈਰ ਨ ਭਾਰ ਉਠਾਂਵਦੇ ਨੇ
ਛਾਲੇ ਪਏ ਭਰੇ ਨਾਲ ਕੰਢਿਆਂ ਦੇ, 'ਹੌਲੀ ਹੌਲੀ ਅਗ੍ਹਾਂ ਧਰਾਂਵਦੇ ਨੇ
ਥੋੜੀ ਦੂਰ ਜਾਕੇ ਝੰਗੀ ਬੇਰੀਆਂ ਦੀ, ਦੇਖੀ ਓਸ ਥਲੇ ਡੇਰਾ ਲਾਂਵਦੇ ਨੇ
ਭੁਖੇ ਪੇਟ ਨੂੰ ਆਸਰਾ ਦੇਣ ਲਗੀ, ਬੇਰ ਮਲ੍ਹਿਆਂ ਦੇ ਤੋੜ ਖਾਂਵਦੇ ਨੇ
ਕਲੇ ਪੇ ਗਏ ਲੰਮੇ ਕਰਤਾਰ ਸਿੰਘਾ, ਪ੍ਰਸੰਨ, ਨ ਹੌਸਲਾ ਢਾਂਹਵਦੇ ਨੇ

ਪਿੰਡ ਚਮਕੌਰ ਦਾ ਹਾਲ

ਇਧਰ ਸਤਿਗੁਰੂ ਜੀ ਇਥੇ ਬੈਠੇ ਗਏ, ਕਰੇ ਵਲ ਚਮਕੌਰ ਧਿਆਨ ਭਾਈ
ਜਿਸ ਵਕਤ ਰੌਲਾ ਪਿਆ ਰਾਤ ਹੈਸੀ, ਕਟ ਮਰੇ ਬਹੁਤੇ ਮੁਸਲਮਾਨ ਭਾਈ
ਕਈ ਆਖਦੇ ਗੁਰੂ ਤਾਂ ਨਿਕਲ ਗਿਆ, ਕਈ ਆਖਦੇ ਪਾਏ ਕਿਉਂ ਜਾਨ ਭਾਈ
ਦਿਨ ਚੜ੍ਹ ਹਵੇਲੀ ਤੇ ਬੋਲ ਧਾਵਾ, ਵੈਰੀ ਪੌੜੀਆਂ ਲਾ ਚੜੇ ਆਨ ਭਾਈ
ਜਿੰਨੇ ਤੀਰ ਸੀ ਸਿੰਘਾਂ ਨੇ ਖੂਬ ਵਾਹੇ, ਵੈਰੀ ਸੈਂਕੜੇ ਧਰਤ ਲਿਟਾਨ ਭਾਈ
ਫੇਰ ਸੂਤ ਤੇਗਾਂ ਕੰਧੀਂ ਚੜ੍ਹਦਿਆਂ ਨੂੰ, ਮਾਰ ਮਾਰ ਸਥਾਰ ਵਿਛਾਨ ਭਾਈ
ਅੰਤ ਹੋ ਟੋਟੇ ਟੋਟੇ ਡਿਗ ਪਏ, ਧਰਮ ਛਤ੍ਰੀ ਪੂਰਾ ਨਿਭਾਨ ਭਾਈ
ਜੀਉਂਦਾ ਕੋਈ ਨ ਆਇਓ ਨੇ ਹਥ ਓਥੋਂ, ਸੂਬੇ ਵਖਕੇ ਹੋਏ ਹੈਰਾਨ ਭਾਈ
ਸੰਗਤ ਸਿੰਘ ਨੂੰ ਸਮਝ ਕੇ ਗੁਰੂ ਜੀ ਹੀ ਸਿਰ ਕਟ ਕੇ ਖੁਸ਼ੀ ਮਨਾਨ ਭਾਈ
ਅਸਾਂ ਮਾਰ ਲਿਆ ਵੈਰੀ ਦੀਨ ਦਾ ਏ, ਖੁਸ਼ੀ ਹੋਏ ਬਹੁਤੇ ਸੂਬੇ ਖਾਨ ਭਾਈ
ਵੇਖ ਰਾਜਿਆਂ ਕਹਿਆ ਇਹ ਗੁਰੂ ਨਾਹੀਂ, ਚੰਗੀ ਤਰ੍ਹਾਂ ਹੈ ਸਾਨੂੰ ਪਛਾਨ ਭਾਈ
ਓਹ ਤਾਂ ਠੀਕ ਰੌਲੇ ਵਿਚ ਨਿਕਲ ਗਿਆ, ਅਖੀਂ ਘਤ ਘਟਾ ਸਾਡੀ ਛਾਨ ਭਾਈ
ਬਸ ਫੇਰ ਤਾਂ ਫੌਜਾਂ ਨੂੰ ਹੁਕਮ ਹੋਯਾ, ਚਾਰੇ ਤਰਫ ਅਸਵਾਰ ਦੁੜਾਨ ਭਾਈ

---

†ਬਿਪਤਾ ਸਭ ਦੇ ਸਿਰ ਅਸਵਾਰ ਰਹੀ ਹੈ, ਦੇਖੋ ਰਾਮ ਚੰਦਰ ਜੀ ਦਾ ਬਨਬਾਸ ਭੋਗਨਾ ਸ੍ਰੀ ਕ੍ਰਿਸ਼ਨ ਜੀ ਦਾ ਫਾਧਕੀ ਦੇ ਹਥੋਂ ਮਰਨਾ, ਪਾਂਡਵਾਂ ਨੂੰ ਦੇਸ ਨਿਕਾਲਾ, ਮੁਹੰਮਦ ਸਾਹਿਬ ਦਾ ਭਜ ਕੇ ਇਕ ਪਹਾੜ ਦੀ ਖੋਹ ਵਿਚ ਛੁਪਣਾ।

ਨਠ ਪਏ ਚੁਫੇਰੇ ਕਰਤਾਰ ਸਿੰਘਾ, ਦਸਤੇ ਫੌਜਾਂ ਦੇ ਬਹੁਤ ਧਿਆਨ ਭਾਈ

ਸ੍ਰੀ ਦਸਮੇਸ਼ ਜੀ ਨੇ ਰਾਤ ਕਟਕੇ ਮਾਛੀਵਾੜੇ ਪਹੁੰਚਣਾ

ਝਾਂਸਾੜ ਬੇਰੀਆਂ ਦੇ ਵਿਚ ਪੈ ਰਹੇ, ਬੇਰ ਖਾ ਕੇ ਭੁਖ ਨੂੰ ਟਾਰਦੇ ਨੇ
ਬਿਨਾਂ ਬਿਸਤਰੇ ਜ਼ਿਮੀਂ ਤੇ ਲੇਟੇ ਹੋਏ, ਧੰਨਯਾਵਾਦ ਕਰਦੇ ਕਰਤਾਰ ਦੇ ਨੇ
ਮਿਠਾ ਮੰਨ ਭਾਣਾ ਸ਼ੁਕ੍ਰ ਸ਼ੁਕਰ ਕਰਦੇ, ਰਤੀ ਭਰ ਨਾ ਗਿਲ੍ਹਾ ਗੁਜ਼ਾਰ ਦੇ ਨੇ
ਭਾਵੇਂ ਇਤਨਾ ਕਸ਼ਟ ਸਰੀਰ ਪਾਯਾ; ਪਰ ਹੌਸਲਾ ਰਤੀ ਨ ਹਾਰ ਦੇ ਨੇ
ਯਥਾ:—ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥

ਤੁਧੁ ਬਿਨੁ ਰੋਗ ਰਜਾਇਯਾਂਦਾ ਓਢਣ ਨਾਲ ਨਿਵਾਸਾਂ ਦੇ ਰਹਿਣਾ॥
ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗੁ ਕਸਾਈਆਂ ਦਾ ਸਹਿਨਾ ॥
ਯਾਰੜੇ ਦਾ ਸਾਨੂੰ ਸਥਰ ਚੰਗਾ ਭਠ ਖੇੜਿਆਂ ਦਾ ਰਹਿਨਾ ॥

ਤਿੰਨ ਪੈਹਰ ਬੀਤੀ ਰਾਤ ਇਸੇ ਤਰ੍ਹਾਂ, ਫੇਰ ਉਠ ਸਰੀਰ ਸੰਭਾਲਦੇ ਨੇ
ਇਕ-ਤਾਰੇ ਦੀ ਸਾਮਣੇ ਸੇਧ ਕਰਕੇ, ਵਲ ਮਾਲਵੇ ਦੇ ਰੁਖ ਧਾਰਦੇ ਨੇ
ਰਾਤੋ ਰਾਤ ਗਏ ਤਿੰਨ ਚਾਰ ਕੋਹ ਜਾਂ; ਪੈਰ ਭਾਰ ਨ ਮੂਲ ਸਹਾਰਦੇ ਨੇ
ਪਿੰਡ ਮਾਛੀਵਾੜਾ ਨੇੜੇ ਆ ਗਿਆ ਬਾਗ ਸੰਘਣਾਂ ਸਾਮ੍ਹਣੇ ਤਾੜਦੇ ਨੇ
ਓਹਦੇ ਵਿਚ ਜਾ ਬੈਠੇ ਕਰਤਾਰ ਸਿੰਘਾ, ਸੂਰਜ ਦੇਵਤਾ ਆ ਚਮਕਾਰਦੇ ਨੇ

ਮਾਛੀਵਾੜੇ ਦੇ ਬਾਗ ਵਿਚ ਪਿਛੋਂ ਤਿੰਨਾ ਸਿੰਘਾਂ ਨੇ ਭੀ ਆ ਮਿਲਨਾ

ਬਾਂਹ ਰਖ ਸਰ੍ਹਾਣੇ ਪੈ ਗਏ ਲੰਮੇ, ਥਕੇ ਹੋਇਆਂ ਨੂੰ ਨੀਂਦ ਸੀ ਆਈ ਬਹੁਤੀ
ਉਧਰ ਸਿੰਘ ਤਿੰਨੇ ਭੌਂਦੇ ਆ ਗਏ, ਚਿੰਤਾ ਚਿਤ ਦੇ ਵਿਚ ਸਮਾਈ ਬਹੁਤੀ
ਆਏ ਖੂਹ ਉਤੇ, ਨਾਲੀ ਵੇਖ ਕਰਕੇ, ਗਲ ਖੁਸ਼ੀ ਦੀ ਓਸ ਮਨਾਈ ਬਹੁਤੀ
ਤੁਹਾਡੇ ਜਿਹਾ ਇਕ ਬਾਗ ਦੇ ਵਿਚ ਸੁਤਾ;ਹਥ ਵਿਚ ਚਮਕੇ ਰੁਸ਼ਨਾਈ ਬਹੁਤੀ
੦ਗੁਲਿਸਤ੍ਰਾਨਦਾਹੀ ਰਾਸੀ ਚਮਕ ਰਿਹਾ,ਵੇਖਮਾਨਸਿੰਘ ਖੁਸ਼ੀਮਨਾਈ ਬਹੁਤੀ
ਤਿੰਨੇ ਪਾਸ ਜਾਖਲੋ ਕ੍ਰਤਾਰ ਸਿੰਘਾ, ਓਹ ਭੀ ਥਕੇ ਤਕਲੀਫ ਉਠਾਈ ਬਹੁਤੀ

ਸ੍ਰੀ ਦਸਮੇਸ਼ ਜੀ ਨੇ ਉਠਕੇ ਸੁਥਰੇ ਪਾਣੀ ਹਣਾ

ਪਾਸ ਬੈਠ ਕੇ ਚਰਨ ਦਬਾਯਾ ਜਾਂ, ਹਥ ਤੇਗ ਉਤੇ ਗੁਰਾਂ ਪਾਯਾ ਜਲਦੀ

†ਇਥੇ ਹੁਣ ਝਾੜ ਸਾਹਿਬ ਗੁਰਾਂ ਦੀ ਯਾਦ ਵਿਚ ਗੁਰਦਵਾਰਾ ਹੈ।
੦ਗੁਲਿਸਤ੍ਰਾਨਾ—ਉਂਗਲ ਨੂੰ ਚੜ੍ਹਾਯਾ ਹੁੰਦਾ ਹੈ, ਤੀਰ ਚਲਾਉਣ ਵਿਚ ਮਦਦ ਦੇਂਦ ਹੈ ।

ਜਦ ਵੇਖਯਾ ਤਾਂ ਪਯਾਰੇ ਨਜ਼ਰ ਆਏ, ਓਹਨਾਂ ਤਿੰਨਾਂ ਨੇ ਸੀਸ ਝੁਕਾਯਾ ਜਲਦੀ
ਦੇਯਾ ਸਿੰਘ ਕਹਿੰਦਾ ਏਥੇ ਕਿਉਂ ਬੈਠੇ ਪਿਛੋਂ ਲਸ਼ਕਰ ਆਯਾ ਕਿ ਆਯਾ ਜਲਦੀ
ਕਿਸੇ ਚਲ ਟਿਕਾਣੇ ਤਾਂ ਬੈਠੀਏ ਜੀ, ਸਤਿਗੁਰਾਂ ਨੇ ਬਚਨ ਸੁਨਾਯਾ ਜਲਦੀ
ਭਾਈ ਹੋਣਾ ਹੈ ਅਸਾਂ ਸੁਚੇਤ ਪਾਨੀ, ਹਾਲ ਪੈਰਾਂ ਦਾ ਨਾਲ ਦਿਖਾਯਾ ਜਲਦੀ
ਮਾਨ ਸਿੰਘ ਨੇ ਚੁਕ ਕੇ ਕਰਤਾਰ ਸਿੰਘਾ, ਲਾਂਭੇ ਦਾ ਸੁਚੇਤ ਫਿਰਾਯਾ ਜਲਦੀ

ਗਨੀ ਖਾਂ ਤੇ ਨਬੀ ਖਾਂ ਰੁਹੇਲਿਆਂ ਦਾ ਮਿਲਨਾ

ਗਨੀ ਖਾਂ ਤੇ ਨਬੀ ਖਾਂ ਦੋਵੇਂ ਭਾਈ, ਸੈਰ ਵਾਸਤੇ ()ਬਾਗ ਨੂੰ ਆਂਵਦੇ ਨੇ
ਦੂਰੋਂ ਵੇਖਕੇ ਉਨ੍ਹਾਂ ਪਛਾਨ ਕੀਤੀ, ਪਾਸ ਆਣ ਕੇ ਅਰਜ਼ ਅਲਾਂਵਦੇ ਨੇ
ਠੀਕ ਤੁਸੀਂ ਹੋ ਗੁਰੂ ਗੋਬਿੰਦ ਸਿੰਘ ਜੀ, 'ਹਾਂ' ਗੁਰੂ ਜੀ ਆਖ ਸੁਨਾਂਵਦੇ ਨੇ
ਏਹ ਕੀਹ ਬਣਿਆਂ ਆਏ ਕਿਵੇਂ ਏਥੇ, ਦੇਯਾ ਸਿੰਘ ਜੀ ਹਾਲ ਬਤਾਂਵਦੇ ਨੇ
ਜਿਸ ਵਕਤ ਸਾਰਾ ਓਹਨਾਂ ਹਾਲ ਸੁਣਿਆਂ, ਰੋਇ ਰੋਇ ਕੇ ਨੀਰ ਵਗਾਂਵਦੇ ਨੇ
ਘੋੜੇ ਵੇਚਨ ਗਏ ਅਨੰਦਪੁਰ ਸਨ, ਵੇਖ ਆਏ ਸੀ ਬਹੁਤ ਪਛਤਾਂਵਦੇ ਨੇ
ਦੋਵੇਂ ਭਾਈ ਸਤਿਗੁਰਾਂ ਦੇ ਪਾਸ ਬੈਠੇ, ਬਹੁਤ ਸਿਦਕ ਭਰੋਸਾ ਜਤਾਂਵਦੇ ਨੇ
ਕਰੋ ਬੈਠ ਆਰਾਮ ਕਰਤਾਰ ਸਿੰਘਾ, ਕੁਝ ਦਿਨ ਸਾਡੇ ਪਾਸ ਚਾਹਵਦੇ ਨੇ

ਗਨੀ ਖਾਂ ਤੇ ਨਬੀ ਖਾਂ ਦੀ ਵਿਚਾਰ

ਏਥੇ ਬੈਠ ਰਹਿਨਾਂ ਹੁਨ ਠੀਕ ਨਾਹੀਂ, ਸਤਿਗੁਰਾਂ ਨੂੰ ਏਥੋਂ ਲੈ ਜਾਣਾ ਚਾਹੀਏ
ਮਤਾਂ ਵੇਖ ਨ ਕਰੇ ਕੋਈ ਜਾ ਚੁਗਲੀ ਕਿਸੇ ਥਾਂ ਅਲਹਿਦਾ ਬਿਠਾਣਾ ਚਾਹੀਏ
ਸਾਡੇ ਘਰ ਭੀ ਚਲਨਾ ਠੀਕ ਨਹੀਂ, ਕੋਈ ਹੋਰ ਮਕਾਨ ਬਨਾਣਾ ਚਾਹੀਏ
ਸੋਚ ਕਰਕੇ ਕਹਿਆ ਕਰਤਾਰ ਸਿੰਘਾ, ਓਹ ਗੁਲਾਬਾ ਮਸੰਦ ਬੁਲਾਨਾ ਚਾਹੀਏ

ਸ੍ਰੀ ਦਸਮੇਸ਼ ਜੀ ਨੇ ਗੁਲਾਬੇ ਦੇ ਘਰ ਡੇਰਾ ਲਾਨਾ

ਗਨੀ ਖਾਂ ਗੁਲਾਬੇ ਨੂੰ ਖਬਰ ਕੀਤੀ, ਝਟ ਪਟ ਓਹ ਦੌੜ ਮਸੰਦ ਆਯਾ
ਜਦ ਆਨਕੇ ਗੁਰਾਂ ਦਾ ਦਰਸ ਕੀਤਾ, ਬੜਾ ਚਿਤ ਦੇ ਵਿਚ ਆਨੰਦ ਆਯਾ
ਪਰ ਬੀਤਿਆ ਸੁਣਿਆ ਹਾਲ ਜਦੋਂ, ਕਾਬੂ ਵਿਚ ਸਾਰੇ ਬੰਦ ਬੰਦ ਆਯਾ

---

()ਜਿਸ ਬਾਗ ਵਿਚ ਹੁਣ ਜਿਥੇ ਗੁਰੂ ਬੈਠੇ ਸਨ, 'ਚਰਨ ਕਵਲ' ਗੁਰਦਵਾਰਾ ਬਣਿਆ ਹੋਇਆ ਹੈ।

ਖੜੇ ਵਿਚ ਚੁਬਾਰੇ ਕਰਤਾਰ ਸਿੰਘਾ, ਓਹ ਨਵੇਕਲਾ ਥਾਂ ਪਸੰਦ ਆਯਾ

### ਵਾਕ ਕਵੀ

ਏਧਰ ਘਰ ਗੁਲਾਬੇ ਦੇ ਟਿਕੇ ਗੁਰ ਜੀ, ਗਨੀ ਖਾਂ ਕੇ ਸੇਵਾ ਕਮਾ ਰਹੇ
ਆਏ ਗੁਰੂ ਜੀ ਹਥ ਨ ਸੂਬਿਆਂ ਦੇ, ਦੂਰ ਦੂਰ ਸੇ ਘੋੜਾ ਫਿਰਾ ਰਹੇ
ਅੰਤ ਮਾਰ ਕੇ ਟੱਕਰਾਂ ਮੁੜ ਗਏ, ਆਪੋ ਆਪਣੀ ਥਾਈਂ ਸੋ ਜਾ ਰਹੇ
ਮਰ ਗਿਆ ਅਜਮੇਰ ਚੰਦ ਘਰ ਜਾ ਕੇ, ਹੋਏ ਬਹੁਤ ਨੁਕਸਾਨ ਪਛਤਾ ਰਹੇ
ਪਿਛਾ ਖਵਾਜੇ ਮਰਦੂਦ ਨੇ ਛਡਿਆ ਨ, ਵਿਚ ਦੇਸ ਦੇ ਟੋਲ ਟੁਲਾ ਰਹੇ
ਮਾਛੀਵਾੜੇ ਆ ਗਿਆ ਕਰਤਾਰ ਸਿੰਘਾ, ਫੌਜੀ ਲੋਕ ਡੇਰੇ ਬਾਹਰ ਲਾ ਰਹੇ

### ਗੁਲਾਬੇ ਨੇ ਡਰਕੇ ਚਾਹਣਾ ਕਿ ਗੁਰੂ ਜੀ ਏਥੋਂ ਚਲੇ ਜਾਣ

ਬਾਹਰ ਫੌਜ ਖਵਾਜੇ ਦੀ ਉਤਰੀ ਆ, ਖੌਫ ਆਣ ਗੁਲਾਬੇ ਤੇ ਛਾਯਾ ਏ
ਕਾਰ ਭੇਟ ਦੀਆਂ ਮੋਹਰਾਂ ਥਾਨ ਲੈਕੇ, ਪਾਸ ਗੁਰਾਂ ਝਟ ਓਹ ਆਯਾ ਏ
ਕਹਿੰਦਾ ਗੁਰੂਜੀ ਆਪਦੀ ਨਜ਼ਰ ਹੈ ਏਹ, ਬਾਹਰ ਵੈਰੀਆਂ ਨੇਡੇਰਾ ਲਾਯਾ ਏ
ਮਤਾਂ ਜਾ ਦਸੇ ਕੋਈ ਉਨ੍ਹਾਂ ਤਾਈਂ, ਏਸ ਗੁਰੂ ਨੂੰ ਘਰ ਛਪਾਯਾ ਏ
ਮੇਰਾ ਘਰ ਭੱਜਾ ਘਾਣੀ ਪੀੜ ਘੱਤਨ, ਹੁਣ ਕਰੋ ਮੇਰੇ ਉੱਤੇ ਦਾਯਾ ਏ
ਜਾਓ ਮਾਲਵੇ ਵਲ ਕਰਤਾਰ ਸਿੰਘਾ, ਜਿਥੇ ਤੁਰਕ ਦਾ ਕੁਝ ਨ ਸਾਯਾ ਏ

### ਸ੍ਰੀ ਦਸਮੇਸ਼ ਜੀ ਨੇ ਗੁਲਾਬੇ ਨੂੰ ਧੀਰਜ ਦੇਣੀ ਤੇ ਮਾਈ ਗੁਰਦੇਈ ਨੇ ਦਰਸ਼ਨ ਕਰਨੇ

ਗੁਰਾਂ ਆਖਯਾ ਧੀਰਜ ਰਖ ਭਾਈ, ਰਾਖਾ ਸਦਾ ਹੀ ਹੈ ਕਰਤਾਰ ਸਾਡਾ
ਜਾਹ ਮਾਈ ਗੁਰਦੇਈਨੂੰ ਸਦਲਯਾਤੂੰ, ਓਹ ਭੀ ਕਰ ਨਏ ਹੁਣ ਦੀਦਾਰ ਸਾਡਾ
ਓਹ ਜਾ ਗੁਲਾਬੇ ਨੇ ਖਬਰ ਕੀਤੀ, ਗੁਰੂ ਆਯਾ ਏਥੇ ਤਾਰਨ ਹਾਰ ਸਾਡਾ
ਓਹ ਸੁਣਦੀ ਪੁਤ ਦੇ ਸਣੇ ਦੌੜੀ, ਕਹਿੰਦੀ ਤਰਿਆ ਅਜ ਪਰਵਾਰ ਸਾਡਾ
ਰੇਜਾ ਧਰ ਅਗੇ ਮੱਥਾ ਟੇਕਿਓ ਸੂ, ਬੇੜਾ ਕੀਤਾ ਜੇ ਗੁਰੂ ਜੀ ਪਾਰ ਸਾਡਾ
ਮੈਂ ਬੁਢੜੀ ਸਾਂ ਕਰਤਾਰ ਸਿੰਘਾ; ਆਪ ਆ ਕੀਤਾ ਜੇ ਉਧਾਰ ਸਾਡਾ

### ਸ੍ਰੀ ਦਸਮੇਸ਼ ਜੀ ਨੇ ਨੀਲੇ ਬਸਤਰ ਬਣਵਾਣੇ

ਓਹ ਮਾਈ ਵਾਲਾ ਰੇਜਾ ਲੈ ਕਰਕੇ, ਬਸਤ੍ਰ ਆਪਣੇ ਗੁਰਾਂ ਸਿਵਾਏ ਜਲਦੀ

ਨਾਲੇ ਸਿੰਘਾਂ ਨੂੰ ਭੀ ਬਨਵਾ ਦਿਤੇ, ਨੀਲੇ ਰੰਗ ਦੇ ਵਿਚ †ਰੰਗਵਾਏ ਜਲਦੀ
ਗਨੀ ਖਾਂ ਤੇ ਨਬੀ ਖਾਂ ਭਾਈ ਦੋਵੇਂ, ਗੁਰਾਂ ਆਪਣੇ ਪਾਸ ਬੁਲਾਏ ਜਲਦੀ
ਏਦੋਂ ਚਲੀਏ ਨਿਕਲ ਕ੍ਰਤਾਰ ਸਿੰਘਾ, ਹੀਲਾ ਕਰੋ ਹੁਣ ਤੁਸੀਂ ਬਤਾਏ ਜਲਦੀ

ਗਨੀ ਖਾਂ ਤੇ ਨਬੀ ਖਾਂ ਦੀ ਸਲਾਹ

ਵੈਰੀ ਦੇਸ ਅੰਦਰ ਸਾਰੇ ਫਿਰ ਰਹੇ, ਹੋ ਜਾਹੋ ਨ ਕਿਤੇ ਅਸੀਰ ਗੁਰ ਜੀ
ਅਸੀਂ ਦੱਸਦੇਹਾਂ ਹੀਲਾ ਨਿਕਲਨੇਦਾ, ਜੇ ਅੰਤ ਮੰਨਲਵੋ ਦਸਤਗੀਰ ਗੁਰ ਜੀ
ਨੀਲੇ ਕਪੜੇ ਪਾ ਕੇਸ ਛਡ ਪਿਛੇ, ਤੁਸੀਂ ਬਨ ਜਾਹੁ ਉੱਚ ਦੇ ਪੀਰ ਗੁਰ ਜੀ
ਮੰਜਾ ਚੁਕ ਅਸੀਂ ਚਾਰੇ ਟੁਰ ਪਈਏ, ਪਹੁੰਚੋ ਮਾਲਵੇ ਚੱਲ ਅਖੀਰ ਗੁਰ ਜੀ
ਅਗੋ ਤੁਸੀਂ ਜਿਵੇਂ ਕਹੋਤਿਵੇਂ ਕਰੀਏ, ਤੁਹਾਡੇ ਹਥਵਿਚ ਹੈ ਤਦਬੀਰ ਗੁਰ ਜੀ
ਹੋਏ ਬਹੁਤ ਪ੍ਰਸੰਨ ਕਰਤਾਰ ਸਿੰਘਾ, ਏਹ ਪਸੰਦ ਕਰਕੇ ਤਦਬੀਰ ਗੁਰ ਜੀ

ਸ੍ਰੀ ਦਸਮੇਸ਼ ਜੀ ਨੇ ਉੱਚ ਦੇ ਪੀਰ ਬਣਕੇ ਮਾਛੀਵਾੜੇ ਵਿਚੋਂ ਨਿਕਲਣਾ

ਕੇਸ ਛਡ ਪਿਛੇ ਨੀਲੇ ਕਪੜੇ ਪਾ; ਰੂਪ ਹਾਜੀਆਂ ਵਾਲਾ ਬਨਾ ਲਿਆ
ਏਸੇਤਰ੍ਹਾਂ ਹੀ ਸਾਥੀਆਂ ਸਾਰਿਆਂ ਨੂੰ; ਓਹ ਨੀਲਾ ਪਹਿਰਾਵਾ ਪਹਿਨਾ ਲਿਆ
ਧਰਮ ਸਿੰਘ ਤੇ ਮਾਨ ਸਿੰਘ ਖਾਨ ਦੋਵੇਂ, ਚਹੁੰਆਂ ਰਲਕੇ ਮੰਜਾ ਉਠਾ ਲਿਆ
ਦਇਆ ਸਿੰਘ ਮੂਠਾ ਚੋਰ ਕਰੀ ਜਾਂਦਾ, ਭੇਸ ਹੂ ਬਹੂ ਓਹੋ ਵਟਾ ਲਿਆ
ਜਿਸ਼ ਪੁਛਿਆ ਕੌਣ ਏਹ ਜਾਂਵਦਾ ਏ; ਆਖ ਉੱਚ ਦੇ ਪੀਰ ਸੁਨਾ ਲਿਆ
ਮਾਛੀਵਾੜਿਓਂ ਇਉਂ ਹੀ ਨਿਕਲ ਟੁਰੇ, ਅਗੋਂ ਫੌਜੀਆਂ ਨੇ ਅਟਕਾ ਲਿਆ
ਦਿਤੀ ਖਬਰ ਸਿਪਾਹੀਆਂ ਦਲੇਲ ਖਾਂ ਨੂੰ, ਉਸ ਸਭ ਨੂੰ ਪਾਸ ਬੁਲਾ ਲਿਆ
ਫੌਜਦਾਰ ਪੁਛੇ ਕਰਤਾਰ ਸਿੰਘਾ, ਕੌਣ ਪੀਰ ਤੇ ਕਿਧਰ ਨੂੰ ਜਾ ਰਿਹਾ

ਗਨੀ ਖਾਂ ਨੇ ਦਲੇਲ ਖਾਂ ਨੂੰ ਦੱਸਦਾ

ਫੌਜਦਾਰ ਸਰਦਾਰ ਦੇ ਪੁਛਨੇ ਤੇ, ਗਨੀ ਖਾਂ ਨੇ ਇਉਂ ਬਿਆਨ ਕੀਤਾ

---

†ਲਿਖਯਾ ਹੈ ਕਿ ਜਦ ਕਪੜੇ ਲਿਲਾਰੀ ਪਾਸ ਭੇਜੇ ਤਾਂ ਉਸ ਨੇ ਜਵਾਬ ਦਿਤਾ ਕਿ ਮੇਰਾ ਨੀਲ ਦਾ ਮੱਟ ਅਜੇ ਉਠਿਆ ਨਹੀਂ, ਪੰਜਾਂ ਦਿਨਾਂ ਨੂੰ ਉਠੇਗਾ, ਸਤਿਗੁਰਾਂ ਦੇ ਹੁਕਮ ਨਾਲ ਜਦ ਫੇਰ ਡਿੱਠਾ ਤਾਂ ਮੱਟ ਐਨ ਠੀਕ ਹੋਇਆ ਤਿਆਰ ਸੀ ਏਹ ਕਰਾਮਾਤ ਵੇਖਕੇ ਝਟ ਕਪੜੇ ਰੰਗਕੇ ਲੈ ਆਇਆ, ਸਤਿਗੁਰਾਂ ਨੇ ਇਨਾਮ ਦੇਕੇ ਇਕ ਹੁਕਮ ਨਾਮਾ ਭੀ ਲਿਖ ਦਿਤਾ।

ਕਰਾਮਾਤ ਵਾਲੇ ਪੀਰ ਉੱਚ ਦੇ ਇਹ, ਦਿਤਾ ਤਾਰ ਜਿਧੇ ਵਲ ਧਯਾਨ ਕੀਤਾ
ਵਿਚ ਪੀਰੀ, ਮੁਰੀਦੀ ਦੇ ਫਿਰ ਰਹੇ, ਹੋਯਾ ਪਾਕ ਦੀਦਾਰ ਜਿਸ ਆਨ ਕੀਤਾ
ਏਹ ਸੁਣਕੇ ਓਸ ਕਰਤਾਰ ਸਿੰਘਾ, ਵਿਚ ਸ਼ੱਕ ਦੇ ਇਉਂ ਫਰਮਾਨ ਕੀਤਾ

ਦਲੇਲ ਖਾਂ ਨੇ ਉੱਚ ਦੇ ਪੀਰ ਹੋਣ ਦੀ ਗਵਾਹੀ ਮੰਗਣੀ

ਸਾਨੂੰ ਪਤਾ ਨ ਉਚ ਦੇ ਪੀਰ ਦਾ ਜੀ, ਤੁਸੀਂ ਆਪਣੀ ਦਸ ਸਫਾਈ ਦਿਹੋ
ਅਜ ਕਲ੍ਹ ਰੌਲਾ ਬੜਾ ਪੈ ਰਿਹਾ, ਚੰਗੀ ਮੁਹਤਬਿਰ ਸਾਨੂੰ ਗਵਾਹੀ ਦਿਹੋ
ਮਰਜ਼ੀ ਗੁਰਾਂ ਦੀ ਪਾ ਗਨੀ ਖਾਂ ਕਹਿਆ, ਜਿਥੇ ਆਖਦੇ ਭੇਜ ਸਿਪਾਹੀ ਦਿਹੋ
ਨਿਕਲ ਸਾਫ ਹੀ ਜਾਣਾ ਕ੍ਰਤਾਰ ਸਿੰਘਾ, ਭਾਵੇਂ ਕਰ ਚੌਹਰੀ ਤਕੜਾਈ ਦਿਹੋ

ਕਾਜ਼ੀ ਪੀਰ ਮੁਹੰਮਦ ਆਦਿਕਾਂ ਨੇ ਗਵਾਹੀ ਦੇਣੀ

* ਕਾਜ਼ ਪੀ ਮੁਹੰਮਦ ਸਲੋਹ ਵਾਲਾ, ਮੋਠੂ ਮਾਜਰੇ ਤੋਂ ਹਸਨ ਅਲੀ ਆਯਾ
ਅਨਾਇਤ ਅਲੀਸੱਯਦ ਆਯਾ ਨੂਰਪੁਰੀਆ, ਏਹਨਾਂਦੇ ਗਵਾਹੀ ਤੇਡਰ ਪਾਯਾ
ਏਹ ਖੁਦਾ ਰਸੀਏ ਨੇ ਪੀਰ ਜ਼ਾਹਰੇ, ਕਿਉਂ ਏਹਨਾਂ ਨੂੰ ਤੁਸਾਂ ਨੇ ਅਟਕਾਯਾ
ਡਰ ਗਿਆ ਫੌਜਦਾਰ ਕਰਤਾਰ ਸਿੰਘਾ, ਹਥ ਜੋੜ ਗੁਨਾਹ ਸੀ ਬਖਸ਼ਾਯਾ

ਵਾਕ ਕਵੀ

ਏਹ ਤਿੰਨੇ ਹੀ ਗੁਰਾਂ ਦੇ ਮੇਲੀ ਹੈਸਨ, ਨਾਲੇ ਜਾਣਦੇ ਸਨ ਵਡਿਆਈ ਸਾਰੀ
ਕਈ ਵਾਰ ਆਨੰਦਪੁਰ ਗਏ ਹੈਸਨ, ਬ੍ਰਹਮ ਵਿਦਯਾ ਗੁਰਾਂ ਤੋਂ ਪਾਈ ਸਾਰੀ
ਸ਼ਾਨ ਗੁਰਾਂ ਦਾ ਇਨ੍ਹਾਂ ਨੂੰ ਯਾਦ ਹੈਸੀ, ਕਰਾਮਾਤ ਅਤੇ ਸੂਰਮਤਾਈ ਹੈਸੀ
ਸਾਹਿਬ ਅਜ਼ਮਤ ਗੁਰ ਕਰਤਾਰਸਿੰਘਾ, ਆਪੇ ਖੇਡ ਏਹ ਗੁਰਾ ਖੰਡਾਈ ਸਾਰੀ

ਦਲੇਲ ਖਾਂ ਨੇ ਸਤਿਗੁਰਾਂ ਦੀ ਜ਼ਯਾਰਤ ਕਰਨੀ

ਸ਼ੱਕ ਦੂਰ ਹੋ ਗਿਆ ਦਲੇਲ ਖਾਂ ਦਾ, ਉਤੇ ਕਦਮਾਂ ਸਿਰ ਝੁਕਾਯਾ ਜੀ

---

*ਕਾਜ਼ੀ ਪੀਰ ਮੁਹੰਮਦ ਨੇ ਆਨੰਦਪੁਰ ਵਿਚ ਰਹਿਕੇ ਸਤਿਗੁਰਾਂ ਨੂੰ ਫਾਰਸੀ ਪੜ੍ਹਾਈ ਸੀ, ਤੇ ਫੇਰ ਗੁਰਾਂ ਦੀ ਸ਼ਕਤੀ ਤੇ ਰੱਬੀ ਨੂਰ ਭਰਪੂਰ ਵੇਖ ਕੇ ਮੁਰੀਦ ਬਣ ਗਿਆ ਸੀ, ਤੇ ਬਾਕੀ ਦੇ ਦੋਵੇਂ ਸੱਯਦ ਭੀ ਮਾਹਰਫਤ ਦੇ ਖੋਜੀ ਹੋਣ ਕਰਕੇ ਕਈ ਵਾਰੀ ਸਤਿਗੁਰਾਂ ਪਾਸ ਆਨੰਦਪੁਰ ਰਹਿ ਆਏ ਹੋਏ ਸਨ, ਸਤਿਗੁਰਾਂ ਨੇ ਟੁਰਨ ਲਗਿਆਂ ਨੂੰ ਹੁਕਮਨਾਮੇ ਲਿਖ ਦਿਤੇ ਜੋ ਹੁਣ ਤਕ ਓਹਨਾਂ ਦੀਆਂ ਔਲਾਦਾਂ ਪਾਸ ਹਨ।

ਪੀਰ ਸਾਹਿਬ ਖਾਣਾ ਖਾਕੇ ਜਾਨ ਏਥੋਂ, ਫੌਜਦਾਰ ਨੇ ਹੁਕਮ ਫਰਮਾਯਾ ਜੀ
ਗਨੀ ਖਾਂ ਨੇ ਗੁਰਾਂ ਦੀ ਪਾ ਇਛਾ, ਉਮਰਾਓ ਨੂੰ ਇਉਂ ਸੁਨਾਯਾ ਜੀ
ਰੋਜ਼ਾ ਰਖਾਯਾ ਦਾਇਮੀ ਪੀਰ ਜੀ ਨੇ, *ਜੋ ਰੋਜ਼ ਦਾ ਇਕ ਠਹਿਰਾਯਾ ਜੀ
ਖਾ ਲੈਨਗੇ ਸਭ ਮੁਰੀਦ ਬਾਕੀ, ਓਸੇ ਵਕਤ ਖਾਣਾ ਪਕਵਾਯਾ ਜੀ
ਪੰਜੇ ਹੁਕਮ ਪਾ ਗੁਰਾਂ ਦਾ ਖਾ ਆਏ, 'ਤਵ ਪ੍ਰਸਾਦਿ' ਕਹਿ ਭਰਮ ਮਟਾਯਾ ਜੀ
ਬਣਿਆ ਮਾਸ ਦਾ ਓਹ ਪੁਲਾਉ ਹੈਸੀ, ਮਾਨ ਸਿੰਘ ਪੱਲੇ ਬੰਨ੍ਹ ਲਿਆਯਾ ਜੀ
ਨਜ਼ਰ ਭੇਟ ਦੇ ਦਿਨੇ ਕਰਤਾਰ ਸਿੰਘਾ, ਉਮਰਾ ਨੇ ਵਿਦਾ ਕਰਾਯਾ ਜੀ

ਸ੍ਰੀ ਦਸਮੇਸ਼ ਜੀ ਨੇ ਲੱਲਾ ਪਿੰਡ ਥਾਣੀ ਹੋ ਕੇ ਰਾਮ ਪੁਰ ਕਟਾਣੀ ਪਹੁੰਚਨਾ

ਫੇਰ ਓਸੇ ਤਰ੍ਹਾਂ ਪੰਜਾਂ ਚੁਕ ਲਏ, ਵਲ ਮਾਲਵੇ ਕਦਮ ਉਠਾਂਵਦੇ ਨੇ
ਜਦੋਂ ਗਏ ਘੁੱਘਰਾਲੀ ਦੇ ਪਾਸ ਗੁਰ ਜੀ, ੦ਨੱਥੂ ਮਿਸਤ੍ਰੀ ਨੂੰ ਦੇਖ ਪਾਂਵਦੇ ਨੇ
ਓਹਦੇ ਪਾਸੋਂ ਹਥਿਆਰ ਲੈ ਹੇਠ ਲਿਖੇ ਫੇਰ ਅਗ੍ਹਾਂ ਨੂੰ ਕਦਮ ਚਲਾਂਵਦੇ ਨੇ
ਓਥੋਂ ਫੇਰ ਅਗੋ ਲੱਲਾ ਪਿੰਡ ਪਹੁੰਚੇ, ਕੁਝ ਬੈਠੇ ਥਕੇਂਵੇ ਨੂੰ ਲਾਂਹਵਦੇ ਨੇ
ਮਾਨ ਸਿੰਘ ਪੁਲਾ ਜੋ ਬੰਨ੍ਹ ਆਂਦਾ, ਸਤਿਗੁਰੂ ਜੀ ਗੰਢ ਖੁਲ੍ਹਾਂਵਦੇ ਨੇ
ਓਹ ਕੜਾਹ ਪ੍ਰਸਾਦਿ ਤ੍ਰਿਭੋਲੀ ਦਾ ਜੀ, ਵੇਖ ਸਾਰੇ ਹੈਰਾਨ ਹੋ ਜਾਂਵਦੇ ਨੇ
ਰਾਮ ਪੁਰ ਕਟਾਨੀ ਜਾ ਰਾਤ ਕੱਟੀ, ਲੋਕ ਵੇਖਣੇ ਨੂੰ ਬਹੁਤੇ ਆਂਵਦੇ ਨੇ
ਗਨੀ ਖਾਂ ਹੋਰਾਂ ਨੂੰ ਕਰਤਾਰ ਸਿੰਘਾ, ਏਸ ਥਾਂ ਤੋਂ ਵਿਦਾ ਕਰਾਂਵਦੇ ਨੇ

ਗਨੀ ਖਾਂ ਤੇ ਨਬੀ ਖਾਂ ਨੂੰ ਸਤਿਗੁਰਾਂ ਨੇ ਹੁਕਮਨਾਮਾ ਦੇਕੇ ਵਿਦਾ ਕਰਨਾ

ਗਨੀ ਖਾਂ ਨਬੀ ਖਾਂ ਤੁਰਕ ਸੀਗੇ, ਪਰ ਓਹਨਾਂ ਨੇ ਏਹ ਗਲ ਦਿਖਾਈ ਚੰਗੀ
ਬੁਰੇ ਮਜ਼੍ਹਬ ਨ, ਹੋਂਵਦੇ ਲੋਕ ਬੁਰੇ, ਮੁਸਲਮਾਨ ਹੋ ਸੇਵ ਕਮਾਈ ਚੰਗੀ

---

*ਜੇ ਇਕ ਜਾਂ ਰੋਜ਼ ਦਾ ਖਾਣਾ ਨ ਆਖਦੇ ਤਾਂ ਓਹਨਾਂ ਅਗੋਂ ਆਖਣਾ ਸੀ ਕਿ ਦਾਇਮੀ ਰੋਜ਼ਾ ਸ਼ਰ੍ਹਾ ਵਿਚ ਜਾਇਜ਼ ਨਹੀਂ ਨਹੀਂ", ਸੋ ਏਸ ਵਾਸਤੇ ਪਹਿਲਾਂ ਹੀ ਸਤਿਗੁਰਾਂ ਨੇ ਰੋਕ ਕਰ ਦਿਤੀ।

੦ਏਹ ਨਥੂ ਮਿਸਤਰੀ ਔਲਖਵਾਲ ਦਾ ਰਹਿਨ ਵਾਲਾ ਸੂਬਾ ਸਰਹੰਦ ਦੇ ਹਥਿਆਰ ਬਨਾਂਦਾ ਹੁੰਦਾ ਸੀ, ਤੇ ਕਈ ਵਾਰੀ ਸਤਿਗੁਰਾਂ ਨੂੰ ਆਨੰਦਪੁਰ ਜਾ ਕੇ ਹਥਿਆਰ ਦੇ ਆਯਾ ਸੀ ਤੇ ਹੁਣ ਭੀ ਇਕ ਵਡੀ ਕਮਾਨ ੨੨ ਤੀਰ, ੨ ਤਲਵਾਰਾਂ, ੨ ਤਮੰਚੇ ਨਜ਼ਰ ਕੀਤੇ ਤੇ ਸਤਿਗੁਰਾਂ ਨੇ ਭੀ ਮੋਹਰਾਂ ਦੀ ਮੁੱਠ ਦੇਕੇ ਵਿਦਾ ਕੀਤਾ।

ਸੁਚਾ ਨੰਦ ਤੇ ਗੰਗੂ,ਗੁਲਾਬੇ ਨਾਲੋਂ, ਓਹਨਾਂ ਹਿੰਦੂਆਂ ਕੋਲੋਂ ਨਿਬਾਹੀ ਚੰਗੀ
ਸਤਿਗੁਰਾਂ ਭੀ ਵਧਕੇ ਹਿੰਦੂਆਂ ਤੋਂ ਉਹਨਾਂ ਉਤੇ ਪਰਤੀਤ ਰਖਾਈ ਚੰਗੀ
ਇਸ ਟਹਿਲ ਦਾ ਬਦਲਾ ਹੁਕਮਨਾਮਾ, ਦਿਤਾ ਲਿਖ ਕੀਤੀ ਵਡਯਾਈ ਚੰਗੀ
ਹੁਣ ਤਕ ਹੈ ਪਾਸ ਔਲਾਦ ਓਹਨਾਂ, ਮਾਯਾ ਉਹਨਾਂ, ਵੀ ਹੈ ਕਮਾਈ ਚੰਗੀ
ਸਿਖ ਸਦਾ ਹੀ ਅਦਬ ਅਦਾਬ ਕਰਦੇ,ਸਦਾ ਨਾਸਤੇ ਰੀਤ ਇਹ ਆਈ ਚੰਗੀ
ਪੰਥ ਵਿਚ ਮਸ਼ਹੂਰ ਕਰਤਾਰ ਸਿੰਘਾ, ਸਿੰਘਾ ਵਿਚ ਸਦਾ ਇਜ਼ਤ ਪਾਈ ਚੰਗੀ

### ਫਤੇ ਦੀ ਬੇਸਿਦਕੀ ਤੇ ਘੋੜੀ ਸਣੇ ਮਰਨਾ

ਫਤਾ ਸਿਜ ਹੈ ਸੀ ਵੇਖੋ ਵੇਖੀ ਦਾ ਈ; ਸਤਿਗੁਰਾਂ ਨੇ ਪਾਸ ਬੁਲਾਯਾ ਜੀ
ਹੋਰ ਪਿੰਡੀ ਤੋਰੀ ਸਾਨੂੰ ਦੇਹ ਘੋੜੀ, ਫਤਾ ਕਿਰਿਆ, ਬਚਨ ਸੁਨਾਯਾ ਜੀ
ਇਕ ਟੈਰ ਕਾਠੀ ਪਾਕੇ ਲੈ ਆਯਾ, ਘੋੜੀ ਲਿਆਯਾ ਨ ਚਿਤ ਡੁਲਾਯਾ ਜੀ
ਗੁਰ ਵੇਖ ਕੇ ਬੜੇ ਨਾਰਾਜ਼ ਹੋਏ, ਓਹ ਗਧੀ ਜੇਹੀ ਫੜ ਲਿਆਯਾ ਜੀ
ਗੁਰਾਂ ਆਖਯਾ ਏਹ ਨਹੀਂ ਲਾਇਕ ਸਾਡੇ,ਘਰ ਘੋੜੀ ਨੂੰ ਕਿਉਂ ਲੁਕਾਯਾ ਜੀ
ਲੈ ਗਿਆ ਜਵਾਈ ਨਹੀਂ ਘਰ ਘੋੜੀ, ਕੂੜਰ ਓਸਨੇ ਇਹ ਬਨਾਯਾ ਜੀ
ਨਹੀਂ ਘੋੜੀ ਤੇ ਫਤਿਆ ਤੂੰ ਭੀ ਨਹੀਂ ਗੁਸੇ ਹੋ ਕੇ ਗੁਰਾਂ ਅਲਾਯਾ ਜੀ
ਘਰ ਗਿਆ ਅਗੇ ਘੋੜੀ ਮਰੀ ਪਈ, ਸਪ ਫਤੇ ਨੂੰ ਡੰਗ ਚਲਾਯਾ ਜੀ
ਪਾਪੀ ਮਰਿਆ ਅੰਟ ਨਿਗੁਰਾ ਹੋ ਕੇ ਨਾਲ ਦੁਨੀ ਦੇ ਦੀਨ ਗਵਾਯਾ ਜੀ
ਅਗੂੰ ਟੁਰ ਪਏ ਕਰਤਾਰ ਸਿੰਘਾ, ਸਤਿਗੁਰਾਂ ਮੰਜਾ ਚੁਕਵਾਯਾ ਜੀ

### ਨੀਵੇਂ ਨੂੰ ਉਚਾ ਕਰਨਾ ਤੇ ਇਕ ਛਟੀ ਨਾਮ ਜਟੀ ਨੂੰ ਵਰ ਦੇਣਾ

ਮੰਜਾ ਚੁਕ ਵਗਾਰੀਆਂ ਲਿਆ ਮੁੜਕੇ, ਚਲੇ ਅਗੂਾਂ ਨੂੰ ਹੋ ਅਸਵਾਰ ਗੁਰਜੀ
ਇਕ ਮਧਰਾ ਤੇ ਤਿੰਨ ਜਟ ਉਚੇ, ਜਿਹੜੇ ਫੜੇ ਸੀ ਵਗਾਰ ਗੁਰਜੀ
ਓਹਦੇ ਵਲੋਂ ਯਾਵਾ ਰਹੇ ਬਹੁਤ ਨੀਵਾਂ,ਉਚਾ ਕਰ ਕਰਿਆ ਬਾਰਬਾਰ ਗੁਰਜੀ
ਓਸ ਆਖਯਾ ਮੈਂ ਹਾਂ ਬਹੁਤ ਨੀਵਾਂ, ਮੇਰੇ ਨਹੀਂ ਕੁਹੈ ਹੈ ਅਖਤਯਾਰ ਗੁਰਜੀ
ਬੋਲੇ ਗੁਰੂ ਜੀ ਤੂੰ ਭੀ ਹੋ ਜਾ ਉਚਾ; 'ਹੋ ਗਿਆ' ਜਾਂ ਕਹਿਆ ਉਚਾਰ ਗੁਰਜੀ
ਰਾਹ ਵਿਚੋਂ ਜਟੀ ਇਕ ਰਲ ਪਈ, ਮੰਜਾ ਚੁਕ ਟੁਰੀ ਨਿਹਚਾ ਧਾਰ ਗੁਰਜੀ

ਮਾਈ ਤੂੰ ਕੀ ਚਾਹੁੰਦੀ ਦਸ ਸਾਨੂੰ, ਕਹਿੰਦੇ ਉਸਨੂੰ ਨਾਲ ਪਿਆਰ ਗੁਰਜੀ
ਪੁਤ੍ਰ ਜੀਉਣ ਜੋਗਾ ਮੈਨੂੰ ਬਖਸ਼ ਦਿਹੋ, ਮੇਰਾ ਵਧੇ ਬਹੁਤ ਪ੍ਰਵਾਰ ਗੁਰਜੀ
ਇਸੇ ਤਰ੍ਹਾਂ ਹੋਵੇ ਤੂੰ ਜਾਹ ਘਰ ਨੂੰ, ਦਿਆਲ ਹੋ ਬੇੜਾ ਕੀਤਾ ਪਾਰ ਗੁਰਜੀ
ਆਲਮਗੀਰੇ ਜਾ ਪਹੁੰਚੇ ਕ੍ਰਤਾਰ ਸਿੰਘਾ, ਰਾਹ ਵਿਚ ਸੈ ਜੀਆਂਨੂੰ ਤਾਰ ਗੁਰਜੀ

ਭਾਈ ਮਣੀ ਸਿੰਘ ਦੇ ਭਰਾ ਨੇ ਮਿਲਨਾ ਤੇ ਇਕ ਘੋੜਾ ਅਰਪਨ ਕਰਨਾ

ਆਲਮਗੀਰੇ ਦੇ ਪਾਸ ਜਾਂ ਗਏ ਗੁਰ ਜੀ, ਜਿਨ੍ਹਾਂ ਦਰਸ ਕੀਤੇ ਬੇੜੇ ਪਾਰ ਹੋਏ
ਘੋੜੇ ਲਈ ਨਗਾਹੀਆ ਸਿੰਘ ਜਾਂਦਾ, ਸਤਿਗੁਰਾਂ ਦੇ ਅਗੋਂ ਦੀਦਾਰ ਹੋਏ
ਚੰਗੀ ਤਰ੍ਹਾਂ ਪਛਾਨ ਕਰ ਲਈ ਉਸਨੇ, ਪਿਉ ਪੁਤ੍ਰ ਓਹ ਖੁਸ਼ੀ ਅਪਾਰ ਹੋਏ
ਬੀਤੇ ਸੁਣ ਕੇ ਫੇਰ ਪ੍ਰਸੰਗ ਸਾਰੇ, ਦੋਵੇਂ ਸਿਦਕੀ ਬੜੇ ਦੁਖਯਾਰ ਹੋਏ
ਘੋੜੇ ਵੇਚਣ ਚਲਿਆ ਗੁਰੂ ਜੀ ਮੈਂ, ਇਹਨਾਂ ਵਿਚੋਂ ਜਿਹੜਾ ਦਰਕਾਰ ਹੋਏ
ਆਪ ਲੈ ਲਵੋ ਮੰਜਾ ਛਡ ਦਿਹੋ, ਸਾਥੋਂ ਦੁਖ ਨ ਇਹ ਸਹਾਰ ਹੋਏ
ਗੁਰਾਂ ਘੋੜਾ ਕੁਮੈਤ ਪਸੰਦ ਕੀਤਾ, ਭੇਟਾ ਕਰ ਉਹ ਖੁਸ਼ੀ ਬਿਸਯਾਰ ਹੋਏ
ਮੰਜਾ ਛਡ ਦਿਤਾ ਕਰਤਾਰ ਸਿੰਘਾ, ਝਲੇ ਘੋੜੇ ਉਤੇ ਅਸਵਾਰ ਹੋਏ

ਸ੍ਰੀ ਦਸਮੇਸ਼ ਜੀ ਨੇ ਹੇਹਰੀ ਪਹੁੰਚਣਾ ਤੇ ਕ੍ਰਿਪਾਲ ਦੇ ਚੇਲੇ ਦੀ ਬੇਈਮਾਨੀ

ਪਿੰਡੋ ਪਿੰਡ ਥੀਂ ਲੰਘਦੇ ਗਏ ਹੇਹਰੀ, ਡੇਰੇ ਵਿਚ ਕ੍ਰਿਪਾਲ ਦੇ ਆਏ ਜਦੋਂ
ਕੁਝ ਪਹਿਲਾਂ ਮਹੰਤ ਨੇ ਸੇਵਾ ਕੀਤੀ, ਪਰ ਭੇਦ ਸਾਰੇ ਸੁਨ ਪਾਏ ਜਦੋਂ
ਆ ਕਹਿਨ ਲਗਾ ਇਥੋਂ ਚਲੇ ਜਾਵੋ, ਕਾਇਰਪੁਣੇ ਦੇ ਖਯਾਲ ਸਮਾਏ ਜਦੋਂ
ਕਟ ਰਾਤ ੦ਟੁਰ ਪਏ ਕਰਤਾਰ ਸਿੰਘਾ, ਮਥੇ ਵਟ ਮਹੰਤ ਚੜ੍ਹਾਏ ਜਦੋਂ

ਸ੍ਰੀ ਦਸਮੇਸ਼ ਜੀ ਨੇ ਬਚਨ ਕਰਨਾ

ਓਹ ਮਹੰਤ ਕਹਿੰਦਾ ਇਥੋਂ ਚਲੇਜਾਵੋ, ਨਹੀਂ ਤਾਂ ਮੈਨੂੰ ਭੀ ਨਾਲਮਰਵਾਓਗੇ ਜੀ

---

੦ਜਦ ਟੁਰਨ ਲਗੇ ਤਾਂ ਡੇਰੇ ਦੇ ਖਜ਼ਾਨਚੀ ਨੇ ਪੰਜ ਟਕੇ ਭੇਟਾ ਲਿਆ ਰਖੇ, ਮਹਾਰਾਜ ਬੋਲੇ ਮੁਠ ਮੀਟੀ ਰਖ, ਖਜ਼ਾਨਾ ਨਹੀਂ ਖੋਹਲਣਾ, ਦਸਵੇਂ ਮਹੰਤ ਦੇ ਵੇਲੇ ਖੁਲੇਗਾ, ਡੇਰਾ ਵਸਦਾ ਰਹੂ ਏਹ ਮਹੰਤ ਜ਼ਰੂਰ ਫਾਂਸੀ ਆ ਕੇ ਮਰੇਗਾ।

ਤੁਰਕ ਡੇਰੇ ਨੂੰ ਕਰ ਬਰਬਾਦ ਦੇਵਨ, ਤੁਹਾਡਾ ਕੀ ਤੁਸੀਂ ਖਿਸਕ ਜਾਓਗੇ ਜੀ
ਗੁਰਾਂ ਕਹਿਆ ਏਹ ਡੇਰਾ ਤਾਂ ਵਸਦਾ ਰਹੂ,ਫਾਂਸੀਤੁਸੀ ਜ਼ਰੂਰ ਹੀ ਪਾਓਗੇ ਜੀ
ਬੀਤ ਜਾਣ ਏਹ ਦਿਨ ਕ੍ਰਤਾਰ ਸਿੰਘਾ, ਮੰਦ ਭਾਗੀਓ ਤੁਸੀਂ ਪਛਤਾਓਗੇ ਜ਼ੀ
ਏਹ ਮਹੰਤ ਹੋਰੀ ਸੇਵਕ ਗੁਰੂ ਘਰ ਦੇ, ਵੇਖੋਂ ਕਿਹਾ ਜਵਾਬ ਸੁਣਾ ਦੇਂਦੇ
ਓਧਰ ਗਨੀ ਖਾ ਨਬੀ ਖਾਂ ਤੁਰਕ ਦੇਖੋਂ, ਔਖਾਵੇਲਾ ਉਹ ਕਿਵੇਂ ਨਿਭਾ ਦੇਂਦੇ
ਓਸ ਵੇਲੇ ਜੋ ਆਸਰਾ ਹਿੰਦੂਆਂ ਦਾ, ਲੈ ਕੇ ਗੁਰ ਪ੍ਰਤੀਤ ਜਮਾ ਦੇਂਦੇ
ਬੇਈਮਾਨ ਹੋਕੇ ਸਤਿਗੁਰਾਂ ਤਾਈਂ, ਹਿੰਦੂ ਵੈਰੀਆਂ ਹਥ ਫੜਾ ਦੇਂਦੇ
ਹੁਬੇਵਤਨ ਜੋ ਹਿੰਦੂਆ ਵਿਚ ਹੁੰਦੀ, ਕਿਉਂ ਰਾਜ ਪ੍ਰਤਾਪ ਖੁਹਾ ਦੇਂਦੇ
ਕਈ ਕਾਰਨ ਵੇਖ ਕਰਤਾਰ ਸਿੰਘਾ, ਗੁਰ ਪੰਥ ਨੂੰ ਵਖ ਕਰਾ ਦੇਂਦੇ

### ਰਾਏ ਕੱਲੇ ਦਾ ਮੇਲ

ਮੋਗੀ ਆਦਿਕਾਂ ਪਿੰਡਾਂ ਥੀਂ ਲੰਘ ਗਏ,ਪਿੰਡ ਸੀਲੋਣੀਆ ਨੇੜੇ ਆਯਾ ਅਗੇ
ਰਾਏ ਕੋਟ ਵਾਲੇ ਰਾਏ ਕਲੇ ਨੇ ਜੀ, ਬਾਹਰ ਗਾਓਂਤੋਂ ਸੀ ਡੇਰਾ ਲਾਯਾ ਅਗੇ
ਹਾਜੀ ਪੀਰ ਜਾਂਦੇ ਓਸ ਸਮਝ ਕਰਕੇ, ਦੂਰੋਂ ਆਣਕੇ ਸੀਸ ਝੁਕਾਯਾ ਅਗੇ
ਦੇ ਜਾਹੋ ਦੀਦਾਰ ਕਰਤਾਰ ਸਿੰਘਾ, ਅਜ ਰਹੋ ਸਵਾਲ ਇਹ ਪਾਯਾ ਅਗੇ

### ਰਾਏ ਕਲ੍ਹੇ ਦਾ ਪਰੇਮ

ਬੜੇ ਪ੍ਰੇਮ ਦੇ ਨਾਲ ਤੇ ਕਰ ਅਰਜ਼ਾਂ; ਇਕ ਰਾਤ ਲਈ ਅਟਕਾਯਾ ਉਸਨੇ
ਫੇਰ ਪਤਾ ਲਗਾ ਏਹ ਤਾਂ ਗੁਰੂ ਜੀ ਨੇ, ਅਜ ਹਦ ਪਰੇਮ ਵਧਾਯਾ ਉਸਨੇ
ਮੁਸਲਮਾਨ ਹੋਕੇ ਬਹੁਤਾ ਹਿੰਦੂਆਂ ਥੀਂ ਫੇਰ ਅਦਬ ਅਦਾਬ ਬਜਾਯਾ ਉਸਨੇ
ਕੀਤਾ ਸਖਤ ਅਫਸੋਸ ਤੇ ਰੋ ਪਿਆ,ਹਾਲ ਬੀਤਿਆ ਜਾਂ ਸੁਣ ਪਾਯਾ ਉਸਨੇ
ਮੇਰੇ ਗੋਚਰੀ ਮੈਨੂੰ ਕੋਈ ਟਹਿਲ ਦਸੋ, ਬਾਰਬਾਰ ਏਹ ਆਖ ਸੁਨਾਯਾ ਉਸਨੇ
ਸਚਾ ਹੋ ਮੁਰੀਦ ਕਰਤਾਰ ਸਿੰਘਾ, ਗੁਰ ਸੇਵਾ ਨੂੰ ਸਿਰ ਉਠਾਯਾ ਉਸਨੇ

### ਸ੍ਰੀ ਦਸਮੇਸ਼ ਜੀ ਨੇ ਰਾਏ ਨੂੰ ਆਖਣਾ ਕਿ ਸਰਹੰਦ ਕੋਈ ਆਦਮੀ ਭੇਜੋ

ਕੋਈ ਆਦਮੀ ਵਲ ਸਰਹੰਦ ਭੇਜੋ, ਮੁਹਤਬਿਰ ਹੋਵੇ, ਨ ਪਰਾਯਾ ਹੋਵੇ

ਸਾਨੂੰ ਖਬਰ ਇਹ ਜਾ ਲਿਆ ਦੇਵੇ, ਮਤਾਂ ਸੂਬੇ ਨੇ ਸ਼ੋਰ ਮਚਾਯਾ ਹੋਵੇ
ਸਾਡਾ ਕੋਈ ਸੁਬੰਧੀ ਯਾ ਸਿੰਘ ਕੋਈ, ਫੜਿਆ ਵਿਚ ਸਰੰਦ ਦੇ ਆਯਾ ਹੋਵੇ
ਹੀਲਾ ਕਰੀਏ ਓਹਦੇ ਛੁਡਾਵਨੇ ਦਾ, ਦੁਖ ਦੇਕੇ ਮਤਾਂ ਦੁਖਾਯਾ ਹੋਵੇ
ਜਾਂਣੀ ਜਾਣ ਸਤਿਗੁਰੂ ਜੋਜਾਣਦੇ ਸਨ, ਕਿਹੜਾ ਭੇਦਜੋ ਗੁਰਾਨਾ ਪਾਯਾ ਹੋਵੇ
ਖੇਲ ਕਰਦੇ ਪਏ ਕਰਤਾਰ ਸਿੰਘਾ, ਹੋਵੇ ਓਹ ਜੋ ਤੁਸਾਂ ਕਰਾਯਾ ਹੋਵੇ

†ਮਾਹੀ ਕੁਮਰ ਨੇ ਸਰਹੰਦੋਂ ਪਤਾ ਲਿਆਵਨਾ

ਇਧਰ ਗੁਰੂ ਜੀ ਰਾਏ ਦੇ ਪਾਸ ਠਹਿਰੇ, ਮਾਹੀ ਵਲ ਸਰੰਦ ਦੇ ਮਾਯਾ ਜੀ
ਤੀਏ ਦਿਨ ਕਹ ਲੈਕੇ ਖਬਰ ਆਯਾ, ਸਾਰਾ ਫੋਲਕੇ ਹਾਲ ਸੁਨਾਯਾ ਜੀ
ਸਤਿਗੁਰੋ ਮੈਂ ਸੁਣਕੇ ਇਉਂ ਆਯਾ, ਸਰਸੇ ਨਦੀ ਵਿਛੋੜਾ ਜਾਂ ਪਾਯਾ ਜੀ
ਸਾਹਿਬਜ਼ਾਦਿਆਂ ਤੇ ਵਡੀ ਮਾਈ ਜੀਨੂੰ, ਗੰਗੂਖੇੜੀ ਵਾਲਾ ਘਰ ਲਿਆਯਾ ਜੀ
ਖਰਚ ਦੌਲਤ ਲਦੀ ਸੀ ਨਾਲ ਓਹਨਾਂ, ਵਖ ਬ੍ਰਾਹਮਣ ਚਿਤ ਡੁਲਾਯਾ ਜੀ
ਓਹ ਲਈ ਚੁਰਾ ਤੇ ਤਿੰਨਾਂ ਤਾਈਂ ਪਾਪੀ ਵੈਰੀਆਂ ਹਥ ਫੜਾਯਾ ਜੀ
ਲੈ ਗਏ ਮੁਰੰਡੀਏ ਖਾਨ ਫੜਕੇ, ਓਹਨਾਂ ਝਟ ਸਰੰਦ ਪੁਚਾਯਾ ਜੀ
ਬੰਦ ਕਰਕੇ ਮਾਈ ਨੂੰ ਬੁਰਜ ਅੰਦਰ, ਸੂਬੇ ਬਚਿਆਂ ਤਾਈਂ ਬੁਲਾਯਾ ਜੀ
ਮੁਸਲਮਾਨ ਦੋਹਾਂ ਤਾਈਂ ਕਰਨ ਬਦਲੇ, ਬਹੁਤ ਜ਼ੋਰ ਵਜ਼ੀਰ ਨੇ ਲਾਯਾ ਜੀ
ਕਈ ਵਾਰ ਡਰਾਏ ਤੇ ਲੋਭ ਪਾਏ, ਨਾਲ ਕਮਚੀਆਂ ਦੇ ਮਰਵਾਯਾ ਜੀ
ਪਰ ਬਚਿਆਂ ਨੇ ਇਕੋ ਨਾਂਹ ਫੜੀ, ਨਹੀਂ ਜ਼ਰਾ ਭੀ ਚਿਤ ਡੁਲਾਯਾ ਜੀ
ਗੁਸੇ ਵਿਚ ਵਜੀਦੇ ਨੇ ਆ ਕਰਕੇ, ਕਤਲ ਕਰਨ ਦਾ ਹੁਕਮ ਸੁਨਾਯਾ ਜੀ
ਤਦ ਦੋਹਾਂ ਤਾਂ ਕਿਸੇ ਨ ਤਰਸ ਖਾਧਾ, ਖਾਂ ਮਲੇਰੀਏ ਨੂੰ ਜੋਸ਼ ਆਯਾ ਜੀ
ਖਾਂ ਸ਼ੇਰ ਮੁਹੰਮਦ ਨੇ ਸੂਬੇ ਤਾਈਂ, ਲੋਕ ਦਸਦੇ ਇਊਂ ਸਮਝਾਯਾ ਜੀ
ਕਿਉਂ ਸੂਬਿਆ ਕਹਿਰ ਕਮਾਨ ਲਗੋਂ; ਇਹਨਾਂ ਬਚਿਆਂ ਕੀਹ ਗਵਾਯਾ ਜੀ
ਵੈਰ ਬਾਪ ਦਾ ਕਢਦਾ ਬਚਿਆਂ ਤੇ, ਕਿਉਂ ਦਾਨਾਈ ਨੂੰ ਦੂਰ ਹਟਾਯਾ ਜੀ
ਬੇਦੋਸ਼ ਫੜ ਕੇ ਬਚੇ ਮਾਰਨੇ ਇਹ, ਦਸ ਸ਼ਰ੍ਹਾ ਕਿਥੇ ਫੁਰਮਾਯਾ ਜੀ

---

†ਕਈ ਨੇ ਇਸ ਦਾ ਨਾਮ ਨੂਰਾ ਲਿਖਿਆ।

ਏਹ ਸੁਣ ਸੂਬਾ ਟੁਲ ਚਲਿਆ ਸੀ, ਸੁਚਾ ਨੰਦ ਨੇ ਕਹਿਰ ਕਮਾਯਾ ਜੀ
ਬਚੇ ਸਪ ਦੇ ਛਡਣ ਯੋਗ ਨਾਹੀਂ, ਮੁੜ ਸੂਬੇ ਨੂੰ ਜੋਸ਼ ਚੜ੍ਹਾਯਾ ਜੀ
ਉਸ ਪਾਪੀ ਨੇ ਓਸਦੇ ਲਗ ਆਖੇ, ਸ਼ਰਾ ਫਤਵਾ ਚਾ ਲਗਵਾਯਾ ਜੀ
ਨਾਹਰਾ ਹਾਂ ਦਾ ਮਾਰ ਮਲੇਰ ਵਾਲਾ, ਚਲਾਇਆ ਨ ਬੈਠਨਾ ਚਾਹਯਾ ਜੀ
ਓਹ ਫੁਲ ਗੁਲਾਬ ਦੇ ਜ਼ਾਲਮਾਂ ਸੇ, ਕੰਧਾਂ ਵਿਚ ਦੇ ਦੁਖ ਪੁਚਾਯਾ ਜੀ
ਪਰ 'ਸੀ' ਨ ਬਚਿਆਂ ਮੂਲ ਕੀਤੀ, ਦੁਖ ਪਾਣ ਹੌਸਲਾ ਦਾਯਾ ਜੀ
ਸਾਰੇ ਲੋਕ ਪਏ ਤ੍ਰਾਸ ਤ੍ਰਾਸ ਕਰਦੇ, ਆਈ ਉਨ੍ਹਾਂ ਨੂੰ ਮੂਲ ਨ ਦਾਯਾ ਜੀ
ਹੁਕਮ ਰਬ ਦੇ ਸੀ ਕੰਧ ਫਟ ਗਈ, ਫੇਰ ਦੋਹਾਂ ਨੂੰ ਕਤਲ ਕਰਾਯਾ ਜੀ
ਜਦੋਂ ਮਾਈ ਜੀ ਨੇ ਏਹ ਕਹਿਰ ਸੁਨਿਆ, ਲੇਖਾ ਬੁਰਜਤੋਂ ਡਿਗ ਮਕਾਯਾ ਜੀ
ਏਹ ਜਿਸ ਜਿਸ ਨੇ ਕੰਨੀ ਹਾਲ ਸੁਨਿਆ, ਰੋਇ ਰੋਇ ਕੇ ਨੀਰ ਵਗਾਯਾ ਜੀ
ਦਿਤੇ ਦਿਲ ਹਿਲਾ ਕਰਤਾਰ ਸਿੰਘਾ, ਮਾਨੋਂ ਧਰਤ ਅਕਾਸ਼ ਰਵਾਯਾ ਜੀ

ਮਾਹੀ ਪਾਸੋਂ ਸਾਹਿਬਜ਼ਾਦਿਆਂ ਦਾ ਹਾਲ ਸੁਣਕੇ ਸਤਿਗੁਰਾਂ ਦੇ ਬਚਨ

ਜਿੰਨਾ ਚਿਰ ਸੁਨਾਉਂਦਾ ਰਿਹਾ ਮਾਹੀ, ਸਤਿਗੁਰੂ ਜੀ ਨੇ ਊਂਘੀ ਪਾ ਛਡੀ
ਜੋਸ਼ ਚੜ੍ਹਦੇ ਰਹੇ ਬੇਅੰਤ ਆਕੇ, ਅਗ ਵਿਚੇ ਹੀ ਵਿਚ ਦਬਾ ਛਡੀ
ਇਕ ਕਾਹੀ ਦੇ ਬੂਟੇ ਨੂੰ ਖੋਦਦੇ ਰਹੇ, ਸੁਰਤ ਗਲਾਂ ਦੇ ਵਲ ਲਗਾ ਛਡੀ
ਸਾਰੀ ਸੁਨਕੇ ਗਲ ਕਰਤਾਰ ਸਿੰਘਾ, ਬੋਲੇ ਤੁਰਕ ਦੀ ਜੜ੍ਹ ਪੁਟਾ ਛਡੀ

ਸਰਹੰਦ ਨੂੰ ਸਰਾਪ ਤੇ ਮਲੇਰੀਆਂ ਨੂੰ ਵਰ

ਬਾਕੀਰਹਿਗਈ ਜੜ੍ਹ()ਮਲੇਰੀਆਂ ਦੀ, ਕਾਇਮ ਸਦਾ ਲਈ ਖਾਨਦਾਨ ਹੋਵੇ
ਜੜ੍ਹ ਰਹੇਗੀ ਨਏਧਰਕਿਸੇ ਦੇ ਦੀ ਭੀ,ਨਗਾਰਬੰਦ ਜਿਹੜਾ ਮੁਸਲਮਾਨ ਹੋਵੇ
ਤੁਰਕ ਰਾਜ ਦੀ ਜੜ੍ਹ ਹੈ ਗਈ ਪਟੀ, ਥੋੜੇ ਚਿਰ ਨੂੰ ਜ਼ਾਹਿਰ ਜਹਾਨ ਹੋਵੇ

---

()ਏਸੇ ਬਚਨ ਨੂੰ ਮੰਨਕੇ ਸਿੰਘਾਂ ਨੇ ਖਵਾਜੇ ਖਿਜ਼ਰ ਵਰਗਿਆਂ ਮਲੇਰੀਆਂ ਖਾਨਾਂ ਨੂੰ ਬਰਬਾਦ ਕਰਕੇ ਸ਼ੇਰ ਮੁਹੰਮਦ ਦੇ ਖਾਨਦਾਨ ਨੂੰ ਰਾਜ ਪ੍ਰਤਾਪ ਦੇ ਕੇ ਸਦਾ ਲਈ ਅਟਲ ਰੱਖਿਆ ਤੇ ਫੇਰ ਭੀ ਸਦਾ ਹੀ ਖਾਲਸਾ ਸਹਾਇਤਾ ਕਰਦਾ ਰਿਹਾ, ਉਹ ਭੀ ਹੁਣ ਤਕ ਗੁਰਾਂ ਦੇ ਏਸ ਅਹਿਸਾਨ ਨੂੰ ਮੰਨਦੇ ਚਲੇ ਆਏ ਹਨ।

ਜਿਸ ਸ਼ਹਿਰ ਅੰਦ੍ਰ ਏਡਾ ਤਾਪ ਹੋਯਾ, ਗੁਰੂ ਮਾਹੀ ਸਰਹੰਦ ਵੀਰਾਨ ਹੋਵੇ
ਇਟ ਏਹਦੀ ਜੋ ਵਿਚ ਦਰਯਾ ਸੁਟੇ, ਸਤਿਗੁਰੂ ਉਸ ਤੇ ਮਿਹਰਬਾਨ ਹੋਵੇ
ਦੁਖ ਪਾਕੇ ਸਣੇ ਪਰਵਾਰ ਮਰੇ, ਖਾਂ ਵਜੀਦੇ ਦਾ ਦੂਰ ਨਿਸ਼ਾਨ ਹੋਵੇ
ਏਸ ਪਾਪ ਦੇ ਬਦਲੇ ਲਏ ਸਾਰੇ; ਜਦੋਂ ਪੰਥ ਮੇਰਾ ਬਲਵਾਨ ਹੋਵੇ
ਆਕੀ ਖਾਨ ਅਮੀਰ ਨ ਕੋਈ ਰਹਿਸੀ, ਤੇਜ ਸਿੰਘਾਂ ਦਾ ਆਨ ਮਹਾਨ ਹੋਵੇ
ਸਾਰੇ ਬਦਲੇ ਖਾਲਸਾ ਲਏਗਾ ਜੀ, ਘਰ ਘਰ ਵੈਰਾਨ ਤੁਰਕਾਨ ਹੋਵੇ
ਗਈ ਤੁਰਕ ਦੀ ਹਾਹੀ ਕਰਤਾਰ ਸਿੰਘਾ, ਵਾਲੀ ਹੋਰ ਕੋਈ ਹਿੰਦੁਸਤਾਨ ਹੋਵੇ

### ਰਾਏ ਕਲੇ ਦੀ ਬੇਨਤੀ

ਸੁਣ ਸਤਿਗੁਰਾਂ ਦੇ ਬਚਨ ਕੋਪ ਭਰੇ; ਰਾਏ ਕਲੇ ਨੇ ਅਰਜ ਸੁਨਾਈਏ ਜੀ
ਮੇਰਾ ਗੁਰੂ ਜੀ ਕੀਹ ਕਸੂਰ ਦਸੋ; ਉਹਨਾਂ ਨਾਲ ਨਾ ਮੈਨੂੰ ਰਲਾਈਏ ਜੀ
ਕੋਮ ਤੁਰਕ ਨੂੰ ਤੁਸਾਂ ਸਰਾਪ ਦਿਤਾ ਹਥ ਦੇ ਕੇ ਮੈਨੂੰ ਬਚਾਈਏ ਜੀ
ਮੈਨੂੰ ਆਪਣਾ ਜਾਣ ਕਰਤਾਰ ਸਿੰਘਾ; ਮੇਰੀ ਜਗ ਤੇ ਜੜ੍ਹ ਰਖਾਈਏ ਜੀ

### ਰਾਏ ਕਲ੍ਹੇ ਨੂੰ ਬਖਸ਼ਿਸ਼

ਤੇਗ ਲਾਹ ਕੇ ਆਪਣੇ ਗਾਤਰੇ ਥੀਂ; ਗਲ ਰਾਏ ਦੇ ਗੁਰਾਂ ਨੇ ਪਾ ਦਿਤੀ
ਤੁਹਾਡੀ ਜੜ੍ਹਦੀ ਰਾਖੀ ਏਹ ਰਾਖੀ ਰਹੇਗੀਜੀ;ਹਸ ਗੁਰੂ ਜੀਏਹ ਸੁਨਾ ਦਿਤੀ
ਜਦੋਂ ਤਕ ਬੇਅਦਬੀ ਕਰੋਗੇ ਨ; ਜੜ੍ਹ ਪੁਟੀ ਹੋਈ ਫੇਰ ਲਾ ਦਿਤੀ
ਏਹ ਤੁਹਾਡੇ ()ਅਖਤਿਆਰ ਕਰਤਾਰ ਸਿੰਘਾ, ਹੋਣਹਾਰਹੈ ਸਾਰੀ ਜਤਾ ਦਿਤੀ

---

()ਰਾਏ ਕੱਲ੍ਹੇ ਨੇ ਸਤਿਗੁਰਾਂ ਦੀ ਤੇਗ ਲੈ ਕੇ ਬੜੇ ਅਦਬ ਨਾਲ ਰਖੀ ਤੇ ਰਾਜ ਭੋਗਿਆ ਪਰ ਉਸ ਦੇ ਪੋਤਰ ਰਾਇ ਅਲਯਾਸ ਨੂੰ ਕਾਜ਼ੀਆਂ ਨੇ ਚੁਕਿਆ ਕਿ ਹਿੰਦੂ ਦੇ ਪੀਰ ਦੀ ਤਲਵਾਰ ਨੂੰ ਪੂਜਣਾ ਸਾਡੇ ਦੀਨ ਤੇ ਸ਼ਰ੍ਹਾ ਵਿਚ ਮਨਾ ਹੈ, ਏਸ ਵਾਸਤੇ ਓਸ ਨੇ ਸਤਿਗੁਰਾਂ ਦਾ ਬਚਨ ਵਿਸਾਰ ਕੇ ਆਪ ਪਹਿਨ ਲਈ, ਇਕ ਦਿਨ ਸ਼ਿਕਾਰ ਖੇਡਣ ਗਿਆ ਤਾਂ ਹਰਨ ਨੂੰ ਓਹੋ ਤਲਵਾਰ ਮਾਰਨ ਲਗਾ ਪਰ ਘੋੜੇ ਦੀ ਹਿੰਘਕੀ ਖਾਣ ਕਰਕੇ ਓਸੇ ਪੇਟ ਨੂੰ ਕਤਲ ਕਰ ਗਈ ਤੇ ਓਹ ਉਸੇ ਦੁਖ ਨਾਲ ਮਰ ਗਿਆ, ਓਸ ਦਾ ਰਾਜ ੧੮੬੨ ਬਿਕ੍ਰਮੀ ਨੂੰ ਮਹਾਰਾਜੇ ਰਣਜੀਤ ਸਿੰਘ ਨੇ ਪੰਜ ਪਿੰਡ ਉਸ ਦੀ ਰਾਣੀ ਨੂੰ ਗੁਜ਼ਾਰੇ ਵਾਸਤੇ ਦੇ ਕੇ, ਬਾਕੀ ਇਲਾਕਾ ਫੂਲਕਿਆਂ ਨੂੰ ਵੰਡ ਦਿਤਾ, ਸੋ ਗੁਰੂ ਜੀ ਦਾ ਬਚਨ ਸਫਲ ਹੋ ਗਿਆ।

ਸ੍ਰੀ ਦਸਮੇਸ਼ ਜੀ ਨੇ ਰਾਏ ਕਲ੍ਹੇ ਤੋਂ ਵਿਦਾ ਹੋਣਾ

ਕਈ ਦਿਨ ਰਾਏ ਕਲ੍ਹੇ ਪਾਸ ਰਹੇ, ਅੰਤ ਗੁਰਾਂ ਨੇ ਕੂਚ ਬੁਲਾ ਦਿਤਾ
ਇਕ ਘੋੜਾ ਤੇ ਢਾਲ ਤਲਵਾਰ ਚੰਗੀ, ਪੇਸ਼ ਕਬਜ਼ ਜੜਾਊ ਸੁਨਾ ਦਿਤਾ
ਮੋਹਰ ਇਕ ਸੌ ਇਕ ਆ ਭੇਟ ਰਖੀ, ਹਥ ਜੋੜ ਕੇ ਸੀਸ ਝੁਕਾ ਦਿਤਾ
ਵਿਦਾ ਗੁਰੂ ਜੀ ਹੋਏ ਕਰਤਾਰ ਸਿੰਘਾ, ਦੀਨੇ ਵਲ ਵਹੀਰ ਚਲਾ ਦਿਤਾ

ਸ੍ਰੀ ਦਸਮੇਸ਼ ਜੀ ਨੇ ਦੀਨੇ ਪਿੰਡ ਪਹੁੰਚਣਾ

ਲੋਕ ਰਾਹਾਂ ਦੇ ਤਾਰਦੇ ਮਾਲਵੇ ਨੂੰ, ਸਿਧਾ ਰੁਖ ਕਰ ਲਿਆ ਵਹੀਰ ਪਾਏ
ਹੋਰ ਰਲਦੇ ਜਾਂਵਦੇ ਨਾਲ ਕਈ, ਸੇਵਾ ਕਰਨ ਅਮੀਰ ਗਰੀਬ ਆਏ
ਦੀਨਦਿਆਲਸਿਆਂ ਨੂੰ ਨਿਹਾਲ ਕਰਦੇ, ਦੀਨੇਪਿੰਡਦੇ ਪਹੁੰਚਰਾਏ ਤੀਰ ਆਏ
ਰਾਇ ਜੋਧ ਦੇ ਪੋਤਰੇ ਸੁਣ ਅਗੋਂ, ਨਜ਼ਰ ਲੈ 'ਲਖਮੀਰ' 'ਸ਼ਮੀਰ' ਆਏ
ਬੜੀ ਓਹਨਾਂ ਨੇ ਸ਼੍ਰਧਾ ਜਾਹਰ ਕੀਤੀ, ਭਾਗਾਂ ਸਾਡਿਆਂ ਨੂੰ ਪੰਧ ਚੀਰ ਆਏ
ਸਾਡੇ ਪਿੰਡ ਠਹਿਰੋ ਕਰਤਾਰ ਸਿੰਘਾ, ਕੀਤੀ ਬੇਨਤੀ ਉਨ੍ਹਾਂ ਅਖੀਰ ਆਏ

ਸ੍ਰੀ ਦਸਮੇਸ਼ ਜੀ ਨੇ ਲਖਮੀਰ ਤੇ ਸ਼ਮੀਰ ਨਾਲ ਬਚਨ ਕਰਨਾ

ਅਸਾਂ, ਨਾਲ ਮੁਗਲਾਂ ਜੰਗ ਹੈਨ ਕਰਨੇ, ਤੁਸੀਂ ਚੌਧਰੀ ਉਨ੍ਹਾਂ ਤੋਂ ਡਰੋਗੇ ਜੀ
ਹਾਕਮ ਤੁਰਕ ਅਤੇ ਤੁਸੀਂ ਹੋ ਰਯਤ, ਓਹਨਾਂ ਨਾਲ ਤੁਸੀਂ ਕਿਵੇਂ ਲੜੋਗੇ ਜੀ
ਸਾਡੇ ਰਹਿਨ ਤੇ ਤੁਸਾਂ ਨੂੰ ਹੋਏ ਖੇਚਲ, ਸਾਡੇ ਨਾਲ ਰਲਕੇ ਦੁਖ ਭਰੋਗੇ ਜੀ
ਸੂਬਾ ਸਣ ਛਕੇ ਕਰਤਾਰ ਸਿੰਘਾ; ਫੌਜ ਚਾਹੜੇ ਤੇ ਫੇਰ ਕੀਹ ਕਰੋਗੇ ਜੀ

ਚੌਧਰੀ ਲਖਮੀਰ ਤੇ ਸ਼ਮੀਰ ਦੀ ਧੀਰਜ

ਅਸੀਂ ਸਿਖਹਾਂ ਸਤਿਗੁਰੋ ਪੀੜੀਆਂ ਦੇ, ਜਿੰਨੀ ਪੁਜੇ ਸਾਥੋਂ ਸੇਵਾ ਕਰਾਂਗੇ ਜੀ
ਭਾਵੇਂ ਆਉਣ ਚੜ੍ਹਕੇ ਫੌਜਾਂ ਬਾਦਸ਼ਾਹੀ, ਤੇਗਾਂਫੜਮੈਦਾਨ ਵਿਚ ਲੜਾਂਗੇ ਜੀ
ਰਾਏ ()ਜੋਧ ਦੇ ਪੋਤਰੇ ਹਾਂ ਅਸੀਂ, ਤੁਰਕ ਹਾਕਮਾਂ ਤੋਂ ਨਹੀਂ ਡਰਾਂਗੇ ਜੀ

---

()ਰਾਏ ਜੋਧ ਵੀਰ, ਬੜਾ ਉਘਾ ਮਾਲਵਾ ਦੇਸ ਦਾ ਸੂਰਮਾ ਹੋਯਾ ਹੈ, ਜਦ ਸ੍ਰੀ ਗੁਰੂ ਹਰਿ ਗੋਬਿਦ ਸਾਹਿਬ ਜੀ ਨੇ ਮਾਲਵੇ ਦੇਸ ਵਿਚ ਜਾ ਕੇ ਲਲਾ ਬੇਗ ਤੇ ਕਮਰ ਬੇਗ ਖਾਂ ਬਾਦੀ, ਬਾਦੀ ਹਜਾਰੀਆਂ ਨਾਲ ਜੰਗ ਕੀਤਾ ਸੀ, ਓਸ ਜੰਗ ਵਿਚ ਰਾਏ ਜੋਧ ਨੇ ਬੜੇ ਹਥ ਦਿਖਾਏ ਸਨ, ਲਿਖਿਆ ਹੈ ਕਿ ਏਸਦੀ ਮਾਈ ਨੇ ਦਸਿਆ ਸੀ ਕਿ ਜਿਸ ਦਿਨ ਰਾਏ ਜੋਧ ਮੂਹ ਕੁਖੇ ਪਿਆ ਸੀ ਮੇਰੀ ਉਠਦੀ ਦੇ ਮੱਥੇ ਚਮਕਦਾ ਸੂਰਜ ਤੇ ਸ਼ੇਰ ਲਗੇ ਸਨ, ਏਸੇ ਵਾਸਤੇ ਜੋਧ ਬੜਾ ਬਲੀ ਤੇ ਹੌਸਲੇ ਵਾਲਾ ਸੀ।

ਜਦ ਆਸਰਾ ਸ਼ੇਰ ਦਾ ਅਸਾਂ ਲਿਆ, ਫੇਰ ਗਿੱਦੜਾਂ ਦਾ ਭੈ ਹਰਾਂਗੇ ਜੀ
ਦਾਦਾ ਆਪਣੇ ਦੀ ਤਰ੍ਹਾਂ ਜਿੰਨੀ ਪੁਜੇ ਸੇਵਾ ਕਰਾਂਗੇ ਖੌਫ ਨਾ ਧਰਾਂਗੇ ਜੀ
ਸਰਬੰਸ ਕੁਰਬਾਨ ਕਰਤਾਰ ਸਿੰਘਾ, ਕਰ ਸੂਰਮੇ ਹੋ ਕੇ ਮਰਾਂਗੇ ਜੀ

### ਸ੍ਰੀ ਦਸਮੇਸ਼ ਜੀ ਨੇ ਦੇਸੂ ਤਰਖਾਨ ਦੇ ਚੁਬਾਰੇ ਵਿਚ ਡੇਰਾ ਲਾਉਣਾ

ਹਏ ਹੌਸਲਾਂ ਜੱਟਾਂ ਦੇ ਵੇਖ ਕਰਕੇ, ਡੇਰਾ ਸਤਿਗੁਰਾਂ ਨੇ ਦੀਨੇ ਪਿੰਡ ਲਾਯਾ
ਕੱਚਾ ਦੇਸੂ ਦੇ ਕੋਠੇ ਚੁਬਾਰਾ ਹੈਸੀ, ਸਤਿਗੁਰਾਂ ਦੇ ਬੜਾ ਹੀ ਮਨ ਪਾਯਾ
ਦੀਨ ਦਿਆਲ ਓਦੇ ਵਿਚ ਪਏ ਉਤਰ, ਭਾਰ ਸੇਵਾ ਲਖਮੀਰ ਨੇ ਸਿਰ ਚਾਯਾ
ਹੋਲੀ ਹੋਲੀ ਪਿੰਡਾਂ ਵਿਚ ਖਬਰ ਹੋਈ, ਗੁਰੂ ਦਸਵਾਂ ਹੈ ਦੀਨੇ ਪਿੰਡ ਆਯਾ
ਲੋਕ ਨਜ਼ਰ ਭੇਟਾ ਲੈਕੇ ਆਉਨ ਲਗੇ, ਸੁਣ ਸੁਣ ਬਾਹਰਾ ਰੌਂਚ ਆਵੇ ਧਾਯਾ
ਰੌਣਕ ਵਧਨ ਲੱਗੀ ਕਰਤਾਰ ਸਿੰਘਾ, ਚੜ੍ਹਨ ਲਗ ਪਈ ਬੇਅੰਤ ਮਾਯਾ

### ਮਾਲਵੇ ਦੀ ਸੰਗਤ ਨੇ ਆਉਣਾ ਤੇ ਭਾਈ ਪਰਮ ਸਿੰਘ ਧਰਮ ਸਿੰਘ ਦਾ ਮੇਲ

ਦੀਨੇਪਿੰਡ ਸਤਿਗੁਰਾਂ ਦਾ ਠਹਿਰਨਾਸੁਣ, ਸਿੱਖ ਰੌਂਚ ਕੱਠੇ ਹੋਹੋ ਆਉਨ ਲਗੇ
ਘਿਓ ਦੁਧਮਿੱਠਾ ਰਸਮ ਆਦਿ ਚੀਜ਼ਾਂ, ਚੀਜ਼ਾਂਗੁਰਾਂ ਦੀਰੋਜ ਲਿਆਉਨ ਲਗੇ
ਰੂਪ ਚੰਦ ਦੇ ਬੇਟੇ ਭੀ ਆਏ ਸੁਣਕੇ, ਓਹ ਬੜਾ ਪਰੇਮ ਜਤਾਉਨ ਲਗੇ
ਧੱਕੇ ਹਾਕਮਾਂ ਦੇ ਹਾਲ ਜੰਗ ਸੁਣਕੇ, ਰੋਇ ਰੋਇ ਕੇ ਸਭ ਪਛਤਾਉਨ ਲਗੇ
ਸਾਹਿਬਜ਼ਾਦਿਆਂ ਦਾ ਭੀ ਸ਼ਹੀਦ ਹੋਣਾ, ਯਾਦ ਕਰ ਕ੍ਰੋਧ ਉਪਜਾਉਨ ਲਗੇ
ਸਭ ਮਾਈ ਭਾਈ ਰੋ ਰੋ ਕਰਨ ਗਲਾਂ, ਸਤਿਗੁਰੂ ਜੀ ਧੀਰ ਧਰਾਉਨ ਲਗੇ
ਚਿੰਤਾ ਕਰੋ ਨ ਸੁਪਨ ਪਦਾਰਥਾਂ ਦੀ;ਦੇ ਅਨੇਕ ਦ੍ਰਿਸ਼ਟਾਂਤ ਸਮਝਾਉਨ ਲਗੇ
ਮਾਯਾ ਘੋੜੇ ਹਥਯਾਰ ਚੜ੍ਹਾਏ ਸਿਖਾਂ;ਓਸੇ ਤਰ੍ਹਾਂ ਪਰਵਾਹ ਚਲਾਉਨ ਲਗੇ
ਸਤਿਗੁਰਾਂ ਨੇ ਲੰਗਰ ਲਵਾ ਦਿਤੇ, ਆ ਗਰੀਬ ਗੁਰਬੇ ਰੱਫੇਲਾ ਉਨ ਲਗੇ
ਸੂਰਬੀਰਾਂ ਬਹਾਦਰਾਂ ਯੋਧਿਆਂ ਦੇ, ਨਿਤਾ ਪ੍ਰਤਿ ਪ੍ਰਸੰਗ ਸੁਨਾਉਨ ਲਗੇ
ਓਸੇ ਤਰ੍ਹਾਂ ਪ੍ਰਵਾਹ ਆ ਚਲ ਪਿਆ, ਸਿਖ ਜਥੇ ਜੀ ਸ਼ਕਲ ਬਨਾਉਨ ਲਗੇ
ਜੋ ਸੂਰਮਾ ਆਵੇ ਕਰਤਾਰ ਸਿੰਘਾ, ਦੇ ਆਦਰ ਪਾਸ ਰਖਾਉਨ ਲਗੇ

ਜੋ ਸੂਰਮਾ ਆਵੇ ਕਰਤਾਰ ਸਿੰਘਾ, ਦੇ ਆਦਰ ਪਾਸ ਰਖਾਂਉਨ ਲਗੇ

ਚੌਧਰੀ ਲਖਵੀਰ ਤੇ ਸ਼ਮੀਰ ਨੂੰ ਬਖਸ਼ਿਸ਼

ਰੂਪ ਚੰਦ ਦਾ ਪੋਤਰਾ ਦਿਆਲ ਆਯਾ,*ਗੁਦੜ ਬੇਟੇ ਨੂੰ ਨਾਲ ਲਿਆਯਾ ਜੀ
ਨਾਲ ਓਹਨਾਂ ਦੇ ਇਕ ਤਰਖਾਨ ਆਯਾ, ਨਜ਼ਰਾਨਾ ਪੁਸ਼ਾਕ ਰਖਾਯਾ ਜੀ
ਨੀਲੀ ਗੁਰਾਂ ਦੀ ਪੁਸ਼ਾਕ ਤਾਂਈਂ, ਹਥ ਜੋੜਕੇ ਸਿਖਾਂ ਸੁਨਾਯਾ ਜੀ
ਸਤਿਗੁਰੂ ਜੀ ਚਿਟੀ ਪੁਸ਼ਾਕ ਪਹਿਨੋ, ਅਗੋਂ ਗੁਰਾਂ ਨੇ ਇਉਂ ਜਤਲਾਯਾ ਜੀ
ਨੀਲੀ ਲਾਹੁਨ ਦਾ ਸਮਾਂ ਭੀ ਆ ਜਾਏਗਾ, ਏਹ ਆਖ ਸ਼ਮੀਰ ਬੁਲਾਯਾ ਜੀ
ਤੂੰ ਚੌਧਰੀ ਏਹ ਪੁਸ਼ਾਕ ਪਾ ਲੈ, ਖੁਸ਼ ਹੋ ਕੇ ਗੁਰਾਂ ਅਲਾਯਾ ਜੀ
ਘੋੜੇ ਚੜ ਜਿਥੋਂ ਤੋੜੀ ਫੇਰ ਲਵੇਂ, ਤੁਹਾਡਾ ਰਹੇਗਾ ਰਾਜ ਫਰਮਾਯਾ ਜੀ
ਏਹ ਲੈ ਕੇ ਵਰ ਕਰਤਾਰ ਸਿੰਘਾ, ਖੁਸ਼ੀ ਭਰਿਆ ਘਰ ਨੂੰ ਆਯਾ ਜੀ

ਕੁਸੰਗਤਾ ਦਾ ਫਲ ਤੇ ਭਾਗਾਂ ਦੀ ਮਾਰ

ਘਰ ਜਾਂ ਸ਼ਮੀਰ ਗਲ ਕੀਤੀ, ਲਖੂ ਬਾਜੀ ਤਾਈਂ ਉਲਟਾ ਦੇਵੇ
ਜੈਤੋ ਪਿੰਡ ਥੋਂ ਮਾਮਾ ਸ਼ਮੀਰ ਦਾ ਸੀ, ਨਿਤ ਰੋਟ ਸੁਲਤਾਨ ਪਕਾ ਦੇਵੇ
ਹਥਾਂ ਮਾਰੀ ਸ਼ਮੀਰ ਦੀ ਮਤ ਭਾਈ, ਨਿਹਚਾ ਗੁਰੂ ਤੇ ਕਿਨਾ ਵਧਾ ਦੇਵੇ
ਜਿਹੜਾ ਆਪਣਾ ਘਰ ਉਜਾੜ ਆਯਾ, ਰਾਜ ਕਿਥੋਂ ਤੁਹਾਨੂੰ ਦਿਵਾ ਦੇਵੇ
ਦੇਸ ਛਡਕੇ ਡਰਦਾ ਨਸ ਆਯਾ, ਉਜੜ ਆਪ ਤੁਹਾਨੂੰ ਉਜਾੜ ਦੇਵੇ
ਏਹੋ ਜਹੀਆਂ ਗਲਾਂ ਕਰ ਸਕਿਆਂ ਦਾ, ਪਾਪੀ ਲਖੂ ਇਉਂ ਹੌਸਲਾ ਢਾ ਦੇਵੇ
ਸ਼ਮੀਰ, ਪਿੰਡ ਦਵਾਲੇ ਘੋੜਾ ਫੇਰ ਆਯਾ, ਮਤਾਂ ਗੁਰੂ ਨ ਬਦ ਦੁਆ ਦੇਵੇ
ਏਹ ਕੁਸੰਗ ਦਾ ਰੰਗ ਕਰਤਾਰ ਸਿੰਘ, ਮੁਫਤ ਮਿਲਦਾ ਰਾਜ ਗਵਾ ਦੇਵੇ

ਦੂਸਰੇ ਦਿਨ ਸਤਿਗੁਰਾਂ ਨੇ ਸ਼ਮੀਰ ਨੂੰ ਪਛਨਾ

ਦੂਜੇ ਦਿਨ ਜਾਂ ਫੇਰ ਸ਼ਮੀਰ ਆਯਾ, ਸਤਿਗੁਰਾਂ ਨੇ ਆਖਯਾ ਵਾਹ ਭਾਈ
ਤੈਨੂੰ ਲਗੇ ਸਾਂ ਰਾਜ ਭੁਗਤਾਨ ਅਸੀਂ, ਸਚੇ ਵਾਹਿਗੁਰੂ ਪਾਸੋਂ ਦਵਾ ਭਾਈ
ਸਾਡੇ ਕਹੇ ਤੇ ਨ ਇਤਵਾਰ ਕੀਤੋ, ਭੈੜੇ ਲਖੂ ਦੀ ਮਨ ਸਲਾਹ ਭਾਈ

---

*ਏਹ ਭਾਈ ਗੁਦੜ ਬੜੀ ਕਰਾਮਾਤ ਵਾਲਾ ਪੂਰਨ ਸੰਤ ਹੋਯਾ

ਰਹਿ ਗਈ ਸਰਦਾਰੀ ਕਰਤਾਰ ਸਿੰਘਾ, ਦਿਤਾ ਆਉਂਦਾ ਰਾਜ ਧਕਾ ਭਾਈ

ਸਮੀਰ ਨੇ ਸਤਿ ਪ੍ਰਸਾਦ ਲੈਣਾ

ਇਕ ਦਿਨ ਪ੍ਰਸਾਦਿ ਸਤਿਗੁਰੂ ਜੀ ਤੋਂ, ਲੈ ਲਿਆ ਸਮੀਰ ਨੇ ਮੰਗ ਕਰਕੇ
ਸਾਰੇ ਘਰਦਿਆਂ ਤਈਂ ਖੁਲਾਵਾਂਗਾ ਮੈਂ, ਲੈ ਲਿਆ ਪ੍ਰੇਮ ਦਾ ਰੰਗ ਕਰਕੇ
ਓਹਦੀ ਰੰਨ ਤੇ ਮਾਨੇ ਨ ਖਾਣ ਦਿਤਾ, ਘਰ ਵਿਚ ਕੁਪਤ ਕੁਢੰਗ ਕਰਕੇ
ਲਖੂ ਆਖਯਾ ‡ਝਟਕਾ ਖਾਉਗੇ ਗੇ, ਮਾਰੂ ਪੀਰ ਸੁਲਤਾਨ ਤੋਂ ਸੰਗ ਕਰਕੇ
ਸਾਰਾ ਵਿਚ ਜ਼ਮੀਨ ਦੇ ਰਬ ਦਿਤਾ, ਓਹਨਾਂ ਪੀਰ ਸੁਲਤਾਨ ਤੋਂ ਸੰਗ ਕਰਕੇ
ਖਾਦਾ ਕੁੜੀਆਂ ਚੋਰੀ ਕਰਤਾਰ ਸਿੰਘਾ, ਭਾਗ ਹੀਨ ਰਹਿ ਗਏ ਕੁਸੰਗ ਕਰਕੇ

ਦਿਨੇ ਫੇਰ ਸ਼ਮੀਰ ਤੋਂ ਪੁਛ ਕਰਕੇ ਵਰ ਸਰਾਪ ਦੇਣਾ

ਦਿਨ ਆਏ ਸ਼ਮੀਰ ਤੋਂ ਪੁਛਿਆ ਜਾਂ, ਅਖਾਂਓਹ ਦੀਆਂ ਦੋਵੇਂ ਸ਼ਰਮਾ ਗਈਆਂ
ਖਾਧਾ ਆਸਾਂ ਨ ਗੁਰੂ ਜੀ ਦਬ ਦਿਤਾ, ਚੋਰੀ ਕੁੜੀਆਂ ਸਾਦੀਆ ਖਾ ਗਈਆਂ
ਗੁਰਾਂ ਆਖਯਾ ਚੌਧਰੀ ਭਾਗ ਤੁਹਾਡੇ, ਮਤਾਂ ਪਠੀਆਂ ਤੁਸਾਂ ਨੂੰ ਆ ਗਈਆਂ
ਤੁਹਾਡੀ ਜ਼ਿਮੀਂ ਤੇ ਕੁੜੀਆਂ ਗੁਰੂ ਘਰੋਂ, ਚੰਗੇ ਭਾਗ ਹੈਸਨ ਵਰੋਸਾ ਗਈਆਂ
ਜ਼ਿਮੀਂ ਫਲੌਂ ਤੇ ਬੇਟੀ ਔਲਾਦ ਬਿਨਾਂ, ਖਾਲੀ ਰਹਿਨ ਨ ਵਰ ਏਹ ਗਈਆਂ
ਹੁਣ ਤੇਰੀ ਪ੍ਰਤਖ ਕਰਤਾਰ ਸਿੰਘਾ, ਭਾਵੇਂ ਸਦੀਆਂ ਹੈਨ ਵਿਹਾ ਗਈਆਂ

ਸਮੀਰ ਨੇ ਬੇਨਤੀ ਕਰਨੀ ਕਿ ਮੇਰੀ ਚੁਰਾਸੀ ਕਟੀ ਜਾਵੇ

ਬਹੁਤ ਦਿਨ ਗੁਜਰੇ ਸੇਵਾ ਕਰਦਿਆਂ ਨੂੰ, ਵਿਚ ਚਿਤ ਦੇ ਧਰਕਭਾਓ ਗੁਰ ਜੀ
ਇਕ ਦਿਨ ਇਉਂ ਬੇਨਤੀ ਕੂਰਲਗਾ, ਹੋਏ ਦਯਾਲ ਜਾਂਸਹਿਜਸੁਭਾਓ ਗੁਰ ਜੀ
ਜੇ ਬਖਸ਼ਦੇ ਹੋ ਬਖਸ਼ੋ ਏਹ ਮੈਨੂੰ, ਜਨਮ ਮਰਨ ਦੇ ਫੰਧ ਕਟਾਓ ਗੁਰ ਜੀ
ਗੁਰਾਂ ਆਖਯਾ ਹੋਰ ਕੁਝ ਮੰਗ ਲੈ ਤੂੰ, ਓਹ ਬੋਲਿਆ ਏਹੋ ਦਵਾਓ ਗੁਰ ਜੀ
ਗਲਾਂ ਕਰਦਿਆਂ ਹੀ ਰਾਤ ਪੈ ਗਈ, ਫੇਰ ਦਸਿਆ ਏਹ ਪ੍ਰਭਾਓ ਗੁਰ ਜੀ
ਸੁਤਾ ਰਾਤ ਸ਼ਮੀਰ ਕਰਤਾਰ ਸਿੰਘਾ, ਮਯਾਦਾ ਦਾ ਇਉਂ ਫੈਲਾਓ ਗੁਰ ਜੀ

‡ਜੋ ਲੋਕ ਪੁਛਦੇ ਹਨ ਕਿ ਝਟਕੇ ਦਾ ਮਾਸ ਖਾਣਾ ਕਿਥੇ ਲਿਖਿਆ ਹੈ ਓਹ ਸੂਰਜ ਪ੍ਰਕਾਸ਼ ਦੇ ਦੂਸਰੇ ਆਇਨ ਵਿਚ ਪ੍ਰਸੰਗ ਪੜ੍ਹ ਕੇ ਦੇਖ ਲੈਣਾ।

ਸ਼ਮੀਰ ਨੇ ਸੁਪਨੇ ਵਿਚ ਕਈ ਜੂਨਾਂ ਭੋਗਣੀਆਂ

ਸੁਤਾ ਰਾਤ ਸ਼ਮੀਰ ਜਾਂ ਘਰ ਜਾਕੇ, ਵਿਚ ਸੁਪਨੇ ਇਉਂ ਧਿਆਨ ਹੋਯਾ
ਕਈ ਸੈਂਕੜੇ ਜੂਨਾਂ ਦੇ ਵਿਚ ਭਵਿਆਂ, ਕਦੇ ਹਿੰਦੂ ਕਦੇ ਮੁਸਲਮਾਨ ਹੋਯਾ
ਗਧੇ, ਕੁਤੇ ਤੇ ਸੂਰ ਦੀ ਜੂਨ ਪਾਕੇ, ਫੇਰ ਖਾ ਚਕਰ ਇਨਸਾਨ ਹੋਯਾ
ਪਰ ਜੰਮਿਆਂ ਘਰ ਚੰਡਾਲ ਦੇ ਜੀ, ਵਡੇ ਹੋਏ ਦਾ ਵਿਆਹ ਭੀ ਆਨ ਹੋਯਾ
ਧੀਆਂ ਪੁਤ ਜੰਮੇਂ ਕਾਲ ਪੈ ਗਿਆ, ਔਖਾ ਜੀਆਂ ਦਾ ਲਾਂਘਾ ਲੰਘਾਨ ਹੋਯਾ
ਪੀਲੂੰ ਖਾਨ ਗਏ ਰੁਖੋਂ ਡਿਗ ਪਿਆ, ਲਗੀ ਸਟ ਔਖਾ ਡਾਢਾ ਜਾਨ ਹੋਯਾ
ਰੁਖੋਂ ਡਿਗਦੇ ਨੂੰ ਜਾਗ ਆ ਗਈ, ਇਹ ਵੇਖ ਸ਼ਮੀਰ ਹੈਰਾਨ ਹੋਯਾ
ਕਹਿੰਦਾ ਸੁਪਨਾ ਹੈ ਯਾਂ ਜਾਗਦਾ ਹਾਂ, ਯਾਦ ਗੁਜ਼ਰਿਆ ਸਾਰਾ ਬਿਆਨ ਹੋਯਾ
ਫੇਗ ਖੀਲੂੰਆਂ ਦੇ ਕਢੇ ਮੂੰਹੋਂ ਵਿਚੋਂ, ਜਿਵੇਂ ਹੁਣ ਖਾਧੇ ਪਰੇਸ਼ਾਨ ਹੋਯਾ
ਆਯਾ ਗੁਰਾਂ ਦੇ ਪਾਸ ਕ੍ਰਤਾਰ ਸਿੰਘਾ, ਗੁਰਾਂ ਪੁਛਿਆ ਕਿਉਂ ਨਿਮੂਝਾਨ ਹੋਯਾ

ਸ੍ਰੀ ਦਸਮੇਸ਼ ਜੀ

ਕਿਉਂ ਚੌਧਰੀ ਅਜ ਦਿਲਗੀਰ ਹੋਇਓਂ, ਓਸ ਸਾਰਾ ਹੀ ਹਾਲ ਸੁਨਾ ਦਿਤਾ
ਗੁਰਾਂ ਆਖਯਾ ਸੁਪਨੇ ਵਿਚ ਤੈਨੂੰ, ਜੂਨਾਂ ਸਾਰੀਆਂ ਵਿਚ ਫਿਰਾ ਦਿਤਾ
ਇਹਨਾਂ ਜੂਨਾਂ ਦੇ ਵਿਚ ਤੂੰ ਫਿਰਨਾ ਸੀ, ਅਸਾਂ ਸੁਪਨੇ ਵਿਚ ਭਵਾ ਦਿਤਾ
ਗੁਰ ਪੂਰੇ ਦਾ ਮੇਲ ਕਰਤਾਰ ਸਿੰਘਾ, ਜਨਮ ਮਰਨ ਦਾ ੦ਫੰਧ ਕਟਾ ਦਿਤਾ

ਦਿਆਲ ਪੁਰੀ ਸਰ੍ਹੰਦ ਵਾਲੇ ਦੀ ਬੇਨਤੀ

ਸੀਤਲਪੁਰੀ ਦਾ ਚੇਲਾ ਦਿਆਲਪੁਰੀ ਕਰਦਾ ਬੈਠਕੇ ਪਾਸ ਅਰਦਾਸ ਗੁਰਜੀ
ਦਿਤਾ ਤੁਸਾਂ ਸਰਾਪ ਸਰ੍ਹੰਦ ਤਾਈਂ, ਹੋ ਜਾਇਗਾ ਓਸਦਾ ਨਾਸ ਗੁਰਜੀ
ਮੇਰੇ ਵਾਸਤੇ ਹੁਕਮ ਹਜ਼ੂਰ ਦਾ ਕਹਿ, ਓਸੇ ਸ਼ਹਿਰ ਹੈ ਮੇਰਾ ਭੀ ਵਾਸ ਗੁਰਜੀ
ਮੈਨੂੰ ਬਖਸ਼ ਲੈਣਾ ਕਰਤਾਰ ਸਿੰਘਾ, ਮੈਂ ਗਰੀਬ ਹਾਂ ਆਪਦਾ ਦਾਸ ਗੁਰਜੀ

ਸ੍ਰੀ ਦਸਮੇਸ਼ ਜੀ

ਬੇਸ਼ਕ ਸਰਹੰਦ ਦਾ ਨਾਸ ਹੋਵੇ, ਜਿਥੇ ਹਾਕਮ ਬੇ ਨਿਆਈ ਸਾਧਾ

---

੦ਜਦੋਂ ਸ਼ਮੀਰ ਨੇ ਬੇਨਤੀ ਕੀਤੀ ਸੀ ਤਾਂ ਇਕ ਤਰਖਾਣ ਦਿਆਲਪੁਰ ਦੇ ਨੇ ਭੀ ਓਸੇ ਤਰ੍ਹਾਂ ਅਰਜ਼ ਕੀਤੀ ਸਚੇ ਪਾਤਸ਼ਾਹ ਮੇਰੀ ਭੀ ਚੌਰਾਸੀ ਕਟੀ ਜਾਵੇ, ਤਾਂ ਹੁਕਮ ਹੋਯਾ ਕਿ ਜਦ ਸ਼ਮੀਰ ਦੇ ਨਾਲ ਹੀ ਤੇਰਾ ਭੀ ਅੰਤ ਸਮਾਂ ਆਵੇਗਾ ਤਾਂ ਸਮਝ ਲਈ ਕਿ ਚੁਰਾਸੀ ਕਟੀ ਗਈ।

ਜਿਦੇ ਵਿਚ ਏਡਾ ਭਾਰਾ ਕਹਿਰ ਹੋਯਾ, ਓਹ ਰਹੇਗਾ ਵਸਦਾ ਨਾਹੀਂ ਸਾਧਾ
ਮੇਰੇ ਸਿੰਘ ਉਜਾੜ ਬ੍ਰਬਾਦ ਕਰਸਨ, ਪੁਟ ਪੁਟ ਏਹਨੂੰ ਜੜ੍ਹਾਂ ਤਾਈਂ ਸਾਧਾ
ਹਲ ਵਾਹ ਕੇ ਮਿਟੀ ਖਵਾਰ ਕਰਕੇ,ਦਮ ਲੈਣਗੇ, ਤਾਂ ਦਿਲ ਲਾਈਂ ਸਾਧਾ
ਜੋ ਲੋੜ ਤੈਨੂੰ ਓਥੇ ਵਸਨੇ ਦੀ, ਕੋਠੇ ਚੜ੍ਹਕੇ ਸੰਖ ਵਜਾਈ ਸਾਧਾ
ਜਿਥੇ ਪਹੁੰਚੇਆਵਾਜ਼ ਕਰਤਾਰ ਸਿੰਘਾ,ਸੋ ਵਸਦੀਆਂ ਰਹਿਨ ਓਹ ਜਾਈ ਸਾਧਾ

ਸੂਬੇ ਸਰਹਦ ਦਾ ਹੁਕਮ ਲਖਵੀਰ ਸ਼ਮੀਰ ਹੋਰਾਂ ਵਲ ਆਉਣਾ

ਦੀਨੇ ਵਿਚ ਆ ਰੌਣਕਾਂ ਵਧ ਗਈਆਂ ਗੁਰੂ ਲਾਉਂਦੇ ਨਿਤ ਦੀਵਾਨ ਭਾਈ
ਦੂਰੋਂ ਨੇੜਿਓਂ ਸੰਗਤਾਂ ਆਉਣ ਸਦਾ,ਸ਼ਸਤ੍ਰ ਬਸਤ੍ਰ ਤੇ ਮਾਯਾ ਚੜ੍ਹਾਨ ਭਾਈ
ਡੇਰੇ ਵਿਚ ਹੋਈ ਭੀੜ ਭਾੜ ਬਹੁਤੀ, ਲੰਗਰ ਚਲਦੇ ਤੇ ਲੋਕੀ ਖਾਨ ਭਾਈ
ਘੋੜੇ ਊਠ ਭੇਂਸਾਂਗਊਆਂ ਬਹੁਤੀਆਂ, ਲਗੇ ਵਧਨਆ ਬਹੁਤ ਸਾਮਾਨ ਭਾਈ
ਸ਼ਰਧਾਵਾਨ ਤੇ ਨੌਕਰੀ ਲੈਨ ਵਾਲੇ, ਰਹਿਣ ਲਗ ਪਏ ਕਈ ਜਵਾਨ ਭਾਈ
ਓਧਰ ਵਿਚ ਸਰੰਦ ਦੇ ਜਾ ਕਰਕੇ, ਚੁਗਲੀ ਪਾਸ ਸੂਬੇ ਚੁਗਲ ਖਾਨ ਭਾਈ
ਗੁਰੂ ਵਿਚ ਦੀਨ ਓਠ ਕਰ ਰਿਹਾ, ਭਾਰਾ ਕਰੇਗਾ ਫੇਰ ਘਮਸਾਨ ਭਾਈ
ਏਹ ਸੁਣਕੇ ਸੂਬੇ ਵਜੀਰ ਖਾਂ ਨੂੰ, ਲਗੇ ਕਾਲਜੇ ਦੇ ਵਿਚ ਬਾਨ ਭਾਈ
ਓਸ ਵਕਤ ਹੋ ਗੁਸੇ ਕਰਤਾਰ ਸਿੰਘਾ, ਸੂਬੇ ਲਿਖਿਆ ਇਉਂ ਫਰਮਾਨ ਭਾਈ

ਚਿਠੀ ਦਾ ਮਜ਼ਮੂਨ

ਤਖਤ ਮਲ ਲਖਵੀਰ ਸ਼ਮੀਰ ਵਲੇ, ਸੂਬੇ ਲਿਖਯਾ ਕਰੋ ਵਿਚਾਰ ਜਟੋ
ਤੁਸਾਂ ਗੁਰੂ ਨੂੰ ਪਾਸ ਅਟਕਾਯਾ ਏ, ਜੋ ਪਕਾ ਵੈਰੀ ਸਰਕਾਰ ਜਟੋ
ਮੈਨੂੰ ਜਾਣਦੇ ਹੋ ਚੰਗੇ ਭਲੇ ਤੁਸੀਂ, ਸਮਝ ਅਜੇ ਭੀ ਕਰੋ ਗਵਾਰ ਜਟੋ
ਮੈਂ ਗੁਰੂ ਤੁਹਾਡਾ ਉਜਾੜ ਦਿਤਾ, ਪੁਤ੍ਰ ਏਸ ਦੇ ਚਾਰੇ ਹੀ ਮਾਰ ਜਟੋ
ਲੁਟ ਪੁਟ ਆਨੰਦਪੁਰ ਖਾਕ ਕੀਤਾ, ਧਕ ਕਢ ਦਿਤਾ ਗੁਰੂ ਬਾਹਰ ਜਟੋ
ਸਾਥੋਂ ਡਰਦਾ ਮਾਰਿਆ ਨਸ ਗਿਆ, ਖੇਰੂ ਖੇਰੂ ਹੋ ਗਿਆ ਪਰਵਾਰ ਜਟੋ
ਸੋ ਹੁਣ ਤੁਹਾਡੇ ਪਾਸ ਆ ਗਿਆ ਟਿਕਿਆ,ਤੁਸੀਂ ਸੁਣ ਲੋ ਹੋਸ਼ ਸੰਭਾਰ ਜਟੋ
ਕੀਹ ਤੁਸਾਂ ਭੀ ਗੁਰੂ ਦੇ ਜਿਹਾ ਬਣਨਾ, ਮੈਂ ਕਹਿ ਦਿਤਾ ਇਕ ਭਾਰ ਜਟੋ
ਅਜੇ ਕਢ ਦਿਹੋ ਯਾ ਤ ਫੜ ਕਰਕੇ, ਮੇਰੇ ਪਾਸ ਭੇਜੋ ਹੁਸ਼ਿਆਰ ਜਟੋ

ਨਹੀਂ ਤਾਂ ਫੌਜ ਚੜ੍ਹਾਵਾਂ ਕ੍ਰਤਾਰ ਸਿੰਘਾ, ਗੁਰੂ ਸਣੇ ਫੜਕੇ ਕਰਾਂ ਖਵਾਰ ਜਣੇ

ਲਖਮੀਰ ਹੋਰਾਂ ਨੇ ਸੂਬੇ ਸਰਹੰਦ ਵਲ ਜਵਾਬ ਲਿਖਨਾ

ਚਿਠੀ ਆਈ ਪੜ੍ਹੀ ਸੁਣੀ ਸਾਰਿਆਂ ਨੇ, ਡਾਢੀ ਲਿਖੀ ਸੀ ਭਰੇ ਗੁਮਾਨ ਸੂਬੇ
ਭਾਈਚਾਰੇ ਸਾਰੇ ਨੂੰ ਸੁਨਾ ਦਿਤੀ, ਏਹ ਲਿਖਿਆ ਜੋ ਫਰਮਾਨ ਸੂਬੇ
ਫੇਰ ਸਾਰਿਆਂ ਨਾਲ ਸਲਾਹ ਕਰਕੇ, ਝੱਟ ਲਿਖਦੇ ਧਰੀਂ ਧਿਆਨ ਸੂਬੇ
ਗੁਰੂ ਬਿਚਰਦੇ ਮਾਲਵੇ ਦੇਸ਼ ਅੰਦਰ, ਸਾਡੇ ਪਿੰਡ ਪਹੁੰਚੇ ਹੈਨ ਆਨ ਸੂਬੇ
ਅਸੀਂ ਆਪਣੇ ਗੁਰਾਂਦੀ ਸੇਵ ਕਰਦੇ, ਕਰਨ ਪੀਰਾਂਦੀ ਜਿਉਂ ਮੁਸਲਮਾਨ ਸੂਬੇ
ਘਰੇਂ ਆਇਆਂ ਨੂੰ ਕਢੀਏ ਬਾਹਰ ਕਿਵੇਂ, ਸਾਨੂੰ ਲਾਹਨਤਾਂ ਦੇ ਜਹਾਨ ਸੂਬੇ
ਦੂਜਾ ਭਾਗ ਸਾਡੇ ਏਡੇ ਕਿਥੋਂ ਹੋਏ, ਅਸੀਂ ਹੋਵੀਏ ਗੁਰੂ ਸਮਾਨ ਸੂਬੇ
ਗੁਰਾਂ ਜਹੇ ਤਾਂ ਆਪ ਹੀ ਗੁਰੂ ਹੈਂ ਜੀ, ਉਨ੍ਹਾਂ ਜਿਹਾ ਦੂਜਾ ਕੋਈ ਨ ਜਾਨ ਸੂਬੇ
ਤੀਜਾ ਡਰ ਪਾਯਾ ਜੋ ਤੂੰ ਅਸਾਂ ਤਾਈਂ, ਓਸ ਨ ਮੰਨਦੇ ਅਸੀਂ ਪਛਾਣ ਸੂਬੇ
ਗੁਰਾਂ ਬਦਲੇ ਸਮਝ ਕਰਤਾਰ ਸਿੰਘਾ, ਜਾਨ ਮਾਲ ਸਾਡਾ ਕੁਰਬਾਨ ਸੂਬੇ

ਸ਼ਮੀਰ ਹੋਰਾਂ ਨੇ ਆਪਣੇ ਆਦਮੀਆਂ ਹਥ ਚਿਠੀ ਦਾ ਜਵਾਬ ਸਰਹੰਦ ਭੇਜਨਾ

ਚਿਠੀ ਲਿਖੀ ਏਹ ਭੇਜ ਸ਼ਮੀਰ ਹੋਰਾਂ, ਇਕ ਆਦਮੀ ਨੂੰ ਕਹਿਆ ਲੈ ਜਾਵੀਂ
ਕੁਝ ਦਿਨ ਸਰਹੰਦ ਦੇ ਵਿਚ ਠਹਿਰੀਂ, ਨਾਲ ਅਕਲ ਦੇ ਸਾਰਾ ਹੀ ਭੇਦ ਪਾਵੀਂ
ਜੋ ਮਨਸ਼ਾ ਸੂਬੇ ਦੀ ਨਜ਼ਰ ਆਵੇ; ਪਤਾ ਅਸਲੀ ਲੈ ਕੇ ਝੱਟ ਆਵੀਂ
ਜੇ ਫੌਜ ਚੜ੍ਹਾਏ ਕਰਤਾਰ ਸਿੰਘਾ, ਆਵੀਂ ਝਟ ਨ ਰਾਹ ਵਿਚ ਦੇਰ ਲਾਵੀਂ

ਸ੍ਰੀ ਦਸਮੇਸ਼ ਜੀ ਦੀਆਂ ਤਯਾਰੀਆਂ

ਭਾਵੇਂ ਹੋ ਗਏ ਏਡੇ ਨੁਕਸਾਨ ਹੈਸਨ, ਗੁਰ ਹੌਸਲਾ ਕਦ ਸਨ ਢਾਉਨ ਲਗੇ
ਜਿਹੜੇ ਕੰਮ ਤਾਈਂ ਸ਼ੁਰੂ ਕੀਤਾ ਹੈਸੀ, ਕਦ ਓਸਨੂੰ ਦਿਲੋਂ ਭੁਲਾਉਨ ਲਗੇ
ਜਦ ਸੂਬੇ ਸਰੰਦ ਦੀ ਆਈ ਚਿਠੀ, ਜੋਸ਼ ਅਗਨੀ ਫੇਰ ਵਧਾਉਨ ਲਗੇ
ਇਕ ਚਾਕਰ ਸੌ ਗੁਰਾਂ ਪਾਸ ਹੋਯਾ, ਨੌਕਰ ਤਲਬ ਦੇ ਹੋਰ ਰਖਾਉਨ ਲਗੇ
ਬੀਰ ਰਸ ਤਾਈਂ ਪੈਦਾ ਕਰਨ ਲਈ, ਖੰਡੇ ਅੰਮ੍ਰਿਤ ਰੋਜ਼ ਛਕਾਉਨ ਲਗੇ
ਏਸ ਧਰਮ ਦੇ ਰਖਣੇ ਹਾਰ ਹਠੀ, ਸਿੰਘ ਸੂਰਮੇ ਨਿਤ ਸਜਾਉਨ ਲਗੇ
ਦੂਰ ਦੂਰ ਤੋਂ ਸੰਗਤਾਂ ਰੋਜ਼ ਆਵਨ, ਧਰਮ ਯੁਧ ਉਪਦੇਸ਼ ਸੁਨਾਉਨ ਲਗੇ

ਧਰਮਸਿੰਘ ਆਦਿਕ ਕਈਆਂ ਸੰਗਤਾਂ ਨੂੰ, ਧੱਕੇ ਹਾਕਮਾਂ ਦੇ ਜਤਲਾਉਣ ਲਗੇ
ਜਿਵੇਂ ਸਾਹਿਬਜ਼ਾਦੇ ਉਨ੍ਹਾਂ ਕਤਲ ਕੀਤੇ, ਜਬਰੀ ਜ਼ੁਲਮ ਨੂੰ ਵੈਲਫੂਲਾਉਣ ਲਗੇ
ਸੁਣ ਸੁਣਕੇ ਸਿਖਾਂ ਨੂੰ ਜੋਸ਼ ਚੜ੍ਹਦੇ, ਲੈਣਾ ਬਦਲਾ ਨਿਤ ਤਕਾਉਣ ਲਗੇ
ਸਤਿਗੁਰ ਲੜਾਈ ਦੇ ਢੰਗ ਚੰਗੇ, ਖੂਬ ਸਿੰਘਾਂ ਤਾਈਂ ਸਿਖਲਾਉਣ ਲਗੇ
ਨਿਤ ਜੰਗਲਾਂ ਵਿਚ ਸ਼ਕਾਰ ਖੇਡਨ, ਮੁਰਦੇ ਦਿਲਾਂ ਨੂੰ ਫੇਰ ਜਗਾਉਣ ਲਗੇ
ਏਸੇ ਤਰ੍ਹਾ ਦੀਨੇ ਵਿਚ ਕਾਰ ਕਰਕੇ, ਨਾਲ ਖੁਸ਼ੀ ਦੇ ਦਿਨ ਲੰਘਾਉਣ ਲਗੇ
ਦੇ ਧਰਮ ਉਪਦੇਸ਼ ਕਰਤਾਰ ਸਿੰਘਾ, ਗੁਰ ਕਾਂਵਾਂ ਤੋਂ ਹੰਸ ਬਨਾਉਣ ਲਗੇ

### ਚੋਜੀ ਸਤਿਗੁਰ ਦੀ ਲੀਲ੍ਹਾ

ਇਕ ਦਿਨ ਬੈਠੇ ਵਿਚ ਮੌਜ ਦੇ ਜੀ, ਕੁਝ ਹੌਲੀ ਜਹੀ ਮੁਖੋਂ ਸੁਨਾਂਦੇ ਪਏ
ਚਾਕੂ ਉਂਗਲਾਂ ਦੇ ਉਤੇ ਫੇਰ ਰਹੇ, ਕਟ ਕਟ ਕੇ ਖੂਨ ਵਗਾਂਦੇ ਪਏ
ਏਹ ਵੇਖ ਸ਼ਮੀਰ ਨੇ ਅਰਜ ਕੀਤੀ, ਏਹ ਗੁਰੂ ਜੀ ਕੀਹ ਬਨਾਂਦੇ ਪਏ
ਹੋਯਾ ਬਚਨ ਅਗੋਂ ਕਰਤਾਰ ਸਿੰਘਾ, ਜੜ੍ਹ ਜ਼ਾਲਮਾਂ ਦੀ ਹਾਂ ਕਟਾਂਦੇ ਪਏ

### ਭਾਈ ਮਾਨ ਸਿੰਘ ਦੀ ਬੇਨਤੀ

ਮਾਨ ਸਿੰਘ ਨੇ ਸੁਣਕੇ ਅਰਜ ਕੀਤੀ, ਛੇਤੀ ਫਸਤਾ ਏਹਨਾਂ ਦਾ ਚਾ ਵਢੋ
ਬਾਕੀ ਆਪੇ ਹੀ ਹੋ ਕਮਜ਼ੋਰ ਜਾਸਨ, ਪਹਿਲਾਂ ਚਾ ਔਰੰਗੇ ਦਾ ਫਾਹ ਵਢੋ
ਏਹਨਾਂ ਅੱਤ ਚੁਕੀ ਰਬ ਭੁਲ ਗਿਆ, ਜੜ੍ਹ ਏਹਨਾਂ ਦੀ ਝਬ ਹਲਾ ਵਢੋ
ਕੀਤੀ ਬਹੁਤੀ ਕਮਾਈ ਕਰਤਾਰ ਸਿੰਘਾ, ਬੂਟਾ ਜ਼ੁਲਮ ਦਾ ਜੜ੍ਹੋਂ ਪੁਟਾ ਛਡੋ

### ਸ੍ਰੀ ਦਸਮੇਸ਼ ਜੀ

ਅਸੀਂ ਚਾਂਹਦੇ ਸਾਂ ਵਿਚਮੈਦਾਨ ਆਉਂਦਾ, ਓਹਨੂੰ ਮਾਰਦੇ ਅਸੀਂ ਖਵਾਰ ਕਰਕੇ
ਪਰ ਓਹ ਪਾਪੀ ਦੂਰ ਜਾ ਰਿਹਾ, ਸਾਡੀ ਤਰਫ ਨ ਆਯਾ ਉਲਾਰ ਕਰਕੇ
ਨਾਲ ਬਚਨਦੇ ਓਸਨੂੰ ਮਾਰਦੇ ਹਾਂ, ਦੂਤ ਕਲਮ ਦਾ ਝੱਬ ਤਯਾਰ ਕਰਕੇ
ਤੇ ਵਜ਼ੀਦਜਿਹੇ ਮੂਜ਼ੀਆਂ ਪਾਜ਼ੀਆਂ ਨੂੰ, ਮਾਰੇ ਖਾਲਸਾ ਪਿਛੋਂ ਲਾਚਾਰ ਕਰਕੇ
ਭਾਈ ਜੜ੍ਹ ਤਾਂ ਏਨ੍ਹਾਂ ਦੀ ਪੁਟ ਦਿਤੀ, ਆਪ ਸਾਜ ਇਨਸਾਫ ਕਰਤਾਰ ਕਰਕੇ
ਕੀਤੇ ਜ਼ੁਲਮ ਬੇਹਦ ਕਰਤਾਰ ਸਿੰਘਾ, ਭੈੜੇ ਜ਼ਾਲਮਾਂ ਰਬ ਵਿਸਾਰ ਕਰਕੇ

### ਸ੍ਰੀ ਦਸਮੇਸ਼ ਜੀ ਨੇ *ਜ਼ਫਰਨਾਮਾ ਲਿਖਣਾ

ਇਕ ਦਿਨ ਚੁਬਾਰੇ ਦੇ ਵਿਚ ਬਹਿਕੇ, ਸਤਿਗੁਰਾਂ ਨੇ ਏਹ ਉਚਾਰਿਆ ਜੀ
ਬੋਲੀ ਫਾਰਸੀ ਏਸ ਦੀ ਠੀਕ ਰਖੀ, ਖਤ ਵਲ ਔਰੰਗੇ ਸਵਾਰਿਆ ਜੀ
ਵਿਚ ਫਾਰਸੀ ਫਤ੍ਹੇ ਨੂੰ ਜ਼ਫਰ ਕਹਿੰਦੇ, ਨਾਮ ਜ਼ਫਰਨਾਮਾ ਕਾ ਸੁਧਾਰਿਆ ਜੀ
ਚਿਠੀਫਤ੍ਹੇ ਦੀ ਏਸਦਾ ਨਾਮ ਅਸਲੀ, ਏਹਦੇ ਵਿਚ ਔਰੰਗੇ ਨੂੰ ਤਾੜਿਆ ਜੀ
ਜਿਵੇਂ ਕੀਤੀ ਪਹਾੜੀਆਂ ਬੇਈਮਾਨੀ, ਸੁਖਨ ਸੂਬਿਆਂ ਕਰਕੇ ਹਾਰਿਆ ਜੀ
ਬਾਦਸ਼ਾਹ ਨੇ ਸੁਲ੍ਹਾ ਦੀ ਲਿਖੀ ਚਿਠੀ, ਓਸ ਸੁਖਨ ਨੂੰ ਮੂਲ ਨਪਾਰਿਆ ਜੀ
ਜੰਗ ਹਾਕਮਾਂ ਆਨ ਨਾ ਹੱਕ ਕੀਤੇ, ਗੁਰਾਂ ਬੜਾ ਨੁਕਸਾਨ ਸਹਾਰਿਆ ਜੀ
ਥੋੜ੍ਹਾ ਥੋੜ੍ਹਾ ਏਹ ਲਿਖਯਾ ਹਾਲ ਸਾਰਾ, ਚਮਕੌਰ ਦਾ ਫੋਟੋ ਉਤਾਰਿਆ ਜੀ
ਕੀਤਾ ਜ਼ੁਲਮ ਵਜੀਦੇ ਨੇ ਬਹੁਤ ਭਾਰਾ, ਛੋਟੇ ਬਚਿਆਂ ਨੂੰ ਜਿਵੇਂ ਮਾਰਿਆ ਜੀ
ਲਾਯਾ ਸ਼ਾਹ ਨੇ ਮਥੇ ਕਰਤਾਰ ਸਿੰਘਾ, ਝੂਠਾ ਕਰ ਔਰੰਗਾ ਖਲ੍ਹਾਰਿਆ ਜੀ

### ਜ਼ਫਰਨਾਮੇ ਵਿਚ ਔਰੰਗੇ ਨੂੰ ਤਾੜਨਾ

ਪਹਿਲੇ ਲਿਖੀ ਅਕਾਲ ਦੀ ਸਿਫਤ ਉਚੀ, ਫੇਰ ਲਿਖਯਾ ਸੁਣ ਮਗਰੂਰ ਸ਼ਾਹਾ
ਤੇਰੇ ਰਾਜ ਦੇ ਵਿਚ ਏਹ ਜ਼ੁਲਮ ਹੋਏ, ਜੋ ਹੈਨ ਇਨਸਾਫ ਤੋਂ ਦੂਰ ਸ਼ਾਹਾ
ਕੀਤੇ ਸੁਖਨ ਇਕਰਾਰ ਨ ਤੁਸਾਂ ਪਾਲੇ, ਕੀਤਾ ਲਿਖਯਾ ਅਸਾਂ ਮਨਜ਼ੂਰ ਸ਼ਾਹਾ
ਕਰ ਬੇਈਮਾਨੀ ਸਾਨੂੰ ਦੁਖ ਦਿਤਾ, ਕਰ ਨੀਤ ਤੇ ਧਰਮ ਨੂੰ ਦੂਰ ਸ਼ਾਹਾ
ਤੈਥੋਂ ਬਦਲਾ ਵਿਚ ਦਰਗਾਹ ਲੈਣਾ, ਏਹ ਸਾਰਾ ਹੈ ਤੇਰਾ ਕਸੂਰ ਸ਼ਾਹਾ

---

()ਕਈ ਮੂਰਖ ਏਸ ਜ਼ਫਰਨਾਮੇ ਨੂੰ ਗੁਰਾਂ ਵਲੋਂ ਬਾਦਸ਼ਾਹ ਪਾਸੋਂ ਮੁਆਫੀ ਮੰਗਨ ਦੀ ਅਰਜ਼ੀ ਦਸਦੇ ਹਨ, ਓਹਨਾਂ ਅਕਲ ਦੇ ਅੰਨ੍ਹਿਆਂ ਨੂੰ ਇਨਾ ਭੀ ਨਹੀਂ ਸੁੱਝਦਾ ਕਿ ਮੁਆਫੀ ਨਾਮ ਕਦੋਂ ਜ਼ਫਰਨਾਮਾ ਭੀ ਹੋਯਾ ਹੈ? ਏਹਦਾ ਸਾਫ ਫਤ੍ਹੇ ਦੀ ਚਿੱਠੀ ਅਰਥ ਹੈ ਤੇ ਨਾਲ ਜਿਸ ਪਾਸੋਂ ਮੁਆਫੀ ਮੰਗੀ ਦੀ ਹੈ, ਉਸਨੂੰ ਏਸ ਤਰ੍ਹਾਂ ਬਚਨ ਲਿਖ ਸਕੀਦੇ ਹਨ। ਯਥਾ:–
ਤੇਰਾ ਸ਼ੀ ਅਸਮਾਨੀ ਤਲਵਾਰ ਦੇ ਨਾਲ ਖੂਨ ਹੋਵੇਗਾ ਮੈਂ ਤੈਨੂੰ ਈਸ਼੍ਵਰ ਦੇ ਪਛਾਨਣੇ ਵਾਲਾ ਨਹੀਂ ਸਮਝਦਾ, ਤੂੰ ਦੀਨ ਤੋਂ ਦੂਰ ਹੈਂ ਤੇਰੀ ਨਿਗ੍ਹਾ ਫੌਜਾਂ ਤੇ ਦੋਲਤ ਪਰ ਹੈ ਤੇ ਮੇਰਾ ਭਰੋਸਾ ਅਕਾਲ ਪੁਰਖ ਤੇ ਹੈ, ਤੈਥੋਂ ਦਰਗਾਹ ਵਿਚ ਬਦਲਾ ਲਵਾਂਗਾ, ਤੂੰ ਦੋਜਖਾਂ ਵਿਚ ਪਵੇਂਗਾ ਆਦਿ ॥

ਤੇਰੇ ਵਾਸਤੇ ਦੋਜ਼ਖ਼ ਤਯਾਰ ਅਗੇ, ਕਰ ਛਡਿਆ ਹੈ ਗਫੂਰ ਸ਼ਾਹਾ
ਮੈਂ ਵੇਖਾਂਗਾ ਕੀਹ ਜਵਾਬ ਦੇਵੇਂ, ਸਚੇ ਸ਼ਾਹ ਦੇ ਚਲ ਹਜ਼ੂਰ ਸ਼ਾਹਾ
ਬੰਨ੍ਹ ਬਿਸਤਰੇ ਹੋ ਤਯਾਰ ਜਲਦੀ, ਤਯਾਰ ਝੁਬਨੇ ਨੂੰ ਤੇਰਾ ਪੂਰ ਸ਼ਾਹਾ
ਲੋਕ ਬੇ ਗੁਨਾਹ ਸਤਾਏ ਜਿੰਨੇ, ਲੇਖਾ ਦੇਵਨਾ ਪਏ ਜ਼ਰੂਰ ਸ਼ਾਹਾ
ਤੇਰੇ ਪੈਣ ਦੇ ਲਈ ਕਰਤਾਰ ਸਿੰਘਾ, ਅਗੇ ਤਪਦਾ ਪਿਆ ਤੰਦੂਰ ਸ਼ਾਹਾ

ਭਾਈ ਦੇਯਾ ਸਿੰਘ ਜੀ ਨੂੰ ਬਾਦਸ਼ਾਹ ਵਲ ਜ਼ਫ਼ਰਨਾਮਾ ਦੇ ਕੇ ਟੋਰਨਾ

ਹੋਈ ਅਗਯਾ ਦੇਯਾਸਿੰਘ ਪਯਾਰੇ ਤਾਈਂ, ਸਾਡਾ ਹੁਕਮਨਾਮਾ ਲੈਕੇਜਾਓ ਜਲਦੀ
ਜਿਸ ਜਗ੍ਹਾ ਔਰੰਗੇ ਦੀ ਦਸ ਪਏ, ਓਸੇ ਤਰਫ ਵਲੋਂ ਤੁਰਕ ਧਾਓ ਜਲਦੀ
ਖੌਫ ਰਤੀ ਜਿੰਨਾਂ ਮਨ ਧਾਰਨਾ ਨ, ਆਪ ਸ਼ਾਹ ਦੇ ਹਥ ਫੜਾਓ ਜਲਦੀ
ਏਹ ਮੌਤ ਸਨੇਹੁੜਾ ਬਾਦਸ਼ਾਹ ਦਾ, ਪਾਸ ਓਸਦੇ ਤੁਸੀਂ ਪੁਚਾਓ ਜਲਦੀ
ਚਾਰ ਸਿੰਘ ਸਾਥੀ ਨਾਲ ਹੋਰ ਕੀਤੇ, ਟੁਰੇ ਵਲ ਦਖਨ ਨਾਲ ਚਾਓ ਜਲਦੀ
ਸੁਣੋ ਹੋਰ ਪ੍ਰਸੰਗ ਕਰਤਾਰ ਸਿੰਘਾ, ਤੁਰਕੀ ਫੌਜ ਆਉਂਦੀ ਨਾਲ ਚਾਓ ਜਲਦੀ

ਸਮੀਰ ਦੇ ਆਦਮੀਆਂ ਨੇ ਸਰਹੰਦ ਤੋਂ ਆਕੇ ਖਬਰ ਦੱਸੀ

ਏਧਰ ਆਣ ਸਮੀਰ ਦੇ ਆਦਮੀ ਨੇ, ਇਉਂ ਕਥਾ ਸਰਹੰਦ ਸੁਣਾਈ ਹੈ ਜੀ
ਚਿਠੀ ਪੜ੍ਹਦਿਆਂ ਸੂਬੇਨੂੰ ਅਗਲਗੀ; ਓਸੇ ਵਕਤ ਮਥੇ ਤੀਊੜੀ ਪਾਈ ਹੈ ਜੀ
ਤਤੇ ਘਾ ਦਿਤਾ ਹੁਕਮ ਹਸਨ ਖਾਂ ਨੂੰ, ਫੌਜਾਂ ਵਿਚ ਤਯਾਈ ਵਜਾਈ ਹੈ ਜੀ
ਬਸ ਸਮਝ ਲੌ ਹੁਣ ਕਰਤਾਰ ਸਿੰਘਾ; ਫੌਜ ਵੈਰੀਆਂ ਆਈ ਕਿ ਆਈ ਹੈ ਜੀ

ਦੀਨੇ 'ਪਿੰਡ ਤੋਂ' ਸਤਿਗੁਰਾਂ ਨੇ ਕਮਰਕਸਾ ਕਰਨਾ

ਜਦੋਂ ਫੌਜ ਦੇ ਆਉਨ ਦੀ ਖਬਰ ਮਿਲੀ ਸਤਿਗੁਰੂ ਜੀ ਹੋਏ ਤਯਾਰ ਭਾਈ
ਕੋਈ ਕਿਲ੍ਹਾ ਯਾ ਜੰਗਦੀ ਠੌਰ ਕੋਈ; ਲਭਨ ਵਾਸਤੇ ਹੋਏ ਅਸਵਾਰ ਭਾਈ
ਉਠ ਦੀਨਓਂ ਗਏ ਜਾਂ ਰੁਖਾਂ ਵਾਲੇ, ਫਿਰ ਕਰਦੇ ਸੈਰ ਸ਼ਕਾਰ ਭਾਈ
ਓਥੇ ਆਨ ਜਲਾਲ ਕੇ ਪਿੰਡ ਵਾਲੇ, ਬਹੁਤ ਅਰਜ ਕਰਦੇ ਜ਼ਿਮੀਦਾਰ ਭਾਈ
ਇਕ ਪਿੰਡ ਦੇ ਨਾਲ ਹੈ ਵੈਰ ਸਾਡਾ, ਬਚਨ ਕਰੋ ਸਾਥੋਂ ਜਾਏ ਹਾਰ ਭਾਈ
ਗੁਰਾਂ ਖੁਸ਼ੀ ਹੋਕੇ ਇਹੋ ਵਰ ਦਿਤਾ; ਸਿਖ ਬਣੋ ਸਿਖੀ ਲਵੋ ਧਾਰ ਭਾਈ
ਰੁਖਾਂ ਵਾਲੇ ਦਾ ਨਾਮ ਧਰ ਰਖਵਾਲਾ, ਨੌਕਰ ਰਖ ਜਲਾਲ ਕੇ ਸਾਰ ਭਾਈ

ਓਥੋਂ ਸਤ ਕੋਹ ਜਾਂ ਡੋਡ ਗ੍ਰਾਮ ਬੈਠੇ, ਫਿਰ ਬਾਂਦਰ ਪਿੰਡ ਨੂੰ ਤਾਰ ਭਾਈ
ਫਿਰ ਜਾ ਬਲਗਾੜੀ ਨਿਵਾਸ ਕੀਤਾ, ਨੰਦੇ ਚੌਧਰੀ ਕਰ ਪਿਆਰ ਭਾਈ
ਚੰਗੀ ਸਤਿਗੁਰਾਂ ਦੀ ਸੇਵਾ ਟਹਿਲ ਕੀਤੀ, ਸਭ ਤਰ੍ਹਾਂ ਹੋਕੇ ਹੁਸ਼ਯਾਰ ਭਾਈ
ਇਹ ਸੀ ਭਰਾ ਕਪੂਰੇ ਦਾ ਜੀ, ਨੇਕਬਖਤ ਚੰਗਾ ਮਿਲਨ ਸਾਰ ਭਾਈ
ਸੈਨਾ ਸਣੇ ਸਤਿਗੁਰ ਠਹਿਰਾ ਲਏ, ਸਾਰੇ ਹੋਕੇ ਮਿਨਤਦਾਰ ਭਾਈ
ਸਿੰਘ ਅੰਮ੍ਰਿਤ ਛਕ ਪੰਜਾਹ ਸਜੇ ਸੂਰਬੀਰ ਪਹਿਨੇ ਹਥਯਾਰ ਭਾਈ
ਕਠੀ ਸੰਗਤ ਹੋਈ ਕਰਤਾਰ ਸਿੰਘਾ, ਅੰਨ ਧੰਨ ਦੇ ਲਗੇ ਅੰਬਾਰ ਭਾਈ

### ਬਿਹਬਲ ਪਿੰਡ ਦੀ ਕਥਾ

ਬਿਹਬਲ ਪਿੰਡ ਬਲਗਾੜੀਓਂ ਤਿੰਨ ਕੋਹ ਹੀ, ਓਥੇ ਆਏਸਿਖਾਂ ਅਟਕਾ ਲਏ
ਸਚਾ ਵੇਖ ਪ੍ਰੇਮ ਸਤਿਗੁਰੂ ਜੀ ਨੇ, ਡੇਰੇ ਬਾਹਰ ਹੀ ਪਿੰਡ ਤੋਂ ਲਾ ਲਏ
ਓਸ ਜਗ੍ਹਾ ਸੰਗਤ ਹੋਈ ਬਹੁਤ ਕਠੀ, ਪਿੰਡ ਵਾਲੇ ਮਹਾਰਾਜ ਬੁਲਾ ਲਏ
ਪੰਜਾਂ ਪੰਜਾਂ ਨੂੰ ਘਰੀਂ ਲੈ ਜਾ ਕਰਕੇ ਪ੍ਰਸਾਦਿ ਛਕਾਓ ਸਿਖਾ ਲਏ
ਕਠਾ ਕਿਸੇ ਦੇ ਸਿਰ ਨ ਭਾਰ ਪਵੇ, ਘਰਾਂ ਸਾਰਿਆਂ ਵੰਡ ਵੰਡਾ ਲਏ
ਚਹੁੰ ਸਿਖਾਂ ਨੇ ਵਿਚੋਂ ਕਰਤਾਰ ਸਿੰਘਾ, ਹਥ ਜੋੜ ਕੇ ਬਚਨ ਸੁਨਾਂ ਲਏ

### ਸਿਆਣੇ ਸਿਖ ਤੇ ਹੰਢੇ ਸਿਖ

ਚੰਗਾ ਆਖਕੇ ਸਾਰਿਆਂ ਮੰਨ ਲਿਆ, ਕਹਿੰਦੇ ਚਾਰ, ਘਰੋਂ ਪੁਛ ਆਵੀਏ ਜੀ
ਜੇ ਸਿਖਨੀਆਂ ਨੇ ਮਨਜ਼ੂਰ ਕੀਤਾ, ਫੇਰ ਆਣ ਕੇ ਅਸੀਂ ਲੈ ਜਾਵੀਏ ਜੀ
ਠਠਾ ਕਰਨ ਲਗੇ ਬਾਕੀ ਉਨ੍ਹਾਂ ਤਾਈਂ, ਹੁਣ ਰੰਨਾਂ ਨੂੰ ਪੁਛ ਧਾਵੀਏ ਜੀ
ਤੁਸਾਂ ਗੁਰਾਂ ਦੇ ਸਿਖ ਕਿ ਰੰਨਾਂ ਦੇ ਹੋ, ਇਹ ਤਾਂ ਆਖਦੇ ਗਲ ਲਜਾਵੀਏ ਜੀ
ਰੰਨਾਂ ਪੈਰ ਦੀ ਜੁਤੀ ਤਾਂ ਹੁੰਦੀਆਂ ਨੇ, ਕਿਉਂ ਉਹਨਾਂ ਨੂੰ ਸਿਰ ਚੜ੍ਹਾਈਏ ਜੀ
ਓਹਨਾਂ ਆਖਯਾ ਸਿਖ ਤਾਂ ਗੁਰਾਂ ਦੇ ਹਾਂ, ਤੇ ਵਿਹਾਰਦੀ ਗਲ ਸੁਣਾਈਏ ਜੀ
ਤੀਵੀਂ ਘਰ ਦੀ ਖਾਸ ਮੁਖਤਾਰ ਹੁੰਦੀ, ਓਹਦੇ ਨਾਲ ਸਲਾਹ ਪਕਾਵੀਏ ਜੀ
ਤਾਂ ਕਾਰ ਗ੍ਰਿਸਤ ਦੀ ਠੀਕ ਚਲੇ, ਦੁਖ ਰਤੀ ਜਿੰਨਾ ਨਹੀਂ ਪਾਵੀਏ ਜੀ
ਦੋਵੇਂ ਗਡੀਦੇਪਹੀਏ ਜੇ ਠੀਕ ਚਲਨ, ਗਡੀ ਚਲਦੀ ਨਹੀਂ ਅਟਕਾਵੀਏ ਜੀ
ਇਕ ਵਿਗੜ ਜਾਵੇ ਦੂਜਾ ਕੰਮ ਕਿਹੜੇ; ਇਸ ਵਾਸਤੇ ਪੁਛ ਪੁਛਾਵੀਏ ਜੀ

ਇਸੇ ਤਰ੍ਹਾਂ ਹੀ ਝਗੜਦੇ ਚਲੇ ਗਏ, ਅਸੀਂ ਹੁਣ ਪ੍ਰਸਾਦਿ ਛਕਾਵੀਏ ਜੀ
ਸਿਟਾ ਨਿਕਲਯਾ ਜੋ ਕਰਤਾਰ ਸਿੰਘਾ, ਓਹ ਸਜਨੋਂ ਖੋਲ੍ਹ ਸੁਨਾਈਏ ਜੀ

ਸਿਆਣੇ ਸਿਖ

ਜਾ ਘਰੀਂ ਸਿਆਣਿਆਂ ਗਲ ਕੀਤੀ, ਨਾਲ ਢਬ ਪ੍ਰਸੰਗ ਚਲਾਯਾ ਓਹਨਾਂ
ਸਿੰਘਾਂ ਤਈਂ ਪ੍ਰਸਾਦਿ ਛਕਾਈਏ ਅਸੀਂ, ਸਾਰਾ ਖੋਲ੍ਹਕੇ ਭੇਦ ਸੁਨਾਯਾ ਓਹਨਾਂ
ਸੁਨ ਘਰਦੀਆਂ ਬਹੁਤੀਆਂ ਖੁਸ਼ਹੋਈਆਂ, ਪੈਨ ਭਾਗਕੋਹ ਸ਼ੁਕ੍ਰ ਮਨਾਯਾ ਓਹਨਾਂ
ਝਟ ਪਟ ਜੋ ਸਰਦਾ ਬਣਦਾ ਸੀ, ਪ੍ਰਸਾਦਿ ਤਯਾਰ ਕਰਾਯਾ ਓਹਨਾਂ
ਫੇਰ ਚਹੁੰਆਂ ਨੇ ਪਹਿਲਾਂ ਹੀ ਸਭਨਾਲੋਂ, ਪੰਜਾਂ ਪੰਜਾਂ ਨੂੰ ਫੜ ਛਕਾਯਾ ਓਹਨਾਂ
ਸਗੋਂ ਬਹੁਤ ਪ੍ਰਸਾਦਿ ਕ੍ਰਤਾਰ ਸਿੰਘਾ, ਲਿਆ ਸੰਗਤ ਵਿਚ ਵਰਤਾਯਾ ਓਹਨਾਂ

ਹੱਠੇ ਸਿਖ

ਬਾਕੀ ਦੂਸਰੇ ਜੋ ਵਡਯਾਈ ਖੋਰੇ, ਵਧ ਵਧ ਗਲਾਂ ਜਿਨ੍ਹਾਂ ਕਹੀਆਂ ਅਗੋਂ
ਘਰੀਂ ਜਾ ਜਾਂ ਆਖਯਾ ਤੀਂਵੀਆਂ ਨੂੰ, ਸਤ ਲੈ ਪਥਰ ਓਹ ਪਈਆਂ ਅਗੋਂ
ਬਾਹਰ ਕਰ ਸ਼ੇਖੀ ਵਡਿਆਏ ਹੈਸਨ, ਗੁਸੇ ਵਿਚ ਉਨ੍ਹਾਂ ਨੇ ਸਹੀਆ ਅਗੋਂ
ਓਹ ਤਾਂ ਲੜਦੇ ਰਹੇ ਕ੍ਰਤਾਰ ਸਿੰਘਾ, ਬਾਹਰ ਸੰਗਤਾਂ ਭੁਖੀਆਂ ਭਹੀਆਂ ਅਗੋਂ

ਵਾਕ ਕਵੀ

ਬਹੁਤ ਥੋੜ੍ਹਿਆਂ ਦੀ ਘਰੀਂ ਮੰਨੀ ਗਈ, ਬਹੁਤੇ ਲੜ ਪਏ ਘਰੀਂ ਜਾ ਕਰਕੇ
ਪ੍ਰਸਾਦਿ ਤਾਂ ਓਹਨਾਂ ਪਕਾਨਾ ਕੀਹ ਸੀ, ਕਰਨ ਦਰਸ਼ਨੋਂ ਭੀ ਰਹਿ ਆ ਕਰਕੇ
ਇਸੇ ਲਈ ਦਾਨਾਵਾਂ ਨੇ ਆਖਯਾ ਏ, ਕਰੋ ਕੰਮ ਘਰ ਵਿਚ ਸਲਾਹ ਕਰਕੇ
ਤੀਵੀਂ ਠੀਕ ਵਜ਼ੀਰ ਕਰਤਾਰ ਸਿੰਘਾ, ਦੁਖ ਨਿਕਲੇ ਪਿਛਾਂ ਹਟਾ ਕਰਕੇ

ਸਿਉਰਾਮ ਪਿੰਡ ਦੀ ਕਥਾ ਤੇ ਸਿਦਕੀਆਂ ਦੀ ਪਰਖ

ਸਿਉਰਾਮ ਸੀ ਬਿਹਬਲੋਂ ਕੋਹ ਭਰ ਹੀ, ਡੇਰਾ ਸਤਿਗੁਰਾਂ ਦਾ ਉਥੇ ਆਯਾ ਜੀ
ਪੇਚਾਂ ਨਾਲ ਪ੍ਰੇਮ ਦੇ ਗੁਰੂ ਜੀ ਨੂੰ, ਸਾਰੇ ਸਾਥੀਆਂ ਸਣੇ ਅਟਕਾਯਾ ਜੀ
ਕਾਲ ਪੈ ਰਿਹਾ ਸੀ ਬਿਨਾਂ ਮੀਂਹ ਬਰਸੇ, ਭੁਖ ਲੋਕਾਂ ਦੇ ਤਈਂ ਦਬਾਯਾ ਜੀ
ਇਕ ਥਾਂ ਭੋਜਨ ਦੇਨਾ ਸਮਝ ਔਖਾ, ਸਾਰੇ ਪਿੰਡ ਦੇ ਤਈਂ ਵੰਡਾਯਾ ਜੀ
ਜਿੰਨੇ ਜਿੰਨੇ ਪੁਜਨ ਸਿਖ ਲੈ ਜਾਵੇ, ਘਰ ਪ੍ਰਤੀ ਇਹ ਆਖ ਸੁਨਾਯਾ ਜੀ

ਸਿਖ ਛਕ ਆਏ ਭੋਜਨ ਇਸੇ ਤਰ੍ਹਾਂ, ਮੁੜ ਗੁਰਾਂ ਨੇ ਪੁਛ ਪੁਛਾਯਾ ਜੀ
ਚੰਗਾਂ ਛਕ ਆਏ ਪ੍ਰਸ਼ਾਦਿ ਸਾਰੇ; ਲੋਚਾਂ ਅਛੀ ਤਰ੍ਹਾਂ ਹੈ ਛਕਾਯਾ ਜੀ
ਕਿਸੇ ਆਖਿਆ ਘਟਦੀਆਂ ਰੋਟੀਆਂ ਸਨ, ਕਿਸੇ ਬਾਜਰੀ ਰੁਖੀ ਬਤਾਯਾ ਜੀ
ਕਿਸੇ ਛੋਲਿਆਂ ਦੀ ਕਿਸੇ ਡੇਲਾ ਬਾਟਾ, ਦਸ ਦਸ ਕੇ ਨਕ ਚੜ੍ਹਾਯਾ ਜੀ
ਬੇ ਪਸੰਦੀ ਹੀ ਸਾਰਿਆਂ ਜ਼ਾਹਰ ਕੀਤੀ, ਕਿਸੇ ਨਹੀਂ ਪ੍ਰਸਾਦਿ ਸਲਾਹਯਾ ਜੀ
ਗਜਾ ਸਿੰਘ ਮੋਲਾਗਰ ਸਿੰਘ ਰਹਿ ਗਏ, ਗੁਰਾਂ ਉਨ੍ਹਾਂ ਨੂੰ ਪਾਸ ਬੁਲਾਯਾ ਜੀ
ਦਸੋ ਤੁਸੀਂ ਭੀ ਦੋਵੇਂ ਕਰਤਾਰ ਸਿੰਘ, ਤੁਹਾਨੂੰ ਕੀਹ ਕਿਸੇ ਨੇ ਛਕਾਯਾ ਜੀ

ਸਿਦਕੀ ਸਿਖ

ਹਥ ਜੋੜ ਕੇ ਦੋਹਾਂ ਨੇ ਅਰਜ ਕੀਤੀ; ਅਸਾਂ ਬੜੇ ਪਦਾਰਥ ਖਾਏ ਗੁਰ ਜੀ
ਇਹੋ ਜਹੇ ਅਸਾਂ ਕਦੇ ਖਾਦੇ ਨ ਸੀ; ਇਹਨਾਂ ਪ੍ਰੇਮੀਆਂ ਜਹੇ ਖਵਾਏ ਗੁਰ ਜੀ
ਇਹ ਸੁਣਕੇ ਪਿੰਡ ਦੇ ਲੋਕ ਹਸੇ, ਇਹਨਾਂ ਸਿੰਘਾਂ ਨੇ ਝੂਠ ਸੁਨਾਏ ਗੁਰ ਜੀ
ਜਿਨ੍ਹੀ ਘਰੀਂ ਦੋਵੇਂ ਇਹ ਗਏ ਹੈਸਨ, ਉਹ ਤਾਂ ਭੁਖ ਦੇਹੈਨ ਦਬਾਏ ਗੁਰ ਜੀ
ਉਹਨਾਂ ਕਿਥੋਂ ਪਦਾਰਥ ਲਿਆਵਨੇਸੀ, ਫਾਕੇ ਯਹੋਉਹ ਆਪਲੰਘਾਏ ਗੁਰਜੀ
ਇਹ ਸੁਣ ਕੇ ਤੁਰਤ ਕਰਤਾਰ ਸਿੰਘਾ, ਉਹ ਪਾਸ ਪ੍ਰੇਮੀ ਬੁਲਾਏ ਗੁਰ ਜੀ

ਸ੍ਰੀ ਦਸਮੇਸ਼ ਜੀ ਨੇ ਪੁਛਣਾ ਤੇ ਪਰੇਮੀਆਂ ਦੀ ਨਿੰਮ੍ਰਤਾ

ਸਦ ਘਰ ਵਾਲੇ ਗੁਰਾਂ ਪੁਛਿਆ ਜਾਂ, ਤੁਸਾਂ ਇਹਨਾਂ ਨੂੰ ਕੀਹ ਛਕਾਯਾ ਏ
ਉਹਨਾਂ ਪ੍ਰੇਮੀਆਂ ਅਥਰੂ ਭਰ ਅਖੀਂ, ਲਜਾਵਨਾ ਹੋ ਇਉਂ ਸੁਨਾਯਾ ਏ
ਘਟ ਘਟ ਦੀ ਜਾਨਣੇਹਾਰ ਤੁਸੀਂ ਸਾਥੋਂ ਪੁਛਨਾ ਕੀਹ ਗੁਰੋ ਚਾਹਯਾ ਏ
ਸਾਡੇ ਘਰ ਨ ਕੁਝ ਗਰੀਬ ਅਸੀਂ; ਸਾਥੋਂ ਕੁਝ ਨਹੀਂ ਬਣ ਆਯਾ ਏ
ਪੀਲੂੰ ਸੁਕੀਆਂ ਤੇ ਜੰਡ ਫਲੀ ਸੁਕੀ, ਇਹ ਭੋਜਨ ਅਸਾਂ ਖਵਾਯਾ ਏ
ਪਰ ਇਹਨਾਂ ਸੰਤੋਖੀਆਂ ਉਹ ਖਾ ਕੇ, ਸੀਸਾਂ ਦੇ ਕੇ ਭਲਾ ਮਨਾਯਾ ਏ
ਸਤਿਗੁਰ ਜੀ ਸੁਣ ਕੇ ਖੁਸ਼ੀ ਹੋਏ, ਧੰਨ ਸਿਖੀ ਤਿੰਨ ਵਾਰ ਅਲਾਯਾ ਏ
ਨੇਤਰ ਨਾਲ ਪ੍ਰੇਮ ਦੇ ਭਰ ਕਰ ਕੇ; ਦੋਹਾਂ ਸਿੰਘਾਂ ਤਈਂ ਗਲ ਲਾਯਾ ਏ
ਭਾਈ ਸਿਖੀ ਸੰਤੋਖ ਦਾ ਨਾਮ ਹੀ ਹੈ, ਭੇਦ ਸਿਖੀ ਦਾ ਇਹਨਾਂ ਨੇ ਪਾਯਾ ਏ

ਸਿਖੀ ਖੰਡਿਓਂ ਤਿਖੀ ਕਰਤਾਰ ਸਿੰਘਾ ਏਸੇ ਵਾਸਤੇ ਹੀ ਫਰਮਾਯਾ ਏ

### ਸ੍ਰੀ ਦਸਮੇਸ਼ ਜੀ ਨੇ ਸੰਗਤ ਨੂੰ ਸਿਦਕ ਦਾ ਉਪਦੇਸ਼ ਕਰਨਾ

ਸਿਖ ਸੋ ਸੰਤੋਖ ਦੇ ਵਿਚ ਵਰਤੇ, ਹੋ ਬੇ ਸਬਰਾ ਚਿਤ ਭਟਕਾਏ ਨਾਹੀਂ
ਮਿਸਾ ਰੁਖਾ ਭੀ ਖਾ ਕੇ ਸ਼ੁਕਰ ਕਰੇ, ਚੰਗੇ ਚੋਖੇ ਤੇ ਦਿਲ ਡੁਲਾਏ ਨਾਹੀਂ
ਨਾਮ ਓਸੇ ਦਾ ਅਭਯਾਗਤ ਠੀਕ ਹੈ ਜੀ,ਜੋ ਜੀਭ ਦਾ ਸਵਾਦ ਰਖਾਏ ਨਾਹੀਂ
ਖਾ ਪੀ ਕੇ ਅੰਨ ਨੂੰ ਨਾਂਹ ਨਿੰਦੇ, ਕਾਬੂ ਦਿਲ ਰਖੇ ਭਰਵਾਏ ਨਾਹੀਂ
ਮਿਸਾ ਰੁਖਾ ਭੀ ਖਾ ਕੇ ਸ਼ੁਕਰ ਕਰੇ, ਚੰਗੇ ਚੋਖੇ ਤੇ ਦਿਲ ਡੁਲਾਏ ਨਾਹੀਂ
ਨਾਮ ਓਸੇ ਦਾ ਅਭਯਾਗਤ ਠੀਕ ਹੈ ਜੀ,ਜੋ ਜੀਭ ਦਾ ਸਵਾਦ ਰਖਾਏ ਨਾਹੀਂ
ਖਾ ਪੀ ਕੇ ਅੰਨ ਨੂੰ ਨਾਂਹ ਨਿੰਦੇ, ਕਾਬੂ ਦਿਲ ਰਖੇ ਭਰਮਾਏ ਨਾਹੀਂ
ਪਰ ਓਸ ਤਾਈਂ ਭੀ ਹਜ਼ਾਰ ਲਾਹਨਤ, ਘਰ ਹੁੰਦਾ ਸਿਖਾਂ ਨੂੰ ਛਕਾਏ ਨਾਹੀਂ
ਓਹ ਚੰਦਰਾਂ ਸੂਮ ਕਰਤਾਰ ਸਿੰਘਾ, ਗਤੀ ਗੁਰਸਿਕਾਂ ਵਾਲੀ ਪਾਏ ਨਾਹੀਂ

### ਭਗਤੇ ਪਿੰਡ ਦੀ ਕਥਾ

ਇਸ ਪਿੰਡੋਂ ਭੀ ਰਖ ਜਵਾਨ ਨੌਕਰ, ਬੁਰਜ ਮਨਾਂ ਕੇ ਉਤਰੇ ਜਾ ਕਰਕੇ
ਓਥੋਂ ਚੜ੍ਹ ਭਦੌੜ ਜਾ ਲਾਯਾ ਡੇਰਾ, ਨ ਮਿਲੇ ਭਦੌੜੀਏ ਆ ਕਰਕੇ
ਸਿਖਾਂ ਬੁਰਾ ਮਨਾਯਾ ਚੜ੍ਹੇ ਗੁਸੇ, ਸਤਿਗੁਰਾਂ ਨੇ ਕਹਿਆ ਸੁਨਾ ਕਰਕੇ
ਇਹਨਾਂ ਥਾਵਾਂ ਦੇ ਹੋਵੋਗੇ ਤੁਸੀਂ ਰਾਜੇ, ਛਡੂ ਇਨ੍ਹਾਂ ਨੂੰ ਮੌਤ ਖਪਾ ਕਰਕੇ
ਓਥੋਂ ਚਲ ਅਗੇ ਭਗਤੇ ਪਿੰਡ ਪਹੁੰਚੇ, ਬਾਹਰ ਉਤਰੇ ਤੰਬੂ ਲਗਾ ਕਰਕੇ
ਖੂਹ ਵਗਦਾ ਸੀ ਪਿਆ ਬਾਹਰ ਪਿੰਡੋਂ, ਸਿਖਾਂ ਪੁਛਿਆ ਬਾਤ ਚਲਾ ਕਰਕੇ
ਲੋਕਾਂ ਦਸਿਆ ਖੂਹ ਇਹ ਭਗਤੇਦਾ ਜੀ, ਬੋਲੇ ਗੁਰੂ ਜੀ ਗਲ ਉਲਟਾ ਕਰਕੇ
'ਦਮ ਲਗਨ ਬਾਦਸਾਹਾਂਦੇਸਬੂਨਗੁਰਾਂ ਦਾ ਨਾਂ', ਇਹ ਦ੍ਰਿਸ਼ਟਾਂਤ ਜਤਾ ਕਰਕੇ
ਇਹ ਰੁਪਯਾਂ†ਸਤਿਗੁਰਾਂ ਦੇ ਨਾਂ ਦਾ ਸੀ, ਇਥੇ ਲਗਦਾ ਪਿਆ ਚੁਰਾ ਕਰਕੇ
ਚਰਨ ਭਗਤੇ ਦੇ ਪੁਤਰਾਂ ਆਨ ਫੜੇ, ਰਖ ਨਜ਼ਰ ਭੇਟਾ ਸਿਰ ਝੁਕਾ ਕਰਕੇ
ਮਹਾਰਾਜ ਸਭ ਕੁਛ ਹੀ ਆਪਦਾ ਹੈ, ਅਸੀਂ ਹੋਏ ਸਫਲੇ ਦਰਸ ਪਾ ਕਰਕੇ

---

†ਸਿਖਾਂ ਦੇ ਪੁਛਨ ਤੇ ਸਤਿਗੁਰਾਂ ਨੇ ਦਸਿਆ ਕਿ ਰਾਮੂ ਸੇਠ ਲਾਹੌਰ ਵਾਲੇ ਦੀ ਲੜਕੀ ਬੀਮਾਰ ਸੀ ਤੇ ਲੋਕ ਓਸ ਨੂੰ ਦੇਉਂਰੇ ਦਾ ਸਾਯਾ ਦਸਦੇ ਸਨ, ਓਹ ਰਾਜ਼ੀ ਨਹੀਂ ਹੁੰਦੀ ਸੀ, ਭਾਈ ਜਗਤੇ ਨੇ ਸਤਿਗੁਰਾਂ ਦੀ ਅਰਾਧਨਾ ਕਰਕੇ ਓਹਨੂੰ ਰਾਜ਼ੀ ਕੀਤਾ ਸੀ।

ਹੀ ਰਹੇ ਕਰਤਾਰ ਸਿੰਘਾ, ਕੀਤੀ ਸੇਵਾ ਓਹਨਾਂ ਮਨ ਲਾ ਕਰਕੇ

### ਇਕ ਤਿੱਤਰ ਦੀ ਸਾਖੀ

ਦੂਜੇ ਦਿਨ ਜਾ ਗੁਰੂ ਜੀ ਚੜ੍ਹੇ ਓਥੋਂ ਤਿੱਤਰ ਬੋਲਿਆ ਸਾਮ੍ਹਣੇ ਦਾ ਭਾਈ
ਬੋਲ ਸੁਣ ਕੇ ਗੁਰੂ ਜੀ ਹਸ ਪਏ, ਏਹ ਕਹਿਆ ਸਲੋਕ ਸੁਨਾ ਭਾਈ

ਯਥਾ— ਭੂਮੀਆਂ ਭੂਮਿ ਊਪਰ ਨਿਤ ਲੁਝੈ ॥
ਛੋਡ ਚਲੈ ਤ੍ਰਿਸ਼ਨਾ ਨਹੀ ਬੁਝੈ ॥

ਸਿਖਾਂ ਪੁਛਿਆ ਗੁਰਾਂ ਤੋਂ ਗਲ ਕੀਹ ਹੈ, ਦਸੀ ਸਾਖੀ ਪੁਰਾਨੀ ਖੁਲਾ ਭਾਈ
ਤਿਤਰ ਬੋਲਦਾ ਗੀਡ ਦੇ ਥੇਹ ਉਤੇ, ਏਹਦਾ ਹਾਲ ਸੁਣੋ ਦਿਲ ਲਾ ਭਾਈ
ਮਾਲਿਕ ਏਸ ਤਾਂ ਦਾ ਕਦੇ ਏਹੋ ਹੈ ਸੀ, ਅੰਤ ਮਾਰਿਆ ਮੌਤ ਨੇ ਆ ਭਾਈ
ਪਿੰਡ ਥੇਹ ਹੋ ਗਿਆ ਕਰਤਾਰ ਸਿੰਘਾ, ਕੁਝ ਥੋੜਾ ਹੀ ਸਮਾਂ ਲੰਘਾ ਭਾਈ

ਤਥਾ

ਮਰਦੇ ਹੋਏ ਦੀ ਵਾਸ਼ਨਾ ਬਨੀ ਰਹੀ, ਕਈ ਜਨਮ ਇਸਨੇ ਏਥੇ ਪਾਏ ਸਿਖੋ
ਏਹਨੂੰ ਵਾਸ਼ਨਾ ਮੁਕਤ ਨ ਹੋਣ ਦੇਂਦੀ, ਰਹੀ ਜੂਨਾਂ ਦੇ ਵਿਚ ਫਿਰਾਏ ਸਿਖੋ
ਖੱਬੀ ਅੱਖ ਤੋਂ ਨਾਲੇ ਇਹ ਹੈ ਕਾਣਾ, ਲੋ ਫੜ ਏਹਨੂੰ ਅਜ਼ਮਾਏ ਸਿਖੋ
ਭੈੜੀ ਵਾਸਨਾ ਬੁਰੀ ਕਰਤਾਰ ਸਿੰਘਾ, ਜਿਹੜੀ ਤਰਫ ਚਾਹੇ ਲੈ ਜਾਏ ਸਿਖੋ

### ਤਿੱਤਰ ਦੀ ਮੁਕਤੀ ਕਰਨੀ

ਓਸੇ ਵਕਤ ਸਿਖਾਂ ਘੇਰਾ ਤਾ ਫੜਿਆ, ਮੰਨੀ ਸਚ ਅੱਖੋਂ ਕਾਣਾਂ ਵੇਖ ਲਿਆ
ਪਰਸ ਗੁਰਾਂ ਦੇ ਹਥ ਪਵਿਤਰ ਹੋਯਾ, ਅਗੋਂ ਵਾਸਤੇ ਜੂਨਾਂ ਤੋਂ ਬਚ ਰਿਹਾ
ਹੋਯਾ ਨਦਰੀ ਨਦਰ ਨਿਹਾਲ ਸੀ ਓ, ਜਨਮ ਮਰਨ ਦੇ ਵਿਚ ਨ ਫੇਰ ਪਿਆ
ਦੇਹ ਛਡ ਕੇ ਓਹ ਕਰਤਾਰ ਸਿੰਘਾ, ਮੁਕਤ ਹੋ ਸਿਧਾ ਸਚਖੰਡ ਗਿਆ

### ਪਤੋ ਜੈਤੋ ਥੀਂ ਹੁੰਦੇ ਹਏ ਕੋਠੇ ਮਲੂਕੇ ਦੇ ਪਹੁੰਚਣਾ

ਪਤੋ ਪਹੁੰਚ ਗਏ ਸੈਰ ਸ਼ਕਾਰ ਕਰਦੇ, ਕੰਢੇ ਢਾਬ ਦੇ ਹੀ ਡੇਰਾ ਲਾਂਵਦੇ ਨੇ
ਜਿਸ ਢਾਬ ਤੇ ਗੁਰੂ ਜੀ ਉਤਰੇ ਸਨ, ਗੁਰੂ ਸਰ ਕਹਿ ਲੋਕ ਬੁਲਾਂਵਦੇ ਨੇ
ਓਥੋਂ ਚਲ ਅਗੇ ਜੈਤੋ ਪਿੰਡ ਪਹੁੰਚੇ, ਖਾਨਾ ਮਿਲਯਾ ਓਹਨੂੰ ਪੁਛਾਂਵਦੇ ਨੇ

ਏਹ ਪਿੰਡ ਕਿਦ੍ਹਾ ਏਹਦਾ ਨਾਮ ਕੀਹ ਹੈ, ਸਤਿਗੁਰੂ ਜੀ ਆਖ ਸੁਨਾਂਵਦੇ ਨੇ
ਏਹ ਤਾਂ ਜੈਤੋ ਦੀਆਂ ਚਾਰ ਝੁਗੀਆਂ ਨੇ, ਮਹਾਰਾਜ ਜੀ ਇਉਂ ਫਰਮਾਂਵਦੇ ਨੇ
ਏਹ ਪਿੰਡ ਵਡਾ ਮਸ਼ਹੂਰ ਹੋਸੀ, ਰਾਤ ਠਹਿਰ ਉਥੋਂ ਅਗੇ ਜਾਂਵਦੇ ਨੇ
ਓਸ ਢਾਬ ਦਾ ਨਾਮ ਭੀ ਗੁਰੂਸਰ ਹੈ; ਓਥੋਂ ਚਲ ਲੰਭਾਂ ਵਾਲੇ ਆਂਵਦੇ ਨੇ
ਲੰਮਾ ਪੰਧ ਕਰ ਏਹ ਕਰਤਾਰ ਸਿੰਘਾ, ਡੇਰੇ ਕੋਟ ਮਲੂਕੇ ਜਾ ਲਾਂਵਦੇ ਨੇ

ਮਲੂਕੇ ਦੀਵਾਨੇ ਦੀ ਕਥਾ

ਇਹ ਪਿੰਡ ਮਲੂਕੇ ਦੀਵਾਨੇ ਦਾ ਸੀ; ਜਿਸ ਮੋਹ ਸੰਸਾਰ ਦਾ ਚੁਕਿਆ ਜੀ
ਬੇਪਰਵਾਹ ਅਲਮਸਤ ਹਮੇਸ਼ ਰਹਿੰਦਾ, ਪਾਣੀਤ੍ਰਿਸ਼ਨਾ ਦਾਮੂਲੋਂ ਸੁਕਿਆ ਜੀ
ਉੱਠ ਬਹੁਤ ਤੜਕੇ ਆਯਾ ਦਸ਼ਨਾਂ ਨੂੰ, ਤੰਬੂ ਸਤਿਗੁਰਾਂ ਦੇ ਨੇੜੇ ਚੁਕਿਆ ਜੀ
ਪਹਿਰੇਦਾਰਾਂ ਨੇ ਰੋਕਿਆ ਬਹੁਤ ਵਾਰੀ; ਆਖੇ ਉਨ੍ਹਾਂ ਦੇ ਉਹ ਨ ਰੁਕਿਆ ਜੀ
ਬਦੋ ਬਦੀ ਅੰਦਰ ਜਾ ਵੜਨ ਲਗਾ ਭਾਗੂ ਸਿੰਘ ਨੇ ਤੇਗ ਲੈ ਡਕਿਆ ਜੀ
ਡਿਗਾ ਬੇਹੋਸ਼ ਕਰਤਾਰ ਸਿੰਘਾ; ਦਾਣਾ ਪਾਣੀ ਜਹਾਨ ਤੋਂ ਮੁਕਿਆ ਜੀ

ਤਥਾ

ਥੋੜਾ ਚਿਰ ਉਸੇ ਤਰ੍ਹਾਂ ਪਿਆ ਰਿਹਾ, ਆਈ ਹੋਸ਼ ਤੇ ਫੇਰ ਪੁਕਾਰਦਾ ਜੇ
ਮੇਰਾ ਅੰਤ ਵੇਲਾ ਨੇੜੇ ਆ ਢੁਕਾ, ਭੁਖਾ ਜਾ ਨ ਹੁਣ ਦੀਦਾਰ ਦਾ ਜੇ
ਸਤਿਗੁਰਾਂ ਦਾ ਦਰਸ ਕਰਾ ਦਿਹੋ, ਘੱਤਾ ਵਾਸਤਾ ਸਿਖੋ ਕਰਤਾਰ ਦਾ ਜੇ
ਏਹ ਆਵਾਜ਼ ਜਾਂ ਗੁਰਾਂ ਦੇ ਕੰਨ ਪਈ, ਲਹਿਰਾ ਆਯਾ ਸਚੇ ਪਿਆਰ ਦਾ ਜੇ
ਝਟ ਨਿਕਲ ਓਹਦੇ ਅਗੇ ਆਣ ਖਲੇ, ਮਥਾ ਟੇਕ ਓਹ ਜਨਮ ਸਵਾਰ ਦਾ ਜੇ
ਗੁਰਾਂ ਕਹਿਆ ਦੀਵਾਨਿਆਂ ਰਖ ਲਈਏ, ਹੈ ਵੇਖਣਾ ਕੁਝ ਸੰਸਾਰ ਦਾ ਜੇ
ਓਸ ਆਖਯਾ ਤੇਰਾ ਦੀਦਾਰ ਕਿਥੋਂ, ਲਖਾਂ ਪਾਪੀਆਂ ਪਾਪ ਉਤਾਰਦਾ ਜੇ
ਅੰਤ ਸਮੇਂ ਮੈਨੂੰ ਸਾਮਰਤਖ ਮਿਲਯਾ, ਮੈਂ ਬੜਾ ਹੀ ਸ਼ੁਕਰ ਗੁਜ਼ਾਰਦਾ ਜੇ
ਹੁਣ ਚਰਨਾਂ ਵਿਚ ਨਿਵਾਸ ਬਖਸ਼ੋ, ਰੂਪ ਹਿਰਦੇ ਵਿਚ ਧਾਰਦਾ ਜੇ
ਜਪ ਵਾਹਿਗੁਰੂ ਨਾਮ ਕਰਤਾਰ ਸਿੰਘਾ, ਸਚਖੰਡ ਦੇ ਵਲ ਸਿਧਾਰਦਾ ਜੇ

ਸ੍ਰੀ ਦਸਮੇਸ਼ ਜੀ ਨੇ ਕੋਟ ਕਪੂਰੇ ਪਹੁੰਚਣਾ ਤੇ ਚੌਧਰੀ ਕਪੂਰੇ ਦਾ ਮੇਲ

ਏਥੋਂ ਪੰਦਰਾਂ ਸੋਲਾਂ ਕੋਹ ਚਲ ਅਗੇ, ਪਹੁੰਚੇ ਕੋਟ ਕਪੂਰੇ ਦੇ ਜਾਂ ਸਵਾਮੀ

ਸਣੇ ਫੌਜ ਵਹੀਰ ਦੇ ਬਾਹਿਰ ਪਿੰਡੋਂ; ਸਾਹਿਬਾਨ ਤੰਬੂ ਲਗਵਾ ਸਵਾਮੀ
ਬੀਤੀ ਰਾਤ ਤੇ ਦਿਨੇ ਦੀਵਾਨ ਲਗਾ, ਵਿਚ ਬੈਠ ਗਏ ਸਜ ਸਜਾ ਸਵਾਮੀ
ਸੁਣ ਕਰ ਕਪੂਰਾ ਭੀ ਮਿਲਨ ਆਯਾ; ਖੁਸ਼ੀ ਬਹੁਤ ਹੋਯਾ ਦ੍ਰਸ ਪਾ ਸਵਾਮੀ
ਇਕ ਘੋੜਾ ਤੇ ਸੌ ਰੁਪਯਾ ਨਕਦੀ, ਮਥਾ ਟੇਕਿਆ ਅਗੇ ਰਖਾ ਸਵਾਮੀ
ਚਾਉ ਜ਼ਾਹਿਰ ਕੀਤਾ ਕ੍ਰਤਾਰ ਸਿੰਘਾ, ਮੈਨੂੰ ਤਾਰਿਆ ਆਖਦਾ ਆ ਸਵਾਮੀ

### ਕਪੂਰੇ ਦੇ ਨਾਲ ਗਲਾਂ ਬਾਤਾਂ

ਸੇਵਾ ਟਹਿਲ ਕੀਤੀ ਕਰਵਾਈ ਚੰਗੀ, ਫੇਰ ਗੁਰਾਂ ਦੀਵਾਨ ਚਾ ਲਾਯਾ ਏ
ਆਈਆਂ ਸੰਗਤਾਂ ਹੁਮ ਹੁਮਾ ਕਰਕੇ, ਗੁਰ ਕੋਟ ਕਪੂਰੇ ਦੇ ਆਯਾ ਏ
ਓਸ ਵਕਤ ਕਪੂਰਾ ਭੀ ਚਲ ਆਯਾ, ਜਾਮਾਂ ਬੜਾ ਲੰਮਾ ਚੌੜਾ ਪਾਯਾ ਏ
ਘੱਟਾ ਓਸ ਦੇ ਨਾਲ ਉਡਾਈ ਆਉਂਦਾ, ਮੈਲਾਗਰ ਸਿੰਘ ਨੇ ਸੁਨਾਯਾ ਏ
ਟੁਰ ਚੌਧਰੀ ਜ਼ਰਾ ਸੰਭਾਲ ਕਰਕੇ, ਵੇਖ ਕਿਨਾ ਤੂੰ ਘਟਾ ਉਡਾਯਾ ਏ
ਉਤੇ ਸ਼ਸਤ੍ਰਾਂ ਦੇ ਸਾਰਾ ਆਣ ਪਿਆ, ਸੁਣ ਰੰਜ ਕਪੂਰੇ ਮਨਾਯਾ ਏ
ਪਰ ਚੁਪ ਕੀਤਾ ਬੈਠ ਗਿਆ ਅਗੇ, ਫੇਰ ਗਲ ਨੂੰ ਇਉਂ ਹਿਲਾਯਾ ਏ
ਗੁਰੂ ਸਾਹਿਬ ਹਥਯਾਰਾਂ ਦਾ ਪੂਜਨਾ ਏਹ ਨਵਾਂ ਰਾਸਤਾ ਤੁਸਾਂ ਚਲਾਯਾ ਏ
ਨਵਾਂ ਨਹੀਂ ਏਹ ਰਾਹ ਪੁਰਾਨਾ ਹੀ ਹੈ, ਸਤਿਗੁਰਾਂ ਨੇ ਇਉਂ ਸਮਝਾਯਾ ਏ
ਸਰਗੁਣ ਬ੍ਰਹਮ ਦਾ ਰੂਪ ਸ਼ਸਤ੍ਰ, ਜਿਸ ਇਨ੍ਹਾਂ ਦਾ ਅਦਬ ਵਧਾਯਾ ਏ
ਬਰਕਤ ਇਨ੍ਹਾਂ ਦੀ ਰਾਮ ਕ੍ਰਿਸ਼ਨ ਜਿਹਾਂ; ਦੁਨੀਆਂ ਵਿਚ ਔਤਾਰ ਕਹਾਯਾ ਏ
ਭੀਮ ਕਰਨ ਅਰਜਨ ਜ਼ੋਰ ਸ਼ਸਤ੍ਰਾਂ ਦੇ; ਮਹਾਂ ਬਲੀ ਜੋਧੇ ਅਕਵਾਯਾ ਏ
ਫਤ੍ਹਾ ਪਾਈ ਦੀ ਵੈਰੀ ਇਨ੍ਹਾਂ ਤੇ ਕਰਕੇ, ਰਾਜ ਭਾਗ ਸਭ ਇਨ੍ਹਾਂ ਦੀਦਾਯਾ ਏ
ਪਥਰ ਮੂਰਤਾਂ ਤੋਂ ਪੂਜਨ ਸ਼ਸਤ੍ਰਾਂ ਦਾ, ਕਈ ਗੁਣੇ ਚੰਗਾ ਸਾਨੂੰ ਭਾਯਾ ਏ
ਹੋਰ ਬਹੁਤ ਦ੍ਰਿਸ਼ਟਾਂਤ ਪ੍ਰਮਾਣ ਦੇ ਕੇ, ਗੁਰਾਂ ਓਸ ਦਾ ਭਰਮ ਗਵਾਯਾ ਏ
ਵਿਚੋਂ ਸ਼ਰਨਾ ਹੀਨ ਕਰਤਾਰ ਸਿੰਘਾ, ਸੀ ਕਪੂਰੇ ਨੂੰ ਰਬ ਭੁਲਾਯਾ ਏ

ਪਹਿਲਾਦ ਭਗਤ :–ਰਾਮ ਨਾਮ ਦੇ ਪਿਆਰੇ ਭਗਤ ਪ੍ਰਹਿਲਾਦ ਦੀ ਜੀਵਨ ਕਥਾ ਅਤੀ ਸੁੰਦਰ ਤੇ ਰਸ ਭਰੀ ਕਵਿਤਾ ਵਿਚ ਮੰਗਵਾਕੇ ਪੜ੍ਹੋ ਮੌਕੇ ਸਮੇਂ ਦੀਆਂ ਰੰਗੀਨ ਤਸਵੀਰਾਂ ਭੀ ਨਾਲ ਹਨ।

ਸ੍ਰੀ ਦਸਮੇਸ਼ ਜੀ ਨੇ ਕਪੂਰੇ ਪਾਸੋਂ ਜੰਗ ਵਾਸਤੇ ਗੜ੍ਹੀ ਮੰਗਣੀ

ਧਰਮਸਿੰਘ ਨੇ ਗੁਰਾਂਦੀ ਆਗਯਾ ਪਾ;ਕੀਤਾਬਚਨ ਓਹਨੂੰਅਜ਼ਮਾਉਨ ਲਈ
ਮੰਗੀ ਗੜ੍ਹੀ ਦੇਹ ਗੁਰਾਂ ਨੂੰ ਚੌਧਰੀ ਤੂੰ, ਨਾਲ ਵੈਰੀਆਂ ਜੰਗ ਮਚਾਉਣ ਲਈ
ਧੂਮ ਯੁਧ ਕਰਨਾ ਗੁਰਾਂ ਨਾਲ ਤੁਰਕਾਂ, ਜ਼ੁਲਮ ਜਾਲਮਾ ਸਣੇ ਮਟਾਉਨ ਲਈ
ਆਏ ਚਲ ਕੇ ਆਪ ਕਰਤਾਰ ਸਿੰਘਾ, ਤੇਰੇ ਘਰ ਤੈਨੂੰ ਵਡਿਆਉਨ ਲਈ

ਚੌਧਰੀ ਕਪੂਰਾ

ਭੈੜਾ ਮੂੰਹ ਕਪੂਰੇ ਨੇ ਕਰ ਲਿਆ, ਕਹਿੰਦਾ ਚੰਗੀ ਏਹ ਗਲ ਸੁਨਾਂਵਦੇ ਓ
ਗੁਰ ਆਪਣਾ ਘਰ ਉਜਾੜ ਆਏ, ਹੁਣ ਮੈਨੂੰ ਉਜਾੜਨਾ ਚਾਂਹਵਦੇ ਓ
ਜਦ ਛਡ ਅਨੰਦਪੁਰ ਚਲੇ ਆਏ, ਏਦ ਗੜ੍ਹੀ ਨੂੰ ਕੀ ਤਕਾਂਵਦੇ ਓ
ਹਨ ਕਹਿਰ ਖੁਦਾ ਦਾ ਸ਼ਾਹੀ ਫੌਜਾਂ, ਕੁੱਲਾ ਉਨਾਂ ਤੋਂ ਮੇਰਾ ਰੁੜ੍ਹਾਂਵਦੇ ਓ
ਹਾਕਮ ਸੁਣ ਮੈਨੂੰ ਫੜ ਦੇਨ ਫਾਹੇ, ਚੰਗੇ ਰਾਹ ਮੇਰੇ ਤਾਈਂ ਲਾਂਵਦੇ ਓ
ਸਾਹੋ ਹਰ ਥਾਂ ਚਲੇ ਕਰਤਾਰ ਸਿੰਘਾ; ਐਵੇ ਕਾਸ ਨੂੰ ਮੈਨੂੰ ਮਰਵਾਂਵਦੇ ਓ

ਸ੍ਰੀ ਦਸਮੇਸ਼ ਜੀ ਨੇ ਕ੍ਰੋਧ ਕਰਕੇ ਕਪੂਰੇ ਨੂੰ ਜਵਾਬ ਦੇਣਾ

ਗੁਰਾਂ ਆਖਿਆ ਚੌਧਰੀ ਸੁਣ ਸਾਡੋਂ, ਪੂਰੀ ਹੋਵੇਗੀ ਏਹੋ †ਮੁਰਾਦ ਤੇਰੀ

---

†ਕਪੂਰੇ ਤੇ ਈਸੇ ਖਾਂ ਮੰਝ ਰਜਪੂਤ ਦਾ ਆਪੋ ਵਿਚ ਵੈਰ ਸੀ ਤੇ ਕਈ ਵਾਰੀ ਆਪੋ ਵਿਚ ਲੜੇ ਭੀ ਸਨ ਪਰ ਕਪੂਰੇ ਨੂੰ ਹਮੇਸ਼ਾਂ ਸ਼ਿਕਸਤ ਜਹਾਦੇ ਹੀ ਰਹੇ, ਓੜਕ ਈਸੇ ਖਾਂ ਨੇ ਕਪੂਰ ਨਾਲ ਮੇਲ ਕਰਕੇ ਓਹਦੇ ਮਾਰਨ ਦੀ ਸਲਾਹ ਪੱਕੀ ਕਰ ਲਈ ਤੇ ਆਪਣੇ ਘਰ ਇਕ ਸ਼ਾਦੀ ਦੇ ਮੌਕੇ ਤੇ ਕਪੂਰੇ ਨੂੰ ਬੁਲਾ ਭੇਜਿਆ ਅਤੇ ਦਗੇ ਨਾਲ ਅੰਦਰ ਕਾਬੂ ਕਰਕੇ ਜਦ ਉਸ ਨੂੰ ਫਾਹ ਦੇ ਕੇ ਮਾਰਨ ਲਗੇ ਤਾਂ ਕਪੂਰੇ ਨੇ ਆਖਿਆ ਕਿ ਹੁਣ ਤੁਸਾਂ ਮੈਨੂੰ ਮਾਰ ਤਾ ਦੇਣਾ ਹੀ ਹੈ ਪਰ ਮਰੇ ਮੂੰਹ ਖੋਹ ਦਾ ਤੌਬਰਾ ਭੀ ਚਾੜ੍ਹ ਲਵੋ ਕਿਉਂਕਿ ਏਹ ਮੇਰੇ ਗੁਰੂ ਦਾ ਸਰਾਪ ਹੈ। ਫਾਂਸੀ ਤਾਂ ਠੀਕ ਹੋਈ ਪਰ ਜੇ ਖੋਹ ਤਬਰਾ ਬਾਕੀ ਰਹਿ ਗਿਆ ਤਾਂ ਮੈਨੂੰ ਫੇਰ ਜਨਮ ਧਾਰਕੇ ਦੁਖ ਉਠਾਣਾ ਪਏਗਾ। ਸੋ ਮੇਰੇ ਗੁਰੂ ਦਾ ਬਚਨ ਪੂਰਾ ਹੋ ਜਾਵੇ ਸੋ ਓਹਨਾਂ ਏਸੇ ਤਰ੍ਹਾਂ ਕੀਤਾ, ੧੭੬੫ ਵਿਚ ਫਾਂਸੀ ਆ ਕੇ ਕਪੂਰਾ ਮਰ ਗਿਆ, ਸ੍ਰੀ ਗੁਰੂ ਜੀ ਦਾ ਬਚਨ ਪੂਰਾ ਹੋ ਗਿਆ, ਲਿਖਿਆ ਹੈ ਕਿ ਜਦ ਕਪੂਰਾ ਸਰਾਪ ਲੈ ਕੇ ਘਰ ਗਿਆ ਸੀ ਤਾਂ ਉਸ ਦੇ ਪੁਤਰ ਸੁਖੀਏ ਤੇ ਪੋਤਰੇ ਹਮੀਰੇ ਨੇ ਬਹੁਤ ਸਮਝਾਇਆ ਕਿ ਚਲ ਸਤਿਗੁਰਾਂ ਦੀ ਸਰਨੀ ਚਲ ਪਈਏ ਨਹੀਂ ਤਾ ਓਹਨਾਂ ਦਾ ਸਰਾਪ ਪੂਰਾ ਜ਼ਰੂਰ ਹੋਵੇਗਾ ਪਰ ਕਪੂਰੇ ਨ ਮੰਨੀ, ਸਤਿਗੁਰਾਂ ਨੇ ਜਿਸ ਦੀ ਜ਼ਬਾਨੀ ਏਹ ਗਲ ਸੁਣੀ ਤੇ ਹਮੀਰੇ ਦੇ ਸਿਦਕ ਖੁਸ਼ ਹੋ ਕੇ ਬਚਨ ਕੀਤਾ ਕਿ ਏਸ ਦੀ ਔਲਾਦ ਰਾਜ ਕਰੇਗੀ, ਸੋ ਫਰੀਦ ਕੋਟ ਵਾਲੇ ਹਮੀਰੇ ਦੀ ਔਲਾਦ ਰਾਜ ਕਰ ਰਹੀ ਹੈ, ਕਪੂਰੇ ਤੋਂ ਪੰਜਵੀਂ ਪੀਹੜੀ ਟੇਕ ਸਿੰਘ ਦੇ ਪੁਤਰ ਜਗਤ ਸਿੰਘ ਨੇ ਪਿਓ ਨਾਲ ਗੁਸੇ ਹੋਕੇ ਹਵੇਲੀ ਨੂੰ ਅੱਗ ਲਾ ਦਿਤੀ ਅੰਦਰ ਬਾਰੂਦ ਦੇ ਕੁਪੇ ਸਨ ਓਹ ਭੜਕ ਉਠੇ ਟੱਬਰ ਸਮੇਤ ਹਡੀ ਦੀਆਂ ਦਿੱਟਾ ਕਿਧਰੇ ਉੜ ਕੇ ਜਾ ਪਈਆਂ, ਸਤਿਗੁਰਾਂ ਦੇ ਸਾਰੇ ਬਚਨ ਸਚ ਹੋਏ।

ਤੂੰ ਚੜ੍ਹ ਕੇ ਫਾਂਸੀ ਹੀ ਮਰੇਂਗਾ ਜੀ, ਗੜ੍ਹੀ ਹੋਏ ਜ਼ਰੂਰ ਬਰਬਾਦ ਤੇਰੀ
ਗੁਰੂ ਆਪਣੇ ਭਲੋਂ ਬੇਮੁਖ ਹੋਇਓਂ, ਫਲੇ ਫੁਲੇ ਨ ਅਗੇ ਔਲਾਦ ਤੇਰੀ
ਲੰਘ ਜਾਇਗਾ ਝਟ ਕਰਤਾਰ ਸਿੰਘਾ, ਭੈੜੀ ਰਹੇਗੀ ਗਲ ਏਹ ਯਾਦ ਤੇਰੀ

ਸ੍ਰੀ ਦਸਮੇਸ਼ ਜੀ ਨੇ ਢਿਲਵਾਂ ਪਹੁੰਚਣਾ

ਗੁਰ ਕੋਟ ਕਪੂਰੇ ਤੋਂ ਕੂਚ ਕਰਕੇ, ਚਲ ਢਿਲਵਾਂ ਦੇ ਸਿਧੇ ਰਾਹ ਪਏ
ਪੁਤ੍ਰ ਪੋਤਰੇ ਲੈ ਕੇ †ਕੌਲ ਹੋਰੀ, ਸਤਿਗੁਰਾਂ ਦੀ ਸ਼ਰਨੀ ਆ ਪਏ
ਛੱਲੇ ਢੱਬ ਦੇ ਕੋਲ ਕੌਲ ਹੋਰੀ, ਸਤਿਗੁਰਾਂ ਦੇ ਨੇਤਰ ਜਾ ਪਏ
ਹੱਸ ਪੁਛਦੇ ਸਾਹਿਬ ਕਰਤਾਰ ਸਿੰਘਾ, ਤੁਹਾਡੀ ਉਂਗਲੀ ਏਹ ਕਹਿ ਫਾਹ ਪਏ

ਸੋਢੀ ਕੌਲ ਦੇ ਬਚਨ

ਸੀ ਸਰਾਧ ਕਰਾਉਂਦੇ ਵਡਿਆਂ ਦਾ, ਹੈਸਾਂ ਉਨ੍ਹਾਂ ਦੀ ਥਿੱਤ ਮਨਾ ਰਹੇ
ਸਾਨੂੰ ਖਬਰ ਹੋਈ ਆਪਦੇ ਆਵਨੇ ਦੀ, ਜਿਸ ਵਕਤ ਸਾਂ ਥਾਲੀ ਮਨਸਾ ਰਹੇ
ਮਤਾਂ ਚਿਰ ਲੱਗੇ ਏਸ ਕੰਮ ਅੰਦਰ, ਓਸੇ ਤਰ੍ਹਾਂ ਹੀ ਉੱਠ ਕੇ ਆ ਗਏ
ਚਲੀ ਰੀਤ ਆਈ ਕਰਤਾਰ ਸਿੰਘਾ, ਮੁਢੋਂ ਜੋ ਬਜ਼ੁਰਗ ਚਲਾ ਗਏ

ਸ੍ਰੀ ਦਸਮੇਸ਼ ਜੀ

ਭੈੜਾ ਚਾਲ ਕੀ ਤੁਸਾਂ ਹੈ ਫੜ ਰਖੀ, ਲਗੇ ਮੂਰਖਾਂ ਦੇ ਪਿਛੇ ਜਾਂਵਦੇ ਓ
ਸਾਡੇ ਵਡੇ ਸੱਭੇ ਸੱਚ ਖੰਡ ਗਏ, ਕਿਦ੍ਹੇ ਲਈ ਸ਼ਰਾਧ ਕਰਾਂਵਦੇ ਓ
ਭੁਖੇ ਕਿਥੇ ਉਡੀਕਦੇ ਰੋਟੀਆਂ ਨੂੰ, ਤੁਸੀਂ ਕਿਸ ਦੇ ਹਥ ਪੁਚਾਂਵਦੇ ਓ
ਵਡੇ ਗੁਰਾਂ ਦੇ ਉਲਟ ਕਰਤਾਰ ਸਿੰਘਾ, ਰੀਤਾਂ ਕਰਕੇ ਸ਼ਾਨ ਘਟਾਂਵਦੇ ਓ

ਕੌਲ ਜੀ

ਜਨਮ ਸਾਖੀਆਂ ਦੇ ਵਿਚ ਲਿਖਯਾ ਏ, ਗੁਰੂ ਨਾਨਕ ਸ਼ਰਾਧ ਕਰਾਯਾ ਜੀ
ਦੇਹ ਤਜਨ ਲਗੇ ਮੁੜ ਠਹਿਰ ਗਏ, ਬਾਬੇ ਕਾਲੂ ਦਾ ਦਿਨ ਮਨਾਯਾ ਜੀ
ਜੇ ਸ਼ਰਾਧ ਨ ਪਹੁੰਚਦਾ ਪਿਤਰਾਂ ਨੂੰ, ਓਹਨਾਂ ਕਿਉਂ ਨ ਆਖ ਹਟਾਯਾ ਜੀ
ਗੁਰੂ ਅੰਗਦਦੇਵ ਜੀ ਕਰਤਾਰ ਸਿੰਘਾ, ਜਨਮ ਸਾਖੀ ਦੇ ਵਿਚ ਲਿਖਵਾਯਾ ਜੀ

---

†ਕੌਲ ਜੀ ਪ੍ਰਿਥੀ ਚੰਦ ਦੀ ਔਲਾਦ ਵਿਚੋਂ ਸੀ। ਸਦਾਨੰਦ, ਹਰੀਚੰਦ, ਅਮਰੀਕ, ਧਨਵਾਲੀ ਏਹ ਚਾਰ ਪੁਤਰ ਤੇ ਅਭੈ ਚੰਦ ਪੋਤਰਾ ਸੀ।

ਸ੍ਰੀ ਦਸਮੇਸ਼ ਜੀ

ਗੁਰਾਂ ਤਈਂ ਸ਼ਰਾਧ ਦੀ ਲੋੜ ਨ ਸੀ, ਨ ਉਨ੍ਹਾਂ ਨੇ ਰਾਹ ਏਹ ਟੋਰਿਆ ਏ
ਸਾਖੀ ਵਿਚ ਲਿਖਵਾਯਾ ਨਹੀਂ ਗੁਰਾਂ, ਏਹ ਕਿਸੇ ਪਖੰਡੀ ਘਸੋੜਿਆ ਏ
ਸਤਿਗੁਰਾਂ ਨੇ ਰਚਕੇ ਉਚ ਬਾਣੀ, ਸਗੋਂ ਜਾਲ ਪਾਖੰਡਾਂ ਦਾ ਤੋੜਿਆ ਏ

ਯਥਾ—ਦੀਵਾ ਮੇਰਾ ਇਕ ਨਾਮ ਦੁਖ ਵਿਚ ਪਾਇਆ ਤੇਲ ॥
ਉਨ ਚਾਨਨ ਓਹੋ ਸੋਖਿਆ ਚੂਕਾ ਜਮ ਸਿਉ ਮੇਲ ॥
ਪਿੰਡ ਪਤਲ ਮੇਰੀ ਕੇਸੌ ਕਿਰਿਆ ਸਚ ਨਾਮ ਕਰਤਾਰ ॥
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਅਧਾਰ ॥

—o—

ਤਥਾ—ਜੀਵਤ ਪਿਤਰ ਨ ਮਾਨੈ ਕੋਊ ਸਿਰਾਧ ਕਰਾਹੀਂ ॥
ਪਿਤਰ ਭੀ ਬਪੁੜੇ ਕਹੁ ਕਿਉਂ ਪਾਵੈਂ ਕਊਏ ਕੂਕਰ ਖਾਹੀਂ॥

ਏਹ ਤਾਂ ਬਾਹਮਣਾਂ ਪੇਟ ਦੇ ਪਾਲਨੇ ਨੂੰ, ਬੇਸਮਝਾਂ ਗਲੀ ਚਮੋੜਿਆ ਏ
ਲੋੜਵੰਦਾਂ ਨੂੰ ਦੇਣਾ ਸਰਾਧ ਵਡਾ, ਕਰਨਾ ਗੁਰਸਿਖਾਂ ਏਹੋ ਲੋੜਿਆ ਏ
ਆਪੇ ਬੀਜ ਕੇ ਖਾਹੋ ਕਰਤਾਰ ਸਿੰਘਾ, ਗੁਰਾਂ ਕਰਨ ਪਾਖੰਡ ਤੋਂ ਮੋੜਿਆ ਏ

ਕੌਲ ਜੀ ਨੇ ਇਧਰ ਆਉਨ ਦਾ ਬਿਰਤਾਂਤ ਪੁਛਨਾ ਤੇ ਸਤਿਗੁਰਾਂ ਦਾ ਬਚਨ

ਬੜੀ ਦੂਰ ਤੇ ਇਹ ਨੀਲੇ ਭੇਸ ਅੰਦ੍ਰ, ਏਧਰ ਗ੍ਰਮੀਆਂ ਦੇ ਵਿਚ ਆਏ ਕਿਵੇਂ
ਗੁਰਾਂ ਮੁਢ ਤੋਂ ਲੈ ਬਿਰਤਾਂਤ ਸਾਰੇ, ਸੋਢੀ ਕੌਲ ਦੇ ਤਾਈਂ ਸੁਨਾਏ ਤਿਵੇਂ
ਫੇਰ ਦਸੀ ਕਪੂਰੇ ਦੀ ਜੜ੍ਹ ਮੁਢੋਂ; ਆਏ ਦੇ ਸਰਾਪ ਪੁਟਾਏ ਜਿਵੇਂ
ਕੌਲ ਸੁਣਦੇ ਸਾਰ ਕਰਤਾਰ ਸਿੰਘਾ, ਸਣੇ ਗੁਰਾਂ ਦੇ ਬਚਨ ਉਲਟਾਏ ਜਿਵੇਂ

ਕੌਲ ਜੀ

ਪਹਿਲਾਂ ਗੁਰਾਂ ਦੇ ਅਫਸੋਸ ਕਰਕੇ, ਫੇਰ ਆਖਦਾ ਜ਼ੋਰ ਦਖਾਓ ਕਿਵੇਂ
ਜੜ੍ਹਾਂ ਡੂੰਘੀਆਂ ਹੈਨ ਕਪੂਰੇ ਦੀਆਂ, ਤੁਸੀਂ ਉਨ੍ਹਾਂ ਦੇ ਤਈਂ ਪੁਟਾਓ ਕਿਵੇਂ
ਜੜ੍ਹਾਂ ਓਹਦੀਆਂ ਨੇ ਮੇਰੇ ਪੇਟ ਅੰਦਰ, ਏਹ ਪੂਰਾ ਸਰਾਪ ਕਰਾਓ ਕਿਵੇਂ
ਗੁਰ ਗੁਸੇ ਹੋ ਕਹਿਨ ਕਰਤਾਰ ਸਿੰਘਾ, ਅਸਾਂ ਪੁਟੀਆਂ ਤੁਸੀਂ ਰਖਾਓ ਕਿਵੇਂ

ਜਿਵੇਂ ਓਸਦੀ ਨੀਤ ਸੀ ਤਿਵੇਂ ਹੋਈ, ਕੀਤੇ ਬਚਨ ਨੂੰ ਤੋੜ ਹੁਣ ਚਾੜ੍ਹ ਲਾਂਗੇ
ਜੜ੍ਹਾਂ ਓਹਦੀਆਂ ਜੇ ਤੁਹਾਡੇ ਪੇਟ ਅੰਦ੍ਰ, ਪਹਿਲਾਂ ਪੇਟ ਤੁਹਾਡਾ ਹੀ ਪਾੜ ਲਾਂਗੇ
ਤੁਸੀਂ ਰਖ ਲਵੋ ਜਾਣ ਰਖੀਆਂ ਜੇ, ਹਿੰਮਤ ਹੋਈ ਤਾਂ ਅਸੀਂ ਉਖਾੜ ਲਾਂਗੇ
ਕਹਿੰਦਾ ਬਖਸ਼ ਲੌ ਮੈਨੂੰ ਕਰਤਾਰ ਸਿੰਘਾ, ਅਗੋਂ ਜੀਭ ਨੂੰ ਅੰਦਰਵਾੜ ਲਾਂਗੇ

ਨੀਲੀ ਪੁਸ਼ਾਕ ਉਤਾਰ ਕੇ ਚਿਟੀ ਪਹਿਨਣੀ

ਡੇਰਾ ਕਰਕੇ ਗੁਰੂ ਜੀ ਨ੍ਹਾਉਨ ਲਗੇ, ਨੀਲੀ ਲਾਹ ਪੁਸ਼ਾਕ ਰਖਾ ਲਈ
ਕੋਲ ਚਿਟੀ ਪੁਸ਼ਾਕ ਲਿਆ ਰਖੀ, ਨੀਲੀ ਆਖ ਕੇ ਏਹ ਉਠਾ ਲਈ
ਏਹ ਸਤਿਗੁਰੋ ਨੂੰ ਤੁਸਾਂ ਨੂੰ ਫਬਦੀ ਨਹੀਂ, ਚਿਟੀ ਪਹਿਰਲੋ ਅ੍ਰਜ਼ ਸੁਨਾ ਲਈ
ਓਹਦਾ ਵੇਖ ਪ੍ਰੇਮ ਕਰਤਾਰ ਸਿੰਘਾ' ਚੁਕ ਓਹ ਪੁਸ਼ਾਕ ਹੀ ਪਾ ਲਈ

ਸ੍ਰੀ ਦਸਮੇਸ਼ ਜੀ ਨੇ ਨੀਲੀ ਪੁਸ਼ਾਕ ਫੂਕਣੀ ਤੇ ਮਾਨ ਸਿੰਘ ਨੂੰ ਬਖਸ਼ਿਸ਼

ਕੇਸ ਹਰੇ ਕਰਦੇ ਚੋਜੀ ਸਤਿਗੁਰੂ ਜੀ, ਚਲ ਪਾਸ ਅੰਗੀਠੇ ਦੇ ਜਾਂਵਦੇ ਨੇ
ਲੀਰਾਂ ਕਰਕੇ ਨੀਲੀ ਪੁਸ਼ਾਕ ਦੀਆਂ, ਵਿਚ ਅਗ ਦੇ ਪਾ ਜਲਾਂਵਦੇ ਨੇ
ਨਾਲੇ ਫੂਕਦੇ ਜਾਂਦੇ ਪੂਸ਼ਾਕ ਤਾਈਂ, ਨਾਲੇ ਤੁਕ ਏਹ ਪੜ੍ਹ ਸੁਨਾਂਵਦੇ ਨੇ
ਯਥਾ—ਨੀਲ ਬਸਤਰ ਲੈ ਕਪੜੇ ਫਾੜੇ ਤੁਰਕ ਪਠਾਨੀ ਅਮਲ ਗਿਆ
ਸੁਣ ਕੋਲ ਜੀ ਨੇ ਪਾਸੋਂ ਟੋਕ ਕੀਤੀ, ਸ਼ਬਦ ਉਲਟਨੇ ਕਿਸ ਤਰ੍ਹਾਂ ਭਾਂਵਦੇ ਨੇ
ਰਾਮ ਰਾਏ ਨੇ ਤੁਕ ਉਲਟਾਈ ਹੈਸੀ, ਗੁਰ ਉਸ ਨੂੰ ਮੁਖ ਨ ਲਾਂਵਦੇ ਨੇ
ਤੁਸਾਂ 'ਪਹਿਰੇ' ਦੇਖਾਂ 'ਫਾੜੇ' ਆਖਯਾਏ, 'ਗਯਾ' ਕਿਆਵੀ ਉਲਟ ਦਿਸਾਂਵਦੇ ਨੇ
ਸ਼ਬਦ ਉਲਟਿਆ ਵਾਰ ਪਰਵਾਰ ਸਾਰਾ, ਸ੍ਰੀ ਕਲਗੀਧਰ ਬਤਾਂਵਦੇ ਨੇ
ਸ਼ਬਦ ਉਲਟੇ ਬਿਨਾਂ ਕਰਤਾਰਸਿੰਘਾ, ਕਾਬੂ ਤੁਰਕ ਨਾ ਕਿਸੇ ਦੇ ਆਂਵਦੇ ਨੇ

---

*ਜਦ ਤਕ ਏਹ ਤੁਕ ਕਾਇਮ ਸੀ ਕਿ 'ਤੁਰਕ ਪਠਾਨੀ ਅਮਲ ਕੀਆ' ਤਦ ਤਕ ਤੁਰਕਾਂ ਦੇ ਰਾਜ ਨੂੰ ਕੋਈ ਨਹੀਂ ਸੀ ਉਲਟਾ ਸਕਦਾ ਕਿਉਂਕਿ ਸਤਿਗੁਰ ਨਾਨਕ ਦੇਵ ਜੀ ਦੇ ਵਰ ਨੂੰ ਕਿਸ ਦੀ ਸਮਰਥਾ ਸੀ ਜੋ ਉਲਟਾ ਦੇਂਦਾ ਸੋ ਉਹਨਾਂ ਦੇ ਹੀ ਦਸਵੇਂ ਸਰੂਪ ਨੇ ਓਸ ਵਰ ਨੂੰ ਉਲਟਾ ਕੇ ਤੁਰਕ ਰਾਜ ਦਾ ਤੇਜ ਨਸ਼ਟ ਕਰ ਦਿਤਾ ਤੇ ਨਾਲੇ ਤੁਕ ਜੋ ਉਲਟਾਈ ਹੈ ਐਵੇਂ ਨਹੀਂ ਉਲਟਾਈ ਪਹਿਲਾਂ ਆਪਣਾ ਸਾਰਾ ਪ੍ਰਵਾਰ ਕੁਰਬਾਨ ਕੀਤਾ ਹੈ ਤੇ ਪਿਛੋਂ ਤੁਕ ਉਲਟਾਈ ਹੈ।

ਚੌਧਰੀ ਕਪੂਰੇ ਨੇ ਮੁਆਫੀ ਮੰਗਣੀ ਤੇ ਭਰਾਵਾਂ ਨੇ ਅੰਮ੍ਰਿਤ ਛਕਣਾ

ਚਰਚਾ ਲੋਕਾਂ ਦੀ ਭੀ ਬਹੁਤ ਬੁਰੀ ਹੁੰਦੀ, ਡਾਢਾ ਸੁਣ ਕਪੂਰਾ ਘਬਰਾਯਾ ਜੀ
ਨਾਲੇ ਪੁਤਰਾਂ ਮਿਤਰਾਂ, ਕੋਲ ਜੀ ਨੇ, ਓਹਨੂੰ ਬਹੁਤ ਕਰਕੇ ਸਮਝਾਯਾ ਜੀ
ਦੂਜਾ ਐਖਾ ਨਿਗੁਰਾ ਕਹਾਨਾ ਸਭ ਨੂੰ, ਬੀਤੇ ਵੇਲੇ ਨੂੰ ਬੁਰਾ ਪਛਤਾਯਾ ਜੀ
ਗੁਰ ਸੁਣਿਆ ਢਿਲਵੀਂ ਠਹਿਰ ਗਏ, ਓਥੇ ਲੈ ਪਰਵਾਰ ਨੂੰ ਆਯਾ ਜੀ
ਪੱਲਾ ਗਲ ਪਾ ਕੇ ਪੈਂਰੀ ਢੇਹ ਪਿਆ, ਹਥ ਜੋੜ ਕਸੂਰ ਬਖਸ਼ਾਇਆ ਜੀ
ਪੁਤਾਂ ਪੋਤਿਆਂ ਤੇ ਭਾਈਚਾਰੇ ਤਾਈਂ, ਕੱਠੇ ਕਰ ਅੰਮ੍ਰਿਤ ਛਕਵਾਯਾ ਜੀ
ਨਾਲੇ ਕੋਲ ਨੇ ਭੀ ਅਭੇ ਚੰਦ ਤਾਈਂ, ਅੰਮ੍ਰਿਧਾਰੀਆਂ ਵਿਚ ਰਲਾਯਾ ਜੀ
ਦੀਨ ਦਿਆਲ ਖੁਸ਼ ਹੋਏ ਕਪੂਰੇ ਉਤੇ, ਖੰਡਾ ਢਾਲਾਂ ਦੇ ਵਰ ਸੁਨਾਯਾ ਜੀ
ਪਾਸ ਏਹਨਾਂ ਨੂੰ ਤੇਰੀ ਔਲਾਦ ਰਖੇ, ਤਦ ਤਕ ਪਰਤਾਪ ਵਧਾਯਾ ਜੀ
†ਯਾਦਗਾਰ ਸਾਡੀ ਕਰਤਾਰ ਸਿੰਘਾ, ਪਾਸ ਰਖਣੀ ਏਹ ਫਰਮਾਯਾ ਜੀ

ਸੂਬੇ ਸਰਹੰਦ ਦੀ ਚੜ੍ਹਾਈ ਤੇ ਗੁਰੂ ਜੀ ਨੇ ਖਿਦਰਾਣੇ ਦੀ ਢਾਬ ਨੂੰ ਜਾਣਾ

ਭੋਰ ਪਿੰਡਵਾਲੇ ਬਖਸ਼ਾ ਸਿੰਘ ਨੇ ਆ, ਕਹਿਆ ਝਟਪਟ ਹੋਵੋ ਤਯਾਰ ਗੁਰ ਜੀ
ਚੜ੍ਹਿਆ ਆਉਂਦਾ ਸੂਬਾ ਸਰਹੰਦ ਵਾਲਾ, ਲਈ ਫੌਜ ਸਤ ਅੱਠ ਹਜ਼ਾਰ ਗੁਰ ਜੀ
ਪੰਜਾਂ ਦਿਨਾਂ ਤਾਈਂ ਏਥੇ ਪਹੁੰਚਗਾ ਆ, ਜਿਹੜੀ ਪੁਜਦੀ ਕਰਲੋ ਕਾਰ ਗੁਰ ਜੀ
ਤੂੰ ਦਸ ਕਪੂਰਿਆ ਥਾਂ ਕੋਈ; ਤੈਨੂੰ ਵਾਕਫੀ ਕਹਿਆ ਉਚਾਰ ਗੁਰ ਜੀ
ਜੰਗ ਵਾਸਤੇ ਕੋਈ ਚੰਗੀ ਆੜ ਹੋਵੇ, ਨੇੜੇ ਪਾਣੀ ਹੋ ਕਹਿਆ ਵਿਚਾਰ ਗੁਰ ਜੀ
ਕਹਿਆ ਸਾਰਿਆਂ ਢਾਬ ਖਿਦ੍ਰਾਨੇ ਵਾਲੀ, ਜੰਗ ਵਾਸਤੇ ਹੈ ਚੰਗੀ ਆੜ ਗੁਰ ਜੀ
ਬਾਰਾਂ ਬਾਰਾਂ ਕੋਹ ਤਕ ਵੈਰਾਨ ਪਈ, ਜੰਗਲ ਸੰਘ ਨੇ ਭਾਰੀ ਉਜਾੜ ਗੁਰ ਜੀ
ਓਸ ਢਾਬ ਤਾਈਂ ਜਾਕੇ ਮਲ ਲਵੋ, ਆੜਾਂ ਮੋਰਚੇ ਲਵੋ ਸਵਾਰ ਗੁਰ ਜੀ
ਖਾਨੇ ਤਾਈਂ ਕਪੂਰੇ ਨੇ ਨਾਲ ਕੀਤਾ, ਝਟ ਹੋਏ ਓਥੋਂ ਅਸਵਾਰ ਗੁਰ ਜੀ

---

†ਸੁਣਿਆ ਹੈ ਕਿ ਉਹ ਢਾਲ ਖੰਡਾ ਹੁਣ ਤੀਕ ਫਰੀਦ ਕੋਟ ਵਿਚ ਹੈ ਤੇ ਸਤਿਗੁਰਾਂ ਦੀ ਯਾਦਗਾਰ ਨੂੰ ਉਸ ਤਰ੍ਹਾਂ ਰਾਜ ਘਰ ਵਿਚ ਵੇਖਿਆ ਜਾਂਦਾ ਹੈ।

ਜੈਤੋ ਸੁਨੀਅਰਥੀਂ ਗਏ †ਰਾਮੇ ਆਣੇ, ਰਾਹੀਂ ਕਰਦੇ ਸੈਰ ਸ਼ਿਕਾਰ ਗੁਰ ਜੀ
ਫਿਰਦੇ ਤਾਰਦੇ ਮਾਲਵੇ ਦੇਸ ਤਾਈਂ, ਕਰਦੇ ਬਿਚਰਦੇ ਮੌਜ ਦੀ ਕਾਰ ਗੁਰ ਜੀ
ਧੰਨ ਹੌਂਸਲਾ ਸੀ ਕਰਤਾਰ ਸਿੰਘਾ, ਸੋਲਾਂ ਕਲਾ ਸੰਪੂਰਨ ਔਤਾਰ ਗੁਰ ਜੀ

ਬੇ ਦਾਹਵੇ ਵਾਲੇ ਸਿੰਘਾਂ ਦਾ ਪ੍ਰਸੰਗ

ਜਿਹੜੇ ਲਿਖਕੇ ਦੇ ਬੇ ਦਾਹਵਾ ਗਏ ਸੀ, ਓਹ ਸਿੰਘ ਮਝੈਲ ਨਾਦਾਨ ਭਾਈ
ਐਸੇ ਵੇਲੇ ਅੰਦ ਪਿਛਾ ਦੇ ਗਏ, ਜਦ ਪਿਆ ਵਡਾ ਘਮਸਾਨ ਭਾਈ
ਆਪੋ ਆਪਣੇ ਪਿੰਡਾਂ ਨੂੰ ਚਲੇ ਗਏ ਸੀ, ਧਰਮ ਛਡ ਬਚਾ ਕੇ ਜਾਨ ਭਾਈ
ਪਿਛੇ ਲਿਖ ਆਏ ਕਰਤਾਰ ਸਿੰਘਾ; ਬਾਕੀ ਉਨ੍ਹਾਂ ਦਾ ਸੁਣੋ ਬਿਆਨ ਭਾਈ

ਬੇਦਾਹਵਿਆਂ ਸਿੰਘਾਂ ਨੇ ਜਦ ਘਰੀਂ ਜਾਣਾ ਤਾਂ ਓਹਨਾ ਦੀਆਂ ਮਾਵਾਂ ਨੇ ਫਿਟਕਾਰਾਂ ਦੇਣੀਆਂ

ਪਿੰਡੀਂ ਜਾ ਜਦ ਕੀਤੀਆਂ ਗੱਲਾਂ ਓਨ੍ਹਾਂ ਮਾਵਾਂ ਕੇਂਹਦੀਆਂ ਪਾਪ ਕਮਾਯਾ ਕਾਹਨੂੰ
ਹੱਤਯਾਂ ‘‘ ਖੌਫ ਨ ਆਯਾ ਤੁਹਾਨੂੰ, ਐਸੇ ਵੇਲੇ ਸਤਿਗੁਰੂ ਤਜਾਯਾ ਕਾਹਨੂੰ
ਚੁਸੀਂ ਮਾੜਿਓ ਕੁਖੇ ਕਲੰਕ ਜੰਮੇ; ਮਾਝਾ ਦੇਸ ਬਦਨਾਮ ਕਰਾਯਾ ਕਾਹਨੂੰ
ਘੁਟ ਦੇਂਦੀਆਂ ਜਮਦਿਆਂ ਗਲ ਤੁਹਾਡੇ, ਤੈਨੂੰ ਕੋਰਾਂ ਨੂੰ ਦੁਧ ਪਿਲਾਯਾ ਕਾਹਨੂੰ
ਦੁਧ ਪੀ ਮਝੈਲਨਾਂ ਜੱਟੀਆਂ ਦਾ, ਬਣ ਬਾਣੀਏਂ ਹੌਂਸਲਾ ਢਾਹਯਾ ਕਾਹਨੂੰ
ਧਰਮ ਚੀਜ਼ ਅਮੋਲਕ ਵੇਚ ਕਰਕੇ, ਭਾਂਡੇ ਗੰਦ ਦੇ ਤਈਂ ਬਚਾਯਾ ਕਾਹਨੂੰ
ਪੁੱਤੋਂ ਮਰਦਿਓ ਗੁਰਾਂ ਦੇ ਵਿਚ ਚਰਨਾਂ, ਇਹ ਮੋਹ ਸੰਸਾਰ ਦਾ ਲਾਯਾ ਕਾਹਨੂੰ
ਅੰਤ ਮਰਨਾ ਫੇਰ ਕਰਤਾਰ ਸਿੰਘਾ, ਵਿਚ ਜਗ ਬੁਰੇ ਅਖਵਾਯਾ ਕਾਹਨੂੰ

---

†ਜਦ ਸ੍ਰੀ ਗੁਰੂ ਜੀ ਰਾਮੇਆਣਿਓਂ ਅਗਾਂਹ ਚਲੇ ਤਾਂ ਇਸ ਥਾਂ ਦੇ ਚੌਧਰੀ ਜੁਗਰਾਜ ਬਿਰੰਗ ਗੋਤ ਦੇ ਨੂੰ ਆਖਿਆ ਕਿ ਜਦ ਏਧਰ ਲਸ਼ਕਰ ਆਵੇ ਤਾਂ ਸਾਡਾ ਪਤਾ ਨ ਦਸੀਂ ਅਸੀਂ ਓਹਨੇ ਫਿਰ ਨੂੰ ਤਰਕਾਰੀ ਕਰ ਲਵਾਂਗੇ ਪਰ ਜਦ ਥੋੜੇ ਦਿਨ ਪਿਛੋਂ ਓਥੇ ਸੂਬੇ ਦੀਆਂ ਫੌਜਾਂ ਆਈਆਂ ਤਾਂ ਉਸ ਨੇ ਦਸ ਦਿਤਾ, ਜਦ ਇਹ ਖਬਰ ਗੁਰੂ ਜੀ ਨੂੰ ਪਹੁੰਚੀ ਤਾਂ ਬਚਨ ਹੋਯਾ ਕਿ ਉਹ ਔਲਾਦ ਸਮੇਤ ਆਫਤ ਕੇ ਮਰੂ, ਕਿਉਂਕਿ ਜਦ ਉਹ ਗਲ ਨਹੀਂ ਪਚਾ ਸਕੇ, ਹੋਰ ਕੀ ਪਚਾ ਸਕਨਗੇ ਸੋ ਹੁਣ ਤਕ ਸਤਿਗੁਰਾਂ ਦਾ ਓਹ ਬਚਨ ਸਤ ਹੈ ਓਹਦੀ ਔਲਾਦ ਦੇ ਲੋਕ ਅੰਤ ਨੂੰ ਤਿੰਨ ਚਾਰ ਦਿਨ ਅਫਰਾਂ ਹਫਿਕੇ ਮਰਦੇ ਹਨ।

### ਬੇ ਦਾਹਵਿਆਂ ਦੇ ਪਿਤਾ ਵਲੋਂ ਧਿਰਕਾਰਾਂ

ਘਰ ਮਾਈਆਂ ਤੇ ਬਾਹਰ ਪਿਓ ਦੋਲਨ, ਤੁਸੀਂ ਦੇਸ ਬਦਨਾਮ ਕਰਾ ਆਏ
ਵੇਲੇ ਜੰਗ ਦੇ ਗੁਰਾਂ ਨੂੰ ਦੇ ਪਿਛਾ, ਮਾਝੇ ਤਈਂ ਕਲੰਕ ਲਵਾ ਆਏ
ਸਾਡਾ ਖੂਨ ਮਝੈਲਾਂ ਦਾ ਜਗ ਰੋਸ਼ਨ, ਤੁਸੀਂ ਪਾਪੀਓ ਗ਼ੰਗਾ ਬਨਾ ਆਏ
ਅਗੇ ਢੋਈ ਨ, ਏਥੇ ਬਦਨਾਮ ਹੋਏ, ਬੇਗੁਰੇ ਭੈੜੇ ਅਖਵਾ ਆਏ
ਮਾਝਾ ਗੁਰਾਂ ਦਾ ਸੇਵਕ ਮੁਢ ਤੋਂ ਸੀ, ਕੀਤੀ ਕਤ੍ਰੀ ਤੁਸੀਂ ਰੁੜ੍ਹਾ ਆਏ
ਅਸੀਂ ਗੁਰਾਂ ਦੇ ਨਾਮ ਤੇ ਰਹੇ ਮਰਦੇ, ਤੁਸੀਂ ਤੁਸੀਂ ਜੰਮ ਕੇ ਖੇਹਪਵਾ ਆਏ
ਏਥੇ ਮੌਤ ਪਾਸੋਂ ਨਹੀਂ ਬਚ ਰਹਿਣਾ, ਗੀਦੀ ਬਣਕੇ ਮੂੰਹ ਛਪਾ ਆਏ
ਤੁਸੀਂ ਨਿਜ ਜੰਮੇਂ ਕਰਤਾਰ ਸਿੰਘਾ, ਪਿਠ ਜੰਗ ਦੇ ਵਿਚ ਵਿਖਾ ਆਏ

### ਬੇ ਦਾਹਵਿਆਂ ਸਿੰਘਾਂ ਨੂੰ ਭੈਣਾ ਵਲੋਂ ਧਿਰਕਾਰਾਂ

ਭੈਣਾਂ ਕਹਿੰਦੀਆਂ ਸੁਣ ਕੇ ਹਾਲ ਸਾਰਾ, ਡਾਢਾ ਆਏ ਕਲੰਕ ਲਗਾਏ ਵੀਰੋ
ਭਾਵੇਂ ਹਿਤ ਤੁਹਾਡਾ ਸਾਨੂੰ ਬਹੁਤ ਸਾਰਾ;ਅਸੀਂ ਕਹਿੰਦੀਆਂ ਅਜ ਦੁਖਾਏ ਵੀਰੋ
ਕਠਾਂ ਦੁਧ ਪੀਤਾ ਅਸਾਂ ਏਸ ਕਰਕੇ,ਤੁਹਾਡੀ ਕਾਰ ਤੋਂ ਰਹੀਆਂ ਸ਼ਰਮਾਏ ਵੀਰੋ
ਭਾਵੇਂ ਭੈਣਾਂ ਨੂੰ ਵੀਰ ਦੁਰਲਨ ਹੁੰਦੇ, ਰਾਜੀ ਸਦਾ ਹੀ ਸਮਾਂ ਮਨਾਏ ਵੀਰੋ
ਭਾਈ ਕਹਿਣ ਨੂੰ ਅਜ ਨਹੀਂ ਚਿਤਚਾਂਹਦਾ,ਤੁਸਾਂ ਕੰਮ ਕੀਤਾ ਦੁਖਦਾਏ ਵੀਰੋ
ਤੁਸਾਂ ਜਾਵਾਂ ਦੀ ਕੁਖ ਬਦਨਾਮ ਕੀਤੀ, ਤਾਹਨੇ ਦੇਣਗੇ ਦੇਸ ਸੁਨਾਏ ਵੀਰੋ
ਭੈਣਾ ਅਸੀਂ ਅਖਵਾ ਬੇਗੁਰਿਆਂ ਦੀਆਂ, ਕਿਥੇ ਬੈਠਦੀਆਂ ਅਗੇ ਜਾਏ ਵੀਰੋ
ਕੀ ਵਧੀ ਨੂੰ ਖੋਫ ਕਰਤਾਰ ਸਿੰਘਾ, ਆਏ ਮਾਝੇ ਦੀ ਪਤ ਗਵਾਏ ਵੀਰੋ

### ਬੇ ਦਾਹਵਿਆਂ ਸਿੰਘਾਂ ਨੂੰ ਸਿੰਘਣੀਆਂ ਦੇ ਤਾਹਣੇ

ਘਰ ਬੈਠਦੇ ਰੰਨਾਂ ਦੇਣ ਤਾਹਨੇ, ਕੀਹ ਆਏ ਕਰਤੂਤਾਂ ਲਿਆ ਤੁਸੀਂ
ਗੀਦੀ ਜੰਗ ਵਿਚੋਂ ਬਣ ਭਜ ਆਏ, ਭੈੜੀ ਮੌਤ ਪਾਸੋਂ ਖੌਫ ਖਾ ਤੁਸੀਂ
ਵਸ ਵੈਰੀਆਂ ਦੇ ਪਏ ਗੁਰਾਂ ਤਾਂਈਂ, ਭਜੇ ਘਰਾਂ ਨੂੰ ਛਡ ਛਡਾ ਤੁਸੀਂ
ਸਕੇ ਗੁਰੂ ਦੇ ਜਦੋਂ ਨਾ ਬਣੇ ਦਸੋ, ਸਾਡੀ ਦਿਹੋਂਗੇ ਕਦੋਂ ਨਿਭਾ ਤੁਸੀਂ
ਖੌਫ ਜੰਗ ਦੇ ਤਾਹਨਿਓ ਡਰੇ ਨਾਹੀਂ, ਝਟ ਆਏ ਬੇਦਾਹਵੇ ਲਿਖਾ ਤੁਸੀਂ
ਟੋਟੇ ਹੋ ਮਰਨਾ ਹੈਸੀ ਜੰਗ ਅੰਦਰ, ਭਜੇ ਪਿਛਾਂ ਨੂੰ ਪਿਠ ਵਿਖਾ ਤੁਸੀਂ

ਤੁਹਾਡੇ ਵਿਚੋਂ ਔਲਾਦ ਭੀ ਪਾਜੀ ਜੰਮੇਂ, ਨਹੀਂ ਸਕਦੇ ਮਰਦ ਅਖਵਾ ਤੁਸੀਂ
ਸਾਨੂੰ ਦਿਹੋ ਪਗਾਂ ਹਥਯਾਰ ਲਾਹਕੇ, ਘਰੀਂ ਬੈਠੋ ਸਾਰੇ ਪੀੜ੍ਹੇ ਡਾਹ ਤੁਸੀਂ
ਚੂੜੇ ਪਾ ਲੌ ਛਡਕੇ ਤੇਗਾਂ ਤਾਈ, ਘੁੰਡ ਕਢ ਲੌ ਮੂੰਹ ਛੁਪਾ ਤੁਸੀਂ
ਤੁਹਾਡੇ ਥਾਂ ਅਸੀਂ ਜੰਗ ਕਰਦੀਆਂ ਜਾ, ਬੈਠੋ ਮਾਝੇ ਦੀ ਪਤ ਗਵਾ ਤੁਸੀਂ
ਓਥੇ ਮਰਨ ਸੀ ਚੰਗਾ ਕਰਤਾਰ ਸਿੰਘਾ, ਮਰਦੇ ਜਗ ਅੰਦਰ ਯਸ ਪਾ ਤੁਸੀਂ

### ਬੇ ਦਾਵਿਆਂ ਸਿੰਘਾਂ ਨੂੰ ਲੋਕਾਂ ਦੇ ਤਾਹਨੇ

ਤੁਹਾਡਾ ਗੁਰੂ ਤਕਲੀਫਦੇ ਵਿਚ ਪਿਆ; ਭਜੇ ਛਡਕੇ ਤੁਸੀਂ ਨਕਾਰਿਓ ਓਏ
ਚਾਰੇ ਬੇਟੇ ਭੀ ਦੁਸ਼ਮਨਾਂ ਫੜ ਮਾਰੇ, ਤੁਹਾਨੂੰ ਦੁਖਨ ਆਯਾ ਹਤਯਾਰਿਓ ਓਏ
ਭੀੜ ਬਨੀ ਤੇ ਲਿਖਬੇਦਾਵੇ ਆਏ, ਤੁਸੀਂ ਪਾਜੀ ਕੜਾਹ ਦੇ ਪਜਾਰਿਓ ਓਏ
ਸਾਰੇ ਦੇਸ ਨੂੰ ਤੁਸਾਂ ਕਲੰਕ ਲਾਯਾ, ਸਤਿ ਛਡਆਏ,ਤੁਸੀਂ ਧਰਮ ਹਾਰਿਓ ਓਏ
ਮਾਝਾ ਦੇਸ ਹਠੀਲਾ ਮਸ਼ਹੂਰ ਸਾਰੇ, ਤੁਸੀਂ ਗੀਦੀ ਪਾਜੀ ਬਣੇ ਸਾਰਿਓ ਓਏ
ਏਥੇ ਆਏ ਮੌਤੋਂ ਸਾਰੇ ਬਚ ਰਹੋਗੇ ?, ਅੰਤ ਮਰਨਾ ਏਹ ਵਿਚਾਰਿਓ ਓਏ
ਨਹੀਂ ਹੁੰਦੀ ਬੇਗੁਰੇ ਦੀ ਗਤੀ ਕਿਤੇ ਅਬਗਤ ਮਾਰਿਓ ਪਾਪੀ ਭਾਰਿਓ ਓਏ
ਕੀਤੀ ਚੰਗੀ ਕਰਤੂਤ ਕਰਤਾਰ ਸਿੰਘਾ, ਭਲਾ ਨਹੀਂ ਹੋਣਾ ਗੁਰੂ ਮਾਰਿਓ ਓਏ

### ਬੇਦਾਵਿਆਂ ਸਿੰਘਾਂ ਪਛੋਤਾ ਕਰਨਾ

ਜਿਧਰ ਜਾਣ ਅਗੋਂ ਪੈਣ ਫਿਟਕਾ ਹੀ, ਲੋਕ ਮੂੰਹਾਂ ਤੇ ਤਾਹਨੇ ਸੁਨਾਨ ਲਗੇ
ਔਹ ਜਾਂਦੇ ਨਿਗੁਰੇ ਬੇਗੁਰੇ ਪਾਪੀ, ਸੁਣ ਸੁਣ ਕੇ ਬੁਰੇ ਪਛਤਾਨ ਲਗੇ
ਕਰਨੀ ਆਪਣੀ ਨੂੰ ਯਾਦ ਕਰ ਸਾਰੇ, ਬਾਓਂ ਬਾਈ ਡਾਢੇ ਸ਼ਰਮਾਨ ਲਗੇ
ਕਠੇ ਹੋ ਹੋ ਅੰਤ ਕਰਤਾਰ ਸਿੰਘਾ; ਕਰੀਏ ਕਿਵੇਂ ਸਲਾਹ ਪਕਾਨ ਲਗੇ

### ਬੇਦਾਵਿਆਂ ਸਿੰਘਾਂ ਪਿੰਡਾਂ ਰਾਮੇ ਆਣੇ ਮਾਲਵੇ ਵਿਚ ਸਤਿਗੁਰਾਂ ਦੇ ਚਰਨੀਂਆ ਪੈਣਾ

ਏਸ ਜ਼ਿਦਗੀ ਤੋਂ ਮਰਨ ਬਹੁਤ ਚੰਗਾ, ਸਾਰੇ ਹੋ ਕਠੇ ਪਛਤਾਂਵਦੇ ਨੇ
ਮਾਈ ਭਾਗੋ ਸਣੇ ਸਿੰਘ ਦੋ ਕੁ ਸੋ, ਏਹ ਰਲ ਕੇ ਮਤਾ ਪਕਾਂਵਦੇ ਨੇ
ਚਲੋ ਗੁਰਾਂ ਤੋਂ ਚਲ ਬਖਸ਼ਾ ਲਈਏ, ਸਾਰੇ ਮਾਲਵੇ ਦੀ ਤਰਫ ਧਾਂਵਦੇ ਨੇ
ਸਾਰੇ ਪੁਛਦੇ, ਪੁਛਦੇ ਦੇਸ ਅੰਦਰ ਪਿੰਡ ਰਾਮੇ ਆਣੇ ਚਲ ਆਂਵਦੇ ਨੇ

ਅਜੇ ਗੁਰੂ ਜੀ ਨੇੜੇ ਹੀ ਗਏ ਹੈਸਨ, ਡਿਗ ਚਰਨੀਂ ਆ ਅਟਕਾਂਵਦੇ ਨੇ
ਬਖਸ਼ ਲੌ ਸਤਿਗੁਰੋ ਕਸੂਰ ਸਾਡੇ; ਪਲ ਗਲ ਪਾ ਸੀਸ ਝੁਕਾਂਵਦੇ ਨੇ
ਆਏ ਜਿਧਰੋਂ ਉਧਰੇ ਚਲੇ ਜਾਵੋ; ਮੁਖ ਕਲਗੀਧਰ ਨਾ ਲਾਂਵਦੇ ਨੇ
ਸਾਨੂੰ ਲੋੜ ਨ ਤੁਹਾਡੀ ਕਰਤਾਰ ਸਿੰਘਾ, ਸਿਖ ਬੇਸਿਦਕੇ ਨਹੀਂ ਭਾਵਦੇ ਨੇ

ਤੁਰਕਾਂ ਦੇ ਆਉਣ ਦੀ ਟਾਗੂ ਨੇ ਖਬਰ ਦੇਣੀ

ਕਈ* ਹੋਰ ਭੀ ਬਚਨ ਬਿਲਾਸ ਹੋਏ, ਗੁਰਾਂ ਉਹਨਾਂ ਨੂੰ ਮੁਖ ਨ ਲਾਯਾ ਜੀ
ਓਸੇ ਵਕਤ ਆ ਟਾਗੂ ਨੇ ਖਬਰ ਦਿਤੀ, ਗੁਰੋ ਵੈਰੀਆਂ ਦਾ ਦਲ ਆਯਾ ਜੀ
ਦੋ ਤਿੰਨ ਕੋਹ ਤੇ ਧੂੜ ਉਡਦੀ ਏ; ਹੀਲਾ ਕਰੋ ਜਿਵੇਂ ਹੁਣ ਭਾਯਾ ਜੀ
ਏਹ ਸੁਣਦੇ ਸਾਰ ਕਰਤਾਰ ਸਿੰਘਾ ਗੁਰਾਂ ਅਗੇ ਨੂੰ ਕੂਚ ਬੁਲਾਯਾ ਜੀ

ਬੇਦਾਹਵਿਆਂ ਦੀ ਨਿਰਾਸਤਾ

ਸਤਿਗੁਰੂ ਜੀ ਤਾਂ ਅਗੇ ਚਲੇ ਗਏ, ਸਾਰਾ ਨਾਲ ਵਹੀਰ ਚਲਾ ਕਰਕੇ
ਓਸੇ ਤਰਾਂ ਮਝੈਲ ਰਹੇ ਖੜੇ ਓਥੇ, ਟੁਟੇ ਹੌਸਲੇ ਦਿਲੋਂ ਸ਼ਰਮਾ ਕਰਕੇ
ਵਿਚੋਂ ਬਹੁਤੇ ਬੇਸਿਦਕੀ ਮਤੇ ਪਿਛਾਂ ਓਹ ਹੈਂਕੜ ਸਰੋਂ ਵਧਾ ਕਰਕੇ
ਮਾਈ ਭਾਗੋ ਤੇ ਸਿੰਘ ਪੰਜਾਹ ਰਹਿ ਗਏ; ਚਿਤ ਦੇ ਏਹ ਠਹਿਰਾ ਕਰਕੇ
ਪਿੰਡੀ ਜਾ ਭੀ ਦਿਆਂਗੇ ਮੂੰਹ ਕਿਥੇ, ਏਥੇ ਮਰੀਜੇ ਜੰਗ ਮਚਾ ਕਰਕੇ
ਓਥੇ ਬੈਠ ਗਏ ਕਰਤਾਰ ਸਿੰਘਾ, ਓਹ ਮੋਰਚੇ ਸਾਰੇ ਬਨਾ ਕਰਕੇ

---

*ਤਵਾਰੀਖ ਗੁਰੂ ਖਾਲਸਾ ਵਿਚ ਲਿਖਿਯਾ ਹੈ ਕਿ ਮਝੈਲਾਂ ਸਿੰਘਾਂ ਨੇ ਸਤਿਗੁਰਾਂ ਨੂੰ ਆਖਿਆ ਤੁਸੀਂ ਜੰਗ ਜਲਦ ਛਡ ਕੇ ਜਿਵੇਂ ਪਹਿਲੇ ਗੁਰੂ ਰਹਿੰਦੇ ਸਨ, ਓਸੇ ਤਰ੍ਹਾਂ ਸ਼ਾਂਤੀ ਸੁਭਾਵ ਵਿਚ ਰਹੋ ਤਾਂ ਅਸੀਂ ਬਾਦਸ਼ਾਹ ਦੇ ਪਾਸ ਮਾਝੇ ਦੇ ਪੈਂਚਾਂ ਨੂੰ ਭੇਜਕੇ ਤੁਹਾਡੀ ਸੁਲ੍ਹਾ ਕਰਾ ਦੇਂਦੇ ਹਾਂ, ਜੇਕਰ ਇਉਂ ਕਰਨੀ ਹੈ ਤਾਂ ਸਾਥੋਂ ਤੁਹਾਡੀ ਸਿਖੀ ਨਹੀਂ ਪੁਜਦੀ, ਏਹ ਸੁਣਕੇ ਸਤਿਗੁਰਾਂ ਨੇ ਕੋਪ ਕਰਕੇ ਕਹਿਆ ਕੀ ਧਾਈ ਸਿਖੋ ਜਦੋਂ ਗੁਰੂ ਅਰਜਨ ਦੇਵ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਿਰਾਂ ਭਾਣਾ ਵਰਤਿਆ ਸੀ ਤੁਸੀਂ ਕਿਥੇ ਗਏ ਹੋਏ ਸਾਉ, ਤਦੋਂ ਸੁਲ੍ਹਾ ਕਿਉਂ ਨ ਕਰਾਈ, ਸੋ ਤੁਸੀਂ ਤਾਂ ਸਾਨੂੰ ਮੱਤਾਂ ਦੇਨ ਆਏ ਹੋ, ਸਿਖ ਬਣਨ ਨਹੀਂ ਆਏ, ਸੋ ਤੁਸੀਂ ਸਿੱਖ ਨਹੀਂ ਗੁਰੂ ਨਹੀਂ ਬਣਾਏ, ਜਿਧਰੋਂ ਆਏ ਹੋ ਚਲੇ ਜਾਹੋ, ਸਾਡਾ ਅਕਾਲ ਪੁਰਖ ਰਾਖਾ ਹੈ । ਇਹ ਆਖ ਜੀ ਤਾਂ ਚਲੇ ਗਏ ਤੇ ਮਝੈਲਾਂ ਵਿਚੋਂ ਬਹੁਤੇ ਘਰਾਂ ਨੂੰ ਹੈਂਗੜ ਰਖਕੇ ਟੁਰ ਗਏ ਤੇ ਸਿਆਣੇ ਓਥੇ ਹੀ ਧਰਨਾ ਮੱਲਕੇ ਬੈਠ ਗਏ ।

### ਮਾਲਵੇਂ ਵਿਚੋਂ ਸਿਖਾਂ ਦਾ ਆਉਣ

ਖਬਰ ਮਾਲਵੇ ਦੇ ਵਿਚ ਧੁੰਮ ਪੈ ਗਈ, ਵੈਰੀ ਗੁਰਾਂ ਦੇ ਫੜਨ ਨੂੰ ਧਾ ਆਏ
ਜੋਸ਼ ਸਿਖਾਂ ਨੂੰ ਅਗੇ ਹੀ ਬਹੁਤ ਹੈਸੀ, ਕਈ ਸੈਂਕੜੇ ਤੇਗਾਂ ਉਠਾ ਆਏ
ਗਿਲ ਮਾਨ ਤੇ ਭੂਲ ਕੇ ਨਾਮੀ ਨਾਮੀ, ਗੁਸਾ ਬਲੀ ਬੇਰਾੜ ਭੀ ਖਾ ਆਏ
ਮੌਕੇ ਸਿਰ ਆ ਪੁਜੇ ਕਰਤਾਰ ਸਿੰਘਾ, ਨੇੜੇ ਵੈਰੀ ਭੀ ਖੁਰਾ ਦਬਾ ਆਏ

### ਵੈਰੀ ਬਹੁਤ ਨੇੜੇ ਆ ਗਏ

†ਰੁਪੇ ਆਣ ਗਏ ਟਾਗੂ ਖਬਰ ਦਿਤੀ, ਵੈਰੀ ਆਏ ਨੇੜੇ ਚੋਰ ਪਾ ਲਏ ਸਨ
ਦੋ ਕੋਹ ਅਜੇ ਖਿਦਰਾਨਾ ਅਗੇ ਚਲੋ, ਝੱਬ ਨਹੀਂ ਵੈਰੀ ਦਬਾ ਲਏ ਸਨ
ਗੁਰਾਂ ਆਖਯਾ ਫਿਕਰ ਨ ਕਰੋ ਭਾਈ, ਅਟਕਾਉਨ ਵਾਲੇ ਅਟਕਾ ਲਏ ਸਨ
ਜਾਣੀ ਜਾਣ ਮਹਾਰਾਜ ਕ੍ਰਤਾਰ ਸਿੱਘਾ, ਖੇਡ ਆਪਨੀ ਆਪੇ ਨਿਭਾ ਲਏ ਸਨ

### ਸ੍ਰੀ ਦਸਮੇਸ਼ ਜੀ ਨੇ ਖਿਦਰਾਨੇ ਦੀ ਢਾਬ ਤੇ ਮੋਰਚੇ ਬੰਦੀ ਕਰਨੀ

ਝਟ ਪਟ ਜਾ ਗੁਰਾਂ ਨੇ ਢਾਬ ਮਲੀ, ਡਾਢੇ ਮੋਰਚੇ ਪੱਕੇ ਬਨਾ ਲਏ
ਜਿਸ ਤਰਫ ਵਲੋਂ ਵੈਰੀ ਆਉਂਦੇ ਸਨ, ਸਿੰਘ ਵੰਡਕੇ ਸਾਰੇ ਬੈਠਾ ਲਏ
ਇਕ ਟਿਬੀ ਸੀ ਢਾਬ ਤੋਂ ਪਿਛੋਂ ਵੰਨੀ, ਓਥੇ ਚੜ੍ਹਕੇ ਧਿਆਨ ਲਗਾ ਲਏ
ਥੋੜੇ ਸਿੰਘ ਲੇ ਕਰਤਾਰ ਸਿੰਘਾ, ਗੁਰਾਂ ਤੀਰ ਕਮਾਨ ਚੜ੍ਹਾ ਲਏ

### ਮਝੈਲਾਂ ਦੀ ਦਲੇਰੀ

ਰਾਮੇ ਆਣਿਓਂ ਤਾਂ ਬਹੁਤ ਚਲੇ ਗਏ, ਬਾਕੀ ਪਿਛੇ ਪਿਛੇ ਪਏ ਆਂਵਦੇ ਜੀ
ਝਟ ਪਟ ਲੱਗਾ ਵੈਰੀ ਆ ਗਏ, ਓਹ ਰਲ ਏਹ ਮਤਾ ਪਕਾਂਵਦੇ ਜੀ
ਬੇ ਗੁਰੇ ਅਖਵਾਉਨ ਤੋਂ ਮਰਨ ਚੰਗਾ, ਇਕ ਦੂਸਰੇ ਤਈਂ ਸੁਨਾਂਵਦੇ ਜੀ
ਚਲੋ ਏਥੇ ਸ਼ਹੀਦੀਆਂ ਪਾ ਮਰੋ, ਇਕ ਦੂਸਰੇ ਤਈਂ ਸੁਨਾਂਵਦੇ ਜੀ

---

†ਜਦ ਸਤਿਗੁਰੂ ਜੀ ਰੂਪੇ ਆਣੇ ਗਏ ਤਾਂ ਸਰੂਪਾ ਖੱਤ੍ਰੀ ਰੂਪੇ ਦਾ ਪੁਤ੍ਰ ਇਕ ਰੁਪਯਾ ਤੇ ਭੇਲੀ ਗੁੜ ਦੀ ਲੈ ਮਿਲੇ, ਸਤਿਗੁਰਾਂ ਨੇ ਆਖਯਾ ਏਥੇ ਠਹਿਰੀਏ ? ਤਾਂ ਉਸ ਨੇ ਕੰਬਕੇ ਆਖਯਾ ਜੀ ਅਗੇ ਕਿਤੇ ਜਾ ਠਹਿਰ ਪਿਛੇ ਸੂਬਾ ਆਂਵਦਾ ਹੈ ਤੇ ਕਿਤੇ ਪਿੰਡ ਨ ਉਜਾੜ ਦੇਵੇ, ਗੁਰੂ ਜੀ ਨੇ ਬਚਨ ਕੀਤਾ ਪਿੰਡ ਤਾਂ ਉੱਜੜਕੇ ਫੇਰ ਵਸ ਜਾਊ ਪਰ ਤੇਰੀ ਔਲਾਦ ਨੇ ਰਹੂ, ਸੋ ਬਚਨ ਸਤ ਹੋਇਆ।

ਫੌਜ ਵੈਰੀਆਂ ਦੀ ਅਟਕਾ ਰਖੇ, ਗੁਰ ਨਿਕਲ ਅਗੇ ਫੇਰ ਜਾਂਵਦੇ ਜੀ
ਇਹ ਮਿਥ ਚੇ ਰਾਸਤਾ ਮਲ ਬੈਠੇ, ਇਕ ਜਟਕੀ ਅਕਲ ਦੁੜਾਂਵਦੇ ਜੀ
ਪਾਏ ਕਪੜੇ ਲਾਹ ਕੇ ਝਾੜੀਆਂ ਤੇ, ਦੂਰੋਂ ਤੰਬੂਆਂ ਵਾਂਗ ਦਿਸਾਂਵਦੇ ਜੀ
ਆਪ ਬੈਠ ਗਏ ਵਿਚ ਝਾੜੀਆਂ ਦੇ, ਸ਼ੇਰਾਂ ਭੁਖਿਆਂ ਵਾਂਗ ਤਕਾਂਵਦੇ ਜੀ
ਵੈਰੀ ਮਾਰਦੇ ਹੇਠਾਂ ਜਾਂ ਆਂ ਗਏ, ਇਕੋ ਵਾਰ ਬੰਦੂਕਾਂ ਚਲਾਂਵਦੇ ਜੀ
ਵੀਹ ਤੀਹ ਵਿਚੋਂ ਝਟ ਸਟ ਘਤੇ, ਵੇਖ ਵੈਰੀ ਸਾਰੇ ਘਬਰਾਂਵਦੇ ਜੀ
ਇਨੇ ਚਿਰ ਨੂੰ ਹੋਰ ਦੋ ਵਾਰ ਹੋਏ, ਫੌਜ ਹਾਕਮ ਪਿਛਾਂ ਹਟਾਂਵਦੇ ਜੀ
ਕੜਾ ਕਾੜ ਹੋਈ ਸੁਣ ਕ੍ਰਤਾਰ ਸਿੰਘਾ, ਸਤਿਗੁਰੂ ਭੀ ਧਨਖ ਚੜ੍ਹਾਂਵਦੇ ਜੀ

## ਖਿਦਰਾਨੇ (ਮੁਕਤਸਰ) ਦਾ ਜੰਗ

ਪਤਾ ਲਗ ਵਜੀਦੇ ਨੂੰ ਗਿਆ ਪਕਾ, ਇਥੇ ਗੁਰੂ ਸਿਖਾਂ ਸਣੇ ਆਯਾ ਏ
ਇਹ ਤੰਬੂ ਓਹਨਾਂ ਸਾਰੇ ਲਾਏ ਹੋਏ, ਫੌਜ ਤਈਂ ਪਿਛਾਂਹ ਹਟਾਯਾ ਏ
ਹੁਕਮ ਕਰਦਾ ਵੇਖਕੇ ਵਧੋ ਅਗੇ, ਗੁਰੂ ਸਿੰਘਾਂ ਨੂੰ ਇਥੇ ਛੁਪਾਯਾ ਏ
ਓਧਰ ਗੁਰਾਂ ਵਧਾਕੇ ਖਾਲਸੇ ਨੂੰ, ਕਈ ਪਾਸਿਓਂ ਲਿਆ ਝੁਕਾਯਾ ਏ
ਵਿਚੋਂ ਝਾੜੀਆਂ ਪਈ ਕੜਾਕਾੜ ਹੋਵੇ; ਬਹੁਤੇ ਵੈਰੀਆਂ ਨੂੰ ਮਾਰ ਢਾਯਾ ਏ
ਪਰ ਸਿੰਘ ਮਸ਼ੈਲ ਸਨ ਬਹੁਤ ਨੇੜੇ, ਜੋਰ ਉਨ੍ਹਾਂ ਤੇ ਵੈਰੀ ਪਾਯਾ ਏ
ਜਦ ਵਧ ਅਗੇ ਵੇਖੇ ਸਿੰਘ ਥੋੜੇ, ਉਸੇ ਵਕਤ ਹਲਾ ਬੁਲਵਾਯਾ ਏ
ਅਗੋਂ ਸਿੰਘ ਭੀ ਸੂਤ ਕੇ ਪਏ ਤੇਗਾਂ, ਤੇ ਅਕਾਲ, ਅਕਾਲ ਗਜਾਯਾ ਏ
ਦੋਹਾਂ ਪਾਸਿਆਂ ਤੋਂ ਮਾਰੋ ਮਾਰ ਮਚੀ, ਗਚ ਦਿਲਾਂ ਦਾ ਸਿੰਘਾਂ ਨੇ ਲਾਯਾ ਏ
ਜਦ ਤਕ ਨ ਛਾਨਣੀ ਹੋ ਗਏ, ਤਦ ਤਕ ਤੇਗਾਂ ਤਾਈਂ ਵਾਹਯਾ ਏ
ਦਸ, ਦਸ ਇਕ, ਇਕ ਨੇ ਮਾਰ ਢਾਏ, ਜਿਵੇਂ ਜਵਾਰ ਦਾ ਖੇਤ ਕਟਾਯਾ ਏ
ਮਾਈ ਭਾਗੋ ਨੇ ਕਾਲ ਦਾ ਰੂਪ ਧਰਕੇ, ਬਹੁਤੇ ਵੈਰੀਆਂ ਤਈਂ ਖਪਾਯਾ ਏ
ਓਸ ਟਿਬੀ ਤੋਂ ਤੀਰਾਂ ਦੀ ਮਾਰ ਕਰਕੇ, ਗੁਰਾਂ ਕਈਆਂ ਨੂੰ ਪਾਰ ਬੁਲਾਯਾ ਏ
ਅੰਤ ਪਾ ਸ਼ਹੀਦੀਆਂ ਡਿਗ ਪਏ, ਦਲ ਵੈਰੀ ਦਾ ਪਾਰ ਲੰਘਾਯਾ ਏ
ਇਨੇ ਚਿਰ ਨੂੰ ਹੋ ਦੁਪਹਿਰ ਗਈ; ਧੂੜ ਧੁਪ ਨੇ ਬਹੁਤ ਸਤਾਯਾ ਏ

ਤੁਰਕ ਤੰਗ ਹੋ ਗਏ ਕਰਤਾਰ ਸਿੰਘਾ; ਹਾਲ ਵੇਖ ਸੂਬਾ ਘਬਰਾਯਾ ਏ

### ਸੂਬੇ ਦੀ ਫੌਜ ਨੇ ਬੇਦਿਲੇ ਹੋ ਕੇ ਪਿਛਾਂ ਹਟਣਾ

ਭਾਵੇਂ ਸਿੰਘ ਮਝੈਲ ਸ਼ਹੀਦ ਹੋ ਗਏ, ਪਰ ਵੈਰੀ ਓਹਨਾਂ ਮਾਰ ਢਾਹੇ ਬਹੁਤੇ
ਨਾਲੇ ਝਾੜਾਂ ਵਿਚੋਂ ਤੀਰਾਂ ਗੋਲੀਆਂ ਦੀ, ਸਿੰਘਾਂ ਮਾਰਕੇ ਮਾਰ ਨਸਾਏ ਬਹੁਤੇ
ਇਕ ਧੁਪ ਤੇ ਘਟੇ ਨੇ ਸੰਘ ਰੋਕੇ, ਦੂਜੇ ਪਾਣੀ ਦੀ ਥੁੜ ਸਤਾਏ ਬਹੁਤੇ
ਪਏ ਬੁਲਾਂ ਉਤੇ ਜੀਭਾਂ ਤੁਰਕ ਫੇਰਨ; ਛਡ ਹੌਂਸਲੇ ਆਨ ਘਬਰਾਏ ਬਹੁਤੇ
ਸੂਬੇ ਕਹਿਆ ਕਪੂਰਿਆ ਕਿਤੇ ਪਾਣੀ, ਫੌਜੀ ਲੋਕ ਪਿਆਸੇ ਦਿਸਾਏ ਬਹੁਤੇ
ਉਸ ਆਖਯਾ ਖਾਂ ਜੀ ਪਾਣੀ ਕਿਥੇ, ਪਿਆ ਦੇਸ ਜੰਗਲ ਦੂਰ ਤਾਏ ਬਹੁਤੇ
ਇਕੋ ਢਾਬ ਹੈਸੀ ਜਿਹੜੀ ਗੁਰਾਂ ਮਲੀ, ਉਨ੍ਹਾਂ ਨਹੀਂ ਛਡੀ ਜ਼ੋਰ ਲਾਏ ਬਹੁਤੇ
ਬਾਰਾਂ ਬਾਰਾਂ ਕੋਹ ਪਾਣੀ ਨ ਕਿਤੇ ਨੇੜੇ, ਐਥੇ ਥਾਂ ਫਸੇ ਪਛਤਾਏ ਬਹੁਤੇ
ਦੇਸ ਮਾਲਵਾ ਗੁਰਾਂ ਦੇ ਪਾਸ ਕਠਾ, ਲੜਨ ਮਰਨ ਲਈ ਸਿਖ ਧਾਏ ਬਹੁਤੇ
ਸੁਖ ਲੋੜੀਦੀ ਤਾਂ ਪਿਛਾਂ ਹਟ ਚਲੋ, ਗਲਾਂ ਕਰ ਕਪੂਰੇ ਡਰਾਏ ਬਹੁਤੇ
ਸ਼ਮਸਖਾਂ ਅਤੇ ਕਾਜ਼ੀ ਅਕਬਰ ਅਲੀ, ਇਹ ਤਾਂ ਰਹੇ ਸੀ ਵੇਲਾ ਤਕਾਏ ਬਹੁਤੇ
ਕਹਿੰਦੇ ਖਾਂ ਜੀ ਸਚ ਕਪੂਰਾ ਕਹਿੰਦਾ, ਅਸੀਂ ਫਸੇ ਹਾਂ ਆਨ ਕੁਥਾਏ ਬਹੁਤੇ
ਇਹਨਾਂ ਝਾੜਾਂ ਦੀ ਸਾਨੂੰ ਨ ਵਾਕਫੀ ਏ, ਕਿਤੇ ਮਰਾਂਗੇ ਦੁਖ ਉਠਾਏ ਬਹੁਤੇ
ਚਲੋ ਮੁੜੋ ਪਿਛਾਂਹ ਕਰਤਾਰ ਸਿੰਘਾ, ਲੋਕ ਪਾਣੀ ਤੋਂ ਮਰਨ ਤਿਹਾਏ ਬਹੁਤੇ

### ਸੂਬੇ ਵਜੀਦ ਖਾਂ ਨੇ ਹੌਸਲਾ ਹਾਰ ਕੇ ਪਿਛਾਂਹ ਮੁੜਨਾ

ਤਤੇ ਘਾਹ ਸਰਹੰਦ ਤੋਂ ਧਾਯਾ ਸੀ, ਇਹ ਭੀ ਕਾਉ ਅਖੀਰਲਾ ਲਾਹ ਆਯਾ
ਮੂੰਹ ਮਾਲਵੇ ਦੇਸ ਦਾ ਦੇਖ ਆਯਾ, ਮੁਫਤ ਵਿਚ ਸਪਾਹ ਮਰਵਾ ਆਯਾ
ਫੜ ਗੁਰਾਂ ਨੂੰ ਲਾ ਇਨਾਮ ਸ਼ਾਹੀ, ਆਸ ਅਗੋਂ ਲਈ ਸਾਰੀ ਮੁਕਾ ਆਯਾ
ਮਾਰ ਟਕਰਾਂ ਵੇਖ ਕਰਤਾਰ ਸਿੰਘਾ, ਦਿਲੋਂ ਪਾ ਫਤੂਾ ਪਿਛਾਂ ਧਾ ਆਯਾ

### ਸ੍ਰੀ ਦਸਮੇਸ਼ ਜੀ ਨੇ ਲੜਾਈ ਵਾਲੇ ਥਾਂ ਆਉਣਾ

ਸਤਿਗੁਰੂ ਜੀ ਟਿਬੀ ਤੋਂ ਚਲ ਆਏ, ਜਦ ਗਏ ਵੈਰੀ ਕੁਝ ਦੂਰ ਦੇਖੇ
ਵਿਚ ਆਣ ਮੈਦਾਨ ਦੇ ਨਜ਼ਰ ਪਾਈ, ਲੋਟੇ ਸੂਰਮੇ ਸੈਂਕੜੇ ਧੂਰ ਦੇਖੇ
ਸਿੰਘ ਇਕ ਜਿਸ ਜਗਾ ਸ਼ਹੀਦ ਹੋਯਾ, ਦਸ ਤੁਰਕ ਓਥੇ ਪਏ ਜ਼ਰੂਰ ਦੇਖੇ

ਕਟੇ ਵਡੇ ਵੈਰੀ ਕਰਤਾਰ ਸਿੰਘਾ, ਕਈ ਤੜਫਦੇ ਪਏ ਰੰਜੂਰ ਦੇਖੇ

ਸ੍ਰੀ ਦਸਮੇਸ਼ ਜੀ ਨੇ ਓਹਨਾਂ ਸ਼ਹੀਦਾਂ ਨੂੰ ਵਰ ਦੇਣੇ

ਵੇਖ ਵੇਖ ਕੇ ਸਿਖਾਂ ਪਯਾਰਿਆਂ ਨੂੰ, ਮੋਹ ਨਾਲ ਰੁਮਾਲ ਪੂੰਝਾਂਵਦੇ ਜੀ
ਮੇਰਾ ਪੰਜ ਹਜਾਰੀ ਤੇ ਦਸ ਹਜਾਰੀ, ਏਸ ਤਰਾਂ ਦੇ ਬਚਨ ਸੁਨਾਂਵਦੇ ਜੀ
ਗਦ ਗਦ ਹੋ ਵਿਚ ਪ੍ਰੇਮ ਭਾਵੇ, ਚੁਕ ਚੁਕ ਛਾਤੀ ਨਾਲ ਲਾਂਵਦੇ ਜੀ
ਵਡੀ ਚਿਖਾ ਬਣਵਾ ਕਰਤਾਰ ਸਿੰਘਾ, ਓਹਦੇ ਉਤੇ ਚੜਾਈ ਜਾਂਵਦੇ ਜੀ

()ਮਾਈ ਭਾਗੋ

ਏਨੇ ਚਿਰ ਨੂੰ ਆ ਗਈ ਮਾਈ ਭਾਗੋ,ਲਗੇ ਜਖਮ ਸੀ ਜੰਗ ਮਚਾਯਾ ਉਸਨੇ
ਹਥ ਵਿਚ ਲਮੀ ਭਾਰੀ ਸਾਂਗ ਫੜੀ,ਚਰਨੀਂ ਗੁਰਾਂ ਦੀਸੀਸਨਿਵਾਯਾ ਉਸਨੇ
ਜਿਵੇਂ ਸਿੰਘ ਮਥੇਲ ਸ਼ਹੀਦ ਹੋਏ ਸਾਰਾ ਫੋਲ ਕੇ ਹਾਲ ਸੁਨਾਯਾ ਉਸਨੇ
ਨਕਸ਼ਾ ਜੰਗ ਦਾ ਖਿਚ ਕਰਤਾਰ ਸਿੰਘਾ,ਸਤਿਗੁਰਾਂ ਦੇਤਈਂਦਿਖਾਯਾ ਉਸਨੇ

ਭਾਈ ਮਹਾਂ ਸਿੰਘ

ਵਿਚੋਂ ਸਿੰਘਾਂ ਨੂੰ ਗੁਰ ਉਠਾਈ ਜਾਂਦੇ, ਛਡੀ ਜਾਂਵਦੇ ਕਰ ਸ਼ਨਾਸ ਬਾਕੀ
ਵੇਖ ਗੁਰਾਂ ਨੂੰ ਚਿੱਤ ਪਰਸੰਨ ਹੋਯਾ, ਝੁਕ ਚਰਨੀ ਸੀਸ ਨਿਵਾਯਾ ਜਲਦੀ
ਪਰ ਜ਼ਖਮਾਂ ਨਾਲ ਸੀ ਪਿਆ ਵਿੱਧਾ, ਮੁੜ ਓਸੇ ਤਰ੍ਹਾਂ ਮੂਰਝਾਯਾ ਜਲਦੀ
ਅੱਖਾਂ ਭਰ ਸਤਿਗੁਰ ਕਰਤਾਰ ਸਿੰਘਾ,ਮਹਾਂਸਿੰਘ ਨੂੰ ਬਚਨ ਸੁਨਾਯਾ ਜਲਦੀ

ਸ੍ਰੀ ਦਸਮੇਸ਼ ਜੀ

ਨੈਨ ਭਰ ਕੇ ਆਖਦੇ ਗੁਰੂ ਸਾਹਿਬ, ਕੁਝ ਆਸ ਹੈ ਤਾਂ ਵਰ ਮੰਗ ਸਿਖਾ
ਗੁਰੂ ਨਾਨਕ ਭੰਡਾਰਿਓ ਦਵਾ ਦਈਏ, ਜੋ ਚਾਹੇਂ ਸੋ ਕਰ ਨ ਸੰਗ ਸਿਖਾ
ਜੇ ਜੀਵਨਾਂ ਚਾਹੇਂ ਤਾਂ ਰਖ ਲਈਏ, ਜਿਹੜੀ ਵਾਸ਼ਨਾ ਦਸ ਨਸੰਗ ਸਿਖਾ
ਗਏ ਮੁਕਤ ਤਾਂ ਹੋ ਕਰਤਾਰ ਸਿੰਘਾ, ਜੂਝੇ ਰਣ ਕਰਕੇ ਧਰਮ ਜੰਗ ਸਿਖਾ

ਭਾਈ ਮਹਾਂ ਸਿੰਘ

ਜਿਸ ਗਲ ਨੂੰ ਢੂੰਡਦੇ ਹੈਨ ਯੋਗੀ, ਯੋਗੀ ਸਾਧ ਕੇ ਤਪ ਕਮਾਂਵਦੇ ਨੇ
ਰਾਜੇ ਭਰਥਰੀ ਤੇ ਗੋਪੀ ਚੰਦ ਜਹੇ, ਰਾਜ ਛੱਡ ਕੇ ਕੰਨ ਪੜਾਂਵਦੇ ਨੇ

---

()ਮਾਈ ਭਾਗੋ, ਸਾਹਿਬ ਜ਼ੋਰਾਵਰ ਸਿੰਘ ਦੀ ਖਿਡਾਵੀ ਸੀ

ਰਿਖੀ ਮੁਨੀ ਜਪੀ ਤਪੀ ਕਸ਼ਟ ਪਾ ਕੇ, ਜਿਸ ਰੂਪ ਨੂੰ ਵੇਖਣਾ ਚਾਂਹਵਦੇ ਨੇ
ਓਹ ਅੰਤ ਸਮੇਂ ਮੈਂ ਹਾਂ ਵੇਖ ਰਿਹਾ, ਹੋਰ ਸੁਖ ਸੰਸਾਰ ਨ ਭਾਂਵਦੇ ਨੇ
ਮੇਰੇ ਭਾਗ ਵਡੇ ਕਿਰਪਾ ਆਪ ਕੀਤੀ, ਨਸ਼ਟ ਪਾਪ ਮੇਰੇ ਹੋ ਜਾਂਵਦੇ ਨੇ
ਕਰਨੀ ਆਪਣੀ ਵੇਖ ਕਰਤਾਰ ਸਿੰਘਾ, ਮੇਰੇ ਨੈਨ ਪਏ ਸ਼ਰਮਾਂਵਦੇ ਨੇ

ਤਥਾ

ਇੱਛਾਂ ਪੂਰੀਆਂ ਸਭੇ ਹੀ ਹੋ ਗਈਆਂ, ਹੋਯਾ ਆਪ ਆ ਅੰਤ ਦੀਦਾਰ ਗੁਰਜੀ
ਪਰ ਆਸ ਇਕੋ ਚਿਤ ਰਹਿ ਗਈ ਹੈ, ਪੂਰੀ ਕਰੇ ਜੋ ਬਖਸ਼ਨ ਹਾਰ ਗੁਰਜੀ
ਪੁਤਰ ਸਦਾ ਹੀ ਕਰਦੇ ਰਹਿਣ ਭੁਲਾਂ, ਮਾਪੇ ਦੇਂਵਦੇ ਸਭ ਵਿਸਾਰ ਗੁਰਜ
ਯਥਾ—ਸੁਤ ਅਪ੍ਰਾਧ ਕਰਤ ਹੈ ਜੇਤੇ ॥ ਜਨਨੀ ਚੀਤ ਨ ਰਾਖਸ ਤੇਤੇ ॥
ਸਾਥੋਂ ਪਾਪ ਅਤੀ ਮਹਾਂ ਪਾਪ ਹੋਯਾ, ਤੁਸੀਂ ਬਖਸ਼ ਦੇਵੋ ਦੋਯਾਦਾਰ ਗੁਰਜੀ
ਬੇਦਾਹਵੇ ਦਾ ਕਾਗਜ਼ ਪਾੜ ਦਿਹੋ,ਮੇਰੀ ਬੇਨਤੀ ਹੈ ਬਹੁ ਬਾਰ ਬਾਰ ਗੁਰਜੀ
ਟੁਟੀ ਗੰਢ ਲਵੋ ਕਰਤਾਰ ਸਿੰਘਾ, ਅਸੀਂ ਅਸਾ ਭੁਲੇ ਗੁਨਾਹਗਾਰ ਗੁਰਜੀ

ਸ੍ਰੀ ਦਸਮੇਸ਼ ਜੀ

ਗੁਰਾਂ ਕਹਿਆ ਸਿਖਾ ਕੁਝ ਹੋਰ ਮੰਗ ਲੈ,ਤੇਰੇ ਲੋਕ ਪਰਲੋਕ ਜੀ ਕੰਮ ਆਵੇ
ਜੇ ਕਹੇ ਤਾਂ ਰਾਜ ਭਾਗ ਦੇਈਏ, ਹੋਰ ਕਹੇ ਜਿਹੜੀ ਤੇਰੇ ਮਨ ਭਾਵੇ
ਸੁਖ ਆਪਣੇ ਵਾਸਤੇ ਮੰਗ ਲੈ ਤੂੰ, ਪਿਛੇ ਤੇਰੀ ਜੋ ਆਲ ਔਲਾਦ ਖਾਵੇ
ਏਸ ਖਹਿੜੇ ਨ ਪੌ ਕਰਤਾਰ ਸਿੰਘਾ, ਏਸ ਗਲ ਨੂੰ ਮੇਰਾ ਨ ਮਨ ਚਾਹਵੇ

ਭਾਈ ਮਹਾਂ ਸਿੰਘ

ਮੇਰੀ ਬੇਨਤੀ ਦੀਨ ਦਿਆਲ ਏਹੋ, ਲਵੋ ਫੇਰ ਟੁਟੀ ਤਾਈਂ ਜੋੜ ਗੁਰਜੀ
ਮਾਝਾ ਕਰੋ ਨ ਸਿਖੀਓ ਮੂਲ ਖਾਰਜ, ਲਵੋ ਆਪਨਾ ਵਾਕ ਸੋ ਮੋੜ ਗੁਰਜੀ
ਔਗੁਨ ਹਾਰਿਆ ਦੇ ਔਗੁਨ ਬਖਸ਼ ਦਿਹੋ, ਬੰਦੇ ਕਰਦੇ ਭੁਲਾਂ ਕਰੋੜ ਗੁਰਜੀ
ਪਾੜ ਦਿਹੋ ਬੇਦਾਹਵਾ ਕਰਤਾਰ ਸਿੰਘਾ, ਮੈਨੂੰ ਹੋਰ ਨ ਕੁਝ ਭੀ ਲੋੜ ਗੁਰਜੀ

ਸ੍ਰੀ ਦਸਮੇਸ਼ ਜੀ ਨੇ ਬੇਦਾਹਵੇ ਦਾ ਕਾਗਜ਼ ਪਾੜ ਦੇਣਾ

ਮਹਾਂ ਸਿੰਘ ਦਾ ਵੇਖ ਕੇ ਹਠ ਸਚਾ, ਧੰਨਯ ਧੰਨ ਸਤਿਗੁਰਾਂ ਸੁਨਾਯਾ ਜੀ
ਮਾਝੇ ਵਿਚ ਤੂੰ ਖਰਯਾ ਬੀਜ ਸਿਖੀ, ਹੈਸੀ ਮਹਮਾਂ ਓਹਨਾਂ ਦਖਾਯਾ ਜੀ

ਮੇਹਰਬਾਨ ਹੋ ਜੇਬ ਤੋਂ ਕਢ ਕਾਗਜ, ਮਹਾਂ ਸਿੰਘ ਦੇ ਤਈਂ ਦਿਖਾਯਾ ਜੀ
ਫੇਰ ਸੁਟਿਆ ਪਾੜ ਕਰਤਾਰ ਸਿੰਘਾ, ਟੁਟੀ ਗੰਢ ਕੇ ਮੇਲ ਮਿਲਾਯਾ ਜੀ

ਚਾਲੀਆਂ ਮੁਕਤਿਆਂ ਦਾ ਸਸਕਾਰ

ਜਿਸ ਵਕਤ ਬੇਦਾਹਵੇ ਨੂੰ ਪਾੜ ਦਿਤਾ, ਮਹਾਂ ਸਿੰਘ ਨੇ ਦੁਖ ਭੁਲਾਏ ਸਾਰੇ
ਦਰਸ ਗੁਰਾਂ ਦਾ ਕਰਦਾ ਅੰਤ ਹੋਯਾ, ਟੁਟੀ ਗੰਢ ਉਪਕਾਰ ਕਮਾਏ ਸਾਰੇ
ਫੇਰ ਚਾਲੀਆਂ ਨੂੰ ਰਖ *ਚਿਖਾ ਉਤੇ, ਹਥੀਂ ਆਪਣੀ ਗੁਰਾਂ ਜਲਾਏ ਸਾਰੇ
ਦਿਤੀ ਵਡੀ ਵਡਿਆਈ ਕਰਤਾਰ ਸਿੰਘਾ, ਹੋਏ ਮੁਕਤੇ ਆਖ ਸੁਨਾਏ ਸਾਰੇ

ਧੰਨ ਭਾਈ ਮਹਾਂ ਸਿੰਘ

ਧੰਨ ਜਨਮ ਭਾਈ ਮਹਾਂ ਸਿੰਘ ਤੇਰਾ, ਜਿਸ ਟੁਟੀ ਹੋਈ ਫੇਰ ਜੋੜ ਲਈ
ਮਾਝਾ ਸਿਖੀਓਂ ਖਾਰਜ ਹੋ ਗਿਆ ਸੀ, ਤੇਰੀ ਦੇਸ਼ ਭਗਤੀ ਸਿਖੀ ਮੋੜ ਲਈ
ਭਲਾ ਲੋੱਚਿਆ ਤੂੰ ਸਾਰੇ ਦੇਸ਼ ਦਾ ਈ, ਦਿਲੋਂ ਤ੍ਰਿਸ਼ਨਾਂ ਦੀ ਫਾਹੀ ਤੋੜ ਲਈ
ਤੇਰਾ ਜੰਮਨਾ ਧੰਨ ਕਰਤਾਰ ਸਿੰਘਾ, ਪੈਦਾ ਹੋਯਾ ਸੈਂ ਪੰਥ ਦੀ ਲੋੜ ਲਈ

ਖਿਦਰਾਨੇ ਦੀ ਢਾਬ ਨੂੰ ਗੁਰੂ ਜੀ ਨੇ ਮੁਕਤਸਰ ਦੀ ਪਦਵੀ ਬਖਸ਼ਨੀ

ਜਿਵੇਂ ਪਾਰਸ ਲੋਹੇ ਨੂੰ ਕਰੇ ਸੋਨਾ, ਚੰਦਨ ਨਾਲ ਅਰਿੰਡ ਭੀ ਤਰ ਗਿਆ
ਕੀੜਾ ਜਿਸ ਤਰ੍ਹਾਂ ਫੁਲਦਾ ਸੰਗ ਕਰਕੇ, ਬਾਦਸ਼ਾਹ ਦੇ ਮੁਕਤ ਤੇ ਚੜ੍ਹ ਗਿਆ
ਟਾਂਕਾ ਕਲੀ ਦਾ ਰਲਕੇ ਨਾਲ ਸੋਨੇ, ਉਹ ਵੀ ਸੋਨੇ ਦਾ ਪਾ ਦਰ ਗਿਆ
ਸੰਗ ਗੁਰਾਂ ਦਾ ਪਾ ਕਰਤਾਰ ਸਿੰਘਾ, ਖਿਦਰਾਨਿਓਂ ਹੋ ਮੁਕਤਸਰ ਗਿਆ

ਤਥਾ

ਜਿਥੇ ਇਕ ਰਿਖੀ ਮੁਨੀ ਤਪ ਕਰੇ, ਉਹ ਪੂਜਨੇ ਯੋਗ ਸੋ ਥਾਨ ਹੋਵੇ
ਧਰਮ ਹਿਤ ਸ਼ਹੀਦ ਹੋਏ ਸਿੰਘਾ ਏਥੇ, ਏਹ ਥਾਨ ਪਵਿਤ੍ਰ ਮਹਾਨ ਹੋਵੇ
ਕਿਸੇ ਸਮੇਂ ਏਥੇ ਹੋਣੇ ਬੜੀ ਲੀਲ੍ਹਾ, ਏਹ ਜਗ੍ਹਾ ਪਰਗਟ ਜਹਾਨ ਹੋਵੇ
ਸਤਿਸੰਗ ਦਾ ਚਲੇ ਪਰਵਾਹ ਭਾਰਾ, ਵਿਚ ਜੰਗਲਾਂ ਦੇ ਮੰਗਲ ਆਨ ਹੋਵੇ
ਸਾਫ ਦਿਲ ਹੋ ਕਰੇ ਅਸ਼ਨਾਨ ਜਿਹੜਾ, ਦੂਰ ਪਾਪ ਸਰਾਪ ਪੰਛਾਨ ਹੋਵੇ

---

*ਜਿਥੇ ਸਸਕਾਰ ਕੀਤਾ ਸੀ, ਉਸ ਥਾਂ ਦਾ ਨਾਮ ਸ਼ਹੀਦ ਗੰਜ ਹੈ ਤੇ ਜਿਥੇ ਕਪੜੇ ਝਾੜ ਕੇ ਤੰਬੂ ਵਿਛਾਏ ਸਨ, ਉਸ ਥਾਂ ਦਾ ਨਾਮ ਤੰਬੂ ਸਾਹਿਬ ਹੈ।

ਏਹ ਤੀਰਥ ਬੜਾ ਕਰਤਾਰ ਸਿੰਘਾ, ਮੁਕਤਸਰ ਮੁਕਤੀ ਘਰ ਮਾਨ ਹੋਵੇ

ਤਥਾ

ਧਰਮ ਯੁਧ ਕਰ ਕੇ ਸਿੰਘ ਮੁਕਤ ਹੋਏ, ਮੁਕਤਸਰ ਸੋ ਏਸਦਾ ਨਾਮ ਹੋਵੇ
()ਚਾਲੀ ਮੁਕਤਿਆਂ ਦੀ ਯਾਦਗਾਰ ਵੱਡੀ, ਮਸ਼ਹੂਰ ਜਹਾਨ ਤਮਾਮ ਹੋਵੇ
ਏਥੇ ਜੰਗ ਦੀ ਭੀ ਹੋ ਗਈ ਮੁਕਤੀ, ਹਰ ਸਾਲ ਮੇਲਾ ਏਥੇ ਆਨ ਹੋਵੇ
ਜੋ ਕਰੇ ਅਸ਼ਨਾਨ ਕਰਤਾਰ ਸਿੰਘਾ, ਵਾਸਾ ਓਸਦਾ ਗੁਰੂ ਕੇ ਧਾਮ ਹੋਵੇ

ਵਾਕ ਕਵੀ

ਮਾਹ †ਜੇਠ ਵਿਸਾਖ ਦਾ ਸੰਧ ਹੈਸੀ, ਤੇ ਸਤਾਰਾਂ ਸੌ ਬਾਠ ਵਚਾਰ ਭਾਈ
ਧੁਪ ਬਹੁਤ ਹੋਵੇ ਜੰਗਲ ਦੇਸ ਅੰਦਰ, ਕਰੇ ਸਭ ਦੇ ਤਈਂ ਲਾਚਾਰ ਭਾਈ
ਸਤਿਗੁਰਾਂ ਅਗੇ ਕੂਚ ਬੋਲ ਦਿਤਾ, ਮੁਰਦੇ ਜ਼ਖਮੀਆਂ ਤਈਂ ਸਵਾਰ ਭਾਈ

---

()ਇਹਨਾਂ ਮੁਕਤਿਆਂ ਦੇ ਨਾਮ ਪਹਿਲੇ ਲਿਖਣ ਵਾਲਿਆਂ ਨੇ ਏਹ ਲਿਖੇ ਹਨ, ਅਗੇ ਗੁਰੂ ਜਾਣੇ, ਏਹੋ ਹਨ ਜਾਂ ਹੋਰ ਪਰ ਸੰਗ ਉਹਨਾ ਦੇ ਪਿੰਡ ਆਦਿਕ ਕਿਸੇ ਦਾ ਪਤਾ ਨਹੀਂ—
੧—ਮਾਨ ਸਿੰਘ, ੨—ਭਾਗ ਸਿੰਘ, ੩—ਦਿਲਬਾਗ ਸਿੰਘ, ੪—ਦਿਆਲ ਸਿੰਘ, ੫—ਕਿਰਪਾਲ ਸਿੰਘ, ੬—ਦਰਬਾਰਾ ਸਿੰਘ, ੭—ਨਿਧਾਨ ਸਿੰਘ, ੮—ਖੁਸ਼ਾਲ ਸਿੰਘ, ੯—ਨਿਹਾਲ ਸਿੰਘ, ੧੦—ਗੰਡਾ ਸਿੰਘ, ੧੧—ਜਿੰਦਾ ਸਿੰਘ, ੧੨—ਸੁਹੇਲ ਸਿੰਘ, ੧੩—ਚੰਪਾ ਸਿੰਘ, ੧੪—ਹੀਰਾ ਸਿੰਘ, ੧੫—ਸਮੀਰ ਸਿੰਘ, ੧੬—ਸੁਲਤਾਨ ਸਿੰਘ, ੧੭—ਮਾਯਾ ਸਿੰਘ, ੧੮—ਮਜਾ ਸਿੰਘ, ੧੯—ਸਾਧੂ ਸਿੰਘ, ੨੦—ਗੁਲਾਬ ਸਿੰਘ, ੨੧—ਹਰਸਾ ਸਿੰਘ, ੨੨—ਸੰਤ ਸਿੰਘ, ੨੩—ਸੁਰਜਨ ਸਿੰਘ, ੨੪—ਹਰੀ ਸਿੰਘ, ੨੫—ਧੰਨਾ ਸਿੰਘ, ੨੬—ਕਰਨ ਸਿੰਘ, ੨੭—ਸੋਹਣ ਸਿੰਘ, ੨੮—ਲਛਮਨ ਸਿੰਘ, ੨੯—ਬੂਘਾ ਸਿੰਘ, ੩੦—ਕੀਰਤ ਸਿੰਘ, ੩੧—ਸੰਤਾ ਸਿੰਘ, ੩੨—ਜੈਤਾ ਸਿੰਘ, ੩੩—ਸੁੱਧਾ ਸਿੰਘ, ੩੪—ਭੰਗਾ, ੩੫—ਧਰਮ ਸਿੰਘ, ੩੬—ਕਰਮ ਸਿੰਘ, ੩੭—ਘਰਬਾਰ ਸਿੰਘ, ੩੮—ਦਸੌਂਧਾ ਸਿੰਘ, ੩੯—ਰੂਪ ਸਿੰਘ, ੪੦—ਮਹਾਂ ਸਿੰਘ, ਅਤੇ ਮਾਈ ਭਾਗੋ।

†ਏਹ ਜੰਗ ਗਰਮੀਆਂ ਦੇ ਦਿਨਾਂ ਵਿਚ ਹਯਾ ਸੀ, ਪਰ ਏਸ ਦੀ ਯਾਦਗਾਰ ਵਿਚ ਮੇਲਾ ਭਾਈ ਲੰਗਰ ਸਿੰਘ ਦੇ ਸਿੰਘਾਂ ਦੇ ਦਲ ਨਾਲ ਸਲਾਹ ਕਰਕੇ ਮਾਘੀ ਦਾ ਮੁਕਰਰ ਕੀਤਾ, ਏਹ ਏਸ ਵਾਸਤੇ ਕਿ ਗਰਮੀਆਂ ਵਿਚ ਤਥੇਂ ਮਾਲਵੇ ਅੰਦਰ ਪਾਣੀ ਦੀ ਬੜੀ ਔਖਯਾਈ ਹੁੰਦੀ ਸੀ।

### ਸ੍ਰੀ ਦਸਮੇਸ਼ ਜੀ ਨੇ ਮੁਕਤਸਰੋਂ ਕੂਚ ਕਰਨਾ

ਮੁਕਤਸਰ ਤੋਂ ਸਤ ਕੋਹ ਚਲ ਅਗੇ, ਪਹੁੰਚੇ ਗੁਰੂ ਜੀ ਨਾਂਗੇ ਸਰਾਇ ਭਾਈ
ਕੰਢੇ ਢਾਬ ਦੇ ਉਤਰੇ ਜਾ ਕਰਕੇ, ਦੂਜੀ ਤਰਫ ਰਹਿੰਦਾ ਯੋਗੀ ਰਾਇ ਭਾਈ
ਉਮਰ ਚੋਦਾਂ ਸੌ ਬ੍ਰਸ ਕ੍ਰੀਬ ਲਿਖੀ, ਪਰ ਗਯਾਨ ਬਿਨਾ ਖਾਲੀ ਜਾਇ ਭਾਈ
ਪਹਿਲਾਂ ਉਮ੍ਰ ਦਾ ਓਸ ਗੁਮਾਨ ਕੀਤਾ, ਬਾਲ ਗੁਰਾਂ ਦੇਤਈਂ ਬਤਾਇ ਭਾਈ
ਫੇਰ ਵੇਖ ਕੇ ਸ਼ਕਤੀ ਕਰ ਦਰਸ਼ਨ, ਲਗਾ ਚਰਨੀਂ ਸੀਸ ਝੁਕਾਇ ਭਾਈ
ਦੂਜੇ ਦਿਨ ਉਥੋਂ ਗੁਰਾਂ ਕੂਚ ਕੀਤਾ; ਯੋਗੀ ਰਾਜ ਨੂੰਗਯਾਨ ਦ੍ਰਿੜਾਇ ਭਾਈ
ਜਾ ਉਤਰੇ ਪਾਸ ਨੌਥੇਹੇ ਦੇ ਜੀ, ਅਗੋਂ ਚੌਧਰੀ ਮਿਲਨ ਨ ਆਇ ਭਾਈ
ਡੋਗਰ ਗੋਤ ਦੇ ਵਸਦੇ ਪਾਹੀ ਉਥੇ,ਉਹਨਾਂ ਸੇਵਾ ਕੀਤੀ ਦਿਲ ਲਾਇ ਭਾਈ
ਗੁਰਾਂ ਆਖਯਾ ਡੋਗਰੇ ਮੰਗਲੋਂ ਕੁਝ, ਉਨ੍ਹਾਂ ਅਰਜ਼ ਕੀਤੀ ਘਿਗਿਆਇ ਭਾਈ
ਸਾਡੇ ਪਾਸ ਜ਼ਮੀਨ ਦਾ ਨਹੀਂ ਮਰਲਾ, ਕਿਤੋਂ ਦਿਹੋ ਜ਼ਮੀਨ ਦਵਾਇ ਭਾਈ
ਸਤਿਗੁਰਾਂ ਨੌਥੇਹੇ ਤੋਂ ਦੂਰ ਜਾ ਕੇ, ਕਹਿਆ ਏਥੇ ਘੋੜਾ ਲੌ ਫਿਰਾਇ ਭਾਈ
ਜਿੰਨੀ ਚਾਹੀਦੀ ਜ਼ਿਮੀਂ ਸੋ ਮਲ ਲਵੋ, ਪਿੰਡ ਆਪਣੇ ਲਵੋ ਵਸਾਇ ਭਾਈ
ਢੂੰਹਪਿੰਡਾਂ ਦੀਜ਼ਿਮੀਂਦੇ ਵਿਚ ਉਨ੍ਹਾਂ,ਲਈਆਂ ਮੋੜ੍ਹੀਆਂ ਸਾਰੇ ਗਡਾਇ ਭਾਈ
ਫਤੂ, ਸੱਮੂ ਦੀਆਂ ਹੁਣ ਟਾਹਲੀਆਂ ਜੀ; ਹੁਣ ਉਘੀਆਂ ਓਹ ਸਥਾਇ ਭਾਈ
ਗੁਰੂ ਰਹੇ ਨਤਾਣਿਆਂ ਤਾਨ ਦੇਂਦੇ, ਤੇ ਨਥਾਵਿਆਂ ਥਾਨ ਦਿਲਾਇ ਭਾਈ
ਪਾ ਲਈ ਮੁਰਾਦ ਕਰਤਾਰ ਸਿੰਘਾ, ਜਿਨ੍ਹਾਂ ਚਰਨੀ ਸੀਸ ਨਿਵਾਇ ਭਾਈ

### ਵਜੀਦ ਪੁਰ ਜਾਣਾ ਤੇ ਤਿੱਤਰ ਦੀ ਸਾਖੀ

ਨੌਥੇਹੇ ਤੋਂ ਪਹੁੰਚੇ ਵਜੀਦ ਪੁਰੇ, ਕਟੀ ਰਾਤ ਚੜ੍ਹਿਆ ਦਿਨ ਆ ਕੇ ਜੀ
ਤਿਤਰ ਬੋਲਿਆ ਝਾੜੀਆਂ ਵਿਚ ਨੇੜੇ, ਕੀਤਾ ਸਤਿਗੁਰਾਂ ਬਚਨ ਸੁਨਾਕੇ ਜੀ
'ਜਾਂ ਬੋਲਿਆ ਤਾਂ ਅਸਾਂ ਲਭ ਲਿਆ', ਓਸੇ ਵਕਤ ਘੋੜਾ ਮੰਗਾਵਾ ਕੇ ਜੀ
ਚੜ੍ਹ ਪਏ ਸ਼ਿਕਾਰ ਤੇ ਝਟ ਦੇ ਕੇ, ਬਾਜ ਛਡਿਆ ਉਸ ਤੇ ਜਾ ਕੇ ਜੀ
ਤਿਤਰ ਝਾੜੀਆਂ ਦੇ ਵਿਚ ਭਜ ਖਲਾ, ਪਿਛੇ ਬਾਜ ਲਗਾ ਗੁਸਾ ਖਾ ਕੇ ਜੀ
ਪੰਜਾਂ ਕੋਹਾਂ ਤੇ ਜਾ ਕੇ ਫੜ ਲਿਆ, ਬੁਰੀ ਤਰਾਂ ਦੇ ਨਾਲ ਹਫਾ ਕੇ ਜੀ

ਗੁਰਾਂ ਫੜ ਕੇ ਓਸ ਦੇ ਖੰਭ ਖੋਹੇ, ਜੀਉਂਦਾ ਬਾਜ ਦੇ ਅਗੇ ਸੁਟਾ ਕੇ ਜੀ
ਬਾਜ ਤੋੜ ਕੇ ਖਾਂਵਦਾ ਮਾਸ ਉਹਦਾ, ਖਲੇ ਤਕਦੇ ਨਜ਼ਰ ਟਿਕਾ ਕੇ ਜੀ
ਦਾਨ ਸਿੰਘ ਬੈਰਾੜ ਹੈਰਾਨ ਹੋਇਆ, ਕਰੇ ਬੇਨਤੀ ਸੀਸ ਝੁਕਾ ਕੇ ਜੀ
ਸਤਿਗੁਰੂ ਜੀ ਤੁਸੀਂ ਹੋ ਬੜੇ ਡਾਢੇ, ਕੀਹ ਲਿਆ ਤਿਤਰ ਮਰਵਾ ਕੇ ਜੀ
ਦਾਨ ਸਿੰਘ ਤੈਨੂੰ ਕੁਝ ਭੇਦ ਨਹੀਂ; ਸੁਣ ਸਾਡੀ ਗਲ ਦਿਲ ਲਾ ਕੇ ਜੀ
ਤਿਤਰ ਜਟ ਤੇ ਬਾਜ ਇਹ ਕਤਰੀ ਸੀ; ਲੈਨ ਦੇਣ ਕਰਦੇ ਨਿਤ ਭਾ ਕੇ ਜੀ
ਜਟ ਜਾਮਨੀ ਗੁਰਾਂ ਦੀ ਦੇ ਕਰਕੇ, ਲੈ ਗਿਆ ਕਰਜ਼ਾ ਚਕਵਾ ਕੇ ਜੀ
ਫਿਰ ਮਾਰ ਬੈਠਾ ਦਿਤਾ ਮੋੜ ਕੇ ਨ, ਸਾਨੂੰ ਜਾਮਣੀ ਵਿਚ ਫਸਾ ਕੇ ਜੀ
ਅਸਾਂ ਹੁਣ ਓਹ ਜ਼ਾਮਨੀ ਪੂਰੀ ਕੀਤੀ, ਲੇਖਾ ਇਨ੍ਹਾਂ ਦਾ ਸਾਰਾ ਮੁਕਾ ਕੇ ਜੀ
ਸਿਖ ਚੁਪ ਹੋ ਗਏ ਕਰਤਾਰ ਸਿੰਘਾ, ਤੂੰ ਧੰਨਜ ਸਤਿਗੁਰੂ ਅਲਾ ਕੇ ਜੀ

### ਫੇਰ ਰੁਪੈਆਣੇ ਆਉਣਾ ਤੇ ਘੋਗੜ ਦੀ ਸਾਖੀ

ਦੌਰਾ ਕਰ ਫੀਰੋਜ਼ਪੁਰ ਸ਼ਹਿਰ ਗਿਰਦ, ਮੁੜ ਫੇਰ ਰੁਪੈਆਣੇ ਆਇ ਗੁਰਜੀ
ਇਕ ਸਾਮ੍ਹਣੇ ਸੀ ਚਿਟੀ ਗਿਰਝ ਬੈਠੀ, ਚੰਗੀ ਤਰ੍ਹਾਂ ਵੇਖੀ ਨੀਝ ਲਾਇ ਗੁਰਜੀ
ਝਟ ਮਾਰ ਕੇ ਪਾਰ ਬੁਲਾ ਦਿਤੀ, ਤੇਰਾ ਮੁਕਾ ਲੇਖਾ ਇਹ ਸੁਨਾਏ ਗੁਰਜੀ
ਜ਼ੋਰਾ ਸਿੰਘ ਕਹਿੰਦਾ ਕਰਤਾਰ ਸਿੰਘਾ, ਇਹ ਬੇਦੋਸੀ ਮਾਰੀ ਉਲਟਾਏ ਗੁਰਜੀ

### ਰਬਾ

ਮਹਾਰਾਜ ਬੋਲੇ ਸੁਣ ਜ਼ੋਰਾ ਸਿੰਘਾ, ਇਸ ਬੜਾ ਅਪਰਾਧ ਕਮਾਯਾ ਹੈਸੀ
ਪਹਿਲੇ ਜਨਮ ਦੇ ਵਿਚ ਇਹ ਸੀ ਰਾਜਾ, ਵਡਾ ਚਿਤ ਹੰਕਾਰ ਸਮਾਯਾ ਹੈਸੀ
ਕੁਆਰੀ ਕੰਨਯਾਂ ਇਕ ਸੀ ਰੂਪਵੰਤੀ; ਚਿਤ ਓਸਦੇ ਉਤੇ ਡੁਲਾਯਾ ਹੈਸੀ
ਜਦ ਉਸ ਦਾ ਸਤ ਗਵਾਨ ਲਗਾ, ਕਰ ਕੋਪ ਉਸ ਬਚਨ ਸੁਨਾਯਾ ਹੈਸੀ
ਓਸ ਕੰਨਯਾਂ ਸੰਖੀਆਂ ਖਾ ਲਿਆ, ਇਸ ਤਾਈਂ ਸਰਾਪ ਦਿਵਾਯਾ ਹੈਸੀ
ਸੌ ਜਨਮ ਪਾਈਂ ਵਿਚ ਘੋਗੜਾਂ ਦੇ, ਫਲ ਭੋਗਨਾ ਸਿਰ ਤੇ ਆਯਾ ਹੈਸੀ
ਤੈਨੂੰ ਗੰਦ ਦੀ ਖਾਹਸ਼ ਸੀ ਗੰਦ ਖਾਈਂ, ਫਿਰ ਸੁਣ ਸਰਾਪ ਕੰਬਾਯਾ ਹੈਸੀ
ਕਰੇ ਬੇਨਤੀ ਦੇਵੀ ਹੁਣ ਬਖਸ਼ ਲਈਂ, ਪਾਪ ਚੜ੍ਹ ਕੇ ਸਿਰ ਡੁਲਾਯਾ ਹੈਸੀ
ਮੇਰੇ ਭਲੇ ਦੀ ਭੀ ਗਲ ਦਸ ਜਾਵੀਂ, ਦਯਾ ਕੰਨਯਾਂ ਕਰ ਫਰਮਾਯਾ ਹੈਸੀ

ਦੋ ਦਿਨ ਰਹਿ ਕਾਲ ਝਿਰਾਨੀ ਪਹੁੰਚੇ, ਇਕ ਸਪ ਤੇ ਕਾਂ ਮਰਵਾਂਵਦੇ ਨੇ
ਪੁਛੀ ਸਿਖਾਂ ਨੇ ਦੋਹਾਂ ਦੀ ਜਦੋਂ ਕਥਾ, ਮਹਾਰਾਜ ਜੀ ਇਉਂ ਸੁਨਾਂਵਦੇ ਨੇ
ਏਹ ਕਾਓਂ ਤਾਂ ਗੁਰਾਂ ਦਾ ਲਾਂਗਰੀ ਸੀ, ਪਿਛੇ ਹੋਈ ਜੋ ਗਲ ਲਿਖਾਂਵਦੇ ਨੇ
ਪ੍ਰਸ਼ਾਦਿ ਦੇਂਦਾ ਬੜਾ ਖਿਝਦਾ ਸੀ, ਕਹਿੰਦਾ ਰਹਿੰਦਾ ਏ ਸਿਖ ਸਤਾਂਵਦੇ ਨੇ
ਇਕ ਦਿਨ ਇਕ ਸਿਖ ਪ੍ਰਸ਼ਾਦਿ ਚਾਹਯਾ, ਏਹ ਬਕਿਆ ਬੜਾ ਅਕਾਂਵਦੇ ਨੇ
ਕਾਓਂ ਵਾਂਗ ਓਹਨੂੰ ਝਈ ਲੈ ਪਿਆ, ਕਹਿੰਦਾ ਇਕ ਵਾਰ ਨਹੀਂ ਆਂਵਦੇ ਨੇ
ਕਹਿਆ ਸਿਖ ਨੇ ਤੂੰ ਤਾਂ ਇਉਂ ਕਰੇਂ, ਜਿਵੇਂ ਕਾਓਂ ਭੈੜੇ ਕੁਰਲਾਂਵਦੇ ਨੇ
ਤੈਨੂੰ ਚਾਹੀਦੀ ਕਾਓਂ ਦੀ ਜੂਨ ਹੈ ਸੀ, ਐਵੇਂ ਸਿਖ ਦੇ ਬਚਨ ਨ ਜਾਂਵਦੇ ਨੇ
ਮਰ ਕਾਓਂ ਹੋਯਾ ਕਰਤਾਰ ਸਿੰਘਾ, ਸਤਿਗੁਰੂ ਜੀ ਇਉਂ ਫੁਰਮਾਂਵਦੇ ਨੇ

### ਤਥਾ ਸਰਪ ਦੀ ਸਾਖੀ

ਏਹ ਸਪ ਮਸੰਦ ਸੀ ਗੁਰੂ ਘਰ ਦਾ, ਕਾਰ ਭੇਟਾ ਸੀ ਬਹੁਤ ਚੁਰਾਈ ਇਸਨੇ
ਮਰਨ ਲਗੇ ਨੂੰ ਭੀ ਨ ਸੰਤੋਖ ਆਯਾ, ਸੁਰਤ ਮਾਯਾ ਦੇ ਵਿਚ ਟਿਕਾਈ ਇਸਨੇ
ਅੰਤ ਕਾਲ ਸੁਰਤੀ ਰਹੀ ਵਿਚ ਮਾਯਾ, ਮਰ ਸਰਪ ਦੀ ਜੂਨ ਸੋ ਪਾਈ ਇਸਨੇ
ਤਾਰੇ ਸੇਵਕ ਜਾਨ ਕਰਤਾਰ ਸਿੰਘਾ, ਧੰਨ ਗੁਰੂ ਗਤੀ ਤੇਰੀ ਪਾਈ ਇਸਨੇ

### ਬੈਰਾੜਾਂ ਨੇ ਤਲਬ ਮੰਗਣੀ

ਪਹੁੰਚੇ ¹ਗੁਰੂਸਰ ਕਾਲ ਝਰਾਨੀਓਂ ਆ ਅਗੇ ਪਿੰਡ ਬੰਬੀਹੇ ਸੋ ਆਏ ਗੁਰ ਜੀ
ਓਥੇ ਵੇਖ ਪਰੇਮ ਦੋ ਦਿਨ ਰਹੇ, ਲੋਕ ਬਹੁਤੇ ਹੀ ਸਿੰਘ ਸਜਾਏ ਗੁਰ ਜੀ
ਏਸੇ ਥਾਂ ਪੰਜਾਬ ਦੀ ਆਈ ਸੰਗਤ, ਖੁਸ਼ ਹੋ ਕੇ ਦਰਸ਼ਨ ਪਾਏ ਗੁਰ ਜੀ
ਰੋਹਲੇ ਥਾਣੀ ਹੋ ਕੇ ਜੰਘੀ ਰਾਣੇਆਏ, ਡੇਰੇ ਰਾਤ ਫਤੇਆਣੇ ਲਾਏ ਗੁਰ ਜੀ
ਓਥੋਂ ਵਹਿਮੀ ਫਕੀਰ ਦੇ ਆਏ ਟਿਬੇ, ਏਥੇ ਹੋਰ ਭੀ ਭਾਣੇ ਰਚਾਏ ਗੁਰ ਜੀ
ਤਲਬਾਂ ਲੈਣ ਨੂੰ ਅੜ ਬੈਰਾੜ ਖਲੇ ਕਹਿੰਦੇ ਦਿਹੋ ਸਾਸ਼ੀਤਲ ਬਚਾਏ ਗੁਰ ਜੀ
ਏਥੋਂ ਤਦ ਅਗੇ ਅਸੀਂ ਟੁਰਾਂਗੇ ਜੀ, ਲੇਖਾ ਪਿਛਲਾ ਦਿਹੋ ਚੁਕਾਏ ਗੁਰ ਜੀ
ਕਾਹਲੀ ਕਰੋ ਨਾਹੀਂ ਸਭੋ ਮਿਲ ਜਾਊ, ਆਖ ਆਖ ਬਹੁਤੇ ਸਮਝਾਏ ਗੁਰ ਜੀ
ਮੰਨੀਂ ਇਕ ਨ ਮੂਰਖਾਂ ਭੂਤਿਆਂ ਨੇ, ਵਾਗੋਂ ਫੜ ਲਏ ਅਟਕਾਏ ਗੁਰ ਜੀ

---

¹ਇਥੇ ਪ੍ਰਿਥੀਚੰਦ ਦੀ ਔਲਾਦ ਦੇ ਸੋਢੀ ਰਹਿੰਦੇ ਸਨ।

ਗੁਰੂ ਕਰੇ ਉਧਾਰ ਕਰਤਾਰ ਸਿੰਘਾ, ਓਸ ਸਾਡੇ ਜਿੰਮੇ ਫਰਜ਼ ਲਾਯਾ ਹੈਸੀ

ਤਥਾ

ਸੌ ਜਨਮ ਦਾ ਸਾਨੂੰ ਉਡੀਕਦਾ ਸੀ, ਬਹੁਤ ਫਲ ਇਸ ਪਾਪ ਦਾ ਪਾਯਾ ਏ
ਬ੍ਰਿਥਾ ਗਿਆ ਸਰਾਪ ਨ ਕੰਨਯਾਂ ਦਾ, ਰੀਂਦ ਫੱਲ ਕੇ ਦੁਖ ਉਠਾਯਾ ਏ
ਸੌ ਜਨਮ ਹੁਣ ਏਸਦਾ ਹੋਯਾ ਪੂਰਾ, ਏਸੇ ਵਾਸਤੇ ਮਾਰ ਮੁਕਾਯਾ ਏ
ਤੇਰੀ ਤੂੰਹੇਂ ਹੀ ਜਾਣੇ ਕਰਤਾਰ ਸਿੰਘਾ, ਤੇਰਾ ਕਿਸੇ ਨੂੰ ਭੇਦ ਨ ਆਯਾ ਏ

ਰੂਪੇਆਣੇਂ ਤੋਂ ਚਲ ਕੇ ਥੇੜ੍ਹੀ ਪਿੰਡ ਵਿਚ ਯੋਗੀ ਦਾ ਉਧਾਰ ਕਰਨਾ

ਰੂਪੇਆਣਿਓਂ ਚਲ ਇਕ ()ਢਾਬ ਕੰਢੇ, ਸਤਿਗੁਰਾਂ ਨੇ ਕਟੀ ਦੁਪਹਿਰ ਹੈਸੀ
ਓਦੋਂ ਚਲ ਅਗੇ †ਥੇੜ੍ਹੀ ਜਾ ਰਹੇ, ਯੋਗੀ ਰਹਿੰਦਾ ਓਥੇ ਨਾਲ ਲਹਿਰ ਹੈਸੀ
ਕਰਾਮਾਤ ਦਿਖਾਓ ਓਹ ਆਖਦਾਆ, ਗੁਰਾਂ ਕਹਿਆ ਦਖਲਾਨੀ ਕੋਹਰ ਹੈਸੀ
ਯੋਗੀ ਹਠ ਕੀਤਾ ਗੁਰਾਂ ਖਿਚ ਲਿਆ, ਓਹਦੇ ਵਿਚਜੋ ਸਿਧੀਦਾ ਜ਼ਹਰ ਹੈਸੀ
ਹਥ ਜੋੜਕੇ ਚਰਨੀ ਡਿਗ ਪਿਆ, ਡਿਠਾ ਗੁਰਾਂ ਨੂੰ ਸਿਧੀ ਦਾ ਬਹਿਰ ਹੈਸੀ
ਸੂਰਜ ਸਾਮ੍ਹਣੇ ਭਲਾ ਕਰਤਾਰ ਸਿੰਘ, ਕਿਵੇਂ ਜੁਗਨੂੰ ਸਕਦਾ ਠਹਿਰ ਹੈਸੀ

ਕਾਲਝਿਰਾਨੀ ਪਹੁੰਚਣਾ, ਕਾਲੇ ਸਰਪ ਤੇ ਕਾਲੇ ਕਾਉਂ ਦੀ ਸਾਖੀ

ਚਲ ਥੇੜ੍ਹੀ ਤੋਂ ਭੂੰਦੜੀ ਪਿੰਡ ਆਏ, ਓਥੋਂ ਡੇਰੇ ()ਹਰੀਪੁਰ ਲਾਂਵਦੇ ਨੇ

---

()ਏਹ ਢਾਬ ਰੂਪੇ ਆਣਿਓਂ ਦਖਨ ਵਲ ਪੰਜ ਕਹ ਤੇ ਹੈ ਹੁਣ ਏਸ ਦਾ ਨਾਮ ਗੁਰੂ ਸਰ ਹੈ।

†ਥੇੜ੍ਹੀ ਇਕ ਮੁਸਲਮਾਨ ਫਕੀਰ ਦੇ ਮਕਬਰੇ ਵਿਚ ਯੋਗੀ ਰਹਿੰਦਾ ਸੀ, ਓਹ ਅਗੇ ਵੀ ਦੋ ਤਿੰਨ ਵਾਰੀ ਗੁਰੂ ਜੀ ਨੂੰ ਮਿਲਯਾ ਤਾਂ ਏਹ ਸਵਾਲ ਕਰਦਾ ਰਿਹਾ ਕਿ ਕੁਝ ਕਰਾਮਾਤ ਦਿਖਾਵੋ ਤੇ ਹੁਣ ਭੀ ਓਹੋ ਗਲ ਆਖੀ, ਭਾਵੇਂ ਗੁਰੂ ਜੀ ਤਾਂ ਟਾਲਾ ਕਰਦੇ ਰਹੇ ਪਰ ਓਸਨੇ ਜ਼ਰੂਰੀ ਜ਼ਿਦ ਕੀਤੀ ਤਾਂ ਸਤਿਗੁਰਾਂ ਓਸਦੀ ਯੋਗ ਸ਼ਕਤੀ ਖਿਚ ਲਈ ਤੇ ਓਹ ਖਾਲੀ ਰਹਿ ਗਿਆ। ਏਹ ਤਾਕਤ ਦੇਖ ਕੇ ਉਸ ਨੇ ਚਰਨ ਫੜ ਲਏ, ਗੁਰਾਂ ਨੇ ਹਠ ਯੋਗ ਛੁਡਾ ਕੇ ਸਹਿਜ ਯੋਗ ਬਖਸ਼ਿਆ।

()ਹਰੀਪੁਰ– ਏਥੇ ੧੯੪੨ ਬਿਕ੍ਰਮੀ ਨੂੰ ਕੂਏਂ ਸਿੰਘਾਂ ਨੇ ਤਾਲ ਪੁੱਟਿਆ ਤਾਂ ਵਿਚੋਂ ਇਕ ਸੰਦੂਕ ਨਿਕਲਿਆ, ਓਸ ਵਿਚ ਸੰਗ ਮਰਮਰ ਦੀਆਂ ਚਰਨ ਪਾਦੁਕਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਦੀਆਂ ਤੇ ਦੋ ਹੁਕਮਨਾਮੇ ਸ੍ਰੀ ਦਸਮੇਸ਼ ਜੀ ਦੇ ਨਿਕਲੇ ਏਸ ਢਾਬ ਦਾ ਨਾਮ ਕਿਸੇ ਸਮੇਂ ਬਟ ਤੀਰਥ ਸੀ। (ਤਵਾਰੀਖ ਭਾਈ ਗਯਾਨ ਸਿੰਘ)

ਡੇਰਾ ਲੁਟਲਾਂਗੇ ਨਹੀਂ ਤਾਂ ਦਿਹੋ ਤਲਬਾਂ, ਹਟੇ ਮੂਲ ਨ, ਰਹੇ ਹਟਾਏ ਗੁਰਜੀ
ਯਾਂ ਤਲਬਾਂ ਲਵੋ ਯਾ ਸਿਖ ਹੋਵੋ, ਇਹ ਭੀ ਮਾਰ ਦਾਬਾ ਧਮਕਾਏ ਗੁਰਜੀ
ਬੋਲੇ ਜਟ ਪਹਿਲਾਂ ਤਲਬ ਦੇ ਲੋ ਖਾਂ, ਪਿਛੋਂ ਲਵਾਂਗੇ ਫੇਰ ਬਨਾਏ ਗੁਰਜੀ
ਨਾਲੇ ਦੇਸ ਦੇ ਵਿਚ ਪੈ ਕਾਲ ਰਿਹਾ, ਤੁਸੀਂ ਬਰਖਾ ਦਿਹੋ ਪਵਾਏ ਗੁਰਜੀ
ਅੰਤ ਵੇਖਕੇ ਹਠ ਉਹ ਜਾਹਿਲਾਂ ਦਾ, ਉਸੇ ਥਾਂ ਘੋੜਾ ਠਹਿਰਾਏ ਗੁਰਜੀ
ਸਤਿਨਾਮ ਕਹਿ ਤੀਰ ਚੜ੍ਹਾ ਚਿਲੇ, ਦੇਨ ਵਲ ਅਕਾਸ਼ ਚਲਾਏ ਗੁਰਜੀ
ਥੋੜ੍ਹੀ ਦੇਰਦੇ ਬਾਅਦਆ ਹੋਈ ਬਰਖਾ,ਦਿਤੀ ਮਾਯਾ ਅਕਾਲ ਦਖਾਏ ਗੁਰਜੀ
ਇਨੇ ਚਿਰ ਨੂੰ ਆਂ ਵਹੀਰ ਗਿਆ, ਰਹੇ ਖੜੇ ਓਥੇ ਮੁਸਕਰਾਏ ਗੁਰਜੀ
ਇਕ ਸਿਖ ਨੇ ਖਚਰ ਧਨ ਲਦੀ, ਖੜੀ ਕਰ ਦਿਤੀ ਪਾਸ ਲਿਆਏ ਗੁਰਜੀ
ਓਸੇ ਵਕਤ ਉਲਟਾ ਕੇ ਰਖ ਦਿਤੀ, ਲਏ ਸਭ ਬੈਰਾੜ ਬੁਲਾਏ ਗੁਰਜੀ
ਧੇਲਾ ਧੇਲਾ ਪੈਸਾ ਪੈਸਾ ਗਿਣ ਕਰਕੇ, ਹਰ ਇਕ ਦੇ ਤਾਈਂ ਦਿਵਾਏ ਗੁਰਜੀ
ਆ ਤਲਬ ਤੂੰ ਲੈ ਲੈ ਦਾਨ ਸਿੰਘਾ, ਨਾਲ ਖੁਸ਼ੀ ਦੇ ਬਚਨ ਸੁਨਾਏ ਗੁਰਜੀ
ਮੈਨੂੰ ਇਕੋ ਤਲਬ ਸਿਖੀ ਚਾਹੀਦੀਹੈ,ਦਾਨ ਸਿੰਘ ਕਹਿੰਦਾ ਸਚੇ ਸ਼ਾਹੇ ਗੁਰਜੀ
ਮੇਰੇ ਘਰ ਘਾਟਾ ਕਿਸੇ ਗਲਦਾ ਨਹੀਂ ਇਕੋ ਸਿਖੀ ਦੀਹੈ ਵਡੀ ਚਾਹੇ ਗੁਰਜੀ
ਇਹ ਬੈਰਾੜਾਂ ਦੀ ਭੁਲ ਕਰਤਾਰ ਸਿੰਘਾ,ਦੇਨੀ ਅਪਣੇ ਦਿਲੋਂ ਭੁਲਾਏ ਗੁਰਜੀ

ਦਾਨ ਸਿੰਘ ਦੀ ਬੇਨਤੀ

ਅਸੀਂ ਲੋਕ ਬੈਰਾੜ ਹਾਂ ਜਾਂਗਲੀ ਜੀ, ਸਾਨੂੰ ਬੋਲਣਾ ਮੂਲ ਨਾ ਆਂਵਦਾ ਏ
ਹਾਨ ਲਾਭ ਦੀ ਕੁਝ ਭੀ ਸੂਝ ਨਹੀਂ ਲੁਟ ਮਾਰ ਖਾਣਾ ਪੀਣਾ ਭਾਂਵਦਾ ਏ
ਇਸ ਵਾਸਤੇ ਬਖਸ਼ਨੀ ਭੁਲ ਸਾਡੀ, ਰਹੇ ਕਾਇਮ ਸਿਖੀ ਦਿਲ ਚਾਂਹਵਦਾ ਏ
ਨਾ ਦੇਈਂ ਸਰਾਪ ਕਰਤਾਰ ਸਿੰਘਾ, ਗੁਰੂ ਡਾਢਿਆ ਦਿਲ ਮੇ ਖਾਂਵਦਾ ਏ

ਸ੍ਰੀ ਦਸਮੇਸ਼ ਜੀ

ਮਾਝੇ ਵਿਚ ਸਿਖੀ ਰਖੀ ਮਹਾਂ ਸਿੰਘ ਨੇ, ਰਖੀ ਮਾਲਵੇ ਤੂੰ ਪਛਾਨ ਭਾਈ
ਵਧੇ ਫੁਲੇਗੀ ਦੋਹਾਂ ਹੀ ਵਿਚ ਦੇਸਾਂ, ਥੋੜ੍ਹਾ ਸਮਾਂ ਜਦੋਂ ਬੀਤੇ ਜਾਨ ਭਾਈ
ਖੰਡੇ ਪਾਹੁਲ ਤੁਸੀਂ ਸਾਰੇ ਛਕ ਲਵੋ, ਜਿਨ੍ਹਾਂ ਵਿਚ ਹੈ ਸਿਦਕ ਮਹਾਨ ਭਾਈ
ਦਾਨ ਸਿੰਘ ਸਮੇਤ ਕਰਤਾਰ ਸਿੰਘਾ, ਸਿੰਘ ਬਹੁਤ ਸਜੇ ਓਥੇ ਮਾਨ ਭਾਈ

ਛਤੇ ਆਣੇ ਰਹਿੰਦਾ ਮੁਸਲਮਾਨ ਸਯਦ,ਚੰਗਾ ਰਬਦਾ ਭੇਦਸੀ ਪਾਯਾ ਉਸਨੇ
ਸਾਰੇ ਮੰਨਿਆਂ ਹੈ ਸੀ ਉਹ ਕਰਾਮਾਤੀ,ਰੁਤਬਾ ਗੁਰੂ ਜੀਦਾਅਜ਼ਮਾਯਾ ਉਸਨੇ
ਗੁਰੂ ਪੰਥ ਪਵਿਤ੍ਰ ਹੈ ਸਭ ਨਾਲੋਂ; ਵੇਖ ਭਾਲ ਕੇ ਚਿਤ ਠਹਿਰਾਯਾ ਉਸਨੇ
ਚਰਨ ਸਤਿਗੁਰਾਂ ਦੇ ਆਨ ਫੜ ਲਏ ਮੈਨੂੰ ਸਿੰਘ ਸਜਾਓ ਸੁਨਾਯਾ ਉਸਨੇ
ਮਾਨ ਸਿੰਘ ਨੂੰ ਹੁਕਮ ਦੇ ਗੁਰੂ ਨੇ, ਤੇਗ ਤਯਾਰ ਕੁਵਾਈ ਜਾਂ ਚਾਹਯਾ ਉਸਨੇ
ਸੰਗਤ ਵਿਚ ਅਭੇਦ ਵਰਤਾ ਲਿਆ, ਖੁਸ਼ੀ ਹੋ ਆਨੰਦ ਮਨਾਯਾ ਉਸਨੇ
ਅੰਮ੍ਰਿਤ ਛਕਾਂ†ਅਜਮੇਰਸਿੰਘਬਣ ਗਿਆ,ਚੰਗਾਸਿਦਕਪ੍ਰੇਮ ਨਿਭਾਯਾ ਉਸਨੇ

ਚੌਧਰੀ ਭਲੋ ਦਾ ਮਿਲਣਾ

( )ਜਸੀ ਬਾਣੀ ਹੁੰਦੇ ੦ਪਕੇ ਪਿੰਡ ਗਏ, ਤਿੰਨ ਦਿਨ ਡੇਰਾ ਓਥੇ ਲਾਯਾ ਜੀ
ਓਹਨਾਂ ਲੋਕਾਂ ਨੂੰ ਸ਼ੁਭ ਉਪਦੇਸ਼ ਦੇਕੇ, ਸਤਿਗੁਰਾਂ ਨੇ ਸਿੰਘ ਸਜਾਣਾ ਜੀ
ਸਾਬੋਕੀ ਤਲਵੰਡੀ ਨੂੰ ਫੇਰ ਟੁਰੇ, ਡਲੋ ਚੌਧਰੀ ਨੇ ਸੁਣ ਪਾਯਾ ਜੀ
ਚਾਰ ਸੌ ਅਸਵਾਰ ਓਹ ਨਾਲ ਲੈ ਕੇ ਅਗੋਂ ਵਾਲੀ ਦੀਦਾਰ ਨੂੰ ਆਯਾ ਜੀ
ਇਕ ਘੋੜਾ ਤੇ ਸੌ ਰੁਪਿਆ ਧਰਕੇ, ਨਾਲ ਸ਼ਰਧਾ ਸੀਸ ਝੁਕਾਯਾ ਜੀ
ਬੜੀ ਖੁਸ਼ੀ ਜਤਾ ਕਰਤਾਰ ਸਿੰਘਾ; ਪਿੰਡ ਆਪਣੇ ਨਾਲ ਲਿਆਯਾ ਜੀ

---

†ਭਾਵੇਂ ਇਸ ਦਾ ਨਾਮ ਅਜਮੇਰ ਸਿੰਘ ਰਖਿਆ ਗਿਆ ਸੀ, ਪਰ ਇਸ ਦੇ ਸਿੰਘ ਸਜਨ ਵੇਲੇ ਬੜੀ ਮਹਿਮਾ ਹੋਈ ਸੀ। ਇਸ ਵਾਸਤੇ ਇਸ ਨੂੰ ਸਿੰਘ, ਮਹਿਮਾ ਸਿੰਘ ਹੀ ਆਖਦੇ ਰਹੇ। ਇਸ ਮੁਸਲਮਾਨ ਫਕੀਰ ਨੂੰ ਅਭੇਦ ਵਰਤਾ ਲੈਣ ਦਾ ਪੱਕਾ ਸਬੂਤ ਦੇਖਣਾ ਹੋਵੇ ਤਾਂ ਸੂਰਜ ਪ੍ਰਕਾਸ਼ ਐਨ ੧ ਅੰਸੂ ੧੮ ਵਿਚ ਦੇਖੋ।

( )ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਜਦ ਗੁਰੂ ਜੀ ਬਾਜਕ ਪਿੰਡ ਗਏ ਤਾਂ ਮੁਖ ਤੋਂ ਬਾਪੂ ਦੀਵਾਨਿਆਂ ਦੇ ਕਹਿਣੇ ਕਰਕੇ ਓਹ ਮਾਫੀਦਾਰੀ ਵਾਲਾ ਸਾਂਗ ਕਰਕੇ ਦਿਖਾਲਿਆ ਤੇ ਨੀਲੀ ਪੁਸ਼ਾਕ ਸਟੇ ਜਦ ਬਾਜਕ ਪਿੰਡ ਤੋਂ ਜੱਸੀ ਪਿੰਡ ਪਹੁੰਚੇ ਤਾਂ ਓਥੇ ਇਕ ਢਾਬ ਸੀ, ਉਸ ਵਿਚ ਗੁਰੂ ਜੀ ਸਟ ਵਤ ਰਹੇ ਜਾਂ ਬੰਨੇ ਨਿਕਲੇ ਤਾਂ ਘੋੜੇ ਕਪੜੇ ਚਿਟੇ ਹੋ ਗਏ ਤੇ ਗੁਰੂ ਜੀ ਨੇ ਉਸ ਢਾਬ ਦਾ ਨਾਮ ਸ਼ੰਗਸਰ ਰਖਿਆ।

੦ਇਸ ਪਕੇ ਪਿੰਡ ਜਿਥੇ ਗੁਰੂ ਜੀ ਦਾ ਘੋੜਾ ਬੱਧਾ ਸੀ, ਉਸ ਦੀ ਅਗਾੜੀ ਪਛਾੜੀ ਦੇ ਕਿਲੇ ਹੁਣ ਤਕ ਹਰੇ ਖੜੇ ਹਨ।

ਸ੍ਰੀ ਦਸਮੇਸ਼ ਜੀ ਦਾ ਡੇਰਾ ਸਾਬੋ ਕੀ ਤਲਵੰਡੀ

ਪਿੰਡੋਂ ਬਾਹਰ ਉਚਾ ਇਕ ਟਿਬਾ ਹੈਸੀ, ਸਤਿਗੁਰਾਂ ਨੇ ਸਾਫ਼ ਕਰਾ ਲਿਆ
ਕਮਰਕਸਾ ਉਸੇ ਥਾਂ ਖੋਹਲ ਕਰਕੇ ਏਹ ਮੁਖ ਤੇ ਬਚਨ ਸੁਨਾ ਲਿਆ
ਏਹ ਦਮਦਮਾ ਹੈ ਆਨੰਦਪੁਰ ਦਾ, ਡੇਰਾ ਓਸ ਦੇ ਉਪਰ ਲਾ ਲਿਆ
ਓਸੇ ਵੇਲੇ ਤੋਂ ਦਮਦਮਾ ਨਾਮ ਪਿਆ, ਉਚਾ ਸ਼ਾਨ ਉਸ ਥਾਂ ਨੇ ਪਾ ਲਿਆ
ਸੇਵਾ ਕਰਨ ਲਗਾ ਡਲਾ ਮਨ ਲਾਕੇ, ਭਾਰ ਆਪ ਦੇ ਸਿਰ ਉਠਾ ਲਿਆ
ਏਥੋਂ ਤਲਬ ਦੇ ਨੌਕਰ ਛਡ ਦਿਤੇ, ਸੇਵਾਦਾਰਾਂ ਨੂੰ ਸਿਰਫ਼ ਰਖਾ ਲਿਆ
ਏਸ ਥਾਂ ਕੁਝ ਦਿਨ ਅਰਾਮ ਕਰੀਏ, ਸਤਿਗੁਰਾਂ ਨੇ ਕਿਤ ਠਹਿਰਾ ਲਿਆ
ਡਲੇ ਕਰ ਪ੍ਰੇਮ ਕਰਤਾਰ ਸਿੰਘਾ, ਸ੍ਰੀ ਗੁਰੂ ਜੀ ਤਈਂ ਪਰਚਾ ਲਿਆ

ਚੌਧਰੀ ਡਲੇ ਨੇ ਜੰਗ ਆਨੰਦਪੁਰ ਤੇ ਹੋਰ ਹਾਲ ਸੁਣ ਕੇ ਅਫ਼ਸੋਸ ਕਰਨਾ

ਹਾਲ ਸੁਣ ਆਨੰਦਪੁਰ ਜੰਗ ਵਾਲੇ, ਨਾਲੇ ਹੋਏ ਬਹੁਤੇ ਨੁਕਸਾਨ ਭਾਰੇ
ਸਾਹਿਬਜ਼ਾਦਿਆਂ ਦਾ ਸ਼ਹੀਦ ਹੋਣਾ, ਸਿੰਘ ਜੂਝ ਗਏ ਵਿਚ ਮੈਦਾਨ ਸਾਰੇ
ਡਲੇ ਸਣੇ ਸੁਣਿਆਂ ਜਿਨ੍ਹਾਂ ਹਾਲ ਸਾਰਾ, ਰੋਇ ਰੋਇ ਕੇ ਹੰਝੂ ਵਗਾਨ ਸਾਰੇ
ਮੈਨੂੰ ਕਿਉਂ ਨ ਗੁਰੂ ਜੀ ਖਬਰ ਕੀਤੀ, ਮੈਂ ਆਂਵਦਾ ਲੈ ਜਵਾਨ ਸਾਰੇ
ਬਾਰ ਬਾਰ ਡਲਾ ਏਹੋ ਜਾਹਰ ਕਰੇ ਅਸੀਂ ਕਰਦੇ ਆ ਘਮਸਾਨ ਭਾਰੇ
ਪੈਂਦਾ ਜ਼ੋਰ ਨਾ ਏਤਨਾ ਵੈਰੀਆਂ ਦਾ, ਨੁਸ਼ਟ ਹੋਣ ਨ ਦੇਂਵਦੇ ਸ਼ਾਨ ਭਾਰੇ
ਲੈਕੇ ਜੰਗ ਦਾ ਸਿਰ ਤੇ ਬੋਝ ਸਾਰਾ, ਰੋਲ ਮਾਰ ਦੇਂਦੇ ਵਡੇ ਖਾਨ ਭਾਰੇ
ਸਾਹਿਬਜ਼ਾਦੇ ਨ ਹੋਣ ਸ਼ਹੀਦ ਦੇਂਦੇ, ਅਸੀਂ ਸਾਬੋ ਕੇ ਹਾਂ ਬਲਵਾਨ ਭਾਰੇ
ਪਰ ਗਿਆ ਵੇਲਾ ਹਥ ਆਂਵਦਾ ਨਹੀਂ, ਨ ਚਿਤ ਦੇ ਵਿਚ ਸਮਾਨ ਭਾਰੇ
ਔਖਾ ਹੋਈ ਇਮਤਿਹਾਨ ਕਰਤਾਰ ਸਿੰਘਾ, ਨ ਡਲਿਆ ਕਰ ਗੁਮਾਨ ਭਾਰੇ

ਸ੍ਰੀ ਦਸਮੇਸ਼ ਜੀ ਨੇ ਡਲੇ ਦੇ ਜਵਾਨਾਂ ਦੀ ਪਰਖ ਕਰਨੀ

ਕਈ ਬਾਰ ਡਲੇ ਏਸੇ ਤਰਾਂ ਕਿਹਾ, ਵਿਚ ਚਿਤ ਦੇ ਕਰ ਹੰਕਾਰ ਭਾਈ
ਕੀਤਾ ਗਰਬ ਨ ਭਾਂਵਦਾ ਗੁਰੂ ਜੀ ਨੂੰ, ਗੁਰ ਦੇਣ ਹੰਕਾਰ ਨਿਵਾਰ ਭਾਈ
ਇਕ ਦਿਨ ਸੀ ਲਗਾ ਦੀਵਾਨ ਭਾਰਾ ਇਕ ਆਯਾ ਸਿਖ ਲੁਹਾਰ ਭਾਈ
ਓਸ ਗੁਰੂ ਜੀ ਦੀ ਨਜ਼ਰ ਆਨ ਕੀਤੇ; ਕਈ ਸਣੇ ਬੰਦੂਕ ਹਥਯਾਰ ਭਾਈ

ਗੁਰਾਂ ਦੇ ਹਥ ਦੇ ਬੰਦੂਕ ਲੈਕੇ, ਕਹਿਆ ਡਲੇ ਤਾਈਂ ਉਚਾਰ ਭਾਈ
ਅਸਾਂ ਪਰਖ ਨਿਸ਼ਾਨੇ ਦੀ ਹੈ ਕਰਨੀ, ਕੋਈ ਆਦਮੀ ਅਗੇ ਖਲਾਰ ਭਾਈ
ਡਲਾ ਮੌਤ ਅਗੇ ਕੌਣ ਖਲਾ ਹੋਵੇ, ਨਾਲ ਜਿੰਦ ਦੇ ਸਭ ਨੂੰ ਪਿਆਰ ਭਾਈ
ਏਹ ਗੁਰ ਸਿਖਾਂ ਬਿਨਾਂ ਹੋਰ ਕਿਧਰੇ, ਲਭੇ ਨਹੀਂ ਮਸਾਲ ਵਿਚਾਰ ਭਾਈ
ਕੋਈ ਖੜਾ ਨ ਹੋਯਾ ਤੇ ਖਿਸਕ ਟੁਰੇ, ਕੀਤਾ ਬਚਨ ਗੁਰਾਂ ਤਿੰਨ ਵਾਰ ਭਾਈ
ਨੀਵੀਂ ਧੌਣ ਕਰਕੇ ਡਲਾ ਬੈਠ ਰਿਹਾ, ਦੇ ਜਵਾਬ ਨ ਹੋਂਸਲਾ ਧਾਰ ਭਾਈ
ਅੰਤ ਸਤਿਗੁਰਾਂ ਨੇ ਕਹਿਆ ਮੇਵੜੇ ਨੂੰ, ਕਹੋ ਸਿੰਘਾਂ ਤਾਂਈ ਜਾਕੇ ਬਾਹਰ ਭਾਈ
ਗੁਰਾਂ ਪਰਖ ਬੰਦੂਕ ਦੀ ਹੈ ਕਰਨੀ, ਕੋਈ ਸਿਖ ਚਲੇ ਹੋ ਤਿਆਰ ਭਾਈ
ਨੇੜੇ ਸੁਣਦੇ ਮਜ਼ਹਬੀ ਸਿੰਘ ਸੀਗੇ, ਓਹ ਸਜਾ ਰਹੇ ਸੀ ਦਸਤਾਰ ਭਾਈ
ਦੋਵੇਂ ਓਸੇ ਤਰਾਂ ਉਠ ਭੱਜ ਆਏ, ਹਾਜ਼ਰ ਹੋਏ ਕਰਕੇ ਨਿਮਸ਼ਕਾਰ ਭਾਈ
ਅਗੇ ਹੋਣ ਲਈ ਦੋਵੇਂ ਝਗੜ ਰਹੇ, ਖੌਫ ਮੌਤ ਦਾ ਦਿਲੋਂ ਵਿਸਾਰ ਭਾਈ
ਅੰਤ ਦੋਵੇਂ ਅਗੇ ਹਿਕਾਂ ਡਾਹ ਖਲੇ, ਗੁਰਾਂ ਹਥ ਬੰਦੂਕ ਸਵਾਰ ਭਾਈ
ਸਿਧਾ ਕਰ ਉਤਾਂ ਨੂੰ ਛਡ ਦਿਤੀ, ਓਹਨਾਂ ਝਮਕੀ ਨ ਅਖ ਤਾਰ ਭਾਈ
ਏਹ ਵੇਖਕੇ ਸਿਦਕ ਕਰਤਾਰ ਸਿੰਘਾ, ਡਲਾ ਬਹੁਤ ਹੋਯਾ ਸ਼ਰਮਸਾਰ ਭਾਈ

ਸ੍ਰੀ ਦਸ਼ਮੇਸ਼ ਜੀ

ਕਿਉਂ ਡਲਿਆ ਸੂਰਮੇ ਨਾਮ ਏਹਨਾਂ, ਜੇਹੜੇ ਮੌਤ ਅਗੇ ਹਿਕਾਂ ਡਾਹ ਖਲੇ
ਏਹੋ ਜਹੇ ਅਨਦਪੁਰ ਰਹੇ ਲੜਦੇ, ਜੀਉਣ ਮਰਨ ਦੇ ਭਰਮ ਮਿਟਾ ਖਲੇ
ਤੇਰੀ ਗਾਂਢਵੀ ਧਾੜ ਬਨਾਉਣਾ ਕੀਹ ਸੀ, ਭੇਡਾਂ ਵਾਂਗੂ ਜੋ ਮੂੰਹ ਛਪਾ ਖਲੇ
ਏਹ ਓਥੋਂ ਭੀ ਜਾ ਕੇ ਨਠ ਆਉਂਦੇ, ਗੋਲੀ ਵੇਖ ਕੇ ਪੈਰ ਖਿਸਕਾ ਖਲੋ
ਏਹ ਹੋਂਸਲੇ ਅੰਮ੍ਰਿਤਧਾਰੀਆਂ ਦੇ, ਜਿਹੜੇ ਖਾਲਸਾ ਪਦਵੀ ਪਾ ਖਲੇ
ਡਲੇ ਸਣੇ ਸਾਰੇ ਕਰਤਾਰ ਸਿੰਘਾ, ਆਪੋ ਆਪਣੀਆਂ ਬਾਈਂ ਸ਼ਰਮਾ ਖਲੇ

ਦਮਦਮੇ ਰੋਜ਼ ਦੀ ਕਾਰ

ਸਤਿਗੁਰੂ ਜੀ ਦਮਦਮੇ ਠਹਿਰ ਗਏ, ਨਿਤ ਸੈਰ ਸ਼ਿਕਾਰ ਕਰਾਉਨ ਲਗੇ
ਦੇਸ ਸਾਰੇ ਦੇ ਵਿਚ ਮਹਸ਼ੂਰ ਹੋਯਾ, ਬਨ ਬਨ ਟੋਲੇ ਸਿਖ ਆਉਣ ਲਗੇ
ਦੂਧ, ਦਹੀ ਤੇ ਘਿਓ, ਅਨਾਜ, ਮਿਠਾ, ਰੋਜ ਬੇਸ਼ੁਮਾਰ ਚੜ੍ਹਾਉਨ ਲਗੇ

ਰਹੇ ਮਾਯਾ ਦੀ ਭੀ ਪ੍ਰਵਾਹ ਚਲਦਾ, ਲੰਗਰ ਲਾ ਕੇ ਗੁਰ ਵਰਤਾਉਣ ਲਗੇ
ਖੰਡੇ ਪਾਹੁਲ ਦੇ ਕੇ ਅਧਿਕਾਰੀਆਂ ਨੂੰ, ਹੋਰ ਸੈਂਕੜੇ ਸਿੰਘ ਸਜਾਉਣ ਲਗੇ
ਬਹੁਤ ਚਿਰ ਪਿਛੋਂ ਆਨ ਵੇਹਲ ਲਗਾ, ਦੋ ਵਕਤ ਦੀਵਾਨ ਲਾਉਣ ਲਗੇ
ਸਤਿ ਧਰਮ ਦਾ ਦਿਨੇ ਪ੍ਰਚਾਰ ਕਰਦੇ, ਸ਼ੁਭ ਰਸਤੇ ਲੋਕਾਂ ਨੂੰ ਲਗਾਉਣ ਲਗੇ
ਪਹਿਰ ਪਿਛਲੇ ਨਿਤ ਕਰਤਾਰ ਸਿੰਘਾ, ਜੰਗ ਢੰਗ ਨਿਸ਼ੰਗ ਸਿਖਾਉਣ ਲਗੇ

ਖਾਲਸੇ ਦੀਆਂ ਮਾਈਆਂ ਨੇ ਦਿਲੀਓਂ ਆਉਣਾ

ਪਾਰ ਸਰਸੇ ਨਦੀ ਤੋਂ ਲੰਘ ਕਰਕੇ, ਮਾਤਾ ਸੁੰਦਰੀ ਤੇ ਸਾਹਿਬ ਕੌਰ ਦੋਵੇਂ
ਮਨੀ ਸਿੰਘ ਲੈ ਗਿਆ ਸੀ ਵਿਚ ਦਿਲੀ, ਜੋ ਰਹੀਆਂ ਹੈਸਨ ਭਲੀ ਤੌਰ ਦੋਵੇਂ
ਪਤਾ ਉਨ੍ਹਾਂ ਨੂੰ ਗੁਰਾਂ ਦਾ ਲਗ ਗਿਆ ਤਯਾਰ ਹੋ ਪਈਆਂ ਕਰ ਗੌਰ ਦੋਵੇਂ
ਸਾਬੋ ਕੀ ਤਲਵੰਡੀ ਕਰਤਾਰ ਸਿੰਘਾ, ਮਾਰ ਪੰਧ ਆਈਆਂ ਤਿਸ ਠੌਰ ਦੋਵੇਂ

ਸ੍ਰੀ ਮਾਤਾ ਸੁੰਦਰੀ ਜੀ ਤੇ ਸਾਹਿਬ ਕੌਰ ਜੀ ਨੇ ਦੀਵਾਨ ਵਿਚ ਪਹੁੰਚਣਾ

ਬਹੁਤ ਦਿਨਾਂ ਤੋਂ ਪਏ ਵਿਛੋੜੇ ਹੈਸਨ, ਕਈ ਕਈ ਤਕਲੀਫਾਂ ਉਠਾਈਆਂ ਜੀ
ਮਨੀ ਸਿੰਘ ਤੇ ਮਾਮੇ ਕਿਰਪਾਲ ਸਣੇ, ਹੁਣ ਚਲਕੇ ਦਿਲੀਓਂ ਆਈਆਂ ਜੀ
ਅਗੇ ਦਮਦਮੇ ਲਗਾ ਦੀਵਾਨ ਹੈਸੀ, ਬਹੁਤ ਸੰਗਤਾਂ ਹੁਮ ਹੁਮਾਈਆਂ ਜੀ
ਆਨ ਗੁਰਾਂਦੀ ਚਰਨੀਂ ਡਿਗਪਈਆਂ, ਓਹ ਖਾਲਸੇ ਜੀ ਦੀਆਂ ਮਾਈਆਂ ਜੀ
ਸੁਖਸਾਂਦ ਸਤਿਗੁਰਾਂ ਨੇ ਪੁਛ ਕਰਕੇ; ਦੇ ਆਗਯਾ ਪਾਸ ਬੈਠਾਈਆਂ ਜੀ
ਦੋਹਾਂ ਮਾਈਆਂ ਭਰੇ ਦੀਵਾਨ ਵਲੇ, ਧਯਾਨ ਕਰ ਕੇ ਨਿਗ੍ਹਾਂ ਉਠਾਈਆਂ ਜੀ
ਚਾਰੇ ਸਾਹਿਬਜ਼ਾਦੇ ਆਏਨਿਗ੍ਹਾਨਾਹੀਂ, ਉਛਲ ਆਂਦ੍ਰਾ ਬਾਹਰਨੂੰ ਆਈਆਂ ਜੀ
ਹਥ ਜੋੜ ਪੁਛਨ ਕਰਤਾਰ ਸਿੰਘਾ, ਇਉਂ ਅਰਜ਼ਾਂ ਕਰ ਸੁਨਾਈਆਂ ਜੀ

ਸ੍ਰੀ ਮਾਤਾ ਸਾਹਿਬਾਂ ਨੇ ਪੁਛਣਾ ਕਿ ਚਾਰੇ ਸਾਹਿਬਜ਼ਾਦੇ ਕਿਥੇ ਹਨ ?

ਮਹਾਰਾਜ ਜੀ ਵੇਖ ਦੀਵਾਨ ਸਾਰਾ, ਸਾਡਾ ਹੋਂਵਦਾ ਚਿਤ ਹੈਰਾਨ ਹੈ ਜੀ
ਮਾਝੇ ਮਾਲਵੇ ਦੇ ਸਿੰਘ ਬੈਠੇ ਹੋਏ, ਇਹ ਭਰਿਆ ਬਹੁਤ ਦੀਵਾਨ ਹੈ ਜੀ
ਵਡੀ ਮਾਤਾ ਜੀ ਨਜ਼ਰਨ ਆਂਵਦੇ ਨੇ, ਕਿਥੇ ਓਹਨਾਂ ਦਾ ਡੇਰਾ ਮਹਾਨ ਹੈ ਜੀ
ਕਿਥੇ ਸਾਹਿਬ ਅਜੀਤ, ਜੁਝਾਰ ਸਿੰਘ ਜੀ, ਅਜੇ ਤਕ ਮਿਲੇ ਨਹੀਂ ਆਨ ਹੈ ਜੀ
ਜ਼ੋਰਾਵਰ ਤੇ ਫਤ੍ਹੇ ਸਿੰਘ ਹੈਨ ਕਿਥੇ; ਜਾਂਦੀ ਕਿਉਂ ਢਹਿਦੀ ਸਾਡੀ ਜਾਨ ਹੈ ਜੀ

ਸਦੋ ਉਨ੍ਹਾਂ ਨੂੰ ਛੱਡ ਕਰਤਾਰ ਸਿੰਘਾ, ਸਾਡਾ ਉਨ੍ਹਾਂ ਦੇ ਵਲ ਧਿਆਨ ਹੈ ਜੀ

ਸ੍ਰੀ ਦਸਮੇਸ਼ ਜੀ ਨੇ ਧੀਰਜ ਦੇ ਨਾਲ ਦੱਸਣਾ

ਚਾਰੇ ਸਾਹਿਬਜ਼ਾਦੇ ਜਿਥੇ ਗਏ ਹੋਏ ਨੇ,ਆਮ ਲੋਕਾਂਦਾ ਨਹੀਂ ਟਿਕਾਣਾ ਓਥੇ
ਓਥੋਂ ਹੁਣ ਬੁਲਾਇਆਂ ਆਂਵਦੇ ਨਹੀਂ, ਓਨ੍ਹਾਂ ਤੁਸਾਂ ਨੂੰ ਪਾਸ ਬੁਲਾਨਾ ਓਥੇ
ਵਲੋ ਮਾਈ ਜੀ ਉਨ੍ਹਾਂ ਦੇ ਨਾਲ ਗਏ, ਸਾਰਾ ਸੰਦ ਪ੍ਰਵਾਰ ਮਿਲਾਨਾ ਓਥੇ
ਅਸਾਂ ਤੁਸਾਂ ਭੀ ਹੁਣ ਕਰਤਾਰ ਸਿੰਘਾ, ਥੋੜੇ ਚਿਰ ਤਾਈਂ ਹੈ ਜਾਨਾ ਓਥੇ

ਮਾਈਆਂ ਦਾ ਰੋਣਾ ਤੇ ਸੰਗਤ ਦੀ ਅਧੀਰਜਤਾ

ਮਾਨ ਸਿੰਘ ਨੇ ਦਸਿਆ ਹਾਲ ਸਾਰਾ, ਅੱਖਾਂ ਅਗੇ ਹਨੇਰ ਆ ਛਾਏ ਗਏ
ਚਾਰੇ ਚਾਰ ਦੋਵੇਂ ਮਾਤਾ ਰੋ ਪਈਆਂ, ਜ਼ਹਿਰੀ ਨਾਗ ਆ ਡੰਗ ਚਲਾਏ ਗਏ
ਉਲਟ ਗਏ ਜ਼ਿਮੀ ਅਸਮਾਨ ਦੋਵੇਂ, ਕਿਥੇ ਬੱਚਿਓ ਮੂੰਹ ਛੁਪਾਏ ਗਏ
ਨਾਮ ਲੇ, ਲੈ ਕੇ ਕੁਰਲਾਨ ਦੋਵੇਂ, ਦੁਖ ਸਾਰੇ ਜਹਾਨ ਦੇ ਆਏ ਗਏ
ਦੋਵੇਂ ਮਾਈਆਂ ਦਰਦ ਦੇ ਨਾਲ ਰੋਈਆ, ਪੰਛੀ ਸੁਣਕੇ ਨੀਰ ਵਹਾਏ ਗਏ
ਭੁਬਾ ਮਾਰਕੇ ਸਾਰਾ ਦੀਵਾਨ ਰੋਯਾ, ਬੱਝ ਹਿਚਕੀਆਂ ਤੇ ਗਸ਼ ਖਾਏ ਗਏ
ਪੱਥਰ ਚਿੱਤ ਭੀ ਰੋ ਰੋ ਹੋਏ ਫਾਵੇ, ਪਾਸੋਂ ਰੁਖ ਭੀ ਵੇਖ ਮੁਰਝਾਏ ਗਏ
ਇਕ ਸਤਿਗੁਰਾਂ ਬਿਨਾਂ ਕਰਤਾਰ ਸਿੰਘਾ, ਧੀਰਜ ਹੌਸਲਾ ਸਭ ਗਵਾਏ ਗਏ

ਸ੍ਰੀ ਦਸਮੇਸ਼ ਜੀ ਨੇ ਸਭ ਨੂੰ ਧੀਰਜ ਦੇਣੀ

ਗੁਰਾਂ ਸਭ ਤਾਈਂ ਕਹਿਆ ਧੀਰ ਧਰੋ, ਕਿਓਂ ਰੋ ਰੋ ਹਾਲ ਗਵਾਂਵਦੇ ਓ
ਬੀਤ ਗਈ ਦੀ ਏਡ ਘਸੀਟ ਕਰਕੇ, ਕਿਹੜੀ ਗਲ ਨੂੰ ਹੁਣ ਪਛਤਾਂਵਦੇ ਓ
ਚਾਰੇ ਸਾਹਿਬਜ਼ਾਦੇ ਨਹੀਂ ਰੋਣ ਜੋਗੇ, ਤੁਸੀਂ ਐਵੇਂ ਹੀ ਸ਼ੋਕ ਵਧਾਂਵਦੇ ਓ
ਓਹ ਜੀਂਵਦੇ ਸਦਾ ਕਰਤਾਰ ਸਿੰਘਾ, ਤੁਸੀਂ ਮੋਹ ਝੂਠਾ ਪਏ ਲਾਂਵਦੇ ਓ

ਤਥਾ

ਰੋਈਏ ਓਹਨਾਂ ਨੂੰ ਦੇਹ ਮਾਨੁਖ ਧਰਕੇ;ਜਿਹੜੇ ਪਸ਼ੂਆਂ ਵਾਂਗ ਲੰਘਾ ਜਾਵਨ
ਨਾਮ ਦਾਨ ਤੇ ਧਰਮ ਗਿਆਨ ਬਿਨਾਂ, ਐਵੇਂ ਜੂਨ ਮਾਨੁਖ ਗਵਾ ਜਾਵਨ
ਹੋ ਕੇ ਵਿਸ਼ੇ ਵਿਕਾਰ ਦੇ ਵੱਸ ਸਦਾ, ਜੋ ਪਾਪ ਅਪਰਾਧ ਕਮਾ ਜਾਵਨ
ਮਰਨ ਤੀਕ ਬੇਗੁਰੇ ਹੀ ਰਹਿਨ ਜਿਹੜੇ, ਮਾਈ ਬਾਪ ਦੇ ਤਈਂ ਸਤਾ ਜਾਵਨ

ਫਸੇ ਵਿਚ ਕੁਮੰਗ ਦੇ ਰਾਤ ਦਿਨੇ, ਚੋਰੀ ਯਾਰੀਆਂ ਵਿਚ ਬਿਤਾ ਜਾਵਨ
ਕ੍ਰਿਤਘਨ ਤੇ ਨਿਮਕ ਹਰਾਮ ਹੋਵਨ, ਬੋਲ ਤੋਲ ਝੂਠੇ ਅਖਵਾ ਜਾਵਨ
ਪਰ ਧਨ ਪਰ ਤਨ ਦੇ ਹੋ ਲੋਭੀ, ਧਰਮ ਕਰਮ ਤੇ ਸ਼ਰਮ ਰੁੜ੍ਹਾ ਜਾਵਨ
ਰਣ ਵਿਚ ਪਾਜ਼ੀ ਬਣ ਡਰ ਮੌਤੋਂ, ਪਿਛਾਂ ਭਜਦੇ ਪਿਠਾਂ ਵਢਾ ਜਾਵਨ
ਧਰਮ ਵਾਸਤੇ ਦੇਣ ਨ ਕੱਢ ਕੌਡੀ, ਧਨ ਵਿਸ਼ਿਆਂ ਵਿਚ ਉੜਾ ਜਾਵਨ
ਧੀ ਭੈਣ ਨੂੰ ਵੇਚ ਕੇ ਖਾਣ ਪੈਸਾ, ਬਚਨ ਕਰਕੇ ਪੈਰ ਖਿਸਕਾ ਜਾਵਨ
ਰਾਹ ਪਰ ਉਪਕਾਰ ਦੇ ਜਾਨ ਨਹੀਂ, ਵਾਹ ਚੱਲਦੀ ਦੁਖ ਪੁਚਾ ਜਾਵਨ
ਰਹ ਰੋਣ ਦੇ ਲਾਇਕ ਕਰਤਾਰ ਸਿੰਘਾ, ਬਿਨਾਂ ਭਗਤੀ ਉਮਰ ਵੰਞਾ ਜਾਵਨ

ਤਥਾ

ਸਾਹਿਬਜ਼ਾਦਿਆਂ ਦੇ ਤਾਈਂ ਕਿਉਂ ਰੋਣਾ; ਉਹ ਆਪਣਾ ਧਰਮ ਨਿਭਾ ਗਏ
ਖੂਬ ਛੱਤ੍ਰੀ ਧਰਮ ਨੂੰ ਕਰ ਪੂਰਾ, ਮਾਰ ਜ਼ਾਲਮਾਂ ਤਈਂ ਖਪਾ ਗਏ
ਏਸ ਦੇਸ ਦੇ ਭਲੇ ਦੇ ਵਾਸਤੇ ਜੀ, ਜੰਗ ਵਿਚ ਸ਼ਹੀਦੀਆਂ ਪਾ ਗਏ
ਸਦਾ ਜੀਉਂਦੇ ਜਸ ਦੇ ਸਣੇ ਨੇ ਓਹ, ਝੰਡੇ ਵਿਚ ਜਹਾਨ ਝੁਲਾ ਗਏ
ਅਜ ਤਕ ਨ ਕਿਸੇ ਦਿਖਾਈ ਹੈਸੀ, ਐਸੀ ਬੀਰਤਾ ਓਹ ਦਿਖਾ ਗਏ
ਨਾਮ ਰਹੇ ਅਟਲ ਕਰਤਾਰ ਸਿੰਘਾ, ਆਪ ਜੋਤ ਵਿਚ ਜੋਤ ਸਮਾ ਗਏ

ਦੋਹਾਂ ਮਹਿਲਾਂ (ਖਾਲਸੇ ਦੀਆਂ ਮਾਈਆਂ) ਨੂੰ ਸਤਿਗੁਰਾਂ ਨੇ ਸਮਝਾਨਾ

ਮਰਨਾਂ ਜੰਮਣਾਂ ਕਰ ਸੰਸਾਰਦੀਏ,ਏਹਨੂੰ ਉਲਟਾਨਾ ਨਹੀਂ ਅਖਤਯਾਰ ਸਾਡੇ
ਏਸੇ ਕੰਮ ਨੂੰ ਧਰੀ ਸੀ ਦੇਹ ਓਹਨਾਂ, ਹੋਣੀ ਚਾਹੀਦੀ ਦਿਲ ਵਿਚਾਰ ਸਾਡੇ
ਕੰਮ ਕਰਕੇ ਆਪਨਾ ਚਲੇ ਗਏ, ਹੈ ਸੀ ਏਨਾਂ ਹੀ ਨਾਲ ਵਿਹਾਰ ਸਾਡੇ
ਮੈਂ ਖੁਸ਼ੀ ਦੇ ਨਾਲ ਕੁਰਬਾਨ ਕੀਤੇ, ਕੀਤੀ ਆਗਯਾ ਜਿਵੇਂ ਕਰਤਾਰ ਸਾਡੇ
ਸਾਨੂੰ ਸ਼ੋਕ ਨ ਕਰਨਾ ਚਾਹੀਦਾ ਏ, ਜੇ ਸ਼ਹੀਦ ਹੋਏ ਪੁਤਰ ਚਾਰ ਸਾਡੇ
ਹਥ ਕਰਕੇ ਸਿਖਾਂ ਦੇ ਵਲ ਕਹਿਆ, ਪੁਤ੍ਰ ਜੀਂਵਦੇ ਕਈ ਹਜ਼ਰ ਸਾਡੇ
ਮੈਂ ਏਹਨਾਂ ਦੇ ਸਿਰਾਂ ਤੋਂ ਵਾਰ ਛਡੇ; ਏਹੋ "ਸਿਖ" ਪੁਤਰ ਪਰਵਾਰ ਸਾਡੇ
ਕਰੋ ਸ਼ੁਕਰ ਹਜਾਰ ਕਰਤਾਰ ਸਿੰਘਾ, ਨਹੀਂ ਬਾਕੀ ਰਿਹਾ ਸਿਰ ਭਾਰ ਸਾਡੇ

ਐ ਪੰਥ ਤੂੰ ਕੁਝ ਵਿਚਾਰ ਕਰ ਖਾਂ, ਕਿਵੇਂ ਗੁਰਾਂ ਨੇ ਆਖ ਸੁਣਾਯਾ ਜੀ
ਯਥਾ—ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ ॥
ਚਾਰ ਮਰੇ ਤੋ ਕਯਾ ਭਯਾ, ਜੀਵਤ ਕਈ ਹਜ਼ਾਰ ॥
'ਏਹਨਾਂ ਪੁਤ੍ਰਾਂ ਤੋਂ ਬੇਟੇ ਵਾਰ ਦਿਤੇ, ਸਾਨੂੰ ਏਡਾ ਉੱਚਾ ਵਡਿਆਯਾ ਸੀ
ਖਤਮ ਆਪਨਾ ਸਭ ਪ੍ਰਵਾਰ ਕਰਕੇ, ਅਸਾਂ ਪਾਪੀਆਂ ਤਾਈਂ ਬਚਾਯਾ ਸੀ
ਸਾਨੂੰ ਪੁਤ੍ਰਾਂ ਤੋਂ ਪਯਾਰਾ ਕਰ ਕਹਿਆ; ਪੁਤ੍ਰ ਸੇਵਕਾਂ ਤਾਈਂ ਬਨਾਯਾ ਸੀ
ਟੋਟੇ ਜਿਗਰ ਦੇ ਕਰ ਕੁਰਬਾਨ ਚਾਰੇ, ਸਾਨੂੰ ਪੁਤ੍ਰ ਕਰ ਬੁਲਾਯਾ ਸੀ
ਨਿਰਾ ਆਖ ਹੀ ਮੂੰਹੋਂ ਨ ਛੱਡਿਆ ਸੀ, ਪੂਰਾ ਕਰਕੇ ਸਾਫ ਵਿਖਾਯਾ ਸੀ
ਜਾਇਦਾਦ ਗੁਰਿਆਇ ਦੀ ਗੱਦੀ ਸਣੇ, ਸਾਨੂੰ ਤੇਜ ਪ੍ਰਤਾਪ ਦਿਵਾਯਾ ਸੀ
ਤਦੋਂ ਕਈ *ਭਿਰਾ ਭਤੀਏ ਹੈਜਨ, ਓਹਨਾਂ ਤਈਂ ਨ ਕੁਝ ਲਿਖਾਯਾ ਸੀ
ਸਭ ਕੁਝ ਹੀ ਪੰਥ ਨੂੰ ਸੌਂਪ ਦਿਤਾ, ਜ਼ਰਾਂ ਦਸੋ ਖਾਂ ਕੀ ਲੁਕਾਯਾ ਸੀ
ਕੁਝ ਸੋਚ ਕਰੋ ਕਰਤਾਰ ਸਿੰਘਾ, ਸਾਨੂੰ ਕਿਉਂ ਗੁਰਾਂ ਗਲ ਲਾਯਾ ਸੀ

ਤਥਾ

ਜੇ ਗੁਰਾਂ ਨੇ ਅਸਾ ਨੂੰ ਪੁਤ ਕਹਿਆ, ਅਸਾਂ ਬਣਕੇ ਪੁਤ ਦਿਖਾਯਾ ਏ?
ਜੇ ਗੁਰਾਂ ਗੱਦੀ ਸਾਨੂੰ ਸੌਂਪੀ ਹੈਸੀ, ਅਸਾਂ ਓਸ ਦੇ ਤਾਈਂ ਵਧਾਯਾ ਏ!
ਲਾਇਕ ਪੁਤ੍ਰਾਂ ਦੀ ਏਹੋ ਚਾਲ ਹੈ॥ ਜਿਸ ਚਾਲ ਨੂੰ ਅਸਾਂ ਚਲਾਯਾ ਏ!
ਸਤਿਗੁਰਾਂ ਦੀ ਉੱਚੀ ਦਲੀਲ ਤਾਈਂ, ਉੱਚਾ ਕੀਤਾ ਜਾਂ ਅਸਾਂ ਘਟਾਯਾ ਏ!
ਬਹੁਤੇ ਫੋਲਣੇ ਇਹੋ ਜਹੇ ਫੋਲਦਾ ਨਹੀਂ, ਸਿਰਫ ਨੁਕਤਾ ਯਾਦ ਕਰਾਯਾ ਏ!
ਸੌਚ ਆਖਦਾ ਮੈਂ ਕਰਤਾਰ ਸਿੰਘਾ, ਨਹੀਂ ਬਣ ਸਪੁਤ੍ਰ ਦਿਖਾਯਾ ਏ!

## ਕੀਹ ਏਹ ਠੀਕ ਨਹੀਂ ?

ਸਾਡੇ ਸਿਰ ਤੇ ਗੁਰੂ ਦਸਮੇਸ਼ ਜੀ ਨੇ, ਪੁਤ੍ਰ ਆਪਨੇ ਚਾਰੇ ਹੀ ਵਾਰ ਛਡੇ
ਛੈਰੇ ਪੁਟ ਕੇ ਜ਼ੁਲਮ ਦੇ ਦੂਰ ਕੀਤੇ, ਅੰਧਾ ਧੁੰਧ ਦੇ ਝੰਡੇ ਉਖਾੜ ਛਡੇ

*ਸੈਜਾਦਕ ਸੰਬੰਧ ਵਿਚ।

ਸਿਰ ਝੱਲਕੇ ਆਪਣੇ ਕਸ਼ਟ ਬਹੁਤੇ, ਦੇਸ ਵਾਸੀਆਂ ਦੇ ਕਸ਼ਟ ਟਾਰ ਛਡੇ
ਰਖ ਛੱਿਆਂ ਹਿੰਦੂਆਂ ਰੁੜ੍ਹਦਿਆਂ ਨੂੰ ਭਾਵੇਂ ਆਪਣੇ ਰੋੜ੍ਹ ਪ੍ਰਵਾਰ ਛਡੇ
ਤੇਗਾਂ ਬਰਛੀਆਂ ਨੇਜ਼ਿਆਂ ਛੇਜ ਕਰਕੇ, ਸੁਖ ਜੱਗ ਦੇ ਸਭ ਵਿਸਾਰ ਛਡੇ
ਗੁਣ ਕੀਹ ਜਾਤਾ ਦੇਸ ਵਾਸੀਆ ਨੇ, ਜਿਨ੍ਹਾਂ ਵਾਸਤੇ ਸੁਖ ਹਜ਼ਾਰ ਛਡੇ
ਰੂਪਵੰਤ ਸੋਹਣੇ ਲਖਤਿ ਜਿਗਰ ਚਾਰੇ, ਪਾਪੀ ਜੀਵਾਂ ਤੋਂ ਕਰ ਨਿਸਾਰ ਛਡੇ
ਦਰਦੀ ਦੇਸ ਦੇ ਹੋ ਦਸਮੇਸ਼ ਜੀ ਨੇ, ਦਰਦ ਆਪਣੇ ਜਿਸਮ ਸਹਾਰ ਛਡੇ
ਸਹੇ ਬਹੁਤ ਸੀ ਸੱਲ ਪ੍ਰਵਾਰ ਸੰਦੇ, ਬੜੇ ਦੁਖੀਆਂ ਦੇ ਲਾਕੇ ਪਾਰ ਛਡੇ
ਮੇਟ ਛਡਿਆ ਜ਼ੁਲਮ ਤੇ ਰਾਜ ਤਾਈਂ, ਤੱਦੀ ਜ਼ੋਰ ਦੇ ਢਾਹ ਮੀਨਾਰ ਛਡੇ
ਸਭੇ ਜਾਣਦੇ ਨੇ ਏਸ ਦੁਖੀ ਲਈ, ਮਾਰ ਜ਼ਾਲਮਾਂ ਦੇ ਲਾਹ ਸਬਾਰ ਛਡੇ
ਜੀ ਜੀ ਕਰਜ਼ਾਈ ਹੈ ਗੁਰੂ ਜੀ ਦਾ, ਗੁਰਾਂ ਜੀ ਕਰਜਵਡੇ ਸਿਰ ਚਾੜ੍ਹ ਛਡੇ
ਨੇ ਕੀ ਕੀ ਜਾਤੀ ਦੇਸ ਵਾਸੀਆਂ ਨੇ, ਭਾਰੇ ਜੰਦਰੇ ਦਿਲਾਂ ਨੂੰ ਮਾਰ ਛਡੇ
ਪੁਤਰ ਕਿਸੇ ਤੋਂ ਕੌਣ ਕੁਰਬਾਨ ਗਿਆ, ਗੁਰਾਂ ਇਕ ਨਾਹੀਂ ਕਰ ਚਾਰ ਛਡੇ
ਤਕੋ ਸੱਜਣੋਂ ਤਾਂ ਮੌਕੇ ਉਸ ਵਲੇ, ਗੁਰਾਂ ਕਿਸ ਤਰ੍ਹਾਂ ਮੋਹ ਪਿਆਰ ਛਡੇ
ਰਖਲਿਆ ਜਿਸ ਜ਼ੁਲਮ ਦੀਅੱਗ ਵਿਚੋਂ, ਓਹਦੇ ਹੈਨ ਵਿਸਾਰ ਉਪਕਾਰ ਛਡੇ
ਆਣ ਬਣੀ ਔਖੀ ਜਦੋਂ ਹਿੰਦ ਤਾਈਂ, ਸ਼ਰ੍ਹਾ ਵਾਲਿਆਂ ਕਰ ਲਾਚਾਰ ਛਡੇ
ਪਕੜ ਤੇਗ ਜਿਸ ਬਲੀ ਨੇ ਲੋਕ ਜਾਲਮ, ਵਿਚ ਜੰਗਾਂ ਦੇ ਕਰ ਸਬਾਰ ਛਡੇ
ਨੇੜੇ ਕੋਈ ਨਾ ਢੁਕਿਆ ਦੇਵੀ ਦੇਉਤਾ; ਮੂੰਹ ਜਾ ਕੇ ਦੇ ਪਹਾੜ ਛਡੇ
ਚਾੜ੍ਹੇ ਹੁਕਮ ਔਰੰਗ ਨੇ ਬਹੁਤ ਸਖਤੇ, ਤੋੜ ਤਾੜ ਮੰਦਰ ਬੇਸ਼ੁਮਾਰ ਛਡੇ
ਰੇਖ ਵਿਚ ਮਾਰੀ ਮੇਖ ਕਿਸੇ ਨੇ ਨ, ਹਿੰਦੂ ਲੱਖਾਂ ਖਪਾ ਤਲਵਾਰ ਛਡੇ
ਹੀਲਾ ਕਰਕੇ ਗੁਰੂ ਗੋਬਿੰਦ ਸਿੰਘ ਜੀ, ਜ਼ਾਲਮ ਮਾਰਕੇ ਜ਼ੁਲਮ ਨਿਕਾਰ ਛਡੇ
ਵਾਹ ਦੇਸ ਦੇ ਵਾਸੀਓ ਭਾਗ ਭਰਿਓ, ਅਹਿਸਾਨ ਦਿਲੋਂ ਕਰ ਬਾਹਰ ਛਡੇ
ਰਖੋ ਯਾਦ ਸਦਾ ਰਾਖੇ ਦੇਸ ਦੇ ਨੂੰ, ਡਿਗੇ ਜਿਸ ਨੇ ਫੇਰ ਖਲ੍ਹਾਰ ਛਡੇ
ਛਲ ਕਪਟ ਨੂੰ ਛੱਡ ਕੇ ਜਰਾ ਤੱਕੋ, ਕਿਸ ਦੇਸ ਦੇ ਕਾਜ ਸਵਾਰ ਛਡੇ
ਛੇਰੇ ਕਰਨੇ ਕੂਚ ਕਰਤਾਰ ਸਿੰਘਾ, ਕਿਉਂ ਗੁਮਾਨ ਦੇ ਮਹਿਲ ਉਸਾਰ ਛਡੇ

### ਵਾਕ ਕਵੀ

ਗੁਰੂਸਾਹਿਬਤਲਵੰਡੀ ਦੇਵਿਚਠਹਿਰੇ,ਟੋਲੇਸੰਗਤਤਾਂਦੇਨਿਤ ਆਉਂਦੇ ਰਹਿੰਦੇ
ਸਤਿ ਧਰਮ ਉਪਦੇਸ਼ ਤੇ ਬੀਰਤਾ ਦੇ, ਨਵੇਂ ਸੈਂਕੜੇ ਸਿੰਘ ਸਜਾਉਂਦੇ ਰਹਿੰਦੇ
ਪਹਿਰ ਪਿਛਵੇ ਨਿਤ ਸ਼ਕਾਰ ਜਾਂਦੇ, ਸੈਜੀਆਂ ਦੀ ਮੁਕਤ ਕਰਾਉਂਦੇ ਰਹਿੰਦੇ
ਭਲੇ ਜਹੇ ਪ੍ਰੇਮੀ ਕਰਤਾਰ ਸਿੰਘਾ, ਤਨ ਮਨ ਲਾ ਸੇਵ ਕਮਾਂਉਂਦੇ ਰਹਿੰਦੇ

### ਬੋਲਣ ਦੀ ਵਿਚਾਰ

ਇਕ ਦਿਨ ਸੰਗਤ ਆਈ ਬਹੁਤ ਸਾਰੀ,ਅਰਦਾਸੀਆ ਅਰਜ਼ ਗੁਜ਼ਾਰਦਾ ਜੀ
ਸਿਖ ਸਿਖਣੀ ਆਪਦੇ ਬਹੁਤ ਆਏ, ਦਿਹੋ ਦਰਸ਼ਨ ਇਉਂ ਉਚਾਰਦਾ ਜੀ
ਬੋਲੇ ਗੁਰੂ ਜੀ ਸਾਡੇ ਨੇ ਸਿਖ ਥੋੜੇ, ਓਹ ਫੇਰ ਅਗੋਂ ਬਚਨ ਟਾਰਦਾ ਜੀ
ਸਭ ਤੁਹਾਡੇ ਨੇ ਸਿਖ ਕਰਤਾਰ ਸਿੰਘਾ, ਚਾਉ ਸਭ ਨੂੰ ਕਰਨ ਦੀਦਾਰਦਾ ਜੀ

### ਤਥਾ—ਸਿੱਖੀ ਦੀ ਪਰਖ ਕਰ ਕੇ ਦਿਖਾਲਨੀ

ਸਤਿਗੁਰ ਆ ਦਮਦਮੇ ਬੈਠੇ ਗਏ, ਸਭ ਆ ਆ ਭੇਟ ਚੜ੍ਹਾਂਦੇ ਜਾਂਦੇ
ਜਿਹੜਾ ਆਉਂਦਾ ਓਸਨੂੰ ਗੁਰੂ ਸਾਹਿਬ, ਏਸ ਤਰਾਂ ਦੀ ਪੁਛ ਪੁਛਾਂਦੇ ਜਾਂਦੇ
ਸਿਖਾ ਸਿਖਨੀ ਤੇਰੀ ਹੈ ਦਸ ਕਿਥੇ, ''ਮੇਰੀ ਸਿਖਣੀ ਔਹ'' ਬਤਾਦੇ ਜਾਂਦੇ
ਕਹਿੰਦੇ ਸਿਖਨੀ ਨੂੰ ਤੇਰਾ ਸਿਖ ਕਿਥੇ; 'ਮੇਰਾ ਸਿਖ ਔਹ' ਬਤਾਂਦੇ ਜਾਂਦੇ
'ਗੁਰ ਸਿਖਣੀ ਔਹ'‘ਮੈਂ' 'ਸਿਖਗੁਰਦਾ' ,ਜਿਨਾਂ ਆਖਯਾ ਵਖ ਬਠਾਂਦੇ ਜਾਂਦੇ
ਏਹ ਚਰਿਤ੍ਰ ਕਰ ਕਰਤਾਰ ਸਿੰਘਾ, ਸਬਕ ਸੰਗਤਾਂ ਤਾਈਂ ਸਿਖਾਂਦੇ ਜਾਂਦੇ

### ਦਲਪਤ ਮੋਂਡ ਦੀ ਸਾਖੀ

ਭੀਮੇ ਮੌੜ ਦਾ ਪੁਤ੍ਰ ਮੌੜ ਪਿੰਡੋਂ, ਦੁਧ, ਦਹੀਂ ਤੇ ਘਿਓ ਲਿਆਯਾ ਜੀ
ਗੁਰਾਂ ਆਖਯਾ ਭਾਈ ਤੇਰਾ ਨਾਮ ਕੀਹ ਹੈ,ਦਲਪਤ ਉਸ ਆਖ ਸੁਨਾਯਾ ਜੀ
ਹੋਵੇਂ ਬਲਾਂ ਦਾ ਪਤੀ ਏਹ ਵਰ ਦਿਤਾ, ਸਿਰੋਪਾਉ ਦਸਤਾਰਾ ਦਿਵਾਯਾ ਜੀ
ਘਰ ਗਿਆ ਮਿਰਾਸੀ ਕਲਪਾਨ ਕੀਤੀ, ਓਹਦੇ ਹਥ ਦਸਤਾਰਾ ਫੜਾਯਾ ਜੀ
ਮੁੜ ਪੁਛਿਆ ਗੁਰੂ ਜੀ ਖਫਾ ਹੋਕੇ, ਸਾਡਾ ਸਿਰੋਪਾਉ ਕਿਉਂ ਗਵਾਯਾ ਜੀ
ਮੌੜਾ ਭੇੜਿਆ ਓਏ ਜਾਹ ਚੋੜ ਰਿਹੋਂ, ਓਹ ਸੁਣ ਡਾਢਾ ਘਿਰਿਆਯਾ ਜੀ
ਚਰਨ ਫੜ ਕਹਿੰਦਾ ਗੁਰੋ ਬਖਸ਼ ਲੈਣਾ; ਮੈਂ ਮੂਰਖ ਭੇਦ ਨਾ ਪਾਯਾ ਜੀ

ਤੀਜੀ ਪੀੜ੍ਹੀ ਜਾਕੇ ਵਰ ਸਫਲ ਹੋਸੀ, ਜੰਮੇ ਦਲਾਂ ਮੋਹਰੀ ਅਲਾਯਾ ਜੀ
ਧੰਨਾ ਸਿੰਘ ਪੜੋਤਾ ਹੋਯਾ ਓਹਦਾ, ਮੋੜ ਸੂਰਮਾਂ ਜਿਸ ਅਖਵਾਯਾ ਜੀ
ਗੁਰ ਬਚਨ ਅਟਲ ਕਰਤਾਰ ਸਿੰਘਾ, ਆਦਿ ਅੰਤ ਇਹ ਠੀਕ ਅਜਮਾਯਾ ਜੀ

ਬਠਿੰਡੇ ਆਦਿਕ ਥਾਵਾਂ ਦੀ ਸੈਰ

ਇਕ ਦਿਨ ਤਲਵੰਡੀਓਂ ਚੜ੍ਹ ਕਰਕੇ, ਗੁਰ ਸੈਰ ਸ਼ਿਕਾਰ ਨੂੰ ਜਾਂਵਦੇ ਨੇ
ਭਾਗੀ, ਵਾਂਦਰ ਪਿੰਡ ਥੀਂ ਹੁੰਦੇ ਹੋਏ ਅਗੇ ਕੋਟ ਸ਼ਮੀਰੇ ਦੇ ਆਂਵਦੇ ਨੇ
ਓਥੇ ਬੜਾ †ਬਿਹਾਰੀ ਪ੍ਰੇਮ ਕੀਤਾ, ਚਕ ਪਿੰਡ ਜਾ ਕੇ ਡੇਰੇ ਲਾਂਵਦੇ ਨੇ
ਰਾਮੇ ਆਦਿਕ ਭਗਤੂ ਦੇ ਪੋਤਿਆਂ ਨੂੰ ਸਤਿਗੁਰੂ ਜੀ ਸਿੰਘ ਸਜਾਂਵਦੇ ਨੇ
ਅਗੇ ਚਲ ‡ਲਵੇਰੀ ਦੇ ਟਿਬੇ ਆਏ, ਭੁਚੋ ਪਿੰਡ ਜਾ ਦਰਸ ਦਿਖਾਂਵਦੇ ਨੇ
ਏਸੇ ਤਰ੍ਹਾਂ ਹੀ ਤਾਰਦੇ ਸੰਗਤਾਂ ਨੂੰ; ਗੁਰੂ ਕਿਲੇ ਬਠਿੰਡੇ ਦੇ ਜਾਂਵਦੇ ਨੇ
ਦੇਖ ਭਾਲ ਓਹਦੀ ਚੰਗੀ ਤਰ੍ਹਾਂ ਕੀਤੀ, ਮੋੜਾ ਫੇਰ ਪਿਛਾਂਹ ਨੂੰ ਪਾਂਵਦੇ ਨੇ
ਕਰ ਸੈਰ ਸ਼ਕਾਰ ਕਰਤਾਰ ਸਿੰਘਾ, ਪਾਪੀ ਜੀਆਂ ਨੂੰ ਪਾਰ ਲੰਘਾਂਵਦੇ ਨੇ

ਸੂਬੇ ਸਰਹੰਦ ਦੀ ਚਿਠੀ ਰਾਇ ਡਲੇ ਦ ਨਾਮ

ਓਧਰ ਵਿਚ ਸਰਹੰਦ ਦੇ ਖਬਰ ਹੋਈ, ਡੇਰਾ ਗੁਰੂ ਤਲਵੰਡੀ ਹੈ ਲਾਯਾ ਹੋਯਾ
ਸੂਬੇ ਲਿਖਕੇ ਭੇਜਿਆ ਵਲ ਡੱਲੇ, ਕਿਉਂ ਗੁਰੂ ਤੂੰ ਪਾਸ ਠਹਿਰਾਯਾ ਹੋਯਾ
ਗੁਰੂ ਬਾਦਸ਼ਾਹ ਦਾ ਵੈਰੀ ਬੜਾ ਭਾਰਾ, ਤੂੰ ਹੈ ਆਪਣੇ ਪਾਸ ਬੈਠਾਯਾ ਹੋਯਾ
ਭਲਾ ਚਾਹੇਂ ਤੇ ਫੜ ਪੁਚਾ ਏਥੇ ਨਹੀਂ ਦਲ ਸ਼ਾਹੀ ਵੇਖੀ ਆਯਾ ਹੋਯਾ
ਗੁਰੂ ਨਾਲ ਹੀ ਤੈਨੂੰ ਭੀ ਫੜ ਕਰਕੇ ਸਮਝ ਲਈ ਬਰਬਾਦ ਕਰਾਯਾ ਹੋਯਾ
ਏਹੋ ਜਹੇ ਦਾਬੇ ਕਰਤਾਰ ਸਿੰਘਾ, ਲਿਖੇ ਡੱਲੇ ਤਾਈਂ ਧਮਕਾਯਾ ਹੋਯਾ

ਰਾਏ ਡਲ ਨੇ ਸੂਬੇ ਸਰਹੰਦ ਵਲ ਜਵਾਬ ਲਿਖਣਾ

ਚਿਠੀ ਪੜ੍ਹੀ ਏਹ ਵਿਚ ਦੀਵਾਨ ਗਈ, ਰਾਏ ਡੱਲੇ ਨੇ ਵਲ ਲਿਖਾਈ ਸੂਬੇ

---

†ਇਸ ਬਿਹਾਰੀ ਦੀਆਂ ਮਾਲਾਂ ਬਣਾਈਆਂ ਹੋਈਆਂ ਬੜੀਆਂ ਮਸ਼ਹੂਰ ਹਨ।

‡ਏਥੇ ਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬੈਠ ਕੇ ਸਿਧਾਂ ਨਾਲ ਗੋਸ਼ਟ ਕੀਤੀ ਤੇ ਏਥੇ ਹੀ ਇਕ ਨਵੀਂ ਸੂਈ ਬਕਰੀ ਨੇ ਬਘਿਆੜ ਨਾਲ ਲੜਾਈ ਕੀਤੀ ਸੀ ਤੇ ਬਚੇ ਨੂੰ ਬਚਾ ਲਿਆ ਸੀ। ਏਸੇ ਵਾਸਤੇ ਓਦੋਂ ਤੋਂ ਏਸ ਥਾ ਨੂੰ ਲੋਕ ਲਵੇਰੀ ਦਾ ਟਿਬਾ ਆਖਣ ਲਗ ਪਏ।

ਪਹਿਰੇ ਕੌਣ ਖਲਾ ਮੈਂ ਜੀ ਹਾਂ ਤਲਾ, ਪੰਜੇ ਵਾਰ ਹੀ ਓਸ ਸੁਨਾਯਾ ਸੀ
ਮੰਗ ਤਲਿਆ ਜੋ ਤੂੰ ਮੰਗਨਾ ਹੈ, ਖੁਸ਼ ਹੋ ਕੇ ਗੁਰਾਂ ਜਤਾਯਾ ਸੀ
ਤਲਾ ਬੋਲਿਆ ਗੁਰੂ ਜੀ ਮੀਂਹ ਪਾਵੇ, ਔੜ ਦੇਸ਼ ਦੇ ਤਈਂ ਸਤਾਯਾ ਜੀ
ਮੀਂਹ ਬਹੁਤ ਪੈਸੀ ਕੁਝ ਹੋਰ ਮੰਗ ਲੈ, ਤਲੇ ਆਖ ਇਉਂ ਸੀਸ ਝੁਕਾਯਾ ਜੀ
ਚਰਨਾਂ ਵਿਚ ਪੀੜ੍ਹੀ ਜਿੰਨਾ ਥਾਂ ਬਖਸ਼ੋ;ਅਗੋਂ ਗੁਰਾਂ ਨੇ ਇਉਂ ਫੁਰਮਾਯਾ ਜੀ
ਬਿਨਾਂ ਸਿੱਖ ਸਜਿਆਂ ਨਹੀਂ ਥਾਂ ਮਿਲਦਾ, ਉਸ ਝਟ ਤਯਾਰਾ ਕਰਵਾਯਾ ਜੀ
ਗੁਰਾਂ ਸਣੇ ਪਰਵਾਰ ਕਰਤਾਰ ਸਿੰਘਾ ਤਲੇ ਤਈਂ ਅੰਮ੍ਰਿਤ ਛਕਵਾਯਾ ਜੀ

ਰਾਮੇ ਤੇ ਤਲੋਕੇ ਦੀ ਸਾਖੀ

ਬਾਬੇ ਫੂਲ ਦੀ ਇਹ ਔਲਾਦ ਵਿਚੋਂ ਸਤਿਗੁਰਾਂ ਦੇ ਆਏ ਦੀਦਾਰ ਨੂੰ ਜੀ
ਭੇਟਾ ਬਹੁਤ ਚੜ੍ਹਾ ਕੇ ਖੁਸ਼ੀ ਹੋਏ ਹੋ ਆਨੰਦ ਗੇ ਵੇਖ ਦਰਬਾਰ ਨੂੰ ਜੀ
ਫੇਰ ਹਾਲ ਚਮਕੌਰ ਦਾ ਦਸਿਓ ਨੇ ਸਾਰਾ ਖੋਲ੍ਹ ਕੇ ਗੁਰ ਕਰਤਾਰ ਨੂੰ ਜੀ
ਕੀਤਾ ਜਿਸਤਰ੍ਹਾਂ ਸੀ ਕਰਤਾਰ ਸਿੰਘਾ ਸਾਹਿਬਜ਼ਾਦਿਆਂ ਦੇ* ਸਸਕਾਰ ਨੂੰ ਜੀ

ਸ੍ਰੀ ਦਸਮੇਸ਼ ਜੀ ਨੇ ਖੁਸ਼ ਹੋ ਕੇ ਰਾਮੇ ਨੂੰ ਆਖਣਾ

ਅਸਾਂ ਸਾਹਿਬਜ਼ਾਦੇ ਸਸਕਾਰੇ ਜਾਕੇ ਜਿਸ ਵਕਤ ਰਾਮੇ ਨੇ ਸੁਨਾਈ ਹੈਸੀ
ਕੁਝ ਮੰਗ ਲੈ ਰਾਮਿਆਂ ਖੁਸ਼ ਅਸੀਂ ਸਤਿਗੁਰੂ ਜੀ ਨੇ ਫਰਮਾਈ ਹੈਸੀ
ਗੁਰੂ ਘਰੋਂ ਤੁਹਾਨੂੰ ਦੁਆ ਦਈਏ ਤੁਸਾਂ ਕੀਤੀ ਇਹ ਚੰਗੀ ਕਮਾਈ ਹੈਸੀ
ਹਥ ਜੋੜ ਰਾਮੇ ਕਰਤਾਰ ਸਿੰਘਾ ਸਤਿਗੁਰਾਂ ਪਾਸੋਂ ਜ਼ਿਮੀਂ ਚਾਹੀ ਹੈਸੀ

ਰਾਮੇ ਤੇ ਤਲੋਕੇ ਨੇ ਜ਼ਿਮੀਂ ਵਾਸਤੇ ਬੇਨਤੀ ਕਰਨੀ

ਮਾਮਾਂ ਭੁਲਰਾਂ ਦਾ ਵਡਾ ਜ਼ੋਰ ਗੁਰ ਜੀ ਓਹ ਰਖਦੇ ਬੜਾ ਸਤਾਓ ਸਾਨੂੰ
ਵਸਨ ਦੇਂਵਦੇ ਨਹੀਂ ਓਹ ਜ਼ੋਰ ਵਾਲੇ ਤੁਸੀਂ ਕਿਰਪਾ ਕਰ ਵਸਾਓ ਸਾਨੂੰ
ਕਿਤੇ ਭੀ ਸਾਡੀ ਭੀ ਮਾਲਕੀ ਬਣ ਜਾਵੇ ਕਿਰਪਾ ਧਾਰਕੇ ਕਿਤੇ ਬਠਾਓ ਸਾਨੂੰ

---

()ਰਾਮੇ ਤੇ ਤਲੋਕੇ ਨੇ ਦਸਿਆ ਕਿ ਜਦੋਂ ਚਮਕੌਰ ਦਾ ਜੰਗ ਹੋ ਰਿਹਾ ਸੀ ਅਸੀਂ ਸਰਹੰਦ ਟਕੇ ਤਾਰਨ ਗਏ ਹੋਏ ਸਾਂ, ਕਿ ਸਾਹਿਬਜ਼ਾਦੇ ਸ਼ਹੀਦ ਹੋ ਗਏ ਹਨ ਤੇ ਗੁਰੂ ਜੀ ਰਾਤ ਨੂੰ ਨਿਕਲ ਗਏ ਹਨ, ਤਾਂ ਅਸੀਂ ਜੰਗ ਹਟੇ ਪਿਛੋਂ ਸਾਹਿਬਜ਼ਾਦਿਆਂ ਤੇ ਸਿੰਘਾਂ ਦੀਆਂ ਦੇਹਾਂ ਨੂੰ ਲਭ ਕੇ ਗੁਹੀਰਿਆਂ ਵਿਚ ਧਰਕੇ ਸਸਕਾਰ ਕਰ ਦਿਤੀਆਂ ਤੇ ਕਿਸੇ ਨੂੰ ਪਤਾ ਭੀ ਨਾ ਹੋਇਆ।

ਜੋ ਲਿਖਯਾ ਤੂੰ ਅਸਾਂ ਪੜ ਲਿਆ ਤੇਰੀ ਚਿਠੀ ਸਾਡੇ ਪਾਸ ਆਈ ਸੂਬੇ
ਤੇਰੇ ਦਾਬਿਆਂ ਤੋਂ ਅਸੀਂ ਨਹੀਂ ਡਰਦੇ, ਤੂੰ ਕਰ ਬੇਸ਼ਕ ਚੜਾਈ ਸੂਬੇ
ਜੇਹੜੀ ਪੁਜਦੀ ਆ ਹੋਰ ਵਾਹ ਲਾ ਲੈ ਕਿਹੜੀ ਕਸਰ ਤੂੰ ਅਗੇ ਰਖਾਈ ਸੂਬੇ
ਸਤਿਗੁਰੂ ਸਾਡੀ ਜਾਨ ਨਾਲ ਸਦਾ ਤੂੰ ਛੁੜਾਉਨ ਦੀ ਕਿਵੇਂ ਸੁਨਾਈ ਸੂਬੇ
ਜੋ ਹੈ ਤੁਹਾਥੋਂ ਅਗੋਂ ਪੁਜ ਚੁਕੀ ਸਾਡੇ ਦਿਲਾਂ ਦੇ ਵਿਚ ਸਮਾਈ ਸੂਬੇ
ਚੜ ਆਵੇਂ ਤੈਥੋਂ ਵਟਾ ਲੈ ਲਈਏ ਤੇਰੀ ਕਰੀਏ ਖਾਕ ਉਡਾਈ ਸੂਬੇ
ਚਿਠੀ ਪੁਜੀ ਸਰਹੰਦ ਕਰਤਾਰ ਸਿੰਘਾ ਡਾਢੀ ਪੜ੍ਹਕੇ ਸ਼ਰਮ ਉਠਾਈ ਸੂਬੇ

### ਗੁਰੂ ਸਰ ਤੇ ਲਿਖਣਸਾਰ ਦੀ ਸਾਖੀ

ਇਕ ਦਿਨ ਅੰਮ੍ਰਿਤ ਬਨਵਾ ਕਰਕੇ ਵਿਚ ਟੋਬੇ ਦੇ ਸਾਰਾ ਸੁਟਾਯਾ ਗੁਰ ਜੀ
ਸਿਖਾਂ ਪੁਛਿਆ ਜਦੋਂ ਸਬਰ ਇਹਦਾ ਫੇਲ ਵਿਚ ਦੀਵਾਨ ਸੁਨਾਯਾ ਗੁਰ ਜੀ
ਇਹ ਅਜ ਤੋਂ ਗੁਰਾਂ ਦੀ ਹੋਈ ਕਾਂਸ਼ੀ ਇਹ ਟੋਬ ਨੂੰ ਵਰ ਦਿਵਾਯਾ ਗੁਰ ਜੀ
ਫੇਰ ਕਲਮਾਂ ਘੜਕੇ ਕਾਨੇ ਦੀਆਂ ਟੋਬੇ ਵਿਚ ਸੁਟਾਨ ਠਹਿਰਾਯਾ ਗੁਰ ਜੀ
ਲਿਖਨਸਾਰ ਇਸ ਥਾਂ ਦਾਨਾ ਮਹੋਯਾਇਉਂ ਸਿਖਾਂਤਾਈਂ ਫਰਮਾਯਾ ਗੁਰ ਜੀ
ਇਥੇ ਪੜ੍ਹੇ ਜੋ ਆਨ ਕਰਤਾਰ ਸਿੰਘਾ ਵਿਦਵਾਨ ਹੋ ਜਾਏ ਅਲਾਯਾ ਗੁਰ ਜੀ

### ਵਾਕ ਕਵੀ

ਵਾਹ ਸਤਿਗੁਰੋਇਹ ਪ੍ਰਤਾਪ ਤੁਹਾਡਾ ਜਿਥੇ ਤੁਸਾਂ ਨੇ ਚਰਨ ਟਿਕਾਏ ਗੁਰ ਜੀ
ਸਭ ਪੂਜਨੇ ਯੋਗ ਓਹ ਥਾਂ ਹੋਏ ਜਗ ਵਿਚ ਰਹੇ ਜਸ ਪਾਏ ਗੁਰ ਜੀ
ਝਾੜ ਸਾਹਿਬ ਜੀਝਾੜਾਂਤੋਂ ਹੋ ਗਏ ਪਲਾਹ ਸਾਹਿਬ ਢਕ ਅਖਵਾਏ ਗੁਰ ਜੀ
ਕਰ ਬੇਰੀਆਂ ਨੂੰ ਬੇਰ ਸਾਹਿਬ ਦਿਤਾ ਨੀਚ ਊਚ ਕਰਕੇ ਦਿਖਲਾਏ ਗੁਰ ਜੀ
ਟਾਹਲੀਆਂਣੇ ਸਾਹਿਬ ਹਏ ਟਾਹਲੀਆਂ ਤੋਂ ਗੁਰੂ ਸਰ ਟੋਬੇ ਬੁਲਾਏ ਗੁਰ ਜੀ
ਘਾਹੀਆਂ ਵਸਦਿਆਂ ਰਾਜ ਪ੍ਰਤਾਪ ਦੇਕੇ ਰਾਜੇ ਕਰ ਸਿਰਛਤ੍ਰ ਝੁਲਾਏ ਗੁਰ ਜੀ
ਕਰ ਨੀਚਾਂ ਨੂੰ ਛਤ੍ਰੀ ਬੀਰ ਯੋਧੇ, ਜਗ ਵਿਚ ਸਰਦਾਰ ਕਰਾਏ ਗੁਰ ਜੀ
ਤੁਹਾਡੇ ਜੈਸੇ ਤੁਸੀਂ ਕਰਤਾਰ ਸਿੰਘਾ, ਭਾਵੇਂ ਸੈ ਅਵਤਾਰ ਕਹਾਏ ਗੁਰ ਜੀ

### ਰਾਇ ਡਲੇ ਨੇ ਸਿੰਘ ਸਜਣਾ

ਇਕ ਰਾਤ ਡਲਾ ਆਪ ਰਿਹਾ ਪਹਿਰੇ, ਪੰਜ ਵਾਰ ਸਤਿਗੁਰਾਂ ਬੁਲਾਯਾ ਸੀ

ਤੁਹਾੜਾ ਆਸਰਾ ਹੈ ਕਰਤਾਰ ਸਿੰਘਾ; ਦਾਸ ਜਾਨ ਜ਼ਮੀਨ ਦਿਵਾਓ ਸਾਨੂੰ

ਸ੍ਰੀ ਦਸਮੇਸ਼ ਜੀ ਨੇ ਰਾਮੇ ਤੇ ਤਲੋਕੇ ਨੂੰ ਵਰ ਦੇਣਾ

ਭਾਈ ਰਾਮਿਆਂ ਤੁਹਾਡੀ ਔਲਾਦ ਪਾਸੋਂ ਅਸਾਂ ਰਾਜ ਅਟਲ ਭੁਗਾਵਨਾ ਏਂ
ਥੋੜੀ ਜਿਮੀਂ ਕੀਹ ਏਹ ਸਭ ਤੁਹਾਡੀ, ਹੋਸੀ ਫੂਲਬੰਸਦਾ ਝੰਡਾ ਝੁਲਾਵਨਾ ਏਂ
ਓਹ *ਵਰ ਗੁਰੂ ਹਰਿਰਾਇ ਜੀ ਦਾ ਬਿਰਥਾ ਮੂਲ ਨ ਕਦੇ ਭੀ ਜਾਵਨਾ ਏਂ
ਅੰਮ੍ਰਿਤ ਛਕ ਕੇ ਸਿੰਘ ਤਯਾਰ ਹੋਵੇ ਗੁਰੂ ਬੜਾ ਪ੍ਰਤਾਪ ਵਧਾਵਨਾ ਏਂ
ਤੇਰਾ ਘਰ ਜਿਹੜਾ ਹੈ ਇਹ ਘਰ ਮੇਰਾ ਏਹਨੂੰ ਸਦਾ ਅਟਲ ਰਖਾਵਨਾ ਏਂ
ਤੁਹਾਡੀ ਬੰਸ ਦੇ ਵਿਚ ਕਰਤਾਰ, ਸਿੰਘਾ ਸਿਖੀ ਰਾਜ ਪ੍ਰਤਾਪ ਟਿਕਾਵਨਾ ਏਂ

ਵਾਕ ਕਵੀ

ਰਾਮ ਸਿੰਘ ਤਲੋਕ ਸਿੰਘ ਸਿੰਘ ਸਜੇ ਵਰ ਦੇ ਏਹ ਪੀੜੀ ਵਧਾਈ ਗੁਰ ਜੀ
ਫੂਲਬੰਸ ਅਵਤੰਸ ਸਮਾਨ ਰੌਸ਼ਨ ਡੂੰਗੀ ਜੜ ਪਾਤਾਲ ਹੈ ਲਾਈ ਗੁਰ ਜੀ
ਵਧੀ ਫੁਲ ਦੀ ਏਹ ਫੁਲਵਾੜੀ ਵਡੀ ਸਾਰੀ ਰਦ ਬਲਾ ਕਰਾਈ ਗੁਰ ਜੀ
ਮੇਰੀ ਹੈ ਅਸੀਸ ਕਰਤਾਰ ਸਿੰਘਾ ਕਲਾਂ ਰਖਨੀ ਸਦਾ ਸਵਾਈ ਗੁਰ ਜੀ

ਬਾਹਿਰ ਸ਼ਕਾਰ ਵਿਚ ਡਲੇ ਸਿੰਘ ਨਾਲ ਗਲਬਾਤ

ਬਾਹਿਰ ਗਏ ਸ਼ਕਾਰ ਲੈ ਨਾਲ ਡਲਾ, ਹਵਾ ਤਤੀਆਂ ਬਾਹਿਰੋਂ ਆਇ ਰਹੀਆਂ
ਇਕ ਟਿਬੇ ਤੇ ਖੜੇ ਹੋ ਕਹਿਣ ਲਗੇ, ਵੇਖ ਕਣਕਾਂ ਕਹੀਆਂ ਸੁਹਾਇ ਰਹੀਆਂ
ਨਜ਼ਰ ਮਾਰਕੇ ਵੇਖ ਤੂੰ ਡਲ ਸਿੰਘਾ, ਕਿਹਾ ਸੋਹਣੀਅ ਲਾਹਿਲਹਾਇ ਰਹੀਆਂ
ਸੋਹਣਾ ਮਾਲਵਾਦੇਸ ਕਰਤਾਰਸਿੰਘਾ ਚਹੁੰਪਾਸੀਂ ਹੀਬਰਕਤਾਂ ਛਾਇ ਰਹੀਆਂ

ਡਲ ਸਿੰਘ

ਡਲਾ ਆਖਦਾ ਭੋਲਿਓ ਸਤਿਗੁਰੋ ਜੀ, ਕਿਥੋਂ ਕਣਕਾਂ ਹਰੀਆਂ ਆਈਆਂ ਨੇ
ਏਹ ਤਾਂ ਖੜਾ ਉਲੇਹਾ ਤੇ ਖੋਹੀ ਸਾਰੇ, ਕਰਾ, ਦਭ ਤੇ ਭੇੜੀਆਂ ਕਾਈਆਂ ਨੇ

---

*ਜਦ ਸਤਿਗੁਰਾਂ ਹਰਿਰਾਇ ਸਾਹਿਬ ਜੀ ਮਾਲਵੇ ਆਏ ਸਨ, ਤਾਂ ਫੂਲ ਤੇ ਸੰਦਲੀ ਨੂੰ (ਜਿਨਾਂ ਨੇ ਢਿਡ ਵਜਾਏ ਸਨ) ਵਰ ਦਿਤਾ ਸੀ ਕਿ ਤੁਹਾਡੀ ਔਲਾਦ ਰਾਜ ਕਰੇਗੀ। ਸੋ ਉਸ ਵਰ ਦਾ ਪ੍ਰਤਾਪ ਫੂਲਕੀਆਂ ਰਿਆਸਤਾਂ ਅਟਲ ਰਾਜ ਭੋਗ ਰਹੀਆਂ ਹਨ। ਕਈ ਬੁਧਵਾਨਾਂ ਨੂੰ ਏਹੋ ਵਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦਿਤਾ ਲਿਖਯਾ ਹੈ।

ਕਿਦੇ ਵਿਚ ਬਾਹਰ ਨ ਕਣਕ ਹੋਈ, ਹਾੜ ਵਿਚ ਹੀ ਕਿਥੇ ਉਗਾਈਆਂ ਨੇ
ਪਆਦੇਸਉਜਾੜ ਕਰਤਾਰਸਿੰਘਾ, ਮਿਰਗਾਂ ਮਰਦੀਆਂ ਡਾਰਾਂ ਤਿਹਾਈਆਂ ਨੇ

ਸ੍ਰੀ ਦਸਮੇਸ਼ ਜੀ

ਥੋੜ੍ਹੀ ਦੇਰ ਪਿਛੋਂ ਫੇਰ ਗੁਰ ਬੋਲੇ, ਬਾਗ ਦੇ ਹਰੇ ਕਹੀ ਬਹਾਰ ਸੋਹਣੀ
ਡਲ ਸਿੰਘਾ ਔਹ ਅੰਬ ਅਨਾਰ ਖਲੇ, ਕਹੀ ਲਗ ਰਹੀ ਹੈ ਗੁਲਾਬ ਸੋਹਣੀ
ਏਹੋ ਜਹੇ ਤਾਂ ਬਾਗ ਸਰੂੰਦ ਭੀ ਨਹੀਂ, ਕੀਤੀ ਧਰਤੀ ਏਹ ਕਰਤਾਰ ਸੋਹਣੀ
ਚਿਤ ਹੋਂਵਦਾ ਖੁਸ਼ ਕਰਤਾਰ ਸਿੰਘਾ, ਜਗ੍ਹਾ ਵਾਸਤੇ ਸੈਰ ਸ਼ਕਾਰ ਸੋਹਣੀ

ਡੱਲ ਸਿੰਘ

ਡੱਲਾ ਆਖਦਾ ਗੁਰੂ ਜੀ ਤੁਸੀਂ ਭੋਲੇ, ਏਹੋ ਜਹੇ ਸਾਡੇ ਭਲਾ ਭਾਗ ਕਿਥੇ
ਏਹ ਤਾਂ ਜੰਡ ਕਰੀਰ ਤੇ ਮਲੇਖਲੇ, ਵਿਚ ਮਾਲਵੇ ਦੇਸ ਦੇ ਬਾਗ ਕਿਥੇ
ਅਸਾਂ ਜੰਮ ਨ ਅੰਬ ਅਨਾਰ ਦੇਖੇ, ਏਐ ਲੇਲੇ ਅੰਗੂਰਾਂ ਦੀ ਲਾਗ ਕਿਥੇ
ਮੋਤੀ ਗੁਰਾਂ ਦੇ ਸੁਖਨ ਕਰਤਾਰ ਸਿੰਘਾ, ਸਾਰ ਹੰਸ ਬਿਨਾਂ ਜਾਨੇ ਕਾਗ ਕਿਥੇ

ਸ੍ਰੀ ਦਸਮੇਸ਼ ਜੀ

ਟਿਬੇ ਰੇਤ ਦੇ ਤਕਕੇ ਫੇਰ ਕਹਿੰਦੇ, ਵੇਖ ਡਲਿਆ ਨ ਹਿਰਾਂ ਔਹ ਵਗ ਰਹੀਆਂ
ਸਾਰੀ ਧਰਤੀ ਕਿਆਸਰ ਸਬਜ ਦਿਸੇ, ਚਾਰੋਂ ਤਰਫ ਬਹਾਰਾਂਨੇ ਲਗ ਰਹੀਆਂ
ਮੋਰ ਬੋਲਦੇ ਕੋਇਲਾਂ ਕੂਕ ਰਹੀਆਂ ਪੌਣਾਂ ਠੰਢੀਆਂ ਚਿਤਾਂ ਨੂੰ ਠਗ ਰਹੀਆਂ
ਇਹ ਕੁਮਾਦ ਕਪਾਹਾਂ ਕਰਤਾਰ ਸਿੰਘਾ, ਸਾਰੇ ਦੇਸ ਹੋ ਦਗਾ ਦੇ ਦਗ ਰਹੀਆਂ

ਡੱਲ ਸਿੰਘ

ਡਲਾ ਆਖਦਾ ਗੁਰੂ ਜੀ ਰੇਤ ਕੱਕੀ, ਚਾਰੋਂ ਤਰਫ ਨਿਗ੍ਹਾ ਪਈ ਆਂਵਦੀ ਏ
ਮਰਨ ਤੜਫਦੇ ਮਿਰਗ ਤਿਹਾਏ ਏਥੇ, ਪੌਣ ਵਗਕੇ ਘਟਾ ਉਡਾਂਵਦੀ ਏ
ਕੋਹਾਂ ਤਕ ਪਾਣੀ ਏਥੇ ਲਭਦਾ ਨਹੀਂ, ਏਹ ਜੰਗਲ ਧਰਤ ਸਦਾਂਵਦੀ ਏ
ਤਿੰਨੇ ਬਚਨ ਉਲਟਾਏ ਕਰਤਾਰ ਸਿੰਘਾ, ਭੇਦ ਡਲੇ ਦੀ ਮਤ ਨ ਪਾਂਵਦੀ ਏ

ਸ੍ਰੀ ਦਸਮੇਸ਼ ਜੀ ਨੇ ਮਾਲਵੇ ਦੇਸ ਨੂੰ ਵਰ ਦੇਣੇ

ਜਾਹ ਡਲਿਆ ਭਲਿਆ ਰਿਹੋਂ ਭੋਲਾ, ਤਿੰਨੇ ਵਾਰ ਤੂੰ ਬਚਨ ਉਲਟਾਯਾ ਏ
ਜਾਹ ਬਚਨ ਕਹਿਦੇਂ ਸਤ ਝਬ ਹੁੰਦੇ, ਤੇਰੀ ਅੜੀ ਨੇ ਚਿਰ ਲਵਾਯਾ ਏ

ਲਿਆ ਬਰਕਤਾਂ ਸਭ ਸਰੂੰਦ ਦੀਆਂ, ਅਸਾਂ ਮਾਲਵਾ ਦੇਸ ਵਸਾਯਾ ਏ
ਥੋੜੇ ਚਿਰ ਪਿਛੋਂ ਗਲਾਂ ਹੋਣ ਸਭੇ, ਤੈਨੂੰ ਕਿਸਮਤ ਨਹੀਂ ਦਿਖਾਯਾ ਏ
ਨਹਿਰਾਂ ਚਲਮ ਅੰਬ ਅਨਾਰ ਹੋਵਨ, ਵਿਚ ਜੰਗਲਾਂ ਮੰਗਲ ਕਹਾਯਾ ਏ
ਸਤ ਹੋ ਰਹੇ ਬਚਨ ਕਰਤਾਰ ਸਿੰਘਾ, ਸਾਰੇ ਦੇਸ ਨੇ ਦੇਖ ਅਜਮਾਯਾ ਏ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕਰਨੀ

ਨਾਵੇਂ ਗੁਰੂ ਜੀ ਦਾ ਸਾਕਾ ਹੋਯਾ ਜਦੋਂ, ਸ੍ਰੀ ਗੁਰੂ ਦਸਮੇਸ਼ ਜੀ ਚਾਹਯਾ ਸੀ
ਜਾਵੇ ਰਖਯਾ ਪਾਠ ਗਰੰਥ ਜੀ ਦਾ, ਧੀਰਮਲ ਨੇ ਕਪਟ ਕਮਾਯਾ ਸੀ
ਦਿਤੇ ਨਹੀਂ ਸੀ ਸ੍ਰੀ ਗਰੰਥ ਸਾਹਿਬ, ਸਗੋਂ ਤਾਹਨਾ ਏਹ ਆਖ ਸੁਨਾਯਾ ਜੀ
ਹੈਨ ਗੁਰੂ ਤੇ ਰਚ ਗਰੰਥ ਲੇਵਨ, ਓਸ ਕਰ ਹੰਕਾਰ ਜਤਾਯਾ ਸੀ
ਤਦ ਗੁਰਾਂ ਤਾਈਂ ਨ ਸੀ ਵੇਹਲ ਲਗਾ, ਪਰ ਬਚਨ ਓਹ ਚਿਤ ਸਮਾਯਾ ਸੀ
ਏਥੇ ਆਣਕੇ ਹੁਣ ਕਰਤਾਰ ਸਿੰਘਾ, ਓਸ ਗਲ ਦੇ ਤਈਂ ਦੁਹਰਾਯਾ ਸੀ

ਤਥਾ

ਜੰਗਾਂ ਜੁਧਾਂ ਤੋਂ ਹੁਣ ਹੋ ਗਏ ਵੇਹਲੇ, ਓਹ ਸੰਕਲਪ ਆ ਪੂਰਾ ਕਰਾਉਨ ਲਗੇ
ਇਕ ਪਹਿਰ ਤੰਬੂ ਵਿਚ ਨਿਤ ਬਹਿਕੇ, ਗੁਰੂ ਗ੍ਰੰਥ ਦੀਬਾਣੀ ਸੁਨਾਉਨ ਲਗੇ
ਆਪ ਸਾਫ ਉਚਾਰਦੇ ਜਾਂਵਦੇ ਜੀ, ਮਨੀ ਸਿੰਘ ਪਾਸੋਂ ਲਿਖਵਾਉਨ ਲਗੇ
ਅੰਤ੍ਰਯਾਮਤਾ ਏਹ ਕਰਤਾਰ ਸਿੰਘਾ, ਵੇਖ ਸੁਣ ਕੇ ਸਭ ਸਰਾਹੁਨ ਲਗੇ

ਤਥਾ

ਜਪੁ ਸਾਹਿਬ ਤੋਂ ਲੈਕੇ ਅੰਤ ਤੋੜੀ, ਸਤਿਗੁਰਾਂ ਨੇ ਉਕਰ ਸੁਨਾਈ ਬਾਣੀ
ਜਿਥੇ ਜਿਥੇ ਜਗਾ ਛਡੀ ਗੁਰੂ ਅਰਜਨ, ਨਾਵੇਂ ਗੁਰਾਂ ਦੀ ਓਥੇ ਚੜ੍ਹਾਈ ਬਾਣੀ
ਕੀਤਾ 'ਖਾਲਸੇ' ਥਾਂ 'ਖੁਲਾਸੇ' ਦੇ ਜੀ, ਇਕ ਦੂੰਹ ਥਾਈਂ ਉਲਟਾਈ ਬਾਣੀ
ਨਾਵੇਂ ਮਹਿਲ ਤੇ ਲਿਖ ਮੁੰਦਾਵਨੀ ਨੂੰ, ਚਾ ਏਥੇ ਹੀ ਬੰਦ ਕਰਾਈ ਬਾਣੀ
ਬਸ ਪੜ੍ਹ ਸ਼ਲੋਕਾਂ ਦੇ ਭੋਗ ਪਾਣਾ, ਮਣੀ ਸਿੰਘ ਤੋਂ ਸਾਰੀ ਲਿਖਾਈ ਬਾਣੀ
ਬੀੜ ਹੋਈ ਤਯਾਰ ਕਰਤਾਰ ਸਿੰਘਾ, ਸਤਿਗੁਰਾਂ ਨੇ ਆਪ ਰਚਾਈ ਬਾਣੀ

ਵਾਕ ਕਵੀ

ਬੀੜ ਕਰ ਤਯਾਰ ਮਨਾਈ ਖੁਸ਼ੀ, ਏਹ ਭੀ ਸਿਰ ਉਤੋਂ ਭਾਰ ਦੂਰ ਹੋਯਾ

ਦਮਦਮੇ ਵਾਲੀ ਬੀੜ ਸਿੱਖ ਕਹਿੰਦੇ, 'ਦਸਮ ਗ੍ਰੰਥ' ਭੀ ਨਾਮ ਮਸ਼ਹੂਰ ਹੋਯਾ
ਦਸਮ ਗੁਰ ਰਚਿਆ ਦਸਮ ਨਾਮ ਹੋਯਾ; ਗੁਰ ਗਦ ਤੇ ਫੇਰ ਜ਼ਰੂਰ ਹੋਯਾ
ਸਤਾਰਾਂ ਸੌ ਤ੍ਰੇਠ ਕਰਤਾਰ ਸਿੰਘਾ, ਦਸਮ ਗ੍ਰੰਥ ਦਾ ਜਦੋਂ ਜ਼ਹੂਰ ਹੋਯਾ

*ਦਸਮ ਪਾਤਸ਼ਾਹੀ ਦਾ ਗ੍ਰੰਥ ਸਾਹਿਬ ਕਿਹੜਾ ਹੈ?

ਅਜ ਕਲ ਜੋ ਦਸਮ ਗ੍ਰੰਥ ਦਿਸੇ, ਏਹ ਦਸਮ ਗ੍ਰਥ ਨਹੀਂ ਜਾਨ ਲਵੋ
ਦਮਦਮੇ ਜੋ ਗੁਰਾਂ ਸੀ ਬੀੜ ਰਚੀ, ਦਸਮ ਗ੍ਰਥ ਓਹ ਖਾਸ ਪਛਾਨ ਲਵੋ
()ਏਹਦੀ ਗੁਰ ਜੀ ਦੇ ਕਈ ਬਰਸ ਪਿਛੋਂ, ਸਿੰਘਾਂ ਬੀੜ ਬੱਧੀਸਚ ਠਾਨ ਲਵੋ
ਕੁਝ ਗੁਰਾਂ ਦੀ ਤੇ ਕੁਝ ਕਵੀਆਂ ਦੀ, ਬਾਣੀ ਕਰੀ ਕਠੀ ਪਰਮਾਨ ਲਵੋ
ਓਹ ਦਸਮ ਗ੍ਰਥ ਹੁਣ ਹੈ ਕਾਬਲ, ਵਡੀ ਧਰਮਸਾਲਾ ਚਿਤ ਠਾਨ ਲਵੋ
ਘਲੂਘਾਰੇ ਦੇ ਵਿਚ ਕਰਤਾਰ ਸਿੰਘਾ, ਐਹਮਦ ਸ਼ਾਹ ਲੈਗਿਆ ਸਿਆਨ ਲਵੋ

ਵਾਕ ਕਵੀ

ਦਮਦਮੇ ਰਚਿਆ ਦਸਮ ਗ੍ਰਥ ਓਹੋ ਗੁਰੂ ਦਸਮੇ ਵਾਲਾ ਬਿਆਨ ਸਮਝੋ
ਲੋਕ ਚਰਿਤ੍ਰਾਂਵਾਲੇ ਨੂੰ ਦਸਨ ਕੇਂਹਦੇ, ਨਹੀਂ ਓਹਕੇਹਨਵਾਲੇਬੁਧੀਮਾਨ ਸਮਝੋ
ਓਹਦੇ ਵਿਚ ਬਾਣੀ ਥੋੜੀ ਗੁਰੂ ਜੀ ਦੀ, ਬਾਕੀ ਰਚੀਕਵੀਆਂਦੇਧਯਾਨ ਸਮਝੋ
ਗੁਰੂਧਰਮਅਵਤਾਰਤੇਪਾਕਹਿਰਦਾ, ਕੋਈਮਾਮੂਲੀਨਹੀਂ ਸਨ ਇਨਸਾਨ ਸਮਝੋ
ਕਦੋ ਉਨਾਂ ਦੇ ਹਿਰਦਿਓਂ ਨਿਕਲ ਸਕਨ. ਓਹ ਚਰਿਤ੍ਰਾਂ ਵਰਗੇਤੂਫਾਨ ਸਮਝੋ
ਗੰਦ ਨੰਦ ਜਨਾਨੀਆਂ ਲੁਚੀਆਂ ਦੇ, ਹੈਨ ਭਰੇ ਬੇਅੰਤ ਸਿਆਨ ਸਮਝੋ
ਪੜਨਵਾਲੀਆਂ ਨੂੰਸਾਨੂੰਸ਼ਰਮਆਉਂਦੀ ਓਹਤਾਹਜ਼ੀਬਤੋਂਬਾਹਰ ਪਛਾਨ ਸਮਝੋ
ਕਿਵੇਂ ਗੁਰਾਂ ਨੇ ਰਚੇ ਕਰਤਾਰ ਸਿੰਘਾ, ਹੋਸ਼ ਕਰਕੇ ਜ਼ਰਾ ਨਾਦਾਨ ਸਮਝੋ

ਤਥਾ

ਜਿਹੜੇ ਹਠ ਕਰ ਗੁਰਾਂ ਦੇ ਨਾਲ ਮਥੇ ਰਚਿਤ ਗੁਰਾਂ ਦੀ ਜੋ ਸੁਨਾਂਵਦੇ ਨੇ
ਉਹ੍ਰ ਉਭ੍ਰਦੀਵਾਨਾਂਦੇ ਵਿਚ ਕਹਿੰਦੇ, ਕਿਉਂ ਨ ਦਿਲਾਂ ਵਿਚ ਓਹਸ਼ਰਮਾਂਵਦੇ ਨੇ
'ਮੇਰੇ ਮੋਹਿਨਾ ਸਰਵਨੀ ਏਹ ਨ ਸੁਨਾਏਂ' ਏਸ ਤੁਕ ਵਲਨਜਰਨ ਪਾਂਵਦੇ ਨੇ

()ਅਜਕਲ ਜੋ ਦਸਮ ਗ੍ਰਥ ਕਰਕੇ ਸਾਡੇ ਗੁਰਦਵਾਰਿਆਂ ਵਿਚ ਮੰਨਿਆਂ ਜਾਂਦਾ ਹੈ ਉਸਦਾ ਨਾਮ ਦਸਮੀ ਪਾਤਸ਼ਾਹੀ ਦਾ ਗ੍ਰੰਥ ਨਹੀਂ ਹੈ। ਦਸਮੀ ਪਾਤਸ਼ਾਹੀ ਦਾ ਗ੍ਰੰਥ ਸਾਹਿਬ ਉਹ ਹੈ, ਜੋ

(ਬਾਕੀ ਦੇਖੋ ਅਗੇ ਸਫਾ ੫੩੭)

'ਸਕਤਨਾਦਗੀਤ ਕਬਿਤ ਇਹੁ ਬੋਲਤ ਬੋਲਅਜਾਏ, ਵਲਦਿਲਨਲਾਂਵਦੇ ਨੇ
ਵਡੇ ਗੁਰ ਕਹਿੰਦੇ ਗੀਤ ਸਾਕਤਾਂ ਦੇ, ਕੰਨੀਂ ਪੈਣ ਨ ਇਉਂ ਲਿਖਾਂਵਦੇ ਨੇ
ਕੀਹ ਸ੍ਰੀ ਦਸਮੇਸ਼ ਜੀ ਰੂਪ ਓਹੋ, ਗੀਤ ਲੁਚੀਆਂ ਰੰਨਾਂ ਦੇ ਗਾਂਵਦੇ ਨੇ
ਏਸ ਗਲ ਉਤੇ ਹਠ ਕਰਨ ਵਾਲੇ, ਯੱਸ ਗੁਰਾਂ ਦਾ ਨਹੀਂ ਵਧਾਂਵਦੇ ਨੇ
ਸਗੋਂ ਹੋ ਨਿੰਦਕ ਕਰਤਾਰ ਸਿੰਘਾ, ਸਤਿਗੁਰਾਂ ਦਾ ਸ਼ਾਨ ਘਟਾਂਵਦੇ ਨੇ

ਔਰੰਗਾਬਾਦ ਔਰੰਗਜ਼ੇਬ ਪਾਸ ਜ਼ਫਰਨਾਮਾ ਪਹੁੰਚਣਾ

ਬੜੀਆਂ ਕੋਸ਼ਸ਼ਾਂ ਕਰਕੇ ਦੋਯਾ ਸਿੰਘ ਨੇ, ਏਸ ਕੰਮ ਨੂੰ ਸਿਰੇ ਚੜ੍ਹਾਯਾ ਜੀ
ਸਤਿਗੁਰਾਂ ਦਾ ਓਹ ਪੈਗਾਮ ਲਿਖਯਾ, ਬਾਦਸ਼ਾਹ ਦੇ ਹਥ ਫੜਾਯਾ ਜੀ
ਬਾਦਸ਼ਾਹ ਨੇ ਖੋਲ ਕੇ ਜਦੋਂ ਪੜਿਆ, ਖੌਫ ਓਸ ਦੇ ਦਿਲ ਛਾਯਾ ਜੀ
ਓਹਨੂੰ ਹੋਯਾ ਯਕੀਨ ਕਿ ਸੂਬਿਆਂ ਨੇ, ਸਤਿਗੁਰ ਬੇਦੋਸ਼ ਸਤਾਯਾ ਜੀ
ਬੇਈਮਾਨੀ ਪਹਾੜੀਆਂ ਬਹੁਤ ਕੀਤੀ, ਅਤੇ ਦਗਾ ਫਰੇਬ ਕਮਾਯਾ ਜੀ
ਗੁਰ ਨਾਨਕ ਦੀ ਗਦੀ ਦੇ ਨਾਲ ਸਾਡਾ, ਮੁਫਤ ਵਿਚ ਫਸਾਦ ਪਵਾਯਾ ਜੀ
ਓਸੇ ਗਦੀ ਦੇ ਨਾਲ ਵਿਗਾੜ ਹੋਯਾ, ਸਾਨੂੰ ਜਾਰ ਏਹ ਜਿਸ ਦਿਵਾਯਾ ਜੀ
ਕੀਤਾ ਮੈਨੂੰ ਦਰਗਾਹ ਦੇ ਵਿਚ ਝੂਠਾ, ਹੁਨ ਬਖਸ਼ੇ ਕਿਵੇਂ ਖੁਦਾਯਾ ਜੀ
ਪਤਾ ਪੁਛ ਸਾਰਾ ਦਯਾ ਸਿੰਘ ਪਾਸੋਂ, ਵਲ ਗੁਰਾਂ ਦੇ ਇਉਂ ਲਿਖਵਾਯਾ ਜੀ
ਉਹਦਾ ਇਹ ਮਜ਼ਮੂਨ ਕਰਤਾਰ ਸਿੰਘਾ, ਜੋ ਮੁਰਾਸਲਾ ਸ਼ਾਹ ਦਾ ਆਯਾ ਜੀ

---

(ਪਿਛਲੇ ਸਫ਼ੇ ੫੩੬ ਨੋਟ ਦੀ ਬਾਕੀ) ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਮਦਮੇ ਸਾਹਿਬ ਦਸਵੇਂ ਪਾਤਸ਼ਾਹ ਨੇ ਬੱਧੀ, ਸੋ ਓਹ ਅਜਕਲ ਕਾਬਲ ਵਿਚ ਦੀ ਧਰਮਸਾਲਾ ਵਿਚ ਹੈ, ਭਾਈ ਦੀਪ ਸਿੰਘ ਜੀ ਨੇ ਓਸ ਸਮੇਂ ਦਮਦਮੇਂ ਵਾਲੀ ਬੀੜ ਤੋਂ ਚਾਰ ਉਤਾਰੇ ਕੀਤੇ ਸਨ, ਜੋ ਹੁਣ ੧–ਦਮਦਮੇ ੨–ਪਟਨੇ, ੩–ਅਕਾਲ ਬੁੰਗੇ, ੪–ਕੇਸਗੜ੍ਹ ਅਨੰਦਪੁਰ ਵਿਚ ਹੈ, ਜੋ ਅਜਕਲ ਦਸਮ ਗ੍ਰੰਥ ਸਿੱਖਾਂ ਵਿਚ ਮਸ਼ਹੂਰ ਹੈ, ਏਸ ਦੀ ਤਾਂ ਬੀੜ ਸ੍ਰੀ ਗੁਰੂ ਜੀ ਤੋਂ ਦਸ ਸਾਲ ਪਿਛੋਂ ਬੱਧੀ ਸੀ, ਜਿਸ ਤਰਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੂਸਰੀ ਬੀੜ ਭਾਈ ਬੰਨੋ ਵਾਲੀ ਹੈ, ਏਸ ਤਰ੍ਹਾਂ ਤੀਸਰੀ ਬੀੜ ਦਸਮ ਪਾਤਸ਼ਾਹੀ ਵਾਲੀ ਹੈ।

ਨੋਟ—ਉਪਰਲੇ ਵਿਸ਼ੇ ਵਿਚ ਸਿਰਫ ਮੇਰੀ ਆਪਣੀ ਰਾਇ ਹੈ "ਆਪੁ ਆਪਨੀ ਬੁਧਿ ਹੈ ਜੇਤੀ । ਬਰਨਿਤ ਭਿੰਨ ਭਿੰਨ ਤੁਹਿ ਤੇਤੀ ॥" ਦੇ ਅਨੁਸਾਰ ਜੋ ਮੇਰੀ ਸਮਝ ਵਿਚ ਆਯਾ ਹੈ, ਮੈਂ ਲਿਖ ਦਿਤਾ ਹੈ। ਅਗਰ ਕੋਈ ਵਿਦਵਾਨ ਦ੍ਰਿਸ਼ਟਾਂਤਾਂ ਪਰਮਾਣਾ ਦਵਾਰਾ ਏਸਦੇ ਉਲਟ ਚਰਿਤ੍ਰ ਵਾਲੇ ਗ੍ਰੰਥ ਸਾਬਤ ਕਰ ਦੇਵੇ ਤਾਂ ਮੈਂ ਮੰਨਣ ਨੂੰ ਤਯਾਰ ਹਾਂ।

### ਔਰੰਗਜ਼ੇਬ ਬਾਦਸ਼ਾਹ ਨੇ ਸ੍ਰੀ ਦਸਮੇਸ਼ ਜੀ ਪਾਸੋਂ ਮੁਆਫ਼ੀ ਮੰਗਣੀ

ਮੈਂ ਸਮਝਿਆ ਪੀਰ ਜੀ ਹਾਲ ਸਾਰਾ, ਤੁਸੀਂ ਮੁਫਤ ਦੇ ਵਿਚ ਸਤਾਏ ਗਏ
ਜਿਨ੍ਹਾਂ ਖੋਟ, ਕੀਤੀ ਹਿੰਦੂ ਰਾਜਿਆਂ ਨੇ, ਤੁਹਾਨੂੰ ਝੂਠੇ ਇਲਜ਼ਾਮ ਲਗਾਏ ਗਏ
ਬਰਖਲਾਫ਼ ਤੁਹਾਡੇ ਮੇਰੇ ਪਾਸ ਆ ਕੇ; ਮਨਘੜਤ ਮਨਸੂਬੇ ਸੁਨਾਏ ਗਏ
ਇਹ ਬੇਈਮਾਨੀ ਸਾਰਿਆਂ ਰਾਜਿਆਂ ਦੀ, ਧੋਖਾ ਦੇ ਕਰ ਜੰਗ ਕਰਾਏ ਗਏ
ਮਾਰੀ ਗਈ ਪਰਜਾ ਨਾਲੇ ਖਰਚ ਹੋਯਾ, ਮੇਰੇ ਸਿਰ ਇਹ ਪਾਪ ਚੜ੍ਹਾਏ ਗਏ
ਕੀਹ ਕਿਸੇ ਦਾ ਹੋਰ ਵਿਗਾੜ ਹੋਯਾ, ਤੁਸੀਂ ਵਾਧੇ ਦੇ ਵਿਚ ਦੁਖਾਏ ਗਏ
ਗੁਰੂ ਨਾਨਕ ਗਦੀਦੇ ਅਸੀਂ ਖਾਦਮ, ਗੁਨ੍ਹਾਗਾਰ ਹੁਣ ਅਸੀਂ ਠਹਿਰਾਏ ਗਏ
ਤੁਸਾਂ ਬਖਸ਼ਣੇ ਮੇਰੇ ਕਸੂਰ ਜਿੰਨੇ, ਇਹ ਭੇਤ ਨਹੀਂ ਮੈਨੂੰ ਜਤਾਏ ਗਏ
ਮੈਨੂੰ ਵਿਚ ਦਰਗਾਹ ਨ ਪਕੜਿਓ ਜੇ, ਪੰਡਾਂ ਬੰਨ੍ਹ ਗੁਨਾਹ ਚੁਕਾਏ ਗਏ
ਅਗੋਂ ਵਾਸਤੇ ਹੁਣ ਮੈਂ ਤੋਬਾ ਕੀਤੀ, ਵਲ ਸੂਬਿਆਂ ਹੁਕਮ ਲਿਖਾਏ ਗਏ
ਤੁਹਾਡੇ ਨਾਲ ਕੋਈ ਵਿਗਾੜ ਕਰੇ, ਚੰਗੀ ਤਰ੍ਹਾਂ ਹੁਣ ਕੰਨ ਖਿਚਾਏ ਗਏ
ਦਿਹੋ ਆਣ ਦੀਦਾਰ ਕਰਤਾਰ ਸਿੰਘਾ, ਦਿਨ ਮੌਤ ਦੇ ਨੇ ਨੇੜੇ ਆਏ ਗਏ

### ਔਰੰਗਜ਼ੇਬ ਦੇ ਸੂਬਿਆਂ ਵਲ ਹੁਕਮ

ਸ਼ਾਹ ਸੂਬਿਆਂ ਦੇ ਵਲ ਹੁਕਮ ਲਿਖਯਾ, ਉਲਟ ਏਸੇ ਅਮਲ ਕਮਾਏ ਕੋਈ ਨ
ਪਿਛੇ ਹੋ ਬੀਤੀ ਜਿਹੜੀ ਹੋ ਬੀਤੀ, ਅਗੋਂ ਲਈ ਫਸਾਦ ਉਠਾਏ ਕੋਈ ਨ
ਜਿਥੇ ਮਰਜ਼ੀ ਗੁਰੂ ਗੋਬਿੰਦ ਸਿੰਘ ਦੀ, ਫਿਰੇ ਓਸ ਤਾਈਂ ਅਟਕਾਏ ਕੋਈ ਨ
ਮੇਰਾ ਕੋਈ ਹਾਕਮ ਕਰਤਾਰ ਸਿੰਘਾ, ਝਗੜਾ ਗੁਰੂ ਦੇ ਨਾਲ ਚਲਾਏ ਕੋਈ ਨ

### ਸ੍ਰੀ ਦਸਮੇਸ਼ ਜੀ ਦੀ ਦਖਣ ਵਲ ਜਾਣ ਦੀ ਸਲਾਹ

ਜੋ ਕਰਨਾ ਸੀ ਕੰਮ ਕਰ ਲਿਆ, ਆਣ ਚਿਤ ਪੰਜਾਬ ਤੋਂ ਚਾਯਾ ਗੁਰ ਜੀ
ਉਤੇ ਦੇਸ ਸਰਬੰਸ ਕੁਰਬਾਨ ਕਰਕੇ, ਜਾਲ ਮੋਹ ਦਾ ਦਿਲੋਂ ਕਟਾਯਾ ਗੁਰ ਜੀ
ਝਲ ਕਸ਼ਟ ਮੁਸੀਬਤਾਂ ਸਿਰ ਉਤੇ, ਜ਼ਾਲਮ ਰਾਜ ਕਮਜ਼ੋਰ ਕਰਾਯਾ ਗੁਰ ਜੀ
ਭਾਵੇਂ ਹਿੰਦੂਆਂ ਰਾਜਿਆਂ ਵੈਰ ਕੀਤਾ, ਗੁਸਾ ਦਿਲ ਨ ਮੂਲ ਵਸਾਯਾ ਗੁਰ ਜੀ
ਜਿੰਨਾ ਪੁਜਾ ਇਸ ਦੇਸਦਾਭਲਾ ਕੀਤਾ, ਨਫਾ ਕੁਝ ਨ ਦੇਸ ਤੋਂ ਪਾਯਾ ਗੁਰ ਜੀ
ਜਿਸ ਕੰਮ ਨੂੰ ਸੀ ਅਵਤਾਰ ਲਿਆ, ਹਠ ਰਖਕੇ ਤੋੜ ਚੜ੍ਹਾਯਾ ਗੁਰ ਜੀ

ਦੁਖ ਹਿੰਦੂਆਂ ਦੇ ਵਲੋਂ ਬਹੁਤ ਪਹੁੰਚੇ, ਪਰ ਆਪਨਾਪੁਣਨ ਬਾਹਯ ਗੁਰ ਜੀ
ਸਿਖ ਜੰਗਾਂ ਦੇ ਵਿਚ ਸ਼ੁਹੀਦ ਹੋ ਗਏ, ਅਤੇ ਦੁਖ ਬੇਅੰਤ ਉਠਾਯਾ ਗੁਰ ਜੀ
ਬਾਕੀ ਹਿੰਦੂਆਂ ਦੀ ਕਮਜ਼ੋਰੀ ਡਿਠੀ, ਬਹੁਤੇ ਕੰਮਾਂ ਅੰਦਰ ਅਜਮਾਯਾ ਗੁਰ ਜੀ
ਏਹਨਾਂ ਪਾਸੋਂ ਨ ਹੁਣ ਉਮੇਦ ਕੋਈ, ਏਹ ਚੰਗੀ ਤਰ੍ਹਾਂ ਸੀ ਠਹਿਰਾਯਾ ਗੁਰ ਜੀ
ਕੰਮਜੀਉਂਦੀ ਇਕ*ਮਰ੍ਹਟਿਆਂ ਦੀ, ਨਾਲਉਨ੍ਹਾਂਦੇ ਮਿਲਨਾ ਚਾਹਯਾ ਗੁਰ ਜੀ
ਨਾਲੇ ਸਭਾ ਜੀ ਨੇ ਲਿਖ ਭੇਜਿਆ ਸੀਓਹ ਪਾਸ ਮੁਰਾਸਲਾ ਆਯਾ ਗੁਰ ਜੀ
ਹੋਰ ਸੋਚ ਸੋਚਾਂ ਦਿਲੋਂ ਲੰਮੀਆਂ ਕਈ, ਜਾਣਾ ਦਖਨ ਵਲਸੁਨਾਯਾ ਗੁਰ ਜੀ
ਦਮਦਮੇ ਤੋਂ ਅਗ੍ਹਾਂ ਕਰਤਾਰ ਸਿੰਘਾ ਜਾਣਾ ਦਖਨ ਪਕਾ ਪਕਾਯਾ ਗੁਰ ਜੀ

ਸੰਗਤ ਦੀ ਬੇਨਤੀ

ਵਿਚ ਡੇਰੇ ਦੇ ਸਭ ਨੇ ਸੁਣ ਲਿਆ; ਦਖਣ ਜਾਣ ਦੀਗੁਰਾਂ ਠਹਿਰਾਈਏ ਜੀ
ਦਾਨਸਿੰਘ ਤੇ ਡਲਸਿੰਘ ਰਾਮਸਿੰਘ ਨੇ, ਰਲ ਸਾਰਿਆਂ ਅਰਜ਼ ਸੁਨਾਈਏ ਜੀ
ਦਖਨਜਾਣਦੀ ਸਤਿਗੁਰੋ ਕਿਉਂ ਠਟੀ, ਗਲਦਿਲਦੇ ਵਿਚ ਕੀਹ ਆਈਏ ਜੀ
ਸੇਵਕ ਆਪ ਦਾ ਹੈ ਪੰਜਾਬ ਸਾਰਾ, ਕਰੋ ਸੈਰ ਜਿਧਰ ਚਿਤ ਚਾਹੀਏ ਜੀ
ਤਨ ਮਨ ਤੇ ਧਨ ਪ੍ਰਵਾਰ ਸਾਡੇ ਸਭ ਆਪ ਦੇ ਹੈਨ ਸੁਨਾਈਏ ਜੀ
ਏਸ ਦੇਸ ਰਹੋ ਤਾਰੋ ਸੰਗਤਾਂ ਨੂੰ ਅਸੀਂ ਸਦਾ ਹੀ ਸੇਵਾ ਕਮਾਈਏ ਜੀ
ਖੋਟਾ ਵੈਰੀ ਔਰੰਗਾ ਹੈ ਆਪਦਾ ਜੀ; ਵਲ ਓਸਦੇ ਕਾਸਨੂੰ ਜਾਈਏ ਜੀ
ਏਹ ਜੰਗਲ ਦੇਸ ਬਦੇਸ ਪਿਆ, ਨਾਲ ਖੁਸ਼ੀ ਦੇ ਝਟ ਲੰਘਾਈਏ ਜੀ
ਏਧਰ ਕੋਈ ਵੈਰੀ ਮੂੰਹ ਕਰੇ ਨਾਹੀਂ; ਜੇ ਕਰੇ ਤੇ ਮਾਰ ਮੁਕਾਈਏ ਜੀ
ਰਹੋ ਵਿਚ ਪੰਜਾਬ ਕਰਤਾਰ ਸਿੰਘਾ, ਦਖਨ ਜਾਨ ਦਾ ਮਤਾ ਹਟਾਈਏ ਜੀ

ਸ੍ਰੀ ਦਸਮੇਸ਼ ਜੀ

ਅਸਾਂ ਦਖਨ ਵਲ ਜ਼ਰੂਰ ਜਾਣਾ, ਇਸ ਗਲ ਨੂੰ ਨਹੀਂ ਹਟਾਵਨਾ ਏ

---

*ਤਵਾਰੀਖ ਖਾਲਸਾ ਵਿਚ ਲਿਖਯਾ ਹੈ ਕਿ ਭਾਈ ਦੱਯਾ ਸਿੰਘ ਔਰੰਗ ਨੂੰ ਜ਼ਫਰਨਾਮਾ ਦੇ ਕੇ ਪੂਨੇ ਸਤਾਰੇ ਜੋ ਦੋ ਪੁਤ੍ਰ ਸੇਵਾ ਜੀ ਪਾਸ ਰਹਿੰਦੇ ਮਰਹਟਿਆਂ ਨੇ ਅਗੇ ਹੀ ਸਤਿਗੁਰਾਂ ਦਾ ਯਸ ਸੁਣਕੇ ਠਹਿਰਾਯਾ ਹੋਯਾ ਸੀ, ਕਿ ਕਿਵੇਂ ਸਾਡਾ ਮੇਲ ਗੁਰੂ ਜੀ ਨਾਲ ਹੋ ਜਾਵੇ ਤਾਂ ਜ਼ਾਲਮ ਰਾਜ ਦੀ ਜੜ੍ਹ ਹਿੰਦੁਸਤਾਨ ਵਿਚੋਂ ਪਟ ਦਈਏ, ਸੋ ਭਾਈ ਦਯਾ ਸਿੰਘ ਹੋਰਾਂ ਦੇ ਕਿਹਾ ਓਹ ਬੜੇ ਖੁਸ਼ ਹੋਏ ਤੇ ਸੇਵਾ ਜੀ, ਬਾਲਾ ਜੀ ਤੇ ਬਿਸਵਾ ਨਾਥ ਨੇ ਸਤਿਗੁਰੂ ਨੂੰ ਆਪਣੇ ਵਲ ਬੁਲਾ ਭੇਜਿਆ।

ਓਥੇ ਕੰਮ ਸਾਨੂੰ ਇਕ ਬੜਾ ਭਾਰਾ, ਤੋੜ ਓਸਦੇ ਤਈਂ ਚੜ੍ਹਾਵਣਾ ਏ
ਜਿਦਾ ਜੀ ਕਰੇ ਸਾਡੇ ਨਾਲ ਚਲੇ, ਅਸਾਂ ਕੱਲ ਹੀ ਕੂਚ ਬੁਲਾਵਣਾ ਏ
ਥੋੜੇ ਸਿਦਕੀ ਰਹਿਨ ਕਰਤਾਰ ਸਿੰਘਾ, ਦੇਖ ਬਹੁਤਿਆਂ ਨੇ ਖਿਸਕ ਜਾਵਣਾ ਏ

ਖਾਲਸੇ ਦੀਆਂ ਮਾਈਆਂ ਨੂੰ ਦਿਲੀ ਵਲ ਤੋਰਨਾ ਤੇ ਕੂਚ ਦੀਆਂ ਤਯਾਰੀਆਂ

ਮਾਤਾ ਸੁੰਦਰੀ ਜੀ ਤੇ ਸਾਹਿਬ ਕੌਰਾਂ ਪਾਸ ਦੋਹਾਂ ਨੂੰ ਗੁਰਾਂ ਬੁਲਾਯਾ ਏ
ਤੁਸੀਂ ਚਲੇ ਜਾਵੋ ਹੁਣ ਸ਼ਹਿਰ ਦਿੱਲੀ, ਨਾਲ ਮਣੀ ਸਿੰਘ ਦੇ ਫਰਮਾਯਾ ਏ
ਜਿਥੇ ਠਹਿਰਾਂਗੇ ਫੇਰ ਬੁਲਾਂ ਲਾਂਗੇ, ਸਚੇ ਸਤਿਗੁਰਾਂ ਏਹ ਸੁਨਾਯਾ ਏ
ਏਹ ਸੁਣ ਕੇ ਦੋਹਾਂ ਹੀ ਮਾਈਆਂ ਦੇ, ਅੱਖਾਂ ਅਗੇ ਹਨੇਰ ਆ ਛਾਯਾ ਏ
ਹੁਕਮ ਪਤੀ ਪ੍ਰਮੇਸਵਰ ਦਾ ਕਿਵੇਂ ਮੋੜਨ, ਓਸੇ ਵਕਤ ਅਸਬਾਬ ਬਨ੍ਹਾਯਾ ਏ
ਸਾਹਿਬਚੰਦ ਮੁਨਸ਼ੀ ਨਾਲ ਟਹਿਲਨਾਂ ਲੈ, ਡੇਰਾ ਦਿਲੀ ਦੇ ਵਲ ਚਲਾਯਾ ਏ
ਏਧਰ ਗੁਰੂ ਜੀ ਨੇ ਸਿਖਾਂ ਸੇਵਕਾਂ ਨੂੰ, ਆਖ ਸਭ ਅਸਬਾਬ ਕਢਾਯਾ ਏ
ਜੋ ਲੋੜੀਦੀ ਚੀਜ਼ ਸੋ ਬੰਨ੍ਹ ਲਈ, ਬਾਕੀ ਆਜਜ਼ਾਂ ਤਈਂ ਦਿਵਾਯਾ ਏ
ਕੱਲ ਦਿਨੇ ਏਥੋਂ ਅਸਾਂ ਕੂਚ ਕਰਨਾ, ਬੰਦੋਬਸਤ ਸਾਰਾ ਕਰਵਾਯਾ ਏ
ਜਾਣਾ ਹੈ ਪਰਦੇਸ ਕਰਤਾਰ ਸਿੰਘਾ, ਦਿਲ ਬਹੁਤਿਆਂ ਦਾ ਘਬਰਾਯਾ ਏ

ਬੇਸਿਦਕੀਆਂ ਸਿਖਾਂ ਨੇ ਖਿਸਕਨਾ

ਮੋਹ ਘਰਾਂ ਦੇ ਛਡਨੇ ਬਹੁਤ ਔਖੇ, ਚਿਤ ਬਹੁਤਿਆਂ ਦੇ ਘਬਰਾ ਗਏ
ਸਤੇ ਗੁਰੂ ਜੀ ਤਾਂ ਰਾਪੀਂ ਉਠ ਚੋਰੀ, ਬਹੁਤੇ ਸਿਖ ਆ ਪੈਰ ਖਿਸਕਾ ਗਏ
†ਅਭੋ ਸਿੰਘ ਸੋਢੀ ਸੁਧੂ ਬੁਧੂ ਹੋਰੀ, ਲੈ ਦੀਵਾਨਿਆਂ ਨੂੰ ਝਟ ਧਾ ਗਏ
ਰਾਮ ਸਿੰਘ ਤੇ ਫਤੇ ਸਿੰਘ ਭਗਤੂ ਕੇ, ਡੱਲੇ ਜਹੇ ਭੀ ਚਿਤ ਡੁਲਾ ਗਏ
ਨ ਤੇ ਜਾਵਣਾਂ ਚਾਹਨ ਨ ਰਹਿਨ ਡਰਦੇ, ਆਨ ਸੰਸਿਆਂ ਦੇ ਮੇਘ ਛਾ ਗਏ
ਰਾਤੋ ਰਾਤ ਬਹੁਤੇ ਕਰਤਾਰ ਸਿੰਘਾ, ਨਿਕਲ ਡੇਰਿਓਂ ਮੂੰਹ ਛੁਪਾ ਗਏ

---

†ਅਭੋ ਸਿੰਘ ਸੋਢੀ ਕੌਲ ਦਾ ਪੋਤਰਾ ਸੀ ਤੇ ਇਸ ਦੇ ਨਾਲ ਸੁਧੂ, ਬੁਧੂ ਦੀਵਾਨੇ ਜਮਾਤ ਬਨਾਕੇ ਰਹਿੰਦੇ ਸਨ, ਸੋ ਏਹ ਸਾਰੇ ਸਲਾਹ ਕਰਕੇ ਪਹਿਲੀ ਰਾਤ ਹੀ ਖਿਸਕ ਗਏ। ਜਦ ਪਿਛਲੀ ਰਾਤ ਗੁਰੂ ਜੀ ਨੇ ਆਵਾਜ਼ ਦਿਤੀ ਤਾਂ ਕੋਈ ਨ ਬੋਲਿਆ, ਇਕ ਬੋਲਦਾ ਫਕੀਰ ਡੇਰੇ ਵਿਚ ਰਹਿੰਦਾ ਸੀ, ਓਹ ਬੋਲਿਆ "ਦਰਬਾਰੀ ਨ ਘਰਬਾਰੀ" ਸੁਧੂ ਬੁਧੂ ਨ ਸਭੇ ਗਏ ਓਧੂ। ਬੁਧੂ ਸੋਢੀ ਗਿਆ ਉਨ੍ਹਾਂ ਦੀ ਸੋਢੀ ਇਹ ਬਚਨ ਸੁਣਕੇ ਗੁਰ ਬੋਲੇ 'ਸੋਢੀ ਦੀਵਾਨੇ ਗਹਿਲੇ, ਗਏ ਸਭ ਤੋਂ ਪਹਿਲੇ'।

ਨੌਂ ਦਿਨ ਨੌਂ ਮਾਹ ਨੌਂ ਪਹਿਰ ਰਹਿਕੇ, ਨੌਂ ਪਲ ਦਮਦਮੇ ਗੁਜ਼ਾਰ ਗੁਰਜੀ
ਸੁਦੀ ਪੰਚਮ ਕਤਕ ਮਾਹ ਦੀ ਸੀ, ਸਤ੍ਹਾਂ ਸੌ ਤ੍ਰੇਠ ਵਿਚਾਰ ਗੁਜਾਰ ਗੁਰਜੀ
ਦਮਦਮੇ ਤਲਵੰਡੀਓਂ ਕੂਚ ਕੀਤਾ, ਵਲ ਦਖਨ ਕਰ ਮੁਹਾਰ ਗੁਰ ਜੀ
ਭਾਈ ਭਗਤੂ ਕੇ ਰੂਪੇ ਕੇ ਨਾਲ ਟੁਰੇ, ਡਲ ਸਿੰਘ ਭੀ ਸਰਦਾਰ ਗੁਰ ਜੀ
ਕੇਵਲ ਪਿੰਡ ਰਹਿਕੇ ਬੇਰਜ਼ ਹੁੰਦੇ ਹੋਏ, ਝੰਡੇ ਪਿੰਡ ਰਹੇ ਡੇਰਾ ਡਾਰ ਗੁਰ ਜੀ
ਬਾਕੀ ਖਿਸਕੇ ਏਥੋਂ ਕਰਤਾਰ ਸਿੰਘਾ ਥੋੜੇ ਰਹੇ ਸਿਦਕੀ ਸੇਵਾਦਾਰ ਗੁਰ ਜੀ

ਡਲ ਸਿੰਘ, ਫਤੇ ਸਿੰਘ ਆਦਿਕਾਂ ਨੇ ਚੋਰੀ ਭਜਣਾ

ਵੇਖੋ ਵੇਖੀ ਪਹਿਲਾਂ ਟੁਰ ਪਏ ਸਭੇ, ਪਰ ਘਰਾਂ ਦਾ ਮੋਹ ਦਬਾ ਗਿਆ
ਪਹਿਲੀ ਰਾਤ ਫਤੇ ਸਿੰਘ ਖਿਸਕ ਗਿਆ ਨਾਲ ਸਾਥੀਆਂ ਨੂੰ ਲੈਕੇ ਧਾ ਗਿਆ
ਅਧੀ ਰਾਤ ਡੇਰੇ ਦੀ ਪ੍ਰਕਰਮਾਂ ਲੈ, ਰਾਏ ਡਲਾ ਭੀ ਮੂੰਹ ਛੁਪਾ ਗਿਆ
ਵੇਖ ਇਨਾਂ ਸਰਦਾਰਾਂ ਨੂੰ ਭਜਦਿਆਂ ਜੀ, ਪੈਰ ਹੋਰ ਵਹੀਰ ਖਿਸਕਾ ਗਿਆ
ਰਾਤ ਪਿਛਲੀ ਡਲੇ ਨੂੰ ਯਾਦ ਕੀਤਾ, ਬੈਨਵਾ ਇਉਂ ਆ ਸੁਨਾ ਗਿਆ
'ਨ ਡਲਾ ਨ ਮਲਾ, ਰਿਹਾ ਗੁਰੂ ਕਲਾ, ਪੈਰ ਘਰਾਂ ਨੂੰ ਸਾਥ ਉਠਾ ਗਿਆ
ਏਹ ਸੁਣਕੇ ਗੁਰੂ ਜੀ ਹਸ ਵੋਲੇ, ਡਲਾ ਝਲਾ ਹੈ ਮੂਲ ਗਵਾ ਗਿਆ
ਗੁਰੂ ਕਲਾ ਕਿਉਂ,ਅਲਾ ਕਰਤਾਰਸਿੰਘਾ,ਨਾਲ ਸਦਾ ਹੀ ਪਲਾ ਫੜਾ ਗਿਆ

ਸਰਸੇ ਪਹੁੰਚਨਾ ਤੇ ਗੁਲਾਬ ਸਿੰਘ ਸੁਨਿਆਰੇ ਦੀ ਬੰਦ ਖਲਾਸੀ ਹੋਣੀ

ਝੰਡੇ ਪਿੰਡ ਤੋਂ ਚਲਕੇ ਗਏ ਸਰਸੇ, ਪਿੰਡੋਂ ਹੀ ਬਹਿਰ ਹੀ ਡੇਰਾ ਲਗਾਂਵਦੇ ਨੇ
ਓਥੇ ਸਿਖ ਪ੍ਰੇਮੀ ਦੀ ਭੀੜ ਕਟਨ, ਪਿੰਡ ਵਲ ਖੁਡਾਲਾਂ ਦੇ ਧਾਂਵਦੇ ਨੇ
ਨਬੀ ਬਖਸ਼ ਨੇ ਕੈਦ ਗੁਲਾਬ ਸਿੰਘਾ,ਕੀਤਾ ਹੋਯਾ ਸੀ ਭੇਦ ਏਹ ਪਾਂਵਦੇ ਨੇ
ਬੇਟੀ ਸਿੱਖ ਦੀ ਤੇ ਭਰਮ ਕਰ ਪਾਜੀ, ਭੈੜੇ ਸੁਟਿਆ ਪਾਪ ਇਉਂ ਭਾਂਵਦੇ ਨੇ
ਨਬੀ ਬਖਸ਼ ਨੂੰ ਫੜਕੇ ਕਰ ਸਿਧਾ ਸਿਖ ਸਣੇ ਪਰਵਾਰ ਛੁਡਾਂਵਦੇ ਨੇ
ਗੁਬਿੰਦਪੁਰੀ ਥੀਂ ਹੇ ਕਰਤਾਰ ਸਿੰਘਾ, ਮੁੜ ਸਰਸੇ ਗੁਰੂ ਜੀ ਆਂਵਦੇ ਨੇ

ਨੌਹਰ ਪਹੁੰਚਨਾ ਤੇ ਕਬੂਤਰਾਂ ਦੀ ਕਥਾ

ਚਲ ਸਰਸਿਓਂ ਛੀਨ ਤਲਾਈ ਕੰਢੇ, ਨੌਹਰ ਪਿੰਡ ਡੇਰਾ ਗੁਰਾਂ ਲਾਯਾ ਜੀ
ਸ਼ਹਿਰ ਵੇਖਨ ਨੂੰ ਗਏ ਗੁਰੂ ਜੀ ਜਾਂ; ਓਥੇ ਹੋਰ ਭਾਣਾ ਵਰਤਾਯਾ ਜੀ

ਇਕ ਥਾਂ ਕਬੂਤਰ ਬਹੁਤ ਚੁਗਦੇ, ਇਕ ਸਿਖ ਦੇ ਪੈਰ ਹੇਠ ਆਯਾ ਜੀ
ਜੇਹੜੀ ਲੋਕ ਓਥੇ ਬਹੁਤ ਵਸਦੇ ਸੀ, ਉਹਨਾਂ ਦੇਖ ਰੌਲਾ ਬਹੁਤਾ ਪਾਯਾ ਜੀ
ਗੁਰਾਂ ਆਖਯਾ ਮਰਨਾ ਸਾਰਿਆਂ ਨੇ, ਤੁਸਾਂ ਕਿਉਂ ਏਡਾ ਸ਼ੋਰ ਚਾਯਾ ਜੀ
ਤੁਸੀਂ ਸਿਧ ਵਡੇ ਸਾਰੇ ਹੁਣੇ ਸਾਰੇ, ਉਹਨਾਂ ਅਹਿਮਕਾਂ ਅਗੋਂ ਸੁਨਾਯਾ ਜੀ
ਗੁਰਾਂ ਹਸ ਕਹਿਆ ਓਹ 'ਮਰ ਗਏ, ਡਿਗ ਪਏ ਸਾਰੇ ਜਾਂ ਅਲਾਯਾ ਜੀ
ਇਹ ਵੇਖ ਹੈਰਾਨ ਹੋ ਗਏ ਸਾਰੇ, ਉਤੇ ਕਦਮਾਂ ਸੀਸ ਝੁਕਾਯਾ ਜੀ
ਜਿਵੇਂ ਮਾਰੇ ਤੇ ਤਿਵੇਂ ਜਿਵਾ ਦਿਹੋ, ਹਥ ਜੋੜ ਗੁਨਾਹ ਬਖਸ਼ਾਯਾ ਜੀ
ਚੋਗ ਪਾਓ ਆਪੇ ਉਠ ਚੁਗਨ ਸਾਰੇ; ਸ੍ਰੀ ਮੁਖ ਤੋਂ ਇਉਂ ਫਰਮਾਯਾ ਜੀ
ਮੋਠ ਬਾਜਰੀ ਪਾਈ ਤਾਂ ਸਭ ਉਠੇ, ਪਰ ਪਹਿਲੋਂ ਨ ਅੰਗ ਹਿਲਾਯਾ ਜੀ
ਸਤਿਗੁਰੂ ਚੋਜੀ ਕਰਤਾਰ ਸਿੰਘਾ, ਇਹ ਚੋਜ ਅਚਰਜ ਦਿਖਾਯਾ ਜੀ

ਕਿਸ਼ਨ ਲਾਲ ਜੋਤਸ਼ੀ ਨਾਲ ਚਰਚਾ

ਕਿਸ਼ਨ ਲਾਲ ਸਤਿਗੁਰਾਂ ਦੀ ਸੁਣ ਮਹਿਮਾਂ, ਕਰਨੇ ਆਯਾ ਚਲ ਦੀਦਾਰ ਹੈਜੀ
ਗੁਰਾਂ ਆਖਿਯਾ ਦਸੋ ਖਾਂ ਜੋਤਸ਼ੀ ਜੀ, ਸਾਡੇ ਚਿਤ ਸੰਕਲਪ ਕੀਹ ਸਾਰ ਹੈਜੀ
ਤੁਸੀਂ ਬਾਦਸ਼ਾਹ ਨੂੰ ਮਿਲਨ ਹੋ ਚਲੇ, ਮੇਲ ਹੋਵਨਾ ਨਹੀਂ ਵੀਚਾਰ ਹੈਜੀ
ਥੋੜੇ ਸਾਸ ਰਹਿ ਗਏ ਕਰਤਾਰ ਸਿੰਘਾ ਬਾਦਸ਼ਾਹ ਹੁਣ ਮਰਨ ਨੂੰ ਤਯਾਰ ਹੈਜੀ

ਸ੍ਰੀ ਦਸਮੇਸ਼ ਜੀ ਨੇ ਕਿਸ਼ਨ ਲਾਲ ਨੂੰ ਪੂਰਨ ਗਯਾਨ ਬਖਸ਼ਨਾ

ਮੋਹਰਾਂ ਦੇ ਸਤਿਗੁਰੂਜੀ ਦੇਣ ਲਗੇ, ਕਿਸ਼ਨ ਲਾਲ ਏਹ ਅਰਜ਼ ਸੁਨਾਂਵਦਾ ਏ
ਸਚੀ ਦੌਲਤ ਸਤਿਗੁਰੋ ਬਖਸ਼ੀਏ ਜੀ, ਝੂਠਾ ਧਨ ਨਹੀਂ ਲੈਣਾ ਭਾਂਵਦਾ ਏ
ਓਹਦੀ ਵੇਖਨਿਹਚਾ ਪੂਰਨ ਗਯਾਨਦਿਤਾ, ਜਨਮ ਮਰਨਦੇਫੰਧ ਕਟਾਂਵਦਾ ਏ
ਭਾਵਾ ਹੋ ਪ੍ਰਸੰਨ ਕਰਤਾਰ ਸਿੰਘਾ, ਫੇਰ ਹੋਰ ਪ੍ਰਸੰਗ ਹਿਲਾਂਵਦਾ ਏ

ਕਿਸ਼ਨ ਲਾਲ

ਧੰਨਗੁਰੂ ਜੀ ਆਪਦੀਧੰਨ ਸ਼ਕਤੀ; ਕਲਯੁਗ ਵਿਚ ਤੁਸੀਂ ਅਵਤਾਰ ਹੋਇ ਹੋਏ
ਧੰਨ ਉਹ ਜੋ ਆਪ ਦੇ ਪਾਸ ਰਹਿੰਦੇ, ਭਵ ਸਾਗਰੋਂ ਸਭੇ ਹੀ ਪਾਰ ਹੋਇ ਹੋਏ
ਜਿਸ ਦੇਸ ਵਿਚੋਂ ਤੁਸੀਂ ਆਏ ਹੋਜੀ, ਗਯਾਨੀ ਸਭੇ ਹੋਸਨ ਨਰਨਾਰ ਹੋਇ ਹੋਏ
ਪਰਮਪਦ ਵਿਚ ਲੀਨ ਕਰਤਾਰ ਸਿੰਘਾ, ਲੋਕ ਹੋਣਗੇ ਬੇਸ਼ੁਮਾਰ ਹੋਇ ਹੋਏ

ਸ੍ਰੀ ਦਸਮੇਸ਼ ਜੀ

ਪਰਮ ਪਦਵੀ ਨਿਸ਼ਰਜੀ ਬਹੁਤ ਔਖੀ, ਵਿਰਲੇ ਪਾਉਂਦੇ ਪੂਰੀ ਕਮਾਈ ਵਾਲੇ
ਭੂੰਡ ਬਾਗ ਦੇ ਵਿਚ ਰਹਿ ਗੰਦ ਖਾਂਦੇ, ਭੌਰ ਲੈਨ ਖੁਸ਼ਬੋ ਦਾਨਾਈ ਵਾਲੇ
ਤੋਤੇ ਵਾਂਗ ਖਾਵੇ ਕੋਈ ਕਢ ਗਿਰੀ, ਛਿਲਾਂ ਖਾਂਵਦੇ ਜੀਭ ਹਲਕਾਈ ਵਾਲੇ
ਬਹੁਤੇ ਸੰਗਤਾਂ ਵਿਚ ਭੀ ਹੋਣ ਖਾਊ, ਹੋਣ ਵਿਰਲੇ ਚਿਤ ਸਫਾਈ ਵਾਲੇ
ਕੋਹਲੂ ਵਾਂਗ ਬਹੁਤੇ ਗਾਹਕ ਫੋਗਦੇ ਨੇ, ਥੋੜੇ ਤੇਲਦੇ ਗਾਹਕ ਵਡਿਆਈ ਵਾਲੇ
ਬਹੁਤੇ ਫਿਰਨ ਪਾਖੰਡੀ ਕਰਤਾਰ ਸਿੰਘਾ, ਥੋੜੇ ਹੋਣ ਪ੍ਰੀਤ ਖੁਦਾਈ ਵਾਲੇ

ਸ੍ਰੀ ਦਸਮੇਸ਼ ਜੀ ਨੇ ਜੰਤਕੀ ਨੂੰ ਇਕ ਸੁਦਾਗਰ ਦੀ ਸਾਖੀ ਸੁਨਾਣੀ

ਇਕ ਗਿਆ ਸੌਦਾਗਰ ਸੌਦਾਗਰੀ ਨੂੰ, ਦੁਧ ਪੀਣੇ ਲਈ ਗਊ ਸੰਗ ਲਈ
ਦੂਰ ਕਿਸੇ ਟਾਪੂ ਵਿਚ ਚਲਾ ਗਿਆ, ਗਊ ਵੇਖ ਲੁਕਾਈ ਹੋ ਦੰਗ ਗਈ
ਗਊ ਭੈਂਸ ਨਹੀਂ ਸੀ ਓਹਨਾਂ ਕਦੇ ਡਿਠੀ, ਪੀਤੇ ਦੁਧ ਬਿਨਾਂ ਉਮਰ ਲੰਘ ਗਈ
ਜਿਸ ਦੋਸਤ ਪਾਸ ਓਹ ਰਿਹਾ ਜਾਕੇ, ਲਜ਼ਤ ਦੁਧ ਦੀ ਉਸ ਨਿਸ਼ੰਗ ਲਈ
ਇਹ ਚੀਜ਼ ਸਵਾਦਲੀ ਦੇਨ ਵਾਲੀ, ਲੈ ਲਵਾਂ ਇਹ ਚੜ੍ਹ ਉਮੰਗ ਗਈ
ਟੁਰਦੇ ਮਿਤ ਪਾਸੋਂ ਕਰਤਾਰ ਸਿੰਘਾ, ਦੁਧ ਦੇਣ ਵਾਲੀ ਗਊ ਮੰਗ ਲਈ

ਰਥਾ

ਗਊ ਲੈ ਲਈ ਜਾਚ ਚੋਣ ਦੀ ਨ, ਵਛਾ ਛਡ ਜਾਂ ਚੋਵਨਾ ਚਾਹਯਾ ਜੀ
ਗਊ ਪਸਮੀ ਕਰਨ ਪਸ਼ਾਬ ਲਗੀ, ਭੇਦ ਉਨ੍ਹਾਂ ਨੇ ਮੂਲ ਨ ਪਾਯਾ ਜੀ
ਓਹਨਾਂ ਸਮਝਿਆ ਏਹੋ ਹੀ ਦੁਧ ਹੋਸੀ, ਭਾਂਡਾ ਡਾਹ ਪਸ਼ਾਬ ਪਵਾਯਾ ਜੀ
ਵਡੇ ਦੁਧ ਪੀਤਾ ਓਹਨਾਂ ਮੂਤ ਲਿਆ, ਉਤੇ ਅਗ ਦੇ ਚਾ ਚੜ੍ਹਾਯਾ ਜੀ
ਤਤਾ ਕਰਕੇ ਸਾਰੇ ਜਾਂ ਪੀਣ ਲਗੇ, ਭੈੜਾ ਕੌੜਾ ਸਵਾਦ ਜਾਂ ਆਯਾ ਜੀ
ਜਿਨ੍ਹਾਂ ਪੀਤਾ ਉਹਨਾਂ ਤਾਈਂ ਦਸਤ ਲਗੇ, ਗੁਸਾ ਕਰਕੇ ਏਹ ਸੁਨਾਯਾ ਜੀ
ਸਾਨੂੰ ਕੇਹੀ ਭੈੜੀ ਚੀਜ਼ ਦੇ ਗਿਆ, ਮਿਤ੍ਰ ਬਣਕੇ ਦਗਾ ਕਮਾਯਾ ਜੀ
ਬੁਧ ਆਪਣੀ ਭੈੜੀ ਤੇ ਦੋਸ਼ ਉਹਨੂੰ, ਦੁਧ ਛਡ ਪਸ਼ਾਬ ਚਵਾਯਾ ਜੀ
ਫੇਰ ਕੋਈ ਜਾਣੂ ਓਥੇ ਨਿਕਲਿਆ ਜਾਂ, ਉਸ ਦੁਧ ਚੋਣਾ ਸਮਝਾਯਾ ਜੀ
ਹੋਏ ਪੀ ਪ੍ਰਸੰਨ ਕਰਤਾਰ ਸਿੰਘਾ; ਮੂਤ ਛਡ ਜਾਂ ਅੰਮ੍ਰਿਤ ਆਯਾ ਜੀ

ਤਥਾ

ਏਸ ਤਰ੍ਹਾਂ ਗੁਰੂ ਪੀਰ ਸੰਤ ਪਾਸੋਂ, ਗਊ ਵਿਦਯਾ ਰੂਪ ਤਾਂ ਪਾਨ ਬਹੁਤੇ
ਦੁਧ ਪੀਨ ਥੋੜੇ ਦ੍ਰਹਮ ਗਯਾਨੀ ਰੂਪੀ, ਵਿਸ਼ੇ ਰੂਪ ਸੋ ਮੂਤ ਚਵਾਨ ਬਹੁਤੇ
ਥੋੜ੍ਹੇ ਬ੍ਰਹਮ ਗਯਾਨੀ ਹੋਕੇ ਸੁਖ ਭੋਗਨ, ਭੋਗ ਰੋਗ ਵਿਚ ਟੰਗ ਫਸਾਨ ਬਹੁਤੇ
ਹੋਣ ਵਿਰਲੇ ਮੁਕਤ ਕਰਤਾਰ ਸਿੰਘਾ, ਨਰਕਾਂ ਵਿਚ ਪਾਖੰਡੀਏ ਜਾਨ ਬਹੁਤੇ

ਅਗੰਮ ਵਾਕ

ਪੈਹਰਪਿਛਲੇ ਸ਼ੈਹਰਦੇ ਵਿਚਗਏ, ਸੋਹਣੀ ਦੇਖੀ ਬਜ਼ਾਰਾਂਦੀ ਲਹਿਰ ਵਾਹ ਵਾਹ
ਸੋਨੇ ਚਾਂਦੀਦੇ ਕਈ ਥਾਂ ਢੇਰ ਲਗੇ, ਦੇਖੇਸਿੰਘਾਂ ਨੇ ਕਈਥਾਂ ਠਹਿਰ ਵਾਹ ਵਾਹ
ਏਥੇ ਦੌਲਤ ਬੇਸ਼ੁਮਾਰ ਜਮ੍ਹਾ,¹ ਹੈ ਧਨ ਵਾਲਾ ਨੌਹਰ ਸ਼ਹਿਰ ਵਾਹ ਵਾਹ
ਕੀਤਾਬਚਨ ਸਤਿਗੁਰਾਂਕ੍ਰਤਾਰ ਸਿੰਘਾ, ()ਸਿੰਘਲੁਟ ਪਾਸਨਦੋਪੈਹਰ ਵਾਹ ਵਾਹ

ਸ੍ਰੀ ਦਸਮੇਸ਼ ਜੀ ਨੇ ਸੁਹੇਵੇ ਪਹੁੰਚਣਾ

ਅਗੇ ਨੌਹਰ ਸ਼ਹਿਰੋਂ ਠਾਰਾਂ ਕੋਹ ਉਤੇ, ਪਿੰਡ ਭਾਦਰੇ ਜਾ ਡੇਰਾ ਲਾਂਵਦੇ ਨੇ
ਸੇਵਾ ਚੰਗੀ ਰਾਜਪੂਤਾਂ ਨੇ ਆਨ ਕੀਤੀ, ਓਥੋਂ ਅਗੇ ਸੁਹੇਵੇ ਨੂੰ ਜਾਂਵਦੇ ਨੇ
ਭਾਈ ਧਰਮਸਿੰਘ ਪਰਮ ਸਿੰਘ ਆਏ ਪਿਛੋਂ, ਮੰਜਾ ਝਟ ਤਯਾਰ ਕਰਾਂਵਦੇ ਨੇ
ਏਸੇ ਥਾਂ ਏਹਨਾਂ ਨੂੰ ਕਰਤਾਰ ਸਿੰਘਾ, ਸਤਿਗੁਰੂ ਜੀ ?ਵਰ ਸੁਨਾਂਵਦੇ ਨੇ

ਜੰਡ ਵਿਚ ਪਿੱਪਲ

ਪਿੱਪਲ ਜੰਡ ਦੇ ਵਿਚ ਸੀ ਉਗਾ ਹੋਯਾ, ਦੇਖ ਮਾਨ ਸਿੰਘ ਆਖ ਸੁਨਾਏ ਭਾਈ
ਕਹੇ ਥਾਂ ਏਹ ਪਿਪਲ ਜੰਮਿਆਂ ਏ, ਸੁਣ ਗੁਰਾਂ ਨੇ ਸੁਖਨ ਉਲਟਾਏ ਭਾਈ
'ਚੰਗੇ ਥਾਂ ਹੈ ਪਿਪਲ ਲਗਾ ਹੋਯਾ;' ਏਹੋ ਥਾਂ ਕਰਤਾਰ ਨੂੰ ਭਾਏ ਭਾਈ

---

()ਏਹ ਬਚਨ ਸਤਿਗੁਰਾਂ ਦਾ ੧੮੧੩ ਬਿਕ੍ਰਮੀ ਨੂੰ ਖਾਲਸੇ ਨੇ ਨੌਹਰ ਨੂੰ ਲੁਟਕੇ ਪੂਰਾ ਕੀਤਾ।

?ਏਹ ਦੋਵੇਂ ਭਿਰਾ ਤ੍ਰਖਾਨ ਸੀਗੇ, ਸਤਿਗੁਰੂ ਜੀ ਜਿਥੇ ਜਾਕੇ ਉਤਰਦੇ ਰੋਜ ਨਵਾਂ ਪਲੰਘ ਤਯਾਰ ਕਰਕੇ ਸਤਿਗੁਰਾਂ ਨੂੰ ਬਠਾਲਦੇ, ਸੁਹੇਵੇ ਏਹ ਕੁਝ ਦੇਰ ਨਾਲ ਪਹੁੰਚੇ, ਤਾਂ ਸਤਿਗੁਰਾਂ ਨੇ ਪੁਛਿਆ ਕਿ ਕਿਥੇ ਰਹੇ ਓਹਨਾਂ ਦਸਿਆ ਕਿ ਪੈਂਡਾ ਦੂਰ ਸੀ ਹਥਯਾਰ ਆਪ ਦੇ ਬਖਸ਼ੇ ਹੋਏ ਸਿਰਾਂ ਤੋਂ ਚੁਕੇ ਹੋਏ ਤੇ ਘੋੜੇ ਹਥ ਫੜੀ ਆਉਂਦੇ ਸਾਂ ਏਸ ਵਾਸਤੇ ਦੇਰ ਹੋ ਗਈ ਹੈ, ਗੁਰੂ ਜੀ ਬਹੁਤੇ ਖੁਸ਼ ਹੋਏ ਤੇ ਆਖਿਆ ਕਿ ਅੱਛਾ ਜੇ ਤੁਸੀਂ ਹਥਿਆਰ ਨਹੀਂ ਪਹਿਨਦੇ ਤਾਂ ਕੁਹਾੜੀ ਜ਼ਬਾਨ ਹੀ ਤਲਵਾਰ ਰਹੇਗੀ।

ਕਰਨ ਸੈਰ ਸ਼ਕਾਰ ਕਰਤਾਰ ਸਿੰਘਾ, ਸ਼ਰਨ ਆਯਾਂ ਨੂੰ ਪਾਰ ਲੰਘਾਂਵਦੇ ਨੇ

ਔਰੰਗੇ ਦੇ ਮਰਨ ਦੀ ਖਬਰ

ਏਸੇ ਥਾਂ ਹੀ ਗੁਰਾਂ ਖਬਰ ਮਿਲੀ, ਸ਼ਾਹ ਮਰ ਕੇ ਨਰਕ ਸਿਧਾਰਿਆ ਏ
ਚਿਠੀ ਆਪ ਦੀ ਪੜ੍ਹਕੇ ਗੁਮ ਹੋਯਾ, ਕਾਰੋਬਾਰ ਨ ਮੂਲ ਸੰਭਾਰਿਆ ਏ
ਹਥੀਂ ਆਪਣੀ ਜੀਉਂਦੇ ਉਸਨੇ ਜੀ, ਉਤੇ ਤਖਤ ਦੇ ਕੋਈ ਬੈਠਾਰਿਆ ਏ
ਰੌਲਾ ਸ਼ਾਹੀ ਦੇ ਵਿਚ ਕਰਤਾਰ ਸਿੰਘਾ, ਹੈ ਪੇਣ ਲਗਾ ਏਹ ਵਿਚਾਰਿਆ ਏ

ਰਾਜ ਵਿਚ ਰੌਲਾ

ਬਾਦਸ਼ਾਹ ਬੀਮਾਰ ਹੋ ਮਰ ਗਿਆ, ਜੀਉਂਦਾ ਫੈਸਲਾ ਨਾ ਕਰਾ ਲਿਆ
ਬੇਟੇ ਤਿੰਨ ਤਿੰਨਾ ਵਿਚੋਂ ਇਕ ਨੂੰ ਭੀ, ਹਥੀਂ ਤਖਤ ਤੇ ਨ ਬੈਠਾ ਗਿਆ
ਆਹਜ਼ਮਸ਼ਾਹ ਮਰਦੇ ਵੇਲੇ ਪਾਸ ਹੈਸੀ, ਓਹਦੇ ਫੰਧਦੇ ਵਿਚ ਓਹ ਆ ਗਿਆ
ਕਾਇਮ ਬਖਸ਼ ਬੰਗਾਲੇ ਦਾ ਸੂਬਾ ਹੈਸੀ, ਓਹਦੇ ਫੰਦੇ ਵਿਚ ਓਹ ਆ ਗਿਆ
ਓਹਨੂੰ ਕੈਦ ਕਰਕੇ ਦਿਲੀ ਵਲ ਟੁਰਿਆ, ਤਖਤ ਮਲਲਾਂ ਦਿਲ ਸਮਾ ਗਿਆ
ਤੀਜਾ ਪੁਤ ਪਸ਼ੌਰ ਦਾ ਸੂਬਾ ਹੈਸੀ, ਓਹ ਸੁਣਦਾ ਹੀ ਗੁਸਾ ਖਾ ਗਿਆ
ਓਹਦਾ ਨਾਮ ਮੁਅੱਜ਼ਮ ਓਹ ਸੀ ਵਡਾ, ਛੋਟਾ ਉਸਦਾ ਹਕ ਖਪਾ ਗਿਆ
ਫੌਜਾਂ ਲੈ ਚੜ੍ਹਿਆ ਕਰਤਾਰ ਸਿੰਘਾ, ਦਿਲੀ ਵਲ ਪਸ਼ੌਰ ਤੋਂ ਧਾ ਗਿਆ

ਮੁਅੱਜ਼ਮਸ਼ਾਹ (ਬਹਾਦਰ ਸ਼ਾਹ) ਨੇ ਦਿਲੀ ਨੂੰ ਆਉਣਾ

'ਆਹਜ਼ਮਸ਼ਾਹ' ਅਖਤ੍ਰਆਜ਼ਮ ਬਣ ਬੈਠਾ, ਚਲਦੱਖਨੋਂ ਦਿਲੀ ਨੂੰ ਧਾਯਾ ਏ
ਲੈ ਨਜਰਾਂ ਰਾਨਿਆਂ ਰਾਜਿਆਂ ਤੋਂ ਬਾਦਸ਼ਾਹ ਆਪੇ ਅਖਵਾਯਾ ਏ
ਕਾਇਮ ਬਖਸ਼ ਧੋਖੇ ਨਾਲ ਕੈਤਾ, ਪੁੱਠ ਨਾਲ ਭਰਾ ਰਮਾਯਾ ਏ
ਬਾਦਸ਼ਾਹੀ ਦੇਣੀ ਹੈ ਬਹਾਦਰਸ਼ਾਹ ਨੂੰ, ਉਸ ਕਿਉਂ ਏਨਾ ਚਿਰ ਲਾਯਾ ਏ
ਏਨੇ ਚਿਰ ਨੂੰ ਸੁਣਿਆ ਬੜਾ ਬੇਟਾ, ਫੌਜਾਂ ਕਾਬਲੀ ਨਾਲ ਲਿਆਯਾ ਏ
ਪਹੁੰਚ ਗਿਆ ਰੁਤਾਸ ਦੇ ਹੈ ਨੇੜੇ, ਪਰ ਡਰ ਓਹਦੇ ਉੱਤੇ ਛਾਯਾ ਏ

---

†ਔਰੰਗਜ਼ੇਬ ਦੇ ਤਿੰਨ ਬੇਟੇ ਸਨ, ਵਡਾ ਸ਼ਾਹ ਮੁਅੱਜ਼ਮਸ਼ਾਹ ਜੋ ਫੇਰ ਬਹਾਦਰਸ਼ਾਹ ਅਖਵਾਯਾ ਤੇ ਛੋਟਾ ਕਾਇਮ ਬਖਸ਼ ਸਭ ਤੋਂ ਛੋਟਾ ਆਜ਼ਮਸ਼ਾਹ, ਜਦ ਔਰੰਗਾ ਮਰ੍ਹਾਟਿਆਂ ਨਾਲ ਲੜ ਰਿਹਾ ਸੀ, ਤਾਂ ਛੋਟਾ ਹੀ ਬੇਟਾ ਨਾਲ ਸੀ, ਉਸਨੇ ਬਾਪ ਦੇ ਮਰਦਿਆਂ ਸਭ ਕੁਛ ਸੰਭਾਲ ਲਿਆ ਤੇ ਵਿਚਕਾਰਲੇ ਨੂੰ ਕੈਦ ਕਰ ਦਿੱਲੀ ਦਾ ਬਾਦਸ਼ਾਹ ਬਣ ਬੈਠਾ।

ਜੈਤਰਾਮ ਮਿਲਯਾ ਕਰਤਾਰ ਸਿੰਘਾ, ਹੋ ਉਤ੍ਰ ਪ੍ਰਸਨ ਬਖੇਰ ਗਏ

ਜੈਤਾ ਰਾਮ

ਗੁਰੂ ਨਾਨਕ ਸ਼ਾਂਤਿ ਸੁਭਾਵ ਰਹੇ, ਤੁਸੀਂ ਜੰਗ ਜੰਦਾਲ ਕਿਉਂ ਛੇੜ ਬੈਠੇ
ਨਵਿਰਤੀ ਛਡ ਪਰਵਿਰਤੀ ਲਈ, ਰਾਹ ਜਾਂਦੇ ਕਿਉਂ ਦੁਛ ਸਹੇੜ ਬੈਠੇ
ਸੇਵਕ ਸਿੱਖ ਬੇਗਿੰਤ ਸ਼ਹੀਦ ਹੋਏ, ਬਣੇ ਸੁਖਾਂ ਨੂੰ ਜੜੋਂ ਉਖੇੜ ਬੈਠੇ
ਬੇਟੇ ਮਰੇ ਚਾਰੇ ਕਰਤਾਰ ਸਿੰਘਾ, ਦੁਖਾਂ ਲਈ ਪੁਠਾ ਖੂਹਾ ਗੇੜ ਬੈਠੇ

ਸ੍ਰੀ ਦਸਮੇਸ਼ ਜੀ

ਤੁਹਾਡੀ ਨਿੱਬ੍ਰਤੀ ਤੇ ਹਿੰਦ ਧਰਮ ਤਾਈਂ, ਰਖਨ ਵਾਸਤੇ ਫੜੀ ਏਹ ਚਾਲ ਸੰਤੋ
ਰੋਜ਼ ਹਿੰਦੂਆਂ ਨੂੰ ਤੁਰਕ ਕਰੀ ਜਾਂਦੇ, ਮੁਸਲਮਾਨ ਹੈਸਨ ਜ਼ੋਰ ਡਾਲ ਸੰਤੋ
ਮੰਦਰ ਢਾਹ ਮਸੀਤਾਂ ਬਨਾਈ ਜਾਂਦੇ ਸਾਰੇ ਰਹੇ ਹੋ ਸਾਓ ਦੁਖ ਜਾਲ ਸੰਤੋ
ਮਾਰਗ ਅਸੀਂ ਪਰਵਿਰਤੀ ਫੜਦੇ ਨ, ਹਿੰਦ ਧਰਮ ਦੇਂਦੇ ਤੁਰਕ ਗਾਲ ਸੰਤੋ
ਤੇਗ ਚੁਕ ਜੇ ਖਾਲਸਾ ਸਾਜਦੇ ਨ, ਹੁੰਦਾ ਹਿੰਦੂਆਂ ਦਾ ਬੁਰਾ ਹਾਲ ਸੰਤੋ
ਧਰਮ ਖੋਹ ਤੁਹਾਡਾ ਕਰਤਾਰ ਸਿੰਘਾ, ਤੁਹਾਨੂੰ ਤੁਰਕ ਮਲਾਉਂਦੇ ਨਾਲ ਸੰਤੋ

ਤਥਾ

ਜਿਸ ਦਿਨ ਤੋਂ ਅਸਾਂ ਤਲਵਾਰ ਚੁਕੀ, ਜ਼ੁਲਮ ਜ਼ਾਲਮਾਂ ਦੇ ਸਣੇ ਘਟ ਗਏ
ਮੁਸਲਮਾਨ ਕਰਨੋਂ ਫੜਕੇ ਹਿੰਦੂਆਂ ਨੂੰ, ਥਾਓਂ ਥਾਂਈਂ ਹਾਕਮ ਵੇਖੋ ਹਟ ਗਏ
ਬੱਦਲ ਜ਼ੁਲਮਦੇ ਹਿੰਦ ਤੇ ਛਾ ਰਹੇ ਸੀ, ਹੋਕੇ ਪੱਤਲੇ ਹੁਣ ਓਹ ਫਟ ਗਏ
ਏਹ ਸੁਣ ਕੇ ਸਾਧ ਕਰਤਾਰ ਸਿੰਘਾ, ਉਤੇ ਚਰਨਾਂ ਦੇ ਝੁਕ ਝੱਟ ਗਏ

ਜੈਤਰਾਮ ਨੇ ਇਹ ਦੋਹਿਰਾ ਦਾਦੂ ਜੀ ਦਾ ਸੁਨਾਯਾ

ਦੋਹਰਾ—ਦਾਦੂ ਦਾਹਵਾ ਦੂਰ ਕਰ, ਬਿਨ ਦਾਹਵੇ ਦਿਨ ਕੱਟ।
ਕੇਤੀ ਸੌਦਾ ਕਰ ਗਈ, ਏਸ ਪਸਾਰੀ ਦੇ ਹੱਟ॥

ਇਸ ਦਾ ਉੱਤਰ ਸ੍ਰੀ ਦਸਮੇਸ਼ ਜੀ ਵਲੋਂ

ਦੋਹਿਰਾ:—ਦਾਦੂ ਦਾਹਵਾ ਬੰਨ੍ਹ ਕੇ, ਦੁਸ਼ਮਨ ਨੂੰ ਲੇਹੁ ਲੁਟ
ਇਕੋ ਰਹਿਸੀ ਖਾਲਸਾ, ਹੋਰ ਮਰੇਸੀ ਹੁਟ॥

ਜੈਤ ਰਾਮ

ਦੋਹਿਰਾ:—ਦਾਦੂ ਸਮਾਂ ਵਿਚਾਰ ਕੇ, ਕਲ ਕਾ ਕੀਜੈ ਭਾਏ॥
ਜੋ ਕੋ ਮਾਰੇ ਢੀਂਮ, ਇਟ ਲੀਜੈ ਸੀਸ ਚਢਾਏ॥

ਸ੍ਰੀ ਦਸਮੇਸ਼ ਜੀ

ਦੋਹਿਰਾ:—ਦਾਦੂ ਸਮਾਂ ਵਿਚਾਰ ਕੇ, ਕਲ ਕਾ ਕੀਜੈ ਭਾਉ॥
ਜੋ ਕੋ ਮਾਰੇ ਢੀਂਮ ਇਟ, ਪੱਥਰ ਤਿਸੇ ਟਕਾਉ॥

ਸ੍ਰੀ ਦਸਮੇਸ਼ ਜੀ ਨੂੰ ਸਿੰਘਾਂ ਨੇ ਤਨਖਾਹ ਲਾਨੀ

ਅਗਲੇ ਦਿਨ ਮਹੰਤ ਪ੍ਰਸਾਦਿ ਕੀਤਾ, ਛਕਿਆ ਸਭਨਾਂ ਨੇ ਖ਼ੁਸ਼ੀ ਧਾਰ ਭਾਈ
ਬਾਜਾਂ ਆਦਿ ਸ਼ਕਾਰੀਆਂ ਜਾਨਵਰਾਂ, ਖਾਧੀ ਮਾਸ ਦੇ ਥਾਂ ਜਵਾਰ ਭਾਈ
ਦੇਹੁਰਾ ਦੇਖਨੇ ਨੂੰ ਫੇਰ ਗਏ ਗੁਰਜੀ, ਤੀਰ ਨਾਲ ਕੀਤੀ ਨਮਸ਼ਕਾਰ ਭਾਈ
ਓਸੇ ਵਕਤ ਸਿੰਘਾਂ ਏਹਤਰਾਜ਼ ਕੀਤਾ, ਹੱਥ ਬੰਨ੍ਹਕੇ ਹੋ ਹੁਸ਼ਿਆਰ ਭਾਈ
ਮੜ੍ਹੀ ਮਠ ਦਿਵਾਲੇ ਸ਼ਿਵਾਲੇ ਅਗੇ, ਲਿਖਯਾ ਰਹਿਤਨਾਮੇ ਵਿਚਸਾਰ ਭਾਈ
ਸਿਰ ਨਹੀਂ ਝੁਕਾਵਨਾ ਭੱਲ ਕਦੇ, ਪੰਥ ਖਾਲਸੇ ਦੀ ਏਹ ਕਾਰ ਭਾਈ
ਤੁਸਾਂ ਸਤਿਗੁਰੋ ਕਿਉਂ ਨਮਸਕਾਰ ਕੀਤੀ, ਹੋ ਗਏ ਤਨਖਾਹੀਏ ਭਾਰ ਭਾਈ
ਗੁਰ ਹੱਸਪਏ ਅਸੀਂ ਪੁਛਦੇ ਸਾਂ, ਤੁਹਾਡਾ ਕਿਨਾਂਕੁ ਰਹਿਤਸਿਉਂ ਪਯਾਰ ਭਾਈ
ਜਿਨੀਂ ਲਾਓ ਤਨਖਾਹ ਸੋ ਭਰ ਦਈਏ, ਹੈ ਸੰਗਤ ਦਾ ਅਖਤਯਾਰ ਭਾਈ
ਸਵਾ ਸੌ ਰੁਪਯਾ ਕਰਤਾਰ ਸਿੰਘਾ, ਤਨਖਾਹ ਦਿਤੀ ਗੁਰਾਂ ਤਾਰ ਭਾਈ

ਭਾਈ ਦੇਯਾ ਸਿੰਘ ਦਾ ਮੇਲ ਤੇ ਬਘੌਰ ਪਹੁੰਚਨਾ

ਡੇਰੇ ਸਣੇ ਨਰੈਣੇ ਤੋਂ ਚਲ ਕਰਕੇ, ਲਾਲੀ ਪਿੰਡ ਘਮਰੋਦੇ ਨੂੰ ਜਾਂਵਦੇ ਨੇ
ਓਥੋਂ ਚੜ੍ਹਕੇ ਜਦੋਂ ਕੁਲਾਇਤ ਪਹੁੰਚੇ, ਦੇਯਾ ਸਿੰਘ ਹੋਰੀ ਚਲ ਆਂਵਦੇ ਨੇ
ਮਿਲੇ ਯਾਰਾਂ ਮਹਿਨਿਆਂ ਬਾਅਦ ਆਕੇ, ਸਤਿਗੁਰਾਂ ਦੇ ਦਰਸ਼ਨ ਪਾਂਵਦੇ ਨੇ
ਗਲ ਬਾਤ ਔਰੰਗੇ ਦੇ ਨਾਲ ਹੋਈ, ਸਾਰੀ ਫੋਲਕੇ ਚਾ ਸੁਨਾਂਵਦੇ ਨੇ
ਓਥੋਂ ਚਲ ਕੇ ਬਘੌਰ ਪਹੁੰਚੇ, ਡੇਰਾ ਬਾਹਰ ਪਿੰਡੋਂ ਦੂਰ ਲਾਂਵਦੇ ਨੇ
ਰਾਣਾ ਸ਼ਿਵ ਪ੍ਰਤਾਪ ਸਿੰਘ ਆਮਿਲਪਾ ਧੀਰਜ ਸਿਰੋ ਪਾਓ ਉਨ੍ਹੂੰ ਬਣਾਂਵਦੇ ਨੇ
ਚੰਗਾ ਵੇਖ ਪ੍ਰੇਮ ਪ੍ਰੀਤ ਸਚੀ ਕੁਝ ਚਿਰ ਲਈ ਡੇਰਾ ਜਮਾਂਵਦੇ ਨੇ

ਪਿੱਪਲ ਵਧਕੇ ਜੇੜ ਨੂੰ ਖਾ ਜਾਏਗਾ, ਤਦੋਂ ਹੋਰ ਸਮਾਂ ਆ ਜਾਏ ਭਾਈ
ਤੁਰਕ ਰਾਜ ਦਾ ਤੇਜ ਹੋ ਨਸ਼ਟ ਜਾਸੀ, ਜ਼ੁਲਮ ਜ਼ਾਲਮਾਂ ਸੁਣੇ ਨਸਾਏ ਭਾਈ
ਹੋਏ ਸਚੇ ਏਹ ਸੁਖਨ ਕਰਤਾਰ ਸਿੰਘਾ, ਓਹ ਗਏ ਸਮੇਂ ਹੋਰ ਆਏ ਭਾਈ

ਰਾਮ ਸਿੰਘ ਦੀ ਬੇਸਿਦਕੀ

ਸਤਿਗੁਰੂ ਸੁਹੇਵਿਓਂ ਅਗ੍ਹਾਂ ਟੁਰੇ, ਸਭ ਮਾਲ ਅਸਬਾਬ ਲਦਾ ਕਰਕੇ
ਰਾਮ ਸਿੰਘ ਚੋਰੀ ਪਿਛਾਂ ਖਿਸਕ ਟੁਰਿਆ, ਸਾਰਾ ਸਿਦਕ ਭਰੋਸਾ ਗਵਾ ਕਰਕੇ
ਸਿਖ ਭੇਜਿਆ ਗੁਰਾਂ ਨੇ ਮੋੜਨੇ ਨੂੰ, ਉਸ ਰੋਕਿਆ ਨੇੜੇ ਹੀ ਆ ਕਰਕੇ
ਤਿੰਨ ਖਿੱਚ ਲੀਕਾਂ ਅਗੇ ਇਉਂ ਕਹਿਆ, ਉਸ ਸਿਖ ਨੇ ਚਾ ਸੁਨਾ ਕਰਕੇ
ਤੈਨੂੰ ਗੁਰਾਂ ਦੀ ਸਹੁੰ ਜੇ ਅਗ੍ਹਾਂ ਲੰਘੇਂ, ਉਹ ਲੰਘ ਗਿਆ ਲੀਕਾਂ ਦਾ ਕਰਕੇ
ਸਿਖ ਦਸਿਆ ਆਣ ਕੇ ਗੁਰੂ ਜੀ ਨੂੰ, ਦੂਜਾ ਫੇਰ ਅਸਵਾਰ ਦੁੜਾ ਕਰਕੇ
ਗੁਰਾਂ ਆਖਯਾ ਭਾਈ ਨੂੰ ਮੋੜ ਲਿਆਵੀਂ ਏਹ ਸਾਡਾ ਰੁਮਾਲ ਦਿਖਾ ਕਰਕੇ
ਓਹ ਭੀ ਨੇੜੇ ਸੀ ਘੋੜਾ ਦੁੜਾ ਮਿਲਯਾ, ਰਾਮ ਸਿੰਘ ਤਾਈਂ ਅਟਕਾ ਕਰਕੇ
ਕਹਿਆ ਮੁੜ ਭਾਈ ਗੁਰ ਸਦਦੇ ਨੇ, ਚਲ ਪਿਛਾਂ ਨੂੰ ਵਾਗ ਭਵਾ ਕਰਕੇ
ਉਸ ਜਟ ਵਾਲੀ ਇਕ ਹੋਂਹ ਫੜੀ, ਕਹਿਆ ਸਿਖ ਨੇ ਬਹੁਤ ਸਮਝਾ ਕਰਕੇ
ਤੈਨੂੰ ਗੁਰਾਂ ਦੀ ਸਹੁੰ ਜੇ ਨਾ ਮੁੜੇਂ, ਏਸੇ ਥਾਂ ਤੋਂ ਬਹੁਤ ਸਿਦਕ ਰਖਾ ਕਰਕੇ
ਮੇਰਾ ਘਰ ਪਿਛੋਂ ਹੋ ਵੈਰਾਨ ਜਾਵੇ, ਰਾਮ ਸਿੰਘ ਕਹਿੰਦਾ ਉਲਟਾ ਕਰਕੇ
ਮੰਨੀਂ ਇਕ ਨਾਹੀਂ ਸੌਂਹ ਭੰਨ ਗਿਆ, ਸਿਖ ਗੁਰਾਂ ਨੂੰ ਦਸਿਆ ਆ ਕਰਕੇ
ਬਚਨ ਹੋਯਾ ਰਹਿਨਾ ਘਰ ਵਸਦਾ ਹੀ, ਏਹ ਵਸਨਾ ਨਹੀਂ ਘਰ ਜਾ ਕਰਕੇ
ਮਰ ਜਾਇਗਾ ਟਕਰਾਂ ਮਾਰ ਆਪੇ, ਹੋ ਬੇਸਿਦਕਾ ਦੁਖ ਉਠਾ ਕਰਕੇ
ਹੋਈ ਠੀਕ ਏਵੇਂ ਘਰ ਜਾਂਵਦਾ ਹੀ, ਰਾਮ ਸਿੰਘ ਤਾਂ ਹੋਸ਼ ਭੁਲਾ ਕਰਕੇ
ਹੋ ਗਿਆ ਸ਼ੁਦਾਈ ਕਰਤਾਰ ਸਿੰਘਾ, ਮਰਿਆ ਸਿਰ ਕੰਧੀਂ ਟਕਰਾ ਕਰਕੇ

ਸ੍ਰੀ ਦਸਮੇਸ਼ ਜੀ ਨੇ ਦਾਦੂ ਜੀ ਦੇ ਚੌਹਰੇ ਪਹੁੰਚਨਾ

ਗੁਰ ਮੱਧੇ ਸਿਆਣੇ ਥੀਂ ਹੁੰਦੇ ਹੋਏ, ਜੀਵਨ ਤਾਰਦੇ ਪਹੁੰਚ ਅਜਮੇਰ ਗਏ
ਤੀਰਥ ਪੁਸ਼ਕਰ ਰਾਜਦੇ ਕਰ ਦਰਸ਼ਨ; ਕਰ ਪੰਧ ਦੂਏ ਦਿਨ ਫੇਰ ਗਏ
ਪਹੁੰਚੇ ਰਾਤ ਨੂੰ ਪਿੰਡ ਨਰੈਣੇ ਜਾ ਕੇ, ਡੇਰੇ ਦਾਦੂ ਦੇ ਉਠ ਕੇ ਫੇਰ ਗਏ

ਕੀਤਾ ਬਚਨ ਹੈ ਗੁਰੂ ਗੋਬਿੰਦ ਸਿੰਘ ਨੇ, ਮੇਰੇ ਸਾਮ੍ਹਣੇ ਇਹ ਉਚਾਰੀਆਂ ਨੇ
ਬਾਦਸ਼ਾਹ ਬਹਾਦਰਸ਼ਾਹ ਹੈ ਬਣਨਾ, ਅਸਾਂ ਸਚੀਆਂ ਏਹ ਦਿਲਧਾਰੀਆਂ ਨੇ
ਸਚੇ ਉਨ੍ਹਾਂ ਨੇ ਸੁਖਨ ਕਰਤਾਰ ਸਿੰਘਾ, ਕਰਾਮਾਤਾਂ ਗੁਰਾਂ ਵਿਚ ਜ਼ਾਹਰੀਆਂ ਨੇ

ਬਹਾਦਰ ਸ਼ਾਹ ਨੇ ਸਤਿਗੁਰਾਂ ਦਾ ਹਾਲ ਪੁਛਣਾ

ਬਹਾਦਰਸ਼ਾਹ ਨੂੰ ਹੌਸਲਾ ਕੁਝ ਹੋਯਾ, ਕਹਿੰਦਾ ਗੁਰਾਂ ਦਾ ਫੋਲਕੇ ਹਾਲ ਦਸੋ
ਮੈਂ ਜਾਣਦਾ ਉਨ੍ਹਾਂ ਨੂੰ ਚੰਗੀ ਤਰ੍ਹਾਂ, ਹੈਨ ਥਾਂ ਕਿਹੜੇ ਦਰ ਹਾਲ ਦਸੋ
ਓਹ ਸੁਣੇ ਅਨੰਦਪੁਰ ਛਡ ਗਏ, ਬੜੇ ਬੜੇ ਕਰ ਜੰਗ ਜਦਾਲ ਦਸੋ
ਇਸ ਵਕਤ ਡੇਰਾ ਕਿਥੇ ਉਨ੍ਹਾਂ ਦਾ ਏ, ਫੌਜ ਕਿਤਨੀ ਉਨ੍ਹਾਂ ਦੇ ਨਾਲ ਦਸੋ
ਕੁਝ ਮੇਰੀ ਸਹਾਇਤਾ ਕਰਨਗੇ ਓਹ, ਅਕਲਮੰਦ ਤੁਸੀਂ ਕਰ ਖਯਾਲ ਦਸੋ
ਹੋਵੇ ਕਿਸਤਰ੍ਹਾਂ ਮੇਲ ਕਰਤਾਰ ਸਿੰਘਾ, ਤੁਸੀਂ ਕੋਈ ਦਾਨਾਈ ਦੀ ਚਾਲ ਦਸੋ

ਰਾਜੇ ਸਿਵਪ੍ਰਤਾਪ ਸਿੰਘ ਨੇ ਪਤਾ ਦਸਨਾ

ਥੋੜੇ ਦਿਨਾਂ ਦੇ ਉਤਰੇ ਪਿੰਡ ਮੇਰੇ, ਡਿਠੇ ਬਰਕਤਾਂ ਦੇ ਭਰਪੂਰ ਸ਼ਾਹਾ
ਕਿਹੜੀ ਨਾਲ ਜ਼ਬਾਨ ਦੇ ਸਿਫਤ ਕਰਾਂ, ਹੈਨ ਖਾਸ ਖੁਦਾ ਦਾ ਨੂਰ ਸ਼ਾਹਾ
ਮਿਹਰਬਾਨ ਹੋ ਕਰਨ ਸਹਾਇਤਾ ਜੇ, ਫਤਹ ਆਪਦੀ ਹੋਏ ਜ਼ਰੂਰ ਸ਼ਾਹਾ
ਮੁਸਲਮਾਨ ਤੇ ਹਿੰਦੂਆਂ ਦੂਹੀਂ ਧਿਰੀਂ, ਇਕੋ ਨਿਗ੍ਹਾ ਤਕਨ ਦਸਤੂਰ ਸ਼ਾਹਾ
ਜੋ ਪਨਾਹ ਮੰਗੇ ਓਹਦੀ ਕਰਨ ਮਦਦ; ਕੀਤਾ ਦਿਲੋਂ ਤਅਸਬ ਦੂਰ ਸ਼ਾਹਾ
ਜਾਜ ਜਿਤੀ ਪਈ ਕਰਤਾਰ ਸਿੰਘਾ, ਰਖ ਹੌਂਸਲਾ ਨ ਤੂੰ ਝੂਰ ਸ਼ਾਹਾ

ਮੁਨਸ਼ੀ ਹਾਕਮਰਾਇ ਤੇ ○ਨੰਦ ਲਾਲ ਨੇ ਬਹਾਦਰਸ਼ਾਹ ਨੂੰ ਸਮਝਾਨਾ

ਪਾਸੋਂ ਬੋਲਕਹਿਆ ਨੰਦਲਾਲ ਨੇ ਜੀ, ਉਚਾ ਸਭ ਤੋਂ ਗੁਰਾਂ ਦਾ ਸ਼ਾਨ ਸਮਝੋ
ਸਤਿਗੁਰਾਂ ਨੂੰ ਫੌਜ ਦੀ ਲੋੜ ਕਾਦੀ ਫਤ੍ਹਾ ਉਨ੍ਹਾਂ ਦੀ ਵਿਚ ਜ਼ਬਾਨ ਸਮਝੋ
ਸੁਣੇ ਆਪ ਨੇ ਵਿਚ ਆਨੰਦਪੁਰ ਦੇ ਕਿਡੇ ਵਡੇ ਹੋਏ ਘਮਸਾਨ ਸਮਝੋ
ਥੋੜੇ ਸਿਖਾਂ ਦੇ ਨਾਲ ਹੀ ਸ਼ਾਹੀ ਫੌਜਾਂ ਕਰ ਸੁਟੀਆਂ ਮਾਰ ਵੈਰਾਨ ਸਮਝੋ
ਸ਼ੇਰ ਗਿਦੜਾਂ ਤੋਂ ਨਵੇਂ ਤਯਾਰ ਕਰਕੇ ਜ਼ੇਰ ਕਰ ਛਡੇ ਸੂਬੇ ਖਾਨ ਸਮਝੋ
ਦਸ ਲਖ ਸੁਣੀ ਸ਼ਾਹੀ ਫੌਜ ਹੈਸੀ ਥੋੜੇ ਗੁਰਾਂ ਦੇ ਪਾਸ ਜਵਾਨ ਸਮਝੋ

---

○ਪਤਾ ਨਹੀਂ ਇਹ ਨੰਦਲਾਲ ਉਹੋ ਨੰਦ ਲਾਲ ਹੈ ਜਾਂ ਕੋਈ ਹੋਰ, ਪਤਾ ਕੁਝ ਨਹੀਂ ਲਿਖਯਾ।

ਦੰਦ ਭੰਨ ਸੁਟੇ ਮਾਰ ਲਸ਼ਕਰਾਂ ਦੇ ਜੰਗ ਕਰਕੇ ਵਿਚ ਮੈਦਾਨ ਸਮਝੋ
ਮਾਝਾ ਮਾਲਵਾ ਦੇਸ ਪੰਜਾਬ ਸਾਰਾ ਦੇਂਦਾ ਉਨ੍ਹਾਂ ਦੇ ਨਾਮ ਤੇ ਜਾਨ ਸਮਝੋ
ਜੇਕਰ ਉਹ ਸਾਡੇ ਉਤੇ ਕਰਨ ਕਿਰਪਾ ਫਤ੍ਹਾ ਹੋਈ ਪਈ ਸਾਡੀ ਆਨ ਸਮਝੋ
ਬਚਨ ਹੋਣਗੇ ਸਤ ਕਰਤਾਰ ਸਿੰਘਾ ਝੂਠੀ ਗੁਰਾਂ ਦੀ ਨਹੀਂ ਜ਼ਬਾਨ ਸਮਝੋ

ਬਹਾਦਰ ਸ਼ਾਹ ਨੇ ਆਪਣੇ ਮੁਸਾਹਿਬਾਂ ਨੂੰ ਸਤਿਗੁਰਾਂ ਪਾਸ ਭੇਜਣਾ

ਏਹ ਸੁਣ ਬਹਾਦਰ ਸ਼ਾਹ ਖੁਸ਼ ਹੋਯਾ, ਕਹਿੰਦਾ ਮੁਨਸ਼ੀ ਜੀਤੁਸੀਂ ਜਾਓ ਜਲਦੀ
ਮਿਲ ਸਤਿਗੁਰਾਂ ਨੂੰ ਕਰੋ ਅਰਜ ਸਾਰੀ, ਮੇਰਾ ਤਰਫੋਂ ਆਖ ਸੁਨਾਓ ਜਲਦੀ
ਮੈਂ ਆਪਦੀ ਲਈ ਪਨਾਹ ਗੁਰ ਜੀ, ਮੇਰੇ ਹਾਲ ਉਤੇ ਨਿਗ੍ਹਾ ਪਾਓ ਜਲਦੀ
ਆਹਸਮਸ਼ਾਹ ਐਵੇਂ ਤਖਤ ਮਲ ਬੈਠਾ, ਮੇਰਾ ਹਕ ਸੋ ਮੈਨੂੰ ਦਵਾਓ ਜਲਦੀ
ਵਡੇਗੁਰਾਂਜਿਉਂ ਬਾਬਰਨੂੰ ਬਖਸ਼ਯਾ ਸੀ, ਓਵੇਂ ਤਖਤ ਮੈਨੂੰ ਬਖਸ਼ਾਓ ਜਲਦੀ
ਰਖਾਂ ਯਾਦ ਮੈਂ ਸਦਾ ਕਰਤਾਰ ਸਿੰਘਾ, ਮੇਰੇ ਹਾਲ ਤੇ ਕਰਮ ਕਮਾਓ ਜਲਦੀ

ਤਥਾ

ਮੇਰੇ ਪਾਸ ਹੈ ਫੌਜ ਸਾਮਾਨ ਥੋੜ੍ਹਾ; ਮੈਨੂੰ ਫਤਾ ਦੀ ਕੋਈ ਨ ਆਸ ਗੁਰ ਜੀ
ਤੁਹਾਡਾ ਖਾਲਸਾ ਜੇ ਮੇਰੇ ਨਾਲ ਹੋਵੇ, ਤਦ ਵੈਰੀਆਂ ਦਾ ਹੋਵੇ ਨਾਸ ਗੁਰ ਜੀ
ਤੁਸੀਂ ਮਿਹਰ ਕਰੋ ਮੇਰੀ ਬਾਂਹ ਫੜੋ, ਵਿਚ ਜੰਗ ਹੋਵੇ ਸਾਥੀ ਖਾਸ ਗੁਰ ਜੀ
ਫਤ੍ਹਾ ਹੋਵੇ ਜੇਕਰ ਬਾਦਸ਼ਾਹ ਬਣਾਂ, ਰਖਾਂ ਯਾਦ ਅਹਿਸਾਨ ਹੋ ਦਾਸ ਗੁਰ ਜੀ
ਜੋ ਦਿਹੋਗੇ ਹੁਕਮ ਸੋ ਕਰਾਂਗਾ ਮੈਂ, ਸਦਾ ਰਖਾਂਗਾ ਆਪ ਨੂੰ ਪਾਸ ਗੁਰ ਜੀ
ਸ਼ਰਨ ਪਿਆਂ ਦੀ ਲਾਜ ਕਰਤਾਰ ਸਿੰਘਾ, ਥੁਸੀਂ ਰਖੋਗੇ ਹੈ ਧਰਵਾਸ ਗੁਰ ਜੀ

ਨੰਦ ਲਾਲ ਤੇ ਹਾਕਮ ਰਾਇ ਨੇ ਬਹਾਦਰ ਸ਼ਾਹ ਦੀ ਬੇਨਤੀ ਸਤਿਗੁਰਾਂ ਅਗੇ ਕਰਨੀ

ਏਹ ਦੋਵੇਂ ਵਕੀਲ ਸਰਪਟ ਚਲੇ, ਪਹੁੰਚ ਵਿਚ ਬਘੌਰ ਦੇ ਜਾਂਵਦੇ ਨੇ
ਪਹਿਲਾਂ ਧਰਕੇ ਨਜ਼ਰ ਨਿਆਜ਼ ਬਹੁਤੀ, ਤਖਤ ਤਾਜ ਦਾ ਰੋਲਾ ਸੁਨਾਂਵਦੇ ਨੇ
ਉਹ ਮੁਰਾਸਲਾ ਜਿਹੜਾ ਲਿਆਏ ਹੈਸਨ, ਹਥ ਜੋੜਕੇ ਅਗੇ ਟਕਾਂਵਦੇ ਨੇ
ਪੜ੍ਹ ਵੇਖਕੇ ਸਾਰਾ ਕਰਤਾਰ ਸਿੰਘਾ; ਸਤਿਗੁਰੂ ਜੀ ਇਉਂ ਫਰਮਾਂਵਦੇ ਨੇ

ਸ੍ਰੀ ਦਸਮੇਸ਼ ਜੀ

ਜੇ ਬਹਾਦੁਸ਼ਾਹ ਆਯਾਸ਼ਰਨ ਸਾਡੀ, ਅਸੀਂ ਆਪਨਾ ਬਿਰਦ ਨਿਭਾ ਦਿਆਂਗੇ

ਸੁਣੋ ਨੰਦ ਜੀ ਸਿਦਕ ਜੋ ਰਖਿਓ ਸੁ, ਤਖਤਤਾਜ ਏਹ ਸਭ ਦਿਵਾ ਦਿਆਂਗੇ
ਪਿਓ ਵਾਂਗ ਜੋ ਧਰਮ ਤੋਂ ਹਾਰਿਆ ਨ, ਉਹਦੇ ਮਨ ਦੀ ਆਸ ਪੁਚਾ ਦਿਆਂਗੇ
ਇਕ ਬਚਨ ਸਾਡਾ ਪੂਰਾ ਕਰਨ ਮੰਨੇ, ਤਖਤ ਦਿਲੀ ਦੇ ਉਤੇ ਬੈਠਾ ਦਿਆਂਗੇ
ਮੂਲੋਂ ਵੈਰੀ ਦਾ ਕੁਝ ਨ ਫਿਕਰ ਕਰੇ, ਅਸੀਂ ਤਾਰੇ ਨੂੰ ਮਾਰ ਮੁਕਾ ਦਿਆਂਗੇ
ਤੀਰ ਆਪਣੇ ਨਾਲ ਕਰਤਾਰ ਸਿੰਘਾ, ਓਹਦੇ ਵੈਰੀ ਨੂੰ ਧਰਤ ਲਿਟਾ ਦਿਆਂਗੇ

ਮੁਨਸ਼ੀ ਨੰਦ ਲਾਲ ਨੇ ਪਰਤਕੇ ਬਹਾਦਰ ਸ਼ਾਹ ਪਾਸ ਜਾਣਾ

ਏਹ ਹੌਸਲਾ ਗੁਰਾਂ ਨੇ ਜਦੋਂ ਦਿਤਾ, ਨੰਦ ਲਾਲ ਨੇ ਸੀਸ ਝੁਕਾਯਾ ਜੀ
ਖੁਸ਼ੀ ਹੋ ਕੇ ਪਿਛਾਂ ਨੂੰ ਤੁਰਤ ਮੁੜਿਆ, ਵਾਹੋ ਦਾਹੀ ਪੰਜਾਬ ਨੂੰ ਧਾਯਾ ਜੀ
ਸਤਿਲੁਜ ਦਰਯਾ ਤੇ ਆ ਮਿਲਿਆ, ਸ਼ਾਹ ਬਹਾਦਰ ਨੂੰ ਹਾਲ ਸੁਨਾਯਾ ਜੀ
ਇਕ ਸੁਖਨ ਪੂਰਾ ਕਰਨਾ ਮੰਨ ਲੈ, ਜੋ ਸਤਿਗੁਰਾਂ ਨੇ ਹੈ ਫਰਮਾਯਾ ਜੀ
ਤਖਤ ਲੈ ਦਈਏ ਮਾਰ ਤਾਰੇ ਤਾਈਂ, ਏਸੇ ਲਈ ਮੈਂ ਜਲਦੀ ਆਯਾ ਜੀ
ਤੁਸੀਂ ਲਿਖ ਦੇਹੋ ਕਰਤਾਰ ਸਿੰਘਾ, ਪੂਰਾ ਕਰਾਂਗੇ ਜੋ ਤੁਸਾਂ ਚਾਹਯਾ ਜੀ

ਬਹਾਦਰ ਸ਼ਾਹ ਨੇ ਲਿਖ ਦੇਣਾ ਕਿ ਮੈਂ ਜੋ ਆਖੋਗੇ ਪੂਰਾ ਕਰਾਂਗਾ

ਗਰਜ ਵਿਚ ਜਹਾਨ ਦੇ ਝੂਰੀ ਹੁੰਦੀ, ਝਟ ਲਿਖਿਯਾ ਜੋ ਫਰਮਾਓਗੇ ਜੀ
ਪੂਰਾ ਕਰਾਂਗਾ ਕਸਮ ਕੁਰਾਨ ਮੈਨੂੰ, ਤਾਜ ਤਖਤ ਜੇ ਤੁਸੀਂ ਦਿਵਾਓਗੇ ਜੀ
ਮੈਂ ਆਗਰੇ ਨੂੰ ਸਿਧਾ ਚਲਦਾ ਹਾਂ, ਤੁਸੀਂ ਖਬਰ ਭੇਜੋ ਕਦੋਂ ਆਓਗੇ ਜੀ
ਪਾਸਾ ਮੇਰਾ ਕਮਜੋਰ ਕਰਤਾਰ ਸਿੰਘਾ, ਬੇੜਾ ਤੁਸੀਂ ਆਪੇ ਬੰਨੇ ਲਾਓਗੇ ਜੀ

ਨੰਦ ਲਾਲ ਨੇ ਬਹਾਦਰ ਸ਼ਾਹ ਦਾ ਇਕਰਾਰ ਨਾਮਾ ਲੈ ਕੇ ਆਉਣਾ

ਪੈਰੀਂ ਪਿਛਲੀਝੋਂ ਨੰਦ ਲਾਲ ਆਯਾ, ਸਤਿਗੁਰਾਂ ਨੂੰ ਸੀਸ ਨੂੰ ਝੁਕਾਂਵਦਾ ਏ
ਬਹਾਦੁਸ਼ਾਹ ਦਾ ਉਹ ਇਕਰਾਰ ਨਾਮਾ, ਅਗੇ ਗੁਰਾਂ ਦੇ ਚਾਏ ਟਿਕਾਂਵਦਾ ਏ
ਕੀਤੀ ਬੇਨਤੀ ਗੁਰੂ ਜੀ ਸ਼ਾਹ ਸਾਡਾ, ਸਿਧਾ ਆਗਰੇ ਨੂੰ ਪਿਆ ਜਾਂਵਦਾ ਏ
ਝਟ ਪਹੁੰਚੋ ਤੁਸੀਂ ਕਰਤਾਰ ਸਿੰਘਾ, ਜੰਗ ਜਾਂਦਿਆਂ ਹੀ ਪਿਆ ਚਾਂਹਵਦਾ ਏ

ਸ੍ਰੀ ਦਸਮੇਸ਼ ਜੀ ਨੇ ਭਾਈ ਧੰਨਾ ਸਿੰਘ ਹੋਰਾਂ ਨੂੰ ਬਹਾਦਰ ਸ਼ਾਹ ਵਲ ਤੋਰਨਾ

ਪੰਝੀ ਸਿੰਘ ਤੇ ਦੋ ਪਯਾਰਿਆਂ ਨੂੰ; ਕਹਿਆ ਤੁਸਾਂ ਏਹਨਾਂ ਨਾਲ ਜਾਵਨਾ ਏ
ਜੰਗ ਵਿਚ ਬਹਾਦਰਸ਼ਾਹ ਨਾਲ ਰਹਿਨਾ; ਮਾਰ ਵੈਰੀਆਂ ਤਈਂ ਮੁਕਾਵਨਾ ਏ

ਡਰਨ ਦੇਵਨ ਨ ਉਹਨੂੰ ਦੁਸ਼ਮਨਾਂ ਤੋਂ, ਭਾਰਾ ਹੌਸਲਾ ਦੇ ਲੜਾਵੰਨਾ ਏ
ਐਨ ਜੰਗ ਮਚੇ ਜਦੋਂ ਦੂੰਹੀਂ ਵਲੀਂ, ਉਸ ਵਕਤ ਅਸਾਂ ਨੇ ਭੀ ਆਵਨਾ ਏ
ਝੰਡਾ ਹੋਇਗਾ ਸੋਨੇ ਦੇ ਕਲਸ ਵਾਲਾ ਤੁਸਾਂ ਵੇਖਕੇ ਹਲਾ ਬੁਲਾਵਨਾ ਏ
ਤਾਰਾ ਆਹਜ਼ਮ ਨੂੰਮਾਰਾਂਗੇ ਆਪ ਹਥੀਂ ਉਹਦਾ ਮਾਨਮਗ਼ਰੂਰ ਗਵਾਵਨਾ ਏ
ਅੰਗ ਸੰਗ ਤੁਹਾਡੇ ਅਸੀਂ ਰਹਾਂਗੇ ਜੀ, ਤੁਸਾਂ ਮੂਲ ਨ ਦਿਲ ਡੁਲਾਵਨਾ ਏ
ਸਾਨੂੰ ਪਹੁੰਚਿਆ ਜਾਣੋ ਕ੍ਰਤਾਰ ਸਿੰਘਾ, ਅਸਾਂ ਆਪਣਾ ਸੁਖਨ ਨਬਾਵਨਾ ਏ

ਬਾਦਸ਼ਾਹ ਨੇ ਆਗਰੇ ਪਹੁੰਚਣਾ

ਨੰਦਲਾਲ ਲੈ ਸਿੰਘਾਂ ਨੂੰ ਪਾਸ ਮਥਰਾ, ਬਾਦਸ਼ਾਹ ਨੂੰ ਮਿਲਯਾ ਆਇਕੇ ਜੀ
ਪਿਛੋਂ ਗੁਰੂ ਜੀ ਭੀ ਤੁਸੀਂ ਆਏ ਸਮਝੋ, ਕਰੋ ਤਯਾਰੀਆਂ ਵਜ ਵਜਾਇਕੇ ਜੀ
ਸੁਣ ਸ਼ਾਹ ਬਹਾਦਰ ਖੁਸ਼ ਹੋਯਾ, ਰਸਦ ਬਸਦ ਸਿੰਘਾਂ ਨੂੰ ਦਵਾਇਕੇ ਜੀ
ਡੇਰੇ ਆਗਰੇ ਲਾਏ ਕਰਤਾਰ ਸਿੰਘਾ, ਦਿਲ ਹੌਸਲਾ ਬਹੁਤ ਵਧਾਇਕੇ ਜੀ

ਸ੍ਰੀ ਦਸਮੇਸ਼ ਜੀ ਨੇ ਭੀ ਆਗਰੇ ਪਹੁੰਚਣਾ

ਸਿੰਘ ਦੋ ਕੂ ਸੌ ਸੀ ਪਾਸ ਗੁਰ ਜੀ, ਲੈਕੇ ਆਗਰੇ ਦੇ ਵਲ ਤੁਰਤ ਧਾਏ
ਕਟ ਮਨਜ਼ਲਾਂ ਆਗਰੇ ਪਹੁੰਚ ਗਏ, ਸ਼ਾਹੀ ਲਸ਼ਕਰਾਂ ਤੋਂ ਡੇਰੇ ਦੂਰ ਲਾਏ
ਦੋਯਾ ਸਿੰਘ ਜਾ ਦਸਿਆ ਸ਼ਾਹ ਤਾਈਂ, ਸ੍ਰੀ ਗੁਰੂ ਜੀ ਭੀ ਤੇਰੀ ਮਦਦ ਆਏ
ਰਸਦ ਬਸਦ ਸਮਾਨ ਕਰਤਾਰ ਸਿੰਘਾ, ਸੋ ਪੁਚਾਕੇ ਦਿਲ ਦੇ ਫਿਕਰ ਲਾਹੇ

ਅਖਤਰ ਆਹਜ਼ਮ ਸ਼ਾਹ ਦੀ ਚੜ੍ਹਾਈ

ਹੋਈਆਂ ਖਬਰਾਂ ਆਹਜ਼ਮ ਸ਼ਾਹ ਤਾਈਂ, ਸ਼ਾਹਬਹਾਦਰ ਆਗਰੇ ਆਯਾ ਏ
ਗੁਸਾ ਖਾ ਕੇ ਲੈ ਕੇ ਲਸ਼ਕਰਾਂ ਨੂੰ, ਭਰਿਆ ਵਿਚ ਹੰਕਾਰ ਦੇ ਧਾਯਾ ਏ
ਤਾਬੇ ਓਸਦੀ ਬੜਾ ਜਰਾਰ ਲਸ਼ਕਰ, ਜੰਗੀ ਸਾਜ ਸਾਮਾਨ ਲਦਵਾਯਾ ਏ
ਆਯਾ ਆਗਰੇ ਵਲ ਕਰਤਾਰ ਸਿੰਘਾ, ਨਾਲ ਭਾਰਾ ਤੂਫਾਨ ਲਿਆਯਾ ਏ

੨੨ ਮਘਰ ੧੭੬੪ ਨੂੰ ਦੋਹਾਂ ਦਲਾਂ ਦੇ ਮੁਕਾਬਲਾ

ਹੋਈ ਸਾਰ ਬਹਾਦਰ ਸ਼ਾਹ ਤਾਈਂ, ਤਾਰਾ ਆਂਵਦਾ ਫੌਜ ਚੜ੍ਹਾਈ ਵਡੀ
ਇਹ ਭੀ ਆਗਰੇ ਤੋਂ ਕੂਚ ਕਰ ਟੁਰਿਆ, ਫੌਜਾਂ ਲੈਕੇ ਨਾਲ ਸਫਾਈ ਵਡੀ
ਚੰਬਲ ਨਦੀ ਤੋਂ ਪਾਰ ਹੋ ਗਡ ਝੰਡਾ, ਬੰਨ੍ਹ ਮੋਰਚੇ ਕਰੀ ਤਕੜਾਈ ਵਡੀ

ਉਧਰ ਆਹਜ਼ਮੇ ਨੇ ਆਨ ਢੋਏ ਲਸ਼ਕਰ, ਮਚੀ ਪਈਦੋਤਰਫ ਲੜਾਈ ਵਡੀ
ਦੋਵੇਂ ਦਲ ਆਪੋ ਵਿਚ ਜੁਟ ਪਏ, ਤੋਪਖਾਨਿਆਂ ਨੇ ਝੜੀ ਲਾਈ ਵਡੀ
ਤਿੰਨ ਦਿਨ ਆ ਕੇ ਜੰਗ ਘੋਰ ਹੋਯਾ, ਹੋਈ ਦੋਨੋਂ ਤਰਫ ਤਬਾਹੀ ਵਡੀ
ਫੌਜਾਂ ਤੋਪਖਾਨੇ ਬਹੁਤੇ ਵਲ ਆਹਜ਼ਮ, ਤੇਜ਼ੀ ਉਨ੍ਹਾਂ ਨੇ ਆਣਦਿਖਾਈ ਵਡੀ
ਮਿਝ ਮਾਸ ਦਾ ਮਚਿਆ ਘਾਣ ਭਾਰਾ; ਦਲਾਂ ਭਿੜਦਿਆਂ ਧੂੜਧੁਮਾਈ ਵਡੀ
ਤਾਰਾ ਹਲੇ ਉਤੇ ਹਲਾ ਕਰੀ ਆਉਂਦਾ ਜ਼ੋਰ ਦੇ ਕੇ ਮਾਰ ਮਚਾਈ ਵਡੀ
ਬਹਾਦ੍ਰ ਸ਼ਾਹ ਦੀ ਫੌਜ ਕ੍ਰਤਾਰ ਸਿੰਘਾ ਪੈਰੋਂ ਉਖੜੀ ਤੇ ਘਬਰਾਈ ਵਡੀ

### ਬਹਾਦਰਸ਼ਾਹ ਦੀ ਬੇਚੈਨੀ

ਫੌਜਾਂ ਤਾਰੇ ਦੀਆਂ ਹੜਾਂ ਵਾਂਗ ਆਵਨ ਵਿਚਜੰਗ ਦੇ ਜ਼ੋਰ ਦਿਖਾਯਾ ਬਹੁਤਾ
ਪੈਰੋਂ ਉਖੜੀ ਫੌਜ ਬਹਾਦਰ ਸ਼ਾਹ ਦੀ, ਹਾਰ ਵੇਖ ਹੁੰਦੀ ਘਬਰਾਯਾ ਬਹੁਤਾ
ਭਾਈ ਧਰਮਸਿੰਘਨੂੰ ਘੜੀ ਮੁੜੀ ਆਖੇ, ਸਤਿਗੁਰੂਜੀਨੇ ਚਿਰ ਲਾਯਾ ਬਹੁਤਾ
ਮੈਂ ਤਾਂ ਉਨ੍ਹਾਂ ਦਾ ਆਸਰਾ ਰਖ ਲੜਿਆ ਪਰਮੈਂ ਨੁਕਸਾਨ ਉਠਾਯਾ ਬਹੁਤਾ
ਥੋੜਾ ਚਿਰ ਜੇ ਹੋਰ ਨਾ ਆਏ ਗੁਰਜੀ, ਵੈਰੀ ਫੜ ਲਏਗਾ ਜ਼ੋਰ ਪਾਯਾ ਬਹੁਤਾ
ਜਾਓ ਝਬਦੇ ਲਿਆਓ ਹੁਣ ਗੁਰੂਜੀਨੂੰ, ਛਡ ਹੌਸਲਾ ਤੇ ਘਿਗਿਆਯਾ ਬਹੁਤਾ
ਬਾਜ਼ੀ ਜਾਂਵਦੀ ਏ ਪਈ ਚਲੀ ਹਥੋਂ, ਵੈਰੀ ਜ਼ੋਰ ਪਾ ਸਾਨੂੰ ਦਬਾਯਾ ਬਹੁਤਾ
ਖਤ੍ਰਾ ਕਰਨ ਮੂਲ ਕ੍ਰਤਾਰ ਸਿੰਘਾ, ਭਾਈ ਧਰਮ ਸਿੰਘ ਨੇ ਸਮਝਾਯਾ ਬਹੁਤਾ

### ਸ੍ਰੀ ਦਸਮੇਸ਼ ਜੀ ਦਾ ਮੈਦਾਨ ਜੰਗ ਵਿਚ ਆਉਣਾ

ਭੀੜ ਬਣੀ ਵਿਚ ਬਿ੍ਦਦੀ ਲਾਜ ਰਖਨ, ਤਯਾਰਹੋਏ ਅ੍ਦਾਸ ਸੁਧਾਏ ਗੁਰਜੀ
ਫੇਰ ਘੋੜੇ ਕੁਮੈਤ ਅਸਵਾਰ ਹੋਏ, ਸ਼ਸਤ੍ਰ ਬਸਤ੍ਰ ਖੂਬ ਸਜਾਏ ਗੁਰਜੀ
ਨਾਲ ਦੋ ਕੂ ਸੌ ਅਸਵਾਰ ਲੈ ਕੇ, ਅਕਾਲ ਅਕਾਲ ਗਜਾਏ ਗੁਰਜੀ
ਇਕ ਪਾਸਿਓਂ ਵਿਚ ਮੈਦਾਨ ਵੜੇ, ਨੇੜੇ ਮਾਰਦਾ ਮੌਕਾ ਤਕਾਏ ਗੁਰਜੀ
ਅਗੋ ਝੰਡਾ ਸਵਰਨ ਦੇ ਕਲਸ ਵਾਲਾ, ਜਿਗ੍ਹਾ ਕਲਗੀ ਸੀਸ ਸੁਹਾਏ ਗੁਰਜੀ
ਵੇਖ ਧਰਮਸਿੰਘਨੇ ਕਹਿਆ ਬਾਦਸ਼ਾਹ ਨੂੰ, ਔਹਵੇਖਤੇਰੀਮਦਦ ਆਏ ਗੁਰਜੀ
ਇਕ ਪਾਸਿਓਂ ਮਾਰ ਮਚਾ ਦਿਤੀ, ਵਧੀ ਆਂਵਦੀ ਫੌਜ ਹਟਾਏ ਗੁਰਜੀ
ਹੋਯਾ ਬਾਦਸ਼ਾਹ ਖੁਸ਼ ਕਰਤਾਰਸਿੰਘਾ, ਜਦੋਂ ਆ ਗਏ ਕਰਨ ਸਹਾਏ ਗੁਰਜੀ

ਤਾਰਾ ਆਹਜ਼ਮ ਦਾ ਮਰਨਾ ਤੇ ਬਹਾਦਰਸ਼ਾਹ ਦੀ ਫਤੇ

ਆਹਜ਼ਮ ਹਾਥੀ ਦੇ ਹੌਦੇ ਦੇ ਵਿਚ ਬੈਠਾ, ਫੌਜਾਂ ਰਿਹਾ ਲੜਾ ਝੁਕਾਕੇ ਜੀ
ਮਾਰੋ ਮਾਰ ਕਰਦਾ ਅਗੋਂ ਵਧੀ ਆਉਂਦਾ, ਹਾਥੀ ਤਈਂ ਅਗ੍ਹਾਂ ਵਧਾਕੇ ਜੀ
ਮੌਕਾ ਵੇਖ ਕੇ ਗੁਰਾਂ ਕੁਦਾਯਾ ਘੋੜਾ, ਤਿਖਾ ਤੀਰ ਕਮਾਨ ਚੜਾ ਕੇ ਜੀ
ਚੀਰ ਸਫਾਂ ਨੂੰ ਓਸਦੇ ਢੁਕ ਨੇੜੇ, ਮਥੇ ਮਾਰਿਆ ਤੀਰ ਬਗੜਾ ਕੇ ਜੀ
ਸਤ ਵਰਮੀਓਂ ਨਿਕਲ ਕੇ ਜਾ ਪਿਆ, ਛਾਵੀ ਮੌਤ ਦੀ ਸ਼ਕਲ ਬਨਾ ਕੇ ਜੀ
ਵਜ ਮਥਿਉਂ ਗਿਚੀ ਨੂੰ ਟੀਰਗਿਆ, ਧਰਿਆ ਹੌਦਿਉਂ ਬਾਹਰ ਉਲਟਾਕੇ ਜੀ
ਤਾਰਾ ਟੁਰਿਆ ਤਾਰੇ ਦੇ ਵਾਂਗ ਜਦੋਂ, ਗਜੇ ਖਾਲਸੇ ਫਤੇ ਗਜਾ ਕੇ ਜੀ
ਰੌਲਾ ਪੈ ਗਿਆ ਲਸ਼ਕਰਾਂ ਦੇ, ਫੌਜਾਂ ਭਜੀਆਂ ਪਿਠ ਦਿਖਾ ਕੇ ਜੀ
ਆ ਮਿਲੇ ਅਮੀਰ ਵਜ਼ੀਰ ਸਾਰੇ, ਬਹਾਦਰ ਸ਼ਾਹ ਨੂੰ ਸੀਸ ਨਿਵਾ ਕੇ ਜੀ
ਜੰਗ ਖਤਮ ਹੋ ਗਿਆ ਕਰਤਾਰ ਸਿੰਘਾ, ਗੁਰ ਆਏ ਡੇਰੇ ਪਿਛਾ ਧਾ ਕੇ ਜੀ

ਬਹਾਦਰਸ਼ਾਹ ਨੇ ਫਤੇ ਪਾਕੇ ਆਗਰੇ ਦੇ ਕਿਲੇ ਵਿਚ ਆਉਣਾ

ਤਾਰੇ ਮਰਦਿਆਂ ਜੰਗ ਹੋ ਬਸ ਗਿਆ, ਸੂਬੇ ਖਾਨ ਅਮੀਰ ਆ ਮਿਲੇ ਸਾਰੇ
ਬਾਦਸ਼ਾਹੀ ਸਲਾਮੀਆਂ ਹੋ ਗਈਆਂ, ਦੂਰ ਹੋ ਗਏ ਦਿਲਾਂ ਦੇ ਗਿਲੇ ਸਾਰੇ
ਸ਼ਾਹ ਬਹਾਦਰ ਖੁਸ਼ੀਆਂ ਵਿਚ ਭਰਿਆ, ਵੈਰੀ ਹੋ ਗਏ ਆਣ ਬੇਦਿਲੇ ਸਾਰੇ
ਛੱਡ ਫਤੇ ਨਸ਼ਾਨ ਕਰਤਾਰ ਸਿੰਘਾ, ਆਏ ਆਗਰੇ ਦੇ ਵਿਚ ਕਿਲੇ ਸਾਰੇ

ਆਹਜ਼ਮ ਸ਼ਾਹ ਨੂੰ ਕਿਸ ਨੇ ਮਾਰਿਆ

ਜਿਸ ਤੀਰ ਨੇ ਤਾਰੇ ਨੂੰ ਮਾਰਿਆ ਸੀ, ਸ਼ਾਹ ਲੈ ਆਯਾ ਸੀ ਮਿਲਾਨ ਲਈ
ਕਿਧਾ ਤੀਰ ਏਹ ਮਾਰਿਆ ਕਿਸਨੇ ਹੈ, ਏਹ ਗਲ ਤਾਈਂ ਅਜ਼ਮਾਨ ਲਈ
ਵਿਚ ਕਿਲੇ ਦੇ ਜਦੋਂ ਦਰਬਾਰ ਲਗਾ, ਐਵੇਂ ਕਈ ਅਨਾਮ ਦੇ ਪਾਨ ਲਈ
ਵੈਰੀ ਆਪਦਾ ਮਾਰਯਾ ਅਸਾਂ ਸ਼ਾਹਾ, ਮਨਸਬ ਆਪਣੇ ਵਡੇ ਕਰਾਨ ਲਈ
ਆ, ਆ ਕੇ ਆਖਦੇ ਬਾਦਸ਼ਾਹ ਨੂੰ, ਗੱਪਾਂ ਮਾਰਦੇ ਫਾਇਦੇ ਉਠਾਨ ਲਈ
ਪਰ ਤੀਰ ਨ ਮਿਲੇ ਕਰਤਾਰ ਸਿੰਘਾ, ਫੰਧ ਲਾ ਰਹੇ ਕਈ ਪਤਿਆਨ ਲਈ

### ਦੂਸਰੇ ਦਿਨ ਬਹਾਦਰ ਸ਼ਾਹ ਨੇ ਸਤਿਗੁਰਾਂ ਨੂੰ ਮਿਲਨ ਆਉਣਾ

‡ਇਮਾਮ ਬੇਗ ਸਨੇ ਨੰਦ ਲਾਲ ਦੇ ਜੀ, ਵਡਾ ਅਮਲਾ ਨਾਲ ਰਲਾਯਾ ਏ
ਦੂਜੇ ਦਿਨ ਲੈਕੇ ਨਜ਼ਰ ਭੇਟ ਬਹੁਤੀ, ਸ਼ਾਹ ਗੁਰਾਂ ਤਾਈਂ ਮਿਲਨ ਆਯਾ ਏ
ਮੋਹਰ ਗਯਾਰਾਂ ਸੈ ਰਖ ਸਲਾਮ ਕੀਤੀ, ਬਹੁਤ ਅਦਬ ਅਦਾਬ ਬਜਾਯਾ ਏ
ਏਸੇ ਤਰ੍ਹਾਂ ਅਮੀਰਾਂ ਵਜ਼ੀਰਾਂ ਨੇ ਭੀ ਆਨ ਬਹੁਤ ਹੀ ਧਨ ਰਖਾਯਾ ਏ
ਫੇਰ ਜੰਗ ਦੀਆਂ ਗਲਾਂ ਟੁਰ ਪਈਆਂ, ਬਾਦਸ਼ਾਹ ਨੇ ਤੀਰ ਦਿਖਾਯਾ ਏ
ਏਸ ਤੀਰ ਮੈਨੂੰ ਬਾਦਸ਼ਾਹੀ ਦਿਤੀ, ਤਾਰਾ ਏਸੇ ਨੇ ਮਾਰ ਮੁਕਾਯਾ ਏ
ਪਰ ਪਤਾ ਨ ਗੁਰੂ ਜੀ ਲਗਦਾ ਏ, ਏਹ ਕਿਸ ਨੇ ਤੀਰ ਚਲਾਯਾ ਏ
ਭਥਾ ਆਪਣਾ ਗੁਰਾਂ ਉਲਟਾ ਦਿਤਾ, ਨਾਲ ਤੀਰਾਂ ਦੇ ਤੀਰ ਮਿਲਾਯਾ ਏ
ਐਨ ਇਕੋ ਜੇਹੇ ਸਾਰੇ ਮਿਲ ਗਏ, ਸਕ ਸ਼ੁਬ੍ਹਾ ਸੈ ਮੁਢੋਂ ਉਠਾਯਾ ਏ
ਆਯਾ ਸਭ ਨੂੰ ਫੇਰ ਯਕੀਨ ਸਚਾ, ਤਾਰਾ ਗੁਰਾਂ ਨੇ ਮਾਰ ਉਲਟਾਯਾ ਏ
ਬਾਦਸ਼ਾਹ ਨੇ ਗੁਰਾਂ ਦੇ ਚਰਨ ਫੜੇ, ਬਾਰ ਬਾਰ ਇਹ ਆਖ ਸੁਨਾਯਾ ਏ
ਬੇੜਾ ਗੁਰੂ ਜੀ ਤੁਸਾਂ ਨੇ ਪਾਰ ਕੀਤਾ, ਮੈਨੂੰ ਬਾਦਸ਼ਾਹ ਤੁਸਾਂ ਬਣਾਯਾ ਏ
ਮੇਰੇ ਜਾਨ ਦੇ ਵੈਰੀ ਨੂੰ ਮਾਰ ਕਰਕੇ, ਦਿਲੀ ਤਖਤ ਤੇ ਤੁਸਾਂ ਬੈਠਾਯਾ ਏ
ਰਖਾਂ ਯਾਦ ਅਹਿਸਾਨ ਕਰਤਾਰ ਸਿੰਘਾ, ਮੇਰੇ ਸਿਰ ਜੋ ਤੁਸਾਂ ਚੜ੍ਹਾਯਾ ਏ

### ਬਹਾਦਰ ਸ਼ਾਹ ਤੇ ਸਤਿਗੁਰਾਂ ਨੇ ਦਿਲੀ ਜਾਣਾ

ਸਿੰਘਾਂ ਵਾਸਤੇ ਖਰਚ ਅਨਾਮ ਦੇਕੇ, ਬਾਦਸ਼ਾਹ ਦਿਲੀ ਵਲ ਧਾਂਵਦਾ ਏ
ਸਤਿਗੁਰਾਂ ਨੂੰ ਦਿਲੀ ਲਿਆਉਨ ਲਈ,ਮੁਹਤਬਿਰਾਂ ਤਈਂ ਛਡ ਆਂਵਦਾ ਏ
ਵਿਚ ਖੁਸ਼ੀਆਂ ਫਤੇ ਨਿਸ਼ਾਨ ਛਡੇ, ਦਿਲੀ ਪਹੁੰਚ ਕੇ ਜਸ਼ਨ ਮਨਾਂਵਦਾ ਏ
ਬੈਠ ਤਖਤ ਤੇ ਬਖਸ਼ਸ਼ਾਂ ਕੀਤੀਆਂ ਜੀ; ਗਮੀ ਮਨ ਦੀ ਦੂਰ ਗਵਾਂਵਦਾ ਏ
ਏਧਰ ਗੁਰੂ ਜੀ ਵੀ ਚਲੇ ਆਗਰੇ ਤੋਂ, ਬਿੰਦ੍ਰਾਬਨ ਮਥੁਰਾ ਅਗੇ ਆਂਵਦਾ ਏ
ਓਹ ਦਰਮ ਦੀਦਾਰ ਆ ਗਏ ਦਿਲੀ, ਸ਼ਾਹ ਆਓ ਭਗਤੀ ਕਰਵਾਂਵਦਾ ਏ
ਮੋਤੀ ਬਾਗ ਦੇ ਵਿਚ ਲਵਾਏ ਡੇਰੇ, ਰਸਦ ਬਸਦ ਸਮਾਨ ਪੁਚਾਂਵਦਾ ਏ
ਦਿਨ ਦੂਸਰੇ ਆਨ ਕਰਤਾਰ ਸਿੰਘਾ, ਬਾਦਸ਼ਾਹ ਪਰੇਮ ਜਨਾਂਵਦਾ ਏ

‡ਇਮਾਮ ਬੇਗ ਬਹਾਦਰਸ਼ਾਹ ਦਾ ਮਾਮਾ ਜੀ।

### ਮਾਤਾ ਸੁੰਦਰੀ ਜੀ ਤੇ ਸਾਹਿਬ ਕੌਰ ਦਾ ਮੇਲ

ਜਵਾਹਿਰ ਸਿੰਘ ਅਰੋੜੇ ਦੇ ਘਰ ਰਹਿੰਦੇ, ਮਹਿਲ ਗੁਰਾਂ ਦੇ ਅਸਾਂ ਸੁਨਾ ਆਏ
ਸਤਿਗੁਰੂ ਜੀ ਓਹਨਾਂ ਨੂੰ ਮਿਲਨ ਗਏ, ਲੋਕ ਸ਼ਹਿਰ ਦੇ ਹੁਮ ਹੁਮਾ ਆਏ
ਮਾਈ ਭਾਈ ਨੇ ਭੇਟ ਚੜ੍ਹਾਈ ਬਹੁਤੀ, ਗੁਰ ਸਿਖ ਸਾਰੇ ਸੁਣ ਧਾ ਆਏ
ਮਾਈਆਂ ਕਰਨ ਦੀਦਾਰ ਕਰਤਾਰ ਸਿੰਘਾ, ਗੁਰ ਹੌਸਲਾ ਦੇ ਦਿਵਾ ਆਏ

### ਬਾਦਸ਼ਾਹ ਵਲੋਂ ਨਜ਼ਰ ਭੇਟਾ

ਸਤ ਲਖ ਰੁਪਯਾ ਖਜ਼ਾਨੇ ਵਿਚੋਂ, ਬਾਦਸ਼ਾਹ ਨੇ ਹੁਕਮ ਸੁਨਾ ਕਰਕੇ
ਓਹਨਾਂ ਸਿੰਘਾਂ ਦੇ ਵਾਸਤੇ ਭੇਜ ਦਿਤਾ, ਜਿਨ੍ਹਾਂ ਜੰਗ ਕੀਤਾ ਹੈਸੀ ਆ ਕਰਕੇ
ਸਵਾ ਲਖ ਰੁਪਏ ਦਾ ਜ਼ਰੀ ਜ਼ੇਵਰ, ਮਾਤਾ ਜੀ ਦੇ ਪਾਸ ਪੁਚਾ ਕਰਕੇ
ਖਰਚ ਵਾਸਤੇ ਬਾਰਾਂ ਹਜ਼ਾਰ ਲਾਯਾ, ਰਸਦ ਸਵਾ ਸੌ ਰੋਜ ਦੀ ਭਾ ਕਰਕੇ
ਦਾਣਾ ਘਾਸ ਪੰਜਾਹਾਂ ਘੋੜਿਆਂ ਦਾ, ਰੋਜ ਮਿਲਨਾ ਲਿਖ ਲਿਖਾ ਕਰਕੇ
ਸਤਿਗੁਰਾਂ ਲਈ ਕੀਮਤੀ ਕਈ ਤੋਹਫੇ, ਦਿਤੇ ਸ਼ਾਹ ਨੇ ਪਰੇਮ ਵਧਾ ਕਰਕੇ
ਰੋਜ ਸੈਰ ਸ਼ਕਾਰ ਕਰਾਂਦਾ ਰਹੇ, ਕਿਲ੍ਹਾ ਮਹਿਲ ਮਕਾਨ ਦਿਖਾ ਕਰਕੇ
ਕਈ ਬੀਤ ਗਏ ਦਿਨ ਕ੍ਰਤਾਰ ਸਿੰਘਾ, ਬੈਠਾ ਸ਼ਾਹ ਇਕਰਾਰ ਭੁਲਾ ਕਰਕੇ

### ਬਹਾਦਰ ਸ਼ਾਹ ਨੇ ਪੂਰਾ ਕਰਨ ਵਾਲਾ ਇਕਰਾਰ ਸਤਿਗੁਰਾਂ ਤੋਂ ਪੁਛਣਾ

ਬਾਦਸ਼ਾਹ ਨੂੰ ਖੁਸ਼ੀ ਦੇ ਵਿਚ ਭੁਲੀ, ਕੀਹ ਕੀਤੀ ਸੀ ਲਿਖ ਲਿਖਾਈਏ ਜੀ
ਨੰਦ ਲਾਲ ਨੇ ਯਾਦ ਕਰਾ ਦਿਤੀ, ਬਾਦਸ਼ਾਹ ਸੀ ਗਲ ਭੁਲਾਈਏ ਜੀ
ਇਕ ਰੋਜ ਬਹਾਦਰਸ਼ਾਹ ਆ ਕਰਕੇ, ਪਾਸ ਬੈਠਕੇ ਬਾਤ ਚਲਾਈਏ ਜੀ
ਕੀਹ ਆਪਦਾ ਸ਼ੁਕਰ ਅਦਾ ਕਰਾਂ, ਮੈਨੂੰ ਬਖਸ਼ ਦਿਤੀ ਬਾਦਸ਼ਾਹੀਏ ਜੀ
ਬੰਦਾ ਆਪਦਾ ਹੈ ਗੁਲਾਮ ਗੁਰੂ ਜੀ, ਹੁਣ ਹੁਕਮ ਮੈਨੂੰ ਫਰਮਾਈਏ ਜੀ
ਕਰਾਂ ਪੂਰਾ ਮੈਂ ਹੁਣ ਕਰਤਾਰ ਸਿੰਘਾ, ਜੋ ਆਪ ਨੂੰ ਸਤਿਗੁਰੋ ਚਾਹੀਏ ਜੀ

### ਸ੍ਰੀ ਦਸਮੇਸ਼ ਜੀ ਬਾਦਸ਼ਾਹ ਤੋਂ ਇਹ ਵੱਕਾਂ ਮੰਗਣੀਆਂ

ਗੁਰਾਂ ਆਖਯਾ ਧਨ ਦੀ ਲੋੜ ਨਾਹੀਂ, ਨਾਹੀਂ ਸਾਨੂੰ ਜਾਗੀਰ ਦਾ ਚਾ ਸ਼ਾਹਾ
ਸਿਰਫ ਥੋੜੇ ਜਹੇ ਆਦਮੀ ਮੰਗਦੇ ਹਾਂ, ਸਾਨੂੰ ਦੇਹ ਤੂੰ ਹੁਣ ਪਕੜਾ ਸ਼ਾਹਾ
ਪਹਿਲੇ ਦੇਹ ਵਜੀਦਾ ਸਰੰਦ ਵਾਲਾ, ਸੁਚਾ ਨੰਦ ਦੀਵਾਨ ਰਲਾ ਸ਼ਾਹਾ

ਰੋਪੜ ਵਾਲਾ ਮੁਕਮ ਖਾਂ ਦੇ ਦੇਹ, ਖਾਂ ਦਲੇਰ ਲਾਹੌਰੋਂ ਮੰਗਾ ਸ਼ਾਹਾ
ਨਜ਼ਾਮਦੀਨ ਜਾਲੰਧਰੋਂ ਫੜ ਲੈ ਖਾਂ ਸ਼ਮਸ਼ ਖਾਂ ਬਜਵਾੜੀਆਂ ਪਾ ਸ਼ਾਹਾ
ਕਰਮ ਚੰਦ ਫਗਵਾੜੇ ਦਾ ਖਤ੍ਰੀ ਹੈ, ਗੰਗਾ ਰਾਮ ਖੇਤੀ ਤੋਂ ਬਨਾ ਸ਼ਾਹਾ
ਜਾਨੀ, ਮਾਨੀ ਖਾਂ, ਖਾਨ ਮੁਰੰਡੇ ਵਾਲੇ,ਹਾਜਰ ਇਨ੍ਹਾਂ ਤਾਈਂ ਕਰਵਾ ਸ਼ਾਹਾ
ਰਾਮ ਸ਼ਰਨ ਹੰਡੂਰੀਆ ਫੜ ਦੇਹ ਤੂੰ, ਦਈਏ ਪਾਪੀ ਦੇ ਤਈਂ ਸਜਾ ਸ਼ਾਹਾ
ਹੋਰ ਰਾਜਾ ਅਜਮੇਰ ਕਹਿਲੂਰ ਫੜ ਏਹ ਫਸਾਦ ਦ ਮੁਦ ਗਿਣਾ ਸ਼ਾਹਾ
ਨਾਲ ਖਾਨ ਜਮਾਲ ਹਲਵਾਰੇ ਵਾਲਾ, ਸੀ ਰਿਹਾ ਫਤੂਰ ਮਚਾ ਸ਼ਾਹਾ
ਖ੍ਵਾਜਾ ਖਿਜਰ ਮਲੇਰੀਆ ਗਿਣ ਲੈ ਤੂੰ, ਕੀਤੇ ਦਗੇ ਏਹਨਾਂ ਸੌਹਾਂ ਖਾ ਸ਼ਾਹਾ
ਨਾਲੇ ਖਾਂ ਹੁਸੈਨ ਸਮਾਣੇ ਵਾਲਾ, ਤੇ ਸਢੌਰੀਏ ਸਯਦ ਲਖਾ ਸ਼ਾਹਾ
ਦਕਾਂ ਏਹ ਸਾਨੂੰ ਪਕੜਾ ਦੇਹ ਤੂੰ, ਕੀਤਾ ਆਪਨਾ ਸੁਖਨ ਨਿਭਾ ਸ਼ਾਹਾ
ਅਸਾਂ ਅਪਨਾ ਤੁਰਤ ਨਿਭਾ ਦਿਤਾ, ਪੂਰਾ ਆਪਨਾ ਕਰ ਦਿਖਾ ਸ਼ਾਹਾ
ਏਹਨਾਂ ਹਾਕਮਾ ਦਗੇ ਫਰੇਬ ਕੀਤੇ, ਦਈਏ ਏਹਨਾਂ ਨੂੰ ਫਲ ਭੁਗਾ ਸ਼ਾਹਾ
ਜੇ ਹੋਈ ਹਿੰਮਤ ਕਰਤਾਰ ਸਿੰਘਾ, ਕਰਜ ਸਿਰ ਤੋਂ ਕਰ ਅਦਾ ਸ਼ਾਹਾ

ਬਾਦਸ਼ਾਹ ਦੀ ਹੈਰਾਨਗੀ

ਏਹ ਸੁਣਕੇ ਬਾਦਸ਼ਾਹ ਗੁੰਮ ਹੋਯਾ ਗਲਾਂ ਪੂਰੀਆਂ ਏਹ ਕਰਾਂ ਕੀਕੂੰ
ਹੈਨ ਆਦਮੀ ਸਾਰੇ ਹੀ ਬੜੇ ਬੜੇ, ਇਕ ਦਮ ਫੜਾ ਮਗਾਂ ਕੀਕੂੰ
ਗਦਰ ਦੇਸ ਦੇ ਵਿਚ ਜੇ ਪੈ ਜਾਵੇ, ਓਹ ਫੇਰ ਤੂਫਾਨ ਮਿਟਾਂ ਕੀਕੂੰ
ਹਥੀਂ ਆਪਨੀ ਆਪ ਵਿਗਾੜ ਕਰਕੇ, ਬੈਠ ਤਖਤ ਦੀ ਕਾਰ ਚਲਾਂ ਕੀਕੂੰ
ਏਧਰ ਗੁਰੂ ਜੀ ਭੀ ਗੁਸੇ ਹੋ ਗਏ, ਬਦਦੁਆ ਤੋਂ ਡਰਾਂ ਬਣਾ ਕੀਕੂੰ
ਜੇ ਮਾਲ ਮਰਣਿਆਂ ਜਾਂ ਮਿਲੇ, ਔਖੀ ਬਣੇਗੀ ਵੇਲਾ ਟਪਾਂ ਕੀਕੂੰ
ਗਲਾਂ ਦੋਏਂ ਮੇਰੇ ਲਈ ਬਹੁਤ ਬੁਰੀਆਂ, ਤਲਾ ਆਪਣਾ ਹੁਣ ਛੁਡਾਂ ਕੀਕੂੰ
ਕਰ ਬੈਠਾ ਇਕਰਾਰ ਕਰਤਾਰ ਸਿੰਘਾ, ਫਸ ਗਿਆ ਹਾਂ ਤੋੜ ਚੜਾਂ ਕੀਕੂੰ

ਬਾਦਸ਼ਾਹ ਨੇ ਇਕਰਾਰ ਪੂਰਾ ਕਰਨ ਤੋਂ ਟਾਲਾ ਕਰਨ ਵਾਲਾ

ਦਿਲੋਂ ਹੋਰ ਤੇ ਮੂੰਹ ਤੋਂ ਹੋਰ ਹੋਯਾ, ਕਹਿੰਦਾ ਬਖਸ਼ ਲੈਣਾਮਿਹਰ ਕਰ ਗੁਰਜੀ
ਅਜੇ ਤਹਿਤ ਮੇਰਾ ਚੰਗਾ ਨਹੀਂ ਬੈਠਾ,ਕਿਵੇਂ ਲਾਂ ਏਹਨਾਂ ਤਾਈਂਫੜ ਗੁਰਜੀ
ਏਹਨਾਂ ਵਿਚ ਵਡੇ ਵਡੇ ਹੈਨ ਸੂਬੇ; ਹੈ ਗਦਰ ਪੈ ਜਾਨ ਦਾ ਡਰ ਗੁਰਜੀ

ਅਡੀ ਤਰਾਂ ਮੈ ਰਾਜ ਸੰਭਾਲ ਲਾਂਗਾ; ਫੇਰ ਜਾਇਗਾ ਕੰਮ ਏਹ ਸਰ ਗੁਰਜੀ
ਹਾਲਾਂ ਪਰਗਨਾਂ ਕੋਈ ਜਾਗੀਰ ਲੈ ਲੌ, ਓਥੇ ਬੈਠ ਜਪੋ, ਹਰ ਹਰ ਗੁਰਜੀ
ਜਿਨਾ ਹੋਯਾ ਨੁਕਸਾਨ ਕਰਤਾਰ ਸਿੰਘਾ,ਕੌਡੀਕੌਡੀਦਿਆਂ ਸਾਰਾ ਭਰ ਗੁਰਜੀ

ਸ੍ਰੀ ਦਸਮੇਸ਼ ਜੀ ਨੇ ਬਾਦਸ਼ਾਹ ਨੂੰ ਗੁਸੇ ਨਾਲ ਆਖਣਾ

ਉਹੋ ਗੱਲ ਕਰੇਂ ਜੇਹੜੀ ਆਖਦੇ ਸਾਂ,ਵਾਂਗ ਬਾਪ ਦੇ ਫਰੇਬ ਕਮਾਉਣ ਲਗੋਂ
ਤਖਤ ਲੈ ਬੈਠੋਂ ਦਿਲ ਹੋਰ ਹੋਯਾ, ਸਾਨੂੰ ਕਰ ਗਲਾਂ ਪਰਚਾਉਣ ਲਗੋਂ
ਵੇਲਾ ਨਿਕਲ ਗਿਆ ਹੁਣ ਲੋੜਕਾਈ,ਸਾਨੂੰ ਲਾਰਿਆਂ ਵਿਚਰਖਾਉਣ ਲਗੋਂ
ਅਸਾਂ ਕੰਮ ਕੀਤਾ ਤੇਰਾਂ ਤੁਰਤ ਫੁਰਤੀ,ਆਪ ਲੰਮੇ ਇਕਰਾਰਸੁਨਾਉਣ ਲਗੋਂ
ਏਸੇ ਵਾਸਤੇ ਅਸਾਂ ਲਿਖਾ ਲਿਆ, ਹੁਣ ਛੱਡ ਈਮਾਨ ਘਬਰਾਉਣ ਲਗੋਂ
ਏਹ ਤਾਂ ਏਵੇਂ ਹੋਣੀ ਕਰਤਾਰ ਸਿੰਘਾ, ਜਿਹੜੀ ਗਲ ਖੋਫ ਤੂੰ ਖਾਉਣ ਲਗੋਂ

ਤਥਾ

ਤੂੰ ਕਰ ਇਕਰਾਰ ਹੈ ਗਿਓਂ ਝੂਠਾ, ਅਸਾਂ ਏਸੇ ਤਰਾਂ ਕਰਵਾਵਨਾ ਏਂ
ਵਕਾਂ ਮੰਗੀਆਂ ਤੂੰ ਸਾਨੂੰ ਦਿਤਿਆਂ ਨਹੀਂ ਅਸਾਂ ਸਾਰਯਾਂਤਾਈਂ ਫੜਾਵਨਾ ਏਂ
ਤੂੰ ਸਾਲਾਂ ਬਧੀ ਲੰਮੇ ਦੇ ਲਾਰੇ, ਝਟ ਪਟ ਕਰ ਅਸਾਂ ਦਿਖਾਵਨਾ ਏਂ
ਅਸੀਂ ਵੇਖ ਹੁਣੇ ਇਕ ਸਿੱਖ ਘਲਦੇ, ਜਿਸ ਤੁਸਾਂ ਦੇ ਤਈਂ ਪਿਟਾਵਨਾ ਏਂ
ਪਕੜ ਸਾਰਿਆਂ ਜ਼ਾਲਮਾਂਪਾਪੀਆਂ ਨੂੰ, ਫਲਕੀਤੀਆਂ ਦਾ ਭੁਗਤਾਵਨਾ ਏਂ
ਇਕ ਇਕ ਕਰਕੇ ਓਹ ਚੁਣ ਮਾਰੇ, ਖਾਨਾਂ ਸੂਬਿਆਂ ਤਈਂ ਰੁਲਾਵਨਾਂ ਏ
ਵੈਰ ਲਏਗਾ ਸਾਡੇ, ਓਹ ਸਾਰਿਆਂ ਤੋਂ ਤੁਰਕਾਂ ਹਸਦਿਆਂਤਾਈਂ ਰੁਵਾਵਨਾ ਏਂ
ਜਿਹੜਾ ਗਦਰ ਦਾ ਬਾਦਸ਼ਾਹ ਖੌਫ ਤੈਨੂੰ, ਝਟਪਟ ਆ ਓਸ ਪਚਾਵਨਾ ਏਂ
ਵਿਚ ਦੇਸ ਦੇ ਭਾਜੜਾਂਪੇ ਜਾਏਗਾ ਓਹ,ਜ਼ੁਲਮ ਜ਼ਾਲਮਾਂ ਸਣੇ ਮਿਟਾਵਨਾ ਏਂ
ਦਿਲੀ ਮਾਰ ਤੇਰੀ ਦਿਲੀ ਕਰ ਦੇਸੀ, ਤੇ ਲਾਹੌਰ ਨੂੰ ਝੂਣ ਹਿਲਾਵਨਾ ਏਂ
ਖਾਨਾਂ,ਸੂਬਿਆਂ ਕਾਜੀ, ਮੁਲਾਨਿਆਂ ਨੂੰ ਓਸ ਬਾਂਦਾ ਵਾਂਗ ਨਚਾਵਨਾ ਏਂ
ਜ਼ੁਲਮ ਵਲ ਕੰਧਾਰ ਦੇ ਧਕ ਦੇਸੀ, ਝੰਡਾ ਧਰਮ ਦਾ ਓਸ ਝੁਲਾਵਨਾ ਏਂ
ਸ਼ੋਹ ਕਰੇਗਾ ਮਾਰਕੇ ਆਕੀਆਂ ਦੇ, ਜ਼ੋਰਾਵਰਾਂ ਨੂੰ ਓਸ ਨਿਵਾਵਨਾ ਏਂ
ਜੇਹੀ ਤੁਸਾਂ ਕੀਤੀ ਹਿੰਦ ਨਾਲ ਸ਼ਾਹਾ, ਫਲ ਓਹੋ ਜਿਹਾ ਤੁਸਾਂ ਖਾਵਨਾ ਏਂ
ਇਕੋ ਦੇਂਦਾ ਸਾਡਾ ਸਾਰੇ ਕੰਮ ਕਰਸੀ, ਤੂੰ ਵੇਖ ਕੰਨੀ ਹਥ ਲਾਵਨਾ ਏਂ

ਥੋੜ੍ਹੇ ਚਿਰ ਨੂੰ ਹੁਣ ਕਰਤਾਰ ਸਿੰਘਾ, ਰਾਜ ਖਾਲਸੇ ਦਾ ਹੋ ਜਾਵਣਾ ਏ

ਤਥਾ

ਦੂਜੀ ਗਲ ਜਾਗੀਰ ਦੀ ਕਹੀ ਜੇਹੜੀ,ਏਸ ਗਲ ਉਤੇ ਸਾਡੀ ਭਾਵਨਾ ਨਹੀਂ
ਦੀਨ ਦੁਨੀਆਂ ਦੀ ਛਡ ਬਾਦਸ਼ਾਹੀ, ਜਾਗੀਰਦਾਰ ਤੇਰੇ ਅਖਵਾਵਨਾ ਨਹੀਂ
ਇਕ ਪ੍ਰਗਨਾ ਲੈ ਜਾਗੀਰ ਤੈਥੋਂ, ਵਟਾ ਨਾਮ ਦੇ ਤਈਂ ਲਵਾਵਨਾ ਨਹੀਂ
ਰਬੀ ਬਰਕਤਾਂ ਦੇ ਅਸੀਂ ਹੋ ਮਾਲਿਕ, ਤਾਬੇਦਾਰ ਤੇਰੇ ਸਦਵਾਵਨਾ ਨਹੀਂ
ਸਿੰਘਾਂ ਤਈਂ ਜੋ ਕਹੇ ਜਾਗੀਰ ਦੇਵਾਂ, ਅਸਾਂ ਖਾਲਸੇ ਤਈਂ ਫਸਾਵਨਾ ਨਹੀਂ
ਹਨੇ ਹਨੇ ਕਰਨੀ ਸਿੰਘਾਂ ਬਾਦਸ਼ਾਹੀ, ਤਾਬੇ ਤੁਸਾਂ ਦੇ ਪੰਥ ਕਰਾਵਨਾ ਨਹੀਂ
ਸਭੇ ਗਲਾਂ ਮੇਰਾ ਪੰਥ ਕਰ ਲਏਗਾ, ਕਿਸੇ ਸਿੰਘਾਂ ਤਈਂ ਅਟਕਾਵਨਾ ਨਹੀਂ
ਜੋ ਹੁਕਮ ਅਚਾਲ ਕਰਤਾਰ ਸਿੰਘਾ ਓਨ੍ਹਾਂ ਤਈਂ ਹੁਣ ਕਿਸੇ ਪ੍ਰਤਾਵਨਾ ਨਹੀਂ

ਤਥਾ

ਤੀਜਾ ਕਹਿਆ ਨੁਕਸਾਨ ਮੈਂ ਭਰ ਦੇਵਾਂ, ਏਹ ਭੀ ਤੂੰ ਕਿਥੋਂ ਪੂਰੀ ਕਰਨ ਜੋਗਾ
ਸਾਡਾ ਹੋਯਾ ਅਨੰਦਪੁਰ ਵਿਚ ਜਿੰਨਾਂ, ਕਿਥੋਂ ਓਤਨਾ ਹੈਂ ਤੂੰ ਭਰਨ ਜੋਗਾ
ਤੇਰੇ ਵਿਚ ਖਜ਼ਾਨੇ ਦੇ ਨਹੀਂ ਹਿੰਮਤ, ਨਹੀਂ ਸਿਗਰਾ ਹਰਜਾ ਜਰਨ ਜੋਗਾ
ਅਸਾਂ ਲਿਆ ਅਜਮਾ ਕਰਤਾਰ ਸਿੰਘਾ,ਤੂੰਸਚਾਈ ਤੇ ਪੈਰ ਨਹੀਂ ਧਰਨ ਜੋਗਾ

ਤਥਾ

ਜੋ ਹੋ ਗਿਆ ਸੋ ਚੰਗਾ ਹੋ ਗਿਆ ਏ,ਏਹਨਾਂ ਗਲਾਂ ਨੂੰ ਵਿਚੇ ਦਬਾਈ ਰਹੁ ਖਾਂ
ਜੋ ਹੋਵੇਗਾ ਸੋ ਹੁਣ ਦੇਖ ਲਵੀਂ, ਮਸਤ ਵਿਚ ਖੁਸ਼ ਬਾਦਸ਼ਾਹੀ ਰਹੁ ਖਾਂ
ਲੈਣਦਾਰ ਤੁਹਾਥੋਂ ਅਸੀਂ ਬਣੇ ਰਹੇ, ਦੇਣਦਾਰ ਤੂੰ ਭੀ ਸੋ ਬਨਾਈ ਰਹੁ ਖਾਂ
ਲੇ ਲੈਣਗੇ ਸਿੰਘ ਕਰਤਾਰ ਸਿੰਘਾ; ਤੂੰ ਬਾਦਸ਼ਾਹ ਸਾਡਾ ਕਰਜਾਈ ਰਹੁ ਖਾਂ

ਵਾਕ ਕਵੀ

ਅੰਤ ਕਈ ਉਤਰਾ ਚੜ੍ਹਾ ਹੋਏ, ਸ਼ਾਹ ਚੁਪ ਕਰ ਸਿਰੋਂ ਲੰਘਾਂਦਾ ਰਿਹਾ
ਜਿਵੇਂ ਗੁਰੂ ਜੀ ਰਹਿਨ ਪ੍ਰਸੰਨ ਸਦਾ, ਓਸੇ ਤਰ੍ਹਾਂ ਵਿਉਂ ਬਨਾਂਦਾ ਰਿਹਾ
ਸੇਵਾ ਪੁਜਦੀ ਜਿਤਨੀ ਰਿਹਾ ਕਰਦਾ, ਰੋਜ਼ ਸੈਰ ਸ਼ਕਾਰ ਕਰਾਂਦਾ ਰਿਹਾ
ਰਾਜੇ ਰਾਣਿਆਂ ਤੋਂ ਕਰਤਾਰ ਸਿੰਘਾ,ਪਹਿਲਾਂ ਗੁਰੂ ਨੂੰ ਨਜ਼ਰ ਦਿਵਾਂਦਾ ਰਿਹਾ

### ਬਾਦਸ਼ਾਹ ਨੇ ਸਤਿਗੁਰੂ ਦੀ ਤਸਵੀਰ ਉਤਰਵਾਨੀ

ਓਹਨਾਂ ਦਿਨਾਂ ਦੇ ਵਿਚ ਹੀ ਬਾਦਸ਼ਾਹ ਨੇ, ਏਹ ਇਕਸੇਵਾ ਕਰਵਾਈ ਸੋਹਣੀ
ਚਿਤ੍ਰਕਾਰਹੁਸ਼ਯਾਰ ਤੋਂ ਗੁਰੂ ਜੀ ਦੀ, ਤਦੋਂ ਇਕਤਸਵੀਰਖਿਚਵਾਈ ਸੋਹਣੀ
ਯਾਦਗਾਰ ਓਹ ਹੂ-ਬਹੂ ਰਹਿ ਗਈ, ਸ਼ਕਲ ਗੁਰਾਂ ਦੀ ਸਾਨੂੰ ਦਿਖਾਈ ਸੋਹਣੀ
ਓਹਦੇ ਹੋਏ ਉਤਾਰੇ ਕਰਤਾਰ ਸਿੰਘਾ, ਫਾਇਦੇਵੰਦਇਹਹੋਈ ਕਮਾਈ ਸੋਹਣੀ

### ਸ੍ਰੀ ਦਸਮੇਸ਼ ਜੀ ਨੇ ਦਿਲੀ ਤੋਂ ਦਖਨ ਵਲ ਤਯਾਰੀ ਕਰਨੀ

ਦਿਲੀ ਵਿਚ ਗੁਰ ਸੰਗਤਾਂ ਤਾਰਦੇ ਰਹੇ, ਕਈ ਸਿਖ ਆ ਭਵਜਲੋਂ ਪਾਰ ਹੋਏ
ਆਉਂਦੇ ਰਹੇ ਪ੍ਰੇਮੀ ਪੰਜਾਬ ਵਲੋਂ ਪਿਛਾਂ, ਖੜਨ ਲਈ ਮਿਨਤਦਾਰ ਹੋਏ
ਸਤਿਗੁਰਾਂ ਸੰਕਲਪ ਅੰਗਾਂ ਦਾ ਜੀ, ਪਕਾ ਰਖਯਾ ਅੰਤ ਤਯਾਰ ਹੋਏ
ਬਾਦਸ਼ਾਹ ਭੀ ਜਾਣਾ ਸੀ ਗੋਲ ਕੰਡੇ, ਡੇਰੇ ਦੋਨੋਂ ਹੀ ਕਠੇ ਅਸਵਾਰ ਹੋਏ
ਜਦੋਂ ਸੰਗਤਾਂ ਦੇ ਵਿਚ ਖਦਰ ਹੋਈ, ਸਾਈ ਭਾਈ ਸਭ ਆਨ ਲਾਚਾਰ ਹੋਏ
ਕਰਨ ਮਿੰਨਤਾਂ, ਗੁਰ ਜੀ ਰਹੁ ਏਥੇ, ਸੇਵਾ ਕਰਾਂਗੇ ਜੀ ਸੇਵਾਦਾਰ ਹੋਏ
ਦੋਹਾਂ ਮਹਿਲਾਂ ਤਾਈਂ ਦਿਲੀ ਰਹਿਨਦੀਜੀ, ਕਰਆਗਯਾਤਯਾਰਦਾਤਾਰ ਹੋਏ
ਲੰਮਾ ਸਮਝ ਵਿਛੋੜਾ ਕਰਤਾਰ ਸਿੰਘਾ, ਮਾਕਾ ਸਾਹਿਬ ਦੋਨੋਂ ਛਾਰ ਜਾਰ ਹੋਏ

### ਸ੍ਰੀ ਮਾਤਾ ਸੁੰਦਰੀ ਜੀ ਤੇ ਸਾਹਿਬ ਕੌਰ ਜੀ ਨੇ ਅਧੀਨ ਹੋਕੇ ਬਿਨਤੀ ਕਰਨੀ

ਭੁਬਾਂ ਮਾਰ ਦੋਵੇਂ ਚਰਨੀਂ ਡਿਗਪਈਆਂ, ਕਰਨਬੇਨਤੀਸੁਨੋ ਦਾਤਾਰ ਸਵਾਮੀ
ਕਿਧੇ ਪਾਸ ਸਾਨੂੰ ਦਿਲੀ ਛਡਦੇ ਓ, ਆਪ ਹੋ ਦਖਨ ਵਲ ਤਯਾਰ ਸਵਾਮੀ
ਅਸੀਂ ਅਗੇ ਨ ਭਾਰੀਆਂ, ਦੁਖ ਭਰੀਆਂਹੁਣ ਕਰੋ ਨ ਹੋਰ ਦੁਖਯਾਰ ਸਵਾਮੀ
ਸਰ ਪੁਤ੍ਰਾਂ ਦੇ ਸਾਡੇ ਹੈਨ ਅਲੇ, ਰੋੜ ਬੈਠੀਆਂ ਸਾਰਾ ਪ੍ਰਵਾਰ ਸਵਾਮੀ
ਨਜਰ ਆਂਵਦਾ ਨਹੀਂ ਸਰਬੰਸ ਸਾਨੂੰ; ਚਾਰੋਂ ਤਰਫ ਛਾਯਾਅੰਧਕਾਰ ਸਵਾਮੀ
ਗਿਲੇ ਗੋਹੇ ਵਾਂਗੂ ਛਾਤੀ ਸਦਾ ਧੁਖੇ, ਬੀਤੇ ਸਮੇਂ ਦੇ ਤਬੀਂ ਚਿਤਾਰ ਸਵਾਮੀ
ਤੁਹਾਡਾਦਰਸ਼ਨ ਕਰਕੇ ਜੀਉਂਦੀਆਂ ਹਾਂ, ਹੁਣ ਤੁਸੀਂ ਭੀਚਲੇ ਵਿਸਾਰ ਜਵਾਮੀ
ਕਿਧੇ ਆਸਰੇ ਅਸਾਂ ਹੁਣ ਜੀਊਣਾ ਹੈ, ਸਾਡੀਆਸਕੀਹ ਵਿਚ ਸੰਸਾਰ ਸਵਾਮੀ
ਧਕਾ ਦੇ ਨ ਜਾਓ ਨਿਮਾਣੀਆਂ ਨੂੰ, ਜਾਓ ਰੋੜ੍ਹ ਨਾਹੀਂ ਮੰਝਦਾਰ ਸਵਾਮੀ
ਸਾਨੂੰ ਮਾਪਿਆ ਨੇ ਤੁਹਾਡੇ ਲੜ ਲਾਯਾ, ਬਿਰਦ ਅਪਨਾ ਲੋ ਸੰਭਾਰ ਸਵਾਮੀ
ਜਿਵੇਂ ਨਾਲ ਸੀਤਾ ਰਖੀ ਰਾਮ ਜੀ ਨੇ ਡਾਢਾ ਦੁਖ ਵਿਛੋੜਾਵਿਚਾਰ ਸਵਾਮੀ

ਤਿਵੇਂ ਤੁਸੀਂ ਭੀ ਅਸਾ ਨੂੰ ਨਾਲ ਰਖੋ, ਖੁਸ਼ੀ ਰਹੀਏ ਦੁਖ ਸਹਾਰ ਸਵਾਮੀ
ਤੁਹਾਡਾ ਦਰਸ਼ਨ ਸੋ ਸਵਰਗ ਜੈਸਾ, ਤੇ ਵਿਛੋੜਾ ਹੈ ਨਰਕ ਹਜ਼ਾਰ ਸਵਾਮੀ
ਮੰਨ ਬੇਨਤੀ ਲੌ ਕਰਤਾਰ ਸਿੰਘ ਦੀ, ਰਖੋ ਵਿਚ ਚਰਨਾ ਦੇਯਾ ਧਾਰ ਸਵਾਮੀ

ਸ੍ਰੀ ਦਸਮੇਸ਼ ਜੀ ਨੇ ਸ੍ਰੀ ਸੁੰਦਰੀ ਜੀ ਤੇ ਸਾਹਿਬ ਕੌਰ ਜੀ ਨੂੰ ਧੀਰਜ ਦੇਣੀ

ਬੋਲੇ ਸਤਿਗੁਰੂ ਜੀ ਸੁਣ ਬਚਨ ਸਾਰੇ, ਤੁਸੀਂ ਮੋਹ ਸੰਸਾਰ ਦਾ ਕਰੋ ਨਾਹੀਂ
ਨਾਸਵੰਤ ਪਦਾਰਥ ਜੱਗ ਦੇ ਨੇ, ਸੋਗ ਏਹਨਾਂ ਦਾ ਚਿਤ ਵਿਚ ਧਰੋ ਨਾਹੀਂ
ਬਾਕੀ ਖਾਲਸਾ ਹੈ ਪ੍ਰਵਾਰ ਤੁਹਾਡਾ, ਸਿੰਘ ਕਰਨ ਸੇਵਾ ਮੂਲ ਡਰੋ ਨਾਹੀਂ
ਭਾਣਾ ਮੰਨਨਾਂ ਚੰਗਾ ਕਰਤਾਰ ਸਿੰਘਾ, ਹੈ ਉਲੰਘਨਾ ਕਾਰਜ ਖਰੋ ਨਾਹੀਂ

ਤਥਾ

ਰੱਤੀ ਸੋਗ ਪ੍ਰਵਾਰ ਦਾ ਕਰੋ ਨਾਹੀਂ, ਪੁਤ੍ਰ ਤੁਸਾਂ ਦੇ ਨੇ ਯੱਸ ਪਾ ਗਏ
ਓਹ ਜੀਉਂਦੇ ਸਦਾ ਜਹਾਨ ਉਤੇ, ਧਰਮ ਆਪਨੇ ਤੇ ਹੋ ਫਿਦਾ ਗਏ
ਭਲੇ ਦੇਸ ਤੇ ਆਪਣੇ ਧਰਮ ਲਈ, ਤੇਗਾਂ ਵਿਚ ਮੈਦਾਨ ਚਲਾ ਗਏ
ਕਰ ਛਤ੍ਰੀ ਧਰਮ ਨੂੰ ਗਏ ਪੂਰਾ, ਮੇਰਾ ਨਾਮ ਉੱਜਲ ਕਰਵਾ ਗਏ
ਸੋਗ ਉਨ੍ਹਾਂ ਦਾ ਕਰਨਾ ਯੋਗ ਨਾਹੀਂ, ਓਹ ਜਸ ਦਾ ਚੰਦ ਚੜ੍ਹਾ ਗਏ
ਨਾਮ ਉਨ੍ਹਾਂ ਦਾ ਸਦਾ ਅਟੱਲ ਰਹਿਸੀ, ਜਿਹੜੀ ਕਾਰ ਓਹ ਹੈਨ ਕਮਾ ਗਏ
ਜੋ ਜੰਮਿਆ ਅੰਤ ਨੂੰ ਮਰ ਗਿਆ, ਬੜੇ ਬੜੇ ਸਭ ਮੂੰਹ ਛਪਾ ਗਏ
ਸਦਾ ਕੋਈ ਨ ਜੀਉਂਦਾ ਰਿਹਾ ਏਥੇ, ਸਭ ਕਾਲ ਭਗਵਾਨ ਜੀ ਖਾ ਗਏ
ਆਉਨਾ ਉਨ੍ਹਾਂ ਦਾ ਸਫਲਾ ਜਗ ਉਤੇ, ਜੋ ਧਰਮ ਉਤੇ ਦੇਹਾਂ ਲਾ ਗਏ
ਜੋ ਹੋਯਾ ਸੋ ਚੰਗਾ ਕਰਤਾਰ ਸਿੰਘਾ, ਕਿਉਂ ਮੋਹ ਝੂਠੇ ਵਿਚ ਆ ਗਏ
ਨਹੀਂ ਭਾਣਾ ਉਲੰਘਣਾ ਹੈ ਚੰਗਾ, ਦਿਲੀ ਵਿਚ ਹੁਣ ਤੁਸੀਂ ਗੁਜ਼ਾਰਨ ਕਰਿਓ
ਮਾਈ ਭਾਈ ਸਭ ਕਰਨਗੇ ਸੇਵ ਤੁਹਾਡੀ, ਸਦਾ ਬੈਠ ਧਯਾਨ ਭਗਵਾਨ ਕਰਿਓ
ਪ੍ਰਾਰਧਨ ਏਥੇ ਜਿਹੜੀ ਭੋਗ ਓਹਨੂੰ, ਗੁਰਪੁਰੀ ਵਿਚ ਅੰਤ ਸਥਾਨ ਕਰਿਓ
ਕਮਰਕਸਾ ਤੇ ਸ਼ਸਤ੍ਰ ਪਾਸ ਰਖੋ, ਦਰਸ ਦੇਵਾਂਗੇ ਜਦ ਧਿਆਨ ਕਰਿਓ
ਗੁਰੂ ਗ੍ਰੰਥ ਜੀ ਦੀ ਬਾਣੀ ਸਦਾ ਪੜ੍ਹਨੀ, ਵਿਚ ਸੰਗਤਾਂ ਸਦਾ ਗਯਾਨ ਕਰਿਓ
ਅਸੀਂ ਚਲਦੇ ਹੁਣ ਕਰਤਾਰ ਸਿੰਘਾ, ਸਮਾਂ ਹੋ ਨਿਰਮੋਹ ਬਿਤਾਨ ਕਰਿਓ

### ਬਾਦਸ਼ਾਹ ਨੌਂ ਇਕਰਾਰ ਪੂਰਾ ਕਰਨ ਤੋਂ ਟਾਲਾ ਕਰਨ ਵਾਲਾ

ਮਾਤਾ ਸੁੰਦਰੀ ਜੀ ਤਾਂ ਮੰਨ ਗਏ, ਜਿਵੇਂ ਹੁਕਮ ਪਤੀ ਕਰਤਾਰ ਕਰਦੇ
ਮਾਤਾ ਸਾਹਿਬ ਕੌਰਾਂ ਬੜਾ ਹਠ ਕੀਤਾ, ਅੰਤ ਉਨਾ ਨੂੰ ਨਾਲ ਤਯਾਰ ਕਰਦੇ
ਵਿਦਾ ਕੀਤੀਆਂ ਸੰਗਤਾਂ ਦੇ ਧੀਰਜ, ਰਦਿ ਰੋਇ ਸਭੇ ਨਿਮਸਕਾਰ ਕਰਦੇ
ਗੁਰ ਅਸਥਾਨਾਂ ਦੇ ਗੁਰਜੀ ਵਾਰ ਜਾਂਦੀ, ਫਿਰ ਫਿਰਕੇ ਦਰਸ ਦੀਦਾਰ ਕਰਦੇ
ਫੇਰ ਸੋਧ ਅਰਦਾਸ ਤਯਾਰ ਹੋਏ, ਵਲ ਮਥੁਰਾ ਸਿਧੀ ਮੁਹਾਰ ਕਰਦੇ
ਗਏ ਆਗਰੇ ਪਹੁੰਚ ਕਰਤਾਰ ਸਿੰਘਾ, ਸਿਖਾਂ ਸੇਵਕਾਂ ਦੇ ਬੇੜੇ ਪਾਰ ਕਰਦੇ

### ਸ੍ਰੀ ਦਸਮੇਸ਼ ਜੀ ਦੇ ਆਗਰੇ ਵਿਚ ਦੀਦਾਰੇ

ਬਾਹਰ ਆਗਰੇ ਤੋਂ ਇਕ ਬਾਗ ਅੰਦਰ, ਸਤਿਗੁਰੂ ਜੀ ਨੇ ਡੇਰੇ ਜਾ ਲਾਏ
ਸ਼ਹਿਰ ਵਿਚ ਸਾਰੇ ਖਬਰ ਧੁਮ ਪੈ ਗਈ, ਮਾਈ ਭਾਈ ਸਭ ਹੁਮ ਹੁਮਾ ਆਏ
ਕਰ ਦਰਸ ਦੀਦਾਰ ਨਿਹਾਲ ਹੋਏ, ਢੇਰ ਮਾਯਾ ਦੇ ਸੰਗਤਾਂ ਆ ਲਾਏ
ਮੇਲਾ ਲਗ ਗਿਆ ਕਰਤਾਰ ਸਿੰਘਾ, ਇਕ ਆਂਵਦਾ ਤੇ ਇਕ ਚਲਾ ਜਾਏ

### ਬਾਦਸ਼ਾਹੀ ਦਰਬਾਰ

ਦਿਨ ਅਗਲੇ ਸ਼ਾਹੀ ਦਰਬਾਰ ਲਗਾ, ਬੈਠੇ ਬੜੇ ਅਮੀਰ ਤੇ ਖਾਨ ਸਾਰੇ
ਰਾਜੇ ਰਾਣੇ ਭੀ ਸ਼ਾਹੀ ਦਰਬਾਰ ਲਗਾ, ਬੈਠੇ ਹੋਏ ਵਜੀਰ ਦੀਵਾਨ ਸਾਰੇ
ਤਦੋਂ ਗੁਰੂ ਜੀ ਭੀ ਓਥੇ ਆ ਗਏ, ਉਠੇ ਬਾਦਸ਼ਾਹ ਸਣੇ ਪਠਾਨ ਸਾਰੇ
ਸਤਿਗੁਰਾਂ ਨੂੰ ਦਾਹਨੇ ਬੈਠਾ ਲਿਆ; ਦੰਗ ਰਹਿਗਏ ਦੇਖ ਸ਼ਾਨ ਸਾਰੇ
ਜਿਵੇਂ ਗਿੱਦੜਾਂ ਦੇ ਵਿਚ ਸ਼ੇਰ ਹੋਵੇ, ਤੇਜ ਵੇਖ ਕੇ ਪਏ ਸ਼ਰਮਾਨ ਸਾਰੇ
ਸ਼ਸਤ੍ਰ ਬਸਤ੍ਰ ਕਲਗੀ ਤੋੜੇ ਪਹਿਨੇ; ਸੋਹਣੇ ਗੁਰਾਂ ਦੇ ਅੰਗ ਸੁਹਾਨ ਸਾਰੇ
ਵਿਚ ਤਾਰਿਆਂ ਦੇ ਜਿਵੇਂ ਚੰਦ ਹੋਵੇ, ਮਾਤ ਪੈ ਰਹੇ ਮੁਸਲਮਾਨ ਸਾਰੇ
ਸਾਬਤ ਸੂਰਤ ਗੁਰਾਂ ਦੀ ਸ਼ੇਰ ਜੈਸੀ, ਬੈਠੇ ਪਾਸ ਪਏ ਭੈ ਖਾਨ ਸਾਰੇ
ਬਾਦਸ਼ਾਹ ਨੇ ਰਾਜਿਆਂ ਰਾਣਿਆਂ ਨੂੰ, ਫੋਲ ਫੋਲ ਸੁਨਾਏ ਬਿਆਨ ਸਾਰੇ
ਮਹਾਂ ਬਲੀ ਏਹ ਗੁਰੂ ਗੋਬਿੰਦ ਸਿੰਘ ਜੀ, ਮਸ਼ਹੂਰ ਹਨ ਵਿਚ ਜਹਾਨ ਸਾਰੇ
ਏਹ ਬਾਦਸ਼ਾਹੀ ਮੈਨੂੰ ਇਨ੍ਹਾਂ ਬਖਸ਼ੀ, ਮੇਰੇ ਸਿਰ ਏਹ ਕੀਤੇ ਅਹਿਸਾਨ ਸਾਰੇ
ਦਿਵਾਈ ਸਭ ਤੋਂ ਨਜ਼ਰ ਕਰਤਾਰ ਸਿੰਘਾ, ਉਠ ਉਠਕੇ ਸੀਸ ਝੁਕਾਨ ਸਾਰੇ

ਬਾਦਸ਼ਾਹ ਨੇ ਸਵਾਲ ਕਰਨਾ

ਬਾਦਸ਼ਾਹ ਨੇ ਵਿਚ ਦਰਬਾਰ ਦੇ ਹੀ, ਹਥ ਜੋੜ ਏਹ ਬਾਤ ਚਲਾਈਏ ਜੀ
ਕਿਹੜਾ ਦੁਨੀਆਂ ਦੇ ਵਿਚ ਮਜ਼ਹਬ ਸਚਾ, ਸਤਿਗੁਰੋ ਸਾਨੂੰ ਸਮਝਾਈਏ ਜੀ
ਬਿਨਾਂ ਪੱਖਵਾਦੋਂ ਸਾਫ ਦਸ ਦਿਹੋ ਪਾਣੀ ਦੁਧ ਤੋਂ ਵਖ ਕਰਵਾਈਏ ਜੀ
ਸਚਾ ਰੱਬ ਦਾ ਨਾਮ ਕਰਤਾਰ ਸਿੰਘਾ, ਸਚ ਕੋਈ ਨ ਹੋਰ ਸੁਨਾਈਏ ਜੀ

ਸ੍ਰੀ ਦਸਮੇਸ਼ ਜੀ ਨੇ ਜਵਾਬ ਦੇਣਾ

ਏਹ ਗਲ ਸੁਣਨੀ ਜ਼ਰਾ ਹੈ ਔਖੀ, ਸਚ ਦਸੀਏ ਦਿਲ ਬੇਜ਼ਾਰ ਹੋਵੇ
ਆਪੋ ਆਪਣੀ ਥਾਂਸਭ ਥਾਂਮਜ਼ੁਬ ਸਚੇ,ਝੂਠਾ ਕਿਸੇ ਨੂੰ ਕਹਿਆ ਤਕਰਾਰ ਹੋਵੇ
ਤੇਰੇ ਪੁਛਨੇ ਤੇ ਸਿਰਫ ਦਸਦੇ ਹਾਂ, ਜਿਸ ਵਿਚ ਬਨਾਵਟੀ ਕਾਰ ਹੋਵੇ
ਓਹ ਮਜ਼ੁਬ ਝੂਠਾ ਸਚਾ ਮੂਲ ਨਾਹੀਂ, ਟੁਟ ਭਜ ਕੇ ਜੋ ਤਯਾਰ ਹੋਵੇ
ਮੁਸਲਮਾਨ ਹਿੰਦੂ ਤੋੜ ਫੋੜ ਕਰਦੇ, ਖੁਸ਼ ਦੋਹਾਂ ਤੇ ਨਹੀਂ ਕਰਤਾਰ ਹੋਵੇ
ਸਚਾ ਤੀਸਰਾ ਪੰਥ ਕਰਤਾਰ ਸਿੰਘਾ, ਸਭ ਕਾਰ ਕੁਦਰਤ ਅਨੁਸਾਰ ਹੋਵੇ

ਬਾਦਸ਼ਾਹ

ਅਸੀਂ ਗੁਰੂ ਜੀ ਕਲਮਾ ਪੜੇ ਜੇਹੜਾ, ਓਹਨੂੰ ਆਪਣੇ ਨਾਲ ਮਿਲਾ ਲੈਂਦੇ
ਕਿਸੇ ਜ਼ਾਤ ਭਾਵੇਂ ਕਿਸੇ ਮਜ਼ੁਬ ਦਾ ਹੋ, ਇਕ ਦਮ ਅਭੇਦ ਵਰਤਾ ਲੈਂਦੇ
ਪਰ ਤੁਸੀਂ ਤਾਂ ਏਹ ਕਰ ਸਕਦੇ ਨਹੀਂ, ਅਸੀਂ ਸਭ ਨੂੰ ਨਾਲ ਰਲਾ ਲੈਂਦੇ
ਖੁਲ੍ਹਾ ਦੀਨ ਅਸਾਡਾ ਕਰਤਾਰ ਸਿੰਘਾ, ਲੋਕ ਏਸ ਦੀ ਸ਼ਰਨ ਆ ਲੈਂਦੇ

ਸ੍ਰੀ ਦਸਮੇਸ਼ ਜੀ

ਹੁਣ ਤੁਸਾਂ ਦਾ ਤੇਜ ਪ੍ਰਤਾਪ ਸ਼ਾਹਾ ਜੋ ਕਰੇ ਸੋ ਕੌਣ ਅਟਕਾਇਗਾ ਜੀ
ਏਸੇ ਤਰ੍ਹਾਂ ਜਾ ਖਾਲਸਾ ਜਵਾਨ ਹੋਸੀ, ਸਾਰੇ ਤੇਜ ਪ੍ਰਤਾਪ ਜਦ ਛਾਇਗਾ ਜੀ
ਏਹ ਕੰਮ ਸਾਰੇ ਪਏ ਹੋਵਨੇ ਨੇ ਓਹ ਸਮਾਂ ਜਦੋਂ ਸ਼ਾਹਾ ਆਇਗਾ ਜੀ
ਸਭ ਬੰਧਨਾਂ ਤੋਂ ਮੁਕਤ ਖਾਲਸਾ ਹੋ ਜ਼ਾਤ ਪਾਤ ਦਾ ਫੇਦ ਗਵਾਇਗਾ ਜੀ
ਮੁਸਲਮਾਨ ਹਿੰਦੂ ਜੋ ਨਾ ਕਰ ਸਕੇ, ਓਹ ਖਾਲਸਾ ਕਰ ਦਿਖਾਇਗਾ ਜੀ
ਇਨ੍ਹਾਂਗਲਾਂਦਾ ਅਜੇ ਏਹ ਸਮਾਂ ਨਾਹੀਂ, ਉਹਵੀ ਦਿਨ ਕ੍ਰਤਾਰ ਲਿਆਇਗਾ ਜੀ

ਖਾਲਸ ਖਾਲਸਾ ਫੈਲੇਗਾ ਵਿਚ ਦੁਨੀਆਂ, ਵੱਟ ਬੰਨਾਜੋ ਤੋੜ ਗਵਾਇਗੀ ਜੀ
ਸਚਾ ਮਜ਼ਬ ਏਹੋ ਕਰਤਾਰ ਸਿੰਘਾ, ਉਦੇ ਅਸਤ ਤੋੜੀ ਛਾ ਜਾਇਗਾ ਜੀ

ਇਕ ਸਤੀ ਦਾ ਪ੍ਰਸੰਗ

ਇਕ ਦਿਨ ਦੀਵਾਨ ਭਰਪੂਰ ਹੋਯਾ, ਸ਼ੋਭਾ ਬਹੁਤ ਹੀ ਸੋਹਣੀ ਸੁਹਾਏ ਰਹੀ
ਨੇੜੇ ਤੇੜੇ ਦੀਆਂ ਆਇਆਂ ਸੰਗਤਾਂ ਸੀ, ਬਹੁਤ ਪਲਕਤ ਹੁਮ ਹੁਮਾਏ ਰਹੀ
ਇਕ ਖਤ੍ਰੀ ਆਗਰੇ ਮਰ ਗਿਆ, ਤੀਵੀਂ ਉਸ ਦੀ ਪ੍ਰੇਮ ਜਤਾਏ ਰਹੀ
ਸਤੀ ਨਾਲ ਹੋਣਾ ਕਰਤਾਰ ਸਿੰਘਾ, ਜ਼ੋਰ ਵਿਚ ਅਗਯਾਨਤਾ ਲਾਏ ਰਹੀ

ਸਤੀ ਦੇ ਸਰਬੰਧੀਆਂ ਨੇ ਦੀਵਾਨ ਵਿਚ ਅਰਜ਼ ਕਰਨੀ

ਓਹ ਤੀਵੀਂ ਭੁਲਾਈ ਬ੍ਰਾਹਮਣਾਂ ਨੇ, ਓਹਨੂੰ ਅਕਲ ਤੇ ਸੋਚ ਨ ਆਂਵਦੀ ਏ
ਲੈ ਵਿਚ ਦੀਵਾਨ ਦੇ ਆਏ ਓਸਨੂੰ, ਦਸੀ ਗਲ ਸਤੀ ਹੋਨਾ ਚਾਂਹਵਦੀ ਏ
ਸਿਖਾਂ ਅਰਜ ਕੀਤੀ ਸਮਝਾਓ ਇਸਨੂੰ, ਏਹ ਕਿਉਂ ਏਹ ਕਸ਼ਟ ਉਠਾਂਵਦੀ ਏ
ਇਹ ਅਵਿਦਯਾ ਹੇਠ ਕਰਤਾਰ ਸਿੰਘਾ, ਦੁਨੀਆਂ ਪਈ ਭੰਬਲ ਭੂਸੇ ਖਾਂਵਦੀ ਏ

ਸ੍ਰੀ ਦਸਮੇਸ਼ ਜੀ ਨੇ ਸਤੀ ਹੋਣ ਵਾਲੀ ਤੀਵੀਂ ਪਾਸੋਂ ਪੁਛਣਾ

ਦੇਵੀ ਦਸ ਤੂੰ ਕਾਸ ਨੂੰ ਸਤੀ ਹੋਵੇਂ, ਏਸ ਹਠ ਦੇ ਵਿਚ ਭਲਯਾਈ ਕੀਹ ਏ
ਜੀਵ ਆਤਮਾ ਨੂੰ ਐਵੇਂ ਕਸ਼ਟ ਦੇਣਾ, ਤੇਰੇ ਚਿਤ ਦੇ ਵਿਚ ਸਮਾਹੀ ਕੀਹ ਏ
ਸਤੀ ਹੋਣ ਦੇ ਵਿਚ ਹੈਕਟਭਾਰਾ, ਆਤਮਘਾਤ ਕਰਨਾ ਏਹਦਾਨਾਈ ਕੀਹ ਏ
ਪੋਪਲੀਲ੍ਹਾ ਦਾਵਲ ਕਰਤਾਰ ਸਿੰਘਾ, ਹੋਰ ਉਨ੍ਹਾਂਦੀ ਦਸੋ ਸਿਖਲਾਈ ਕੀਹ ਏ

ਸਤੀ ਹੋਣ ਵਾਲੀ ਤੀਵੀਂ ਨੂੰ ਉਪਦੇਸ਼ ਦੇਣਾ

ਮੈਂ ਸੁਣਿਆ ਸਤਿਗੁਰੋ ਪੰਡਤਾਂ ਤੋਂ, ਤੀਵੀ ਨਾਲ ਪਤੀ ਜਿਹੜੀ ਸਤੀ ਹੋਵੇ
ਮਨਸ ਦੇ ਸਭ ਕੁਝ ਬ੍ਰਾਹਨਣਾਂ ਨੂੰ, ਖੁਸ਼ੀ ਉਸ ਉਤੇ ਬੜਾ ਪਤੀ ਹੋਵੇ
ਸਭ ਪਾਪ ਸਰਾਪ ਹੋ ਨਸ਼ਟ ਜਾਂਵਨ, ਵਿਚ ਛਿਣ ਦੇ ਤੀਵੀਂ ਦੀ ਗਤੀ ਹੋਵੇ
ਪਤੀ ਨਾਲ ਸਵਰਗ ਕਰਤਾਰ ਸਿੰਘਾ, ਭੋਗੇ ਨਾਲ ਸ਼ਿਵਾਂ ਪਾਰਬਤੀ ਹੋਵੇ

ਸ੍ਰੀ ਦਸਮੇਸ਼ ਜੀ ਨੇ ਸਤੀ ਹੋਣ ਵਾਲੀ ਤੀਵੀਂ ਨੂੰ ਉਪਦੇਸ਼ ਦੇਣਾ

ਦੇਵੀ ਸਿਖਯਾ ਇਹ ਬ੍ਰਾਹਮਣਾਂ ਦੀ, ਦੇਸ ਤਈਂ ਨੁਕਸਾਨ ਪੁਚਾਂਵਦੀ ਏ
ਆਤਮਘਾਤ ਕਰਨਾ ਮਹਾਂ ਪਾਪ ਭਾਰਾ, ਦੇਹੀ ਮਾਨੁਖ ਹਥ ਨ ਆਂਦਦੀ ਏ

ਜੀਉਂਦੇ ਜੀ ਸਰੀਰ ਨੂੰ ਦਗਧ ਕਰਕੇ, ਜੋ ਇਸਤ੍ਰੀ ਦੁਖ ਉਠਾਂਵਦੀ ਏ
ਓਹ ਮਹਾਂ ਅਪ੍ਰਾਧ ਦੀ ਹੈ ਭਾਗੀ, ਬੱਧੀ ਵਿਚ ਨਰਕਾਂ ਸਿਧੀ ਜਾਂਵਦੀ ਏ
ਏਸ ਦੇਹ ਨੂੰ ਦੇਵਤੇ ਲੋਚਦੇ ਨੇ, ਹਠ ਕਰ ਜੋ ਤੀਵੀਂ ਜਲਾਂਵਦੀ ਏ
"ਇਸ ਦੇਹੀ ਕਉ ਖੋਜੈ ਦੇਵ", ਬਾਣੀ ਸਤਿਗੁਰਾਂ ਦੀ ਇਹ ਸੁਨਾਂਵਦੀ ਏ
ਉਹ ਵਿਚ ਚੁਰਾਸੀਆਂ ਰਹੇ ਫਿਰਦੀ, ਮੂਲ ਮੁਕਤੀ ਫੇਰ ਨ ਪਾਂਵਦੀ ਏ
ਸੜ ਮਰਨ ਦਾ ਨਾਂ ਦੇਵੀ ਸਤੀ ਨਾਂਹੀਂ, ਵੇਖ ਗੁਰਬਾਣੀ ਸਮਝਾਂਵਦੀ ਏ
ਯਥਾ—ਸਤੀਆਂ ਏਹ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥
ਨਾਨਕ ਸਤੀਆਂ ਜਾਣੀਅਨਿ ਜੇ ਬਿਰਹੇ ਚੋਟ ਮਰੰਨਿ ॥
ਭੀ ਸੋ ਸਤੀਆਂ ਜਾਣਅਨਿ ਸੀਲ ਸੰਤੋਖਿ ਰਹੰਨਿ ॥
ਸੇਵਨਿ ਸਾਈਂ ਆਪਣਾ ਨਿਤ ਉਠ ਸਮਾਲੰਨਿ ॥
ਤਥਾ—ਸੀਲ ਸੰਜਮ ਪ੍ਰਿਅ ਆਗਿਆ ਮਾਨੈ॥ਤਿਸ ਨਾਹੀਕਉ ਦੂਖਨ ਜਮਾਨੈ
ਕਹੁ ਨਾਨਕ ਜਿਨ ਪ੍ਰਿਉ ਪਰਮੇਸਰ ਕਰਜਾਨਿਆ ॥
(ਗਉੜੀ ਗੁਆਰੇਰੀ ਮਹਲਾ ੫)

—o—

ਪਤੀ ਵਾਂਗ ਪਰਮੇਸ਼ਵਰ ਦੇ ਸਮਝ ਕਰਕੇ, ਸਤੀ ਸੋ ਜੋ ਸੇਵਾ ਕਮਾਂਵਦੀ ਏ
ਜੀਉਂਦੇ ਪਤੀ ਦੀ ਆਗਯਾਕਾਰ ਰਹਿਕੇ, ਪਤੀਬ੍ਰਤ ਦਾ ਧਰਮ ਨਭਾਂਵਦੀ ਏ
ਸਤਿ ਸਤਿ ਤੇ ਧਰਮ ਵਿਚ ਪੂਰੀ, ਖੁਸ਼ੀ ਪਤੀ ਨੂੰ ਸਦਾ ਰਖਾਂਵਦੀ ਏ
ਅਸਲ ਜਾਨ ਓਹ ਸਤੀ ਕਰਤਾਰ ਸਿੰਘਾ, ਓਹ ਨਾਮ ਦੇਵੀ ਸਦਵਾਂਵਦੀ ਏ

ਵਾਕ ਕਵੀ

ਹਠ ਛਡ ਓਹ ਆਪਨੇ ਘਰ ਗਈ, ਸਤਿਗੁਰੂ ਜੀ ਦਾ ਯਸ਼ ਛਾਯਾ ਜੀ
ਸਤੀ ਸੜਕੇ ਹੋਵਨਾ ਪਾਪ ਭਾਰਾ, ਭੇਦ ਸਾਰਿਆਂ ਲੋਕਾਂ ਨੇ ਪਾਯਾ ਜੀ
ਦੁਨੀਆਂ ਭਰਮਾਂ ਵਿਚ ਫਸਾ ਛਡੀ, ਜਾਲ ਬਾਹਮਨਾਂ ਨੇ ਵਡਾ ਲਾਯਾ ਜੀ
ਸਤਿਗੁਰਾਂ ਹੋ ਦਯਾਲ ਕਰਤਾਰ ਸਿੰਘਾ, ਪੰਥ ਆਪਣੇ ਤਈਂ ਛੁਡਾਯਾ ਜੀ

ਸਯਦ ਅਮੀਰ ਮਨਵਰ ਖਾਂ ਦੀ ਸਾਖੀ

ਖਾਨ ਖਾਨਾਂ ਸਤਿਗੁਰਾਂ ਦਾ ਸਿਖ ਹੋਯਾ, ਰੋਜ਼ ਵਿਚਦਰਬਾਰ ਦੇ ਆਂਵਦਾ ਜੀ
ਇਕ ਦਿਨ ਸਯਦ ਏਹ ਨਾਲ ਆਯਾ, ਖਾਨ ਖਾਨਾਂ ਆ ਸਿਰ ਝੁਕਾਂਵਦਾ ਜੀ
ਕੀਤੀ ਸਿਫਤ ਸਤਿਗੁਰ ਦੀਬੜੀ ਉਸਨੇ, ਓਹਸੁਣ ਸਯਦ ਜਲਵਾਂਵਦਾ ਜੀ

ਸ਼ਰ੍ਹਾ ਵਿਚ ਮੁਹੰਮਦੀ ਇਉਂ ਲਿਖਯਾ, ਖਾਨ ਖਾਨਾਂ ਦੇ ਤਈਂ ਸਮਝਾਂਵਦਾ ਜੀ
ਮੁਸਲਨਾਨ ਹਿੰਦੂ ਦੀ ਤਾਰੀਫ ਕਰੇ, ਕਤਲਕਰੋ ਓਹਨੂੰ ਇਉਂ ਜਤਾਂਵਦਾ ਜੀ
ਖਾਨ ਬੋਲਿਆ ਸੁਣੋ ਅਮੀਰ ਸਾਹਿਬ, ਏਹ ਰੱਬ ਨੂੰ ਮੂਲ ਨ ਭਾਂਵਦਾ ਜੀ
ਹਿੰਦੂ ਨਹੀਂ ਮਾੜੇ ਤੁਰਕ ਨਹੀਂ ਚੰਗੇ, ਲੇਖਾ ਅਮਲਾ ਉਤੇ ਸੁਨਾਂਵਦਾ ਜੀ
ਨਾਲੇ ਪੀਰ ਇਹ ਜ਼ਾਹਿਰ ਕਰਤਾਰ ਸਿੰਘਾ, ਏਥੇ ਝੁਕੋ ਖੁਦਾ ਫਰਮਾਂਵਦਾ ਜੀ

ਤਿੰਨ ਕਰਾਮਾਤਾਂ ਤੇ ਸਯਦ ਦੀ ਮਤ

ਕਰਮਾਤ ਦਿਖਾਨ ਜੋ ਪੀਰ ਨੇ ਏਹ, ਸਗੋਂ ਸੱਯਦ ਆਖ ਸੁਨਾਯਾ ਏ
ਗੁਰਾ ਕਹਿਆ ਕਰਾਮਾਤ ਹੁਕਮ ਹੈ ਜੀ, ਦੁਨਿਆਂ ਵਿਚ ਜਿਦਾ ਵਦਾ ਸਾਯਾ ਏ
ਸੋਸ਼ਾਹ ਬਹਾਦਰ ਨੂੰ ਅਸਾਂ ਬਖਸ਼ੀ, ਵੇਖ ਲੈ ਜੇਕਰ ਕਾਊ ਆਯਾ ਏ
ਓਹ ਅਮੀਰਾਂ ਨੂੰ ਕਰ ਕੰਗਾਲ ਦੇਵੇ, ਚਾ ਕੰਗਾ ਅਮੀਰ ਬਨਾਯਾ ਏ
ਤੁਹਾਡੇ ਪਾਸ ਜੇ ਹੈ ਦਿਖਾਲੋਂ ਤੁਸੀਂ, ਸੁਖਨ ਫੇਰ ਉਸ ਨੇ ਉਲਟਾਯਾ ਏ
ਗੁਰਾਂ ਮੋਹਰਾਂ ਦੀ ਮੁਠ ਦਿਖਾਲ ਕਹਿਆ, ਕਰਾਮਾਤ ਦੂਜੀ ਏਹ ਮਾਯਾ ਏ
ਏਹਦੇ ਹੁੰਦਿਆਂ ਸੌਰਦੇ ਕੰਮ ਸਾਰੇ, ਸਾਰੇ ਇਹਦਾ ਪ੍ਰਤਾਪ ਹੀ ਛਾਯਾ ਏ
ਮੂਰਖ ਬੋਲਿਆ ਏਹ ਤਾਂ ਪਾਸ ਸਭਦੇ, ਦਸੋ ਤੁਸਾਂ ਕੀ ਪਾਸ ਰਖਾਯਾ ਏ
ਤੀਜੀ ਵਾਰ ਸਤਿਗੁਰਾਂ ਨੇ ਮਯਾਨ ਵਿਚੋਂ, ਸ਼ਮਸ਼ੇਰ ਨੂੰ ਕਢ ਚਮਕਾਯਾ ਏ
ਕਰਾਮਾਤ ਏਹ ਤੀਸਰੀ ਸੁਣ ਭਾਈ, ਏਸ ਸਭ ਦੇ ਤਈਂ ਦਬਾਯਾ ਏ
ਪਰ ਫੇਰ ਭੀ ਮੂਰਖ ਓਸੇ ਤਰ੍ਹਾਂ, ਬਕਵਾਸ ਦੇ ਤਈਂ ਵਧਾਯਾ ਏ
ਭਾਈ ਦੀਪ ਸਿੰਘ ਨੇ ਕਰਤਾਰ ਸਿੰਘਾ, ਚੁਕ ਤੇਗ ਤੇ ਸਿਰ ਉੜਾਯਾ ਏ

ਗਾਜ਼ੀ ਕਾਜ਼ੀ ਨੇ ਬਾਦਸ਼ਾਹ ਅਗੇ ਸ਼ਕਾਇਤ ਕਰਨੀ

ਵਡੇ ਕਾਜ਼ੀ ਦਾ ਆਦਮੀ ਵਕਤ ਓਸੇ, ਇਕ ਸ਼ਰ੍ਹਾ ਦਾ ਮਸਲਾ ਲਿਆਂਵਦਾ ਏ
ਭਰੇ ਵਿਚ ਦੀਵਾਨ ਦੇ ਗੁਰੂ ਜੀ ਦੇ, ਓਹ ਨਫਰ ਆ ਹਥ ਫੜਾਂਵਦਾ ਏ
ਵੇਖ ਗੁਰੂ ਜੀ ਨੇ ਖਾਸ ਸਿਟ ਦਿਤਾ, ਓਹ ਕਾਜ਼ੀ ਨੂੰ ਜਾ ਸਿਖਾਂਵਦਾ ਏ
ਕਾਜ਼ੀ ਸੁਣਦਿਆਂ ਸੜਕੇ ਹੋਯਾ ਕੋਲੇ, ਜਾਕੇ ਬਾਦਸ਼ਾਹ ਤਈਂ ਸੁਨਾਂਵਦਾ ਏ
ਗੁਰੂ ਸ਼ਰ੍ਹਾਂ ਦਾ ਹੁਕਮ ਨ ਮੰਨਿਆ ਏ, ਖੌਫ ਦੀਨ ਦਾ ਨਹੀਂ ਰਖਾਂਵਦਾ ਏ
ਬਾਦਸ਼ਾਹ ਕਿਹਾ ਜਜ਼ਾ ਲਾਇਕ ਹੈਂ ਤੂੰ, ਤੈਨੂੰ ਡਰ ਨਾਹੀਂ ਰਤੀ ਆਂਵਦਾ ਏ
ਤੇਰੀ ਸ਼ਰ੍ਹਾਂ ਦੀ ਕੀ ਪਰਵਾਹ ਓਹਨਾਂ, ਦੇਸ ਜਿਨ੍ਹਾਂ ਨੂੰ ਸਿਰ ਨਿਵਾਂਵਦਾ ਏ

ਡੱਡੂ ਖੂਹ ਦਾ ਭਲਾ ਕਰਤਾਰ ਸਿੰਘਾ, ਰਾਜ ਹੰਸ ਦੀ ਸਾਰ ਕੀ ਪਾਂਵਦਾ ਏ
ਏਹ ਦੋਵੇਂ ਰਾਜੇ ਯੱਸ ਗੁਰਾਂ ਦਾ ਸੁਨ,ਦਰਸ਼ਨ ਕਰਨ ਦੇ ਵਾਸਤੇ ਆਂਵਦੇ ਨੇ
ਦੋ ਘੋੜੇ, ਹਥਯਾਰ ਤੇ ਨਕਦੀ ਭੀ, ਭੇਟਾ ਆਨ ਕੇ ਅਗੇ ਰਖਾਂਵਦੇ ਨੇ
ਗੁਰਾਂ ਆਦਰ ਨਾਲ ਬਿਠਾਲ ਲਏ, ਸੁਖਾਨੰਦ ਭੀ ਪੁਛ ਪੁਛਾਂਵਦੇ ਨੇ
ਗੱਲਾਂ ਚਲੀਆਂ ਰਾਜ ਪ੍ਰਬੰਧ ਦੀਆਂ, ਸਤਿਗੁਰੂ ਜੀ ਬੋਲ ਸੁਨਾਂਵਦੇ ਨੇ
ਫੌਜ ਕਿੰਨੀਕੁ ਰਾਜਾ ਸੀ ਪਾਸ ਤੁਹਾਡੇ, ਸਵਾ ਲਖ ਦੇ ਕਰੀਬ ਬਤਾਂਵਦੇ ਨੇ
ਵਿਚ ਬੜੇ ਬੜੇ ਰਾਜਪੂਤ ਯੋਧੇ, ਡਰ ਮੌਤ ਨ ਜਰਾ ਰਖਾਂਵਦੇ ਨੇ
ਸ਼ੇਖੀ ਸੁਣਕੇ ਉਨ੍ਹਾਂ ਦੀ ਬੀਰਤਾ ਦੀ, ਸਤਿਗੁਰੂ ਜੀ ਕੁਝ ਮੁਸਕ੍ਰਾਂਵਦੇ ਨੇ
ਫੇਰ ਤਰਕ ਦੇ ਤੌਰ ਕਰਤਾਰ ਸਿੰਘਾ, ਦੋਹਾਂ ਰਾਜਿਆਂ ਨੂੰ ਬੋਲੀ ਲਾਂਵਦੇ ਨੇ

ਤਥਾ

ਗੁਣ ਰਾਜਾ ਜੀ ਤੁਹਾਡੇ ਵਿਚ ਹੈਨ ਸਭੇ, ਜੌਹਰ ਰਾਜਪੂਤੀ ਭੀ ਰਖਾਂਵਦੇ ਓ
ਪਰ ਇਕ ਇਤਫਾਕ ਦਾ ਹੈ ਘਾਟਾ, ਏਸੇ ਲਈ ਪਏ ਦੁਖ ਪਾਂਵਦੇ ਓ
ਖੁਦਗਰਜੀਆਂ ਦੇ ਵਿਚ ਪੈ ਕਰਕੇ, ਪਏ ਜ਼ੁਲਮ ਦੀ ਛਟ ਉਠਾਂਵਦੇ ਓ
ਹੋਇ ਗਿਦੜੋਂ ਭੈੜੇ ਕਰਤਾਰ ਸਿੰਘਾ, ਰਾਜਪੂਤ ਐਵੇਂ ਅਖਵਾਂਵਦੇ ਓ

ਬਾਦਸ਼ਾਹ ਨੇ ਆਪਣੇ ਦੀਨ ਦੀ ਵਡਯਾਈ ਕਰਨੀ

ਇਕਦਿਨ ਬਹਾਦਰਸ਼ਾਹ ਕਹਿਨ ਲਗਾ,ਸਾਡੇ ਦੀਨ ਦੀ ਏਹ ਔਸ਼ਾਫ ਗੁਰਜੀ
ਲਿਖਯਾ ਵਿਚ ਹਦੀਸਾਂ ਦੇ ਹੈ ਜ਼ਾਹਿਰਾ, ਮੈਂ ਮਾਰਦਾਨੀ'ਕੋਈ ਲਾਫ ਗੁਰਜੀ
ਹਜ਼ਰਿਤ ਭਰੇ ਸਫਾਇਤ ਮੋਮਨਾਂ ਦੀ,ਲਿਖਯਾਵਿਚ ਕੁਰਾਨ ਦੇ ਸਾਫ ਗੁਰਜੀ
ਕਲਮਾ ਪੜ੍ਹਨ ਵਾਲੇ ਦੇ ਕਰਤਾਰ ਸਿੰਘਾ,ਹੈਨ ਸਭੇ ਕਸੂਰ ਮੁਆਫ ਗੁਰਜੀ

ਸ੍ਰੀ ਦਸ਼ਮੇਸ਼ ਜੀ

ਬੋਲੇਗੁਰੂਜੀ,ਬਾਦਸ਼ਾਹ ਝੂਠ ਲਿਖਿਆ,ਕੀਤਾ ਅਮਲ ਦਰਗਾਹ ਗਵਾਹ ਹੋਵੇ
ਫਲ ਮਿਲੇਗਾ ਨੇਕ ਤੇ ਬਦਾਂ ਤਾਈਂ, ਕੀਤਾ ਕਰਮ ਨ ਕਦੇ ਖਤਾ ਹੋਵੇ
ਕਲਮਾ ਪੜ੍ਹਨ ਵਾਲਾ ਜੇ ਕਸੂਰ ਕਰੇ, ਜਦ ਏਸ ਥਾਂ ਏਹਨੂੰ ਸਜ਼ਾ ਹੋਵੇ
ਅਗੇ ਕਿਸ ਤਰ੍ਹਾਂ ਛੁਟੇ ਕਰਤਾਰ ਸਿੰਘਾ, ਜਦ ਪੇਸ਼ ਹਜ਼ੂਰ ਖੁਦਾ ਹੋਵੇ

ਸ੍ਰੀ ਦਸਮੇਸ਼ ਜੀ ਨੇ ਇਕ ਖੋਟੇ ਰੁਪੇ ਦੀ ਮਸਾਲ ਦੇ ਕੇ ਬਾਦਸ਼ਾਹ ਨੂੰ ਸਮਝਾਨਾ

ਇਕ ਖੋਟਾ ਰੁਪਯਾ ਮੰਗਾ ਗੁਰਾਂ, ਇਕ ਆਦਮੀ ਹਥ ਫੜਾ ਦਿਤਾ

ਉਤੇ ਕਲਮਾ ਓਸ ਦੇ ਲਿਖਯਾ ਸੀ, ਬਾਦਸ਼ਾਹ ਦੇ ਤਈਂ ਦਿਖਾ ਦਿਤਾ
ਇਹਦੇ ਟਕੇ ਬਾਜ਼ਾਰ ਤੋਂ ਲੈ ਆ ਤੂੰ, ਓਸ ਆਦਮੀ ਨੂੰ ਸਮਝਾ ਦਿਤਾ
ਜਿਥੇ ਹਥ ਬਾਜ਼ਾਰ ਫੜਾਯਾ ਜਾ, ਓਸ ਆਦਮੀ ਨੂੰ ਸਮਝਾ ਦਿਤਾ
ਸਾਰੇ ਮਾਰ ਕੇ ਟਕਰਾਂ ਮੁੜ ਆਯਾ, ਆਨ ਸਾਫ ਹੀ ਉਸ ਸੁਨਾ ਦਿਤਾ
ਟਕਾ ਤਾਂ ਹੈ ਖੋਟਾ ਕੋਈ ਲਏ ਨਾਹੀਂ, ਅਗੇ ਲਿਆ ਕੇ ਫੇਰ ਟਿਕਾ ਦਿਤਾ
ਗੁਰ ਹਸ ਪਏ ਦੇਖ ਬਾਦਸ਼ਾਹ, ਕਲਮੇ ਖੋਟਾ ਨਾ ਖਰਾ ਬਨਾ ਦਿਤਾ
ਚਲੇ ਸਭ ਥਾਂ ਖਰਾ ਕਰਤਾਰ ਸਿੰਘਾ, ਸ਼ਾਹ ਤਈਂ ਸ਼ਰਮਿੰਦਾ ਕਰਾ ਦਿਤਾ

### ਇਕ ਕੰਨਯਾ ਦੀ ਸਾਖੀ

ਸ਼ਾਹ ਵਿਚ ਦੀਵਾਨ ਦੇ ਬੈਠਾ ਹੈਸੀ, ਲਗ ਰਹੀ ਸੀ ਅਜਬ ਬਹਾਰ ਸੋਹਣੀ
ਜਾਹਰ ਸਿੰਘ ਜੜੀਏ ਦੀ ਜਵਾਨ ਬੇਟੀ, ਪਤੀਬ੍ਰਤਾ ਤੇ ਰੂਪ ਅਪਾਰ ਸੋਹਣੀ
ਆਈ ਸਤਿਗੁਰਾਂ ਨੂੰ ਮਥਾ ਟੇਕਨੇ ਓਹ, ਸਿਖੀਸਿਦਕ ਵਾਲੀ ਸੁਮਸਾਰ ਸੋਹਣੀ
ਬੇਈਮਾਨ ਹੋਯਾ ਕਰਤਾਰ ਸਿੰਘਾ, ਓਹਦੀ ਵੇਖ ਕੇ ਸ਼ਾਹ ਨੁਹਾਰ ਸੋਹਣੀ

### ਬਾਦਸ਼ਾਹ ਦੀ ਬੁਰੀ ਨੀਤ

ਜਿੰਨਾ ਚਿਰ ਬੈਠਾ ਬਾਦਸ਼ਾਹ ਰਿਹਾ; ਤਾਕ ਕੰਨਯਾ ਵਲ ਲਗਾਈ ਰਖੀ
ਗਲਾਂ ਗੁਰੂ ਜੀ ਦੇ ਨਾਲ ਰਿਹਾ ਕਰਦਾ, ਤਾਰ ਉਧਰੇ ਵਿਚੋਂ ਵਜਾਈ ਰਖੀ
ਦਿਲ ਵਿਚ ਖੁਟਿਆਈ ਨੂੰ ਲੋਚਦਾ ਹੀ; ਬੇਈਮਾਨਗੀ ਵਿਚੇ ਦਬਾਈ ਰਖੀ
ਉੱਠ ਡੇਰੇ ਨੂੰ ਗਿਆ ਕਰਤਾਰ ਸਿੰਘਾ, ਭੈੜੀ ਕਰਨੀ ਯਾਦ ਬੁਰਾਈ ਰਖੀ

### ਬਾਦਸ਼ਾਹ ਨੇ ਉਸ ਲੜਕੀ ਨੂੰ ਜ਼ਬਰਦਸਤੀ ਆਪਣੇ ਪਾਸ ਬੁਲਾਨਾ

ਡੇਰੇ ਗਿਆ ਤੇ ਚਿਤ ਨ ਵਸ ਰਿਹਾ, ਬਾਦਸ਼ਾਹ ਏਹ ਪਾਪ ਕਮਾਂਵਦਾ ਏ
ਓਸ ਲੜਕੀ ਨੂੰ ਮੇਰੇ ਪਾਸ ਲਿਆਓ, ਭੇਜ ਪਾਲਕੀ ਹੁਕਮ ਸੁਨਾਂਵਦਾ ਏ
ਸ਼ਾਹ ਨੌਕਰਾਂ ਬੂਹਾ ਜਾ ਮਲ ਲਿਆ, ਜਵਾਹਰ ਸਿੰਘ ਡਾਢਾ ਘਬਰਾਂਵਦਾ ਏ
ਤਾੜ ਫਾੜ ਕਰ ਆਖਦੇ ਭੇਜ ਜਲਦੀ, ਤੇਰੀ ਬੇਟੀ ਨੂੰ ਸ਼ਾਹ ਬੁਲਾਂਵਦਾ ਏ
ਮਾਂ ਬਾਪ ਸੁਣਦੇ ਸਾਰ ਰੋਣ ਲਗੇ, ਗਮ ਵਿਚ ਪਰਵਾਰ ਦੇ ਛਾਂਵਦਾ ਏ
ਡਾਢਾ ਕੰਨਯਾ ਨੂੰ ਸੁਣ ਫਿਕਰ ਲਗਾ, ਕੋਈ ਆਸਰਾ ਨਜ਼ਰ ਨ ਆਂਵਦਾ ਏ
ਕਿਵੇਂ ਦੁਸ਼ਟ ਪਾਸੋਂ ਹੁਣ ਧਰਮ ਰਖਾਂ, ਖੂਨ ਬਦਨ ਦਾ ਖੁਸ਼ਕ ਹੋਜਾਂਵਦਾ ਏ
ਭਜੀ ਗੁਰਾਂ ਦੇ ਵਲ ਕਰਤਾਰ ਸਿੰਘਾ, ਡਰ ਕਾਲਜੇ ਨੂੰ ਜਾਂਦਾ ਖਾਂਵਦਾ ਏ

### ਸ੍ਰੀ ਦਸਮੇਸ਼ ਜੀ ਨੇ ਕੰਨਯਾ ਨੂੰ ਧੀਰਜ ਦੇਣੀ

ਸਾਰਾ ਫੋਲ ਕੇ ਹਾਲ ਸੁਨਾਯਾ ਜਾਂ, ਗੁਰ ਆਖਦੇ ਫਿਕਰ ਨ ਕਰ ਬੇਟੀ
ਹੋ ਨਸ਼ੰਗ ਤੇ ਹੁਣੇ ਹੀ ਚਲੀ ਜਾਹ ਤੂੰ, ਪਾਸ ਬਾਦਸ਼ਾਹ ਪਾਲਕੀ ਚੜ੍ਹ ਬੇਟੀ
ਅਸੀਂ ਕਰਾਂਗੇ ਰਖਯਾ ਆਪ ਤੇਰੀ, ਚਿਤਾ ਚਿਤ ਦੇ ਵਿਚ ਨ ਧਰ ਬੇਟੀ
ਵੇਖ ਸਕੇ ਨਾਹੀਂ ਕਰਤਾਰ ਸਿੰਘਾ, ਤਰੇ ਵਲ ਪਾਪੀ ਨਿਗ੍ਹਾ ਭਰ ਬੇਟੀ

### ਕੰਨਯਾ ਨੇ ਬਾਦਸ਼ਾਹ ਦੇ ਰੂਬਰੂ ਜਾਣਾ ਤੇ ਬਾਦਸ਼ਾਹ ਨੇ ਡਰਨਾ

ਰਖ ਗੁਰਾਂ ਦੀ ਓਟ ਤੇ ਆਗਯਾ ਲੈ, ਓਹ ਕੰਨਯਾ ਘਰ ਨੂੰ ਆਂਵਦੀ ਏ
ਮਾਂ ਬਾਪ ਨੂੰ ਧੀਰਜ ਦੇ ਕਰਕੇ, ਵਿਚ ਪਾਲਕੀ ਦੇ ਚੜ੍ਹ ਜਾਂਵਦੀ ਏ
ਬਾਦਸ਼ਾਹ ਦੇ ਰੂਬਰੂ ਜਦੋਂ ਗਈ, ਮਾਯਾ ਗੁਰਾਂ ਦੀ ਖੇਲ ਰਚਾਂਵਦੀ ਏ
ਦੋ ਸ਼ੇਰ ਦੂੰਹੀਂ ਪਾਸੀਂ ਨਾਲ ਆਉਂਦੇ, ਭੈ ਬਾਦਸ਼ਾਹ ਦੀ ਜਾਨ ਖਾਂਵਦੀ ਏ
ਕੰਬ ਗਿਆ ਤੇ ਖੌਫ ਆ ਸਿਰ ਚੜ੍ਹਿਆ, ਲਬੀ ਮਸਤੀ ਮੌਤ ਦਿਸਾਂਵਦੀ ਏ
ਬੜੀ ਚੀਜ਼ ਹੈ ਧਰਮ ਕਰਤਾਰ ਸਿੰਘਾ, ਸ਼ੈ ਕੋਈ ਨ ਗਲਬਾ ਪਾਂਵਦੀ ਏ

### ਵਾਕ ਕਵੀ

ਸ਼ਕਤ ਗੁਰਾਂ ਦੀ ਸਮਝੀ ਬਾਦਸ਼ਾਹ ਨੇ, ਤੋਬਾ ਕੀਤੀ ਕੰਨੀ ਹਥਲਾਯਾ ਜਲਦੀ
ਜ਼ੇਵਰ, ਤੇਵਰ ਪੁਸ਼ਾਕ ਦੇ ਕੰਨਯਾ ਨੂੰ, ਹਥ ਜੋੜ ਕਸੂਰ ਬਖਸ਼ਾਯਾ ਜਲਦੀ
ਚੋਬਦਾਰਾਂ ਨੂੰ ਦੇਕੇ ਹੁਕਮ ਸ਼ਾਹ ਨੇ, ਓਸ ਦੇਵੀ ਨੂੰ ਘਰ ਪੁਚਵਾਯਾ ਜਲਦੀ
ਧੰਨ ਧੰਨ ਸਤਿਗੁਰ ਕਰਤਾਰ ਸਿੰਘਾ, ਪਤੀਬ੍ਰਤ ਦਾ ਧਰਮ ਬਚਾਯਾ ਜਲਦੀ

### ਸ੍ਰੀ ਦਸਮੇਸ਼ ਜੀ ਨੇ ਬਾਦਸ਼ਾਹ ਦੇ ਨਾਲ ਦਖਨ ਦਸ ਨੂੰ ਜਾਣਾ

ਬਹੁਤ ਦਿਨ ਰਹੇ ਆਗਰੇ ਵਿਚ ਗੁਰ ਜੀ, ਸਿਖ ਸੇਵਕ ਸੈਂਕੜੇ ਪਾਰ ਹੋਏ
ਅੰਤ ਬਾਦਸ਼ਾਹ ਦੀ ਮੰਨ ਬੇਨਤੀ ਨੂੰ, ਉਹਦੇ ਨਾਲ ਦਖਨ ਵਲ ਤਯਾਰ ਹੋਏ
ਰਾਜੇ ਤਾਲ ਜਾ ਉਤਰੇ ਕੂਚ ਕਰਕੇ, ਕਈ ਦਿਨ ਫਿਰ ਸੈਰ ਸ਼ਕਾਰ ਹੋਏ
ਆਨ ਰਾਜਪੂਤਾਨੇ ਦੇ ਮਿਲੇ ਰਾਜੇ, ਖੁਸ਼ ਗੁਰਾਂ ਦਾ ਕਰ ਦੀਦਾਰ ਹੋਏ
ਸਣੇ ਬਾਦਸ਼ਾਹ ਜਾ ਉਜੈਨ ਪਹੁੰਚੇ, ਡੇਰੇ ਸਿਪਰਾ ਗੰਗਾ ਕਿਨਾਰ ਹੋਏ
ਫੇਰ ਜਾ ਅਜਮੇਰ ਦਰਬਾਰ ਹੋਯਾ, ਕਠੇ ਰਾਜੇ ਨਵਾਬ ਸਰਦਾਰ ਹੋਏ
ਨਜ਼ਰਾਂ ਸ਼ਾਹ ਦਿਵਾਈਆਂ ਗੁਰੂ ਜੀ ਨੂੰ, ਰਾਜੇ ਕਰ ਦਿਦਾਰ ਬਲਿਹਾਰ ਹੋਏ
ਫੇਰ ਕੂਚ ਉਜੈਨ ਤੋਂ ਅਗ੍ਹਾਂ ਕੀਤਾ, ਚਲ ਕ੍ਰਿਸ਼ਨਾ ਨਦੀ ਤੋਂ ਪਾਰ ਹੋਏ

ਪਹੁੰਚ ਗਏ ਬੁਰਹਾਨਪੁਰ ਗੁਰੂ ਸਾਹਿਬ, ਚਾਉ ਸੰਗਤਾਂ ਤਈਂ ਅਪਾਰ ਹੋਵੇ
ਏਥੋਂ ਤਕ ਰਹੇ ਕਠੇ ਕਰਤਾਰ ਸਿੰਘਾ, ਅਗੋਂ ਦੋਵੇਂ ਧਿਰਾਂ ਆ ਲਾਚਾਰ ਹੋਏ

ਵਾਕ ਕਵੀ

ਬਾਦਸ਼ਾਹ ਤੇ ਗੁਰੂ ਜੀ ਰਹੇ ਕਠੇ, ਸੋਹਣੀ ਦੇਸ ਦੀ ਦੇਖ ਦਿਖਾਈ ਹੋਈ
ਕੁਝ ਸਮਾਂ ਏਸੇ ਤਰ੍ਹਾਂ ਲੰਘ ਗਿਆ, ਪਰ ਅੰਤ ਆ ਕੇ ਉਖਿਆਈ ਹੋਈ
ਮੁਸਲਮਾਨਾਂ ਤੇ ਸਿਖਾਂ ਦਾ ਰਹਿਨ ਕਠਾ, ਗਲ ਦੂੰਹੀਂ ਵਲੀਂ ਦੁਖਦਾਈ ਹੋਈ
ਗੋ ਬਧ ਤੇ ਸੂਰ ਸ਼ਕਾਰ ਉਤੋਂ, ਕਈ ਵਾਰ ਆ ਸਖਤ ਲੜਾਈ ਹੋਈ
ਭਾਵੇਂ ਬਾਦਸ਼ਾਹ ਗੁਰਾਂ ਦੇ ਰਹੇ ਤਾਬੇ, ਫੌਜਾਂ ਵਿਚ ਖਟਪਟੀ ਸਵਾਈ ਹੋਈ
ਸਾਥ ਛਡੀਏ ਏਹ ਕਰਤਾਰ ਸਿੰਘਾ, ਚਿਤ ਗੁਰਾਂ ਦੇ ਸੀ ਸਮਾਈ ਹੋਈ

ਬਾਦਸ਼ਾਹ ਨੇ ਨਾਗਪੁਰ ਵਲ ਜਾਣਾ ਤੇ ਗੁਰੂ ਜੀ ਨੇ ਬੁਰਹਾਨਪੁਰ ਰਹਿਣਾ

ਭਾਵੇਂ ਬਾਦਸ਼ਾਹ ਨੇ ਕਹਿਆ ਬਹੁਤਵਾਰੀ, ਮੇਰੇ ਨਾਲ ਅਗਾਂਹ ਸਧਾਰੀਏ ਜੀ
ਪਰ ਗੁਰੂ ਜੀ ਰਹੇ ਬੁਰਹਾਨਪੁਰ ਹੀ, ਸੇਵਾ ਕਰਦੀ ਸੰਗਤ ਪਯਾਰੀਏ ਜੀ
ਨਾਗਪੁਰ ਨੂੰ ਬਾਦਸ਼ਾਹ ਚਲਾ ਗਿਆ, ਤੁਰਕੀ ਫੌਜ ਲੈਕੇ ਨਾਲ ਸਾਰੀਏ ਜੀ
ਬਾਕੀ ਗੁਰਾਂ ਦਾ ਹਾਲ ਕਰਤਾਰ ਸਿੰਘਾ; ਚਿਤ ਸੁਣਕੇ ਸਜਨੋਂ ਧਾਰੀਏ ਜੀ

ਸ੍ਰੀ ਦਸਮੇਸ਼ ਜੀ ਦੇ ਬੁਰਹਾਨਪੁਰ ਵਿਚ ਦੀਦਾਰੇ

ਸਤਿਗੁਰ ਜੀ ਰਹੇ ਬੁਰਹਾਨ ਪੁਰ ਹੀ, ਪ੍ਰੀਤ ਸੰਗਤਾਂ ਨੇ ਦਿਖਲਾਈ ਚੰਗੀ
ਧਰਮਸਾਲ ਨਵੀਂ ਬਣਵਾਈ ਹੈਸੀ, ਰਲ ਸੰਗਤਾਂ ਨੇ ਮਾਯਾ ਲਾਈ ਚੰਗੀ
ਉਹਦੇ ਵਿਚ ਸਤਿਗੁਰਾਂ ਦਾ ਰਹੇ ਡੇਰਾ, ਰਹੇ ਸੰਗਤਾਂ ਦੀ ਆਵਾਜਾਈ ਚੰਗੀ
ਜੋਗੀ ਰਾਜ ਇਕਜੀਵਨਦਾਸ ਆਹਾ, ਯੁਕਤੀ ਯੋਗ ਦੀ ਜਿਸਨੇ ਪਾਈ ਚੰਗੀ
ਬੜੀ ਉਮਰ ਤੇ ਮੰਨਦਾ ਸ਼ਹਿਰ ਸਾਰਾ, ਸਮਝੀ ਗੁਰਾਂਦੀ ਉਸਵਡਯਾਈ ਚੰਗੀ
ਕੀਤੀ ਬਹੁਤ ਸੇਵਾ ਉਸ ਮਨ ਲਾਕੇ, ਅਤੇ ਸੰਗਤਾਂ ਤੋਂ ਕਰਵਾਈ ਚੰਗੀ
ਰਾਤ ਦਿਨੇ ਰੌਣਕ ਬਣੀ ਰਹੇ ਭਾਰੀ, ਸਤਿਨਾਮ ਦੀ ਗੰਗ ਵਗਾਈ ਚੰਗੀ
ਜੈਤਰਾਮ ਦਾਦੂ ਪੰਥੀ ਆ ਗਿਆ, ਮੇਲ ਮਿਲਤ ਹੋ ਗਈ ਸਵਾਈ ਚੰਗੀ
ਕਥਾ ਕੀਰਤਨ ਰਹੇ ਸਤਿਸੰਗਬਣਿਆ, ਚਿਤ ਵਿਚ ਗੁਰ ਸ਼ੋਭਾ ਸਮਾਈ ਚੰਗੀ
ਤਰੇ ਸਿਦਕੀ ਕਈ ਕਰਤਾਰ ਸਿੰਘਾ, ਪ੍ਰਾਰਬਧ ਜਿਨਾਂ ਲਿਖਵਾਈ ਚੰਗੀ

ਮਹੰਤ ਜੈਤ ਰਾਮ

ਇਕ ਦਿਨ ਬੈਠੇ ਜੈਤਰਾਮ ਪੁਛੇ, ਕਿਸ ਤਰਫ ਨੂੰ ਸਤਿਗੁਰੋ ਜਾਉਗੇ ਜੀ
ਦੂਰ ਦੇਸ ਪੰਜਾਬ ਰਹਿ ਗਿਆ ਇਥੋਂ, ਅਗੇ ਕਿਧਰ ਵਾਗ ਉਠਾਉਗੇ ਜੀ
ਹੈ ਪਿਛਾਂ ਦਲੀਲ ਕੇ ਅਗ੍ਹਾਂ ਦੀ ਹੈ, ਕਿਨ੍ਹਾਂ ਜੀਆਂ ਨੂੰ ਪਾਰ ਲੰਘਾਉਗੇ ਜੀ
ਭਾਗ ਜਿਨਾਂ ਦੇ ਭਲੇ ਕਰਤਾਰ ਸਿੰਘਾ, ਜਾ ਉਨਾਂ ਨੂੰ ਦਰਸ ਦਿਖਾਉਗੇ ਜੀ

ਸ੍ਰੀ ਦਸਮੇਸ਼ ਜੀ

ਜਿਸ ਤਰਫ ਅਕਾਲ ਲੈ ਜਾਏ ਏਥੋਂ, ਓਸ ਤਰਫ ਮਹੰਤ ਜੀ ਜਾਵਨਾ ਏਂ
ਏਥੋਂ ਹੈ ਦਲੀਲ ਗੁਦਾਵਰੀ ਦੀ; ਫੇਰਾ ਵਲ ਨਦੇੜ ਦੇ ਪਾਵਨਾ ਏਂ
ਇਕ ਓਥੇ ਜ਼ਰੂਰੀ ਹੈ ਕੰਮ ਸਾਨੂੰ, ਤੋੜ ਉਸਦੇ ਤਈਂ ਚੜ੍ਹਾਵਨਾ ਏਂ
ਪਤਾ ਅਗੇ ਦਾ ਨਹੀਂ ਕਰਤਾਰ ਸਿੰਘਾ, ਕੀ ਹੈ ਸ਼ੁਭ ਅਕਾਲ ਦਿਖਾਵਨਾ ਏਂ

ਜੈਤ ਰਾਮ

ਇਕ ਵਾਰ ਨਦੇੜ ਮੈਂ ਗਿਆ ਹੈ ਸਾਂ, ਸੋ ਗੋਦਾਵਰੀ ਦੇ ਅਸ਼ਨਾਨ ਗੁਰਜੀ
ਇਕਸਾਧਦੀਉਸਥਾਂ ਸੁਣੀਮਹਿਮਾ ਰਹਿੰਦਾ ਵਿਚ ਜੰਗਲਬੀਆਬਾਨ ਗੁਰਜੀ
ਰਹੇ ਬਾਗ ਮਹਲ ਸਵਾਰ ਕਰਕੇ, ਬਾਦਸ਼ਾਹਾਂ ਜਿਹਾ ਰਖੇ ਸ਼ਾਨ ਗੁਰਜੀ
ਕਰਾਮਾਤ ਦਾ ਧਨੀ ਕਰਤਾਰ ਸਿੰਘਾ, ਪਰ ਉਂਞ ਹੈ ਪੂਰਾ ਸ਼ੈਤਾਨ ਗੁਰਜੀ

ਸ੍ਰੀ ਦਸਮੇਸ਼ ਜੀ

ਦੂਰੋਂ ਓਸੇ ਨੂੰ ਮਿਲਨੇ ਆਏ ਅਸੀਂ, ਓਹਦੇ ਨਾਲ ਹੈ ਕੁਝ ਵਿਹਾਰ ਸੰਤੋ
ਹਾਂ ਓਸੇ ਨੂੰ ਢੂੰਡਦੇ ਚਲੇ ਆਏ, ਦੂਰ ਦੇਸਾਂ ਵਿਚੋਂ ਪੰਧ ਮਾਰ ਸੰਤੋ
ਇਕ ਵਾਰ ਓਧੇ ਨਾਲ ਹੈ ਮਿਲਨਾ, ਅਜਕਲ ਬਸ ਅਸੀਂ ਤਯਾਰ ਸੰਤੋ
ਹੋਰ ਮੁਕ ਗਈ ਕਰਤਾਰ ਸਿੰਘਾ, ਏਹੋ ਰਹਿ ਗਈ ਬਾਕੀ ਕਾਰ ਸੰਤੋ

ਜੈਤ ਰਾਮ

ਓਹਨੂੰ ਮਿਲਕੇ ਗੁਰੂ ਜੀ ਕੀਹ ਲੈਣਾ; ਵਡਾ ਚਿਤ ਹੰਕਾਰ ਵਸਾਯਾ ਉਸਨੇ
ਓਹ ਜ਼ੋਰ ਪਚਾ ਨ ਸਕਿਆ ਏ, ਲੋਕ ਆਖਦੇ ਜੋਗ ਕਮਾਯਾ ਉਸਨੇ
ਵਸ ਉਸਦੇ ਰਿਧੀਆਂ ਸਿਧੀਆਂ ਨੇ, ਜਤਸਤ ਵੀ ਕਹਿੰਦੇ ਰਖਾਯਾ ਉਸਨੇ
ਓਹਦੀ ਤਾਬਯਾ ਸੁਣੀਂਦੇ ਬੀਰ ਬਹੁਤੇ, ਵਡਾ ਸਾਧਨਾ ਦਾਫਲ ਪਾਯਾ ਉਸਨੇ
ਚੇਲਾ ਲੋਣੀਏਂ ਸਿਧ ਦਾ ਸੁਣੀਦਾ ਏ, ਕਰਾਮਾਤ ਦਾ ਧਨੀ ਬਨਾਯਾ ਉਸਨੇ

ਚੰਗੇ ਗੁਣ ਨੇ ਉਸਦੇ ਵਿਚ ਬਹੁਤੇ, ਮੰਤਰ ਯੰਤ੍ਰਾਂ ਸਿਧ ਕਰਾਯਾ ਉਸਨੇ
ਪਰ ਇਕ ਪਈ ਭੈੜੀ ਬਾਣ ਭਾਰੀ, ਏਹ ਕਸਬ ਹੀ ਹੈ ਠਹਿਰਾਯਾ ਉਸਨੇ
ਸਾਧ ਸੰਤ ਆਏ ਨਾਲ ਕਰੇ ਠਠਾ, ਭੈੜੀ ਕਾਰ ਵਲੇ ਚਿਤ ਲਾਯਾ ਉਸਨੇ
ਮੇਰਾਬਹੁਤ ਪੈਹਲਾਂ ਆਦਰਮਾਨ ਕੀਤਾ,ਉਤੇ ਆਪਣੇ ਪਲੰਘਬਠਾਯਾ ਉਸਨੇ
ਥੋੜੇ ਚਿਰ ਪਿਛੋਂ ਕਿਸੇ ਨਾਲ ਸ਼ਕਤੀ,ਓਸ ਪਲੰਘ ਤਈਂ ਉਲਟਾਯਾ ਉਸਨੇ
ਫੇਰ ਮਾਰ ਤੌੜੀ ਖਿਲੀ ਪਾਉਣ ਲਗਾ, ਮੈਨੂੰ ਮਸਕ੍ਰੀ ਵਿਚ ਉਡਾਯਾ ਉਸਨੇ
ਸੁਣਿਆਂਹੋਰ ਕਈਆਂ ਤੋਂਕ੍ਰਤਾਰਸਿੰਘਾ,ਜਿਨ੍ਹਾਂਤਈਂ ਏਹਹਥ ਦਿਖਾਯਾ ਉਸਨੇ

ਸ੍ਰੀ ਦਸਮੇਸ਼ ਜੀ

ਏਹ ਸੁਣਕੇ ਗੁਰੂ ਜੀ ਹਸ ਪਏ, ਕਹਿੰਦੇ ਅਸਾਂ ਜ਼ਰੂਰ ਹੀ ਜਾਵਨਾ ਏਂ
ਕਰਾਮਾਤ ਉਹਦੀ ਅਸਾਂ ਦੇਖਨੀ ਹੈ, ਓਹਦੇ ਜ਼ੋਰ ਤਾਈ ਅਜ਼ਮਾਵਨਾ ਏਂ
ਸਾਡੇ ਉਤੇ ਨ ਉਸਦਾ ਜ਼ੋਰ ਚਲੇ; ਭਾ ਤੁਸਾਂ ਦੇ ਉਹ ਡਰਾਵਨਾ ਏਂ
ਅਸਾ ਇਕੋ ਹੀ ਮੰਤਰ ਸਾਧਿਆ ਏ, ਉਹਦੇ ਜ਼ੋਰ ਨੂੰ ਜਿਸ ਦਬਾਵਨਾ ਏਂ
ਕਰਾਮਾਤ, ਜਾਦੂ, ਟੂਣੇ ਯੋਗ ਸ਼ਕਤੀ,ਸਾਰਾ ਬਲ ਉਹਦਾ ਮਾਤ ਪਾਵਨਾ ਏਂ
ਤੁਸੀਂ ਸਾਧ ਜੀ ਉਸ ਤੋਂ ਡਰ ਗਏ, ਅਸਾਂ ਵੇਖਣੇ ਕਿਵੇਂ ਨਚਾਵਨਾ ਏਂ
ਦਿਹੋ ਆਗਿਜਾ ਅਸੀਂ ਅਗ੍ਹਾਂ ਜਾਈਏ; ਹੁਣ ਨਹੀਂ ਏਥੇ ਅਟਕਾਵਨਾ ਏਂ
ਜੀਉਣ ਦਾਸ ਮਹੰਤ ਕਰਤਾਰ ਸਿੰਘਾ, ਸੇਵਾ ਬਹੁਤ ਕੀਤੀ ਪ੍ਰੇਮ ਭਾਵਨਾ ਏਂ

ਸ੍ਰੀ ਦਸਮੇਸ਼ ਜੀ ਨੇ ਬੁਰਹਾਨਪੁਰ ਤੋਂ ਅਗੇ ਕੂਚ ਕਰਨਾ

ਏਨੇ ਚਿਰ ਨੂੰ ਸ਼ਾਹ ਦੇ ਭੇਜੇ ਹੋਏ, ਦੋ ਮੁਸਾਹਿਬ ਚਲ ਕੇ ਆਂਵਦੇ ਨੇ
ਬਾਦਸ਼ਾਹ ਸਤਿਗੁਰੂ ਜੀ ਯਾਦ ਕਰਦਾ, ਡੇਰਾ ਕੂਚ ਮਹਾਰਾਜ ਕਰਾਂਵਦੇ ਨੇ
ਸੇਵਨ, ਛਪਰੇ, ਨਾਗਪੁਰ ਹੁੰਦੇ ਹੋਏ, ਅੰਬਰਾਵਤੀ ਨਦੀ ਤੇ ਜਾਂਵਦੇ ਨੇ
ਬਾਦਸ਼ਾਹ ਮਿਲਯਾ ਬੜੀ ਵੇਟ ਧਰਕੇ; ਫੇਰ ਕਈ ਪ੍ਰਸੰਗ ਚਲਾਂਵਦੇ ਨੇ
ਅਗੇ ਖਾਮਰੂ, ਬਸਮਤ ਸ਼ਹਿਰਾ ਥਾਨੀ, ਪੈਰ ਦਖਨ ਵਲ ਉਠਾਂਵਦੇ ਨੇ
ਸਣੇ ਲਸ਼ਕਰਾਂ ਪਹੁੰਚ ਹੰਗੋਲੀ ਗਏ, ਕੁਝ ਦਿਨ ਡੇਰਾ ਅਟਕਾਂਵਦੇ ਨੇ
ਬਾਦਸ਼ਾਹ ਗੁਲਬਰਗੇ ਨੂੰ ਚਲਾ ਗਿਆ, ਓਧਰ ਸ਼ੇਰ ਮਰੌਟੇ ਉਠਾਂਵਦੇ ਨੇ
ਸਤਿਗੁਰ ਨਦੇੜ ਕਰਤਾਰ ਸਿੰਘਾ, ਡੇਰਾ ਕੰਢੇ ਗੋਦਾਵਰੀ ਲਾਂਵਦੇ ਨੇ

ਸ੍ਰੀ ਦਸਮੇਸ਼ ਜੀ ਦੇ ਨਦੇੜ ਗੋਦਾਵਰੀ ਦੇ ਕੰਢੇ ਡੇਰੇ

ਸਤਾਰਾਂ ਸੌ ਚੌਂਠਵਾਂ ਸਾਲ ਬਿਕ੍ਰਮ, ਗੁਰ ਜਾ ਪਕੇ ਡੇਰੇ ਲਾ ਦਿਤੇ
ਨੇੜੇ ਕੰਢੇ ਗੋਦਾਵਰੀ ਨਦੀ ਦੇ ਜੋ, ਖਾਲਸਾਈ ਨਿਸ਼ਾਨ ਗਡਾ ਦਿਤੇ
ਸੋਹਣਾ ਥਾਂ ਰਮਨੀਕ ਪਵਿਤਰ ਭਾਰਾ, ਦੇਖ ਭਾਲ ਕੇ ਤੰਬੂ ਲਵਾ ਦਿਤੇ
ਮਾਹ ਹਾੜ ਹੈਸੀ ਕਰਤਾਰ ਸਿੰਘਾ, ਡੇਰਾ ਕਰਕੇ ਕੂਚ ਮੁਕਾ ਦਿਤੇ

ਸ੍ਰੀ ਦਸਮੇਸ਼ ਜੀ ਨੇ ਮਾਧੋ ਦਾਸ ਬੈਰਾਗੀ ਨੂੰ ਮਿਲਨ ਜਾਣਾ

ਕੁਝ ਦਿਨ ਏਸੇ ਤਰ੍ਹਾਂ ਬੀਤ ਗਏ, ਅੰਤ ਸਾਂਭ ਕੇ ਸਾਜ ਸਮਾਨ ਭਾਈ
ਇਕ ਦਿਨ ਜਾ ਸੈਰ ਸਕਾਰ ਚੜੇ, ਮਾਧੋਦਾਸ ਦਾ ਆ ਗਿਆ ਧਯਾਨ ਭਾਈ
ਡੇਰਾ ਪੁਛ ਕੇ ਗੁਰੂ ਜੀ ਚਲੇ ਗਏ, ਨਾਲ ਵੀਹ ਪੰਜੀ ਸਿੰਘ ਜਵਾਨ ਭਾਈ
ਸਿੰਘ ਵੇਖ ਕੇ ਹੋ ਹੈਰਾਨ ਗਏ, ਵਡਾ ਸਾਧ ਦੇ ਡੇਰੇ ਦਾ ਸ਼ਾਨ ਭਾਈ
ਸੋਹਣਾ ਬਾਗ ਲਗਾ ਮਾਨੋਂ ਬਾਦਸ਼ਾਹੀ, ਬਾਰਾਂਦਰੀ ਬਨੀ ਆਲੀਸ਼ਾਨ ਭਾਈ
ਮਾਧੋਦਾਸ ਅਗੋ ਡੇਰੇ ਵਿਚ ਨਾ ਸੀ, ਗੁਰ ਵੜੇ ਜਾਂ ਵਿਚ ਮਕਾਨ ਭਾਈ
ਅਗੇ ਪਲੰਘ ਸੁਨਹਿਰੀ ਵਿਛਾਯਾ ਹੋਯਾ, ਉਪਰ ਗੁਰ ਜਾ ਬੈਠੇ ਸੁਜਾਨ ਭਾਈ
ਕੁਝ ਸਿੰਘ ਜਾਂ ਬਾਗ ਦੇ ਵਿਚ ਵੜੇ, ਤੋੜ ਤਾੜ ਲਗੇ ਫਲ ਖਾਨ ਭਾਈ
ਫਿਰਨ ਬਕਰੇ ਸਾਧ ਦੇ ਪਲੇ ਹੋਏ, ਸਿੰਘ ਫੜ ਵਿਚੋਂ ਝਟਕਾਨ ਭਾਈ
ਚੇਲੇ ਸਾਧ ਦੇ ਵਰਜਦੇ ਰਹੇ ਭਾਵੇਂ, ਕੀਤੀ ਕਿਸੇ ਪ੍ਰਵਾਹ ਨ ਜਾਨ ਭਾਈ
ਓਹ ਭਜ ਕੇ ਸਾਧ ਦੇ ਪਾਸ ਗਏ, ਸਾਰਾ ਫੋਲ ਕੇ ਹਾਲ ਸੁਨਾਨ ਭਾਈ
ਗਲ ਸੁਣਦਿਆਂ ਸਾਰ ਕਰਤਾਰ ਸਿੰਘਾ, ਕੀਤਾ ਸਾਧ ਨੇ ਕ੍ਰੋਧ ਮਹਾਨ ਭਾਈ

ਮਾਧੋਦਾਸ ਨੇ ਕਰਾਮਾਤ ਦਾ ਜ਼ੋਰ ਦਿਖਲਾਣਾ

ਮਾਧੋਦਾਸ ਨੂੰ ਸੁਣਦਿਆਂ ਅਗ ਲਗੀ, ਬੁਰਾ ਕ੍ਰੋਧ ਕਰ ਬਕਨ ਬਕਾਨ ਲਗਾ
ਕਰਾਮਾਤ ਦਾ ਜ਼ੋਰ ਜਤਾ ਕਰ ਕੇ, ਭੈ ਸਿੰਘਾਂ ਨੂੰ ਦੇ ਡਰਾਨ ਲਗਾ
ਕਰਾਮਾਤ ਧਨੀ, ਰਿਧ, ਸਿਧ, ਦਾਤੇ, ਸਤਿਗੁਰਾਂ ਉਤੇ ਦਾਬਾ ਪਾਨ ਲਗਾ
ਜਿਵੇਂ ਅਗੇ ਸਾਧਾਂ ਨਾਲ ਸੀ ਕਰਦਾ ਤਿਵੇਂ ਪਲੰਘ ਤਈਂ ਉਲਟਾਨ ਲਗਾ
ਜ਼ੋਰ ਰਖਕੇ ਇਕ ਟਟੈਣੇ ਜਿੰਨਾ, ਅਗੇ ਸੂਰਜ ਜ਼ੋਰ ਦਿਖਾਨ ਲਗਾ
ਉੱਠ ਵਾਂਗ ਟਟੋਲੀ ਕਰਤਾਰ ਸਿੰਘਾ, ਟੰਗਾਂ ਵਲ ਅਸਮਾਣ ਉਠਾਨ ਲਗਾ

ਸ੍ਰੀ ਦਸਮੇਸ਼ ਜੀ ਨੇ ਮਾਧੋਦਾਸ ਦੀ ਕਰਾਮਾਤ ਨੂੰ ਦਬਾ ਦੇਣਾ

ਲਗਾ ਸਿੰਘਾਂ ਨੂੰ ਦੇ ਦਿਖਾਨ ਬਹੁਤੇ, ਦੇਯਾ ਸਿੰਘ ਨੂੰ ਗੁਰਾਂ ਬੁਲਾਯਾ ਜੀ
ਲੇ ਤੀਰ ਲਕੀਰ ਚੌਗਿਰਦ ਕਰਕੇ, ਵਿਚ ਸਿੰਘਾਂ ਦੇ ਤਈਂ ਬੈਠਾਯਾ ਜੀ
ਸ੍ਰੀ ਵਾਹਿਗੁਰੂ ਜੀ ਦਾ ਜਾਪ ਕਰੋ, ਭੈ ਰਹੇ ਨ ਕੋਈ ਜਤਾਯਾ ਜੀ
ਦੇਯਾ ਸਿੰਘ ਨੇ ਗਿਰਦ ਲਕੀਰ ਕਰਕੇ, ਵਿਚ ਸਿੰਘਾਂ ਦੇ ਤਈਂ ਬਠਾਯਾ ਜੀ
ਮਾਧੋਦਾਸ ਦੀ ਕੋਈ ਨ ਪੇਸ਼ ਗਈ, ਭਾਵੇਂ ਜ਼ੋਰ ਬਹੁਤਾ ਓਸ ਲਾਯਾ ਜੀ
ਓਧਰ ਪਲੰਘ ਜ਼ਮੀਨ ਤੋਂ ਹਿਲਯਾ ਨ, ਗੁਰਾਂ ਤੀਰ ਦੇ ਨਾਲ ਦਬਾਯਾ ਜੀ
ਕਰਾਮਾਤ ਜਿੰਨੀ ਹੈਸੀ ਲਾ ਥਕਾ, ਟੁਟਾ ਮਾਨ ਬੁਰਾ ਘਬਰਾਯਾ ਜੀ
ਮੈਥੋਂ ਬਲੀ ਏਹ ਪੁਰਖ ਕਰਤਾਰ ਸਿੰਘਾ, ਭੈ ਸਾਧ ਦੇ ਚਿਤ ਸਮਾਯਾ ਜੀ

ਮਾਧੋਦਾਸ ਨੇ ਹਾਰ ਕੇ ਸਤਿਗੁਰਾਂ ਦੀ ਸ਼ਰਨੀਂ ਪੈ ਜਾਣਾ

ਜਦ ਸਾਧ ਦੀ ਪੇਸ਼ ਨ ਗਈ ਕੋਈ, ਫੇਰ ਬੈਠਕੇ ਸੋਚ ਦੁੜਾਂਵਦਾ ਏ
ਏਹ ਪੁਰਖ ਕੋਈ ਮਹਾਂ ਬਲੀ ਭਾਰਾ, ਮੰਤ੍ਰ ਜਿਸ ਤੇ ਪੇਸ਼ ਨ ਜਾਂਵਦਾ ਏ
ਕਰਾਮਾਤ ਮੇਰੀ ਸਾਰੀ ਮਾਤ ਪੈ ਗਈ, ਚਿਤ ਖੌਫ ਪਿਆ ਸਗੋਂ ਆਂਵਦਾ ਏ
ਏਹ ਸੋਚ ਕੇ ਨਾਲ ਲੈ ਚੇਲਿਆਂ ਨੂੰ, ਮਾਧੋਦਾਸ ਬਾਰਾਂ ਦਰੀ ਆਂਵਦਾ ਏ
ਅੱਗੋ ਦੇਖਯਾ ਗੁਰਾਂ ਦਾ ਤੇਜ ਭਾਰਾ ਡਰ ਸਾਧ ਦੇ ਚਿਤ ਤੇ ਛਾਂਵਦਾ ਏ
ਹਥ ਜੋੜ ਦੋਵੇਂ ਆਨ ਚਰਨ ਫੜੇ, ਬਖਸ਼ ਲੌ ਮੈਨੂੰ ਇਉਂ ਸੁਣਾਂਵਦਾ ਏ
ਅਗੋ ਸੂਰਜ ਜਿਸਤਰ੍ਹਾਂ ਹੋਏ ਦੀਵਾ, ਤੇਜ ਸਾਰਾ ਹੀ ਸਾਧ ਗਵਾਂਵਦਾ ਏ
ਵੇਖ ਵਿਸ਼ਨ ਸਰੂਪ ਕਰਤਾਰ ਸਿੰਘਾ, ਬਾਰ ਬਾਰ ਹੀ ਸੀਸ ਝੁਕਾਂਵਦਾ ਏ

ਸ੍ਰੀ ਦਸਮੇਸ਼ ਜੀ ਨੇ ਮਾਧੋਦਾਸ ਤੋਂ ਪੁਛਣਾ

ਵੇਖ ਗੁਰਾਂ ਨੇ ਆਖਯਾ ਕੌਣ ਹੈਂ ਤੂੰ, ਅਤੇ ਕੀ ਸਾਧਾ ਦਸ ਨਾਮ ਤੇਰਾ
ਕਿਹੜਾ ਭੇਖ ਤੇ ਕੌਣ ਹੈ ਗੁਰੂ ਤੇਰਾ, ਕਿਹੜਾ ਜਨਮ ਦਾ ਹੈ ਗਰਾਮ ਤੇਰਾ
ਆਇਆਂ ਗਿਆਂ ਦੇ ਨਾਲ ਤੂੰ ਕਰੇਂ ਠੱਠੇ, ਏਹ ਬਹੁਤ ਹੀ ਭੈੜਾ ਹੈ ਕਾਮ ਤੇਰਾ
ਕਰਾਮਾਤ ਦਾ ਮਾਨ ਕਰਤਾਰ ਸਿੰਘਾ, ਦੇਖੀਂ ਹੋਵੇਗਾ ਬੁਰਾ ਅੰਜਾਮ ਤੇਰਾ

ਮਾਧੋ ਦਾਸ

ਮਾਧੋਦਾਸ ਮੇਰਾ ਨਾਮ ਮਹਾਂ ਪੁਰਖੋ, ਮੱਤ ਵੈਸ਼ਨੋ ਚਿਰਾਂ ਤੋਂ ਧਾਰਿਆ ਮੈਂ

ਮੇਰਾ ਜਨਮ ਰਾਜਪੂਤ ਦੇ ਘਰਦਾ ਸੀ, ਪਿਛਾ ਦੇਸ ਕਸ਼ਮੀਰ ਉਚਾਰਿਆ ਮੈਂ
ਸਿੱਧ ਲੋਣੀਏਂ ਦੀ ਕੀਤੀ ਬਹੁਤ ਸੇਵਾ;ਰਿਧੀ ਸਿਧੀ ਦੇ ਓਸਨੇ ਚਾਰਿਆ ਮੈਂ
ਬਹੁਤ ਚਿਰ ਫਿਰਿਆ ਕੀਤੇ ਸੈਰ ਚੰਗੇ, ਡੇਰਾ ਅੰਤ ਨੂੰ ਏਥੇ ਆ ਡਾਰਿਆ ਮੈਂ
ਹੁਣ ਦਰਸ਼ਨ ਆਪ ਦੇ ਹੋ ਗਏ, ਮੇਰੇ ਭਾਗ ਚੰਗੇ ਇਹ ਚਿਤਾਰਿਆ ਮੈਂ
ਮੈਨੂੰ ਬਖਸ਼ ਲੌ ਤੁਸੀਂ ਕਰਤਾਰ ਸਿੰਘਾ,ਨ ਪਛਾਨ ਕੀਤੀ ਸਾਂ ਹੰਕਾਰਿਆ ਮੈਂ

ਸ੍ਰੀ ਦਸਮੇਸ਼ ਜੀ

ਅਸਾਂ ਸੁਣਿਆ ਤੂੰ ਵਡਾ ਕਰਾਮਾਤੀ, ਤੈਨੂੰ ਮੰਨਦੇ ਲੋਕ ਅਵਤਾਰ ਭਾਰਾ
ਰਿਧ ਸਿਧ ਤੇਰੇ ਵਸ ਸੁਣੀਦੀ ਏ, ਮੰਤਰ ਯੰਤਰਾਂ ਦਾ ਹੈ ਭੰਡਾਰ ਭਾਰਾ
ਲੋਕ ਆਖਦੇ ਵਸ ਨੇ ਬੀਰ ਤੇਰੇ, ਸਾਰਾ ਓਹੋ ਕਰਦੇ ਕਾਰੋਬਾਰ ਭਾਰਾ
ਡੇਰੇ ਆਯਾ ਦੀ ਕਰੇ ਬੇਅਦਬੀ ਤੂੰ, ਤੈਨੂੰ ਹੋ ਗਿਆ ਹੈ ਹੰਕਾਰ ਭਾਰਾ
ਸਾਡੇ ਤਈਂ ਭੀ ਹੁਨਰ ਦਿਖਾਲ ਕੋਈ, ਆਏ ਦੇਖਨੇ ਨੂੰ ਪੰਧ ਮਾਰ ਭਾਰਾ
ਨੀਵੀਂ ਧੌਣ ਕਰ ਰਿਹਾ ਕਰਤਾਰ ਸਿੰਘਾ, ਸਾਧ ਹੋ ਰਿਹਾ ਸ਼ਰਮਸਾਰ ਭਾਰਾ

ਮਾਧੋਦਾਸ ਦੀ ਬੇਨਤੀ

ਕਰਾਮਾਤਾਂ ਸਭੇ ਹਥ ਆਪ ਦੇ ਨੇ, ਮੈਂ ਕਰੀ ਬੈਠਾ ਸਾਂ ਹੰਕਾਰ ਮੰਦਾ
ਮੈਨੂੰ ਪਿਛਲੇ ਸਭ ਕਸੂਰ ਬਖਸ਼ੋ, ਹੁਣ ਕੱਟ ਦਿਹੋ ਜਨਮ ਮਰਨ ਫੰਦਾ
ਅਜ ਤਕ ਰਿਹਾ ਪਾਣੀ ਰਿੜਕਦਾ ਮੈਂ,ਰਿਧਾ ਸਿਧਾ ਦਾ ਪਿਟਦਾ ਰਿਹਾ ਧੰਦਾ
ਕਰੋ ਕਿਰਪਾ ਤੱਤ ਦੀ ਸਾਰ ਹੋਵੇ, ਮਿਟ ਜਾਏ ਵਿਚੋਂ ਹੰਕਾਰ ਗੰਦਾ
ਮੈਨੂੰ ਆਪਣੀ ਸੇਵਾ ਦੇ ਵਿਚ ਲਾਵੋ, ਸਫਲ ਹੋ ਜਾਵੇ ਜਨਮ ਦਾਸ ਸੰਦਾ
ਕੋਈ ਟਹਿਲ ਦਸੋ ਕਰਤਾਰ ਸਿੰਘਾ, ਬਿਨਾ ਦਾਮ ਮੈਂ ਆਪਦਾ ਹੋਯਾ ਬੰਦਾ

ਸ੍ਰੀ ਦਸਮੇਸ਼ ਜੀ

ਕੰਮ ਮਿੱਤਰਾ ਦਸਾਂਗੇ ਬਹੁਤ ਤੈਨੂੰ, ਪਹਿਲਾਂ ਸਿਦਕ ਭਰੋਸਾ ਪਛਾਨ ਤੇਰਾ
ਦੂਰੋਂ ਤੇਰੀ ਹੀ ਭਾਲ ਦੇ ਵਿਚ ਆਏ, ਥਕ ਗਏ ਸਮਾਂ ਲੱਭਾ ਥਾਨ ਤੇਰਾ
ਓਸ ਕੰਮ ਉਤੇ ਤੈਨੂੰ ਲਾਵਣਾ ਏਂ, ਰੋਸ਼ਨ ਹੋਵੇਗਾ ਨਾਮ ਜਹਾਨ ਤੇਰਾ
ਸਾਡੇ ਨਾਲ ਪਕਾ ਕਰਤਾਰ ਸਿੰਘਾ, ਮੇਲ ਮੇਲਿਆ ਹੈ ਭਗਵਾਨ ਤੇਰਾ

ਮਾਧੋ ਦਾਸ

ਸਾਖਯਾਤ ਭਗਵਾਨ ਦਾ ਰੂਪ ਦਿਸੇ, ਨਾਮ ਪਤਾ ਹੁਣ ਖੋਲ੍ਹ ਸੁਨਾਓ ਮੈਨੂੰ
ਕੀਹ ਨਾਮ ਕਿਹੜੇ ਥਾਓਂ ਚਲ ਆਏ, ਸਾਰਾ ਅਪਨਾ ਭੇਦ ਜਤਾਓ ਮੈਨੂੰ
ਮੇਰੇ ਚਿਤ ਨੂੰ ਵੇਖਕੇ ਠੰਡ ਪੈ ਗਈ, ਦਾਸ ਅਪਨਾ ਹੁਣ ਬਨਾਓ ਮੈਨੂੰ
ਬੰਦਾ ਆਪ ਦਾ ਮੈਂ ਕਰਤਾਰ ਸਿੰਘਾ, ਕਰਾਂ ਟਹਿਲ ਜੇਹੜੀ ਫਰਮਾਓ ਮੈਨੂੰ

ਭਾਈ ਦਯਾ ਸਿੰਘ ਨੇ ਸਤਿਗੁਰਾਂ ਦਾ ਪਤਾ ਨਿਸ਼ਾਨ ਦਸਣਾ

ਸੁਣੋ ਸੰਤ ਜੀ ਤੁਸਾਂ ਦੀਦਾਰ ਪਾਯਾ, ਭਾਗ ਤੁਸਾਂ ਦੇ ਹੈਨ ਅਪਾਰ ਵਡੇ
ਮਹਾਂ ਬਲੀ ਏਹ ਗੁਰੂ ਗੋਬਿੰਦ ਸਿੰਘ ਜੀ, ਕਲਜੁਗ ਦੇ ਖਾਸ ਅਵਤਾਰ ਵਡੇ
ਧਰਮ ਵਾਸਤੇ ਜਿਨ੍ਹਾਂ ਅਵਤਾਰ ਧਾਰਿਆ, ਧਰਮ ਰਖਯਾ ਏਜਾਲਮਮਾਰ ਵਡੇ
ਵਿਚ ਦੇਸ ਪੰਜਾਬ ਕਰਤਾਰ ਸਿੰਘਾ, ਕੀਤੇ ਕੰਮ ਜਿਨ੍ਹਾਂ ਬੇਸੁਮਾਰ ਵਡੇ

ਤਥਾ

ਪੰਥ ਸਾਜਨਾ, ਰਾਜਿਆਂ ਵੈਰ ਕਰਨਾ, ਹਾਲ ਜੰਗਾਂ ਦੇ ਖੋਲ੍ਹ ਸੁਨਾਏ ਸਾਰੇ
ਆਨੰਦਪੁਰ, ਚਮਕੌਰ, ਸਰੂੰਦ ਵਾਲੇ, ਸਾਕੇ ਚੰਗੀ ਤਰ੍ਹਾਂ ਸਮਝਾਏ ਸਾਰੇ
ਬੇਈਮਾਨੀਆਂ ਕੀਤੀਆਂ ਹਾਕਮਾਂ ਜੋ, ਥੋੜੇ ਥੋੜੇ ਓਹ ਭੇਦ ਜਤਾਏ ਸਾਰੇ
ਸ਼ਾਹ ਬਹਾਦਰ ਨੂੰ ਤਖਤ ਦਿਵਾਯਾ ਜਿਵੇਂ,ਕਰ ਭੇਦਸੋ ਪ੍ਰਗਟ ਦਿਖਾਏ ਸਾਰੇ
ਜਿਵੇਂ ਛਡ ਪੰਜਾਬ ਨੂੰ ਆਏ ਦਖਨ ਲੰਮੇ ਸਫਰ ਏਹ ਜਿਵੇਂ ਮੁਕਾਏ ਸਾਰੇ
ਦੇਯਾ ਸਿੰਘ ਨੇ ਫੋਲ ਕਰਤਾਰ ਸਿੰਘਾ, ਮਾਧੋਦਾਸ ਦੇ ਤਈਂ ਬਤਾਏ ਸਾਰੇ

ਮਾਧੋਦਾਸ ਦੀ ਬੇਨਤੀ

ਸਾਧ ਸੁਣ ਵਰਤੰਤ ਕੁਰਬਾਨ ਹੋਯਾ; ਨਾਲੇ ਵੇਖ ਲਏ ਸ਼ਕਤੀਵਾਨ ਗੁਰਜੀ
ਕਹਿੰਦਾ ਅਜ ਮੇਰੇ ਭਾਗ ਧਨ ਹੋਏ, ਮੈਨੂੰ ਦਿਤਾ ਦੀਦਾਰ ਹੈ ਆਨ ਗੁਰਜੀ
ਮੈਂ ਅਜ ਤੋਂ ਆਪਦਾ ਹੋਯਾ ਬੰਦਾ, ਟਹਿਲ ਸੇਵਾ ਦਾ ਕਰੋ ਫਰਮਾਨ ਗੁਰਜੀ
ਮੈਨੂੰ ਬਖਸ਼ ਲੈਣਾ ਕਰਤਾਰ ਸਿੰਘਾ, ਮੈਂ ਬੇਅਦਬੀ ਕਰੀ ਅੰਞਾਨ ਗੁਰਜੀ

ਵਾਕ ਕਵੀ

ਮੇਲ ਜੋਲ ਤੋਂ ਹੋਯਾ ਪਿਆਰ ਵਡਾ, ਮਾਧੋਦਾਸ 'ਬੰਦਾ' ਅਖਵਾਯਾ ਜੀ
ਹਰ ਵਕਤ ਹਜ਼ੂਰ ਹੀ ਰਹੇ ਹਾਜਰ, ਦਿਨੋਂ ਦਿਨ ਪਿਆਰ ਵਧਾਯਾ ਜੀ

ਗੁਰ ਰੋਜ਼ ਸ਼ਕਾਰ ਲੈ ਬਾਹਰ ਜਾਂਦੇ, ਦਿਨਾਂ ਵਿਚ ਸੁਭਾ ਪਲਟਾਯਾ ਜੀ
ਸਾਧ ਪੁਣਾ ਸਾਰਾ ਵਿਚੋਂ ਦੂਰ ਕਰਕੇ, ਬੀਰ ਰਸ ਦਾ ਰੰਗ ਚੜ੍ਹਾਯਾ ਜੀ
ਮਹਾਂ ਬਲੀ ਯੋਧਾ ਧਨੀ ਸ਼ਸਤਰਾਂ ਦਾ, ਗੁਰਾਂ ਚੰਗੀ ਤਰਾਂ ਅਜ਼ਮਾਯਾ ਜੀ
ਪਾਨ ਚਾੜ੍ਹ ਨਵੇਂ ਸਿਰ ਛਤ੍ਰਤਾ ਦੀ, ਯੁਧ ਕਰਨ ਨੂੰ ਤਯਾਰ ਕਰਾਯਾ ਜੀ
ਜਦ ਐਨ ਤਯਾਰ ਬਰਤਯਾਰ ਹੋਯਾ, ਗੁਰਾਂ ਖੂਬ ਘਸੌਟੀ ਤੇ ਲਾਯਾ ਜੀ
ਫੇਰ ਵਿਚ ਦੀਵਾਨ ਕਰਤਾਰ ਸਿੰਘਾ, ਇਕ ਦਿਨ ਗੁਰਾਂ ਫਰਮਾਯਾ ਜੀ

### ਸ੍ਰੀ ਦਸਮੇਸ਼ ਜੀ ਨੇ ਬੰਦੇ ਬਹਾਦਰ ਨੂੰ ਪੰਜਾਬ ਤਯਾਰ ਕਰਨਾ

ਬੰਦਾ ਸੋ ਜੋ ਬੰਦਗੀਦਾਰ ਹੋਵੇ, ਲਿਆਵੇ ਸਾਹਿਬ ਦਾ ਹੁਕਮ ਬਜਾ ਭਾਈ
ਜੇ ਤੂੰ ਬੰਦਾ ਸਾਡਾ ਬਣਿਆ ਹੈਂ, ਸਾਡੇ ਹੁਕਮ ਦੇ ਤਈਂ ਨਿਭਾ ਭਾਈ
ਤੈਨੂੰ ਵਲ ਪੰਜਾਬ ਦੇ ਘਲਦੇ ਹਾਂ, ਜਥੇਦਾਰ ਸੋ ਪੰਥ ਬਨਾ ਭਾਈ
ਕੁਝ ਕੰਮ ਕਰਨੇ ਬਾਕੀ ਰਹਿ ਗਏ ਤੂੰ ਉਨ੍ਹਾਂ ਨੂੰ ਤੋੜ ਝੜਾ ਭਾਈ
ਨਾਲ ਪੰਥ ਦੇ ਹੋ ਕੇ ਕਰ ਹੀਲਾ, ਦੇਹ ਹਾਕਮਾਂ ਤਈਂ ਸਜ਼ਾ ਭਾਈ
ਮਾਰ ਜ਼ਾਲਮਾਂ ਨੂੰ ਜਾਕੇ ਨਾਸ ਕਰ ਦੇਹ, ਸਣੇ ਜ਼ੁਲਮ ਦੇ ਬੇੜਾ ਰੁੜ੍ਹਾ ਭਾਈ
ਸਾਹਿਬਜ਼ਾਦਿਆਂ ਦਾ ਵੈਰ ਲੈ ਜਾਕੇ, ਇਟ ਇਟ ਸਰਹੰਦ ਖੜਕਾ ਭਾਈ
ਪੂਰੀ ਦੇਹ ਸਜਾ ਪਹਾੜੀਆਂ ਨੂੰ, ਸਾਰੇ ਕੋਨਾਂ ਤੋਂ ਫੜ ਨਚਾ ਭਾਈ
ਸਿੰਘ ਦੇਣਗੇ ਸਾਰੇ ਹੀ ਭੇਦ ਤੈਨੂੰ, ਲਈ ਪਾਪੀਆਂ ਤਈ ਦਬਾ ਭਾਈ
ਬੂਟਾ ਜ਼ੁਲਮਦਾ ਪੁਟਕੇ ਕਰੀਂ ਮੂਧਾ, ਅਸੀਂ ਆਏ ਹਾਂ ਜੜ੍ਹ ਹਿਲਾ ਭਾਈ
ਝੰਡਾ ਪਾਪ ਦਾ ਜੜੋਂ ਪੁਟਾ ਸੁਟੀਂ, ਜਾਕੇ ਧਰਮ ਨਿਧਾਨ ਝੁਲਾ ਭਾਈ
ਹੁਣ ਦੇਰ ਨ ਕਰੀਂ ਕਰਤਾਰ ਸਿੰਘਾ, ਬਸ ਝਟ ਤਯਾਰਾ ਬੁਲਾ ਭਾਈ

### ਬੰਦੇ ਬਹਾਦਰ ਦੀ ਬੇਨਤੀ

ਮੇਰੀ ਵਾਗ ਹੈ ਆਪ ਦੇ ਹਥ ਸਵਾਮੀ, ਜਿਸ ਤਰਫ ਚਾਹੋ ਸੋ ਭਵਾ ਦਿਹੋ
ਮੈਂ ਅਜੇ ਹੀ ਜਾਨ ਨੂੰ ਤਯਾਰ ਹਾਂ ਜੀ, ਪੂਰੇ ਕਰਾਂ ਜੋ ਹੁਕਮ ਸੁਨਾ ਦਿਹੋ
ਸਬ ਕੰਮ ਤਾਂ ਸਾਰੇ ਹੀ ਆਪ ਕਰਨੇ, ਮੈਨੂੰ ਕਰ ਕਿਰਪਾ ਵਡਿਆ ਦਿਹੋ
ਬਸ ਮੈਂ ਤਯਾਰ ਕਰਤਾਰ ਸਿੰਘਾ, ਖੁਸ਼ੀ ਨਾਲ ਹੁਣ ਵਿਦਾ ਕਰ ਦਿਹੋ

### ਸ੍ਰੀ ਦਸਮੇਸ਼ ਜੀ ਨੇ ਬੰਦੇ ਬਹਾਦਰ ਨੂੰ ਗਾਤਰੇ ਦੀ ਤਲਵਾਰ ਬਖਸ਼ਨੀ ਤੇ ਸਿਖਾਂ ਨੇ ਉਸਦੇ ਗਾਤ੍ਰਿਓਂ ਉਤਾਰ ਲੈਣੀ

ਸ੍ਰੀ ਸਾਹਿਬ ਉਤਾਰਕੇ ਗਾਤਰੇ ਥੀਂ, ਗੁਰਾਂ ਬੰਦੇ ਤਈਂ ਬਖਸ਼ਾਯਾ ਜੀ
ਸਿੰਘ ਵੇਖ ਏਹ ਬੜੇ ਨਰਾਜ਼ ਹੋਏ, ਹਥ ਜੋੜ ਇਹ ਬਚਨ ਸੁਨਾਯਾ ਜੀ
ਸਾਡਾ ਹਕ ਕਿਉਂ ਏਸ ਨੂੰ ਦੇ ਦਿਤਾ, ਏਹ ਕੀ ਭਾਣਾ ਵਰਤਾਯਾ ਜੀ
ਦੇਗ ਤੇਗ ਦੇ ਹਥ ਹੈ ਫਤੇ ਸਦਾ, ਤੁਸਾਂ ਆਪ ਸਤਿਗੁਰੋ ਲਿਖਾਯਾ ਜੀ
ਤੇਗ ਗਾਤਰੇ ਦੀ ਦਿਤੀ ਸਾਧ ਤਾਈਂ, ਏਹ ਨਹੀਂ ਸਾਡੇ ਤਈਂ ਭਾਯਾ ਜੀ
ਸਾਡੇ ਪਾਸ ਦਸੋ ਬਾਕੀ ਕੀਹ ਰਿਹਾ, ਅਸਾਂ ਐਵੇਂ ਹੀ ਦੁਖ ਉਠਾਯਾ ਜੀ
ਤੇਗ ਪੰਥ ਦਾ ਹਕ ਹੈ ਪੰਥ ਲਵੇ, ਏਹ ਆਖਕੇ ਤੇ ਰੌਲਾ ਪਾਯਾ ਜੀ
ਝਟ ਖੋਹ ਲਈ ਕਰਤਾਰ ਸਿੰਘਾ, ਇਹ ਗੁਰਾਂ ਨਿਸਚਾ ਅਜਮਾਯਾ ਜੀ

### ਸ੍ਰੀ ਦਸਮੇਸ਼ ਜੀ ਨੇ ਪੰਜ ਤੀਰ ਬਖਸ਼ਣੇ ਤੇ ਕੁਝ ਨਸੀਹਤਾਂ ਕਰਨੀਆਂ

ਪੰਜ ਤੀਰ ਦਿਤੇ ਫੇਰ ਗੁਰੂ ਜੀ ਨੇ, ਕਹਿਆ ਇਹਨਾਂ ਤਾਈਂ ਗਵਾਈਂ ਨਹੀਂ
ਬੜੀ ਭੀੜ ਬਣੇ ਜਿਥੇ ਇਕ ਛਡੀਂ, ਐਵੇਂ ਥਾਂ ਥਾਂ ਪਿਆ ਚਲਾਈਂ ਨਾਹੀਂ
ਅਗੋਂ ਮਿਲਣਗੇ ਆਣਕੇ ਸਿੰਘ ਤੈਨੂੰ, ਮਾਨ ਕਰੀਂ ਤੇ ਬੁਰਾ ਸੁਨਾਈਂ ਨਾਹੀਂ
ਸਿੰਘਾਂ ਨਾਲ ਪਿਆਰ ਹਮੇਸ਼ ਰਖੀ, ਜੋ ਕਹਿਣ ਰਲਕੇ ਉਲਟਾਈਂ ਨਾਹੀਂ
ਅੰਗ ਸੰਗ ਸਦਾ ਅਸੀਂ ਰਹਾਂਗੇ ਜੀ, ਮਾਰੀਂ ਚਾਲਮਾਂ ਚਿਤ ਡੁਲਾਈਂ ਨਾਹੀਂ
ਤੇਰੀ ਫਤ੍ਹਾ ਸੋ ਆਗਯਕਾਰ ਰਹਿਸੀ, ਪਰ ਸਾਡੀ ਨਸੀਹਤ ਭੁਲਾਈਂ ਨਾਹੀਂ
ਜਿਥੇ ਮਿਲੇ ਜੋ ਧਨ ਸੋ ਵੰਡ ਖਾਈਂ, ਲੋਭ ਕਰਕੇ ਜਮ੍ਹਾਂ ਕਰਾਈਂ ਨਾਹੀਂ
ਗੁਰੂ ਘਰ ਦਾ ਬਣਿਆ ਦਾਸ ਰਹੀਂ, ਗੁਰੂ ਆਪ ਤਾਈਂ ਅਖਵਾਈਂ ਨਾਹੀਂ
ਜਤੀ ਸਤੀ ਲੰਗੋਟ ਨੂੰ ਕਾਇਮ ਰਖੀਂ ਵੇਖ ਨਾਰ ਨੂੰ ਚਿਤ ਫਸਾਈਂ ਨਾਹੀਂ
ਮਨ ਵਿਚ ਹੰਕਾਰ ਨਾ ਕਰੀਂ ਮੂਲੋਂ, ਦਮ ਵੈਰੀ ਦਾ ਕਦੇ ਭੀ ਖਾਈਂ ਨਾਹੀਂ
ਸਿੰਘਾਂ ਨਾਲ ਨਾ ਭੁਲ ਵਿਗਾੜ ਪਾਈਂ, ਅਤੇ ਆਪਨਾ ਪੰਥ ਬਣਾਈਂ ਨਾਹੀਂ
ਮੇਰੇ ਸਿੰਘਾਂ ਨੂੰ ਮੇਰਾ ਹੀ ਰੂਪ ਸਮਝੀਂ ਬੁਰਾ ਇਹਨਾਂ ਦਾ ਕਦੇ ਤਕਾਈਂ ਨਾਹੀਂ
ਗੁਰੂ ਘਰ ਦੇ ਨਿੰਦਕਾਂ ਦੋਖੀਆਂ ਨੂੰ, ਕਦੇ ਭੁਲਕੇ ਭੀ ਮੂੰਹ ਲਾਈਂ ਨਾਹੀਂ
ਤੈਨੂੰ ਮਾਲੀ ਬਣਾਕੇ ਭੇਜਦੇ ਹਾਂ, ਪੰਥ ਤਾਈਂ ਨੁਕਸਾਨ ਪੁਚਾਈਂ ਨਾਹੀਂ

ਏਹਨਾਂ ਗਲਾਂ ਨੂੰ ਜੇ ਭੁਲਾਇਓ ਈ, ਭਲਾ ਹੋਏ ਤੇਰਾ ਦੂਹੀਂ ਬਾਹੀਂ ਨਹੀਂ
ਬੰਦਾ ਬਣਿਆ ਰਹੀਂ ਕਰਤਾਰ ਸਿੰਘਾ, ਫਸ ਵਿਚ ਗੁਮਾਨ ਦੇ ਜਾਈਂ ਨਹੀਂ

ਕੁਝ ਸਿੰਘ ਤੇ ਹੁਕਮਨਾਮੇ ਦੇ ਬੰਦੇ ਬਹਾਦਰ ਨੂੰ ਟੋਰਨਾ

ਦੇਸ ਕਾਲ ਦੀਆਂ ਸਮਝ ਗਲਾਂ, ਰਾਜਨੀਤ ਦੇ ਢੰਗ ਸਿਆਨ ਭਾਈ
ਗੁਰੂ ਘਰ ਦੇ †ਵੈਰੀਆਂ ਸਾਰਿਆਂ ਦੇ, ਸਾਰੇ ਦਸਕੇ ਪਤੇ ਨਿਸ਼ਾਨ ਭਾਈ
ਚੁਣ ਪੰਥ ਜ਼ਥੇਦਾਰ ਨਾਲ ਕੀਤੇ, ਨਾਮ ਓਹਨਾਂ ਦੇ ਧਰੋ ਧਿਆਨ ਭਾਈ
ਕਾਹਨ ਸਿੰਘ ਤੇ ਬਿਨੋਦ ਸਿੰਘਦੋਵੇਂ; ਬਾਜ ਸਿੰਘਤੇ ਬਿਜੇ ਸਿੰਘ ਜਾਨ ਭਾਈ
ਰਾਮ ਸਿੰਘ ਸਣੇ ਹੋਰ ਵੀਹ ਸਾਥੀ, ਕੀਤੇ ਬੰਦੇ ਦੇ ਨਾਲ ਪਛਾਨ ਭਾਈ
ਕੰਮ ਕਰਨਾ ਨਾਲ ਇਤਫਾਕ ਤੁਸਾਂ, ਕਰ ਇਕ ਸਲਾਹ ਇਕ ਜਾਨ ਭਾਈ
ਸਿੰਘਾਂ ਵਲ ਦਿਤੇ ਲਿਖ ਹੁਕਮਨਾਮੇ, ਫੇਰ ਲਿਖਯਾ ਸਾਰਾ ਬਿਆਨ ਭਾਈ
ਟੁਰਦੇ ਹੋਯਾਂ ਨੂੰ ਇਕ ਨਗਾਰਾ ਦਿਤਾ; ਥੋੜ੍ਹਾ ਜੰਗ ਦਾ ਸਾਜ ਸਾਮਾਨ ਭਾਈ
ਜਥਾ ਟੋਰਿਆ ਸੋਧ ਅਰਦਾਸ ਗੁਰਾਂ; ਟੁਰੇ ਸਿੰਘ ਸਾਰੇ ਹੁਕਮ ਮਾਨ ਭਾਈ
ਗਿਆ ਸਤਾਰਾਂ ਸੌ ਚੌਂਠ ਕਰਤਾਰਸਿੰਘਾ, ਸਾਲ ਚੜ੍ਹਨਾ ਸੀ ਨਵਾਂਆਨ ਭਾਈ

ਵਾਕ ਕਵੀ

ਬੰਦਾ ਵਲ ਪੰਜਾਬ ਦੇ ਚਲਾ ਆਯਾ, ਹੁਕਮ ਗੁਰਾਂ ਦਾ ਓਸ ਬਜਾਯਾ ਚੰਗਾ
ਏਸ ਥੋੜੇ ਦੇ ਵਿਚ ਸੁਨਾ ਦਿਤਾ ਨਹੀਂ ਅਗ੍ਹਾਂ ਵਧਾ ਵਧਾਯਾ ਚੰਗਾ
ਹਾਲ ਬੰਦੇ ਦਾ ਦਾਸ ਨੇ ਵਿਚ ਬੈਂਤਾਂ; ਅਗੇ ਵਖਰਾ ਗ੍ਰੰਥ ਬਨਾਯਾ ਚੰਗਾ
ਨਾਮ *'ਬੰਦਾ ਬਹਾਦਰ' ਪ੍ਰਗਟ ਸਾਰੇ; ਵਾਰ ਪੰਦ੍ਰਵੀਂ ਹੈ ਛਪਵਾਯਾ ਚੰਗਾ
ਓਹਦੇ ਵਿਚ ਲਿਖੇ ਸਾਰੇ ਕਾਰਨਾਮੇ; ਹੈ ਪੰਥ ਨੇ ਭੀ ਕਦਰ ਪਾਯਾ ਚੰਗਾ
ਓਹਨੂੰ ਪੜ੍ਹ ਵੇਖੋ ਕਰਤਾਰ ਸਿੰਘਾ, ਬੀਰ ਰਸ ਦਾ ਜੋਹਰ ਦਿਖਾਯਾ ਚੰਗਾ

ਤਥਾ

ਗੁਰੂ ਘਰਦਿਓ ਪ੍ਰੇਮੀਓਂ ਗੁਰਸਿਖੋ, ਹਾਲ ਅਗਲੇ ਦੇ ਵਲ ਚਿਤ ਲਾਵੋ

---

†ਇਹ ਬਹਾਦਰ ਸ਼ਾਹ ਪਾਸੋਂ ਚੁੱਕਾਂ ਮੰਗੀਆਂ ਸਨ।
*ਏਹ ਗ੍ਰੰਥ ਉਨੀਵੀਂ ਵਾਰ ਛਪਕੇ ਹਥੋ ਹਥੀ ਵਿਕ ਰਿਹਾ ਹੈ, ਆਪ ਨੇ ਜੇ ਬੰਦੇ ਬਹਾਦਰ ਦੇ ਪੂਰੇ
ਹਾਲ ... ਾਂ ਭਾ: ਚਤਰ ਸਿੰਘ ਜੀਵਨ ਸਿੰਘ ਕੋਲੋਂ ਮੰਗਾਕੇ ਪੜ੍ਹੋ।

ਹਾਲ ਬੰਦੇ ਦਾ ਵੱਖਰਾ ਪੜ੍ਹ ਲੈਣਾ, ਖੇਲ ਗੁਰਾਂ ਦੇ ਸੁਣਕੇ ਭੇਦ ਪਾਵੇ
ਹੁਣ ਥੋੜੇ ਪ੍ਰਸੰਗ ਉਪਦੇਸ਼ ਬਾਕੀ, ਹਿਤ ਧਾਰ ਸੁਣੇ ਭਵ ਤਰ ਜਾਵੇ
ਗੁਰ ਧੱਮ ਤੀਰਥ ਕਰਤਾਰ ਸਿੰਘਾ, ਦੁਖ ਜਾਣ ਕੱਟੇ ਨਿਹਚਾ ਧਰ ਨ੍ਹਾਵੇ

ਨਦੇੜ ਦੇ ਪਾਸ ਸ੍ਰੀ ਦਸਮੇਸ਼ ਜੀ ਦਾ ਡੇਰਾ

ਟੋਰ ਬੰਦੇ ਨੂੰ ਵਲ ਪੰਜਾਬ ਦੇ ਜੀ, ਡੇਰਾ ਕੰਢੇ ਗੋਦਾਵਰੀ ਲਾ ਦਿਤਾ
ਜਗ੍ਹਾ ਸਾਫ ਸੋਹਣੀ ਦਰਯਾ ਕੰਢੇ, ਵੇਖ ਗੁਰਾਂ ਨੇ ਝੰਡਾ ਝੁਲਾ ਦਿਤਾ
‡ਸਾਬਰਸ਼ਾਹ ਫਕੀਰ ਸੀ ਰਹਿੰਦਾ ਉਥੇ, ਓਹਨੂੰ ਜ਼ੋਰ ਦੇ ਨਾਲ ਉਠਾ ਦਿਤਾ
ਓਸ ਜ਼ਿਮੀਂ ਨੂੰ ਜ਼ਰ ਖਰੀਦ ਕਰਕੇ, ਅਗੋਂ ਰੇੜਕਾ ਮੂਲੋਂ ਚੁਕਾ ਦਿਤਾ
ਹੌਲੀ ਹੌਲੀ ਮਕਾਨ ਬਨਾਵਨ ਲਗੇ, ਪੱਕਾਂ ਸਿੰਘਾਂ ਦਾ ਪੈਰ ਜਮਾ ਦਿਤਾ
ਧਰ ਅਵਿਚਲਨੀਂਵ ਕਰਤਾਰ ਸਿੰਘਾ, ਨਾਮ ਅਵਿਚਲ ਨਗਰ ਸੁਨਾ ਦਿਤਾ

ਸ੍ਰੀ ਦਸਮੇਸ਼ ਜੀ ਦੇ ਸ੍ਰੀ ਅਵਿਚਲ ਨਗਰ ਵਿਚ ਚਰਿਤ੍ਰ

ਅਵਿਚਲ ਨਗਰ ਸਤਿਗੁਰੂ ਰਹਿਨ ਲਗੇ, ਸੈ ਜੀਆਂ ਨੂੰ ਪਾਰ ਲੰਘਾਂਵਦੇ ਨੇ
ਸਿੰਘਾਂ ਝੁਗੀਆਂ ਤੇ ਘਰ ਪਾ ਲਏ, ਸਤਿਗੁਰਾਂ ਦੀ ਸੇਵਾ ਕਮਾਂਵਦੇ ਨੇ
ਕਰ ਆਗਯਾ ਲੰਗਰ ਲਵਾ ਦਿਤੇ, ਭੁਖੇ ਨੰਗੇ ਗਰੀਬ ਆ ਖਾਂਵਦੇ ਨੇ
ਕਥਾ ਕੀਰਤਨ ਸਦਾ ਵਰਤ ਲਗਾ, ਸਿੰਘ ਰਾਤ ਦਿਨੇ ਬਾਣੀ ਗਾਂਵਦੇ ਨੇ
ਵਿਚ ਜੰਗਲਾਂ ਮੰਗਲ ਲਾ ਦਿਤੇ, ਗੁਰਾਂ ਨਾਲ ਓਹ ਥਾਨ ਸੁਹਾਂਵਦੇ ਨੇ
"ਜਿਥੇ ਜਾਇ ਬਹੇ ਮੇਰਾ ਸਤਿਗੁਰੂ" ਸੋ ਥਾਨ ਸੋਹਣੇ ਸੋਭਾ ਪਾਂਵਦੇ ਨੇ
ਸਤਿਗੁਰਾਂ ਦਾ ਤੇਜ ਪ੍ਰਤਾਪ ਭਾਰਾ, ਨੇੜੇ ਨੇੜੇ ਦੇ ਲੋਕ ਭੈ ਖਾਂਵਦੇ ਨੇ
ਕਰਾਮਾਤ ਬਜ਼ੁਰਗੀ ਫੈਲ ਗਈ, ਕਲ ਦਰਸ਼ਨਾਂ ਨੂੰ ਨਿੱਤ ਆਂਵਦੇ ਨੇ

---

ਕਈ ਥਾਈਂ ਲਿਖਿਆ ਹੈ ਕਿ ਜਦ ਸਤਿਗੁਰਾਂ ਨੇ ਅਵਿਚਲ ਨਗਰ ਜਾ ਮੱਲੀ ਤਾਂ ਉਸ ਥਾਂ ਇਕ ਸਯਦ ਜਿਸਦਾ ਉਥੇ ਕਬਜ਼ਾ ਸੀ, ਉਸਨੇ ਝਗੜਾ ਕੀਤਾ ਤਾਂ ਸਤਿਗੁਰਾਂ ਨੇ ਆਖਿਆ ਭਾਈ ਏਹ ਸਾਡਾ ਚਿਰਾਂ ਦਾ ਥਾਂ ਹੈ ਪਰ ਸਯਦ ਰੌਲਾ ਪਾਂਦਾ ਰਿਹਾ, ਜਦ ਬਾਦਸ਼ਾਹ ਸਤਿਗੁਰਾਂ ਨੂੰ ਮਿਲਨ ਆਇਆ ਤਾਂ ਉਸਨੇ ਫਰਯਾਦ ਕੀਤੀ, ਅੰਤ ਉਸ ਥਾਂ ਨੂੰ ਗੁਰਾਂ ਨੇ ਪੁਟਵਾਕੇ ਵਿਖਾਲਿਆ ਤਾਂ ਹੇਠੋਂ ਆਸਨ, ਪੀੜ੍ਹੇ ਤੇ ਧੂਣੀ ਨਿਕਲੀ, ਸਤਿਗੁਰਾਂ ਨੇ ਦਸਿਆ ਕਿ ਅਸੀਂ ਏਥੇ ਬੈਠਕੇ ਤਪ ਕਰਦੇ ਰਹੇ ਸਾਂ, ਏਹ ਸਾਡੀ ਪੁਰਾਣੀ ਜਗ੍ਹਾ ਹੈ।

ਅਠੇ ਪਹਿਰ ਹੀ ਰੌਣਕਾਂ ਲਗ ਰਹੀਆਂ, ਗੁਰ ਰੋਜ਼ ਦੀਵਾਨ ਲਗਾਂਵਦੇ ਨੇ
ਓਸ ਦੇਸ ਦੀ ਵੇਖ ਕੇ ਸਿੰਘਾਂ ਤਾਂਈਂ, ਬਲ ਬੀਰਤਾ ਰੂਪ ਸਰਾਂਹਵਦੇ ਨੇ
ਸਤਿਗੁਰਾਂ ਦਾ ਵੇਖ ਕੇ ਸ਼ਾਨ ਵਡਾ, ਝੁਕ ਝੁਕ ਕੇ ਸੀਸ ਨਿਵਾਂਵਦੇ ਨੇ
ਖਾਂ ਫੀਰੋਜ਼ ਦੇ ਨਦੇੜ ਦੇ ਖਾਨ ਜਹੇ, ਮੁਲਾਕਾਤ ਰਸੂਲ ਬਣਾਂਵਦੇ ਨੇ
ਸਤਿਗੁਰੂ ਭੀ ਆਇਆਂ ਦਾ ਮਾਨ ਕਰਦੇ, ਸਦਾ ਸ਼ੁਭ ਉਪਦੇਸ਼ ਸੁਣਾਂਵਦੇ ਨੇ
ਪਹਿਰ ਪਿਛਲੇ ਰੋਜ਼ ਸ਼ਕਾਰ ਚੜ੍ਹਨਾ, ਏਹ ਬ੍ਰਿਤੀ ਪਕੀ ਠਹਿਰਾਂਵਦੇ ਨੇ
ਪਾਰ ਲੰਘ ਗੋਦਾਵਰੀ ਸੈਰ ਕਰਨਾ, ਸਦਾ ਜੀਆਂ ਨੂੰ ਮੁਕਤ ਕਰਾਂਵਦੇ ਨੇ
ਜਿਸ ਘਾਟ ਥਾਨੀ ਰੋਜ਼ ਲੰਘਦੇ ਸੀ, "ਸ਼ਕਾਰਘਾਟ" ਕਰ ਲੋਕ ਬੁਲਾਂਵਦੇ ਨੇ
ਇਉਂ ਵਿਚ ਪ੍ਰਦੇਸ ਕਰਤਾਰ ਸਿੰਘਾ, ਸਤਿਗੁਰ ਜੀ ਦਿਨ ਲੰਘਾਂਵਦੇ ਨੇ

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦੀ ਸੰਪ੍ਰਦਾ

ਝੇੜੇ ਸਭ ਮੁਕਾਕੇ ਟੰਟਿਆਂ ਦੇ, ਬ੍ਰਹਮਾਨੰਦ ਵਿਚ ਬਿਰਤੀ ਟਿਕਾਈ ਚੰਗੀ
ਸਭ ਸਿੰਘ ਭੀ ਹੋ ਨਿਰਮੋਹ ਰਹੇ, ਮੋਹ ਮਮਤਾ ਦਿਲੋਂ ਮਟਾਈ ਚੰਗੀ
ਰਸ ਨਿਜ ਸਰੂਪ ਦੇ ਲੈ ਰਹੇ, ਬ੍ਰਹਮਾਕਾਰ ਬ੍ਰਿਤੀ ਠਹਿਰਾਈ ਚੰਗੀ
ਓਹਨੀਂ ਦਿਨੀਂ ਹੀ ਗੁਰਾਂ ਨੇ ਮੰਨੀ ਸਿੰਘ ਨੂੰ,ਸੰਥਾ ਗੁਰੂ ਗ੍ਰੰਥ ਲਵਾਈ ਚੰਗੀ
ਬ੍ਰਹਮ ਬਾਣੀ ਦਾ ਭੇਦ ਬਤਾ ਦਿਤਾ, ਕੀਤੀ ਸੰਗਤਾਂ ਵਿਚ ਭਲਯਾਈ ਚੰਗੀ
ਮਣੀ ਸਿੰਘ ਜੀ ਫੇਰ ਪੰਜਾਬ ਆ ਕੇ, ਅਗੇ ਪ੍ਰੇਮੀਆਂ ਤਈਂ ਸੁਨਾਈ ਚੰਗੀ
ਸੰਪ੍ਰਦਾ ਗੁਰਬਾਣੀ ਦੀ ਚਲ ਪਈ, ਦਿਨ ਹੋ ਰਹੀ ਸਵਾਈ ਚੰਗੀ
ਇਹ ਬਾਣੀ ਅਕਾਲੀ ਕਰਤਾਰ ਸਿੰਘਾ, ਜੀਵ ਤਾਰਨੇ ਨੂੰ ਕਲੂ ਆਈ ਚੰਗੀ

### ਸਰੰਹਦ ਆਦਿਕ ਥਾਵਾਂ ਦੇ ਫਤਹ ਕਰ ਲੈਣ ਦੀ ਖਬਰ ਸਤਿਗੁਰ ਨੂੰ ਪਹੁੰਚਨੀ

ਇਧਰ ਗੁਰੂ ਜੀ ਅਵਿਚਲ ਨਗਰ ਰਹੇ, ਓਧਰ ਬੰਦੇ ਨੇ ਕਾਰਜ ਰਾਸ ਕੀਤੇ
ਲੁਟ ਮਾਰ ਸਮਾਣੇ ਸਢੌਰੇ ਤਾਂਈ, ਜ਼ਾਲਮ ਸਣੇ ਵਜੀਦੇ ਦੇ ਨਾਸ ਕੀਤੇ
ਫਤ੍ਹੇ ਕਰ ਸਰੰਦ ਤੇ ਮਾਰ ਵੈਰੀ, ਫੜ ਜ਼ਾਲਮਾਂ ਦੇ ਬੰਦ ਸਾਸ ਕੀਤੇ
*ਦੀਪ ਸਿੰਘ ਆਦਿਕ ਜੋ ਸਿੰਘ ਬਲੀ, ਰਾਵਾਂ ਦੇਕੇ ਹਥ ਅਰਦਾਸ ਕੀਤੇ
ਮਾਹ ਜੇਠ ਦੇ ਵਿਚ ਓਹ ਆਨ ਪਹੁੰਚੇ;ਜ਼ਾਹਿਰ ਹਾਲ ਸਾਰੇ ਗੁਰਾਂ ਪਾਸ ਕੀਤੇ

---

੦ ਕਈਂ ਥਾਂਈਂ ਖਬਰ ਲਿਆਉਣ ਵਾਲੇ ਦਾ ਨਾਮ ਪਰੇਮ ਸਿੰਘ ਲਿਖਦਾ ਹੈ।

ਸਿੱਖਾਂ ਖੁਸ਼ੀਆਂ ਬਹੁਤ ਮਨਾਈਆਂ ਜੀ, ਪ੍ਰਸਾਦਿ ਵਰਤਾ ਬਿਲਾਸ ਕੀਤੇ
ਜੋ ਹੋ ਰਿਹਾ, ਚੰਗਾ ਹੋ ਰਿਹਾ ਹੈ, ਗੁਰਾਂ ਏਹੋ ਹੀ ਬਚਨ ਬਿਲਾਸ ਕੀਤੇ
ਪਾਏ ਜ਼ਾਲਮਾਂ ਫਲ ਕਰਤਾਰ ਸਿੰਘਾ, ਜਿਹੜੇ ਕਰਮ ਹੋ ਬਿਨਾਂ ਕਿਆਸ ਕੀਤੇ

ਇਕ ਸੌਦਾਗਰ ਸਿਖ ਨੇ ਨਗੀਨਾ ਅਰਪਨ ਕਰਨਾ

ਇਕ ਦਿਨ ਸਤਿਗੁਰੂ ਜੀ ਸੈਰ ਕਰਦੇ, ਨਦੀ ਕੰਢੇ ਜਾ ਕੇ ਡੇਰਾ ਲਾਯਾ ਜੀ
ਵੇਖ ਨਦੀ ਦੇ ਰੰਗ ਤਰੰਗ ਸੋਹਣੇ, ਬੈਠ ਗਏ ਓਹ ਥਾਨ ਸੁਹਾਯਾ ਜੀ
ਏਨੇ ਚਿਰ ਨੂੰ ਓਥੇ ਹੀ ਗੁਰਦਿਤਾ, ਇਕ ਚਲ ਸੌਦਾਗਰ ਆਯਾ ਜੀ
ਓਹਦੇ ਪਾਸ ਨਗੀਨਾ ਸੌ ਕੀਮਤੀ ਸੀ, ਸਤਿਗੁਰਾਂ ਦੀ ਭੇਟ ਰਖਾਯਾ ਜੀ
ਪਰ ਨਾਲ ਹੀ ਓਸ ਦੇ ਚਿਤ ਅੰਦਰ, ਭੈੜਾ ਆਨ ਹੰਕਾਰ ਸਮਾਯਾ ਜੀ
ਏਹੋ ਜਿਹਾ ਅਮੋਲ ਕਰਤਾਰ ਸਿੰਘਾ, ਗੁਰਾਂ ਨਹੀਂ ਹੋਨਾ ਰਤਨ ਪਾਯਾ ਜੀ

ਸ੍ਰੀ ਦਸਮੇਸ਼ ਜੀ ਨੇ ਨਗੀਨੇ ਨੂੰ ਨਦੀ ਵਿਚ ਸੁਟ ਦੇਣਾ

ਦੌਲਤ ਲਾ ਜਵਾਲ ਦੇ ਮਾਲਕਾਂ ਨੂੰ, ਕੀਹ ਓਸ ਦੀ ਸੀ ਪਰਵਾਹ ਭਾਈ
ਜਿਨ੍ਹਾਂ ਕੰਗਲੇ ਸ਼ਾਹ ਬਨਾ ਦਿਤੇ, ਹੈਸੀ ਕੀਮੀਆਂ ਐਸੀ ਨਿਗਾਹ ਭਾਈ
ਕਰ ਨਦਰੀ ਨਦਰ ਨਿਹਾਲ ਦਿਤੇ, ਜਿਧਰ ਤਕਿਆ ਨਜਰ ਉਠਾ ਭਾਈ
ਓਹ ਫੜ ਨਗੀਨਾ ਕਰਤਾਰ ਸਿੰਘਾ, ਵਿਚ ਮਾਰਿਆ ਨਦੀ ਵਗਾਹ ਭਾਈ

ਗੁਰਦਿਤੇ ਨੇ ਅਫਸੋਸ ਕਰਨਾ

ਗੁਰਾਂ ਲਾਪਰਵਾਹੀ ਜਤਾਈ ਐਸੀ, ਪਛੋਤਾਯਾ ਸੁਦਾਗਰ ਆਯਾ ਕਾਹਨੂੰ
ਮੇਰੇ ਰਤਨ ਦਾ ਗੁਰਾਂ ਨ ਕਦਰ ਪਾਯਾ, ਮੈਂ ਭੇਟਾ ਦੇ ਵਿਚ ਰਖਾਯਾ ਕਾਹਨੂੰ
ਪਾਸ ਰਖਦਾ ਮੇਰੇ ਈ ਕੰਮ ਆਉਂਦਾ, ਦੇ ਏਹਨਾਂ ਨੂੰ ਐਵੇਂ ਗਵਾਯਾ ਕਾਹਨੂੰ
ਹਸ ਪਏ ਸਤਿਗੁਰੂ ਕਰਤਾਰ ਸਿੰਘਾ, ਕਹਿੰਦੇ ਇਤਨਾ ਤੂੰ ਘਬਰਾਯਾ ਕਾਹਨੂੰ

ਗੁਰਦਿਤੇ ਨੂੰ ਦਰਯਾ ਵਿਚ ਬੇਅੰਤ ਨਗੀਨੇ ਦਿਖਾਲਣੇ

ਦੂਰ ਕਰਨ ਦੇ ਵਾਸਤੇ ਮਾਨ ਉਹਦਾ, ਟੁਰੇ ਗੁਰੂ ਜੀ ਧੀਮੀਂ ਰਫਤਾਰ ਅਗੇ
ਬਾਹੋਂ ਫੜ ਸੌਦਾਗਰ ਨਾਲ ਲਿਆ, ਓਥੋਂ ਕਦਮ ਹੋ ਕੇ ਦੋ ਚਾਰ ਅਗੇ
ਕਹਿੰਦੇ ਅਸੀਂ ਨਗੀਨਾ ਤਾਂ ਸੁਟ ਬੈਠੇ, ਤੂੰ ਲਭ ਲੈ ਹੋ ਹੁਸ਼ਿਆਰ ਅਗੇ
ਬਚਨ ਮੰਨ ਜਾਂ ਪਾਣੀ ਦੇ ਵਿਚ ਵੜਿਆ, ਜਰਾ ਵੇਖਦੇ ਸੂ ਨਿਗ੍ਹਾ ਮਾਰ ਅਗੇ
ਬੇ ਕੀਮਤੀ ਲਾਲ ਜਵਾਹਰ ਪਏ, ਨਜਰ ਆਂਵਦੇ ਬੇਸ਼ੁਮਾਰ ਅਗੇ

ਦੂਰ ਹੋਯਾ ਗੁਮਾਨ ਕਰਤਾਰ ਸਿੰਘਾ, ਡਿਗ ਪਿਆ ਹੋ ਕੇ ਸ਼ਰਮਸਾਰ ਅਗੇ

ਓਸ ਘਾਟ ਦਾ ਨਾਮ ਨਗੀਨਾ ਘਾਟ ਹੋਣਾ

ਸਤਿਗੁਰਾਂ ਦੀ ਵੇਖ ਅਚਰਜ ਮਾਯਾ, ਮਾਨ ਸਾਰਾ ਹੀ ਓਸਦਾ ਦੂਰ ਹੋਯਾ
ਹਥ ਜੋੜ ਕੇ ਚਰਨੀਂ ਡਿਗ ਪਿਆ, ਮੈਨੂੰ ਬਖਸ਼ੋ ਮੈਥੋਂ ਕਸੂਰ ਹੋਯਾ
ਸਤਿਨਾਮ ਦਾ ਗੁਰਾਂ ਉਪਦੇਸ਼ ਦਿਤਾ; ਸਿਖੀ ਸਿਦਕ ਦੇ ਵਿਚ ਭਰਪੂਰ ਹੋਯਾ
ਓਸ ਥਾਂ ਦਾ ਨਾਮ ਕਰਤਾਰ ਸਿੰਘਾ, ਹੈ ਘਾਟ ਨਗੀਨਾ ਮਸ਼ਹੂਰ ਹੋਯਾ।

ਬਾਦਸ਼ਾਹ ਨੂੰ ਪੰਜਾਬ ਦੀਆਂ ਖਬਰਾਂ ਪਹੁੰਚਣੀਆਂ

ਬੰਦੇ ਲੁਟ ਸਮਾਣੇ ਸਢੌਰੇ ਤਾਈਂ, ਕੀਤੀ ਲੁਟ ਸਰਹੰਦ ਤਬਾਹੀ ਭਾਰੀ
ਫੜ ਮਾਰਿਆ ਕੁਟਿਆ ਹਾਕਮਾਂ ਨੂੰ, ਅਤੇ ਜ਼ਾਲਮਾਂ ਦੀ ਕਢ ਮਿਝ ਡਾਰੀ
ਦਿਤੇ ਭੂਨ ਪੰਜਾਬ ਦੇ ਤੁਰਕ ਸਾਰੇ, ਪਾਈ ਜ਼ਾਲਮਾਂ ਦੀ ਘਰੀਂ ਹਾਹਾ ਕਾਰੀ
ਬਾਦਸ਼ਾਹ ਨੂੰ ਖਬਰਾਂ ਪਹੁੰਚੀਆਂ ਏਹ, ਕੰਬ ਗਈ ਬੰਦੇ ਪਾਸੋਂ ਸ਼ਾਹੀ ਸਾਰੀ
ਓਹ ਝੂਰਿਆ ਆਪਣੀ ਭੁਲ ਉਤੇ, ਹੋਯਾ ਦਿਲ ਉਤੇ ਆਨ ਖੌਫ ਤਾਰੀ
ਜਾਵਾਂ ਗੁਰਾਂ ਦੇ ਪਾਸ ਕਰਤਾਰ ਸਿੰਘਾ, ਬਾਦਸ਼ਾਹ ਨੇ ਦਿਲ ਦਲੀਲ ਧਾਰੀ

ਬਾਦਸ਼ਾਹ ਨੇ ਸਤਿਗੁਰਾਂ ਦੇ ਪਾਸ ਆਕੇ ਅਰਜ਼ ਕਰਨੀ

ਅਹਿਮਦ ਨਗਰੋਂ ਬਾਦਸ਼ਾਹ ਚਲ ਆਯਾ, ਸਤਿਗੁਰੂ ਦੇ ਦਰਸ਼ਨ ਪਾਂਵਦਾ ਏ
ਇਕ ਹੀਰਾ ਅਕਵੰਜਾ ਧਰ ਮੋਹਰਾਂ, ਬਾਦਸ਼ਾਹ ਆ ਸੀਸ ਝੁਕਾਂਵਦਾ ਏ
ਬੈਠੇ ਕੰਢੇ ਗੋਦਾਵਰੀ ਤਦੋਂ ਗੁਰਜੀ, ਖੇਲ ਇਸ ਤਰ੍ਹਾਂ ਚਿਤ ਨੂੰ ਭਾਂਵਦਾ ਏ
ਹੀਰਾ ਚੁਕ ਕੇ ਸੁਟਿਆ ਵਿਚ ਨਦੀ ਬਾਦਸ਼ਾਹ ਏਹ ਵੇਖ ਪਛਤਾਂਵਦਾ ਏ
ਐਵੇਂ ਕੀਮਤੀ ਰਤਨ ਗਵਾ ਦਿਤਾ, ਕੁਝ ਬਾਦਸ਼ਾਹ ਬੁਰਾ ਮਨਾਂਵਦਾ ਏ
ਹਸ ਆਖਦੇ ਰੰਜ ਨ ਹੋ ਸ਼ਾਹਾ, ਇਥੇ ਸੁਟਿਆ ਐਵੇਂ ਨਾ ਜਾਂਵਦਾ ਏ
ਸਤਿਗੁਰਾਂ ਦਾ ਏਥੇ ਖਜਾਨਾ ਭਾਰੀ ਨਜ਼ਰ ਬਾਦਸ਼ਾਹ ਹਿਠਾ ਜਾਂ ਪਾਂਵਦਾ ਏ
ਰਤਨ ਬੇਸ਼ੁਮਾਰ ਹੀ ਨਜ਼ਰ ਪਏ, ਗਿਆ ਮਾਨ ਤੇ ਦਿਲੋਂ ਸ਼ਰਮਾਂਵਦਾ ਏ
ਹੀਰਾ ਘਾਟ ਉਸ ਘਾਟ ਦਾ ਨਾਮ ਹੋਯਾ, ਯਾਦਗਾਰ ਅਟਲ ਰਖਾਂਵਦਾ ਏ
ਫੇਰ ਬਾਦਸ਼ਾਹ ਜੋੜਕੇ ਹਥ ਦੋਵੇਂ, ਆਜਜ਼ ਬਨਕੇ ਅਰਜ਼ ਸੁਨਾਂਵਦਾ ਏ
ਬੰਦੇ ਆਪਦੇ ਮਾਰਿਆ ਜ਼ਾਲਮਾਂ ਨੂੰ, ਹੁਣ ਰਯਤਾਂ ਤਈਂ ਸਤਾਂਵਦਾ ਏ

ਮੈਨੂੰ ਆਪਨੋ ਬਖਸ਼ੀ ਹੈ ਬਾਦਸ਼ਾਹੀ; ਓਹ ਸੁਣਿਆਂ ਗਦਰ ਉਠਾਂਵਦਾ ਏ
ਹਰ ਰੋਜ਼ ਫਰਯਾਦਾਂ ਆਉਂਦੀਆਂ ਨੇ, ਬੰਦਾ ਬੜਾ ਫਤੂਰ ਮਚਾਂਵਦਾ ਏ
ਭੁਲ ਮੇਰੀ ਦਾ ਫਲ ਕਰਤਾਰ ਸਿੰਘਾ, ਪਰ ਹੁਣ ਬੜਾ ਖੌਫ ਛਾਂਵਦਾ ਏ

ਤਥਾ

ਜਿਹੜੇ ਬਦਲੇ ਲੈਣੇ ਸੀ ਲੈ ਚੁਕਾ, ਹੁਣ ਮੇਰੇ ਤੇ ਰਹਿਮ ਕਮਾਓ ਗੁਰਜੀ
ਸਜ਼ਾ ਜ਼ਾਲਮਾਂ ਜ਼ੁਲਮ ਦੀ ਪਾ ਲਈ, ਮਿਹਰਬਾਨ ਹੋਕੇ ਬਖਸ਼ਾਓ ਗੁਰਜੀ
ਵਿਚ ਦੇਸ਼ ਦੇ ਜਿਸ ਤਰ੍ਹਾਂ ਅਮਨ ਹੋਵੇ ਹੁਣ ਬੰਦੇ ਨੂੰ ਹੁਕਮ ਸੁਨਾਓ ਗੁਰਜੀ
ਲੁਟ ਮਾਰ ਪੰਜਾਬ ਦੀ ਬੰਦ ਕਰੇ, ਮੇਰੇ ਪਾਸੋਂ ਜਗੀਰ ਦਿਵਾਓ ਗੁਰਜੀ
ਜਿੰਨਾ ਚਿਤ ਕਰੇ ਮੁਲਕ ਸਾਂਭ ਲਵੇ,ਸਿੰਘਾਂ ਤਈਂ ਦਿਵਾਓ ਜੋ ਚਾਓ ਗੁਰਜੀ
ਮੈਨੂੰ ਬਹੁਤ ਹੀ ਫਿਕਰ ਕਰਤਾਰ ਸਿੰਘਾ,ਮੇਰੀ ਭੁਲ ਨੂੰ ਦਿਲੋਂ ਭੁਲਾਓ ਗੁਰਜੀ

ਸ੍ਰੀ ਦਸ਼ਮੇਸ਼ ਜੀ

ਜੇ ਤੂੰ ਆਪਣੇ ਕੌਲਾਂ ਨੂੰ ਪੂਰਾ ਕਰਦੋਂ, ਦੇਂਦੇ ਸੁਖਨ ਜ਼ਬਾਨ ਨਿਬਾਹੇ ਸ਼ਾਹਾ
ਕਿਉਂ ਪੈਂਦੀਆਂ ਐਡ ਖੁਵਾਰੀਆਂ ਏਹ, ਕਾਹਨੂੰ ਹੋਂਵਦਾ ਦੇਸ਼ ਤਬਾਹੇ ਸ਼ਾਹਾ
ਹੁਣ ਹੋਰ ਥੋੜਾ ਚਿਰ ਸਬਰ ਕਰ ਤੂੰ ਦੜ ਵਟ ਕੇ ਦਿਨ ਲੰਘਾਏ ਸ਼ਾਹਾ
ਜ਼ੋਰ ਬੰਦੇ ਦਾ ਆਪੇ ਹੀ ਘਟ ਜਾਸੀ, ਥਾਂ ਆਪਣੇ ਤੋਂ ਗਿਰ ਜਾਏ ਸ਼ਾਹਾ
ਏਹ ਸੁਣਕੇ ਬਾਦਸ਼ਾਹ ਖੁਸ਼ੀ ਹੋਯਾ, ਡੇਰਾ ਇਕ ਦੋ ਦਿਨ ਠਹਿਰਾਏ ਸ਼ਾਹਾ
ਗੋਲਕੰਡੇ ਨੂੰ ਗਿਆ ਕਰਤਾਰ ਸਿੰਘਾ, ਸਤਿਗੁਰਾਂ ਪਾਸੋਂ ਖੁਸ਼ੀ ਤਾਏ ਸ਼ਾਹਾ

ਫੀਰੋਜ਼ ਖਾਂ ਦਾ ਤੀਰ ਅੰਦਾਜ਼ੀ ਦਾ ਅਖਾੜਾ

ਇਕ ਦਿਨ ਨਦੇੜ ਦੇ ਬਾਹਰ ਨੇੜੇ, ਜਮ੍ਹਾਂ ਖੇਲਨੇ ਵਾਸਤੇ ਖਾਨ ਹੋਏ
ਸ਼ਸਤ੍ਰ ਵਿਦਿਆਦਾਓਹਅਖਾੜਾਰਚਿਆ,ਸ਼ਾਮਲਗੁਰੂਜੀ ਭੀ ਵਿਚ ਜਾਨ ਹੋਏ
ਕਰਤਬ ਯੋਧਿਆਂ ਬੜੇ ਦਿਖਾਲੇ ਉਥੇ, ਜਮ੍ਹਾਂ ਚੋਣਵੇਂ ਕਈ ਮੁਸਲਮਾਨ ਹੋਏ
ਜਦ ਤੀਰ ਅੰਦਾਜ਼ੀ ਦਾ ਵਕਤ ਆਯਾ, ਅਗੇ ਗੁਰੂ ਜੀ ਲੈ ਕਮਾਨ ਹੋਏ
ਦੂਰ ਸਭ ਤੋਂ ਗੁਰਾਂ ਦਾ ਤੀਰ ਪਹੁੰਚੇ, ਵੇਖ ਵੇਖ ਕੇ ਖਾਨ ਹੈਰਾਨ ਹੋਏ
ਗੁਰਾਂ ਤਕ ਨ ਕਿਸੇ ਦਾ ਤੀਰ ਪਹੁੰਚਾ, ਨ ਨਿਸ਼ਾਨੇ ਤੇ ਠੀਕ ਨਿਸ਼ਾਨ ਹੋਏ
ਪਰ ਇਕ ਸੀ ਵਿਚ ਪਠਾਨ ਲੜਕਾ, ਓਹਦੇ ਚੰਗੇ ਨਿਸ਼ਾਨ ਪਛਾਨ ਹੋਏ

ਓਹਦੀ ਹਿੰਮਤ ਵੇਖ ਕਰਤਾਰ ਸਿੰਘਾ, ਗੁਰੂ ਸਾਹਿਬ ਉਸਤੇ ਮਿਹਰਬਾਨ ਹੋਏ

### ਪਠਾਨ ਲੜਕੇ ਤੋਂ ਸਤਿਗੁਰਾਂ ਨੇ ਨਾਮ ਪਤਾ ਪੁਛਣਾ

ਜਦ ਪੁਛਿਆ ਓਸ ਨੂੰ ਗੁਰੂ ਜੀ ਨੇ, ਹੈ ਦਸ ਖਾਨਾ ਕੀ ਨਾਮ ਤੇਰਾ
ਬਾਪ ਦਾਦੇ ਦਾ ਪਤਾ ਭੀ ਦਸ ਸਾਨੂੰ, ਕਿਸ ਥਾਂ ਹੈ ਘਰ ਮੁਕਾਮ ਤੇਰਾ
ਏਥੇ ਪਾਸ ਕਿਥੇ ਕਿਥੇ ਰਹਿੰਦਾ, ਅਤੇ ਕੀਹ ਰੁਜ਼ਗਾਰ ਹੈ ਕਾਮ ਤੇਰਾ
ਤੇਰੇ ਨਾਲ ਹੈ ਕੌਨ ਕਰਤਾਰ ਸਿੰਘਾ, ਲੇਖੇ ਲਗਨਾ ਹਡ ਤੇ ਚਾਮ ਤੇਰਾ

### ਪਠਾਨ ਬਚੇ ਨੇ ਆਪਣਾ ਪੂਰਾ ਪਤਾ ਦਸਣਾ

ਪੈਦਾ ਹੋਯਾ ਮੈਂ ਦੇਸ ਪੰਜਾਬ ਅੰਦਰ, ਹੈ ਨੇੜੇ ਜਾਲੰਧਰੋਂ ਥਾਂ ਪੀਰੋ
ਮੀਰ ਪਿੰਡ ਦਾ ਵਸਨੇਹਾਰ ਹਾਂ ਮੈਂ, ਗੁਲ ਖਾਂ ਸਮਝੋ ਮੇਰਾ ਨਾਂ ਪੀਰੋ
ਅਤਾਉੱਲਾ ਖਾਂ ਦੂਸਰਾ ਭਾਈ ਮੇਰਾ, ਨਾਲ ਤੀਸਰੀ ਹੈ ਸਾਡੀ ਮਾਂ ਪੀਰੋ
ਪੈਂਦੇ ਖਾਂ ਬਹਾਦਰ ਦਾ ਹਾਂ ਪੋਤਾ, ਸੈਦੇ ਖਾਂ ਸੀ ਬਾਪ ਸੁਨਾ ਪੀਰੋ
ਇਸ ਵਕਤ ਨਦੇੜ ਦੇ ਵਿਚ ਰਹਿੰਦੇ, ਸ਼ਾਹੀ ਨੌਕਰੀ ਨਿੱਤ ਬਜਾ ਪੀਰੋ
ਖਾਦਮ ਆਪਦੇ ਮੁਢੋਂ ਕਰਤਾਰ ਸਿੰਘਾ, ਸੱਚ ਸੱਰ ਇਹ ਹਾਲ ਬਤਾ ਪੀਰੋ

### ਗੁਲ ਖਾਂ ਨਾਲ ਸਤਿਗੁਰਾਂ ਦਾ ਮਿਲਾਪ

ਸਤਿਗੁਰੂ ਜੀ ਸੁਣ ਕੇ ਖੁਸ਼ ਹੋਏ, ਭਾਣਾ ਏਹੋ ਅਕਾਲ ਨੂੰ ਭਾਂਵਦਾ ਜੀ
ਪੰਜ ਮੋਹਰਾਂ ਦੇਕੇ ਕਹਿਆ ਨਿਤ ਆਉਨਾ, ਉਹ ਖੁਸ਼ੀ ਹੋਕੇ ਘਰ ਜਾਂਵਦਾ ਜੀ
ਰੋਜ਼ ਆਉਨ ਲਗਾ ਪਾਸ ਗੁਰੂ ਜੀ ਦੇ, ਛੋਟੇ ਭਾਈ ਨੂੰ ਨਾਲ ਲਿਆਂਵਦਾ ਜੀ
ਪਾੜੇ ਨਿਤ ਅਨਾਮ ਕਰਤਾਰ ਸਿੰਘਾ, ਪਰ ਸਿੰਘਾਂ ਨੂੰ ਨਹੀਂ ਸੁਖਾਂਵਦਾ ਜੀ
ਜਾਣੀ ਜਾਣ ਸਤਿਗੁਰੂ ਜੀ ਜਾਣਦੇ ਸਨ, ਜਾਣ ਬੁਝ ਏਹ ਖੇਲ ਰਚਾਈ ਆਪੇ
ਵੈਰੀ ਹਥੋਂ ਸ਼ਹੀਦ ਹੋ ਮਰਨ ਚੰਗਾ, ਏਹ ਮੁਢੋਂ ਸੀ ਨੀਤ ਠਹਿਰਾਈ ਆਪੇ
ਦੁਰੀ ਮੌਤ ਬੀਸਾਰੀ ਦੀ ਸੂਰਮੇ ਹੈ, ਸਤਿਗੁਰੂ ਜੀ ਏਹ ਲਿਖਾਈ ਆਪੇ
''ਜਬ ਆਯੂ ਕੀ ਅਉਧ ਨਿਦਾਨ ਬਣੇ ਅਤਿਸੇ ਰਣ ਮੈਂ ਤਬ ਜੂਝ ਮਰੂੰ''
ਵਿਚ ਜੰਗਾਂਦੇ ਮੌਕੇ ਨਉਮਰ ਦਿਤਾ, ਆਖਰ ਆਣ ਏਹ ਬਿਧ ਬਨਾਈ ਆਪੇ
ਗੁਲ ਖਾਂ ਹਥੋਂ ਖਾਕੇ ਤੇਗ ਆਖਰ, ਗੁਰਪੁਰੀ ਜਾਣਾ ਦਿਲ ਪਾਈ ਆਪੇ
ਵੈਰੀ ਜਾਣਦੇ ਨਾਲ ਕਰਤਾਰ ਸਿੰਘਾ, ਜਾਣ ਬੁਝ ਪ੍ਰੀਤ ਵਧਾਈ ਆਪੇ

### ਸ੍ਰੀ ਸਾਹਿਬ ਕੌਰ ਜੀ ਨੂੰ ਦਿਲੀ ਵਲ ਟੋਰਨ ਦੀ ਸਲਾਹ

ਬੀਰਰਸ ਦੀ ਬਿਰਤੀਨੂੰ ਤਯਾਗ ਕਰਕੇ,ਚਿੱਤਨਿਜ ਸਰੂਪ ਵਿਚ ਲਾਯਾ ਗੁਰਾਂ
ਅੰਤ ਸਮਾਂ ਨਜ਼ਦੀਕ ਪਛਾਨ ਕਰਕੇ, ਰੋਕ ਬ੍ਰਿਤੀ ਤਈਂ ਠਹਿਰਾਯਾ ਗੁਰਾਂ
ਸਾਹਿਬਕੌਰ ਜੀਨੂੰ ਦਿਲੀ ਟੋਰ ਦੇਣਾ,ਸਮਝ ਅੰਤ ਵੇਲੇ ਕਾਰਨ ਚਾਹਯਾ ਗੁਰਾਂ
ਇਕ ਦਿਨ ਬਿਠਾਲਕੇ ਨਾਲ ਆਦਰ, ਬੜੇ ਹੌਸਲੇ ਨਾਲ ਸੁਨਾਯਾ ਗੁਰਾਂ
ਤੁਸੀਂ ਸੁੰਦਰੀ ਜੀ ਦੇ ਪਾਸ ਜਾਵੋ, ਕਿਤੇ ਜਾਣਾ ਅਸਾਂ ਸਮਝਾਯਾ ਗੁਰਾਂ
ਮਾਤਾ ਹੋਈ ਬੇਹਾਲ ਕਰਤਾਰ ਸਿੰਘਾ, ਮਾਨੋਂ ਤੀਰ ਵਿਛੋੜੇ ਦਾ ਲਾਯਾ ਗੁਰਾਂ

### ਸ੍ਰੀ ਸਾਹਿਬ ਕੌਰ ਜੀ ਦੀ ਬੇਨਤੀ

ਮਾਤਾ ਖਾਲਸੇ ਦੀ ਬਚਨ ਸੁਣਕੇ ਏਹ, ਬੇਹਬਲ ਹੋਕੇ ਅਰਜ਼ੀ ਗੁਜ਼ਾਰਦੀ ਏ
ਮੈਨੂੰ ਪਤੀ ਜੀ ਚਰਨਾਂ ਦੇ ਵਿਚ ਰਖੋ, ਥਰ ਥਰ ਕੰਬੇ ਆਂਸੂ ਡਾਰਦੀ ਏ
ਮੇਰਾ ਆਪ ਤੋਂ ਬਿਨਾਂ ਜੀਉਣਾ ਕੀਹ, ਮੈਨੂੰ ਆਸ ਨ ਕੋਈ ਸੰਸਾਰ ਦੀ ਏ
ਦੁਖਾਂ ਭਰੀ ਨੂੰ ਹੁਣ ਵਿਛੋੜਦੇ ਕਿਉਂ, ਏਹ ਮਰਜ਼ੀ ਕੀ ਕਰਤਾਰ ਦੀ ਏ
ਦੁਖ ਅਗਲੇ ਹੀ ਅਜੇ ਨਹੀਂ ਭੁਲੇ ਤੀੜ ਰੜਕਦੀ ਚਿਤ ਪਰਵਾਰ ਦੀ ਏ
ਓਹ ਰੌਣਕਾਂ ਪੁਰੀ ਆਨੰਦ ਦੀਆਂ, ਪਈ ਥੁੜ ਜੋ ਜ਼ਰੀ ਜਵਾਹਰ ਦੀ ਏ
ਸੇਵਕ ਸਿਖ ਗਏ ਰਾਗ ਰੰਗ ਗਏ, ਯਾਦ ਭੁਲਦੀ ਨ ਘਰ ਬਾਰ ਦੀ ਏ
ਗਿਆ ਦੇਸ ਕੁਟੰਬ ਤੇ ਸਾਥ ਛੁਟੇ, ਦੁਖ ਜਿੰਦ ਪਰਦੇਸ ਸਹਾਰਦੀ ਏ
ਹਾਂ ਦੁਖਾਂ ਨੂੰ ਸੁਖ ਕਰ ਭੋਗ ਰਹੀ, ਆਸ ਆਪ ਦੇ ਨਿਤ ਦੀਦਾਰ ਦੀ ਏ
ਹੁਣ ਤੁਸੀਂ ਆ ਧਕਾ ਦੇਨ ਲਗੇ, ਏਹ ਆਖ ਰੋਈ ਭੁਬਾਂ ਮਾਰਦੀ ਏ
ਬਹੁਤੇ ਸਿੰਘ ਭੀ ਸੁਣਕੇ ਰੋ ਪਏ, ਧੀਰਜ ਸਭ ਦੀ ਆਣਕੇ ਹਾਰਦੀ ਏ
ਏਹਦੇ ਵਿਚ ਕੀਹ ਸ਼ੱਕ ਕਰਤਾਰ ਸਿੰਘਾ, ਮਾਤਾ ਸਚੇ ਹੀ ਦੁਖ ਉਚਾਰਦੀ ਏ

### ਸ੍ਰੀ ਦਸਮੇਸ਼ ਜੀ ਨੇ ਧੀਰਜ ਦੇਨੀ

ਗੁਰਪਤਨੀ ਹੋ ਮਾਤਾ ਖਾਲਸੇ ਦੀ, ਨਹੀਂ ਏਤਨਾ ਹੌਲਾ ਢਾਣਾ ਚਾਹੀਏ
ਨਾਸਵੰਤ ਪਦਾਰਥਾਂ ਸਾਰਿਆਂ ਦਾ, ਮੋਹ ਚਿਤ ਦੇ ਵਿਚ ਨ ਲਾਣਾ ਚਾਹੀਏ
ਧਨ ਦੌਲਤ ਪੁਤ੍ਰ ਪ੍ਰਵਾਰ ਸਾਰੇ, ਨਾਸਵੰਦ ਹਨ ਪਰ ਠਹਿਰਾਣਾ ਚਾਹੀਏ
ਜੋ ਹੋ ਰਿਹਾ ਹੁਕਰ ਅਕਾਲ ਅੰਦਰ, ਓਹਨੂੰ ਕਰਕੇ ਸੁਕਰ ਬਜਾਣਾ ਚਾਹੀਏ

ਏਸੇ ਤਰ੍ਹਾਂ ਹੁਕਮ ਅਕਾਲ ਜੀ ਦਾ, ਨਹੀਂ ਓਸਦੇ ਤਈਂ ਪਰਤਾਣਾ ਚਾਹੀਏ
ਸਾਡਾ ਮੰਨਕੇ ਹੁਕਮ ਕ੍ਰਤਾਰਸਿੰਘਾ, ਖੁਸ਼ੀ ਨਾਲ ਹੁਣ ਦਿਲੀ ਨੂੰ ਜਾਣਾ ਚਾਹੀਏ

ਸ੍ਰੀ ਸਾਹਿਬ ਕੌਰ ਜੀ

ਹੁਕਮ ਪਤੀ ਜੀ ਮੋੜ ਨ ਸਕਦੀ ਮੈਂ, ਨਾਂਹ ਕਰਾਂ ਪਤੀਬ੍ਰਤ ਟੁਟ ਜਾਂਦਾ
ਪਰ ਆਪਦੇ ਚਰਨ ਦੇ ਵਿਚ ਮੇਰਾ, ਚੰਗਾ ਹੁੰਦਾ ਸਰੀਰ ਜੇ ਛੁਟ ਜਾਂਦਾ
ਪਿਛੇ ਜੀਉਂਦੇ ਦੁਖ ਹੀ ਝਲਨੇ ਨੇ, ਤੁਹਾਡੇ ਹਥਾਂ ਵਿਚ ਠੀਕਰਾ ਫੁਟ ਜਾਂਦਾ
ਮੈਂ ਕਰਦੀ ਸ਼ੁਕਰ ਕਰਤਾਰ ਸਿੰਘਾ, ਅੰਨ ਜਲ ਜੇ ਝਬ ਨਿਖੁਟ ਜਾਂਦਾ

ਸ੍ਰੀ ਦਸਮੇਸ਼ ਜੀ

ਮਰਨਾ ਜੰਮਣਾ ਹੁਕਮ ਅਕਾਲ ਅੰਦ੍ਰ, ਓਹਦੇ ਕੀਤੇਨੂੰ ਕਿਸ ਪਲਟਾਵਨਾ ਏਂ
ਅਜੇ ਖਾਲਸਾ ਨਹੀਂ ਜਵਾਨ ਹੋਯਾ, ਤੁਸਾਂ ਗੋਦ ਦੇ ਵਿਚ ਖਿਡਾਵਨਾ ਏਂ
ਥੋੜਾ ਚਿਰ ਕੁਝ ਪਾਲਨਾ ਹੋਰ ਕਰ ਲੌ, ਫੇਰ ਤੁਸਾਂ ਨੂੰ ਝਬ ਬੁਲਾਵਨਾ ਏਂ
ਸਾਡੇ ਪਿਛੋਂ ਜਲਦੀ ਕਰਤਾਰ ਸਿੰਘਾ, ਗੁਰਪੁਰੀ ਨੂੰ ਤੁਸਾਂ ਭੀ ਆਵਨਾ ਏਂ

ਸ੍ਰੀ ਸਾਹਿਬ ਕੌਰ ਜੀ

ਹਾਂ ਆਗਯਾ ਮੋੜ ਨ ਸਕਦੀ ਮੈਂ, ਪਤੀ 'ਈਸ਼ਰ' ਹੁਕਮ ਪਰਤਾਂ ਕੀਕੂੰ
ਦਿਲੀ ਵਿਚ ਨ ਆਸਰਾ ਕੋਈ ਸਾਡਾ, ਬਿਨਾਂ ਆਸਰੇ ਝਟ ਲੰਘਾ ਕੀਕੂੰ
ਨ ਪੁਤ ਪਰਵਾਰ ਨ ਧਨ ਦੌਲਤ, ਉਥੇ ਜਾਕੇ ਸਮਾਂ ਬਿਤਾਂ ਕੀਕੂੰ
ਕਿਰਪਾ ਕਰ ਦਸੋ ਕਰਤਾਰ ਸਿੰਘਾ, ਕਾਰ ਬਾਰ ਬੇਪਰ ਚਲਾਂ ਕੀਕੂੰ

ਸ੍ਰੀ ਦਸਮੇਸ਼ ਜੀ

ਸ੍ਰੀ ਵਾਹਿਗੁਰੂ ਆਪ ਨਿਰਬਾਹ ਕਰਸੀ, ਕਾਰਬਾਰ ਭੀ ਓਹੋ ਚਲਾਏਗਾ ਜੀ
ਬਾਕੀ ਖਾਲਸਾ ਸਭ ਪ੍ਰਵਾਰ ਤੁਹਾਡਾ, ਵਾਂਗ ਪੁਤਰਾਂ ਸੇਵ ਕਮਾਏਗਾ ਜੀ
ਕਿਸੇ ਚੀਜ ਦੀ ਥੁੜ ਨ ਆਉਨ ਦੇਗਾ, ਧਨ ਦੌਲਤ ਬਹੁਤ ਪਹੁੰਚਾਏਗਾ ਜੀ
ਜਾਓ ਖੁਸ਼ੀ ਦੇ ਨਾਲ ਕ੍ਰਤਾਰ ਸਿੰਘਾ, ਦ੍ਰਸ਼ਨ ਹੋਇਗਾ ਜਦ ਦਿਲ ਚਾਏਗਾ ਜੀ

ਮਾਤਾ ਸਾਹਿਬ ਕੌਰ ਨੇ ਦਿਲੀ ਨੂੰ ਜਾਣਾ

ਅੰਤ ਮੰਨਕੇ ਆਗਯਾ ਤਯਾਰ ਹੋਏ, ਕਮਰਕਸਾ ਸਤਿਗੁਰਾਂ ਦਿਵਾਯਾ ਜੀ
ਕਮਰਕਸੇ ਦਾ ਰੋਜ ਦੀਦਾਰ ਕਰਨਾ, ਸਾਡਾ ਹੋਏ ਦੀਦਾਰ ਫਰਮਾਯਾ ਜੀ

ਮਣੀ ਸਿੰਘ ਨੂੰ ਗੁਰੂ ਜੀ ਨਾਲ ਕੀਤਾ, ਲੈਕੇ ਦਿਲੀ ਦੇ ਵਲ ਓਹ ਆਯਾ ਜੀ
ਸੁਣੋ ਅਗਲਾ ਹਾਲ ਕਰਤਾਰ ਸਿੰਘਾ, ਭਾਣਾ ਕਿਵੇਂ ਅਕਾਲ ਵਰਤਾਯਾ ਜੀ

ਵਾਕ ਕਵੀ

ਗੁਲ ਖਾਂ ਤੇ ਦੂਆ ਅਤਾਉੱਲਾ, ਰੋਜ਼ ਪਾਸ ਸਤਿਗੁਰਾਂ ਦੇ ਆਂਵਦੇ ਰਹੇ
ਸਤਿਗੁਰੂ ਜੀ ਉਨ੍ਹਾਂ ਤੇ ਬਹੁਤ ਖੁਸ਼ੀ, ਚੰਗੇ ਚੰਗੇ ਅਨਾਮ ਓਹ ਪਾਂਵਦੇ ਰਹੇ
ਮੁਸਲਮਾਨ ਕਈ ਗੁਸਾ ਖਾ ਕਰਕੇ, ਤਾਹਨੇ ਚਦੀਆਂ ਉਨ੍ਹਾਂ ਨੂੰ ਲਾਂਵਦੇ ਰਹੇ
ਜਾਂਦੇ ਕਾਫਰ ਪਾਸ ਕਰਤਾਰ ਸਿੰਘਾ, ਕਰ ਬੋਲ ਕਬੋਲ ਰੜਕਾਂਦੇ ਰਹੇ

ਸਾਬਰਸ਼ਾਹ ਜਿਹਾ ਨੇ ਗੁਲ ਖਾਂ ਨੂੰ ਭੜਕਾਣਾ

ਮੁਸਲਮਾਨ ਤਾਂ ਅਗੇਹੀ ਦੁਖ ਕਰਦੇ, ਵੈਰ ਮਜ਼ਬੀ ਦਿਲੀਂ ਰਖਾਉਣ ਬਹੁਤੇ
ਵੈਰੀ ਦੀਨ ਇਸਲਾਮ ਆਖ ਕਰਕੇ, ਬਾਦ ਈਰਖਾ ਨਿਤ ਵਧਾਉਣ ਬਹੁਤੇ
ਸਾਬਰਸ਼ਾਹ ਦਾ ਜਦ ਤੋਂ ਥਾਂ ਖੁਸਾ; ਲਗਪਿਆ ਓਹਦਾਓ ਤਕਾਉਣ ਬਹੁਤੇ
ਓਹਦੇ ਨਾਲ ਮਿਲੇ ਕਈ ਸ਼ਰ੍ਹਾ ਵਾਲੇ ਲਗੇ ਹਰਦਮ ਬੁਰਾ ਮਨਾਉਣ ਬਹੁਤੇ
ਚਾਹੁਨ ਗੁਰਾਂ ਨੂੰ ਕਤਲ ਕਰਵਾ ਦਈਏ,ਬੈਠਬੈਠ ਮਨਸੂਬੇ ਬਨਾਉਣ ਬਹੁਤੇ
ਅੰਤ ਗੁਲਖਾਂ ਨੂੰ ਹਥ ਵਿਚ ਲੈਕੇ, ਲਗੇ ਉਸ ਤਾਈਂ ਭੜਕਾਉਣ ਬਹੁਤੇ
ਵੈਰੀ ਦੀਨ ਦਾ ਜੋ ਉਹ ਸਾਡਾ ਵੈਰੀ, ਲਗੇ ਮਸਲੇ ਨਿਤ ਸੁਨਾਉਣ ਬਹੁਤੇ
ਤਾਹਨੇ ਮਾਰਕੇ ਰੋਜ਼ ਕਰਤਾਰ ਸਿੰਘਾ, ਛਹੇ ਉਸਨੂੰ ਜੋਸ਼ ਚੜ੍ਹਾਉਣ ਬਹੁਤੇ

ਵਾਕ ਕਵੀ

ਅੰਤ ਬਹੁਤਿਆਂ ਨੇ ਕਰ ਕਰ ਗਲਾਂ, ਗੁਲ ਖਾਂ ਦੇ ਤਈਂ ਤਈਂ ਫਸਾ ਲਿਆ
ਪੀਰ ਹਿੰਦ ਦੇ ਨੂੰ ਕਤਲ ਕਰ ਦੇਵਾਂ, ਏਹ ਪਠਾਨ ਬਚੇ ਤੋਂ ਮਨਾ ਲਿਆ
ਹੈਸੀ ਹੁਕਮ ਅਕਾਲ ਦਾ ਏਸੇ ਤਰਾਂ, ਓਹਨਾਂ ਓਹੋ ਮਨਸੂਬਾ ਪਕਾ ਲਿਆ
ਵੇਲਾ ਤਾੜਕੇ ਕੋਈ ਕਰਤਾਰਸਿੰਘਾ,ਪਾਪ ਕਰਨਾ ਉਹਨਾਂਤੋਂ ਠਹਿਰਾ ਲਿਆ

ਗੁਲ ਖਾਂ ਨੇ ਸ੍ਰੀ ਦਸਮੇਸ਼ ਜੀ ਤੇ ਖੰਜਰ ਦਾ ਵਾਰ ਕਰਨਾ

ਪਾਪੀ ਚੰਦਰੇ ਰੋਜ਼ ਦੇ ਆਉਣ ਵਾਲੇ, ਲੋਕਾਂ ਉਨ੍ਹਾਂ ਤੇ ਸੀ ਇਤਬਾਰ ਕੀਤਾ
ਇਕ ਦਿਨ ਦੋਵੇਂ ਭਾਈ ਰਲ ਆਏ, ਕੰਮ ਹੈ ਓਹਨਾਂ ਹੁਸ਼ਯਾਰ ਕੀਤਾ
ਆਪੋ ਆਪਣੀ ਕੰਮੀ ਸੀ ਸਿੰਘ ਰੁਝੇ, ਛੋਟਾ ਭਾਈ ਖੜਾ ਉਸ ਬਾਹਰ ਕੀਤਾ

ਗੁਲ ਖਾਂ ਨੇ ਤੰਬੂ ਦੇ ਵਿਚ ਜਾਕੇ, ਖੰਜਰ ਨਾਲ ਸਤਿਗੁਰਾਂ ਤੇ ਵਾਰ ਕੀਤਾ
ਪਰ ਡਰਦੇ ਦਾ ਹਥ ਕੰਬ ਗਿਆ, ਕਾਰੀ ਜਖਮ ਨ ਓਸ ਦੀ ਧਾਰ ਕੀਤਾ
ਤਤੇ ਘਾਹ ਸਤਿਗੁਰਾਂ ਨੇ ਵੈਰੀ ਨੂੰ ਜੀ, ਤੇਗ ਮਾਰ ਓਹਦਾ ਕੰਮ ਪਾਰ ਕੀਤਾ
ਕੋਈ ਨੇੜੇ ਹੈ ਸਿੰਘ ਕਰਤਾਰ ਸਿੰਘਾ, ਸਤਿਗੁਰਾਂ ਨੇ ਬੋਲ ਉਚਾਰ ਕੀਤਾ

ਸਿੰਘਾਂ ਦਾ ਰੌਲਾ ਤੇ ਅਤਾਉੱਲਾ ਦਾ ਮਰਨਾ

ਬੋਲ ਗੁਰਾਂ ਦੇ ਸੁਣਕੇ ਸਿੰਘ ਦੌੜੇ, ਹਾਲ ਵੇਖਕੇ ਸਭ ਹੈਰਾਨ ਹੋਏ
ਗੁਲਖਾਂ ਮਰਿਆ, ਸਤਿਗੁਰੂ ਜੀ ਭੀ, ਪਏ ਮੰਜੇ ਤੇ ਲਹੂ ਲੁਹਾਨ ਹੋਏ
ਬਾਹਰੋ ਚਲਿਆ ਦੌੜ ਅਤਾਉੱਲਾ, ਸਵਾਸ ਉਸਦੇ ਭੀ ਗੁੰਮ ਆਨ ਹੋਏ
ਅੜ ਤੰਬੂ ਦੀ ਲਾਸ ਦੇ ਨਾਲ ਡਿਗਾ, ਸਿੰਘਾਂ ਫੜ ਲਿਆ ਕਹਿਰਵਾਨ ਹੋਏ
ਟੋਟੇ ਟੋਟੇ ਹਰਾਮੀ ਨੂੰ ਕਰ ਦਿਤਾ, ਕਠੇ ਗਿਰਦ ਫਿਰ ਗੁਰਾਂ ਦੇ ਜਾਨ ਹੋਏ
ਏਹ ਖੇਲ ਕੀਹ ਹੋਯਾ ਕਰਤਾਰ ਸਿੰਘਾ, ਸਿੰਘ ਵੇਖ ਡਾਢੇ ਪਸ਼ੇਮਾਨ ਹੋਏ

ਸਿੰਘਾਂ ਦੀ ਬੇਨਤੀ

ਨਹੀਂ ਤੁਰਕ ਦਾ ਕਦੇ ਵਿਸਾਹ ਖਾਣਾ, ਸਾਨੂੰ ਹੈ ਸਾਓ ਨਿਤ ਸਿਖਾਂਵਦੇ ਜੀ
ਪਰ ਆਪ ਹੀ ਉਨਾਂ ਦੇ ਆਏ ਕਾਬੂ, ਭਾਣੇ ਏਹ ਕੀ ਸਤਿਗੁਰੋ ਭਾਂਵਦੇ ਜੀ
ਅਸੀਂ ਤਦ ਤੋਂ ਹੀ ਪਏ ਡਰਦੇ ਸਾਂ, ਏਹ ਜਦ ਤੋਂ ਦੋਵੇਂ ਸਨ ਆਂਵਦੇ ਜੀ
ਗੁਰ ਧੀਰਜ ਨਾਲ ਕਰਤਾਰ ਸਿੰਘਾ, ਅਗੋਂ ਸਿੰਘਾਂ ਨੂੰ ਆਖ ਸੁਨਾਂਵਦੇ ਜੀ

ਸ੍ਰੀ ਦਸਮੇਸ਼ ਜੀ

ਏਸੇ ਤਰ੍ਹਾਂ ਏਹ ਹੁਕਮ ਅਕਾਲ ਦਾ ਸੀ, ਤੁਸੀਂ ਮਨਾਂ ਨੂੰ ਫਿਕ੍ਰ ਨ ਲਾਓ ਸਿੰਘੋ
ਜ਼ਖਮ ਥੋੜ੍ਹਾ ਹੈ ਫਿਕ੍ਰ ਦੀ ਗਲ ਨਾਹੀਂ ਰਖੋ ਹੌਂਸਲਾ ਨ ਘਬਰਾਓ ਸਿੰਘੋ
ਅਮਰ ਸਿੰਘ ਜਰਾਹ ਨੂੰ ਸਦ ਲਿਆਵੋ, ਜ਼ਖਮ ਉਸਦੇ ਪਾਸੋਂ ਸਵਾਓ ਸਿੰਘੋ
ਅਸੀਂ ਹਾਂ ਰਾਜ਼ੀ ਕਰਤਾਰ ਸਿੰਘਾ, ਬੁਰਾ ਭਲਾ ਨ ਮੂਲ ਮਨਾਓ ਸਿੰਘੋ

ਬਾਦਸ਼ਾਹ ਨੂੰ ਖਬਰ ਕਰਨੀ ਤੇ ਸਤਿਗੁਰਾਂ ਦਾ ਜ਼ਖਮ ਰਾਜ਼ੀ ਹੋਣਾ

ਅਮਰ ਸਿੰਘ ਨੇ ਜਖਮ ਨੂੰ ਸੀਊ ਕਰਕੇ, ਖੂਬ ਮਲ੍ਹਮ ਪਟੀ ਉਤੇ ਲਾ ਦਿਤੀ
ਸਿੰਘਾਂ ਲਿਖਕੇ ਖਬਰ ਇਸ ਹਾਲ ਦੀ ਜੀ, ਬਾਦਸ਼ਾਹ ਦੇ ਵਲ ਪੁਚਾ ਦਿਤੀ
ਬਾਦਸ਼ਾਹੀ ਜਰਾਹ ਉਸ ਭੇਜ ਦਿਤੇ, ਚਿਠੀ ਭਰੀ ਅਫਸੋਸ ਲਿਖਾ ਦਿਤੀ

ਥੋੜੇ ਚਿਰ ਦੇ ਵਿਚ ਕਰਤਾਰ ਸਿੰਘਾ, ਸ੍ਰੀ ਵਾਹਿਗੁਰੂ ਬਖਸ਼ ਸਫਾ ਦਿਤੀ

### ਜ਼ਖਮ ਨੇ ਫੇਰ ਖੁਲ ਜਾਣਾ

ਅਜੇ ਜ਼ਖਮ ਸਾਰਾ ਵਿਚੋਂ ਅਲਾ ਹੀਸੀ, ਉਤੋਂ ਜਾਪਦਾ ਸੀ ਜਿਵੇਂ ਛੁਟ ਗਿਆ
ਇਕ ਦਿਨ ਕਮਾਨ ਲੈ ਗੁਰੂ ਜੀ ਨੇ, ਜ਼ੋਰ ਨਾਲ ਖਿਚੀ ਜ਼ਖਮ ਟੁਟ ਗਿਆ
ਓਸ ਵਕਤ ਆਕੇ ਖੂਨ ਜਾਰੀ ਹੋਯਾ, ਠੋਕਰ ਲਗ ਜਿਵੇਂ ਭਾਂਜਾ ਫੁਟ ਗਿਆ
ਸਿੰਘ ਹੋਏ ਹੈਰਾਨ ਕਰਤਾਰ ਸਿੰਘਾ; ਅੰਤ ਹੌਂਸਲਾ ਦਿਲਾਂ ਦਾ ਟੁਟ ਗਿਆ

### ਸ੍ਰੀ ਦਸ਼ਮੇਸ਼ ਜੀ ਜ਼ਖਮ ਦੀ ਮਲ੍ਹਮ ਪਟੀ ਬੰਦ ਕਰ ਦੇਣੀ

ਸਿਘਾਂ ਮੰਜੇ ਤੇ ਚੁਕ ਲਿਟਾ ਦਿਤੇ, ਧੀਰਜ ਗੁਰਾਂ ਏ ਮੂਲ ਤਜਾਈ ਨਾਹੀਂ
ਹੋਰ ਸਿੰਘ ਸਾਰੇ ਘਬਰਾ ਗਏ, ਸਤਿਗੁਰਾਂ ਨੇ ਪੀੜ ਮਨਾਹੀ ਨਾਹੀਂ
ਮਲਮ ਪਟੀ ਰਲਕੇ ਸਿੰਘ ਕਰਨ ਲਗੇ, ਗੁਰਾਂ ਆਖਯਾ ਲੋੜ ਹੁਣ ਕਾਈ ਨਾਹੀਂ
ਹੈ ਹੁਕਮ ਹਜ਼ੂਰ ਤੋਂ ਆ ਗਿਆ, ਜਾਏ ਆਗਯਾ ਮੂਲ ਪਰਤਾਈ ਨਾਹੀਂ
ਏਹ ਸੁਣਦੇ ਸਿੰਘ ਤਾਂ ਰੋਣ ਲਗੇ, ਧੀਰਜ ਕਿਸੇ ਦੇ ਵਿਚ ਰਹਾਈ ਨਾਹੀਂ
ਏਹ ਅਸਹਿ ਵਛੋੜਾ ਕਰਤਾਰ ਸਿੰਘਾ, ਬਾਤ ਹੋਰ ਏਦੂੰ ਦੁਖਦਾਈ ਨਾਹੀਂ

### ਸਿੰਘਾਂ ਦੀ ਬੇਨਤੀ

ਏਹ ਕੀ ਭਾਣਾ ਵਰਤਾਨ ਲਗੇ, ਚਿਤ ਸੁਣਕੇ ਹੋਏ ਬੇਹਾਲ ਗੁਰ ਜੀ
ਗੁਰ ਪੂਰੀ ਨੂੰ ਤੁਸਾਂ ਤਯਾਰੇ ਕੀਤੇ, ਸਾਡਾ ਕੌਣ ਪਿਛੇ ਰਖਵਾਲ ਗੁਰ ਜੀ
ਸਾਡਾ ਕੌਣ ਪ੍ਰਦੇਸ ਦੇ ਵਿਚ ਏਥੇ; ਕੌਣ ਪੰਥ ਦੀ ਕਰੇ ਸੰਭਾਲ ਗੁਰ ਜੀ
ਪੰਥ ਬਾਪ ਬਿਨਾਂ ਇਉਂ ਰੁਲ ਜਾਸੀ, ਮਾਂ ਬਾਪ ਬਾਝੋਂ ਜਿਵੇਂ ਬਾਲ ਗੁਰ ਜੀ
ਅਜੇ ਖਾਲਸਾ ਵਾਂਗ ਅੰਞਾਣਿਆਂ ਦੇ, ਨਹੀਂ ਜਾਣਦਾ ਜਗਦੀ ਚਾਲ ਗੁਰ ਜੀ
ਦੁਖ ਜੰਮਦੇ ਦੇ ਗਲ ਪੈ ਗਏ, ਮਿਲੀ ਗੁਜ਼ਤੀ ਜੰਗ ਜਲਾਦ ਗੁਰ ਜੀ
ਤੁਹਾਡੇ ਹਥਾਂ ਦੇ ਵਿਚ ਜਵਾਨ ਹੁੰਦਾ, ਤੁਸੀਂ ਆਪ ਕਰਦੇ ਪ੍ਰਿਤਪਾਲ ਗੁਰ ਜੀ
ਸਾਯਾ ਸਿਰ ਤੇ ਰਖ ਕਰਤਾਰ ਸਿੰਘਾ, ਕਰਦੇ ਪਾਲਨਾ ਹੋਰ ਕੁਝ ਸਾਲ ਗੁਰ ਜੀ

### ਸ੍ਰੀ ਦਸ਼ਮੇਸ਼ ਜੀ ਨੇ ਸਿੰਘਾਂ ਨੂੰ ਧੀਰਜ ਦੇਣੀ

ਮਿਟੇ ਹੁਕਮ ਅਕਾਲ ਦਾ ਕਿਸੇ ਤੋਂ ਨ, ਸਤਿ ਕਰਕੇ ਅਸਾਂ ਬਗਾਵਨਾ ਏਂ
ਸਾਨੂੰ ਹੁਕਮ ਹਜ਼ੂਰ ਤੋਂ ਆ ਗਿਆ, ਗੁਰ ਪੂਰੀ ਜ਼ਰੂਰ ਹੀ ਜਾਵਨਾ ਏਂ

ਪੰਥ ਰਚਿਆ ਹੁਕਮ ਅਕਾਲ ਦੇ ਥੀਂ, ਤੇ ਅਕਾਲ ਦਾ ਹੀ ਸਦਵਾਵਨਾ ਏਂ
ਕਰੇ ਪਾਲਨਾ ਆਪ ਅਕਾਲ ਸਦਾ, ਗੋਦੀ ਸ੍ਰੀ ਅਸਕੇਤ ਖਿਡਾਵਨਾ ਏਂ
ਹਥ ਪੰਥ ਦੇ ਸਿਰ ਅਕਾਲ ਰਖੇ, ਦੁਸ਼ਟ ਦੋਖੀਆਂ ਪਾਸੋਂ ਬਚਾਵਨਾ ਏਂ
ਦੁਖ ਖਾਲਸੇ ਜੰਮਦੇ ਬਹੁਤ ਪਾਏ, ਸੁਖ ਪੰਥ ਨੂੰ ਬੜਾ ਵਿਖਾਵਨਾ ਏਂ
ਦੇ ਰਾਜ ਪ੍ਰਤਾਪ ਵਡਯਾਈਆਂ ਜੀ, ਤੇਜ ਜਗ ਦੇ ਵਿਚ ਵਧਾਵਨਾ ਏਂ
ਮੋਹ ਵਿਚ ਨ ਫਸੋ ਕਰਤਾਰ ਸਿੰਘਾ ਨ ਰਜੋ ਕਲੇਸ਼ ਦੀ ਭਾਵਨਾ ਏਂ

ਸਿੰਘਾਂ ਨੇ ਫੇਰ ਬੇਨਤੀ ਕਰਨੀ

ਘਰ ਬਾਰ ਤੇ ਸਾਕ ਕੁਟੰਬ ਛੁਟੇ, ਛਡੇ ਬਾਲ ਬਚੇ ਅਤੇ ਖੇਸ ਗੁਰ ਜੀ
ਸਿਰਫ ਆਪਣੇ ਇਕ ਦੀਦਾਰ ਬਦਵੇ, ਝਲੇ ਸੈਂਕੜੇ ਅਸਾਂ ਕਲੇਸ਼ ਗੁਰ ਜੀ
ਰਖੀ ਸਿਕ ਇਕ ਆਪਣੇਂ ਦਰਸ਼ਨਾਂ ਦੀ, ਦੇਸ ਛਡਕੇ ਆਏ ਪ੍ਰਦੇਸ ਗੁਰ ਜੀ
ਧਕਾ ਆਪਦੇ ਚਲੇ ਕਰਤਾਰ ਸਿੰਘਾ, ਦੁਖ ਦਿਲਾਂ ਨੂੰ ਪੁਜਾ ਬਸੰਸ ਗੁਰ ਜੀ

ਤਥਾ

ਇਕ ਆਪ ਦਾ ਆਸਰਾ ਰਖ ਕਰਕੇ, ਆਏ ਛਡ ਕੁਟੰਬਾਂ ਪਯਾਰਿਆਂ ਨੂੰ
ਕਿਥੇ ਦੇਸ ਸਾਡਾ ਕਿਥੇ ਆਏ ਅਸੀਂ; ਸਿਰ ਝਲ ਕੇ ਦੁਖੜੇ ਭਾਰਿਆ ਨੂੰ
ਹੁਣ ਤੁਸੀਂ ਭੀ ਲੜ ਛੁਡਾਉਨ ਲਗੇ, ਲਗ ਪਏ ਹੋ ਕਰਨ ਤਯਾਰਿਆਂ ਨੂੰ
ਰਹਿ ਜਾਂਗੇ ਅਸੀਂ ਨਿਭਾਜ ਭੈੜੇ, ਕਿਥੋਂ ਪਾਵਾਂਗੇ ਫੇਰ ਦੀਦਾਰਿਆਂ ਨੂੰ
ਦੁਖ ਕਿਵੇਂ ਵਿਛੋੜੇ ਦਾ ਝਲਾਂਗੇ ਜੀ, ਧੀਰਜ ਕਿਵੇਂ ਆਉ ਸਾਨੂੰ ਸਾਰਿਆਂ ਨੂੰ
ਲਗੇ ਦੇਣ ਉਪਦੇਸ਼ ਕਰਤਾਰ ਸਿੰਘਾ, ਸਤਿਗੁਰੂ ਜੀ ਆਪ ਬੁਲਾਰਿਆਂ ਨੂੰ

ਸ੍ਰੀ ਦਸਮੇਸ਼ ਜੀ ਨੇ ਸਿੰਘਾਂ ਨੂੰ ਉਪਦੇਸ਼ ਕਰਨਾ

ਸਦਾ ਰਹੇ ਨ ਪੀਰ, ਅਵਤਾਰ ਵਲੀ, ਨਾਸਵੰਤ ਹੈ ਕੁਲ ਸੰਸਾਰ ਸਿੰਘੋ
ਜੋ ਉਪਜਿਆਂ ਓਸ ਨੇ ਬਿਨਸ ਜਾਣਾ, ਸਦਾ ਰਹੇ ਅਟਲ ਕਰਤਾਰ ਸਿੰਘੋ
ਪਾ ਹੁਕਗ ਅਕਾਲ ਦਾ ਆਏ ਹੈਸਾਂ, ਜਾਣਾ ਹੁਕਮ ਅਕਾਲ ਥੀਂ ਸਾਰ ਸਿੰਘੋ
ਜਿਸ ਕੰਮ ਨੂੰ ਵਾਹਿਗੁਰੂ ਭੇਜਿਆ ਸੀ, ਅਤੇ ਸੌਂਪੀ ਹੈਸੀ ਜਿਹੜੀ ਕਾਰ ਸਿੰਘੋ
ਜਿਹੜੀ ਕਰਨੀ ਹੈਸੀ ਅਸੀਂ ਕਰ ਚਲੇ; ਬਾਕੀ ਰਹੇਗਾ ਪੰਥ ਹੁਸ਼ਯਾਰ ਸਿੰਘੋ
ਪੰਥ ਰੂਪ ਮੇਰਾ ਮੈਂ ਪੰਥ ਅੰਦਰ, ਕਿਤੇ ਭਾਲਨਾ ਹੋਰ ਨਾ ਬਾਹਰ ਸਿੰਘੋ

ਅੰਗ ਸੰਗ ਮੈਂ ਪੰਥ ਦੇ ਸਦਾ ਰਹਾਂਗਾ, ਕਦੇ ਦਿਆਂਗਾ ਨਹੀਂ ਵਿਸਾਰ ਸਿੰਘੋ
ਸਾਰਾ ਤੇਜ ਮੈਂ ਪੰਥ ਨੂੰ ਦੇ ਦਿਤਾ, ਗੁਰ ਸ਼ਕਤੀ ਬਲ ਵਿਚਾਰ ਸਿੰਘੋ
ਸ਼ਬਦ ਰੂਪ ਹੋ ਪੰਥ ਦੇ ਵਿਚ ਰਹਾਂਗਾ, ਜਿਵੇਂ ਸੂਰਜ ਤੇਜ ਵਿਚਧਾਰ ਸਿੰਘੋ
ਮੇਰੇ ਸਿੰਘਾਂ ਦਾ ਦਰਸ ਦੀਦਾਰ ਜਿਹੜਾ, ਓਹ ਮੇਰਾ ਹੀ ਦ੍ਰਸ ਦੀਦਾਰ ਸਿੰਘੋ
ਦੇਹਿ ਵਿਛੜੇ ਆਤਮਾ ਪੰਥ ਅੰਦਰ, ਸਭ ਥਾ ਰਹਿਗਾ ਇਕ ਢਾਰ ਸਿੰਘੋ
ਨ ਕਰੋ ਕਲੇਸ਼ ਕਰਤਾਰ ਸਿੰਘਾ, ਮੈਂ ਪਾਸ ਸਦਾ ਲਵੋ ਧਾਰ ਸਿੰਘੋ

### ਸ੍ਰੀ ਦਸਮੇਸ਼ ਜੀ ਨੇ ਜਗ ਰਚਾਉਣਾ

ਦੇ ਕੇ ਆਗਯਾ ਸਿੰਘਾਂ ਨੂੰ ਗੁਰੂ ਜੀ ਨੇ, ਜਗ ਬੜਾ ਭਾਰੀ ਰਚਵਾਯਾ ਜੀ
ਜੋ ਗਰੀਬ ਗੁਰਬਾ ਆਵੇ ਖਾ ਜਾਵੇ, ਦੇਸ ਸੁਣ ਕੇ ਹੁਨ ਹੁਮਾਯਾ ਜੀ
ਇਕ ਬੜਾ ਭਾਰੀ ਮੇਲਾ ਭਰ ਗਿਆ, ਗੁਰੂ ਬਹੁਤ ਹੀ ਧਨ ਲੁਟਾਯਾ ਜੀ
ਰੋਟੀ ਕਪੜਾ, ਨਕਦੀ ਸਾਰਾ, ਦਿਨ ਜੋ ਆਇਆ ਸਭ ਨੇ ਪਾਯਾ ਜੀ
ਸਭ ਲੋਕ ਕੰਗਾਲ ਰਜਾ ਦਿਤੇ, ਜੋ ਪਾਸ ਸੀ ਸਭ ਵਰਤਾਯਾ ਜੀ
ਦੇਣ ਲਈ ਦੀਦਾਰ ਕਰਤਾਰ ਸਿੰਘਾ, ਸਤਿਗੁਰਾਂ ਦੀਵਾਨ ਲਗਾਯਾ ਜੀ

### ਦੂਸਰੇ ਦਿਨ ਸ੍ਰੀ ਦਸਮੇਸ਼ ਜੀ ਦਾ ਆਖਰੀ ਦੀਵਾਨ

ਸਾਰੇ ਦੂਰ ਨੇੜੇ ਖਬਰ ਹੋ ਗਈ ਸੀ ਲੋਕ ਦਰਸ਼ਨਾਂ ਬੇਸ਼ੁਮਾਰ ਆਏ
ਸੰਤ ਸਾਧ ਫਕੀਰ ਤੇ ਗੁਨੀ ਪੰਡਿਤ ਧਨਵਾਨ ਗਰੀਬ ਸ਼ਾਹੂਕਾਰ ਆਏ
ਬਹੁਤੇ ਯੱਗ ਸੁਣਕੇ ਕਠੇ ਆਣ ਹੋਏ, ਬਹੁਤ ਆਖਰੀ ਕਰਨ ਦੀਦਾਰ ਆਏ
ਸਤਿਗੁਰੂ ਜੀ ਪਹਿਨ ਪੁਸ਼ਾਕ ਚਿਟੀ, ਅਤੇ ਲਾ ਪੰਜ ਹਥਿਆਰ ਆਏ
ਬੈਠੇ ਵਿਚ ਦੀਵਾਨ ਦੀਦਾਰ ਦਿਤੇ, ਲੋਕ ਵੇਖਕੇ ਹੋਣ ਬਲਿਹਾਰ ਆਏ
ਏਸੇ ਰੂਪ ਸੋਹਣੇ ਸਾਥੋਂ ਛਿਪ ਜਾਣਾ, ਬਹੁਤ ਰੋਣ ਪਏ ਜ਼ਾਰ ਜਾਰ ਆਏ
ਕਰੁਣਾ ਰਸ ਦੀਵਾਨ ਦੇ ਵਿਚ ਛਾਯਾ, ਜਾਰ ਜਾਰ ਰੋਵਨ ਨਰ ਨਾਰ ਆਏ
ਸਤਿਗੁਰ ਪ੍ਰਸੰਨ ਕਰਤਾਰ ਸਿੰਘਾ, ਨ ਉਦਾਸੀ ਦੇ ਮੂਲ ਆਸਾਰ ਆਏ

### ਚਿਖਾ ਬਨਾਉਣੇ ਦਾ ਹੁਕਮ

ਦੇਯਾਸਿੰਘਸੰਤੋਖਸਿੰਘ ਧਰਮਸਿੰਘਨੂੰ, ਗੁਰਾਂ ਆਖਯਾਚਿਖਾ ਬਨਾਓ ਜਲਦੀ
ਭਾਰ ਲਕੜਾਂ ਦੇ ਵਿਚ ਚਿਨ ਦਿਹੋ, ਚੌਗਿਰਦ ਕਨਾਤ ਤਨਾਓ ਜਲਦੀ

ਏਸ ਦੇਹ ਦੇ ਮੋਹ ਨੂੰ ਛਡ ਕਰਕੇ, ਹੁਣ ਆਖਰੀ ਕਾਰ ਕਮਾਓ ਜਲਦੀ
ਥੋੜਾ ਵਕਤ ਰੋਹਗਿਆ ਕਰਤਾਰਸਿੰਘਾ,ਨਾਲ ਧੀਰਜਕਾਂਜ ਨਿਭਾਓ ਜਲਦੀ

ਸਿੰਘਾਂ ਦੀ ਬੇਨਤੀ

ਏਹ ਹੁਕਮ ਸੁਣਕੇ ਭੁਬਾਂ ਨਿਕਲ ਗਈਆਂ,ਸਿੰਘ ਆਖਦੇ ਦਾਹ ਨ ਲਾ ਜਾਵੋ
ਭਾਣਾ ਮੰਨਨਾਂ ਸਤਿਗੁਰੋ ਸਾਰਿਆਂ ਨੇ, ਲੜ ਕਿਸੇ ਦਾ ਸਾਨੂੰ ਫੜਾ ਜਾਵੋ
ਦੇਨ੍ਹ ਬਿਨਾ ਬੁਹਾਰੀ ਨ ਰਹੇ ਜਿਵੇਂ, ਬੰਨ੍ਹ ਪੰਥ ਨੂੰ ਕੋਈ ਬੰਨ੍ਹਾ ਜਾਵੋ
ਪਿਛੇ ਆਪ ਤੋਂ ਜੀ ਪੰਥ ਕਿਨੂੰ ਮੰਨੇ, ਏਹ ਫੈਸਲਾ ਆਪ ਕਰਾ ਜਾਵੋ
ਜਿਧੇ ਲੜ ਚਾਹੋ ਪੰਥ ਲਾ ਜਾਵੋ, ਸ੍ਰੀ ਮੁਖ ਤੋਂ ਆਪ ਫਰਮਾ ਜਾਵੋ
ਪਿਛੋਂ ਝਗੜਾ ਪਏ ਕਰਤਾਰ ਸਿੰਘਾ, ਹਥੀਂ ਆਪਨੀ ਆਪ ਮੁਕਾ ਜਾਵੋ

ਸ੍ਰੀ ਦਸਮੇਸ਼ ਜੀ

ਸਾਨੂੰ ਫਿਕਰ ਇਸਦਾ ਬਹੁਤ ਭਾਈ ਸਿਖੋ, ਏਹ ਫੈਸਲਾਂ ਅਸੀਂ ਮੁਕਾ ਜਾਂਗੇ
ਪਿਛੋਂ ਪੰਥ ਨੂੰ ਕੋਈ ਨ ਪਏ ਘਾਟਾ, ਬੰਦੋਬਸਤ ਹਥੀਂ ਸੋ ਕਰਾ ਜਾਂਗੇ
ਗੁਰਗੱਦੀ ਦਾ ਪਏ ਨ ਜਿਵੇਂ ਰੌਲਾ, ਅਸੀਂ ਰੇੜਕਾ ਕੁਲ ਮੁਕਾ ਜਾਂਗੇ
ਜੋ ਸਦਾ ਅਟੱਲ ਤੇ ਅਮਰ ਰਹੇ, ਓਸ ਗੁਰੂ ਦਾ ਲੜ ਫੜਾ ਜਾਂਗੇ
ਜਿਦਾ ਕੋਈ ਸਰੀਕ ਨ ਹਿਸੇ ਵਾਲਾ, ਓਹਨੂੰ ਪੰਥ ਦੇ ਸਿਰ ਟਿਕਾ ਜਾਂਗੇ
ਪਪਲੋ ਤੱਕ ਨ ਜਿਦਾ ਉਪਦੇਸ਼ ਬਦਲੇ, ਓਹ ਪੰਥ ਦਾ ਗੁਰੂ ਬਨਾ ਜਾਂਗੇ
ਬੁਢਾ ਹੋਏ ਨ ਮਰੇ ਨ ਹੋਏ ਰੋਗੀ, ਐਸੇ ਗੁਰੂ ਦਾ ਮੇਲ ਮਿਲਾ ਜਾਂਗੇ
ਸੁਭ ਦੇ ਉਪਦੇਸ਼ ਨ ਭੇਟ ਮੰਗੇ, ਪਿਛੇ ਓਸਦੇ ਪੰਦ ਨੂੰ ਲਾ ਜਾਂਗੇ
ਆਸ਼ਾ ਕਦੇ ਨ ਜਿਦਾ ਤਬਦੀਲ ਹੋਵੇ, ਓਸੇ ਬੇੜੇ ਤੇ ਪੰਥ ਚੜ੍ਹਾ ਜਾਂਗੇ
ਕਟੇ ਸਭ ਦੇ ਪਾਪ ਕਰਤਾਰ ਸਿੰਘਾ, ਐਸਾ ਗੱਦੀ ਤੇ ਗੁਰੂ ਬੈਠਾ ਜਾਂਗੇ

ਤਥਾ

ਸਾਡੇ ਪਿਛੇ ਗੁਰਿਆਈ ਦੀ ਬੰਦ ਲੜੀ, ਅਖੋਂ ਹੋਏ ਨ ਖੁਰ ਅਵਤਾਰ ਸਿੰਘੋ
ਏਥੋਂ ਤਕ ਹੀ ਹੁਕਮ ਅਕਾਲ ਦਾ ਸੀ, ਏਹ ਅਛੀ ਤਰਾਂ ਲਓ ਵਿਚਾਰ ਸਿੰਘੋ
ਦਸ ਰੂਪ ਅੰਦਰ ਇਕੋ ਜੋਤ ਵਰਤੀ, ਜੋ ਹੁਕਮ ਹੈਸੀ ਕੀਤੀ ਕਾਰ ਸਿੰਘੋ
ਹੁਣ ਜੋਤ ਓਹ ਪੰਥ ਵਿਚ ਵਰਤੇ, ਗੁਰੂ ਖਾਲਸਾ ਇਕੋ ਹੀ ਸਾਰ ਸਿੰਘੋ

ਕੋਈ ਇਕ ਅਗੋਂ ਗੁਰੂ ਹੋਏ ਨਾਹੀਂ, ਵਿਚ ਪੰਥ ਗਦੀ ਬੈਠਨ ਹਾਰ ਸਿੰਘੋ
ਦੇਹ ਧਾਰੀ ਨ ਹੋਏ ਕਰਤਾਰ ਸਿੰਘਾ, ਸ਼ਬਦ ਰੂਪ ਗੁਰੂ ਲਵੋ ਧਾਰ ਸਿੰਘੋ

ਸ੍ਰੀ ਦਸਮੇਸ਼ ਜੀ ਨੇ ਆਦਿ ਗ੍ਰੰਥ ਸਾਹਿਬ ਜੀ ਨੂੰ ਗੁਰ ਅਸਥਾਪਨਾ ਕਰਨਾ

ਏਹ ਆਖਕੇ ਭਰੇ ਦੀਵਾਨ ਅੰਦਰ, ਪੰਜ ਪੈਸੇ ਨਰੇਲ ਮੰਗਾ ਕਰਕੇ
ਗ੍ਰੰਥ ਸਾਹਿਬ ਦੇ ਗਿਰਦ ਪ੍ਰਦਖਨਾ ਲੈ ਮਥਾ ਟੇਕਿਆ ਸੀਸ ਝੁਕਾ ਕਰਕੇ
"ਬਾਣੀ ਗੁਰੂ, ਗੁਰੂ ਹੈ ਬਾਣੀ", ਬਾਰ ਬਾਰ ਏਹ ਸ਼ਬਦ ਅਲਾ ਕਰਕੇ
ਗੁਰਾਂ ਫਤੇ ਬੁਲਾਈ ਕਰਤਾਰ ਸਿੰਘਾ, ਹੁਕਮ ਖਾਲਸੇ ਤਈਂ ਸੁਨਾ ਕਰਕੇ

ਸ੍ਰੀ ਦਸਮੇਸ਼ ਜੀ ਦੀ ਪੰਥ ਨੂੰ ਆਗਯਾ

ਦੋਹਿਰਾ—ਆਗਯਾ ਭਈ ਅਕਾਲ ਕੀ ਤਬੀ ਚਲਾਯੋ ਪੰਥ।
ਸਬ ਸਿਖਨ ਕੋ ਹੁਕਮ ਹੈ ਗੁਰੂ ਮਾਣਯੋ ਗਰੰਥ॥
ਦੋਹਿਰਾ—ਗੁਰੂ ਗਰੰਥ ਜੀ ਮਾਨਯੋ ਪ੍ਰਗਤ ਗੁਰਾਂ ਕੀ ਦੇਹ।
ਜਾਂ ਕਾ ਹਿਰਦਾ ਸੁਧ ਹੈ ਖੋਜ ਸ਼ਬਦ ਮੇਂ ਲੇਹ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸਥ ਪਨ ਦੇ ਹੋਰ ਦ੍ਰਿਸ਼ਟਾਂਤ

ਦੋਹਿਰਾ—ਗੁਰੂ ਗ੍ਰੰਥ ਕਲਯੁਗ ਭਯੋ ਸ੍ਰੀ ਗੁਰੂ ਰੂਪ ਨਹਾਨ॥
ਦਸ ਪਾਤਸ਼ਾਹੀ ਰੂਪ ਏਹ ਗੁਰੂ ਗ੍ਰੰਥ ਜਿਯ ਜਾਨ॥
ਦੋਹਿਰਾ—ਗੁਰ ਦਰਸ ਜਹਿ ਦੇਖਣਾ ਸ੍ਰੀਗੁਰੂ ਗ੍ਰੰਥ ਦਰਸਾਇ॥
ਬਾਤ ਕਰਨ ਗੁਰ ਸੌਂ ਚਹੇ ਪੜ੍ਹੇ ਗੁਰ ਗ੍ਰੰਥ ਮਨ ਲਾਇ॥

—o— (ਗੁਰ ਬਿਲਾਸ ਪਾ: ੬ ਅ: ੪)

ਚੌਪਈ

ਦੂਸਰੋ ਰੂਪ ਗਰੰਥ ਜੀ ਜਨਹੁ। ਆਪਨ ਅੰਗ ਮੇਰੋ ਕਰ ਮਾਨਹੁ॥
ਰੋਮ ਰੋਮ ਅੱਖਰ ਸੋ ਲਹੁ। ਬਾਤ ਯਥਾਰਥ ਤੁਮ ਸੋ ਕਹੋ॥
ਸ਼ਬਦ ਸੁਣੋ ਗੁਰ ਹਿਤ ਚਿਤ ਲਾਇ। ਗਯਾਨ ਸ਼ਬਦ ਗੁਰ ਸੁਨੇ ਸੁਨਾਇ॥
ਜੋ ਮੁਝ ਸਾਥ ਚਹੇ ਕਰ ਬਾਤ। ਪੜਹਿ ਗ੍ਰੰਥ ਬਿਚਾਰੇ ਸਾਥ॥

—o— (ਪ੍ਰਸ਼ਨ ਉੱਤਰ ਭਾਈ ਨੰਦ ਲਾਲ)

ਦੋਹਿਰਾ:—ਦਸ ਅਵਤਾਰ ਗੁਰ ਏਕ ਸਨ ਯੋ ਜਾਣੋ ਸੇ ਮੇਰ॥

ਇਕ ਦਸਨੋਂ ਗੁਰ ਗ੍ਰੰਥ ਜੀ ਬਾਣੀ ਸਤਿਗੁਰ ਹੇਰ॥

—੦— (ਸੂਰਜ ਪ੍ਰਕਾਸ਼ ਰੁਤ੫ ਅ: ੧੫)

ਪੁਨਾ:–ਗੁਰਮੂਰਤ ਸਤਿਗੁਰ ਸ਼ਬਦ ਸਾਧ ਸੰਗ ਸਮਸਰ ਪ੍ਰਵਾਨ॥

-੦- (ਭਾਈ ਗੁਰਦਾਸ ਜੀ)

ਸ੍ਰੀ ਦਸਮੇਸ਼ ਜੀ ਨੇ ਖਾਲਸੇ ਨੂੰ ਹੁਕਮ ਦੇਣਾ

ਸੁਣੋ ਖਾਲਸਾ ਜੀ ਇਹ ਹੁਕਮ ਸਾਡਾ, ਏਸ ਤਈਂ ਨ ਮੂਲ ਭੁਲਾਏ ਕੋਈ
ਗੁਰੂ ਗ੍ਰੰਥ ਨੂੰ ਗੁਰੂ ਅਸਥਾਪ ਦਿਤਾ, ਹੋਰ ਪੰਥ ਨ ਗੁਰੂ ਬਨਾਏ ਕੋਈ
ਬਾਣੀ ਗੁਰਾਂ ਦੀ ਗੁਰਾਂ ਦਾ ਰੂਪ ਸਚਾ, ਇਸ ਵਿਚ ਨ ਭੇਦ ਰਖਾਏ ਕੋਈ
ਸ਼ਬਦ ਰੂਪ ਹੋਸ਼ਬਦ ਵਿਚ ਜੋਤ ਵਰਤੇ,ਸ਼ਬਦ ਗੁਰੂ ਵਿਚ ਭੇਦਨ ਪਾਏ ਕੋਈ
ਸਾਡੇ ਪਿਛੇ 'ਬਾਣੀ' ਗੁਰੂ ਰੂਪ ਵਰਤੇ, ਤੱਬ ਹੋਰ ਨ ਗੁਰੂ ਢੂੰਡਾਏ ਕੋਈ
ਬਸ ਗੁਰੂ ਗ੍ਰੰਥ ਕਰਤਾਰ ਸਿੰਘਾ, ਦੇਹ ਧਾਰੀ ਨ ਗੁਰੂ ਸਦਾਏ ਕੋਈ

ਤਥਾ

ਕਰਦੇ ਰਹੇ ਉਪਦੇਸ਼ ਜੋ ਸੰਗਤਾਂ ਨੂੰ,ਕਾਂਯਾਂ ਪਲਟ ਗੁਰਜੋਤ ਵਿਸਤਾਰ ਕਰਕੇ
ਆਉਂਦੇ ਰਹੇ ਜੋ ਹੁਕਮ ਅਕਾਲ ਵਲੋਂ,ਗੁਰ ਦਸਦੇ ਰਹੇ ਅਗੇ ਜ਼ਾਹਰ ਕਰਕੇ
ਹੋਰ ਉਸਤਤੀ ਜੋ ਨਿਰੰਕਾਰ ਦੀ ਜੀ, ਗੁਰੂ ਕਰਦੇ ਰਹੇ ਉਚਾਰ ਕਰਕੇ
ਕੱਠੀ ਕਰੀ ਪੰਚਮ ਸਤਿਗੁਰੂ ਜੀ ਨੇ, ਵਡੀ ਜੱਗ ਉਤੇ ਦਯਾ ਧਾਰ ਕਰਕੇ
ਕੱਠਾ ਨਾਮ ਦਾ ਕੀਤਾ ਖਜ਼ਾਨਾ ਭਾਰਾ, ਕਲਜੁਗੀ ਜੀਵਾਂ ਲਈ ਸਾਰ ਕਰਕੇ
ਨਾਮ ਨਾਮੀ ਨ ਭੇਦ ਕਰਤਾਰ ਸਿੰਘਾ, ਉਚੀ ਪਦਵੀ ਗ੍ਰੰਥ ਵਿਚਾਰ ਕਰਕੇ

ਤਥਾ

ਸਾਡਾ ਰੂਪ ਕਰ ਮੰਨਣਾ ਗ੍ਰੰਥ ਜੀ ਨੂੰ,ਸਾਡੇ ਪਿਛੋਂ ਗੁਰੂ ਹੁਣ ਆਏ ਕੋਈ ਨ
ਗੁਰੂ ਗ੍ਰੰਥ ਜੀ ਗੁਰੂ ਸਥਾਪ ਦਿਤੇ, ਗੁਰੂ ਗ੍ਰੰਥ ਬਿਨ ਗੁਰੂ ਸਦਾਏ ਕੋਈ ਨ
ਹਠੀ ਜਪੀ ਤਪੀ ਕੋਈ ਸਿੰਘ ਹੋਸਨ, ਪਰ ਗੁਰੂ ਹੋ ਪੈਰ ਪੁਜਾਏ ਕੋਈ ਨ
ਜਿਹੜਾ ਕਰ ਪਾਖੰਡ ਸਦਾਬੇ ਗੁਰੂ, ਦਾਓ ਓਸ ਪਾਖੰਡੀ ਦਾ ਖਾਏ ਕੋਈ ਨ
"ਵਿਵਹਾਰਕ ਗੱਦੀ" ਖਾਲਸੇ ਨੂੰ, ਕੀਤੀ ਪੰਜਾਂ ਦੀ ਮੂਲ ਪ੍ਰਤਾਏ ਕੋਈ ਨ
'ਗੁਰੂ ਗ੍ਰੰਥ ਆਤਮਕ' ਕਰਤਾਰ ਸਿੰਘਾ, ਗੁਰੂ ਰੂਪ ਬ੍ਰਬਾਰੀ ਚਾਹੇ ਕੋਈ ਨ

ਸ੍ਰੀ ਗ੍ਰੰਥ ਜੀ 'ਗੁਰੂ ਸਥਾਰ ਕਰਕੇ; ਕਲਗੀਧਰ ਪਵਾੜਾ ਮੁਕਾ ਦਿਤਾ
ਜੁਗਾਂ ਤੀਕ ਜਿਉਂ ਪੰਥ ਅਟਲ ਰਹੇ; ਏਹਾ ਰਸਤਾ ਸਾਫ ਚਲਾ ਦਿਤਾ
ਪੈਂਦੇ ਝਗੜੇ ਬਾਬੇ ਬਕਾਲੇ ਵਾਲੇ, ਪਰ ਬੰਨ੍ਹ ਪਕਾ ਅਗੇ ਲਾ ਦਿਤਾ
ਪ੍ਰਿਥੀਏ ਵਾਂਗ ਮੁਕਦਮੇ ਖੜੇ ਰਹਿੰਦੇ, ਏਹ ਫੈਸਲਾ ਚੰਗਾ ਕਰਾ ਦਿਤਾ
ਰਹਿੰਦੀ †ਬਾਵਿਆਂ ਦੀ ਖਟਾਪਟੀਸਦਾ,ਏਹਭੀ ਕਰ ਝਗੜਾ ਇਕਦਾ ਦਿਤਾ
ਅੰਨ੍ਹੇ ਆਗੂਆਂ ਪੰਥ ਨੂੰ ਡੋਬਣਾ ਸੀ; ਏਹ ਭੀ ਖਤਰਾ ਮੁਢੋਂ ਚੁਕਾ ਦਿਤਾ
ਗੁਰ ਲੜੀ ਅਗੋਂ ਬੰਦ ਕਰਕੇ ਜੀ; ਖਜਲ ਹੋਵਨੋਂ ਪੰਥ ਬਚਾ ਦਿਤਾ
ਕਰ ਦੂਰ ਅੰਦੇਸ਼ੀ ਕਰਤਾਰ ਸਿੰਘਾ ਗੁਰੂ ਗਰੰਥ ਗੁਰ ਰੂਪ ਬਨਾ ਦਿਤਾ

ਤਥਾ

ਪੰਥ ਖਾਲਸਾ ਹੋ ਖੇਰੂ ਖੇਰੂ ਜਾਂਦਾ, ਜੇ ਫੈਸਲਾ ਨ ਮੁਕਾ ਦੇਂਦੇ
ਅਜ ਤਕ ਹਜ਼ਾਰਾਂ ਦੀ ਗੁਰੂ ਬਣ ਕੇ, ਪੰਥ ਤੋੜਕੇ ਵੰਡੀਆਂ ਪਾ ਦੇਂਦੇ
ਗੁਰੂ ਭੇਡਾਂ ਉਤੋਂ ਉਨ ਲਾਹੁਣ ਵਾਲੇ; ਕਈ ਰਾਸਤੇ ਹੋਰ ਚਲਾ ਦੇਂਦੇ
ਇਕ ਰੂਪ ਨਾ ਪੰਥ ਦਾ ਰਹਿਣ ਦੇਂਦੇ; ਕਈ ਸ਼ਕਲਾਂ ਘੜ ਦਿਖਾ ਦੇਂਦੇ
ਆਪੋ ਆਪਣੇ ਦਾ ਹੂੰ ਕਰ ਖਿਚਾਂ; ਤੋੜ ਤਾੜ ਕੇ ਪੰਥ ਰੁਲਾ ਦੇਂਦੇ
ਦਸਾਂ ਗੁਰਾਂ ਦੀਆਂ ਘਾਲਾਂ ਘਾਲੀਆਂ, ਜੋ ਵਿਚ ਘਟੇ ਦੇ ਉਹ ਮਿਲਾ ਦੇਂਦੇ
ਇਕ ਮਤਾ ਨ ਨ ਇਕ ਉਪਦੇਸ਼ ਰਹਿੰਦਾ, ਆਪੋ ਆਪਣੇ ਮਤੇ ਦੂੜਾ ਦੇਂਦੇ
ਵਾਂਗ ਹਿੰਦੂਆਂ ਬਣਦੀਆਂ ਕਈ ਸ਼ਕਲਾਂ, ਯਾ ਨਾਮ ਨਿਸ਼ਾਨ ਮਿਟਾ ਦੇਂਦੇ
ਇਕ ਬੇੜੇ ਦੇ ਬਹੁਤੇ ਮਲਾਹ ਬਣਕੇ, ਛਿਦੋਂ ਜਿਦੀ ਹੀ ਫੜ ਡੁਬਾ ਦੇਂਦੇ
ਕਠੇ ਹੋ ਖੜਪੈਂਚ ਕਰਤਾਰ ਸਿੰਘਾ, ਤੀਲੇ ਝਾੜੂ ਦੇ ਤੋੜ ਖਿੰਡਾ ਦੇਂਦੇ

ਵਾਕ ਕਵੀ

ਏਸ ਫੈਸਲੇ ਦੀ ਵਡੀ ਲੋੜ ਹੈਸੀ, ਹਥੀਂ ਆਪਣੀ ਆਪ ਮੁਕਾ ਕਰਕੇ
ਹੋਰ ਸਿੰਘਾਂ ਤਾਈਂ ਰਾਜਨੀਤ ਦੀਆਂ, ਗਲਾਂ ਸਮੇਂ ਦੀਆਂ ਸਮਝਾ ਕਰਕੇ
ਜੋਤੀ ਜੋਤ ਸਮਾਉਨ ਨੂੰ ਤਿਆਰ ਹੋਏ, ਸ਼ਸਤ੍ਰ ਬਸਤ੍ਰ ਸਭ ਸਜਾ ਕਰਕੇ

---

†ਬਾਵੇ, ਬੇਦੀ ਤ੍ਰੇਹਨ, ਭੱਲੇ, ਸੋਢੀ।

ਦੇਂਦੇ ਆਖਰੀ ਹੁਕਮ ਕਰਤਾਰ ਸਿੰਘਾ, ਜਰਾ ਸੁਣ ਲੈ ਖਾਂ ਕੰਨ ਕਰਕੇ

ਸ੍ਰੀ ਦਸਮੇਸ਼ ਜੀ ਦੇ ਅਖੀਰ ਦੇ ਹੁਕਮ

ਸੁਣੋ ਖਾਲਸਾ ਜੀ ਹੁਣ ਆਗਯਾ ਏਹ, ਸਾਡੇ ਬਚਨਾਂ ਤਈਂ ਭੁਲਾਵਨਾ ਨਹੀਂ
ਅਸਾਂ ਧਰਮ ਦੇ ਵਾਸਤੇ ਪੰਥ ਰਚਿਆ, ਧਾਨ ਪੂਜਾ ਦਾਸਿੰਘ ਹੋਖਾਵਨਾ ਨਹੀਂ
ਗੁਰੂ ਗ੍ਰੰਥ ਅਕਾਲ ਦੇ ਬਿਨਾਂ ਕਿਤੇ, ਅਗੇ ਕਿਸੇ ਦੇ ਸੀਸ ਝੁਕਾਵਨਾ ਨਹੀਂ
ਕਿਰਤ ਧਰਮ ਦੀ ਕਰ ਨ੍ਰਿਬਾਹ ਕਰਨਾ, ਮੂਲ ਦਗਾ ਫਰੇਬ ਕਮਾਵਨਾ ਨਹੀਂ
ਗੋਦੀ ਸ੍ਰੀ ਅਸਕੇਤ ਦੀ ਪੰਥ ਪਾਯਾ, ਹੋਰ ਆਸਰਾ ਕੋਈ ਤਕਾਵਨਾ ਨਹੀਂ
ਕੀਤੀ ਮੰਨਨੀ ਪੰਜਾਂ ਪਯਾਰਿਆਂਦੀ, ਗੁਰੂਗ੍ਰੰਥ ਬਿਨ ਗੁਰੂ ਬਨਾਵਨਾ ਨਹੀਂ
ਹਿੰਦੂ ਤੁਰਕ ਜਿਵੇਂ ਤੀਜਾ ਪੰਥ ਤੁਸੀਂ, ਹਿੰਦੂ ਆਪਨੇ ਤਈਂ ਸਦਾਵਨਾ ਨਹੀਂ
ਰਹਿਤ ਆਪਣੀ ਨੂੰ ਸਦਾ ਕਰ ਪਕਾ, ਪਰਚਾਰ ਨੂੰ ਬੰਦ ਕਰਵਾਵਨਾ ਨਹੀਂ
ਨਾਲ ਸਾਰਿਆਂ ਮੇਲ ਮਿਲਾਪ ਕਰਨਾ, ਗੋਤ ਆਪਣੀ ਤਈਂ ਤਜਾਵਨਾ ਨਹੀਂ
ਨਹੀਂ ਵੈਰੀ ਦਾ ਕਦੇ ਵਿਸਾਹ ਖਾਣਾ, ਅਤੇ ਸ਼ਸਤ੍ਰਾਂ ਤਈਂ ਭੁਲਾਵਨਾ ਨਹੀਂ
ਬੁਰਕਾ ਸ਼ੇਰਦਾ ਪਹਿਨਕੇ ਸ਼ੇਰ ਬਣਨਾ, ਬਣ ਗਿਦੜ ਸਿਰਛਪਾਵਨਾ ਨਹੀਂ
ਜਾਕੇ ਦੇਸ ਪ੍ਰਦੇਸ ਰ੍ਰਚਾਰ ਕਰਨਾ, ਵਾਧਾ ਕਰਨਾ ਮੂਲ ਘਟਾਵਨਾ ਨਹੀਂ
ਹੁਣ ਸੁਣ ਅਖੀਰ ਦੀ ਗਲ ਸਾਡੀ, ਸਾਡੀ ਦੇਹ ਦਾ ਮੋਹ ਵਧਾਵਨਾ ਨਹੀਂ
ਪਿਛੇ ਅਸਾਂ ਦੇ ਰੁਦਨ ਨਮੂਲ ਕਰਨਾ, ਤੇ ਅੰਗੀਠੇ ਦੇ ਤਈਂ ਫੁਲਾਵਨਾ ਨਹੀਂ
ਸਾਡੀ ਰਾਖ ਨੂੰ ਏਥੇ ਹੀ ਦਬ ਦੇਣਾ ਉਤੇ ਮੰਦਰ ਮੂਲ ਬਨਾਵਨਾ ਨਹੀਂ
ਸਾਡੀ ਏਸ ਥਾਂ ਮੜੀ ਬਨਾਇਗਾ ਜੋ ਕੁਲ ਨਾਸ ਹੋ ਬੰਸ ਰਹਾਵਨਾ ਨਹੀਂ
ਏਥੇ ਲੰਗਰ ਸਿਰਫ ਚਲਾਵਨਾਂ ਏ, ਹੋਰ ਕੋਈ ਪਾਖੰਡ ਖਿੰਡਾਵਨਾ ਨਹੀਂ
ਆਪੋ ਵਿਚ ਪਿਆਰਿਓ ਮਿਲ ਰਹਿਨਾ, ਨਾਮਾਜਪਨਾਜਨਮਵੰਞਾਵਨਾ ਨਹੀਂ
ਸ਼ਬਦ ਮੇਲ ਹੋ ਨਿਤ ਕਰਤਾਰ ਸਿੰਘਾ, ਝਬ ਦੇਹ ਦਾ ਮੇਲ ਮਿਲਾਵਨਾ ਨਹੀਂ

ਸੰਤੋਖ ਸਿੰਘ ਲਾਂਗਰੀ ਦੀ ਬੇਨਤੀ

ਹਥ ਜੋੜਕੇ ਲਾਂਗਰੀ ਅਰਜ ਕੀਤੀ, ਸਿਰ ਆਗਯਾ ਲਈ ਧਾਰ ਗੁਰ ਜੀ
ਦੂਰ ਦੇਸ ਆਏ ਏਥੇ ਨਹੀਂ, ਸਿਖੀ ਕਿਦੋਂ, ਆਵੇਈ ਮਾਯਾ ਦਾਤਾਰ ਗੁਰ ਜੀ
ਕਿਸ ਆਸਰੇ ਏਸ ਥਾਂ ਬੈਠਨਾ ਹੋਊ, ਕਿਵੇ ਚਲੇਗੀ ਲੰਗਰਦੀ ਕਾਰ ਗੁਰ ਜੀ

ਹੈ ਤੁਰਕ ਦਾ ਰਾਜ ਕਰਤਾਰ ਸਿੰਘਾ, ਏਥੇ ਵਸਨਾ ਹੋਊ ਦੁਸ਼ਵਾਰ ਗੁਰ ਜੀ

ਸ੍ਰੀ ਦਸਮੇਸ਼ ਜੀ

ਏਹੋ 'ਅਵਿਚਲ ਨਗਰ ਗੋਬਿੰਦ ਗੁਰ ਕਾ', ਨਾਮ ਜਪਤ ਏਥੇ ਸੁਖ ਪਾਯਾ ਜੀ
ਏਥੇ ਮਾਯਾ ਦਾਸੀ ਹੋਕੇ ਆਪ ਵਰਤੇ, ਏਹ ਕਰਤੇ ਨੇ ਆਪ ਵਸਾਯਾ ਜੀ
ਇਕੋ ਸਿਖ ਸੰਭਾਲੇਗਾ ਕਾਰ ਲੰਗਰ, ਹੋਵੇ ਸੋ ਅਕਾਲ ਜੋ ਭਾਯਾ ਜੀ
ਏਥੇ ਜਾਗੇਗੀ ਜੋਤ ਕਰਤਾਰ ਸਿੰਘਾ, ਮਹਾਂ ਪਰਲੋ ਤਕ ਫਰਮਾਯਾ ਜੀ

ਕਤਕ ਸੁਦੀ ਪੰਚਮੀ ੧੭੬੫ ਬਿਕ੍ਰਮੀ ਨੂੰ ਸ੍ਰੀ ਦਸਮੇਸ਼ ਜੀ ਨੇ ਜੋਤੀ ਜੋਤ ਸਮਾਇਣਾ

ਤ੍ਰਿੰਨ ਪਹਿਰ ਗਈ ਬੀਤ ਰਾਤ ਹੈਸੀ, ਦਰਸ ਆਖਰੀ ਗੁਰ ਦਿਖਾ ਕਰਕੇ
ਨਾਮ ਵਾਹਿਗੁਰੂ ਲੈ ਤਯਾਰ ਹੋਏ, ਖੜੇ ਹੋ ਅਰਦਾਸ ਸੁਧਾ ਕਰਕੇ
ਗੁਰੂ ਖਾਲਸਾ, ਖਾਲਸਾ ਗੁਰ ਕਹਿਕੇ ਹਥ ਜੋੜ ਕੇ ਫਤ੍ਹੇ ਗਜਾ ਕਰਕੇ
ਬਾਣੀ ਜਾਪ ਕਰੋ ਸਾਰੇ ਖਾਲਸਾ ਜੀ, ਇਹ ਆਖਰੀ ਬਚਨ ਸੁਨਾ ਕਰਕੇ
ਉਠ ਵਿਚ ਕਨਾਤ ਦੇ ਜਾ ਵੜੇ, ਰੂਪ ਸਦਾ ਦੇ ਲਈ ਛੁਪਾ ਕਰਕੇ
ਇਧਰ ਸਿੰਘਾਂਦੀਆਂ ਭੁਬਾਂ ਨਿਕਲ ਗੁਯਾਂ, ਭਾਵੇਂਗਏ ਸਨ ਗੁਰ ਸਿਧਾ ਕਰਕੇ
ਆ ਵਿਚ ਪ੍ਰੇਮ ਦੇ ਰੋਨ ਲਗੇ ਧਿਆਨ ਵਲ ਕਨਾਤ ਲਗਾ ਕਰਕੇ
ਜੋਤੀ ਜੋਤ ਸਮਾਏ ਕਰਤਾਰ ਸਿੰਘਾ ਮਹਾਂ ਕਾਲ ਦੇ ਹੁਕਮ ਬਜਾ ਕਰਕੇ

ਵਾਕ ਕਵੀ

ਸਚ ਖੰਡ ਨੂੰ ਗੁਰੂ ਜੀ ਚਲੇ ਗਏ, ਇਥੋਂ ਦੇਹ ਅਸਥੂਲ ਛੁਪਾ ਗਏ
ਜਿੰਨਾਂ ਚਿਰ ਅਕਾਲ ਦਾ ਹੁਕਮ ਹੈ ਸੀ ਡੰਕਾ ਦੇਸ ਦੇ ਵਿਚ ਵਜਾ ਗਏ
ਜੋ ਆਗਯਾ ਲੈ ਕੇ ਧੁਰੋਂ ਆਏ ਚੰਗੀ ਤਰ੍ਹਾਂ ਉਸ ਤਈਂ ਬਜਾ ਗਏ
ਜ਼ਾਲਮ ਮਾਰਕੇ ਖਾਕ ਮਿਲਾ ਗਏ, ਬੇੜਾ ਜ਼ੁਲਮ ਦਾ ਧਕ ਰੁੜਾ ਗਏ
ਝੰਡੇ ਧਰਮ ਦੇ ਤਈਂ ਝੁਲਾ ਗਏ, ਦੁਖੀ ਹਿੰਦੂਆਂ ਤਈਂ ਛੁਡਾ ਗਏ
ਜਿਧੀ ਨੀਂਹ ਰਖੀ ਹੈ ਸੀ ਗੁਰ ਨਾਨਕ, ਪੰਥ ਤੀਸਰਾ ਨਵਾਂ ਚਲਾ ਗਏ
ਬਲ ਬੀਰਤਾ ਨਸ਼ਟ ਹੋ ਗਈ ਹੈ ਸੀ, ਆਨ ਛਤ੍ਰਤਾ ਤਈਂ ਜਗਾ ਗਏ
ਦੇਸ ਬਹੁ ਵਾਟੀਂ ਪੈ ਰੁਲ ਗਿਆ ਸੀ, ਚਲੇ ਰਸਤੇ ਇਕ ਸਿਖਾ ਗਏ
ਸਿਰਜਨਹਾਰ ਅਕਾਲ ਤੋਂ ਭੁਲਿਆਂ ਨੂੰ, ਆਨ ਰੂਪ ਅਕਾਲ ਦਿਖਾ ਗਏ

ਬਾਦਸ਼ਾਹ ਕੰਗਾਲਾਂ ਨੂੰ ਕਰ ਗਏ; ਬਲੀ ਖਾਨਾ ਨੂੰ ਖਾਕ ਮਿਲਾ ਗਏ
ਆਕੜਾਂ ਖਾਨਾਂ ਦੀਆਂ ਭੰਨ ਆਕੜਾਂ ਨੂੰ, ਬਾਜ ਚਿੜੀਆਂ ਪਾਸੋਂ ਤੁੜਾ ਗਏ
ਮਜ਼ਦੂਰਾਂ ਨੂੰ ਦੇ ਸਿਰਦਾਰੀਆਂ ਜੀ; ਹਲ ਵਾਹਾਂ ਸਿਰ ਛਤ੍ਰ ਫਿਰਾ ਗਏ
ਮੁਰਦੇ ਰੂਹਾਂ ਨੂੰ ਜ਼ਿੰਦਿਆਂ ਫੇਰ ਕਰਕੇ, ਸ਼ੇਰ ਗਿਦੜਾਂ ਤਾਂਈ ਬਨਾ ਗਏ
ਕੌਮੀਯਤ ਤੇ ਦੇਸ਼ ਭਗਤੀ ਦਾ, ਭੁਲਾ ਹੋਯਾ ਸੋ ਸਬਕ ਸਿਖਾ ਗਏ
ਸਾਰੀ ਉਮਰ ਹੀ ਦੇਸ ਦੇ ਭਲੇ ਖ਼ਾਤਰ, ਨਾਲ ਵੈਰੀਆਂ ਤੇਗ ਖੜਕਾ ਗਏ
ਸੁਖ, ਧਨ, ਸਰਬੰਸ ਕੁਰਬਾਨ ਕਰਕੇ, ਸ਼ੇਰ ਗਿਦੜਾਂ ਤਾਈਂ ਬਨਾ ਗਏ
ਪਰਸਵਾਰਥ ਤੇ ਆਪ ਕੁਰਬਾਨ ਹੋ ਗਏ; ਚਾਰੇ ਸਾਹਿਬਜ਼ਾਦੇ ਹੋ ਫਿਦਾ ਗਏ
ਅਗ ਜ਼ੁਲਮ ਦੀ ਫੂਕ ਰਹੀ ਦੇਸ ਨੂੰ ਸੀ, ਖੂਨ ਆਪਣਾ ਸਿੰਘ ਬੁਝਾ ਗਏ
ਜਿਸ ਕੰਮ ਤਾਈਂ ਹੈ ਸੀ ਸ਼੍ਰੁ ਕੀਤੇ ਸਿਰੇ ਓਸਦੇ ਤਈਂ ਚੜ੍ਹਾ ਗਏ
ਚਾਵੇਂ ਆਪ ਮੁਸੀਬਤਾਂ ਵਿਚ ਰਹੇ, ਪਰ ਦੇਸ ਦੇ ਦੁਖ ਗਵਾ ਗਏ
ਅਜ ਤਕ ਜੋ ਕੰਮ ਨ ਕਿਸੇ ਕੀਤੇ, ਓਹਨਾਂ ਕੰਮਾਂ ਨੂੰ ਕਰ ਕਰਾ ਗਏ
ਮਹਾਂ ਧਨਖਧਾਰੀ; ਮਹਾਂਬਲੀ ਜੋਧੇ, ਭਾਰਤਵਰਸ਼ ਅੰਦਰ ਅਖਵਾ ਗਏ
ਵਿਚ ਪਟਨੇ ਦੇ ਪੈਦਾ ਹੋ ਕਰਕੇ, ਜੋਤ ਵਿਚ ਨਦੇੜ ਸਮਾ ਗਏ
ਜੰਗ ਕਰ ਪੰਜਾਬ ਕਰਤਾਰ ਸਿੰਘਾ, ਝੰਡਾ ਅਵਿਚਲ ਨਗਰ ਝੁਲਾ ਗਏ

ਸ੍ਰੀ ਦਸਮੇਸ਼ ਬਿਨਾ ਦੇਸ਼ ਦੇਸ਼ ਨੂੰ ਜ਼ੁਲਮ ਤੋਂ ਕਿਸ ਨੇ ਬਚਾਯਾ ?

ਦਸੋ ਇਕ ਸ੍ਰੀ ਦਸਮੇਸ਼ ਬਿਨਾਂ, ਇਸ ਦੇਸ਼ ਤੋਂ ਜ਼ੁਲਮ ਮਿਟਾਏ ਕਿਸਨੇ
ਸੋਹਣੇ ਲਾਡਲੇ ਤੇ ਹੋਨਹਾਰ ਬਚੇ, ਦਸੋ ਦੇਸ ਬਦਲੇ ਮਰਵਾਏ ਕਿਸਨੇ
ਇਕ ਦੁਖੀਆਂ ਦੇ ਦੁਚ ਮੇਟਨੇ ਨੂੰ, ਸਾਰੇ ਆਪਣੇ ਸੁਖ ਗਵਾਏ ਕਿਸਨੇ
ਕਰ ਆਪ ਪਰਵਾਰ ਕੁਰਬਾਨ ਸਾਰਾ, ਹੋਰ ਲਖਾਂ ਪਰਵਾਰ ਬਚਾਏ ਕਿਸਨੇ
ਸ੍ਰੀ ਵਾਹਿਗੁਰੂ ਨਾਮ ਪਰਚਾਰ ਕਰਕੇ, ਜਨਮ ਮਰਨ ਦੇ ਫੰਦ ਕਟਾਏ ਕਿਸਨੇ
ਦਰਦ ਦੁਖ ਤੇ ਮੇਟ ਕਲੇਸ਼ ਸਾਰੇ, ਲੋਕ ਸੁਖ ਦੇ ਨਾਲ ਵਸਾਏ ਕਿਸਨੇ
ਸਮੇਂ ਦੁਖ ਕਲੇਸ਼ ਦੇ ਦੂਰ ਕੀਤੇ, ਇਹ ਸੁਖਾਂ ਦੇ ਸਮੇਂ ਵਿਖਾਏ ਕਿਸਨੇ
ਮੇਟ ਚਾਲਮਾਂ ਨੂੰ ਸਣੇ ਜ਼ੁਲਮ ਦੇ ਜੀ, ਦਿਨ ਖੁਸ਼ੀ ਦੇ ਗਏ ਮੁੜਾਏ ਕਿਸਨੇ
ਸਖਤ ਵਕਤ ਗਵਾਕੇ ਹਿੰਦੂਆਂ ਦੇ, ਹਿੰਦੂ ਤੁਰਕ ਹੋਣੋਂ ਸੀ ਬਚਾਏ ਕਿਸਨੇ

ਬਿਨਾਂ ਇਕ ਸ੍ਰੀ ਦਸਮੇਸ਼ ਦਸੋ, ਦੁਖੀ ਦੇਸ ਦੇ ਦਰਦ ਵੰਡਾਏ ਕਿਸਨੇ
ਨਾਲ ਜ਼ਾਲਮਾਂ ਧਰਮ ਦੇ ਦੋਖੀਆਂ ਦੇ, ਪਰ ਹਿਤ ਲਈ ਯੁਧ ਮਚਾਏ ਕਿਸਨੇ
ਏਡੇ ਕਸ਼ਟ ਝਲੇ ਉਪਕਾਰ ਲਈ, ਮੋਏ ਖੂਨ ਜਿੰਦਾ ਕਰਵਾਏ ਕਿਸਨੇ
ਸਭੇ ਭਰਮ ਭਰਮਾਂਵਾ ਨੂੰ ਦੂਰ ਕਰਕੇ, ਗਾਡੀ ਰਾਹ ਤੇ ਲੋਕ ਚਲਾਏ ਕਿਸਨੇ
ਦੇਕੇ ਜ਼ਿੰਦਗੀ ਮੁਰਦਯਾਂ ਰੂਹਾਂ ਤਾਈਂ; ਬਾਜ ਚਿੜੀਆਂ ਪਾਸੋਂ ਕੁਹਾਏ ਕਿਸਨੇ
ਸਰਦ ਖੂਨ ਨੂੰ ਨਵੇਂ ਸਿਰ ਜੋਸ਼ ਦੇਕੇ, ਚਾ ਗਿਦੜੋਂ ਸ਼ੇਰ ਬਨਾਏ ਕਿਸਨੇ
ਦੇ ਆਤਮਕ ਸ਼ਕਤ ਭਰਪੂਰ ਕੀਤੇ, ਪਸ਼ੂ ਦੇਵਤੇ ਕਰ ਤਰਾਏ ਕਿਸਨੇ
ਜ਼ੁਲਮ ਜ਼ਾਲਮਾਂ ਦੇ ਹੁੰਦੇ ਹਿੰਦੂਆਂ ਤੇ, ਤਰਸ ਖਾ ਹਥਯਾਰ ਉਠਾਏ ਕਿਸਨੇ
ਲੜ ਇਕ ਅਕਾਲ ਫੜਾ ਕਰਕੇ, ਭਾਰੇ ਵਹਿਮਾਂ ਦੇ ਜਾਲ ਤੁੜਾਏ ਕਿਸਨੇ
ਮਰ ਚਲਿਆ ਸੀ ਹਿੰਦ ਭਰਮ ਸਾਰਾ, ਬੇੜੇ ਮੰਝਧਾਰੋਂ ਬੰਨੇ ਲਾਏ ਕਿਸਨੇ
ਮਲੀਆਮੇਟ ਹੁੰਦੀ ਹਿਦਵਾਇਨ ਰਖੀ, ਇਹ ਡਿਗੇ ਨਿਸ਼ਾਨ ਝੁਲਾਏ ਕਿਸਨੇ
ਟਾਲੇਸਰੂਾਂਵਾਲੇ ਪਿੰਗਾ ਸ਼ਾਹੀ ਕਰਨੋਂ, ਮੂਜ਼ੀ ਮੁਗਲ ਪਠਾਨ ਡਰਾਏ ਕਿਸਨੇ
ਏਕਤਾ ਦਾ ਬੀਜਕੇ ਬੀਜ ਹਥੀਂ, ਬੂਟੇ ਫੂਟ ਦੇ ਜੜੋਂ ਪੁਟਾਏ ਕਿਸਨੇ
ਕਿਧਰੇ ਗਈ ਫਾਹੀ ਊਚਨੀਚਤਾ ਦੀ, ਇਕ ਪੰਥ ਕਰ ਇਕ ਮਿਲਾਏ ਕਿਸਨੇ
ਨੇਕ ਟੋਰਕੇ ਰਾਹ ਕਰਤਾਰ ਸਿੰਘਾ, ਪਾਪ ਬਿਨਾਂ ਦਸਮੇਸ਼ ਉਡਾਏ ਕਿਸਨੇ

ਸਿੰਘਾਂ ਨੇ ਅੰਗੀਠਾ ਫੋਲਨਾ

ਭਾਵੇਂ ਗੁਰੂ ਜੀ ਤਾਂ ਬੰਦ ਕਰ ਗਏ ਸੀ, ਪਰ ਸਿੰਘਾਂ ਪਰੇਮ ਵਧਾਯਾ ਜੀ
ਦਿਨ ਦੂਸਰੇ ਵੜ ਕਨਾਤ ਅੰਦਰ, ਚਾ ਅੰਗੀਠੇ ਨੂੰ ਫੋਲ ਫੋਲਾਯਾ ਜੀ
ਇਕ ਸਿਰ ਦੀ ਛੋਟੀ ਕ੍ਰਿਪਾਨ ਬਿਨਾਂ, ਹੋਰ ਕੁਝ ਭੀ ਹਥ ਨ ਆਯਾ ਜੀ
ਸਿੰਘ ਹੋਏ ਹੈਰਾਨ ਕਰਤਾਰ ਸਿੰਘਾ, ਏਹ ਵੇਖ ਕੇ ਗੁਰਾਂ ਦੀ ਮਾਯਾ ਜੀ

ਅੰਗੀਠੇ ਨੂੰ ਵੇਖਕੇ ਸਿੰਘਾਂ ਦੀਆਂ ਵਿਚਾਰਾਂ

ਸਿੰਘ ਵੇਖ ਏਹ ਖੇਲ ਹੈਰਾਨ ਹੋਏ, ਸਤਿਗੁਰੂ ਜੀ ਗਏ ਸਿਧਾਰ ਕਿਧਰ
ਧਨਖ ਤੀਰਾਂ ਸਣੇ ਕਿਥੇ ਗੁੰਮ ਹੋਏ, ਚਲੀ ਗਈ ਹੈ ਢਾਲ ਤਲਵਾਰ ਕਿਧਰ
ਹੱਡੀ ਕੋਈ ਸਰੀਰ ਦੀ ਲਭਦੀ ਨਹੀਂ, ਗਈਆਂ ਅਸਥੀਆਂਹੋ ਉਡਾਰ ਕਿਧਰ
ਓਹਤਾਂਗਏ ਸਨ ਦੇਹ ਕ੍ਰਤਾਰਸਿੰਘਾ, ਤੁਹਾਡੀ ਖਾਲਸਾ ਗਈ ਵਿਚਾਰ ਕਿਧਰ

ਛਾਪ ਕਵੀ

ਜਿਵੇਂ ਆਦਿ ਸਤਿਗੁਰਾਂਨੇ ਖੇਲਕੀਤਾ, ਲਿਖਯਾ ਸਾਖੀਆਂ ਵਿਚ ਵਿਚਾਰੀਏ ਜੀ
ਸਣੇ ਦੇਹ ਸੰਸਾਰ ਤੋਂ ਗੁੰਮ ਹੋਏ, ਅਜ ਤਕ ਕਹਿੰਦੇ ਨਰ ਨਾਰੀਏ ਜੀ
ਤਿਵੇਂ ਲਿਖ ਗਏ ਦਸਮੇਸ਼ ਬਾਬਤ, ਓਸ ਵੇਲੇ ਸਨ ਜੋ ਲਿਖਾਰੀਏ ਜੀ
ਅਗੇ ਜਾਣੇ ਕਰਤਾਰ ਕਰਤਾਰ ਸਿੰਘਾ, ਝੂਠ ਸਚ ਕਿਵੇਂ ਦਿਲ ਧਾਰੀਏ ਜੀ

ਸ੍ਰੀ ਦਸਮੇਸ਼ ਜੀ ਦੇ ਸਣੇ ਦੇਹ ਜਾਣ ਦੀ ਇਕ ਸਾਖੀ

ਲਿਖਯਾ ਵਿਚ ਗ੍ਰੰਥਾਂ ਦੇ ਇਸ ਤਰ੍ਹਾਂ ਹੈ, ਜ਼ਰਾ ਸੁਣੀਏ ਕਰ ਵਿਚਾਰ ਭਾਈ
ਜੋਤੀ ਜੋਤ ਸਮ੍ਹਾਉਣ ਦਾ ਸਮਾਂ ਨੇੜੇ, ਸ੍ਰੀ ਸਤਿਗੁਰਾਂ ਦਾ ਚਿੱਤ ਧਾਰ ਭਾਈ
ਸੁਣ ਦਰਸ਼ਨਾਂ ਨੂੰ ਸਾਧ ਸੰਤ ਆਏ, ਨੇੜੇ ਤੇੜੇ ਦੇ ਨਰ ਤੇ ਨਾਰ ਭਾਈ
ਇਕ ਸੰਤ ਨੇ ਦੂਰ ਤੋਂ ਕਰੀ ਧਾਖੀ, ਚਿਤ ਧਰ ਪ੍ਰੇਮ ਅਪਾਰ ਭਾਈ
ਮਿਲੇ ਗੁਰੂ ਜੀ ਓਸ ਨੂੰ ਵਿਚ ਜੰਗਲ, ਹਥ ਬਾਜ ਕੁਮੈਤ ਅਸਵਾਰ ਭਾਈ
ਓਹ ਵੇਖਕੇ ਬੜਾ ਹੈਰਾਨ ਹੋਯਾ, ਕੀਤੀ ਆਨ ਨੇੜ ਨਿਮਸ਼ਕਾਰ ਭਾਈ
ਗੁਰਾਂ ਆਖਯਾ ਸਿੰਘਾਂ ਨੂੰ ਜਾ ਦਈਂ, ਏਹ ਸੁਨੇਹਾ ਸਾਡਾ ਹੁਸ਼ਯਾਰ ਭਾਈ
ਅਸੀਂ ਘੋੜਾ ਕੁਮੈਤ ਤੇ ਬਾਜ ਚਿਟਾ, ਕਾਠੀ ਸੋਨੇ ਦੀ ਜੜਤ ਅਪਾਰ ਭਾਈ
ਏਹ ਲੈ ਆਏ ਸੰਸਾ ਨਹੀਂ ਕਰਨਾ; ਮੋਹ ਸੋਗ ਦੇਨਾ ਦਿਲੋਂ ਟਾਰ ਭਾਈ
ਜਦ ਸੰਤ ਨੇ ਆਣ ਸੁਨੇਹਾ ਦਿਤਾ, ਸਿੰਘ ਹੋਏ ਹੈਰਾਨ ਬਿਸਯਾਰ ਭਾਈ
ਫੇਰ ਮੂੰਹ ਆਈਆਗੱਲਾਂ ਕਰਨ ਲਗੇ; ਮਹਿਮਾਂਗੁਰਾਂ ਦੀ ਬਾਹਰ ਸ਼ੁਮਾਰ ਭਾਈ
ਜਿਥੇ ਆਏ ਸੀ ਗਏ ਕਰਤਾਰ ਸਿੰਘਾ, ਹੌਲਾ ਦੇਸ ਦਾ ਕਰਕੇ ਭਾਰ ਭਾਈ

ਸਿੰਘਾਂ ਨੇ ਸ੍ਰੀ ਅਵਿਚਲ ਨਗਰ ਸਮਾਧ ਰਚਨੀ

ਸਖਤ ਮਨ੍ਹਾਂ ਕਰ ਗਏ ਸੀ ਗੁਰੂ ਸਾਹਿਬ, ਸਾਰੇ ਸਿੰਘਾਂ ਦੇ ਤਈਂ ਸੁਨਾ ਕਰਕੇ
ਸਾਡੀ ਚਿਖਾ ਨ ਫੋਲਨੀ ਮੂਲ ਪਿਛੋਂ, ਨਹੀਂ ਪੂਜਨੀ ਮੜ੍ਹੀ ਬਨਾ ਕਰਕੇ
ਪਰ ਸਿੰਘਾਂ ਪਿਛੋ ਯਾਦਗਰ ਲਈ, ਓਹ ਓਸ ਥਾਂ ਰਾਖ ਦਬਾ ਕਰਕੇ
ਚੌਰੀ ਮੁਠਾ ਤੇ ਫੁਲ ਚੜ੍ਹਾਨ ਲਗੇ, ਸ਼ਸਤ੍ਰ ਗੁਰਾਂ ਦੇ ਸਾਰੇ ਰਖਾ ਕਰਕੇ
'ਅਵਿਰਲ ਨਗਰ ਓਹ ਥਾਂ ਮਸ਼ਹੂਰ ਹੋਯਾ, ਵਡੇ ਗੁਰ ਜੋ ਗਏ ਫਰਮਾ ਕਰਕੇ
'ਅਵਿਚਲ ਨਗਰ ਗੋਬਿੰਦ ਗੁਰੂ, ਵਿਚ ਸ੍ਰੀ ਗ੍ਰੰਥ ਲਿਖਾ ਕਰਕੇ
ਚੰਦੂਲਾਲ ਰਾਜੇ ਪਿਛੋਂ ਪਰੇਮ ਸੇਤੀ, ਬੜੀ ਭਾਰੀ ਜਗੀਰ ਲਗਾ ਕਰਕੇ

ਲਿਆ ਜਸ ਅਟੱਲ ਜਹਾਨ ਅੰਦਰ, ਗੁਰੂ ਘਰ ਦੀ ਸੇਵਾ ਕਮਾ ਕਰਕੇ
ਸੇ ਹੈਦਰਾਬਾਦ ਨਵਾਬ ਵਲੋਂ, ਹੁਣ ਤੁਕ ਮਿਲਦੀ ਓਹੋ ਭਾ ਕਰਕੇ
ਮੰਦਰ ਰਚਿਆ ਪਿਛੋਂ ਰਣਜੀਤ ਸਿੰਘ ਨੇ ਚਿਤ ਵਿਚ ਪ੍ਰੇਮ ਵਧਾ ਕਰਕੇ
ਭਾਵੇਂ ਬਚਨ ਨ ਗੁਰਾਂ ਦਾ ਗਿਆ ਖਾਲੀ, ਓਸ ਛਡਿਆ ਪ੍ਰਣ ਨਿਭਾ ਕਰਕੇ
ਯਾਦ ਰਹਿ ਗਈ ਪਿਛੇ ਕਰਤਾਰ ਸਿੰਘਾ, ਸਮੇਂ ਜਾਂਵਦੇ ਪਏ ਵਿਹਾ ਕਰਕੇ

ਪਿਛੋਂ ਡੇਰੇ ਦੇ ਸਿੰਘਾਂ ਦਾ ਹਾਲ

ਇਕ ਦੇਸ ਪ੍ਰਦੇਸ ਵਿਯੋਗ ਦੂਜਾ, ਸਿੰਘ ਡੇਰੇ ਦੇ ਬਹੁਤ ਉਦਾਸ ਹੋਕੇ
ਕਈ ਹੋ ਵਿਰੱਕਤ ਸਿਧਾਰ ਗਏ, ਏਸ ਜੱਗ ਦੇ ਵਲੋਂ ਨਿਰਾਸ ਹੋਕੇ
ਕਈ ਘਰਾਂ ਨੂੰ ਮੋਹ ਕਰ ਮੁੜ ਆਏ, ਕਈ ਰਹੇ ਟਹਿਲ ਵਿਚ ਦਾਸ ਹੋਕੇ
ਅਜ ਪਰਦੇਸ ਭੇਨ ਕਰਤਾਰ ਸਿੰਘਾ ਪ੍ਰਗਟ ਜੋਤ ਹੋ ਰਹੀ ਪ੍ਰਕਾਸ਼ ਹੋਕੇ

ਗ੍ਰੰਥ ਦੀ ਸਮਾਪਤੀ ਤੇ ਵਾਕ ਕਵੀ

ਅੱਜ ਮੇਰੇ ਦਿਲ ਕੋਈ ਪੁਛ ਵੇਖੇ, ਮੈਂ ਅਮੋਲ ਪਦਾਰਥ ਪਾ ਲਿਆ
ਲੋਕ ਦੌਲਤਾਂ ਨੂੰ ਲੈ ਕੇ ਬਹੁਤ ਖੁਸ਼ੀ ਮੈਂ ਰਤਨ ਏਹ ਬੇ ਬਹਾ ਲਿਆ
ਅਜ ਸ੍ਰੀ ਦਸਮੇਸ਼ ਦੇ ਜੱਸ ਭਰਿਆ ਸੋਹਣਾ ਪੁਸਤਕ ਮੁਕਾ ਲਿਆ
ਮੇਰੇ ਆਪਣੇ ਵਿਚ ਨ ਸੀ ਹਿੰਮਤ, ਕਾਰਜ ਆਪਨਾ ਆਪ ਕਰਾ ਲਿਆ
ਹੱਦੋਂ ਪਾਰ ਮੇਰੇ ਉਤੇ ਦਇਆ ਕੀਤੀ, ਵਡੇ ਸਾਗਰੋਂ ਮੈਨੂੰ ਲੰਘਾ ਲਿਆ
ਮੈਂ ਬੋਲ ਨ ਜਾਣਾ ਕਰਤਾਰ ਸਿੰਘਾ, ਆਪੇ ਆਪਨਾ ਜੱਸ ਲਿਖਾ ਲਿਆ

ਤਥਾ

ਰੋਮ ਰੋਮ ਮੇਰਾ ਕਿਉਂ ਨ ਜੱਸ ਗਾਵੇ, ਮਹਾਂਬਲੀ ਸਤਿਗੁਰੂ ਦਸਮੇਸ਼ ਦਾ ਜੀ
ਜਿਨ੍ਹਾਂ ਆਪਣਾ ਆਪ ਕੁਰਬਾਨ ਕਰਕੇ, ਭਲਾ ਚਾਹਿਆ ਸਾਰੇ ਹੀ ਦੇਸ਼ ਦਾ ਜੀ
ਸਾਰਾ ਵਾਰ ਸਰਬੰਸ, ਹਮੇਸ਼ ਲਈ, ਓਸੋਂ ਪੁਟਿਆ ਬੂਟਾ ਕਲੇਸ਼ ਦਾ ਜੀ
ਕਰ ਪਰਉਪਕਾਰ ਕਰਤਾਰ ਸਿੰਘਾ, ਜੱਸ ਖਟਿਆ ਭਾਰੀ ਹਮੇਸ਼ ਦਾ ਜੀ

ਕਵੀ ਦੀ ਬੇਨਤੀ ਸਤਿਗੁਰਾਂ ਅਗੇ

ਜੇਹੀ ਬੁੱਧ ਬਖਸ਼ੀ ਤੇਹਾ ਲਿਖਿਆ ਮੈਂ, ਭੁਲਾਂ ਬਖਸ਼ਿਓ ਹੇ ਮਿਹਰਬਾਨ ਗੁਰਜੀ
ਕਿਥੇ ਆਪਦਾ ਜੱਸ ਅਪਾਰ ਸਾਗਰ, ਕਿਥੇ ਮੈਂ ਇਕ ਮੂੜ੍ਹ ਅੰਞਾਣ ਗੁਰਜੀ
ਮਹਿਮਾਂ ਆਪਦੀ ਕਥਨ ਤੋਂ ਬਾਹਰ ਸਦਾ, ਪੂਰਾ ਕੌਣ ਕਰ ਸਕੇ ਬਯਾਨ ਗੁਰਜੀ
ਜਿਵੇਂ ਲੂਣ ਦੀ ਪੁਤਲੀ ਹਠ ਕਰਕੇ, ਥਾਹ ਚਾਹੇ ਸਮੁੰਦ੍ਰ ਦੀ ਪਾਨ ਗੁਰਜੀ
ਤਿਵੇਂ ਬੁੱਧ ਮੇਰੀ ਕਿਵੇਂ ਪਾ ਸਕੇ, ਅੰਤ ਆਪਦਾ ਜੱਸ ਮਹਾਨ ਗੁਰਜੀ
ਮੋਟੀ ਬੋਲੀ ਦੇ ਵਿਚ ਬਿਆਨ ਕੀਤਾ, ਮੈਨੂੰ ਆਪਦੀ ਸ਼ਰਮ ਦਾ ਪਛਾਨ ਗੁਰਜੀ
ਜਿਵੇਂ ਕਚ ਸੁਨਿਆਰ ਬਣਾ ਜੇਵਰ, ਦੇ ਘਟਾ ਸਵਰਨ ਦਾ ਸਾਨ ਗੁਰਜੀ

ਕਿਵੇਂ ਆਪ ਦੇ ਪੰਥ ਨੂੰ ਮੈਂ ਲਿਖਦਾ, ਮੇਰੀ ਬੁੱਧਿ ਮੈਂ ਹਾਂ ਨਾਦਾਨ ਗੁਰ ਜੀ
ਮੇਰੇ ਸੋਗ ਹੈਸੀ ਪੂਰਾ ਕਰ ਲਿਆ, ਪੂਰੀ ਆਸ ਕੀਤੀ ਭਗਵਾਨ ਗੁਰ ਜੀ
ਅਕਲ ਆਪਣੀ ਤਾਈਂ ਮੈਂ ਜਾਣਦਾ ਸਾਂ, ਨਹੀਂ ਵਿਦਿਆ ਦਾ ਕੋਈ ਤਾਨ ਗੁਰ ਜੀ
ਧਿਆਨ ਕਰ ਤੁਸਾਂ ਹੁਣ ਬਖਸ਼ ਲਣਾ, ਮੇਰਾ ਢੀਠ ਪੁਣਾ ਏਹ ਸੁਜਾਨ ਗੁਰ ਜੀ
ਜਿਵੇਂ ਬੱਚੇ ਦੀਆਂ ਗੱਲਾਂ ਬਬੜੀਆਂ ਭੀ, ਮਾਪੇ ਸੁਣਕੇ ਖੁਸ਼ੀ ਵਦਾਨ ਗੁਰ ਜੀ
ਪੂਰਾ ਥਕਿਆਂ ਵਾਲਾ ਮੈਂ ਚਾਓ ਕੀਤਾ, ਮੈਂ ਨਹੀਂ ਕਈ ਬੁਧੀਵਾਨ ਗੁਰ ਜੀ
ਕਾਰ ਮਹਲੀ ਹੋਵੇ ਕਰਤਾਰ ਸਿੰਘਾ, ਵਿਚ ਹੋਵੇ ਪਰਚਾਰ ਜਹਾਨ ਗੁਰ ਜੀ

### ਵਿਦਵਾਨ: ਕਵੀਸ਼ਰਾਂ ਅਗੇ ਬੇਨਤੀ

ਇਹ 'ਦਸਮੇਸ਼ ਪ੍ਰਕਾਸ਼' ਗ੍ਰੰਥ ਤਤਾ, ਚਾਉ ਕਰਕੇ ਹੈ ਬਨਾਯਾ ਮੈਂ
ਜਿੰਨੀ ਬੁਧ ਸੀ ਓਤਨੀ ਲਾ ਦਤੀ ਆਪ ਵਲੋਂ ਨਹੀਂ ਫਰਕ ਰਖਾਯਾ ਮੈਂ
ਤਵਾਰੀਖ ਸੂਰਜ ਪ੍ਰਕਾਸ਼ ਅੰਦਰ, ਜੋ ਮਿਲਦਾ ਸੋ ਲਿਖਦਾ ਮੈਂ
ਜਿਤਾ ਜੋਰ ਹੈ ਅਸਲ ਪ੍ਰਸੰਗਾਂ ਉਤੇ, ਨ ਫਜ਼ੂਲ ਵਧਾ ਵਧਾਯਾ ਮੈਂ
ਜਿੰਨੀ ਪ੍ਰਜਾ ਹੈ ਮੇਰੀ ਜ਼ਬਾਨ ਰਖੀ, ਮਾਨ ਵਿਦਿਆ ਨਹੀਂ ਜਤਾਯਾ ਮੈਂ
ਥੋੜੀ ਬੁੱਧ ਵਾਲੇ ਜਿਵੇਂ ਸਮਝ ਸਕਨ, ਉਸ ਤਰਜ਼ ਦੇ ਵਿਚ ਲਿਖਾਯਾ ਮੈਂ
ਸਤਿਗੁਰਾਂ ਦਾ ਪੰਥ ਅਥਾਹ ਸਾਗਰ, ਜੋ ਨਜ਼ਰ ਆਯਾ ਸੋ ਵਿਖਾਯਾ ਮੈਂ
ਬਾਕੀ ਬੁਧ ਤੋਂ ਦੂਰ ਜੋ ਰਹਿ ਗਿਆ, ਜਿਸ ਲਈ ਏਹ ਆਖ ਸੁਨਾਯਾ ਮੈਂ
ਵਿਚ ਪੰਥ ਗੁਣੀ ਬਦਵਾਨ, ਕਵੀ ਸਭ ਅਗੇ ਗਲ ਪਾਯਾ ਮੈਂ
ਭੁਲਾਂ ਮਰੀਆਂ ਸਜਨੋਂ ਬਖਸ਼ਿਓ ਜਾ, ਬਿਨਾਂ ਫਲ ਫਰੇਬ ਅਲਾਯਾ ਮੈਂ
ਵੇਖੋ ਭੁੱਲ ਤੇ ਆਪ ਸੁਧਾਰ ਲਵੇ, ਭੁਲਨਹਾਰ ਹਾਂ ਭੁਲਦਾ ਆਯਾ ਮੈਂ
ਯਾ ਦਾਸ ਤਾਈਂ ਸਮਝਾ ਦੇਣਾ, ਜਿਥੇ ਕੋਈ ਪਰਸੰਗ ਉਲਟਾਯਾ ਮੈਂ
ਦੂਜੀ ਵਾਰ ਨੂੰ ਠੀਕ ਕਰ ਲਾਂ, ਜਿਵੇਂ ਗਲਤੀ ਦਾ ਧਕਾ ਖਾਯਾ ਮੈਂ
ਗਲਤੀ ਕਢਨੇ ਵਾਲੇ ਤੇ ਬੜਾ ਰਾਜ਼ੀ, ਮੂਹੋਂ ਹੈ ਪ੍ਰਣ ਠਹਿਰਾਯਾ ਮੈਂ
ਖੁਸ਼ੀ ਨਾਲ ਲਿਖੇ ਜਿਥੇ ਭੁਲ ਵੇਖੇ, ਬਾਰ ਬਾਰ ਇਹ ਯਾਦ ਕਰਾਯਾ ਮੈਂ
ਨਲੇ ਗਲਕੇ ਸਾਰ ਅਸੀਸ ਦਿਹੋ ਦੰਸ ਗ੍ਰੰਥ ਉਤੇ ਜੋਰ ਲਾਯਾ ਮੈਂ
ਹੋਵੇ ਪੰਥ ਦੇ ਵਿਚ ਪਰਚਾਰ ਏਹਦਾ, ਜਿਸ ਵਾਸਤੇ ਜਿਸ ਛਪਾਯਾ ਮੈਂ
ਰਹੇ ਯਾਦ ਅਟੱਲ ਕਰਤਾਰ ਸਿੰਘਾ, ਏਹੋ ਨਫਾ ਏਹਦੇ ਵਿਚੋਂ ਚਾਹਦਾ ਮੈਂ

### ਵਾਕ ਕਵੀ

ਵਡੇ ਕੰਮ ਤਾਈਂ ਹਥ ਪਾਇਆ ਸੀ, ਸਤਿਗੁਰਾਂ ਨੇ ਤੋੜ ਚੜ੍ਹਾਯਾ ਏ
ਇਹ ਗ੍ਰੰਥ ਦਸਮੇਸ਼ ਪ੍ਰਕਾਸ਼ ਸੋਹਣਾ, ਇਕ ਸਾਲ ਦੇ ਵਿਚ ਮੁਕਾਯਾ ਏ
ਅਜ ਸ਼ੁਕਰ ਹਜ਼ਾਰ ਹੈ ਵਾਹਿਗੁਰੂ ਦਾ, ਜਿਸ ਵਿਘਨ ਵਿਚੋਂ ਕਢਵਾਯਾ ਏ
ਪੂਰਾ ਸਿਲਸਿਲਾ ਸਿਖ ਪੁਚਾ ਦਿਤਾ, ਬੰਦਾ ਬੰਨੇ ਦਲੀਲ ਦਾ ਲਾਯਾ ਏ
ਅਗੇ ਖਾਲਸੇ ਦਾ ਯਸ਼ ਲਿਖਦਾ ਸੀ, ਚਹੁੰ ਹਿਸਿਆਂ ਵਿਚ ਦਿਖਾਯਾ ਏ
ਪੂਰਣ ਗੁਰੂ ਜੀ ਦਾ ਪੰਥ ਲਿਖਕੇ ਜੀ, ਜੋੜ ਸਿਲਸਿਲਾ ਮੇਲ ਮਿਲਾਯਾ ਏ
ਪੰਜ ਪ੍ਰਸੰਗ ਗ੍ਰੰਥ ਏਹ ਹ ਗਏ, ਭਾਰੀ ਜਿਹਰ ਦਾ ਬਹਿਰ ਵਗਾਯਾ ਏ
ਸ਼ੁਰੂ ਕਰਕੇ ਗੁਰੂ ਦਸਮੇਸ਼ ਜੀ ਤੋਂ, ਰਣਜੀਤ ਸਿੰਘ ਤਕ ਮੁਕਾਯਾ ਏ
ਨਾਲ ਸੋਕ ਏਹ ਸਭ ਹਾਲ ਲਿਖੇ, ਕੋਈ ਗੋਲ ਨ ਹੋਰ ਰਖਾਯਾ ਏ
ਨਹੀਂ ਕਿਸੇ ਪਾਸ, ਪਹਿਲਾਂ ਟਕੇ ਲੇਕੇ, ਕਰਨਾ ਕੰਮ ਵਿਹਾਰ ਦਾ ਚਾਹਯਾ ਏ
ਸਫਲ ਆਪਣੇ ਜਨਮ ਨੂੰ ਕਰਨ ਲਈ, ਗੁਰੂ ਪੰਥ ਦਾ ਯਸ਼ ਸੁਨਾਯਾ ਏ

S.K.